Unedited Version/ Not for Legal/ Official use Dated: Tuesday, 27th October, 2026

**1100/Kuldeep kaur**

**PUNJAB VIDHAN SABHA**

***Tuesday, the 27th October, 2026***

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 11.00 A.M. Mr. Speaker (Sardar Kultar Singh Sandhwan) in the Chair.*

---

**GREETINGS BY THE HON'BLE SPEAKER ON THE AUSPICIOUS OCCASION OF THE PRAKASH PURAB OF SRI GURU RAM DAS JI MAHARAJ**

**ਮਾਣਯੋਗ ਸਪੀਕਰ:** ਵਾਹਿਗੁਰੂ। ਅੱਜ ਇੱਕ ਖਾਸ ਦਿਹਾੜਾ ਹੈ।

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ।।

ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ।।

ਮੈਂ ਸਮੂਹ ਮੈਂਬਰ ਸਾਹਿਬਾਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਅੱਜ ਚੌਥੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਪਾਵਨ ਪ੍ਰਕਾਸ਼ ਗੁਰਪੁਰਬ ਹੈ। ਆਪ ਸਭ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਦਿਨ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਸੰਨ 1534 ਈਸਵੀ ਵਿੱਚ ਪਿਤਾ ਭਾਈ ਹਰਦਾਸ ਜੀ ਦੇ ਘਰ ਮਾਤਾ ਦਇਆ ਕੌਰ ਜੀ ਦੀ ਕੁੱਖ ਤੋਂ ਲਾਹੌਰ ਚੂਨਾ ਮੰਡੀ ਵਿੱਚ ਅਵਤਾਰ ਧਾਰਿਆ। ਆਪ ਜੀ ਸੇਵਾ, ਸਿਦਕ, ਨਿਮਰਤਾ ਅਤੇ ਰੂਹਾਨੀਅਤ ਦੇ ਮੁਜੱਸਮੇ ਸਨ। ਆਪ ਜੀ ਸ਼ਾਂਤ ਸਰੋਵਰ, ਅਡੋਲ ਚਿੱਤ, ਧੀਰਜਵਾਨ, ਧੀਰਜ ਅਤੇ ਖਿਮਾਂ ਰੂਪੀ ਸੁਭਾਅ ਦੇ ਮਾਲਕ ਸਨ। ਆਪ ਜੀ ਦੀ ਇਸ ਲੋਕਾਈ ਨੂੰ ਬਹੁਤ ਦੇਣ ਹੈ। ਸਭ ਤੋਂ ਵੱਡੀ ਦੇਣ, ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਦੀ ਸਥਾਪਨਾ ਅਤੇ ਉਸ ਵਿੱਚ ਅੰਮ੍ਰਿਤ ਸਰੋਵਰ ਦਾ ਨਿਰਮਾਣ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਵਸਾਉਣ ਲਈ ਆਪ ਜੀ ਨੇ ਤੀਜੇ ਪਾਤਸ਼ਾਹ ਜੀ ਦੇ ਹੁਕਮ ਨਾਲ 700 ਅਕਬਰੀ ਮੋਹਰਾਂ ਦੇ ਕੇ ਜ਼ਮੀਨ ਖਰੀਦੀ ਅਤੇ 1573 ਈਸਵੀ ਵਿੱਚ ਅੰਮ੍ਰਿਤ ਸਰੋਵਰ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਇਆ ਜਿਹੜਾ ਕਿ 13 ਸਾਲ ਵਿੱਚ ਸੰਪੰਨ ਹੋਇਆ। ਇਸ ਅੰਮ੍ਰਿਤ ਸਰੋਵਰ ਦੀ ਮਹਾਨਤਾ ਇੰਨੀ ਹੈ ਕਿ ਦੇਸ਼ ਵਿਦੇਸ਼ ਵਿੱਚ ਜਿੱਥੇ ਵੀ ਅਰਦਾਸ ਹੁੰਦੀ ਹੈ, ਉਥੇ ਹਰ ਸਮੇਂ ਇਹ ਮੰਗਿਆ ਜਾਂਦਾ ਹੈ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ। ਇਸ ਤੋਂ ਇਲਾਵਾ ਅੱਜ ਜੋ ਸਿੱਖ ਧਰਮ ਵਿੱਚ ਵਿਆਹ ਸਮੇਂ ਅਨੰਦ ਕਾਰਜ ਦੀ ਮਰਿਆਦਾ ਨਿਭਾਈ ਜਾਂਦੀ ਹੈ, ਇਹ ਦੇਣ ਵੀ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਹੈ। ਆਪ ਜੀ ਨੇ ਸੂਹੀ ਰਾਗ ਵਿੱਚ ਲਾਵਾਂ ਦੀ ਬਾਣੀ ਉਚਾਰਨ ਕੀਤੀ। ਆਪ ਜੀ ਨੇ ਸਭ ਤੋਂ ਵੱਧ 30 ਰਾਗਾਂ ਵਿੱਚ ਬਾਣੀ ਉਚਾਰਨ ਕੀਤੀ। ਆਸਾ ਜੀ ਦੀ ਵਾਰ ਦਾ ਕੀਰਤਨ ਜੋ ਹਰ ਰੋਜ਼ ਹਰ ਗੁਰਦੁਆਰੇ ਵਿੱਚ ਅੰਮ੍ਰਿਤ ਵੇਲੇ ਹੁੰਦਾ ਹੈ, ਇਸ ਸਰੂਪ ਦੀ ਦੇਣ ਵੀ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਹੈ। ਦਸਵੰਧ ਦੀ ਮਰਿਆਦਾ ਦੀ ਦੇਣ

ਵੀ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਹੈ। ਹਰ ਕਾਰਜ ਦੀ ਅਰੰਭਤਾ ਸਮੇਂ ਅਰਦਾਸ ਕਰਨ ਦੀ ਮਰਿਆਦਾ ਵੀ ਆਪ ਜੀ ਨੇ ਚਲਾਈ।

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥ ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀਆਂ ਵਡਿਆਈਆਂ ਅਤੇ ਮਹਿਮਾ ਬੇਅੰਤ ਹੈ ਜੋ ਸ਼ਬਦਾਂ ਦੇ ਦਾਇਰੇ ਵਿੱਚ ਨਹੀਂ ਲਿਆਂਦੀ ਜਾ ਸਕਦੀ। ਮੈਂ ਸਦਨ ਦੇ ਸਮੂਹ ਮੈਂਬਰ ਸਾਹਿਬਾਨ ਨੂੰ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਪਾਵਨ ਪ੍ਰਕਾਸ਼ ਦਿਹਾੜੇ ਤੇ ਦਿਲ ਦੀਆਂ ਗਹਿਰਾਈਆਂ ਤੋਂ ਮੁਬਾਰਕਬਾਦ ਦਿੰਦਾ ਹਾਂ ’ਤੇ ਸਮੂਹ ਲੋਕਾਈ ਨੂੰ ਵੀ ਮੁਬਾਰਕਬਾਦ ਦਿੰਦਾ ਹਾਂ।

(ਇਸ ਸਮੇਂ ਸਦਨ ਵਿੱਚ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਏ ਗਏ।)

_______

## STARRED QUESTIONS AND ANSWERS

**ਮਾਣਯੋਗ ਸਪੀਕਰ** : ਪ੍ਰਸ਼ਨ ਕਾਲ।

### ਬੇਸਹਾਰਾ ਅਤੇ ਮਾਨਸਿਕ ਤੌਰ 'ਤੇ ਅਸਮਰੱਥ ਵਿਅਕਤੀਆਂ ਦੀ ਸੁਰੱਖਿਆ ਦਾ ਪ੍ਰਬੰਧ ਕਰਨਾ

***1911. ਸ੍ਰੀ ਬਲਕਾਰ ਸਿੰਘ ਸਿੱਧੂ:** ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਕੀ ਇਹ ਠੀਕ ਹੈ ਕਿ ਪੰਜਾਬ ਦੇ ਸਰਹੱਦੀ (ਬਾਰਡਰ) ਇਲਾਕਿਆਂ ਸਮੇਤ ਹੋਰ ਖੇਤਰਾਂ ਵਿੱਚ ਮੰਦਬੁੱਧੀ, ਮਾਨਸਿਕ ਤੌਰ ਤੇ ਅਸਮਰੱਥ ਜਾਂ ਬੇਸਹਾਰਾ ਵਿਅਕਤੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਬੰਦੀ ਬਣਾ ਕੇ ਬੰਧੂਆ ਮਜ਼ਦੂਰ ਵਜੋਂ ਕੰਮ ਕਰਵਾਉਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ; ਜੇਕਰ ਹਾਂ, ਤਾਂ ਪਿਛਲੇ ਤਿੰਨ ਸਾਲਾਂ ਦੌਰਾਨ ਅਜਿਹੇ ਕਿੰਨੇ ਮਾਮਲੇ ਸਰਕਾਰ ਦੇ ਧਿਆਨ ਵਿੱਚ ਆਏ ਹਨ;

ਅ) ਇਨ੍ਹਾਂ ਮਾਮਲਿਆਂ ਵਿੱਚ ਕਿੰਨੇ ਵਿਅਕਤੀਆਂ ਨੂੰ ਰਿਹਾਅ ਕਰਵਾਇਆ ਗਿਆ ਅਤੇ ਕਿੰਨੇ ਦੋਸ਼ੀਆਂ ਵਿਰੁੱਧ ਐਫ.ਆਈ.ਆਰ. ਦਰਜ ਕਰਕੇ ਕਾਨੂੰਨੀ ਕਾਰਵਾਈ ਕੀਤੀ ਗਈ;

ੲ) ਅਜਿਹੇ ਬੇਸਹਾਰਾ ਅਤੇ ਮਾਨਸਿਕ ਤੌਰ 'ਤੇ ਅਸਮਰੱਥ ਵਿਅਕਤੀਆਂ ਦੀ ਸੁਰੱਖਿਆ, ਪੁਨਰਵਾਸ ਅਤੇ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਕਿਹੜੇ ਠੋਸ ਕਦਮ ਚੁੱਕੇ ਜਾ ਰਹੇ ਹਨ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:**

ੳ) "ਦ ਬਾਂਡਡ ਲੇਬਰ ਸਿਸਟਮ (ਐਬੋਲੇਸ਼ਨ) ਐਕਟ, 1976 ਅਧੀਨ ਪ੍ਰਾਪਤ ਸ਼ਿਕਾਇਤਾਂ ਦੀ ਪੜਤਾਲ ਜਿਲ੍ਹਾ ਮੈਜਿਸਟ੍ਰੇਟਾਂ ਵੱਲੋਂ ਜਿਲ੍ਹਿਆਂ ਵਿੱਚ ਸਥਾਪਿਤ ਬਾਂਡਡ ਲੇਬਰ ਵਿਜੀਲੈਂਸ ਕਮੇਟੀਆ ਰਾਹੀਂ ਕਰਵਾਈ ਜਾਂਦੀ ਹੈ। ਅਜਿਹੀਆ ਸ਼ਿਕਾਇਤਾਂ ਦੀ ਪੜਤਾਲ ਕਰਨ ਲਈ ਕੇਂਦਰ ਸਰਕਾਰ ਵੱਲੋਂ ਐਸ.ਓ.ਪੀ, 2026 ਜਾਰੀ ਕੀਤਾ ਗਿਆ ਹੈ। ਜਿਲ੍ਹਾਂ ਮੈਜਿਸਟ੍ਰੇਟਾਂ-ਕਮ-ਡਿਪਟੀ ਕਮਿਸ਼ਨਰਜ਼ ਵੱਲੋਂ ਪ੍ਰਾਪਤ ਹੋਈਆ ਰਿਪੋਰਟਾਂ ਅਨੁਸਾਰ ਅਜਿਹਾ ਕੋਈ ਮਾਮਲਾ ਪੜਤਾਲ ਅਧੀਨ ਨਹੀ ਆਇਆ ਹੈ।

ਅ) ਪ੍ਰਾਪਤ ਰਿਪੋਰਟਾਂ ਅਨੁਸਾਰ ਕੋਈ ਵੀ ਬੰਧੂਆ ਮਜ਼ਦੂਰ ਨਹੀਂ ਪਾਇਆ ਗਿਆ ਹੈ ਅਤੇ ਨਾ ਹੀ ਰਲੀਜ ਕਰਵਾਇਆ ਗਿਆ ਹੈ।

ੲ) 1) ਕੇਂਦਰੀ ਐਕਟ ਦ ਬਾਂਡਡ ਲੇਬਰ ਸਿਸਟਮ (ਐਬੋਲੇਸ਼ਨ) ਐਕਟ, 1976 ਪੰਜਾਬ ਵਿੱਚ ਲਾਗੂ ਹੈ।

2) ਇਸ ਐਕਟ ਦੀ ਧਾਰਾ 10 ਅਧੀਨ ਹਰ ਜ਼ਿਲ੍ਹੇ ਦੇ ਜਿਲ੍ਹਾ ਮੈਜਿਸਟ੍ਰੇਟ ਨੂੰ ਐਕਟ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਮਰੱਥ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ।

3) ਇਸ ਤੋਂ ਇਲਾਵਾ ਐਕਟ ਦੀ ਧਾਰਾ 13 ਅਧੀਨ ਵਿਜੀਲੈਂਸ ਕਮੇਟੀਆ ਦਾ ਜਿਲ੍ਹਾ ਪੱਧਰ ਅਤੇ ਸਬ-ਡਵੀਜ਼ਨ ਪੱਧਰ ਤੇ ਗਠਨ ਕੀਤਾ ਹੋਇਆ ਹੈ, ਜੋ ਬੰਧੂਆ ਮਜ਼ਦੂਰੀ ਦੀ ਪਛਾਣ, ਮੁਕਤੀ ਅਤੇ ਪੁਨਰਵਾਸ ਸਬੰਧੀ ਕਾਰਵਾਈ ਵਿੱਚ ਸਹਾਇਤਾ ਕਰਦੀਆਂ ਹਨ। ਬੰਧੂਆ ਮਜ਼ਦੂਰਾਂ ਦੀ ਪਛਾਣ ਹੋਣ ਉਪਰੰਤ ਉਨ੍ਹਾਂ ਦੀ ਰਿਹਾਈ, ਰਲੀਜ ਸਰਟੀਫਿਕੇਟ ਜਾਰੀ ਕਰਨ ਅਤੇ ਸੈਂਟਰਲ ਸੈਕਟਰ ਸਕੀਮ ਫਾਰ ਰੀਹੈਬਲੀਟੇਸ਼ਨ ਆਫ ਬਾਂਡਡ ਲੇਬਰ, 2021 ਅਧੀਨ ਨਿਰਧਾਰਿਤ ਵਿੱਤੀ ਸਹਾਇਤਾ ਅਤੇ ਹੋਰ ਲਾਭ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਪ੍ਰਦਾਨ ਕੀਤੇ ਜਾਂਦੇ ਹਨ।

**1105/Pawan sharma**

**ਮਾਣਯੋਗ ਸਪੀਕਰ:** ਠੀਕ ਹੈ ਸਿੱਧੂ ਸਾਹਿਬ।

**ਸ੍ਰੀ ਬਲਕਾਰ ਸਿੰਘ ਸਿੱਧੂ**: ਠੀਕ ਹੈ ਜੀ, ਬਾਕੀ ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿੰਨਾ ਇਹ ਸਖਤ ਕਾਨੂੰਨ ਬਣਨਾ ਚਾਹੀਦਾ ਸੀ, ਓਨਾ ਬਣਿਆ ਨਹੀਂ। ਹਰ ਰੋਜ਼ ਅਸੀਂ ਸੋਸ਼ਲ ਮੀਡੀਆ ਤੇ ਵੀ ਦੇਖਦੇ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਸਾਰੇ ਆਪੋਜ਼ੀਸ਼ਨ ਦੇ ਐਮ.ਐਲ.ਏ. ਬਾਹਰ ਰੋਕ ਲਏ ਹਨ, ਤੁਹਾਡੇ ਸਟਾਫ ਵਾਲਿਆਂ ਨੇ।

**ਮਾਣਯੋਗ ਸਪੀਕਰ**: ਮੈਂ ਪਤਾ ਕਰਵਾ ਲੈਂਦਾ ਹਾਂ। ਇੱਕ ਮਿੰਟ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਹ ਨਿਰਾ ਪਤਾ ਨਾ ਕਰੋ, ਇਹ ਹਾਊਸ ਕਿਸ ਤਰ੍ਹਾਂ ਚੱਲੇਗਾ ਜੀ। ਸਾਰੇ ਆਪੋਜੀਸ਼ਨ ਦੇ ਐਮ.ਐਲ.ਏਜ਼. ਨੂੰ ਅੰਦਰ ਆਉਣ ਤੋਂ ਰੋਕ ਰਹੇ ਹਨ। ਇਹ ਕੋਈ ਡੈਮੋਕਰੇਸੀ ਹੈ?

Unedited Version/ Not for Legal/ Official use Dated: Tuesday, 27th October, 2026

**ਮਾਣਯੋਗ ਸਪੀਕਰ:** ਸਕੱਤਰ ਸਾਹਿਬ, ਪਤਾ ਕਰਵਾਇਆ ਜਾਵੇ ਕਿ ਕੀ ਇਸ਼ੂ ਹੈ। Otherwise ਕਿਸੇ ਵੀ ਮੈਂਬਰ ਨੂੰ ਰੋਕਿਆ ਨਹੀਂ ਜਾ ਸਕਦਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਸਾਰਿਆਂ ਨੂੰ ਇੱਥੇ ਰੋਕਿਆ ਗਿਆ ਹੈ, ਕਮੀਜ਼ਾਂ ਫਾੜ ਦਿੱਤੀਆਂ ਗਈਆਂ ਹਨ, ਅੱਧਿਆਂ ਦੀਆਂ ਦਸਤਾਰਾਂ ਲਾਹ ਦਿੱਤੀਆਂ ਗਈਆਂ ਹਨ। Is this the way you want to run this Assembly?

**ਮਾਣਯੋਗ ਸਪੀਕਰ:** ਠੀਕ ਹੈ ਜੀ, I am looking into it. ਮੈਂ ਦੇਖ ਲੈਂਦਾ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਪਲੀਜ਼ ਇਨ੍ਹਾਂ ਨੂੰ ਦੱਸੋ, ਆਰਡਰ ਕਰੋ ਜੀ।

**ਮਾਣਯੋਗ ਸਪੀਕਰ:** ਪਲੀਜ਼, ਠੀਕ ਹੈ ਜੀ। ਮੈਂ ਦੇਖ ਲੈਂਦਾ ਹਾਂ। I am looking into it.

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਨਹੀਂ ਜੀ, ਉਹ ਤਾਂ ਸਾਰੇ ਉਨ੍ਹਾਂ ਨੇ ਬਾਹਰ ਰੋਕੇ ਹਨ। ਤੁਸੀਂ ਮੈਨੂੰ ਦੱਸੋ ਹਾਊਸ ਚੱਲਣ ਦੇਣਾ ਹੈ ਕਿ ਇਹੀ ਕੰਮ ਕਰਨਾ ਹੈ।

(ਇਸ ਸਮੇਂ ਸਕੱਤਰ, ਪੰਜਾਬ ਵਿਧਾਨ ਸਭਾ ਨੇ ਮਾਣਯੋਗ ਸਪੀਕਰ ਸਾਹਿਬ ਨੂੰ ਖੜ੍ਹੇ ਹੋ ਕੇ ਸਥਿੱਤੀ ਬਾਰੇ ਜਾਣੂੰ ਕਰਵਾਇਆ।)

**ਮਾਣਯੋਗ ਸਪੀਕਰ:** ਦੇਖੋ ਜੀ, ਇੱਥੇ ਜੋ ਕਾਇਦਾ ਕਾਨੂੰਨ ਹੈ, ਉਹ ਹੀ ਚੱਲੇਗਾ, ਕਾਨੂੰਨ ਤੋਂ ਬਾਹਰ ਕੁਝ ਨਹੀਂ ਹੋਵੇਗਾ। ਉਹ ਤੁਸੀਂ ਜਾ ਕੇ ਚੈੱਕ ਕਰ ਲਵੋ। You can check it.

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਜਿਹੜੀ ਪਾਰਟੀ ਇਕੱਲੀ ਪਾਵਰ ਵਿੱਚ ਹੈ, ਕਾਇਦਾ ਕਾਨੂੰਨ ਸਿਰਫ ਉਸ ਦੇ ਲਈ ਹੀ ਹੈ।

**ਮਾਣਯੋਗ ਸਪੀਕਰ:** ਨਹੀਂ ਨਹੀਂ ਜੀ, ਸਾਰਿਆਂ ਵਾਸਤੇ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਅੱਛਾ ਸਾਰਿਆਂ ਵਾਸਤੇ ਹੈ, ਬਾਕੀ ਬਾਹਰ ਰਹਿਣ। This is what you are trying to say that Opposition will remain out and only the Aam Aadmi Party Government's MLA will remain here.

**Mr. Speaker:** No, No No. ਸਾਰੇ ਅੰਦਰ ਆਉਣਗੇ।

**ਮਾਣਯੋਗ ਸਪੀਕਰ:** ਸ਼੍ਰੀ ਵਿਕਰਮਜੀਤ ਸਿੰਘ ਚੌਧਰੀ। Absent

**ਨਿਸ਼ਾਨ ਵਾਲਾ ਪ੍ਰਸ਼ਨ ਨੰ. 1987**

(ਸਬੰਧਤ ਮਾਣਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਸਵਾਲ ਪੇਸ਼ ਨਹੀਂ ਹੋ ਸਕਿਆ)

(ਇਸ ਸਮੇਂ ਲੀਡਰ ਆਫ ਆਪੋਜ਼ੀਸ਼ਨ ਸਰਦਾਰ ਪ੍ਰਤਾਪ ਸਿੰਘ ਬਾਜਵਾ ਬਾਹਰ ਜਾ ਰਹੇ ਸਨ ਅਤੇ ਸ਼੍ਰੀਮਤੀ ਸਰਵਜੀਤ ਕੌਰ ਮਣੂਕੇ ਆਪਣੀ ਸੀਟ ਤੇ ਖੜ੍ਹੇ ਹੋ ਕੇ ਉਨ੍ਹਾਂ ਨੂੰ ਬੈਠਣ ਲਈ ਕਹਿ ਰਹੇ ਸਨ।)

**ਮਾਣਯੋਗ ਸਪੀਕਰ:** ਚੌਧਰੀ ਸਾਹਿਬ। ਮੁੱਖ ਮੰਤਰੀ ਸਾਹਿਬ ਵਾਂਗੂ ਕੰਮ ਕਰਨਾ ਪੈਣਾ ਹੈ ਜਿਹੜਾ ਉਨ੍ਹਾਂ ਨੇ ਕਿਹਾ ਸੀ। ਡਾਕਟਰ ਨਛੱਤਰ ਪਾਲ ਜੀ, ਤੁਹਾਨੂੰ ਕਿਸੇ ਨੂੰ ਅੰਦਰ ਆਉਣ ਤੋਂ ਰੋਕਿਆ ਹੈ?

**ਡਾਕਟਰ ਨਛੱਤਰ ਪਾਲ:** ਨਹੀਂ ਸਰ, ਮੈਂ ਸਮੇਂ ਦਾ ਪਾਬੰਦ ਹਾਂ। ਮੈਂ ਸਮੇਂ ਸਿਰ ਆਉਂਦਾ ਹਾਂ, ਮੈਨੂੰ ਕਿਸੇ ਨੇ ਨਹੀਂ ਰੋਕਿਆ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਣਯੋਗ ਸਪੀਕਰ:** ਸੋ ਕਿਸੇ ਵੀ ਆਪੋਜ਼ੀਸ਼ਨ ਦੇ ਮਾਣਯੋਗ ਮੈਂਬਰ ਨੂੰ ਨਹੀਂ ਰੋਕਿਆ ਜਾਵੇਗਾ ਬਸ਼ਰਤੇ ਕਿ ਕਿਸੇ ਤੇ ਕੋਈ ਕਾਰਵਾਈ ਹੋਈ ਹੋਵੇ। ਜੀ।

------

**ਸਿਵਲ ਹਸਪਤਾਲ, ਰਾਹੋਂ ਦੀ ਸੇਵਾਵਾਂ ਨੂੰ 24 ਘੰਟੇ ਕਰਨ ਬਾਰੇ**

***2035 ਡਾਕਟਰ ਨਛੱਤਰ ਪਾਲ**: ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਵਲ ਹਸਪਤਾਲ, ਰਾਹੋਂ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਦੀਆਂ ਸੇਵਾਵਾਂ ਨੂੰ 24 ਘੰਟੇ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ**: ਸ੍ਰੀਮਾਨ ਜੀ, ਸੀ.ਐਚ.ਸੀ ਰਾਹੋਂ ਵਿਖੇ 24x7 ਸਿਹਤ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਮੈਂ ਮਾਣਯੋਗ ਮੈਂਬਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਸਹੀ ਸਮੇਂ ਤੇ ਆਉਂਦੇ ਹਨ ਅਤੇ ਸਹੀ ਸਵਾਲ ਪੁੱਛਦੇ ਹਨ। ਇਨ੍ਹਾਂ ਨੇ ਪੁੱਛਿਆ ਸੀ ਕਿ ਸਾਡੇ ਰਾਹੋਂ ਦਾ ਜਿਹੜਾ ਸੀ.ਐਚ.ਸੀ. ਹੈ, ਉੱਥੇ 24 ਘੰਟੇ ਦੀ ਸਰਵਿਸਿਜ਼ ਕਦੋਂ ਮਿਲੇਗੀ ਅਤੇ ਅਸੀਂ ਉਹ ਸ਼ੁਰੂ ਕਰ ਦਿੱਤੀਆਂ ਹਨ। ਜਦੋਂ ਇਨ੍ਹਾਂ ਦਾ ਸਵਾਲ ਆਇਆ ਅਸੀਂ ਸਰਵਿਸਿਜ਼ ਸ਼ੁਰੂ ਕਰ ਦਿੱਤੀਆਂ। ਉੱਥੇ ਡਾਕਟਰ ਤਾਇਨਾਤ ਕਰ ਦਿੱਤੇ ਗਏ ਹਨ ਅਤੇ ਡਲੀਵਰੀਆਂ ਵੀ ਹੋਣ ਲੱਗ ਗਈਆਂ ਹਨ ਅਤੇ 24 ਘੰਟੇ ਸੇਵਾਵਾਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ।

**ਮਾਣਯੋਗ ਸਪੀਕਰ**: ਵਾਹ ਜੀ ਵਾਹ। ਹਾਂ ਜੀ ਫਿਰ ਕਰ ਦਿਉ ਧੰਨਵਾਦ।

**ਡਾਕਟਰ ਨਛੱਤਰ ਪਾਲ:** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਣਯੋਗ ਮੰਤਰੀ ਸਾਹਿਬ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿਉਂਕਿ ਅੱਜ ਸ੍ਰੀ ਗੁਰੂ ਰਾਮ ਦਾਸ ਜੀ ਮਹਾਰਾਜ ਔਰ ਭਗਵਾਨ ਵਾਲਮੀਕਿ ਮਹਾਰਾਜ ਜੀ ਪ੍ਰਗਟ ਦਿਨ ਤੇ ਮੈਂ ਸਮੁੱਚੇ ਵਿਸ਼ਵ ਦੇ ਲੋਕਾਂ ਨੂੰ ਇੱਥੇ ਵਧਾਈ ਦਿੰਦਾ ਹਾਂ, ਉੱਥੇ ਮੈਂ ਮੰਤਰੀ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਆਪਣੇ ਪਿੰਡ ਭੋਰੇਂ ਵਿਖੇ ਆਪਣਾ ਜੱਦੀ ਘਰ ਲੋਕਾਂ ਦੀਆਂ ਸਿਹਤ ਸਹੂਲਤਾਂ ਲਈ ਮੁਹੱਲਾ ਆਮ ਆਦਮੀ ਕਲੀਨਿਕ ਨੂੰ ਦਿੱਤਾ। ਇਸੇ ਤਰ੍ਹਾਂ ਸੀ.ਐਚ.ਸੀ. ਰਾਹੋਂ ਦੇ 30 ਬੈੱਡ ਦੇ ਹਸਪਤਾਲ ਦੀ ਜਗ੍ਹਾ ਵੀ ਉਸ ਵੇਲੇ ਦੇ ਸਾਡੇ ਪ੍ਰਧਾਨ ਸ੍ਰੀ ਦਿਨੇਸ਼ ਚੋਪੜਾ ਜੀ ਨੇ 2 ਕਿੱਲੇ ਦਾਨ ਕੀਤੀ ਸੀ। ਉਸ ਜਗ੍ਹਾ ਦੇ ਉੱਤੇ 30 ਬੈੱਡ ਦਾ ਹਸਪਤਾਲ ਬਣਿਆ। ਸਰ, ਇਸ ਦੇ ਵਿੱਚ ਐਮਰਜੈਂਸੀ ਸੇਵਾਵਾਂ ਚਲਦੀਆਂ ਸੀ ਪਰ ਕੁਝ ਕੁ ਸਮੇਂ ਤੋਂ ਬੰਦ ਹੋ ਗਈਆਂ ਸਨ। ਮੈਂ ਮਾਣਯੋਗ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਬੇਨਤੀ ਕੀਤੀ ਉੱਥੇ 26 ਪੋਸਟਾਂ ਸੀ, ਉਨ੍ਹਾਂ ਨੇ 12 ਭਰ ਦਿੱਤੀਆਂ ਹਨ। ਉੱਥੇ ਬਹੁਤ ਡਲੀਵਰੀਆਂ ਹੁੰਦੀਆਂ ਸੀ, 80 ਪਿੰਡਾਂ ਦੇ ਕਰੀਬ ਅਤੇ ਸ਼ਹਿਰ ਨੂੰ ਉਹ ਇਲਾਕਾ ਲੱਗਦਾ ਹੈ। ਉੱਥੇ ਸਿਹਤ ਸਹੂਲਤਾਂ ਬਹੁਤ ਜ਼ਰੂਰੀ ਸੀ। ਇਨ੍ਹਾਂ ਨੇ ਜਿਹੜੀਆਂ ਮੁੜ ਤੋਂ 24 ਘੰਟੇ ਸਿਹਤ ਸੇਵਾਵਾਂ ਸ਼ੁਰੂ ਕੀਤੀਆਂ, ਮੈਂ ਤੁਹਾਡੇ ਮਾਧਿਅਮ ਰਾਹੀਂ ਮਾਣਯੋਗ ਮੰਤਰੀ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਔਰ ਆਸ ਵੀ ਕਰਦਾ ਹਾਂ ਕਿ ਜਿਹੜਾ ਸਟਾਫ ਲਗਾਇਆ ਉਹ ਇਸੇ ਤਰ੍ਹਾਂ ਹੀ ਲੱਗਿਆ ਰਹੇ। ਔਰ ਇਸ ਦੇ ਨਾਲ ਹੀ ਉੱਥੇ ਪਹਿਲਾਂ ਇਨ੍ਹਾਂ ਨੇ ਆਲਟਰਨੇਟਿਵ ਡੇਅਜ਼ ਦੌਰਾਨ ਸੁਪਰ ਸਪੈਸ਼ਲਿਟੀ ਡਾਕਟਰ ਭੇਜ ਦਿੱਤੇ ਸਨ, ਅੱਜ ਵੀ ਹਸਪਤਾਲ ਵਿੱਚ ਉੱਥੇ ਸੂਪਰ ਸਪੈਸ਼ਲਿਟੀ ਹਸਪਤਾਲਾਂ ਦੇ ਡਾਕਟਰਾਂ ਦੁਆਰਾ ਕੈਂਪ ਲਗਾਇਆ ਗਿਆ ਹੈ। ਮੇਰੀ ਬੇਨਤੀ ਹੈ ਕਿ ਉਹ ਵੀ ਲਗਾਏ ਜਾਣ। ਸਰ, ਉੱਥੇ male ਡਾਕਟਰ ਨਹੀਂ ਹੈ। ਰਾਤ ਨੂੰ ਨਾ ਸਕਿਉਰਿਟੀ ਗਾਰਡ ਹੈ।

**1110/Beant kaur**

ਸਕਿਓਰਟੀ ਗਾਰਡ ਦਿੱਤਾ ਜਾਵੇ। ਮਾਣਯੋਗ ਮੰਤਰੀ ਸਾਹਿਬ, ਇਸ ਦੇ ਨਾਲ ਹੀ ਨਵਾਂਸ਼ਹਿਰ ਮੈਡੀਕਲ ਕਾਲਜ ਦਾ ਸਟੇਟੱਸ ਵੀ ਦੱਸਿਆ ਜਾਵੇ।

------

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ :** ਮੈਨੂੰ ਬੜੀ ਖੁਸ਼ੀ ਹੋ ਰਹੀ ਹੈ ਕਿ S.D. ਕਾਲਜ, ਬਰਨਾਲਾ ਦੇ ਵਿਦਿਆਰਥੀ, ਸਾਡੇ ਪੰਜਾਬ ਦਾ ਭਵਿੱਖ, ਅੱਜ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਆਏ ਹਨ। ਆਓ, ਉਨ੍ਹਾਂ ਨੂੰ ਜੀ ਆਇਆਂ ਕਹੀਏ।(ਥੰਪਿੰਗ)

2. ਮੁੰਬਈ ਤੋਂ ਸਾਡੀਆਂ ਭੈਣਾਂ ਦਾ ਇਕ ਵਫ਼ਦ, ਜੀ ਮੀਡੀਆ ਪਰਿਵਾਰ ਵਿਚੋਂ ਅੱਜ ਸਪੈਸ਼ਲੀ ਇੱਥੇ ਆਇਆ ਹੈ, ਇਹ ਪੰਜਾਬ ਦੇ ਸੁਹੱਪਣ ਨੂੰ ਦੇਖਣ ਲਈ ਆਏ ਹਨ। ਆਓ, ਇਨ੍ਹਾਂ ਦਾ ਖੈਰ ਮਕਦਮ ਕਰੀਏ।(ਥੰਪਿੰਗ) Thank you.

------

Unedited Version/ Not for Legal/ Official use Dated: Tuesday, 27th October, 2026

**STARRED QUESTION AND ANSWERS *(Resumption)***

**ਦੇਵੀਗੜ੍ਹ ਵਿਖੇ ਨਵੀਂ ਅਨਾਜ ਮੰਡੀ ਅਤੇ ਸ਼ੈੱਡ ਪਾਉਣ ਬਾਰੇ**

*** 2042. ਸਰਦਾਰ ਹਰਮੀਤ ਸਿੰਘ ਪਠਾਣਮਾਜਰਾ** : ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਰਸਾਤ ਦੇ ਮੌਸਮ ਦੌਰਾਨ ਕਿਸਾਨਾਂ ਦੀ ਫਸਲ ਦੀ ਹੁੰਦੀ ਖਰਾਬੀ ਦੇ ਮੱਦੇਨਜ਼ਰ ਸਰਕਾਰ ਦੇਵੀਗੜ੍ਹ ਵਿਖੇ ਨਵੀਂ ਅਨਾਜ ਮੰਡੀ ਬਣਾਉਣ ਅਤੇ ਇਸ ਵਿਚ ਚਾਰ-ਪੰਜ ਏਕੜ ਵਿਚ ਸ਼ੈੱਡ ਪਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ** : ਸ਼੍ਰੀਮਾਨ ਜੀ, ਨਹੀਂ ਜੀ। ਦੇਵੀਗੜ੍ਹ ਵਿਖੇ ਨਵੀਂ ਅਨਾਜ ਮੰਡੀ ਬਣਾਉਣ ਬਾਰੇ ਕੋਈ ਤਜਵੀਜ਼ ਮਾਰਕੀਟ ਕਮੇਟੀ/ਪੰਜਾਬ ਮੰਡੀ ਬੋਰਡ ਦੇ ਵਿਚਾਰ ਅਧੀਨ ਨਹੀਂ ਹੈ ਕਿਉਂਕਿ ਮੰਡੀ ਦੇਵੀਗੜ੍ਹ, ਮਾਰਕੀਟ ਕਮੇਟੀ ਦੂਧਨ ਸਾਧਾਂ ਅਧੀਨ 3 ਏਕੜ ਰਕਬੇ ਵਿੱਚ ਪਹਿਲਾਂ ਹੀ ਇੱਕ ਮੰਡੀ ਯਾਰਡ ਬਣਿਆ ਹੋਇਆ ਹੈ। ਇਸ ਤੋਂ ਇਲਾਵਾ, ਚਾਰ-ਪੰਜ ਏਕੜ ਵਿੱਚ ਸ਼ੈੱਡ ਪਾਉਣ ਦੀ ਵੀ ਕੋਈ ਤਜਵੀਜ਼ ਨਹੀਂ ਹੈ। ਮਾਰਕੀਟ ਕਮੇਟੀ ਦੂਧਨ ਸਾਧਾਂ ਅਧੀਨ ਦੇਵੀਗੜ੍ਹ ਮੰਡੀ ਵਿਖੇ ਕਿਸਾਨਾਂ ਦੇ ਬੈਠਣ ਲਈ ਫੜ੍ਹ ਉੱਪਰ A 35' × 35' ਦਾ ਸ਼ੈੱਡ ਬਣਿਆ ਹੋਇਆ ਹੈ।

**ਸਰਦਾਰ ਹਰਮੀਤ ਸਿੰਘ ਪਠਾਣਮਾਜਰਾ**: ਸਪੀਕਰ ਸਾਹਿਬ, ਮਤਾ ਪਾ ਕੇ ਭੇਜੇ ਨੂੰ ਤਕਰੀਬਨ ਦੋ ਸਾਲ ਉੱਪਰ ਦਾ ਸਮਾਂ ਹੋ ਗਿਆ ਹੈ। ਉਸ ਵੱਲ ਹਾਲੇ ਕੁਝ ਨਹੀਂ ਹੋਇਆ ਹੈ। ਦੂਧਨ ਸਾਧਾਂ ਅਧੀਨ ਮੰਡੀ ਦਾ ਜਿਹੜਾ ਵੇਰਵਾ ਦਿੱਤਾ ਹੈ, ਇਹ ਉਥੋਂ ਦੋ-ਢਾਈ ਕਿਲੋਮੀਟਰ ਦੂਰ ਹੈ। ਇੱਥੇ ਬਹੁਤ ਪਿੰਡ ਹੋਣ ਕਾਰਨ ਮੰਡੀ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ ਅਤੇ ਇਸ ਦੇ ਨਾਲ ਹੀ ਇਸ ਕੱਚੀ ਮੰਡੀ ਨੂੰ ਪੱਕਾ ਕੀਤਾ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਮਤਾ ਆਇਆ ਹੈ, ਉਸ ਲਈ ਕਹਿਣਾ ਚਾਹੁੰਦਾ ਹਾਂ ਕਿ ਨੇੜਲੀ ਮੰਡੀ ਦੇਵੀਗੜ੍ਹ ਦਾ ਏਰੀਆ 3 ਏਕੜ ਵਿੱਚ ਹੈ। ਇਸ ਵਿੱਚ ਪਲੇਟਫਾਰਮ ਬਣਿਆ ਹੋਇਆ ਹੈ ਜਿਸ ਵਿੱਚ A 35' × 35' ਦਾ ਸ਼ੈੱਡ ਵੀ ਉਸਾਰਿਆ ਗਿਆ ਹੈ। ਜੇਕਰ ਉਸ ਨੂੰ ਹੋਰ ਵਧਾਉਣ ਵਾਸਤੇ ਇਨ੍ਹਾਂ ਵਲੋਂ ਪ੍ਰੋਪੋਜ਼ਲ ਹੈ ਤਾਂ ਸਾਰਾ ਵੇਖ ਕੇ ਇਸ ਨੂੰ ਜ਼ਰੂਰ ਕੀਤਾ ਜਾਵੇਗਾ। ਇਨ੍ਹਾਂ ਨੇ ਲਿਖਿਆ ਹੈ ਕਿ ਚਾਰ-ਪੰਜ ਏਕੜ ਵਿੱਚ ਸ਼ੈੱਡ ਵਧਾਇਆ ਜਾਵੇ, ਆਉਣ ਵਾਲੀ ਤਜਵੀਜ਼ ਵਿੱਚ ਇਹ ਵੀ ਕਰਵਾ ਦੇਵਾਂਗੇ।

**ਮਾਣਯੋਗ ਸਪੀਕਰ :** ਠੀਕ ਹੈ ਜੀ। Thank you. Next question.

-------

**ਬਰਕਤਵਾ ਮਾਈਨਰ, ਤਰੋਬੜੀ ਮਾਈਨਰ ਅਤੇ ਰੋੜਾਂ ਵਾਲੀ ਮਾਈਨਰ ਦੀ ਮੌਜੂਦਾ ਸਥਿਤੀ**

*** 2044. ਸ਼੍ਰੀ ਜਗਦੀਪ ਕੰਬੋਜ ਗੋਲਡੀ** : ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਬਰਕਤਵਾ ਮਾਈਨਰ, ਤਰੋਬੜੀ ਮਾਈਨਰ ਅਤੇ ਰੋੜਾਂ ਵਾਲੀ ਮਾਈਨਰ ਡਿਸਟ੍ਰੀਬਿਊਟਰੀ ਦੇ ਨਿਰਮਾਣ/ਮੁਰੰਮਤ ਦੀ ਮੌਜੂਦਾ ਸਥਿਤੀ ਕੀ ਹੈ;

(ਅ) ਇਸ ਪ੍ਰੋਜੈਕਟ 'ਤੇ ਕੁੱਲ ਕਿੰਨੀ ਲਾਗਤ ਆਉਣ ਦਾ ਅਨੁਮਾਨ ਹੈ ਅਤੇ ਹੁਣ ਤੱਕ ਕਿੰਨਾ ਫੰਡ ਜਾਰੀ ਕੀਤਾ ਜਾ ਚੁੱਕਿਆ ਹੈ;

(ੲ) ਇਹ ਕੰਮ ਕਦ ਤੱਕ ਮੁਕੰਮਲ ਕਰਕੇ ਇਲਾਕੇ ਦੇ ਕਿਸਾਨਾਂ ਲਈ ਪਾਣੀ ਦੀ ਸਪਲਾਈ ਸ਼ੁਰੂ ਕਰ ਦਿੱਤੀ ਜਾਵੇਗੀ?

**ਸ਼੍ਰੀ ਬਰਿੰਦਰ ਕੁਮਾਰ ਗੋਇਲ** : ਸ਼੍ਰੀਮਾਨ ਜੀ,

(ੳ) ਬਰਕਤਵਾ ਮਾਈਨਰ, ਤਰੋਬੜੀ ਡਿਸਟ੍ਰੀਬਿਊਟਰੀ ਅਤੇ ਰੋੜਾਂ ਵਾਲੀ ਮਾਈਨਰ ਚਾਲੂ ਨਹਿਰਾਂ ਹਨ, ਜਿਨ੍ਹਾਂ ਰਾਹੀਂ ਕਮਾਂਡ ਏਰੀਏ ਦੇ ਕਿਸਾਨਾਂ ਨੂੰ ਮਨਜ਼ੂਰਸ਼ੁਦਾ ਡਿਜ਼ਾਈਨ ਡਿਸਚਾਰਜ ਅਨੁਸਾਰ ਨਿਯਮਤ ਰੂਪ ਵਿੱਚ ਨਹਿਰੀ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ।

(ਅ) ਬਰਕਤਵਾ ਮਾਈਨਰ ਦੀ ਰੀ-ਲਾਇਨਿੰਗ ਦਾ ਕੰਮ ਸਾਲ 2025 ਵਿੱਚ 8.38 ਕਰੋੜ ਰੁਪਏ ਦੇ ਖਰਚੇ ਦੀ ਲਾਗਤ ਨਾਲ ਮੁਕੰਮਲ ਕੀਤਾ ਗਿਆ ਸੀ। ਰੋੜਾਂ ਵਾਲੀ ਮਾਈਨਰ ਦੀ ਰੀ-ਲਾਇਨਿੰਗ ਦਾ ਕੰਮ 1.25 ਕਰੋੜ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਹਾ ਹੈ। ਤਰੋਬੜੀ ਡਿਸਟ੍ਰੀਬਿਊਟਰੀ ਪ੍ਰੋਜੈਕਟ ਦੀ ਪ੍ਰਵਾਨਿਤ ਲਾਗਤ 25.89 ਕਰੋੜ ਰੁਪਏ ਹੈ, ਜਿਸ ਦੇ ਮੁਕਾਬਲੇ ਮੌਜੂਦਾ ਉਪਲਬਧ 6.60 ਕਰੋੜ ਰੁਪਏ ਫੰਡਾਂ ਨਾਲ ਪਹਿਲ ਵਾਲੇ ਕੰਮ ਕਰਵਾਏ ਜਾਣਗੇ; ਬਾਕੀ ਕੰਮ ਫੰਡਾਂ ਦੀ ਉਪਲਬਧਤਾ ਅਨੁਸਾਰ ਪੜਾਅਵਾਰ ਕੀਤਾ ਜਾਵੇਗਾ।

(ੲ) ਤਿੰਨਾਂ ਨਹਿਰਾਂ ਰਾਹੀਂ ਪਾਣੀ ਦੀ ਸਪਲਾਈ ਪਹਿਲਾਂ ਹੀ ਚੱਲ ਰਹੀ ਹੈ ਅਤੇ ਨਹਿਰੀ ਪਾਣੀ ਹਰੇਕ ਨਹਿਰ ਦੀ ਟੇਲ ਤੱਕ ਪਹੁੰਚ ਰਿਹਾ ਹੈ। ਖਰੀਫ 2026 ਦੌਰਾਨ ਦਰਜ ਕੀਤੇ ਗਏ ਟੇਲ ਗੇਜ ਰੀਡਿੰਗ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

| **ਲੜੀ ਨੰ.** | **ਨਹਿਰ ਦਾ ਨਾਮ** | **ਸਮਾਂ (ਪੀਰੀਅਡ)** | **ਰੀਡਿੰਗਾਂ ਦੀ ਗਿਣਤੀ** | **ਔਸਤ ਟੇਲ ਗੇਜ਼ ਰੀਡਿੰਗ(% ਡਿਜ਼ਾਈਨ ਦਾ)** |
|---|---|---|---|---|
| 1. | ਬਰਕਤਵਾ ਮਾਈਨਰ | 01.07.2026 - 30.09.2026 | 80 | 135.00 % |
| 2. | ਤਰੋਬੜੀ ਡਿਸਟ੍ਰੀਬਿਊਟਰੀ | 01.07.2026 - 30.09.2026 | 78 | 101.03 % |
| 3. | ਰੋੜਾਂ ਵਾਲੀ ਮਾਈਨਰ | 01.07.2026 - 30.09.2026 | 92 | 96.74% |

**ਸ਼੍ਰੀ ਜਗਦੀਪ ਕੰਬੋਜ ਗੋਲਡੀ** : ਸਪੀਕਰ ਸਾਹਿਬ, ਧੰਨਵਾਦ। ਅੱਜ ਇਨ੍ਹਾਂ ਨੇ ਜਲਾਲਾਬਾਦ ਹਲਕੇ ਨੂੰ ਤਰੋਬੜੀ ਮਾਈਨਰ, ਜਿਹੜੀ ਬੜੀ ਪੁਰਾਣੀ ਸੀ, ਉਹ 25.89 ਕਰੋੜ ਦੀ ਮਨਜ਼ੂਰ ਕਰ ਦਿੱਤੀ ਹੈ। ਰੋੜਾਂ ਵਾਲੀ ਮਾਈਨਰ ਲਈ 1.25 ਕਰੋੜ ਦੀ ਲਾਗਤ ਨਾਲ ਰੀਲਾਈਨਿੰਗ ਦਾ ਕੰਮ ਮਨਜ਼ੂਰ ਕੀਤਾ ਹੈ। ਇਸ ਵਾਸਤੇ ਮੰਤਰੀ ਸਾਹਿਬ ਦਾ ਧੰਨਵਾਦ। ਬਸ ਇਕ ਹੋਰ ਬੇਨਤੀ ਹੈ ਕਿ ਇਕ ਲਾਸਟ ਰਹਿ ਗਈ ਹੈ, ਉਹ ਵੀ ਕਰ ਦਿਓ ਜੀ।

**ਮੰਤਰੀ** : ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਥੋੜ੍ਹੀਆਂ ਗੱਲਾਂ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਦਾ ਕੁਐਸਚਨ ਸਿਰਫ਼ ਇੱਥੇ ਤੱਕ ਹੀ ਸੀ, ਜਿਸ ਦਾ ਜਵਾਬ ਦਿੱਤਾ ਹੈ ਕਿ ਬਰਕਤਵਾ ਮਾਈਨਰ ਦੀ ਰੀਲਾਈਨਿੰਗ ਦਾ ਕੰਮ 8.38 ਕਰੋੜ ਦੀ ਲਾਗਤ ਨਾਲ ਪੂਰਾ ਹੋ ਗਿਆ ਹੈ।(ਥੰਪਿੰਗ) ਰੋੜਾਂਵਾਲੀ ਮਾਈਨਰ ਦੀ ਰੀਲਾਈਨਿੰਗ ਦਾ ਕੰਮ 1.25 ਕਰੋੜ ਦੀ ਲਾਗਤ ਨਾਲ ਪੂਰਾ ਹੋ ਰਿਹਾ ਹੈ ਅਤੇ ਤਰੋਬੜੀ ਮਾਈਨਰ ਤੇ 25.89 ਕਰੋੜ ਦੀ ਲਾਗਤ ਨਾਲ ਕੰਮ ਚੱਲ ਰਿਹਾ ਹੈ। ਸਰ, ਇਸ ਤੋਂ ਇਲਾਵਾ ਜਲਾਲਾਬਾਦ ਹਲਕੇ ਵਿੱਚ ਲੋਕਾਂ ਨੇ ਪਾਣੀ ਦੀ ਆਸ ਹੀ ਮੁਕਾਈ ਹੋਈ ਸੀ ਕਿਉਂਕਿ ਇੱਥੇ ਕਦੇ ਪਾਣੀ ਨਹੀਂ ਪਹੁੰਚਿਆ ਸੀ। ਅਸੀਂ ਜਲਾਲਾਬਾਦ ਹਲਕੇ ਵਿੱਚ ਛੇ ਨਹਿਰਾਂ ਦੀ ਕੰਕਰੀਟ ਲਾਈਨਿੰਗ 54.23 ਕਰੋੜ ਦੀ ਲਾਗਤ ਨਾਲ ਕੀਤੀ ਹੈ। ਇਸ ਤੋਂ ਇਲਾਵਾ 15.98 ਕਰੋੜ ਨਾਲ 32 ਖਾਲਿਆਂ ਦਾ ਕੰਮ ਮੁਕੰਮਲ ਹੋ ਚੁੱਕਿਆ ਹੈ। ਇਸ ਦੇ ਨਾਲ ਹੀ 31 ਖਾਲਿਆਂ ਤੇ ਹੋਰ ਕੰਮ ਚੱਲ ਰਿਹਾ ਹੈ, ਜਿਹੜਾ 20 ਕਰੋੜ ਦੀ ਲਾਗਤ ਨਾਲ ਕੀਤਾ ਜਾਵੇਗਾ। ਇਸ ਪ੍ਰਕਾਰ 90.21 ਕਰੋੜ ਦੀ ਲਾਗਤ ਇਨ੍ਹਾਂ ਕੰਮਾਂ ਤੇ ਆਈ ਹੈ। ਇਸ ਤੋਂ ਇਲਾਵਾ ਚੌਧਰੀ ਵਾਲਾ ਅਤੇ ਸੇਲੇਵਾਲਾ ਮਾਈਨਰ ਵਿੱਚ 65 ਸਾਲਾਂ ਬਾਅਦ ਪਾਣੀ ਪਹੁੰਚਿਆ ਹੈ। ਮੈਂ ਉਥੇ ਉਦਘਾਟਨ ਕਰਕੇ ਆਇਆ ਹਾਂ। ਉੱਥੇ ਬਹੁਤ ਇਕੱਠ ਹੋਇਆ ਸੀ।(ਥੰਪਿੰਗ) ਉਥੇ ਇਕ ਮੌਜ਼ਮ ਡਰੇਨ ਹੈ, ਜਿਸ ਉਪਰ 9.88 ਕਰੋੜ ਦੀ ਲਾਗਤ ਨਾਲ ਪੁਲ ਕੰਪਲੀਟ ਹੋ ਰਿਹਾ ਹੈ। ਹਿੰਦੁਸਤਾਨ ਦੀ ਕ੍ਰਿਕੇਟ ਟੀਮ ਦੇ ਕਪਤਾਨ ਸ਼ੁਭਮਨ ਗਿੱਲ ਦਾ ਜੈਮਲ ਸਿੰਘ ਵਾਲਾ ਪਿੰਡ ਹੈ, ਜਿਸ ਵਾਸਤੇ 12 ਕਿਲੋਮੀਟਰ ਦਾ ਏਰੀਆ ਘੁੰਮ ਕੇ ਆਉਣਾ ਪੈਂਦਾ ਹੈ।

**1115/Karamjit kaur**

ਉਥੇ 9 ਕਰੋੜ 88 ਲੱਖ ਰੁਪਏ ਦੀ ਲਾਗਤ ਨਾਲ ਉਹ ਪੁਲ ਕੰਪਲੀਟ ਹੋ ਰਿਹਾ ਹੈ। ਇਸ ਤਰੀਕੇ ਨਾਲ ਜਲਾਲਾਬਾਦ ਹਲਕੇ ਵਿੱਚ ਬਹੁਤ ਕੰਮ ਹੋਏ ਹਨ। ਪਹਿਲਾਂ ਇਸ ਹਲਕੇ ਵਿੱਚ ਪਾਣੀ ਕਦੇ ਨਹੀਂ ਪਹੁੰਚਿਆ ਸੀ। ਐਤਕੀਂ ਪੂਰੇ ਜਲਾਬਾਲਬਦ ਹਲਕੇ ਵਿੱਚ ਪਾਣੀ ਪਹੁੰਚਾਇਆ ਗਿਆ ਹੈ।

**ਮਾਣਯੋਗ ਸਪੀਕਰ**: ਕਮਾਲ ਹੈ ਜੀ।

**ਸ਼੍ਰੀ ਜਗਦੀਪ ਕੰਬੋਜ ਗੋਲਡੀ**: ਸਪੀਕਰ ਸਾਹਿਬ, 45 ਸਾਲ ਬਾਅਦ ਟੇਲਾਂ ਉੱਤੇ ਪਾਣੀ ਆਇਆ ਹੈ ਜੀ। ਜਿਹੜੀਆਂ ਨਵੀਆਂ ਲਾਈਨਿੰਗਜ ਹਨ, ਇੱਥੇ ਕਦੇ ਜੇ ਬੰਦਾ ਨਹਿਰ ਤੱਕ ਚਲਾ ਜਾਂਦਾ ਸੀ ਤਾਂ ਉਸ ਦੇ ਪੈਰ ਤੱਕ ਨਹੀਂ ਭਿੱਜਦੇ ਸੀ। ਸੋ, ਹੁਣ ਸਾਰੀਆਂ ਨਵੀਆਂ ਬਣਾ ਦਿੱਤੀਆਂ ਹਨ ਔਰ ਐਤਕੀਂ ਝੋਨੇ ਦਾ ਝਾੜ ਵੀ ਬਹੁਤ ਵਧੀਆ ਹੋਇਆ ਹੈ। ਇਸ ਵਾਰੀ ਜ਼ਿੰਮੀਦਾਰਾਂ ਨੇ ਬਹੁਤ ਪਿਆਰ ਦਿੱਤਾ ਹੈ। ਅਸੀਂ ਕੁਲਚੀਆਂ ਮੰਡੀਆਂ ਵਿੱਚ ਗਏ ਸੀ, ਇਹ ਪਹਿਲੀ ਵਾਰ ਹੋਇਆ ਹੈ ਕਿ ਐਤਕੀਂ ਸਾਡੀਆਂ ਮੰਡੀਆਂ ਵਿੱਚ ਇੰਨੀਆਂ ਰੌਣਕਾਂ ਲੱਗੀਆਂ ਹਨ। ਇਸ ਵਾਸਤੇ ਮੁੱਖ ਮੰਤਰੀ, ਪੰਜਾਬ

ਅਤੇ ਤੁਹਾਡਾ ਬਹੁਤ ਬਹੁਤ ਧੰਨਵਾਦ ਹੈ ਅਤੇ ਸਾਡੇ ਮੰਤਰੀ ਸ੍ਰੀ ਬਰਿੰਦਰ ਗੋਇਲ ਸਾਹਿਬ ਜੀ ਦਾ ਬਹੁਤ ਧੰਨਵਾਦ ਹੈ ਜੀ। ਥੈਂਕ ਯੂ ਜੀ।

**ਮਾਣਯੋਗ ਸਪੀਕਰ:** ਗੋਇਲ ਸਾਹਿਬ, ਸਰਦਾਰ ਹਰਪਾਲ ਸਿੰਘ ਜੀ ਤੁਹਾਡੇ ਮੂਹਰੇ ਬੈਠੇ ਹਨ। ਇਨ੍ਹਾਂ ਨੂੰ ਪੁੱਛੋ ਕਿ ਕੀ ਇਹ ਖਜ਼ਾਨਾ ਉਹੀ ਹੈ, ਜਿਸ ਨੂੰ ਪਹਿਲਾਂ ਖਾਲੀ-ਖਾਲੀ ਕਹਿੰਦੇ ਹੁੰਦੇ ਸੀ। ਕਮਾਲ ਕਰ ਦਿੱਤੀ ਹੈ ਜੀ। ਇੰਨਾ ਪੈਸਾ?

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਸਾਰੇ ਪੰਜਾਬ ਨੂੰ ਤੇ ਸਾਰੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਕੰਮ ਲਈ ਮੁੱਖ ਮੰਤਰੀ ਸਾਹਿਬ ਨੇ ਅਤੇ ਸਰਦਾਰ ਹਰਪਾਲ ਸਿੰਘ ਚੀਮਾ ਸਾਹਿਬ ਨੇ ਓਪਨਲੀ ਕਿਹਾ ਹੋਇਆ ਹੈ ਕਿ ਆਪਣਾ ਟੀਚਾ ਹੀ ਇਹ ਹੈ ਕਿ ਅਸੀਂ ਪੰਜਾਬ ਨੂੰ ਬਚਾਉਣਾ ਹੈ। ਪੰਜਾਬ ਨੂੰ ਬਚਾਉਣ ਦਾ ਮਤਲਬ ਹੈ ਕਿ ਧਰਤੀ ਹੇਠਲੇ ਪਾਣੀ ਨੂੰ ਬਚਾਉਣਾ ਹੈ ਅਤੇ ਨਹਿਰੀ ਪਾਣੀ ਨੂੰ ਟੇਲਾਂ ਤੱਕ ਪਹੁੰਚਾਉਣਾ ਹੈ। ਇਨ੍ਹਾਂ ਨੇ ਪੈਸਾ ਦੇਣ ਤੋਂ ਕਦੇ ਵੀ ਮਨ੍ਹਾਂ ਨਹੀਂ ਕੀਤਾ।

**ਮਾਣਯੋਗ ਸਪੀਕਰ:** ਵੈਰੀ ਗੁੱਡ। ਥੈਂਕ ਯੂ।

**ਮੰਤਰੀ:** 7600 ਕਰੋੜ ਰੁਪਿਆ ਅਸੀਂ ਖਰਚ ਕਰ ਚੁੱਕੇ ਹਾਂ।

**ਮਾਣਯੋਗ ਸਪੀਕਰ:** ਵੰਡਰਫੁੱਲ। ਵੰਡਰਫੁੱਲ। ਵੈਸੇ ਮੈਂ ਇਨ੍ਹਾਂ ਦੇ ਮੂੰਹੋਂ ਕਦੇ ਸੁਣਿਆ ਨਹੀਂ ਕਿ ਖਜ਼ਾਨਾ ਖਾਲੀ ਹੈ। ਕਮਾਲ ਕਰ ਦਿੱਤੀ ਹੈ। ਥੈਂਕ ਯੂ। ਇਨ੍ਹਾਂ ਦੇ ਨਾਮ ਤੇ ਕਲੈਪਿੰਗ ਹੋ ਜਾਵੇ। (ਥੰਪਿੰਗ) ਕਯਾ ਬਾਤ ਹੈ। ਕਯਾ ਬਾਤ ਹੈ।

------

**ਹਲਕਾ ਬਾਬਾ ਬਕਾਲਾ ਸਾਹਿਬ ਦੇ ਸਬ-ਡਵੀਜ਼ਨ ਬਿਆਸ ਅਧੀਨ ਆਉਂਦੇ ਸਰਕਾਰੀ ਦਫਤਰਾਂ ਲਈ ਬਿਲਡਿੰਗ ਬਣਾਉਣਾ**

***2039. ਸਰਦਾਰ ਦਲਬੀਰ ਸਿੰਘ ਟੌਂਗ:** ਕੀ ਮਾਲ ਤੇ ਪੁਨਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਹਲਕਾ ਬਾਬਾ ਬਕਾਲਾ ਸਾਹਿਬ ਦੇ ਸਬ-ਡਵੀਜਨ ਬਿਆਸ ਦੇ ਅਧੀਨ ਆਉਂਦੇ ਦਫਤਰ ਰਈਆ, ਬਾਬਾ ਬਕਾਲਾ ਅਤੇ ਬਿਆਸ ਵਿਖੇ ਸਰਕਾਰੀ ਦਫਤਰ ਕਿਰਾਏ ਦੀ ਬਿਲਡਿੰਗ ਵਿੱਚ ਚੱਲ ਰਹੇ ਹਨ;

(ਅ) ਕੀ ਇਹ ਠੀਕ ਹੈ ਕਿ ਹਲਕੇ ਵਿੱਚ ਉਕਤ ਦਫਤਰਾਂ ਲਈ 4 ਏਕੜ ਜਮੀਨ ਦੀ ਪ੍ਰਪੋਜਲ ਬਣਾ ਕੇ ਦਿੱਤੀ ਜਾ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਇਸ ਜਮੀਨ ਤੇ ਉਕਤ ਦਫਤਰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਵੇਰਵੇ ਸਹਿਤ ਦੱਸਿਆ ਜਾਵੇ ?

**ਸਰਦਾਰ ਹਰਦੀਪ ਸਿੰਘ ਮੁੰਡੀਆਂ:** ਸ੍ਰੀਮਾਨ ਜੀ,

(ੳ) ਨਹੀਂ ਜੀ।

(ਅ) ਲਾਗੂ ਨਹੀ।

ਮਾਣਯੋਗ ਸਪੀਕਰ ਸਾਹਿਬ, ਸਵਾਲ ਦਾ ਜਵਾਬ ਚਲਿਆ ਗਿਆ ਹੈ। ਸਵਾਲ ਦਾ ਜਵਾਬ ਵੈਸੇ ਨਾਂਹ ਵਿੱਚ ਹੀ ਹੈ ਜੀ। ਜੇ ਕੋਈ ਸਪਲੀਮੈਂਟਰੀ ਹੈ ਤਾਂ ਪੁੱਛ ਲੈਣ।

**ਮਾਣਯੋਗ ਸਪੀਕਰ:** ਜਵਾਬ ਹੀ ਹੈ। (ਹਾਸਾ) ਹਾਂ ਜੀ, ਸਪਲੀਮੈਂਟਰੀ ਜੀ।

**ਸਰਦਾਰ ਦਲਬੀਰ ਸਿੰਘ ਟੌਂਗ:** ਸਰ, ਮੇਰੀ ਵਿਧਾਨ ਸਭਾ ਦੇ ਵਿੱਚ ਬੇਨਤੀ ਇਹ ਹੈ ਜੀ ਕਿ ਬਿਜਲੀ ਡਿਪਾਰਟਮੈਂਟ ਦੇ ਨਾਮ ਉੱਤੇ ਚਾਰ ਏਕੜ ਜ਼ਮੀਨ ਹੈ ਜੀ। ਜਿਸ ਨੂੰ ਆਸੇ ਪਾਸੇ ਤੋਂ ਲੋਕ ਵਲ੍ਹੀ ਜਾ ਰਹੇ ਹਨ ਜੀ। ਨੰਬਰ-2, ਮੇਰੇ ਹਲਕੇ ਵਿੱਚ ਤਿੰਨ ਦਫ਼ਤਰ ਹਨ, ਜਿਹੜੇ ਪ੍ਰਾਈਵੇਟ ਬਿਲਡਿੰਗਾਂ ਵਿੱਚ ਕਿਰਾਏ ਉੱਤੇ ਚੱਲ ਰਹੇ ਹਨ। ਸਰ, ਜਦੋਂ ਆਪਣੇ ਕੋਲ ਜ਼ਮੀਨ ਹੈ, ਜੇ ਉਸ ਦੀ ਕੋਈ ਪ੍ਰੋਪੋਜ਼ਲ ਬਣਾ ਕੇ ਜ਼ਮੀਨ ਨੂੰ ਵਰਤਿਆ ਜਾਵੇ, ਇਸ ਨਾਲ ਇੱਕ ਤਾਂ ਜ਼ਮੀਨ ਬਚ ਜਾਵੇਗੀ। ਦੂਸਰਾ, ਜਿਹੜੀ ਸਥਾਨਕ ਲੋਕਾਂ ਦੀ ਖੱਜਲ-ਖੁਆਰੀ ਹੈ, ਡਿਪਾਰਟਮੈਂਟ ਦੇ ਜਿਹੜੇ ਐਸ.ਡੀ.ਓ. ਤੇ ਜੇ.ਈ. ਹਨ, ਉਨ੍ਹਾਂ ਕੋਲ ਰਿਕਾਰਡ ਰੱਖਣ ਲਈ ਥਾਂ ਨਹੀਂ ਹੈ। ਜਦੋਂ ਲੋਕ ਉਨ੍ਹਾਂ ਕੋਲ ਜਾਂਦੇ ਹਨ ਤਾਂ ਲੋਕਾਂ ਨੂੰ 15-15, 20-20 ਦਿਨ ਤੱਕ ਖੱਜਲ ਹੋਣਾ ਪੈਂਦਾ ਹੈ। ਉਨ੍ਹਾਂ ਨੂੰ ਰਿਕਾਰਡ ਨਹੀਂ ਲੱਭਦਾ। ਸਰ, ਤੁਹਾਡੇ ਮਾਧਿਅਮ ਰਾਹੀਂ ਮੇਰੀ ਮੰਤਰੀ ਸਾਹਿਬ ਨੂੰ ਇਹ ਬੇਨਤੀ ਹੈ ਕਿ ਆਪਾਂ ਇਸ ਸਬੰਧੀ ਕੋਈ ਪ੍ਰੋਪੋਜ਼ਲ ਬਣਾ ਦੇਈਏ। ਉੱਥੇ ਪੂਰੇ ਬਿਜਲੀ ਡਿਪਾਰਟਮੈਂਟ ਦੇ ਸਾਰੇ ਹੀ ਦਫ਼ਤਰ ਬਣ ਸਕਦੇ ਹਨ ਜੀ, ਐਕਸੀਐਨ ਤੋਂ ਲੈ ਕੇ ਜੇ.ਈ. ਤੇ ਲਾਈਨਮੈਨ ਤੱਕ ਦੇ ਮੁਲਾਜ਼ਮਾਂ ਲਈ ਉੱਥੇ ਦਫ਼ਤਰ ਬਣ ਸਕਦੇ ਹਨ ਤਾਂ ਜੋ ਲੋਕਾਂ ਨੂੰ ਦਫ਼ਤਰ ਵਿੱਚ ਇੱਕ ਜਗ੍ਹਾ ਤੇ ਜਾ ਕੇ ਹੀ ਆਪਣੇ ਕੰਮ ਕਰਵਾਉਣੇ ਸੁਖਾਲੇ ਹੋ ਜਾਣ। ਇਸ ਤਰ੍ਹਾਂ ਇੱਕੋ ਥਾਂ ਤੇ ਹੀ ਸਾਰੇ ਦਫ਼ਤਰ ਹੋਣਗੇ, ਚਾਹੇ ਉਹ ਐਕਸੀਐਨ ਦਾ ਦਫ਼ਤਰ ਹੈ, ਚਾਹੇ ਐਸ.ਡੀ.ਓ. ਦਾ ਹੈ, ਚਾਹੇ ਉਹ ਜੇ.ਈ. ਦਾ ਦਫ਼ਤਰ ਹੈ ਜੀ। ਲੋਕਾਂ ਨੂੰ ਵਾਰ ਵਾਰ ਵੱਖ ਵੱਖ ਥਾਵਾਂ ਤੇ ਗੇੜੇ ਨਹੀਂ ਮਾਰਨੇ ਪੈਣਗੇ, ਉਹ ਇੱਕੋ ਥਾਂ ਤੋਂ ਆਪਣੇ ਕੰਮ ਕਰਵਾ ਕੇ ਆਪਣੇ ਘਰ ਆ ਸਕਦੇ ਹਨ।

**ਮਾਣਯੋਗ ਸਪੀਕਰ:** ਠੀਕ ਹੈ ਜੀ, ਤੁਸੀਂ ਸਵਾਲ ਪੁੱਛ ਲਵੋ ਦਲਬੀਰ ਸਿੰਘ ਜੀ।

**ਸਰਦਾਰ ਦਲਬੀਰ ਸਿੰਘ ਟੌਂਗ:** ਇੱਕੋ ਜਗ੍ਹਾ ਤੇ ਦਫ਼ਤਰ ਬਣਾ ਕੇ ਲੋਕਾਂ ਦਾ ਸਮਾਂ ਬਚਾਇਆ ਜਾਵੇ।

**ਮਾਣਯੋਗ ਸਪੀਕਰ:** ਜਵਾਬ ਤਾਂ ਫਿਰ ਆ ਹੀ ਗਿਆ ਹੈ। (ਹਾਸਾ) ਅਗਲਾ ਸਵਾਲ, ਸ੍ਰੀ ਦਿਨੇਸ਼ ਕੁਮਾਰ ਚੱਢਾ ਜੀ।

------

Unedited Version/ Not for Legal/ Official use Dated: Tuesday, 27th October, 2026

## ਜ਼ਿਲ੍ਹਾ ਪ੍ਰੀਸ਼ਦ ਰੋਪੜ ਵੱਲੋਂ ਪਾਸ ਕੀਤੇ ਮਤੇ ਦਾ ਮੌਜੂਦਾ ਸਟੇਟਸ

*2024. **ਸ੍ਰੀ ਦਿਨੇਸ਼ ਕੁਮਾਰ ਚੱਢਾ:** ਕੀ ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਿਲ੍ਹਾ ਪ੍ਰੀਸ਼ਦ ਰੋਪੜ ਵੱਲੋਂ ਵਾਹਨਾਂ ਤੇ ਇਨਫਰਾਸਟਰਕਚਰ ਟੋਲ ਟੈਕਸ ਲਗਾਉਣ ਲਈ ਪਾਸ ਕੀਤੇ ਗਏ ਮਤੇ ਦਾ ਮੋਜੂਦਾ ਸਟੇਟਸ ਕੀ ਹੈ ਅਤੇ ਇਹ ਕਦੋ ਤੱਕ ਲਾਗੂ ਹੋ ਜਾਵੇਗਾ ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:**ਸ੍ਰੀਮਾਨ ਜੀ,

ਜੀ ਹਾਂ, ਜਿਲ੍ਹਾ ਪ੍ਰੀਸ਼ਦ ਰੋਪੜ ਵੱਲੋਂ ਵਾਹਨਾਂ ਤੇ ਇਨਫਰਾਸਟਕਚਰ ਟੋਲ ਟੈਕਸ ਲਗਾਉਣ ਸਬੰਧੀ ਮਾਮਲਾ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਦੇ ਵਿਚਾਰ ਅਧੀਨ ਹੈ। ਇਸ ਮਾਮਲੇ ਦੇ ਸਾਰੇ ਪਹਿਲੂਆਂ ਅਤੇ ਲੋਕਾ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਸਮੀਖਿਆ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਨਿਯਮਾਂ ਅਨੁਸਾਰ ਢੁੱਕਵਾਂ ਫੈਸਲਾ ਲਿਆ ਜਾਵੇਗਾ।

**ਮਾਣਯੋਗ ਸਪੀਕਰ:** ਥੈਂਕ ਯੂ। ਥੈਂਕ ਯੂ।

**ਸ੍ਰੀ ਦਿਨੇਸ਼ ਕੁਮਾਰ ਚੱਢਾ:** ਮੈਂ ਮਾਣਯੋਗ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਮਤਾ ਜ਼ਿਲ੍ਹਾ ਪ੍ਰੀਸ਼ਦ, ਰੋਪੜ ਵੱਲੋਂ ਪਾਸ ਕੀਤਾ ਹੋਇਆ ਹੈ, ਹਿਮਾਚਲ ਪ੍ਰਦੇਸ਼ ਦੇ ਵਾਹਨਾਂ ਤੇ ਟੈਕਸ ਲਗਾਉਣ ਲਈ। ਇਸ ਮਤੇ ਨੂੰ ਪਾਸ ਕੀਤਿਆਂ ਤਿੰਨ ਮਹੀਨੇ ਹੋ ਗਏ ਹਨ। ਜ਼ਿਲ੍ਹਾ ਪ੍ਰੀਸ਼ਦ ਵੀ ਲੋਕਾਂ ਦੀ ਚੁਣੀ ਹੋਈ ਬਾੱਡੀ ਹੈ। ਜਿਹੜਾ ਮਤਾ ਜ਼ਿਲ੍ਹਾ ਪ੍ਰੀਸ਼ਦ ਨੇ ਪਾਸ ਕੀਤਾ ਹੈ, ਉਹ ਤਿੰਨ ਮਹੀਨੇ ਤੋਂ ਹੋਲਡ ਹੈ। ਸੋ, ਮੰਤਰੀ ਸਾਹਿਬ, ਕਿੰਨੀ ਕੁ ਦੇਰ ਵਿੱਚ ਇਸ ਬਾਰੇ ਫੈਸਲਾ ਲੈ ਲਵੋਗੇ?

**ਮੰਤਰੀ:** ਸਰ, ਮਾਣਯੋਗ ਮੈਂਬਰ ਸਾਹਿਬ, ਬਿਲਕੁਲ ਸੱਚੀ ਗੱਲ ਕਹਿੰਦੇ ਹਨ ਜੀ। ਇਹ ਇਨ੍ਹਾਂ ਦੀ ਹੀ ਹਿੰਮਤ ਹੈ ਕਿ ਇਸ ਕੇਸ ਨੂੰ ਇੱਥੇ ਤੱਕ ਖਿੱਚ ਕੇ ਲਿਆਏ ਹਨ। ਮੈਂ ਇਸ ਦੇ ਉੱਤੇ ਲੀਗਲ ਐਡਵਾਈਸ ਲੈਣ ਲਈ ਕੇਸ ਏ.ਜੀ., ਪੰਜਾਬ ਨੂੰ ਭੇਜਿਆ ਹੈ। ਜਿਵੇਂ ਹੀ ਏ.ਜੀ., ਪੰਜਾਬ ਕੋਲੋਂ ਸਾਡੇ ਕੋਲ ਇਸ ਤੇ ਲੀਗਲ ਐਡਵਾਈਸ ਆ ਜਾਂਦੀ ਹੈ ਤਾਂ ਅਸੀਂ ਨਾਲ ਦੀ ਨਾਲ ਇਸ ਤੇ ਪੁਖਤਾ ਫੈਸਲਾ ਲੈ ਕੇ ਮਾਣਯੋਗ ਮੈਂਬਰ ਸਾਹਿਬ ਨੂੰ ਦੱਸ ਦਿਆਂਗੇ।

**ਮਾਣਯੋਗ ਸਪੀਕਰ:** ਚੱਢਾ ਜੀ, ਠੀਕ ਹੈ ਜੀ।

**ਸ੍ਰੀ ਦਿਨੇਸ਼ ਕੁਮਾਰ ਚੱਢਾ:** ਮਤਾ ਤਾਂ ਪਾਸ ਹੋ ਚੁੱਕਿਆ ਹੈ। ਇਸ ਨੂੰ ਟਾਈਮ ਬਊਂਡ ਕਰ ਦਿਉ ਕਿ ਕਿੰਨੇ ਸਮੇਂ ਦੇ ਵਿੱਚ ਡਿਸਾਈਡ ਕਰ ਲਵੋਗੇ?

**1120/harpreet singh**

**ਮਾਣਯੋਗ ਸਪੀਕਰ:** ਹਾਂ ਜੀ, ਮੰਤਰੀ ਜੀ, ਕੁਝ ਕਹਿਣਾ ਚਾਹੁੰਦੇ ਹੋ?

**ਮੰਤਰੀ**: ਸਪੀਕਰ ਸਾਹਿਬ, ਅਸੀਂ ਏ.ਜੀ. ਸਾਹਿਬ ਨੂੰ ਕੇਸ ਭੇਜ ਚੁੱਕੇ ਹਾਂ। ਹੁਣ ਏ.ਜੀ. ਸਾਹਿਬ ਤੋਂ ਰਾਏ ਜਦੋਂ ਆਵੇਗੀ, ਉਦੋਂ ਹੀ ਹੋਵੇਗਾ। ਅਸੀਂ ਫਿਰ ਵੀ ਇਕ ਵਾਰ ਏ.ਜੀ. ਸਾਹਿਬ ਨੂੰ ਜਲਦੀ ਰਾਏ ਦੇਣ ਲਈ ਕਹਿ ਦਿੰਦੇ ਹਾਂ। ਜਿਵੇਂ ਹੀ ਏ.ਜੀ. ਸਾਹਿਬ ਦੀ ਰਾਏ ਆਵੇਗੀ, ਇਹ ਕੇਸ ਨਾਲ ਦੀ ਨਾਲ ਕਲੀਅਰ ਕਰਾਂਗੇ। ਸਾਡੇ ਵਿਭਾਗ ਵਿੱਚ ਇਕ ਮਿੰਟ ਦੀ ਦੇਰੀ ਨਹੀਂ ਹੋਵੇਗੀ।

----

## ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ ਵੱਲੋਂ ਪਿੰਡਾਂ ਵਿੱਚ ਸੋਲਰ ਸਟਰੀਟ ਲਾਈਟਾਂ ਲਗਾਉਣ ਦੇ ਵੇਰਵੇ

***2053. ਸਰਦਾਰ ਲਖਵੀਰ ਸਿੰਘ ਰਾਏ**: ਕੀ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ (PEDA) ਵੱਲੋਂ ਰਾਜ ਦੇ ਪਿੰਡਾਂ ਵਿੱਚ ਸੋਲਰ ਸਟਰੀਟ ਲਾਈਟਾਂ ਲਗਾਉਣ / ਮੁਹੱਈਆ ਕਰਵਾਉਣ ਸਬੰਧੀ ਕੀ ਕਾਰਵਾਈ ਕੀਤੀ ਜਾ ਰਹੀ ਹੈ;

ਅ) ਜੇਕਰ PEDA ਵੱਲੋਂ ਸੋਲਰ ਸਟਰੀਟ ਲਾਈਟਾਂ ਦੀ ਸਪਲਾਈ ਜਾਂ ਸਥਾਪਨਾ ਵਿੱਚ ਬੇਲੋੜੀ ਦੇਰੀ ਹੁੰਦੀ ਹੈ ਤਾਂ ਕੀ ਇਹ ਕੰਮ ਕਿਸੇ ਹੋਰ ਸਰੋਤ ਜਾਂ ਏਜੰਸੀ ਰਾਹੀਂ ਕਰਵਾਉਣ ਸਬੰਧੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ੍ਰੀ ਅਮਨ ਅਰੋੜਾ**: ਪੰਜਾਬ ਸਰਕਾਰ ਵੱਲੋਂ ਵਿੱਤੀ ਸਾਲ 2026-27 ਦੌਰਾਨ ਰਾਜ ਦੀਆਂ ਵੱਖ-ਵੱਖ ਗ੍ਰਾਮ ਪੰਚਾਇਤਾਂ ਵਿੱਚ 3,00,000 ਸੋਲਰ ਸਟਰੀਟ ਲਾਈਟਾਂ ਲਗਾਉਣ ਲਈ ਨਵੀਂ ਸਕੀਮ ਉਲੀਕੀ ਗਈ ਹੈ, ਜੋ ਕਿ ਪੂਰੀ ਤਰ੍ਹਾਂ ਸਵੈ-ਇੱਛਕ ਅਧਾਰਿਤ (Opt-in Basis) ਹੈ।

ਇਥੇ ਇਹ ਦੱਸਣਯੋਗ ਹੈ ਕਿ ਪੇਡਾ ਵੱਲੋਂ ਈ-ਟੈਂਡਰਿੰਗ ਦੀ ਪ੍ਰਕਿਰਿਆ ਮੁਕੰਮਲ ਕਰਨ ਉਪਰੰਤ, ਪਹਿਲੇ ਪੜਾਅ ਅਧੀਨ ਪੰਜਾਬ ਰਾਜ ਦੇ ਵੱਖ-ਵੱਖ ਪਿੰਡਾਂ ਵਿੱਚ 12 ਵਾਟ ਮਾਡਲ ਦੀਆਂ ਐਲ.ਈ.ਡੀ. ਅਧਾਰਿਤ 50,870 ਸੋਲਰ ਸਟਰੀਟ ਲਾਈਟਾਂ ਲਗਾਉਣ ਲਈ ਮਿਤੀ 10.08.2026 ਨੂੰ ਸੱਤ ਕੰਪਨੀਆਂ ਨੂੰ ਵਰਕ ਆਰਡਰ ਜਾਰੀ ਕੀਤੇ ਗਏ ਹਨ । ਜਾਰੀ ਹੋਏ ਵਰਕ ਆਰਡਰਾਂ ਅਧੀਨ ਸਬੰਧਤ ਕੰਪਨੀਆਂ ਵੱਲੋਂ ਹੁਣ ਤੱਕ ਲਗਭਗ 18,491 ਸੋਲਰ ਸਟਰੀਟ ਲਾਈਟਾਂ ਦਾ ਸਮਾਨ ਸਬੰਧਤ ਸਾਈਟਾਂ/ ਪਿੰਡਾਂ ਵਿੱਚ ਸਪਲਾਈ ਕਰ ਦਿੱਤਾ ਗਿਆ ਹੈ, ਜਿਸ ਵਿੱਚੋਂ ਲਗਭਗ 4,160 ਸੋਲਰ ਸਟਰੀਟ ਲਾਈਟਾਂ ਲਗਾਕੇ ਚਾਲੂ ਕਰ ਦਿੱਤੀਆਂ ਗਈਆਂ ਹਨ ।

ਅ) ਪੇਡਾ ਵੱਲੋਂ ਜਾਰੀ ਕੀਤੇ ਗਏ ਵਰਕ ਆਰਡਰਾਂ ਦੀਆਂ ਸ਼ਰਤਾਂ ਅਨੁਸਾਰ, ਸਬੰਧਤ ਕੰਪਨੀਆਂ ਵੱਲੋਂ ਸਾਰੇ ਸਮਾਨ ਦੀ ਸਪਲਾਈ ਮਿਤੀ 29.10.2026 ਤੱਕ ਕਰਕੇ ਸਾਰੀਆਂ ਸੋਲਰ ਸਟਰੀਟ ਲਾਈਟਾਂ ਲਗਾਉਣ ਦਾ ਕੰਮ ਮਿਤੀ 08.12.2026 ਤੱਕ ਮੁਕੰਮਲ ਕੀਤਾ ਜਾਣਾ ਲਾਜ਼ਮੀ ਹੈ, ਮੌਜੂਦਾ ਸਮੇਂ ਅਨੁਸਾਰ ਸੋਲਰ ਸਟਰੀਟ ਲਾਈਟਾਂ ਦੇ ਸਮਾਨ

ਦੀ ਸਪਲਾਈ ਜਾਂ ਲਗਾਉਣ ਵਿੱਚ ਕੋਈ ਦੇਰੀ ਨਹੀਂ ਹੋ ਰਹੀ ਹੈ। ਇਸ ਤੋਂ ਇਲਾਵਾ ਇਹ ਵੀ ਦੱਸਿਆ ਜਾਂਦਾ ਹੈ ਕਿ ਇਹ ਕੰਮ ਕਿਸੇ ਹੋਰ ਸੋਰਸ ਜਾਂ ਏਜੰਸੀ ਰਾਹੀਂ ਕਰਵਾਉਣ ਸਬੰਧੀ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਮੈਂ ਸਾਰੇ ਹਾਊਸ ਦੀ ਜਾਣਕਾਰੀ ਲਈ ਇਹ ਵੀ ਦੱਸ ਦਿਆਂ ਕਿ ਸਾਡੇ ਵਿਭਾਗ ਵੱਲੋਂ ਕੋਈ ਦੇਰੀ ਨਹੀਂ ਹੈ, ਜਿਹੜੀ ਦੇਰ ਹੈ ਉਹ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਹੈ। ਇਹ ਬੜੀ ਐਮਬੀਸ਼ੀਅਸ ਸਕੀਮ ਹੈ। ਸਪੀਕਰ ਸਾਹਿਬ, 1991 ਤੋਂ ਲੈ ਕੇ 2022 ਤੱਕ ਪੇਡਾ ਵੱਲੋਂ ਮਹਿਜ਼ 1 ਲੱਖ ਸੋਲਰ ਲਾਈਟ 30 ਸਾਲਾਂ ਵਿਚ ਲਗਾਈ ਸੀ ਅਤੇ ਅਸੀਂ ਆਪਣੇ ਚਾਰ ਸਾਲਾਂ ਵਿਚ 25 ਹਜ਼ਾਰ ਲਾਈਟ ਲਗਾ ਚੁੱਕੇ ਹਾਂ ਅਤੇ 55 ਹਜ਼ਾਰ ਦੇ ਕਰੀਬ ਸੋਲਰ ਲਾਈਟ ਇਸ ਫੇਜ਼ ਵਿਚ ਲੱਗ ਰਹੀ ਹੈ। ਪਹਿਲਾਂ ਜਿਹੜੀ ਸਕੀਮ ਸੀ, ਉਸ ਮੁਤਾਬਿਕ 70 ਫੀਸਦੀ ਹਿੱਸਾ ਪੰਚਾਇਤ ਨੇ ਦੇਣਾ ਹੁੰਦਾ ਸੀ ਅਤੇ 30 ਫੀਸਦੀ ਹਿੱਸਾ ਪੇਡਾ ਵੱਲੋਂ ਕਿਸੇ ਹੋਰ ਸਰੋਤ ਤੋਂ ਇਕੱਠਾ ਕਰਨਾ ਹੁੰਦਾ ਸੀ। ਅਸੀਂ ਸਾਰੇ ਪਿੰਡਾਂ ਨੂੰ ਜਗਮਗਾਉਣ ਲਈ ਇਸ ਸਕੀਮ ਨੂੰ ਰਿਵਰਸ ਕੀਤਾ, ਜਿਸ ਤਹਿਤ 70 ਫੀਸਦੀ ਹਿੱਸਾ ਪੰਜਾਬ ਸਰਕਾਰ ਦੇ ਰਹੀ ਹੈ, ਜਿਸ ਮੁਤਾਬਿਕ 380 ਕਰੋੜ ਬਣਦਾ ਹੈ ਅਤੇ ਮਹਿਜ਼ 30 ਫੀਸਦੀ ਪੰਚਾਇਤਾਂ ਨੇ ਦੇਣਾ ਹੈ। ਸੋ, ਸਾਡੇ ਕੋਲੋ ਮਹਿਜ਼ 55 ਹਜ਼ਾਰ ਲਾਈਟਾਂ ਦਾ 30 ਫੀਸਦੀ ਹਿੱਸਾ ਪੰਚਾਇਤਾਂ ਵੱਲੋਂ ਆਇਆ ਹੈ, ਜਿਸ ਕਰਕੇ ਕੰਮ ਡਿਲੇਅ ਹੋ ਰਿਹਾ ਹੈ। ਸੋ, ਮੇਰੀ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਆਪਣੀਆਂ ਪੰਚਾਇਤਾਂ ਨੂੰ ਕਿਹਾ ਜਾਵੇ ਕਿ ਬਣਦਾ 30 ਫੀਸਦੀ ਕੰਪੋਨੈਂਟ ਆਪਣੇ ਡੀ.ਡੀ.ਪੀ.ਓਜ਼ ਰਾਹੀਂ ਸਾਨੂੰ ਭੇਜਣ ਤਾਂ ਕਿ ਜਿਹੜਾ ਬਕਾਇਆ 2 ਲੱਖ 45 ਹਜ਼ਾਰ ਸੋਲਰ ਲਾਈਟ ਰਹਿੰਦੀ ਹੈ, ਉਹ ਵੀ ਅਸੀਂ ਲਗਾ ਸਕੀਏ।

**ਸਰਦਾਰ ਲਖਵੀਰ ਸਿੰਘ ਰਾਏ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਣਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਪਿੰਡ ਅਜਿਹੇ ਹਨ, ਜਿਨ੍ਹਾਂ ਕੋਲ ਸ਼ਾਮਲਾਤ ਜ਼ਮੀਨਾਂ ਹਨ, ਉਨ੍ਹਾਂ ਦੇ ਆਪਣੇ ਫੰਡਜ਼ ਹਨ। ਪੇਡਾ ਵੱਲੋਂ 12 ਕਿਲੋਵਾਟ ਦੀ ਸੋਲਰ ਲਾਈਟ ਲਗਾਈ ਜਾ ਰਹੀ ਹੈ ਪਰ ਜੇਕਰ ਪੰਚਾਇਤਾਂ 18 ਕਿਲੋਵਾਟ ਦੀ ਲਾਈਟ ਆਪਣੇ ਫੰਡਜ਼ ਰਾਹੀਂ ਲਗਾਉਣਾ ਚਾਹੁਣ ਤਾਂ ਕੀ ਮੰਤਰੀ ਜੀ ਜ਼ਿਲ੍ਹਾ ਪੱਧਰ ਤੇ ਕਮੇਟੀਆਂ ਬਣਾ ਕੇ ਪੰਚਾਇਤਾਂ ਨੂੰ ਇਹ ਅਧਿਕਾਰ ਦੇਣਗੇ ਕਿ ਉਹ ਇਸ ਸਕੀਮ ਤੋਂ ਇਲਾਵਾ ਆਪਣੇ ਫੰਡਜ਼ ਰਾਹੀਂ ਸੋਲਰ ਲਾਈਟਾਂ ਲੈ ਸਕਣ।

------

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ**: ਗੁਰੂ ਨਾਨਕ ਪਬਲਿਕ ਸਕੂਲ, ਮਾਡਲ ਟਾਊਨ ਐਕਸਟੈਸ਼ਨ, ਲੁਧਿਆਣਾ ਦੇ ਵਿਦਿਆਰਥੀ ਅਤੇ ਅਧਿਆਪਕ ਅੱਜ ਇਸ ਅਜ਼ੀਮ ਸਦਨ ਦੀ ਕਾਰਵਾਈ ਵੇਖਣ ਲਈ ਆਏ ਹਨ। ਆਓ, ਉਨ੍ਹਾਂ ਨੂੰ ਜੀ ਆਇਆਂ ਕਹੀਏ। (ਥੰਪਿੰਗ)

------

## STARRED QUESTIONS AND ANSWERS *(RESUMPTION)*

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ:** ਸਪੀਕਰ ਸਾਹਿਬ, ਅਸੀਂ ਟੈਕਨੀਕਲੀ ਅਤੇ ਐਡਮਿਨਿਸਟ੍ਰੇਟਿਵਲੀ ਜੋ ਠੀਕ ਸਮਝਿਆ, ਉਸ ਮੁਤਾਬਿਕ 12 ਕਿਲੋਵਾਟ ਦੀ ਸੋਲਰ ਲਾਈਟਾਂ with pole and without pole ਦੀ ਪਰਪੋਜ਼ਲ ਤਿਆਰ ਕੀਤੀ ਹੋਈ ਹੈ ਅਤੇ ਉਸ ਮੁਤਾਬਿਕ ਹੀ ਕੰਮ ਚੱਲ ਰਿਹਾ ਹੈ, ਜਿਹੜੀ ਮੈਂਬਰ ਸਾਹਿਬ ਪੰਚਾਇਤਾਂ ਵੱਲੋਂ ਆਪਣੇ ਪੱਧਰ ਤੇ 18 ਕਿਲੋਵਾਟ ਦੀਆਂ ਸੋਲਰ ਲਾਈਟਾਂ ਲਗਾਉਣ ਦੀ ਗੱਲ ਕਰ ਰਹੇ ਹਨ, ਉਹ ਲਗਾ ਸਕਦੇ ਹਨ। ਉਹ ਪੰਚਾਇਤ ਦਾ ਫੈਸਲਾ ਹੈ, ਜਿੰਨੀਆਂ ਮਰਜ਼ੀ ਲਾਈਟਾਂ ਲਗਾਓ। ਪਰ ਜਿਹੜਾ ਵਿੱਤੀ ਭਾਰ ਹੈ, ਉਹ ਸਾਰੇ ਦਾ ਸਾਰੇ ਪੰਚਾਇਤ ਨੂੰ ਆਪਣੇ ਪੱਧਰ ਤੇ ਸਹਿਣ ਕਰਨਾ ਪਵੇਗਾ। ਉਹ ਸਾਡੀ ਸਕੀਮ ਵਿਚ ਕਵਰ ਨਹੀਂ ਹੋਣਾ।

**ਮਾਣਯੋਗ ਸਪੀਕਰ:** ਰਾਏ ਸਾਹਿਬ, ਹੋ ਗਿਆ ਜਾਂ ਕੁਝ ਰਹਿ ਗਿਆ?

**ਸਰਦਾਰ ਲਖਵੀਰ ਸਿੰਘ ਰਾਏ:** ਸਪੀਕਰ ਸਾਹਿਬ, ਗੱਲ ਇਹ ਹੈ ਕਿ ਪੰਚਾਇਤਾਂ ਸੋਲਰ ਲਾਈਟਾਂ ਆਪਣੇ ਪੱਧਰ ਤੇ ਲਗਾਉਣਾ ਚਾਹੁੰਦੀਆਂ ਹਨ, ਉਨ੍ਹਾਂ ਕੋਲ ਪੈਸੇ ਵੀ ਹਨ ਪਰ ਜਦੋਂ ਉਹ ਬੀ.ਡੀ.ਪੀ.ਓ. ਕੋਲ ਜਾਂਦੇ ਹਨ, ਉਹ ਕਹਿ ਦਿੰਦੇ ਹਨ ਕਿ ਤੁਸੀਂ ਨਹੀਂ ਲਗਾ ਸਕੇ। ਤੁਹਾਨੂੰ ਪੇਡਾ ਤੋਂ ਹੀ ਲੈਣੀ ਪਵੇਗੀ। ਇਹ ਮਜਬੂਰੀ ਹੈ। ਬਹੁਤ ਸਾਰੀਆਂ ਪੰਚਾਇਤਾਂ ਕੋਲ ਫੰਡਜ਼ ਪਏ ਹਨ ਪਰ ਉਹ ਲਗਾ ਨਹੀਂ ਸਕਦੇ।

------

**BS/Aman 11.25**

**ਮਾਣਯੋਗ ਸਪੀਕਰ:** ਇਸ ਦੇ ਸਬੰਧ ਵਿੱਚ ਪੰਚਾਇਤ ਮੰਤਰੀ intervene ਕਰਨਾ ਚਾਹੁੰਦੇ ਹਨ। ਹਾਂ ਜੀ ਬੋਲੋ ਮੰਤਰੀ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ) :** ਸਪੀਕਰ ਸਾਹਿਬ, ਜੋ ਮਾਣਯੋਗ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ ਉਹ ਬਿਲਕੁਲ ਠੀਕ ਹੈ। ਅਸੀਂ ਇੱਕ ਕੰਮ ਕਰਦੇ ਹਾਂ, ਸਾਡਾ ਡਿਪਾਰਟਮੈਂਟ ਪੰਚਾਇਤੀ ਰਾਜ ਅਤੇ ਸ਼੍ਰੀ ਅਮਨ ਅਰੋੜਾ ਜੀ ਦਾ ਡਿਪਾਰਟਮੈਂਟ ਮਿਲ ਕੇ ਇੱਕ ਸਾਂਝੀ ਮੀਟਿੰਗ ਕਰ ਲੈਂਦੇ ਹਾਂ। ਜੋ ਵੀ ਉਸ ਮੀਟਿੰਗ ਵਿੱਚ ਫੈਸਲਾ ਆਵੇਗਾ, ਇੱਕ ਪਾਜ਼ੀਟਿਵ ਰਿਜ਼ਲਟ ਕੱਢ ਕੇ ਸਾਰੇ ਮੈਂਬਰਜ਼ ਨੂੰ ਦੱਸ ਦਿੱਤਾ ਜਾਵੇਗਾ।

**ਮਾਣਯੋਗ ਸਪੀਕਰ:** ਵੰਡਰਫੁੱਲ। ਹਾਂ ਜੀ ਸ਼੍ਰੀ ਅਮਨ ਅਰੋੜਾ ਮੰਤਰੀ ਜੀ, ਕੀ ਇਹ ਠੀਕ ਰਹੇਗਾ?

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ:** ਸਪੀਕਰ ਸਾਹਿਬ, ਮੈਂ ਪਹਿਲਾਂ ਹੀ consent ਦੇ ਚੁੱਕਾ ਹਾਂ ਕਿ ਸਾਨੂੰ ਕੋਈ ਦਿੱਕਤ ਨਹੀਂ ਹੈ। ਇਹ ਜਿਵੇਂ ਲਵਾਉਣਾ ਚਾਹੁੰਦੇ ਹਨ, ਲਵਾ ਲੈਣ, ਸਾਨੂੰ ਕੋਈ ਦਿੱਕਤ ਨਹੀਂ ਹੈ। ਸਾਡੇ ਤੋਂ ਲਵਾਉਣੀ ਹੈ ਤਾਂ ਸਾਡੀ ਸਕੀਮ ਚੱਲ ਰਹੀ ਹੈ, 30% ਬਿਲ ਜਮ੍ਹਾਂ ਕਰਵਾਉ ਅਸੀਂ ਦਿਨਾਂ ਵਿੱਚ ਲਗਾ ਦਿਆਂਗੇ।

**ਸਰਦਾਰ ਲਖਬੀਰ ਸਿੰਘ ਰਾਏ:** ਸਪੀਕਰ ਸਾਹਿਬ, written consent ਕਿਤੇ ਨਹੀਂ ਹੈ ਜੀ।

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ:** ਸਾਡੇ ਕੋਲ ਜੋ ਮਰਜ਼ੀ ਲੈ ਲਉ। ਸਾਨੂੰ ਕੋਈ ਪ੍ਰਾਬਲਮ ਨਹੀਂ ਹੈ।

**ਮਾਣਯੋਗ ਸਪੀਕਰ:** ਪੰਜਾਬ ਸਰਕਾਰ ਨੇ ਵਿਧਾਨ ਸਭਾ ਦੇ ਵਿੱਚ ਕਹਿ ਦਿੱਤਾ ਹੈ, ਇਸ ਤੋਂ ਵੱਡਾ ਰਿਟਨ ਕੀ ਹੋਵੇਗਾ। ਇਸ ਦੇ ਨਾਲ ਹੀ ਅਮਨ ਜੀ ਨੇ ਵੀ ਕਹਿ ਦਿੱਤਾ ਹੈ। ਤੁਹਾਨੂੰ ਬਹੁਤ ਬਹੁਤ ਵਧਾਈ ਜੀ। ਪਿੰਡ ਵਾਲਿਆਂ ਨੂੰ ਵੀ ਵਧਾਈ।

------

**ਨਾਇਕ ਸਮਾਜ ਦੇ ਲੋਕਾਂ ਨੂੰ ਅਨੁਸੂਚਿਤ ਜਾਤੀ ਵਿੱਚ ਸ਼ਾਮਲ ਕਰਨ ਸਬੰਧੀ**

*** 2073 ਸ੍ਰੀ ਨਰਿੰਦਰਪਾਲ ਸਿੰਘ ਸਵਨਾ:** ਕੀ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਵਸਦੇ ਨਾਇਕ ਸਮਾਜ ਦੇ ਲੋਕਾਂ ਦੀ ਬਹੁਤ ਸਮੇਂ ਤੋਂ ਮੰਗ ਹੈ ਕਿ ਉਨ੍ਹਾਂ ਨੂੰ ਅਨੁਸੂਚਿਤ ਜਾਤੀ ਵਿੱਚ ਸ਼ਾਮਲ ਕੀਤਾ ਜਾਵੇ, ਜੇਕਰ ਅਜਿਹਾ ਹੋਵੇ ਤਾਂ ਕੀ ਨਾਇਕ ਸਮਾਜ ਨੂੰ ਅਨੁਸੂਚਿਤ ਜਾਤੀ ਵਿੱਚ ਸ਼ਾਮਲ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਇਸ ਦੀ ਮੌਜੂਦਾ ਸਥਿਤੀ ਕੀ ਹੈ?

**ਡਾਕਟਰ ਬਲਜੀਤ ਕੌਰ:** ਅਹੇਰੀ/ਹੇਰੀ/ਥੋਰੀ/ਨਾਇਕ ਸਮਾਜ ਨੂੰ ਪੱਤਰ 6961-WG-53/62307, ਮਿਤੀ 21-08-1953 ਰਾਹੀਂ ਪੱਛੜੀਆਂ ਸ੍ਰੇਣੀਆਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਨਾਂ ਜਾਤੀਆਂ ਨੂੰ ਅਨੁਸੁਚਿਤ ਜਾਤੀ ਵਿੱਚ ਸ਼ਾਮਲ ਕਰਨ ਲਈ ਤਜਵੀਜ਼ ਵਿਚਾਰ ਅਧੀਨ ਹੈ। ਇਸ ਸਬੰਧ ਵਿੱਚ ਸਮੂਹ ਡਿਪਟੀ ਕਮਿਸ਼ਨਰ ਪੰਜਾਬ ਰਾਜ ਨੂੰ ਇਨਾਂ ਜਾਤੀਆਂ ਨੂੰ ਅਨੁਸੂਚਿਤ ਜਾਤੀਆਂ ਵਿੱਚ ਸ਼ਾਮਲ ਕਰਨ ਲਈ ਟਿੱਪਣੀ/ਰਿਪੋਰਟ ਦੀ ਮੰਗ ਕੀਤੀ ਗਈ ਹੈ ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਪੁੱਛਿਆ ਸੀ ਕਿ ਨਾਇਕ ਸਮਾਜ ਦੇ ਲੋਕਾਂ ਨੂੰ ਅਨੂਸੂਚਿਤ ਜਾਤੀ ਵਿੱਚ ਸ਼ਾਮਲ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਤਾਂ ਮੈਂ ਇਹ ਦੱਸਣਾ ਚਾਹੁੰਦੀ ਹੈ ਕਿ ਬਿਲਕੁਲ ਇਹ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

**ਸ੍ਰੀ ਨਰਿੰਦਰਪਾਲ ਸਿੰਘ ਸਵਨਾ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਕਦੋਂ ਤੱਕ ਨਾਇਕ ਸਮਾਜ ਨੂੰ ਅਨੁਸੂਚਿਤ ਜਾਤੀ ਦਾ ਦਰਜਾ ਦੇ ਦਿੱਤਾ ਜਾਵੇਗਾ? ਕਿਉਂਕਿ ਇਸ ਤੋਂ ਪਹਿਲਾਂ ਗੁਆਂਢੀ ਰਾਜ ਰਾਜਸਥਾਨ, ਹਰਿਆਣਾ ਵਿੱਚ ਨਾਇਕ ਸਮਾਜ ਨੂੰ ਅਨੁਸੂਚਿਤ ਜਾਤੀ ਦੇ ਵਿੱਚ ਸ਼ਾਮਲ ਕੀਤਾ ਹੋਇਆ ਹੈ। ਇੱਕਲਾ ਪੰਜਾਬ ਹੀ ਹੈ ਜਿੱਥੇ ਨਾਇਕ ਸਮਾਜ ਨੂੰ ਅਨੁਸੂਚਿਤ ਜਾਤੀ ਦੇ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ। ਕਦੋਂ ਤੱਕ ਨਾਇਕ ਸਮਾਜ ਨੂੰ ਅਨੁਸੂਚਿਤ ਜਾਤੀ ਤੇ ਵਿੱਚ ਸ਼ਾਮਲ ਕਰ ਦਿੱਤਾ ਜਾਵੇਗਾ?

**ਮੰਤਰੀ:** ਸਪੀਕਰ ਸਾਹਿਬ, ਜਦੋਂ ਵੀ ਰਾਜ ਸਰਕਾਰ ਕਿਸੇ ਕਾਸਟ ਨੂੰ ਐਸ.ਸੀ ਕੈਟਾਗਰੀ ਵਿੱਚ ਲਿਆਉਂਦੀ ਹੈ ਤਾਂ ਉਸ ਦੇ ਲਈ ਪਹਿਲਾਂ ਪੂਰੇ ਰਾਜ ਵਿੱਚ ਸਟੱਡੀਜ਼ ਕੀਤੀਆਂ ਜਾਂਦੀਆਂ ਹਨ, ਜਿਸ ਦੇ ਵਿੱਚ ਇਤਿਹਾਸਕ , ਸਮਾਜਿਕ ਜਾਂ ਉਸ ਭਾਈਚਾਰੇ ਦੇ ਨਾਲ ਕਿਸੇ ਕਿਸਮ ਦੀਆਂ ਛੂਤ-ਛਾਤ ਵਾਲੀਆਂ ਰਸਮਾਂ ਜੁੜੀਆਂ ਹਨ ਅਤੇ ਉਨ੍ਹਾਂ ਦੀ

ਭੂਗੋਲਿਕ ਸਥਿਤੀ ਕੀ ਹੈ, ਇਹ ਸਾਰਾ ਕੁਝ ਡਿਪਟੀ ਕਮਿਸ਼ਨਰਜ਼ ਦੇ ਲੈਵਲ ਤੇ ਹੋ ਕੇ ਰਿਪੋਰਟ ਤਿਆਰ ਹੁੰਦੀ ਹੈ। ਉਹ ਰਿਪੋਰਟ ਰਾਜ ਸਰਕਾਰ ਆਪਣੇ ਵੱਲੋਂ ਸੁਪੋਰਟਿਵ ਡਾਕੂਮੈਂਟਸ ਲਗਾ ਕੇ ਕੇਂਦਰ ਸਰਕਾਰ ਨੂੰ ਭੇਜਦੀ ਹੈ। ਕੇਂਦਰ ਸਰਕਾਰ ਅੱਗੇ ਆਰ.ਜੀ.ਆਈ ਕੋਲ ਭੇਜਦੀ ਹੈ, ਉਹ ਫਿਰ ਆਪਣੇ ਲੈਵਲ ਤੇ ਸਟੱਡੀ ਕਰਵਾਉਂਦੇ ਹਨ। ਉਸ ਤੋਂ ਬਾਅਦ ਇਹ ਰਿਪੋਰਟ National S.C.Commission ਕੋਲ ਜਾਂਦੀ ਹੈ। ਉਸ ਤੋਂ ਬਾਅਦ ਫਿਰ ਸਟੱਡੀ ਹੁੰਦੀ ਹੈ ਤੇ ਫਾਈਨਲੀ ਇਹ ਕਾਨੂੰਨ ਦੇ ਰੂਪ ਵਿੱਚ ਆਉਂਦੀ ਹੈ। ਇਹ ਥੋੜਾ time consuming process ਹੈ। ਪਰ ਅਸੀਂ ਕੋਸ਼ਿਸ਼ ਕਰਾਂਗੇ ਕਿ ਆਉਣ ਵਾਲੇ ਦਿਨਾਂ ਵਿੱਚ state level ਦੇ ਕੰਮ ਨੂੰ ਛੇਤੀ ਨਿਪਟਾਇਆ ਜਾਵੇ।

**ਸ੍ਰੀ ਨਰਿੰਦਰਪਾਲ ਸਿੰਘ ਸਵਨਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਜਲਦੀ ਤੋਂ ਜਲਦੀ ਨਾਇਕ ਸਮਾਜ ਨੂੰ ਅਨੁਸੂਚਿਤ ਜਾਤੀ ਦੇ ਵਿੱਚ ਸ਼ਾਮਲ ਕੀਤਾ ਤਾਂਕਿ ਉਹ ਲੋਕ ਵੀ ਅਨੁਸੂਚਿਤ ਜਾਤੀ ਦੇ ਲਾਭ ਲੈ ਸਕਣ। ਧੰਨਵਾਦ ਜੀ।

------

**ਸਰਕਾਰੀ ਮੈਡੀਕਲ ਕਾਲਜ, ਫਰੀਦਕੋਟ ਵਿਖੇ ਰੀਜਨਲ ਕੈਮੀਕਲ ਐਗਜ਼ਾਮੀਨਰ ਲੈਬੋਰਟਰੀ ਸਥਾਪਤ ਕਰਨ ਸਬੰਧੀ**

*** 2019 ਸਰਦਾਰ ਗੁਰਦਿੱਤ ਸਿੰਘ ਸੇਖੋਂ** : ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਸਰਕਾਰ ਵੱਲੋਂ ਸਰਕਾਰੀ ਮੈਡੀਕਲ ਕਾਲਜ, ਪਟਿਆਲਾ, ਅੰਮ੍ਰਿਤਸਰ ਅਤੇ ਫਰੀਦਕੋਟ ਵਿਖੇ ਕੈਮੀਕਲ ਐਗਜ਼ਾਮੀਨਰ ਲੈਬੋਰਟਰੀਆਂ ਸਥਾਪਤ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਹੈ ਜਾ ਪਹਿਲਾਂ ਪ੍ਰਵਾਨ ਕੀਤੀ ਗਈ ਸੀ; ਜੇਕਰ ਹਾਂ ਤਾਂ ਇਸ ਸਬੰਧੀ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ;

(ਅ) ਕੀ ਫ਼ਰੀਦਕੋਟ ਵਿਖੇ ਰਿਜ਼ਨਲ ਕੈਮੀਕਲ ਐਗਜ਼ਾਮੀਨਰ ਲੈਬੋਰਟਰੀ ਦੀ ਉਸਾਰੀ ਲਈ ਸਾਦਿਕ ਰੋਡ ਉੱਪਰ ਪੁਰਾਣੀ ਜੇਲ੍ਹ ਦੇ ਨਾਲ ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਦੀ ਖਾਲੀ ਜਗ੍ਹਾ ਨਿਰਧਾਰਤ ਕੀਤੀ ਗਈ ਸੀ ਅਤੇ ਲੋਕ ਨਿਰਮਾਣ ਵਿਭਾਗ ਵੱਲੋਂ ਇਸ ਸਬੰਧੀ ਲਗਭਗ 2.50ਕਰੋੜ ਰੁਪਏ ਦਾ ਅਨੁਮਾਨ ਤਿਆਰ ਕੀਤਾ ਗਿਆ ਸੀ; ਜੇਕਰ ਹਾਂ ਤਾਂ ਇਸ ਪ੍ਰੋਜੈਕਟ ਦੀ ਮੌਜੂਦਾ ਸਥਿਤੀ ਕੀ ਹੈ;

(ੲ) ਕੀ ਸਰਕਾਰ ਵੱਲੋਂ ਉਕਤ ਲੈਬੋਰਟਰੀ ਦੀ ਉਸਾਰੀ ਸਬੰਧੀ ਪਹਿਲਾਂ ਤਿਆਰ ਕੀਤੇ ਗਏ ਨਕਸ਼ਿਆਂ ਅਤੇ ਅਨੁਮਾਨਾਂ ਦੀ ਮੁੜ ਸਮੀਖਿਆ ਕਰਕੇ ਇਸ ਪ੍ਰੋਜੈਕਟ ਨੂੰ ਮੁੜ ਸ਼ੁਰੂ ਕਰਨ ਦਾ ਕੋਈ ਫੈਸਲਾ ਲਿਆ ਗਿਆ ਹੈ; ਜੇਕਰ ਹਾਂ ਤਾਂ ਇਸ ਨੂੰ ਕਦੋਂ ਤੱਕ ਸ਼ੁਰੂ ਅਤੇ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ;

(ਸ) ਜੇਕਰ ਉਕਤ ਪ੍ਰੋਜੈਕਟ ਨੂੰ ਮੁੜ ਸ਼ੁਰੂ ਕਰਨ ਦਾ ਕੋਈ ਫ਼ੈਸਲਾ ਨਹੀਂ ਲਿਆ ਗਿਆ ਤਾਂ ਇਸ ਦੇ ਕੀ ਕਾਰਨ ਹਨ ਅਤੇ ਕੀ ਸਰਕਾਰ ਵੱਲੋਂ ਫਰੀਦਕੋਟ ਵਿਖੇ ਇਸ ਲੈਬੋਰਟਰੀ ਦੀ ਉਸਾਰੀ ਲਈ ਲੋੜੀਂਦੇ ਫੰਡ ਜਾਰੀ ਕਰਕੇ ਇਸ ਨੂੰ ਸਥਾਪਤ ਕਰਨ ਦੀ ਕੋਈ ਸਮਾਂ- ਸੀਮਾ ਨਿਰਧਾਰਤ ਕੀਤੀ ਜਾਵੇਗੀ?

**ਡਾਕਟਰ ਬਲਬੀਰ ਸਿੰਘ** :

ੳ) ਸਰਕਾਰ ਵੱਲੋਂ ਮੈਡੀਕਲ ਕਾਲਜ ਪਟਿਆਲਾ, ਅੰਮ੍ਰਿਤਸਰ ਵਿਖੇ ਕੈਮੀਕਲ ਐਗਜ਼ਾਮੀਨਰ ਲੈਬੋਰਟਰੀ ਸਥਾਪਿਤ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ। ਜਿਥੋ ਤੱਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਅੰਡਰ ਦੀ ਕੰਟਰੋਲਰ ਆਫ਼ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਫਰੀਦਕੋਟ ਵਿਖੇ ਕੈਮੀਕਲ ਐਗਜ਼ਾਮੀਨਰ ਲੈਬੋਰਟਰੀ ਸਥਾਪਿਤ ਕਰਨ ਦਾ ਸਬੰਧ ਹੈ, ਇਹ ਤਜਵੀਜ਼ ਬੋਰਡ ਆਫ਼ ਮਨੈਜਮੈਂਟ ਦੀ ਮੀਟਿੰਗ ਵਿੱਚ ਰੱਦ ਕੀਤੀ ਜਾ ਚੁੱਕੀ ਹੈ।

ਅ) ਹਾਂ, ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫਰੀਦਕੋਟ ਦੀ ਖਾਲੀ ਜਗ੍ਹਾ ਨਿਰਧਾਰਤ ਕੀਤੀ ਗਈ ਸੀ ਅਤੇ ਲੋਕ ਨਿਰਮਾਣ ਵਿਭਾਗ ਵੱਲੋਂ ਇਸ ਸਬੰਧੀ ਲਗਭਗ 2.50 ਕਰੋੜ ਰੁਪਏ ਦਾ ਅਨੁਮਾਨ ਤਿਆਰ ਕੀਤਾ ਗਿਆ ਸੀ। ਇਸ ਪ੍ਰੋਜਕੈਟ ਨੂੰ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਫਰੀਦਕੋਟ ਦੀ ਬੋਰਡ ਆਫ਼ ਮਨੈਜਮੈਂਟ ਦੀ ਮਿਤੀ 11.08.2026 ਨੂੰ ਹੋਈ 65ਵੀਂ ਮੀਟਿੰਗ ਵਿੱਚ ਰੱਦ ਕੀਤਾ ਗਿਆ ਹੈ।

ੲ) ਲਾਗੂ ਨਹੀਂ।

ਸ) ਫਰੀਦਕੋਟ ਵਿਖੇ ਇਸ ਲੈਬੋਰਟਰੀ ਦੀ ਉਸਾਰੀ ਸਬੰਧੀ ਮੈਡੀਕਲ ਸਿੱਖਿਆ ਵਿਭਾਗ/ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਫਰੀਦਕੋਟ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾਣੀ ਬਣਦੀ ਕਿਉਂਜੋ ਕੈਮੀਕਲ ਐਗਜ਼ਾਮੀਨਰ ਲੈਬੋਰਟਰੀਆਂ ਸਥਾਪਿਤ ਕਰਨ ਦਾ ਅਧਿਕਾਰ ਕੇਵਲ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਦੇ ਕੰਟਰੋਲ ਹੇਠ ਹੈ।

**ਸਰਦਾਰ ਗੁਰਦਿੱਤ ਸਿੰਘ ਸੇਖੋਂ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਆਪਣੇ ਸਵਾਲ ਤੇ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਵੱਲੋਂ ਸਰਕਾਰੀ ਮੈਡੀਕਲ ਕਾਲਜ, ਪਟਿਆਲਾ, ਅੰਮ੍ਰਿਤਸਰ ਅਤੇ ਫਰੀਦਕੋਟ ਵਿਖੇ ਕੈਮੀਕਲ ਐਗਜ਼ਾਮੀਨਰ ਲੈਬੋਰਟਰੀਆਂ ਸਥਾਪਤ ਕਰਨ ਦੀ ਕੋਈ ਤਜਵੀਜ਼ ਵਿਚਾਰ ਹੈ ਤਾਂ ਉਸ ਤੇ ਮੰਤਰੀ ਸਾਹਿਬ ਦਾ ਜਵਾਬ ਆਇਆ ਹੈ ਕਿ ਕੋਈ ਵਿਚਾਰ ਨਹੀਂ ਹੈ। ਪਰ ਮੈਂ ਫਰੀਦਕੋਟ ਦੇ ਵਿੱਚ ਕੋਸ਼ਿਸ਼ ਕਰਕੇ ਢਾਈ ਕਰੋੜ ਰੁਪਏ ਦੀ ਲਾਗਤ ਦੇ ਨਾਲ ਇੱਕ ਲੈਬਾਟਰੀ ਸਥਾਪਤ ਕਰਨ ਵਾਸਤੇ ਸਰਕਾਰ ਵੱਲੋਂ ਉਸ ਦਾ ਫੰਡ ਵੀ ਤਿਆਰ ਹੋ ਗਿਆ ਸੀ, ਨਕਸ਼ੇ ਵਗੈਰਾ ਵੀ ਤਿਆਰ ਹੋ ਗਏ ਸੀ ਪਰ ਅਜਿਹੇ ਹਾਲਾਤ ਹਨ ਕਿ ਉਸ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਦਾ ਕੀ ਨੁਕਸਾਨ ਹੈ, ਇਹ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਭ ਤੋਂ ਵੱਡੀ ਗੱਲ ਕਿ ਅੱਜ ਜਿੰਨੇ ਵੀ ਕਰੀਮੀਨਲ ਫੜਦੇ ਹਾਂ ਖਾਸ ਕਰਕੇ ਨਸ਼ੇ ਵਾਲੇ, ਉਨ੍ਹਾਂ ਦੀਆਂ ਜਦੋਂ ਰਿਪੋਰਟਾਂ ਚੈੱਕ ਹੋਣ ਨੂੰ ਜਾਂਦੀਆਂ ਹਨ ਤਾਂ ਸਵਾ-ਸਵਾ ਸਾਲ

ਮੁੜ ਕੇ ਰਿਪੋਰਟਾਂ ਨਹੀਂ ਆਈਆਂ। ਖਰੜ ਦੇ ਵਿੱਚ ਇੱਕੋਂ ਹੀ ਲੈਬ ਬਣੀ ਹੋਈ ਹੈ। ਚਲਾਨ ਪੇਸ਼ ਕਰਨ ਵਾਸਤੇ 90 ਦਿਨਾਂ ਦਾ ਟਾਈਮ ਹੁੰਦਾ ਹੈ।

**1130/Tarlochan Singh**

ਜੇਕਰ ਚਾਲਾਨ ਪੇਸ਼ ਨਹੀਂ ਹੁੰਦਾ ਤਾਂ ਅਦਾਲਤਾਂ ਉਨ੍ਹਾਂ ਮੁਜਰਮਾਂ ਦੀਆਂ ਜ਼ਮਾਨਤਾਂ ਕਰ ਦਿੰਦੀਆਂ ਹਨ। ਇਸ ਗੱਲ ਦਾ ਦੋਸ਼ ਸਰਕਾਰ ਤੇ ਵੀ ਆਉਂਦਾ ਹੈ ਕਿ ਕੋਈ ਬੰਦਾ ਕੱਲ੍ਹ ਫੜਿਆ ਸੀ ਤੇ ਅੱਜ ਜ਼ਮਾਨਤ ਤੇ ਰਿਹਾਅ ਵੀ ਹੋ ਗਿਆ ਹੈ। ਇਸ ਤੋਂ ਅੱਗੇ ਕੀ ਹੁੰਦਾ ਹੈ ਕਿ ਜਿਹੜਾ ਪੁਲਿਸ ਮੁਲਾਜ਼ਮ ਨਸ਼ੇ ਵਾਲਿਆਂ ਨੂੰ ਫੜਦਾ ਹੈ ਅਤੇ ਜਦੋਂ ਚਾਲਾਨ ਪੇਸ਼ ਨਹੀਂ ਹੁੰਦਾ ਤਾਂ ਅਦਲਾਤਾਂ ਉਨ੍ਹਾਂ ਮੁਲਾਜ਼ਮਾਂ ਦੀਆਂ ਸਾਲ-ਸਾਲ ਦੀਆਂ ਸਰਵਿਸਾਂ ਕੱਟ ਦਿੰਦੀਆਂ ਹਨ। ਜਿਹੜੇ ਬੰਦੇ ਪੁਲਿਸ ਦੀ ਡਿਊਟੀ ਕਰਦੇ ਹਨ ਉਨ੍ਹਾਂ ਨੂੰ ਇਸ ਕਿਸਮ ਦੀ ਮਾਨਸਿਕ ਪੀੜਾ ਵਿੱਚੋਂ ਵੀ ਗੁਜ਼ਰਨਾ ਪੈਂਦਾ ਹੈ। ਸੋ, ਸਾਨੂੰ ਚਾਹੀਦਾ ਹੈ ਕਿ ਖਰੜ ਲੈਬ ਵਰਗੀਆਂ ਹੋਰ ਲੈਬਾਂ ਵੀ ਬਣਾਈਏ। ਖਰੜ ਲੈਬ ਉਸ ਸਮੇਂ ਦੀ ਬਣੀ ਹੋਈ ਹੈ, ਜਦੋਂ ਪੰਜਾਬ ਬਣਿਆ ਸੀ। ਸਾਰੇ ਪੰਜਾਬ ਵਿੱਚੋਂ ਟੈਸਟ ਆਉਂਦੇ ਹਨ ਅਤੇ ਖਰੜ ਵਿਖੇ ਹੁੰਦੇ ਹਨ। ਬਹੁਤ ਸਾਰੇ ਕੇਸ ਹਨ, ਚਾਹੇ ਕਤਲ ਕੇਸ ਹੋਵੇ ਜਾਂ ਕੋਈ ਹੋਰ ਕੇਸ ਹੋਵੇ, ਉਨ੍ਹਾਂ ਦੀਆਂ ਰਿਪੋਰਟਾਂ ਸਮੇਂ ਸਿਰ ਨਾ ਜਾਣ ਕਾਰਨ ਚਾਲਾਨ ਪੇਸ਼ ਨਹੀਂ ਹੁੰਦੇ ਹਨ। ਇਸ ਲਈ ਸਾਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ। ਯੂਨੀਵਰਸਿਟੀ ਵਿੱਚ ਪਿਛਲੇ ਵਾਈਸ ਚਾਂਸਲਰ ਨਾਲ ਡਿਸਕਸ ਕਰਕੇ ਇਸ ਤਰ੍ਹਾਂ ਦਾ ਵੀ ਸਿਸਟਮ ਤਿਆਰ ਕੀਤਾ ਸੀ ਕਿ ਪੁਲਿਸ ਦੀ ਸਪੋਰਟ ਕਰਨ ਵਾਸਤੇ ਪ੍ਰਾਈਵੇਟ ਡਿਟੈਕਟਿਵ ਤਿਆਰ ਕੀਤੇ ਜਾਣੇ ਸਨ ਤਾਂ ਜੋ ਪੁਲਿਸ ਦੀ ਸਪੋਰਟ ਕੀਤੀ ਜਾਵੇ। ਜਿਵੇਂ ਲੋਕਾਂ ਦੇ ਘਰ ਜੇਕਰ ਚੋਰੀ ਹੋ ਜਾਵੇ ਅਤੇ ਪੁਲਿਸ ਕੋਲ ਸਮਾਂ ਨਾ ਹੋਵੇ ਤਾਂ ਪ੍ਰਾਈਵੇਟ ਡਿਟੈਕਟਿਵ ਕੇਸ ਦੀ ਛਾਣਬੀਣ ਕਰ ਸਕਦੇ ਹਨ। ਇਹ ਬਹੁਤ ਜ਼ਰੂਰੀ ਹੈ।

**ਮਾਣਯੋਗ ਸਪੀਕਰ** : ਮੰਤਰੀ, ਜੀ ਇਸ ਬਾਰੇ ਤਾਂ ਧਿਆਨ ਦੇਣਾ ਹੀ ਪਵੇਗਾ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਮੈਂਬਰ ਸਾਹਿਬ ਨੂੰ ਪਤਾ ਹੋਵੇਗਾ ਕਿ ਬਾਬਾ ਫਰੀਦ ਯੂਨੀਵਰਸਿਟੀ ਇੱਕ ਖੁਦਮੁਖਤਿਆਰ autonomous body ਹੈ। ਇਹ ਆਪਣੇ ਫ਼ੈਸਲੇ ਆਪ ਕਰਦੀ ਹੈ। ਇਸ ਯੂਨੀਵਰਸਿਟੀ ਦਾ ਇੱਕ ਬੋਰਡ ਆਫ ਮੈਨੇਜਮੈਂਟ ਹੈ, ਸਾਡੇ ਮਾਣਯੋਗ ਐਮ.ਐਲ.ਏ. ਬੋਰਡ ਆਫ ਮੈਨੇਜਮੈਂਟ ਦੇ ਮੈਂਬਰ ਹਨ। ਇਨ੍ਹਾਂ ਨੇ ਬੋਰਡ ਆਫ ਮੈਨੇਜਮੈਂਟ ਦੀ ਮੀਟਿੰਗ ਕਰਕੇ 11.08.2026 ਨੂੰ ਇਹ ਪਰਪੋਜ਼ਲ ਖੁਦ ਉਥੇ ਰੱਦ ਕੀਤੀ ਹੈ। ਇਹ ਪਰਪੋਜ਼ਲ ਰੱਦ ਕਰਕੇ ਇੱਥੇ ਸਵਾਲ ਲੈ ਕੇ ਆਏ ਹਨ। ਮੈਂਬਰ ਸਾਹਿਬ ਦੀ ਜਾਣਕਾਰੀ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਖਰੜ ਵਾਲੀ ਲੈਬਾਰਟਰੀ ਵਾਲਾ ਸਾਰਾ ਸਿਸਟਮ ਖਤਮ ਹੋ ਚੁੱਕਾ ਹੈ। ਮੇਰੇ ਹੱਥ ਵਿੱਚ (ਇੱਕ ਕਾਗਜ਼ ਲਹਿਰਾਉਂਦੇ ਹੋਏ) ਪੰਜਾਬ ਦੀ ਗਜ਼ਟ ਨੋਟੀਫਿਕੇਸ਼ਨ ਦੀ ਕਾਪੀ ਹੈ। ਇਸ ਨੋਟੀਫਿਕੇਸ਼ਨ ਵਿੱਚ ਮਾਣਯੋਗ ਹਾਈਕੋਰਟ ਵਿੱਚ ਸੀ.ਆਰ.ਐਮ. 41613/2023, ਸੀ.ਆਰ.ਐਮ. 2775/2024 ਦਾ ਜ਼ਿਕਰ ਹੈ। ਮੈਂਬਰ ਸਾਹਿਬ ਦੇ ਕਾਫੀ ਸਾਰੀ ਕੰਨਸਰਨ ਵੈਲਿਡ ਹਨ। ਹੁਣ ਸਾਰਾ ਸਿਸਟਮ ਚੇਂਜ ਹੋ ਗਿਆ ਹੈ, ਕੈਮੀਕਲ ਇਗਜ਼ਾਮਿਨਰ ਦਾ ਸਿਸਟਮ ਹੀ ਬਦਲ ਗਿਆ ਹੈ। ਹੁਣ ਹੈਲਥ ਵਿਭਾਗ ਕੋਲ ਅਜਿਹਾ ਕੋਈ ਅਧਿਕਾਰ ਨਹੀਂ ਹੈ। Now it is with the Department of Home. ਇਹ ਮਸਲਾ ਗ੍ਰਹਿ ਵਿਭਾਗ ਕੋਲ ਚਲਾ ਗਿਆ ਹੈ। ਇਸ ਦਾ ਨਵਾਂ ਨਾਂ Directorate

of Forensic Sciences ਹੈ। ਇਸ ਅਧੀਨ 28 ਪੁਲਿਸ ਜ਼ਿਲ੍ਹਿਆਂ ਵਿੱਚ ਮੋਬਾਇਲ ਵੈਨਾਂ ਹੋਣਗੀਆਂ, ਸਪੈਸ਼ਲਾਈਜ਼ਡ ਡੀ.ਐਨ.ਏ. ਡਵੀਜ਼ਨ, ਬੈਲਿਸਟਿਕ ਡਵੀਜ਼ਨ, ਸਾਈਬਰ ਫੋਰੈਂਸਿਕ ਡਵੀਜ਼ਨ, ਡਾਕੂਮੈਂਟ ਡਵੀਜ਼ਨ, ਫਿਜ਼ੀਕਸ ਆਡੀਓ ਵਾਇਸ ਡਵੀਜ਼ਨ ਹੋਵੇਗੀ। ਸਾਰੇ ਪੰਜਾਬ ਵਿੱਚ ਇਹ ਕੋਲੈਬੋਰੇਟ ਸਿਸਟਮ ਇੰਪਲੀਮੈਂਟ ਕੀਤਾ ਜਾ ਰਿਹਾ ਹੈ। Now it is with the Department of Home, ਇਹ ਗ੍ਰਹਿ ਵਿਭਾਗ ਕੋਲ ਹੈ ਅਤੇ ਇਹ ਇੱਕ State of the Art ਹੈ। Directorate of Forensic Medicine ਸਬੰਧੀ ਸਾਰੀ ਪ੍ਰਾਸੈਸ ਹੋ ਰਹੀ ਹੈ, ਗਜ਼ਟ ਨੋਟੀਫਿਕੇਸ਼ਨ ਹੋ ਚੁੱਕੀ ਹੈ। ਅਸੀਂ ਉਥੇ ਨਾ ਕੋਈ ਇੰਪਲਾਈ ਲਗਾ ਸਕਦੇ ਹਾਂ ਅਤੇ ਨਾ ਹਟਾ ਸਕਦੇ ਹਾਂ। ਜੇਕਰ ਗ੍ਰਹਿ ਵਿਭਾਗ ਨੂੰ ਲੋੜ ਹੋਵੇਗੀ ਤੇ ਉਹ ਸਾਡੇ ਤੋਂ ਮੰਗਣਗੇ ਤਾਂ ਅਸੀਂ ਉਨ੍ਹਾਂ ਨੂੰ ਡਾਕਟਰ ਦੇ ਦੇਵਾਂਗੇ। ਸ਼ਾਇਦ ਮੈਂਬਰ ਸਾਹਿਬ ਨੂੰ ਇਹ ਪਤਾ ਨਹੀਂ ਹੋਵੇਗਾ।

**ਮਾਣਯੋਗ ਸਪੀਕਰ** : ਸੇਖੋਂ ਸਾਹਿਬ, ਮੈਨੂੰ ਲੱਗਦਾ ਸਵਾਲ ਦਾ ਜਵਾਬ ਆ ਗਿਆ ਹੈ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਸਰ, ਗੱਲ ਇਹ ਹੈ ਕਿ ਵੈਨਾਂ ਲਗਾਉਣ ਨਾਲ ਮਸਲਾ ਹੱਲ ਨਹੀਂ ਹੋਣਾ ਹੈ। ਜੇ ਇਹ ਮਸਲਾ ਗ੍ਰਹਿ ਵਿਭਾਗ ਹੈ ਤਾਂ ਮੈਂ ਤੁਹਾਡੇ ਰਾਹੀਂ ਗ੍ਰਹਿ ਵਿਭਾਗ ਨੂੰ ਵੀ ਬੇਨਤੀ ਕਰਨੀ ਚਾਹਾਂਗਾ। ਬਠਿੰਡਾ ਵਿੱਚ ਇੱਕ ਕੁਲੈਕਸ਼ਨ ਸੈਂਟਰ ਹੈ। ਮੈਂ ਸਾਰੀ ਥਾਂ ਤੇ ਫੋਨ ਕਰ-ਕਰਕੇ ਪੁੱਛ ਕੇ ਆਇਆ ਹਾਂ। ਮੈਂ ਤੁਹਾਡੇ ਕੋਟਕਪੂਰੇ ਸਿਟੀ ਵਿੱਚ ਵੀ ਫੋਨ ਕੀਤਾ ਹੈ, ਉਥੇ ਸਾਲ 2025 ਦੇ 7ਵੇਂ ਮਹੀਨੇ ਦੀਆਂ ਵੀ ਰਿਪੋਰਟਾਂ ਨਹੀਂ ਆਈਆਂ ਹਨ। ਮੈਂ ਆਪਣੇ ਵੀ ਸਾਰੇ ਥਾਣਿਆਂ ਵਿੱਚੋਂ ਪਤਾ ਕਰਕੇ ਆਇਆ ਹਾਂ। ਜਿਹੜਾ ਬਠਿੰਡਾ ਕੁਲੈਕਸ਼ਨ ਸੈਂਟਰ ਬਣਾਇਆ ਹੈ, ਜੇਕਰ ਉਥੇ ਵੀ ਫੋਨ ਕਰਕੇ ਪੁੱਛਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਰਿਪੋਰਟ ਨਹੀਂ ਆਈ ਹੈ, ਆਏਗੀ ਤਾਂ ਰਿਪੋਰਟ ਦੇ ਦਿਆਂਗੇ। ਵੈਨਾਂ ਨਾਲ ਕੁਝ ਨਹੀਂ ਹੋਣਾ ਹੈ, ਜੇਕਰ ਅਸੀਂ ਪੰਜਾਬ ਦੇ ਲੋਕਾਂ ਨੂੰ ਇਨਸਾਫ਼ ਦੇਣਾ ਹੈ ਤਾਂ ਸਾਨੂੰ ਲੈਬਾਂ ਜ਼ਿਆਦਾ ਬਣਾਉਣੀਆਂ ਪੈਣਗੀਆਂ। ਗ੍ਰਹਿ ਵਿਭਾਗ ਵੀ ਤਾਂ ਆਪਣਾ ਹੀ ਹੈ, ਤੁਸੀਂ ਉਸ ਨੂੰ ਸਿਫਾਰਸ਼ ਕਰ ਦਿਉ।

**ਮਾਣਯੋਗ ਸਪੀਕਰ** : ਮੰਤਰੀ ਜੀ, ਵਿਚਾਰ ਬਣਾ ਲਉ ਜੀ।

**ਮੰਤਰੀ** : ਬਿਲਕੁਲ ਵਿਚਾਰ ਕਰਾਂਗੇ ਜੀ। ਜਿਹੜੇ ਮਾਣਯੋਗ ਮੈਂਬਰ ਹਨ, ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਇਹ ਜਿਹੜੀ ਵੀ ਇਨਫਰਮੇਸ਼ਨ ਦੇ ਰਹੇ ਹਨ, ਜਿਹੜੀ ਵੀ ਰਿਪੋਰਟ ਦਾ ਇਸ਼ੂ ਹੈ, ਇਹ ਮੇਰੇ ਧਿਆਨ ਵਿੱਚ ਲਿਆ ਦੇਣ। ਵੈਸੇ ਇਹ ਖੁਦ ਵੀ ਗ੍ਰਹਿ ਵਿਭਾਗ ਨਾਲ ਸੰਪਰਕ ਕਰ ਸਕਦੇ ਹਨ। ਬੇਨਤੀ ਹੈ ਕਿ ਇਹ ਐਕਸ਼ਨੇਬਲ ਇਨਫਰਮੇਸ਼ਨ ਦੇਣ, ਜਿਵੇਂ ਬਾਕੀ ਦੇ ਜਿੰਨੇ ਵੀ ਮੈਂਬਰ ਹਨ ਜਦੋਂ ਐਕਸ਼ਨੇਬਲ ਇਨਫਰਮੇਸ਼ਨ ਦਿੰਦੇ ਹਨ ਤਾਂ ਉਸ ਤੇ ਐਕਸ਼ਨ ਹੋ ਜਾਂਦਾ ਹੈ। ਆਪਾਂ ਵੇਗ ਗੱਲਾਂ ਨਾ ਕਰੀਏ, ਆਪਾਂ ਕੋਈ ਐਕਸ਼ਨੇਬਲ ਇਨਫਰਮੇਸ਼ਨ ਦੇਈਏ। ਸਪੈਸੀਫਿਕਲੀ ਇਨਫਰਮੇਸ਼ਨ ਦੇਣ ਤਾਂ ਉਸ ਤੇ ਐਕਸ਼ਨ ਹੋ ਜਾਵੇਗਾ।

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਸਪੀਕਰ ਸਾਹਿਬ, ਬੱਸ ਇੱਕ ਮਿੰਟ ਜੀ। ਥੋੜ੍ਹੀ ਜਿਹੀ ਬੇਨਤੀ ਹੀ ਕਰਨੀ ਹੈ।

**ਮਾਣਯੋਗ ਸਪੀਕਰ** : ਹਾਂ ਜੀ, ਦੱਸੋ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਸਰ, ਟਾਂਡਾ ਤੋਂ ਐਮ.ਐਲ.ਏ. ਰਾਜਾ ਜੀ, ਗਿਆਸਪੁਰਾ ਸਾਹਿਬ ਅਤੇ ਮੈਂ ਬਾਹਰ ਖੜ੍ਹੇ ਸੀ। ਸਰ ਸਾਨੂੰ ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਸਰਦਾਰ ਸੁਖਪਾਲ ਸਿੰਘ ਖਹਿਰਾ ਨੇ ਧੱਕੇ ਮਾਰੇ ਹਨ। ਉਥੇ ਉਨ੍ਹਾਂ ਨੇ ਸਾਡੀ ਇਨਸਲਟ ਕੀਤੀ ਹੈ। ਵਿਧਾਨ ਸਭਾ ਦਾ ਘੇਰਾ ਤੁਹਾਡੇ ਅਧੀਨ ਆਉਂਦਾ ਹੈ। ਸਰ, ਦੇਖੋ ਇੱਥੇ ਕੀ ਗੁੰਡਾਗਰਦੀ ਦਾ ਮਾਹੌਲ ਬਣਿਆ ਹੈ। ਇੱਥੇ ਅੰਦਰ ਵੀ ਗੁੰਡਿਆਂ ਵਾਂਗ ਗਾਲਾਂ ਕੱਢਦੇ ਹਨ, ਬਾਹਰ ਵੀ ਸਾਨੂੰ ਧੱਕੇ ਮਾਰਦੇ ਹਨ, ਕੀ ਅਸੀਂ ਇੱਥੇ ਨਾ ਆਈਏ?

**ਮਾਣਯੋਗ ਸਪੀਕਰ** : ਤੁਹਾਨੂੰ ਇੱਥੇ ਆਉਣ ਤੋਂ ਕੌਣ ਰੋਕ ਸਕਦਾ ਹੈ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਕੀ ਅਸੀਂ ਇੱਥੇ ਆਉਣਾ ਬੰਦ ਕਰ ਦੇਈਏ? ਉਹ ਸਾਨੂੰ ਬਾਹਰ ਧੱਕੇ ਮਾਰਦੇ ਹਨ। ਅਸੀਂ ਤਿੰਨੇ ਜਣੇ ਬਾਹਰ ਖੜ੍ਹੇ ਸੀ ਤਾਂ ਉਹ ਸਾਡੇ ਟਾਂਡਾ ਦੇ ਐਮ.ਐਲ.ਏ. ਦੇ ਗਲ ਪੈ ਗਏ। ਸਰ, ਉਨ੍ਹਾਂ ਖਿਲਾਫ਼ ਕੋਈ ਕਾਰਵਾਈ ਕਰੋ, ਕੋਈ ਕਾਨੂੰਨ ਲਾਗੂ ਕਰੋ।

**1135/Sukhpiar Singh**

**ਮਾਣਯੋਗ ਸਪੀਕਰ:** ਨਹੀਂ, ਨਹੀਂ ਤੁਹਾਨੂੰ ਕੌਣ ਰੋਕਦਾ ਹੈ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਕੀ ਅਸੀਂ ਆਉਣਾ ਬੰਦ ਕਰ ਦੇਈਏ? ਸਾਨੂੰ ਬਾਹਰ ਧੱਕੇ ਮਾਰ ਰਹੇ ਹਨ। ਇਹ ਸਾਡੇ ਟਾਂਡੇ ਵਾਲੇ ਐਮ.ਐਲ.ਏ. ਰਾਜੇ ਦੇ ਗਲ਼ ਪਏ ਸਨ, ਅਸੀਂ ਉੱਥੇ ਤਿੰਨ ਜਣੇ ਖੜ੍ਹੇ ਸੀ। ਸਰ, ਇਨ੍ਹਾਂ ਦੇ ਖਿਲਾਫ ਕਾਰਵਾਈ ਕਰੋ। ਇੱਥੇ ਕੋਈ ਕਾਨੂੰਨ ਲਾਗੂ ਕਰੋ, ਇਨ੍ਹਾਂ ਕਾਂਗਰਸੀਆਂ ਨੇ ਡਰਾਮਾ ਬਣਾਇਆ ਹੈ। ਉਨ੍ਹਾਂ ਨੂੰ ਕਿੱਥੇ ਡੱਕਿਆ ਹੈ? ਬਾਹਰ ਮੀਡੀਆ ਨੂੰ ਗੁਮਰਾਹ ਕਰ ਰਹੇ ਹਨ ਕਿ ਸਾਨੂੰ ਡੱਕਿਆ ਗਿਆ ਜੀ, ਸਪੀਕਰ ਸਾਹਿਬ ਨੇ ਅੰਦਰ ਆਉਣ ਨਹੀਂ ਦਿੱਤਾ। ਬਾਹਰ ਅਸੀਂ ਵੀ.ਸੀ. ਕਰ ਰਹੇ ਸੀ, ਉਹ ਸਾਡੇ ਗਲ਼ ਪੈ ਗਏ।

**ਮਾਣਯੋਗ ਸਪੀਕਰ:** ਤੁਸੀਂ ਪੰਜਾਬ ਦੀ ਵਿਧਾਨ ਸਭਾ ਵਿੱਚ ਹੋ, ਤੁਸੀਂ ਬਿਲਕੁਲ ਸੇਫ ਹੋ। ਤੁਸੀਂ ਆਪਣਾ ਇਸ਼ੂ ਰਿਟਨ ਵਿੱਚ ਦਿਉ, ਇਸ਼ੂ ਰੇਜ਼ ਕਰੋ, I will take action.

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਰ, ਅਸੀਂ ਤੁਹਾਨੂੰ ਲਿਖਤੀ ਦੇਵਾਂਗੇ। ਇਨ੍ਹਾਂ ਦੇ ਖਿਲਾਫ ਕਾਰਵਾਈ ਕਰੋ।

**ਮਾਣਯੋਗ ਸਪੀਕਰ:** ਬਿਲਕੁਲ ਠੀਕ ਹੈ, I will take action.

------

**ਨਿਸ਼ਾਨ ਵਾਲਾ ਪ੍ਰਸ਼ਨ ਨੰ. 2036**

(ਸਬੰਧਤ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

------

**ਨਿਸ਼ਾਨ ਵਾਲਾ ਪ੍ਰਸ਼ਨ ਨੰ. 2071**

(ਸਬੰਧਤ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

------

**WELCOME ANNOUNCEMENT BY THE HON'BLE SPEAKER**

**ਮਾਣਯੋਗ ਸਪੀਕਰ**: ਪੀ.ਐਸ. ਪ੍ਰੈਜ਼ੀਡੈਂਸੀ ਸਕੂਲ ਜਾਡਲਾ ਰੋਡ, ਪਿੰਡ ਪੱਲੀਆਂ ਖੁਰਦ, ਸ਼ਹੀਦ ਭਗਤ ਸਿੰਘ ਨਗਰ ਦੇ ਵਿਦਿਆਰਥੀ ਅਤੇ ਸਤਿਕਾਰਯੋਗ ਟੀਚਰ ਸਾਹਿਬਾਨ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ, ਆਓ ਉਨ੍ਹਾਂ ਦਾ ਖੈਰ ਮਕਦਮ ਕਰੀਏ। (ਥੰਪਿੰਗ)

------

**STARRED QUESTIONS AND ANSWERS *(RESUMPTION)***

**ਜ਼ੀਰਕਪੁਰ ਤਹਿਸੀਲ ਦੇ ਪਿੰਡਾਂ ਨੂੰ ਡੇਰਾਬੱਸੀ ਤਹਿਸੀਲ ਨਾਲ ਜੋੜਨਾ**

***2059. ਸਰਦਾਰ ਕੁਲਜੀਤ ਸਿੰਘ ਰੰਧਾਵਾ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਡੇਰਾਬੱਸੀ ਦੇ ਪਿੰਡ ਸੁੰਡਰਾਂ, ਕਕਰਾਲੀ, ਪੰਡਵਾਲਾ, ਗੁਰੂ ਨਾਨਕ ਕਲੋਨੀ, ਦਫਤਪੁਰ, ਮੋਰਠੀਕਰੀ ਆਦਿ ਜਿਨ੍ਹਾਂ ਨੂੰ ਤਹਿਸੀਲ ਜੀਰਕਪੁਰ ਲੱਗਦੀ ਹੈ, ਦੇ ਲੋਕਾਂ ਨੂੰ ਆਪਣੇ ਕੰਮਾਂ ਲਈ 10-15 ਕਿਲੋਮੀਟਰ ਤੱਕ ਦੀ ਦੂਰੀ ਤੈਅ ਕਰਨੀ ਪੈਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਨ੍ਹਾਂ ਪਿੰਡਾਂ ਨੂੰ ਤਹਿਸੀਲ ਡੇਰਾਬੱਸੀ ਨਾਲ ਜੋੜਨ ਦੀ ਕੋਈ ਤਜਵੀਜ਼ ਸਰਕਾਰ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਦੀਪ ਸਿੰਘ ਮੁੰਡੀਆਂ**: ਮਾਣਯੋਗ ਸਪੀਕਰ ਸਾਹਿਬ, ਜੋ ਸਾਡੇ ਮਾਣਯੋਗ ਮੈਂਬਰ ਸਾਹਿਬਾਨ ਦਾ ਸਵਾਲ ਹੈ, ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਦਫਤਰ ਆ ਜਾਣ, ਅਫਸਰ ਸਾਹਿਬਾਨ ਨੂੰ ਨਾਲ ਲੈ ਕੇ ਇਨ੍ਹਾਂ ਦੇ ਇਸ ਸਵਾਲ ਬਾਰੇ ਵਿਚਾਰ ਲਿਆ ਜਾਵੇਗਾ।

**ਮਾਣਯੋਗ ਸਪੀਕਰ**: ਕਿਆ ਬਾਤ ਹੈ ਜੀ। ਹਾਂ ਜੀ, ਰੰਧਾਵਾ ਸਾਹਿਬ, ਵਿਚਾਰ ਲਿਆ ਜਾਵੇਗਾ।

**ਸਰਦਾਰ ਕੁਲਜੀਤ ਸਿੰਘ ਰੰਧਾਵਾ**: ਸਪੀਕਰ ਸਾਹਿਬ, ਮੈਂ ਕੀ ਕਹਾਂ ਜੀ। ਸਪੀਕਰ ਸਾਹਿਬ, ਪਿਛਲੀਆਂ ਸਰਕਾਰਾਂ ਨੇ 10-12 ਸਾਲ ਹੱਦਬੰਦੀ ਕੀਤੀ ਤਾਂ ਹੀ ਲੋਕਾਂ ਨੇ ਉਨ੍ਹਾਂ ਨੂੰ ਸੱਤਾ ਤੋਂ ਬਾਹਰ ਦਾ ਰਾਹ ਦਿਖਾਇਆ ਸੀ। ਇਸ ਗਲਤ ਪ੍ਰਬੰਧ ਦਾ ਖਮਿਆਜ਼ਾ ਅੱਜ ਵੀ ਲੋਕ ਭੁਗਤ ਰਹੇ ਹਨ। ਡੇਰਾਬੱਸੀ ਹਲਕੇ ਦੇ ਪਿੰਡ ਕਕਰਾਲੀ, ਪੰਡਵਾਲਾ, ਗੁਰੂ ਨਾਨਕ ਕਲੋਨੀ, ਦਫਤਪੁਰ, ਮੋਰਠੀਕਰੀ, ਸੁੰਡਰਾਂ, ਹੈਬਤਪੁਰ ਆਦਿ ਜਿਨ੍ਹਾਂ ਨੇ ਪਿੰਡਾਂ ਤੋਂ ਰਜਿਸਟਰੀ ਕਰਵਾਉਣ ਤੋਂ ਇਲਾਵਾ ਇੱਕ ਛੋਟਾ ਜਿਹਾ ਸਰਟੀਫਿਕੇਟ ਬਣਾਉਣ ਵਾਸਤੇ ਜਾਂ ਦਸਤਖਤ ਕਰਵਾਉਣ ਲਈ ਡੇਰਾਬੱਸੀ ਤੋਂ ਬੱਸ ਜ਼ਰੀਏ ਜਾਂ ਆਟੋ ਲੈ ਕੇ ਜ਼ੀਰਕੁਪਰ ਤਹਿਸੀਲ ਜਾਣਾ ਪੈਂਦਾ ਹੈ, 10-15 ਕਿਲੋਮੀਟਰ ਦਾ ਸਫਰ ਬਿਨਾਂ ਵਜ੍ਹਾ ਤੋਂ ਤੈਅ

ਕਰਨਾ ਪੈਂਦਾ ਹੈ, ਜਾਮ ਵਿੱਚ ਫਸਦੇ ਹਨ। ਮੈਂ ਮੰਤਰੀ ਸਾਹਿਬ ਦੇ ਦਫਤਰ ਤਾਂ ਆ ਜਾਵਾਂਗਾ ਪਰ ਮੇਰੀ ਛੋਟੇ ਵੀਰ ਤੁਹਾਨੂੰ ਬੇਨਤੀ ਵੀ ਹੈ ਕਿ ਆਮ ਲੋਕਾਂ ਦੀ ਖੱਜਲ ਖੁਆਰੀ ਨੂੰ ਖਤਮ ਕਰਨ ਲਈ ਇਨ੍ਹਾਂ ਪਿੰਡਾਂ ਨੂੰ ਜ਼ੀਰਕਪੁਰ ਦੀ ਬਜਾਏ ਡੇਰਾਬੱਸੀ ਜੋੜਨਾ ਤਾਂ ਕੋਈ ਬਹੁਤ ਵੱਡਾ ਮੁਸ਼ਕਿਲ ਕੰਮ ਨਹੀਂ ਹੈ। ਸਪੀਕਰ ਸਾਹਿਬ, ਹੱਥ ਜੋੜ ਕੇ ਬੇਨਤੀ ਹੈ ਕਿ ਇਹ 10 ਪਿੰਡ ਹਨ, ਜੇ ਮੰਤਰੀ ਸਾਹਿਬ ਇੱਥੇ ਹੀ ਕਹਿ ਦੇਣ ਕਿ ਇਹ ਕਰ ਦਿੱਤਾ ਗਿਆ ਹੈ। ਇਹ ਇਕੱਲੇ ਡੇਰਾਬੱਸੀ ਦੀ ਹੈ, ਨਾ ਕਿ ਜ਼ੀਰਕਪੁਰ ਵਿੱਚ ਹੈ, ਇਹ ਬਹੁਤ ਵੱਡਾ ਮਸਲਾ ਨਹੀਂ ਹੈ ਔਰ ਮੰਤਰੀ ਸਾਹਿਬ ਡੇਰਾਬੱਸੀ ਦੇ ਲੋਕ ਤੁਹਾਡੇ ਗੁਣ ਗਾਉਣਗੇ। ਥੋੜ੍ਹਾ ਜਿਹਾ ਹੀ ਕੰਮ ਹੈ, ਛੋਟੇ ਵੀਰ ਕੰਡਾ ਜਿਹਾ ਕੱਢ ਦਿਉ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹਾਂਗਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਵਿੱਚ ਪੂਰੇ ਪੰਜਾਬ ਵਿੱਚ ਬਹੁਤ ਸਾਰੀਆਂ ਸਬ-ਤਹਿਸੀਲਾਂ ਨਵੀਆਂ ਬਣੀਆਂ, ਤਹਿਸੀਲਾਂ ਬਣਾਈਆਂ ਗਈਆਂ। ਸੋ, ਮਾਣਯੋਗ ਮੈਂਬਰ ਸਾਹਿਬਾਨ ਬਾਰੇ ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ ਇਨ੍ਹਾਂ ਦਾ ਡੇਰਾਬੱਸੀ ਦਾ ਮਸਲਾ ਜਲਦੀ ਹੀ ਵਿਚਾਰ ਕੇ ਇਨ੍ਹਾਂ ਦਾ ਹੱਲ ਹੋਵੇਗਾ। ਜੋ ਪਿਛਲੀਆਂ ਸਰਕਾਰਾਂ ਵਾਂਗ ਇਹ ਨਹੀਂ ਸੋਚ ਸਕਦੇ ਕਿ ਸਰਕਾਰ ਦੁਬਾਰਾ ਨਹੀਂ ਆਵੇਗੀ, ਸਰਕਾਰ ਵੀ ਆਵੇਗੀ ਤੇ ਤਹਿਸੀਲ ਵੀ ਬਣੇਗੀ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਹੁਣ ਤਾਂ ਤੁਹਾਨੂੰ ਇਨ੍ਹਾਂ ਨੇ ਐਸ਼ਿਓਰੈਂਸ ਦੇ ਦਿੱਤੀ।

**ਸਰਦਾਰ ਕੁਲਜੀਤ ਸਿੰਘ ਰੰਧਾਵਾ**: ਸਰ, ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਬੜੀਆਂ ਨਵੀਆਂ ਤਹਿਸੀਲਾਂ ਮਿਲੀਆਂ। ਇਹ ਮਸਲਾ ਤਹਿਸੀਲ ਦਾ ਨਹੀਂ ਹੈ, ਸਿਰਫ 10 ਪਿੰਡ ਜ਼ੀਰਕਪੁਰ ਤੋਂ ਕੱਢ ਕੇ ਜਿਹੜੇ ਡੇਰਾਬੱਸੀ ਦੇ ਨੇੜੇ ਹਨ, ਇਨ੍ਹਾਂ ਨੂੰ ਜੋੜਨਾ ਸੀ। ਚਲੋ ਖੈਰ ਮੈਨੂੰ ਮੰਤਰੀ ਜੀ ਤੋਂ ਆਸ ਹੈ ਕਿ ਮੈਂ ਦਫਤਰ ਆਵਾਂਗਾ ਅਤੇ ਤੁਸੀਂ ਮੇਰਾ ਕੰਮ ਕਰ ਦਿਉਗੇ। ਬਹੁਤ ਬਹੁਤ ਧੰਨਵਾਦ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)**: ਸਰ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ। ਇਸ ਵਿੱਚ ਗੱਲ ਇਸ ਤਰ੍ਹਾਂ ਹੈ ਕਿ ਜਿਹੜੇ ਪਿੰਡ ਕੱਢ ਕੇ ਦੂਸਰੇ ਪਾਸੇ ਪਾਉਣੇ ਹਨ, ਉਨ੍ਹਾਂ ਪਿੰਡਾਂ ਤੋਂ ਮਤੇ ਪਵਾਉਣਗੇ ਪੈਣਗੇ। ਉਹ ਮਤੇ ਪਾ ਕੇ ਦੇ ਦੇਣ ਤਾਂ ਵਿਧਾਇਕ ਸਾਹਿਬ ਫਿਰ ਜ਼ਿਆਦਾ ਇਸ਼ੂ ਨਹੀਂ ਰਹੇਗਾ, ਉਹ ਫਿਰ ਹੋ ਜਾਵੇਗਾ।

**ਮਾਣਯੋਗ ਸਪੀਕਰ**: ਇਸ ਕੰਮ ਨੂੰ ਬਹੁਤ ਘੈਂਟ ਹਨ, ਉਹ ਪਵਾ ਦੇਣਗੇ।

**ਸਰਦਾਰ ਕੁਲਜੀਤ ਸਿੰਘ ਰੰਧਾਵਾ**: ਸਰ, ਮਤੇ ਤਾਂ ਮੇਰੇ ਕੋਲ ਹਨ ਜੀ।

------

## ਸਵੈ ਸਹਾਇਤਾ ਸਮੂਹਾਂ ਲਈ ਬੈਂਕਾਂ ਵੱਲੋਂ ਦਿੱਤੀ ਜਾਣ ਵਾਲੀ ਕਰਜ਼ਾ ਸੀਮਾ ਵਿੱਚ ਵਾਧਾ ਕਰਨਾ

***2001. ਸਰਦਾਰ ਮਨਿਜੰਦਰ ਸਿੰਘ ਲਾਲਪੁਰਾ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਕੰਮ ਕਰ ਰਹੇ ਸਵੈ ਸਹਾਇਤਾ ਸਮੂਹਾਂ (Self Help Groups) ਨੂੰ ਕਾਰੋਬਾਰ ਦਾ ਵਿਸਥਾਰ ਕਰਨ ਲਈ ਬੈਂਕਾਂ ਤੋਂ ਲੋੜੀਂਦੀ ਰਕਮ ਦਾ ਕਰਜ਼ਾ ਪ੍ਰਾਪਤ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਮੌਜੂਦਾ ਕਰਜ਼ਾ ਸੀਮਾ ਵੀ ਉਨ੍ਹਾਂ ਦੀਆਂ ਲੋੜਾਂ ਦੇ ਮੁਕਾਬਲੇ ਘੱਟ ਹੈ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਸਵੈ ਸਹਾਇਤਾ ਸਮੂਹਾਂ ਲਈ ਬੈਂਕਾਂ ਵੱਲੋਂ ਦਿੱਤੀ ਜਾਣ ਵਾਲੀ ਕਰਜ਼ਾ ਸੀਮਾ (Loan Limit) ਵਿੱਚ ਵਾਧਾ ਕਰਨ ਲਈ ਕੋਈ ਨੀਤੀ ਜਾਂ ਪ੍ਰਸਤਾਵ ਲਿਆਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹੈ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ**: ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ (**PSRLM)** ਅਧੀਨ ਪੇਂਡੂ ਮਹਿਲਾਵਾਂ ਨੂੰ ਸਵੈ-ਸਹਾਇਤਾ ਸਮੂਹਾਂ (SHGs) ਵਿੱਚ ਸੰਗਠਿਤ ਕਰਕੇ ਉਨ੍ਹਾਂ ਨੂੰ ਸਵੈ-ਰੋਜ਼ਗਾਰ ਅਤੇ ਕਾਰੋਬਾਰ ਦੇ ਵਿਸਥਾਰ ਲਈ ਬੈਂਕਾਂ ਰਾਹੀਂ ਸੰਸਥਾਗਤ ਕਰਜ਼ੇ ਮੁਹੱਈਆ ਕਰਵਾਏ ਜਾਂਦੇ ਹਨ।

ਭਾਰਤ ਸਰਕਾਰ ਅਤੇ ਭਾਰਤੀ ਰਿਜ਼ਰਵ ਬੈਂਕ (RBI) ਦੇ ਲਾਗੂ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਯੋਗ SHGs ਨੂੰ ਉਨ੍ਹਾਂ ਦੀ ਕਾਰਗੁਜ਼ਾਰੀ, ਕਰਜ਼ੇ ਦੀ ਅਦਾਇਗੀ ਦੇ ਰਿਕਾਰਡ ਅਤੇ ਵਿੱਤੀ ਲੋੜਾਂ ਦੇ ਆਧਾਰ 'ਤੇ ਟਰਮ ਲੋਨ ਜਾਂ ਕੈਸ਼ ਕ੍ਰੈਡਿਟ ਲਿਮਟ (CCL) ਦਿੱਤੀ ਜਾਂਦੀ ਹੈ। ਮੌਜੂਦਾ ਦਿਸ਼ਾ-ਨਿਰਦੇਸ਼ਾਂ ਅਧੀਨ CCL ਦੀ ਘੱਟੋ-ਘੱਟ ਸੀਮਾ ₹6 ਲੱਖ ਹੈ, ਜਦਕਿ ਅਗਲਾ ਕਰਜ਼ਾ ਸਮੂਹ ਦੀ ਮਾਈਕ੍ਰੋ ਕ੍ਰੈਡਿਟ ਯੋਜਨਾ (MCP) ਅਤੇ ਵਿੱਤੀ ਲੋੜਾਂ ਅਨੁਸਾਰ ਨਿਰਧਾਰਤ ਕੀਤਾ ਜਾਂਦਾ ਹੈ।

ਕੁਝ ਮਾਮਲਿਆਂ ਵਿੱਚ ਵਿਅਕਤੀਗਤ ਮੈਂਬਰਾਂ ਨੂੰ CIBIL ਸਕੋਰ ਜਾਂ ਪਿਛਲੇ ਕਰਜ਼ਿਆਂ ਦੇ ਰਿਕਾਰਡ ਕਾਰਨ ਕਰਜ਼ਾ ਪ੍ਰਾਪਤ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ। PSRLM ਵੱਲੋਂ ਬੈਂਕ ਸਖੀਆਂ ਰਾਹੀਂ ਵਿੱਤੀ ਸਾਖਰਤਾ, ਕਰਜ਼ਾ ਅਰਜ਼ੀਆਂ ਅਤੇ ਦਸਤਾਵੇਜ਼ੀ ਕਾਰਵਾਈ ਵਿੱਚ ਸਹਾਇਤਾ ਪ੍ਰਦਾਨ ਕਰਨ ਦੇ ਨਾਲ-ਨਾਲ ਬੈਂਕਾਂ ਨਾਲ ਤਾਲਮੇਲ ਕੀਤਾ ਜਾਂਦਾ ਹੈ। ਸਮੂਹ ਕਰਜ਼ੇ ਤੋਂ ਇਲਾਵਾ ਵਿਅਕਤੀਗਤ ਕਰਜ਼ਿਆਂ ਨੂੰ ਵੀ ਉਤਸ਼ਾਹਿਤ ਕੀਤਾ ਜਾਂਦਾ ਹੈ।

ਵਿੱਤੀ ਸਾਲ 2026-27 ਦੌਰਾਨ ਹੁਣ ਤੱਕ **9,115 SHGs ਨੂੰ ਲਗਭਗ ₹121.12 ਕਰੋੜ** ਦੇ ਕਰਜ਼ੇ ਵੰਡੇ ਗਏ ਹਨ। ਪਿਛਲੇ ਸਾਲਾਂ ਸਮੇਤ ਕੁੱਲ ਕਰਜ਼ਾ ਵੰਡ ਲਗਭਗ **₹891.29 ਕਰੋੜ** ਹੈ। ਇਸ ਤੋਂ ਇਲਾਵਾ, PSRLM ਅਧੀਨ ਯੋਗ SHGs ਨੂੰ ਰਿਵਾਲਵਿੰਗ ਫੰਡ (RF) ਵਜੋਂ **₹20,000 ਤੋਂ ₹30,000 ਤੱਕ** ਅਤੇ ਕਮਿਊਨਿਟੀ ਇਨਵੈਸਟਮੈਂਟ ਫੰਡ (CIF) ਵਜੋਂ ਲਗਭਗ **₹1.50 ਲੱਖ** ਦੀ ਵਿੱਤੀ ਸਹਾਇਤਾ ਵੀ ਪ੍ਰਦਾਨ ਕੀਤੀ ਜਾਂਦੀ ਹੈ।

ਇਸ ਤਰ੍ਹਾਂ, ਮੌਜੂਦਾ ਪ੍ਰਬੰਧ ਅਧੀਨ ਯੋਗ SHGs ਨੂੰ ਉਨ੍ਹਾਂ ਦੀਆਂ ਲੋੜਾਂ ਅਤੇ ਕਾਰਗੁਜ਼ਾਰੀ ਅਨੁਸਾਰ ਵੱਧ ਕਰਜ਼ਾ ਪ੍ਰਾਪਤ ਕਰਨ ਦੀ ਵਿਵਸਥਾ ਹੈ। ਕਰਜ਼ਾ ਸੀਮਾ ਵਿੱਚ ਹੋਰ ਵਾਧਾ ਲਾਗੂ RBI ਦਿਸ਼ਾ-ਨਿਰਦੇਸ਼ਾਂ ਅਤੇ ਸਬੰਧਤ ਬੈਂਕਾਂ ਦੀਆਂ ਸਮਰੱਥ ਅਥਾਰਟੀਆਂ ਦੇ ਫੈਸਲਿਆਂ ਅਨੁਸਾਰ ਹੋਵੇਗਾ।

**1140/Manika Rani**

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜਵਾਬ ਵਿੱਚ ਦੱਸਿਆ ਹੈ ਕਿ ਸਵੈ ਸਹਾਇਤਾ ਸਮੂਹਾਂ ਨੂੰ ਕਾਰੋਬਾਰ ਕਰਨ ਲਈ ਛੇ ਲੱਖ ਰੁਪਏ ਤੱਕ ਦਾ ਕਰਜ਼ਾ ਦਿੱਤਾ ਹੈ ਪਰੰਤੂ ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਤੁਹਾਡੇ ਡਿਪਾਰਟਮੈਂਟ ਦੇ ਧਿਆਨ ਵਿੱਚ ਹੈ ਕਿ ਸਵੈ ਸਹਾਇਤਾ ਸਮੂਹਾਂ ਦੇ ਮੈਂਬਰ ਬਹੁਤ ਵਧੀਆ ਢੰਗ ਨਾਲ ਹੱਥੀਂ ਕਾਰੋਬਾਰ ਕਰ ਰਹੇ ਹਨ। ਇਸ ਲਈ ਉਨ੍ਹਾਂ ਦੇ ਕਾਰੋਬਾਰ ਨੂੰ ਦੇਖਦੇ ਹੋਏ ਛੇ ਲੱਖ ਰੁਪਏ ਦੀ ਲਿਮਿਟ ਵਿੱਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਛੇ ਲੱਖ ਰੁਪਿਆ ਬਹੁਤ ਹੀ ਛੋਟੀ ਅਮਾਊਂਟ ਹੈ। ਸਪੀਕਰ ਸਾਹਿਬ, ਜਿਹੜੇ ਸਵੈ ਸਹਾਇਤਾ ਸਮੂਹਾਂ ਵਿੱਚ ਕਾਰੋਬਾਰ ਕਰ ਰਹੇ ਹਨ, ਜੇਕਰ ਉਨ੍ਹਾਂ ਦੀ ਕਰਜ਼ਾ ਲਿਮਿਟ ਵਿੱਚ ਵਾਧਾ ਹੋਵੇਗਾ ਤਾਂ ਉਹ ਹੋਰ ਵੀ ਮਜ਼ਬੂਤ ਹੋਣਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਡਿਪਾਰਟਮੈਂਟ ਇਨ੍ਹਾਂ ਸੈਲਫ ਹੈਲਪ ਗਰੁੱਪਾਂ ਲਈ ਕਰਜ਼ਾ ਲਿਮਿਟ ਵਧਾਉਣ ਲਈ ਕੋਈ ਹੋਰ ਪਰਪੋਜ਼ਲ ਬਣਾ ਰਿਹਾ ਹੈ ਜਾਂ ਨਹੀਂ?

**ਮਾਣਯੋਗ ਸਪੀਕਰ**: ਕੀ ਡਿਪਾਰਟਮੈਂਟ ਇਨ੍ਹਾਂ ਸੈਲਫ ਹੈਲਪ ਗਰੁੱਪਾਂ ਲਈ ਕੋਈ ਹੋਰ ਨਵੀਂ ਪਰਪੋਜ਼ਲ ਲਿਆ ਰਿਹਾ ਹੈ ਜਾਂ ਨਹੀਂ?

**ਮੰਤਰੀ**: ਸਪੀਕਰ ਸਾਹਿਬ, ਮੈਂ ਇਸ ਸਵਾਲ ਰਾਹੀਂ ਸਾਰੇ ਸਦਨ ਨੂੰ ਇੱਕ ਖੁਸ਼ਖ਼ਬਰੀ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਸੈਲਫ ਹੈਲਪ ਗਰੁੱਪ ਹਨ, ਜੋ ਕਿ ਪੀ.ਐਸ.ਆਰ.ਐਲ.ਐਮ. ਦੇ ਤਹਿਤ ਚੱਲ ਰਹੇ ਹਨ, ਉਨ੍ਹਾਂ ਲਈ ਅਸੀਂ ਇੱਕ ਹਿਸਟੌਰੀਕਲ ਰਿਕਾਰਡ ਕਾਇਮ ਕੀਤਾ ਹੈ। ਇਹ ਰਿਪੋਰਟ ਸਿਰਫ ਸਾਲ 2026-27 ਦੀ ਹੈ, ਜੋ ਮੈਂ ਸਦਨ ਨੂੰ ਦੱਸਣ ਜਾ ਰਿਹਾ ਹਾਂ। ਸਪੀਕਰ ਸਾਹਿਬ, 9115 ਐਸ.ਐਚ.ਜੀਜ ਨੂੰ ਲਗਭਗ ਹੁਣ ਤੱਕ 21.12 ਕਰੋੜ ਰੁਪਏ ਦਾ ਲੋਨ ਦਿੱਤਾ ਗਿਆ ਹੈ। ਇਹ ਕੰਮ ਸਿਰਫ ਤੇ ਸਿਰਫ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਾਲੀ ਸਰਕਾਰ ਸਦਕਾ ਹੀ ਹੋਇਆ ਹੈ। ਇਨ੍ਹਾਂ ਸੈਲਫ ਹੈਲਪ ਗਰੁੱਪਾਂ ਵਿੱਚ ਸਾਡੀਆਂ ਮਾਵਾਂ-ਭੈਣਾਂ ਬਹੁਤ ਹੀ ਵਧੀਆ ਕਾਰੋਬਾਰ ਕਰ ਰਹੀਆਂ ਹਨ। ਇਸ ਤੋਂ ਇਲਾਵਾ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚ ਸਖੀ ਸ਼ਕਤੀ ਮੇਲੇ ਵੀ ਕਰਵਾਏ ਗਏ ਹਨ। ਇਹ ਮੇਲੇ ਸਿਰਫ ਤੇ ਸਿਰਫ ਐਚ.ਐਚ.ਜੀਜ਼ ਨੂੰ ਪਰਮੋਟ ਕਰਨ ਲਈ ਕਰਵਾਏ ਗਏ ਹਨ। ਸਪੀਕਰ ਸਾਹਿਬ, ਸਵੈ ਸਹਾਇਤਾ ਗਰੁੱਪਾਂ ਦੀਆਂ ਸ਼ਾੱਪ ਦੇ ਆਊਟਲੈੱਟਸ ਓਪਨ ਕਰਵਾਏ ਜਾ ਰਹੇ ਹਨ। ਮੈਂ ਇਹ ਵੀ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਿਵਲ ਸਕੱਤਰੇਤ ਵਿਖੇ SHGs ਦੇ ਆਊਟਲੈੱਟ ਵੀ ਸਾਡੀ ਸਰਕਾਰ ਸਮੇਂ ਹੀ ਖੋਲ੍ਹਿਆ ਗਿਆ ਹੈ। ਮੈਂਬਰ ਸਾਹਿਬ ਨੇ ਸਵਾਲ ਪੁੱਛਿਆ ਹੈ ਕਿ ਇਨ੍ਹਾਂ ਨੂੰ ਕਰਜ਼ਾ ਕਿਸ ਕਰਾਈਟੇਰੀਏ ਦੇ ਹਿਸਾਬ ਨਾਲ ਮਿਲਣਾ ਚਾਹੀਦਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵਿੱਚ SHGs ਦਾ ਸਿੱਬਲ ਸਕੋਰ ਕਾਊਂਟ ਹੁੰਦਾ ਹੈ। ਇਹ ਵੀ ਦੇਖਿਆ ਜਾਂਦਾ ਹੈ ਕਿ ਇਨ੍ਹਾਂ ਗਰੁੱਪਾਂ ਵੱਲੋਂ ਕਿਸ-ਕਿਸ ਹਿਸਾਬ ਨਾਲ ਕਰਜ਼ਾ ਲਿਆ ਗਿਆ ਹੈ ਅਤੇ ਕਿਸ-ਕਿਸ ਤਰੀਕੇ ਵਾਪਸ ਕੀਤਾ ਗਿਆ ਹੈ। ਮੰਨ ਲਉ ਇੱਕ ਲੱਖ ਰੁਪਏ ਦਾ ਕਰਜ਼ਾ ਲਿਆ ਗਿਆ ਹੈ। ਜੇਕਰ ਇਹ ਕਰਜ਼ਾ ਟਾਈਮ ਰਹਿੰਦੇ ਵਾਪਸ ਕਰ ਦਿੱਤਾ ਜਾਂਦਾ ਹੈ ਤਾਂ

ਅਗਲੀ ਵਾਰ ਤਿੰਨ ਲੱਖ ਰੁਪਏ ਤੱਕ ਦਾ ਕਰਜ਼ਾ ਮਿਲ ਜਾਂਦਾ ਹੈ। ਜੇਕਰ ਉਹ ਤਿੰਨ ਲੱਖ ਰੁਪਏ ਨੂੰ ਵੀ ਵਧੀਆ ਸਮੇਂ ਸਿਰ ਵਾਪਸ ਕਰ ਦਿੰਦਾ ਹੈ ਤਾਂ ਉਸ ਤੋਂ ਵੱਧ ਅਮਾਊਂਟ ਦਾ ਕਰਜ਼ਾ ਮਿਲ ਜਾਂਦਾ ਹੈ। ਇਹ ਐਸ.ਐਚ.ਜੀ. ਦੇ ਵਧੀਆ ਪ੍ਰੋਫਾਰਮ ਤੇ ਡਿਪੈਂਡ ਕਰਦਾ ਹੈ। ਇਸ ਵਿੱਚ ਕੋਈ ਦੋ ਲੱਖ ਜਾਂ ਛੇ ਲੱਖ ਰੁਪਏ ਦੀ ਲਿਮਿਟ ਦੀ ਗੱਲ ਨਹੀਂ ਹੈ। ਜੇਕਰ ਕੋਈ SHGs ਵਧੀਆ ਕੰਮ ਕਰ ਰਹੀ ਹੈ, ਉਹ ਆਪਣਾ ਸਿੱਬਲ ਸਕੋਰ ਇਨਕਰੀਜ਼ ਕਰਕੇ ਜਾਂ ਗੁੱਡ ਕਰਕੇ ਕਰਜ਼ਾ ਲੈਣ ਦੀ ਹੱਕਦਾਰ ਹੈ।

**ਮਾਣਯੋਗ ਸਪੀਕਰ**: ਅਗਲਾ ਸਵਾਲ। ਸਰਦਾਰ ਜਗਰੂਪ ਸਿੰਘ ਗਿੱਲ

------

**ਜਨਤਾ ਨਗਰ, ਬਠਿੰਡਾ ਵਿਖੇ ਰੇਲਵੇ ਓਵਰਬ੍ਰਿਜ ਦੀ ਉਸਾਰੀ ਲਈ ਟੈਂਡਰ ਜਾਰੀ ਕਰਨਾ**

***2067. ਸਰਦਾਰ ਜਗਰੂਪ ਸਿੰਘ ਗਿੱਲ**: ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੂਨ, 2022 ਵਿੱਚ ਬਜਟ ਸੈਸ਼ਨ ਸਮੇਂ 86 ਕਰੋੜ ਰੁਪਏ ਬਠਿੰਡਾ ਦੇ ਮੁਲਤਾਨੀਆਂ ਰੋਡ ਅਤੇ ਜਨਤਾ ਨਗਰ ਦੇ ਰੇਲਵੇ ਓਵਰ ਬ੍ਰਿਜਾਂ ਲਈ ਮੰਜੂਰ ਕੀਤੇ ਗਏ ਸਨ, ਜਿਸ ਵਿੱਚੋਂ ਮੁਲਤਾਨੀਆਂ ਰੋਡ ਪੁਲ ਬਣ ਕੇ ਚਾਲੂ ਹੋ ਚੁੱਕਾ ਹੈ; ਪ੍ਰੰਤੂ ਜਨਤਾ ਨਗਰ ਰੇਲਵੇ ਓਵਰ ਬ੍ਰਿਜ਼ ਜਿਸ ਦੇ ਸਾਲ 2022 ਦੇ ਬਜਟ ਵਿੱਚ ਪੈਸੇ ਵੀ ਮੰਜੂਰ ਹੋ ਚੁੱਕੇ ਸਨ, ਦਾ ਅਜੇ ਤੱਕ ਟੈਂਡਰ ਨਹੀਂ ਕੀਤਾ ਗਿਆ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਸ ਦੇ ਟੈਂਡਰ ਲਾ ਕੇ ਕੰਮ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ?

**ਸਰਦਾਰ ਹਰਭਜਨ ਸਿੰਘ**: ਬਠਿੰਡਾ ਦੇ ਮੁਲਤਾਨੀਆਂ ਰੋਡ ਅਤੇ ਜਨਤਾ ਨਗਰ ਦੇ ਰੇਲਵੇ ਓਵਰਬ੍ਰਿਜਾਂ ਲਈ ਕੁੱਲ ਰੁਪਏ 86 ਕਰੋੜ ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ 2022 ਵਿੱਚ ਜਾਰੀ ਕੀਤੀ ਗਈ ਸੀ, ਜਿਸ ਵਿੱਚੋਂ ਮੁਲਤਾਨੀਆਂ ਬ੍ਰਿਜ ਦੀ ਉਸਾਰੀ ਦਾ ਕੰਮ ਮੁਕੰਮਲ ਕਰਕੇ ਟ੍ਰੈਫਿਕ ਚਾਲੂ ਕਰ ਦਿੱਤਾ ਗਿਆ ਹੈ। ਜਨਤਾ ਬ੍ਰਿਜ਼ ਦਾ ਕੰਮ ਭਾਰਤ ਸਰਕਾਰ ਦੇ ਜੰਗਲਾਤ ਮਹਿਕਮੇ ਅਤੇ ਰੇਲਵੇ ਵਿਭਾਗ ਤੋਂ ਲੋੜੀਂਦੀ ਮੰਨਜ਼ੂਰੀ/ਇਤਰਾਜਹੀਣਤਾਵਾਂ ਪ੍ਰਾਪਤ ਨਾ ਹੋਣ ਕਾਰਨ ਲਮਕ ਅਵਸਥਾ ਵਿੱਚ ਹੈ। ਇਸ ਕੰਮ ਲਈ ਵਣ ਵਿਭਾਗ ਨੂੰ 71 ਕਨਾਲਾਂ ਦੇ ਬਰਾਬਰ ਗੈਰ ਵਣ ਰਕਬਾ ਦਿੱਤਾ ਜਾਣਾ ਸੀ, ਜਿਸ ਵਿੱਚੋਂ 39 ਕਨਾਲ 12 ਮਰਲਾ ਜਮੀਨ ਪ੍ਰਾਂਤਕ ਮੰਡਲ, PWD, ਮਾਨਸਾ ਕੋਲ ਉਪਲਬੱਧ ਸੀ, ਜੋ ਵਣ ਵਿਭਾਗ ਨੂੰ ਟਰਾਂਸਫਰ ਕਰਨ ਲਈ ਢੁੱਕਵੀ ਪਾਈ ਗਈ ਸੀ, ਪ੍ਰੰਤੂ ਟਰਾਂਸਫਰ ਸਮੇਂ ਵਣ ਵਿਭਾਗ ਵੱਲੋਂ ਉਕਤ ਜਮੀਨ ਵਿੱਚੋਂ 14 ਕਨਾਲ ਜਮੀਨ ਨੂੰ ਅਢੁੱਕਵਾਂ ਕਰਾਰ ਕਰ ਦਿੱਤਾ ਗਿਆ ਅਤੇ ਸਿਰਫ 25 ਕਨਾਲ 12 ਮਰਲੇ ਜਮੀਨ ਹੀ ਟਰਾਂਸਫਰ ਲਈ ਢੁੱਕਵੀ ਪਾਈ ਗਈ। ਵਣ ਵਿਭਾਗ ਨਾਲ ਤਾਲਮੇਲ ਦੌਰਾਨ ਪੂਰੀ ਇਕ ਮੁਸ਼ਤ ਜਮੀਨ (71 ਕਨਾਲ) ਉਪਲਬੱਧ ਨਾ ਹੋਣ ਕਾਰਨ ਉਕਤ ਰਕਬੇ (25 ਕਨਾਲ 12 ਮਰਲੇ) ਨੂੰ ਵੀ ਛੱਡ ਕੇ ਲੁਧਿਆਣਾ ਦੇ ਮੱਤੇਵਾੜਾ ਵਿਖੇ ਉਪਲਬਧ ਜਮੀਨ ਵਿੱਚੋਂ 71 ਕਨਾਲਾਂ (8.87 ਏਕੜ) ਰਕਬਾ ਲੈਣ ਲਈ ਵਧੀਕ ਮੁੱਖ ਪ੍ਰਸ਼ਾਸ਼ਕ (ਏ.ਸੀ.ਏ), ਲੁਧਿਆਣਾ ਨੂੰ ਬੇਨਤੀ ਕੀਤੀ ਗਈ, ਜਿਸਦੇ ਸਨਮੁੱਖ ਉਹਨਾਂ ਵੱਲੋਂ ਮਈ 2026 ਵਿੱਚ ਉਕਤ ਜਗਾ ਉਪਲਬਧ ਕਰਵਾਉਣ ਲਈ ਲੋੜੀਂਦੀ ਰਾਸ਼ੀ ਬਾਬਤ ਰਕਮ 4.61 ਕਰੋੜ ਰੁਪਏ ਦੀ ਮੰਗ ਕੀਤੀ ਗਈ ਹੈ।

ਰੇਲਵੇ ਵਿਭਾਗ ਵੱਲੋਂ ਜਨਤਾ ਪੁੱਲ ਦੀ ਜੁਆਇੰਟ ਫਿਜ਼ੀਬਿਲਟੀ ਇੰਨਸਪੈਕਸ਼ਨ ਮਿਤੀ 13.10.2026 ਨੂੰ ਕੀਤੀ ਗਈ ਹੈ। GAD ਅਪਰੂਵ ਹੋਣ ਉਪਰੰਤ ਇਸ ਕੰਮ ਦਾ ਡਿਟੇਲਡ ਐਸਟੀਮੇਟ ਤਿਆਰ ਕੀਤਾ ਜਾਵੇਗਾ। ਮੰਨਜ਼ੂਰਸ਼ੁਦਾ GAD ਮੁਤਾਬਿਕ ਵਣ ਵਿਭਾਗ ਤੋਂ ਲੋੜੀਂਦੀ ਜ਼ਮੀਨ ਨੂੰ ਵੈਰੀਫਾਈ ਕਰਕੇ ਜੰਗਲਾਤ ਮਹਿਕਮੇ ਨੂੰ ਫੰਡਜ਼ ਜਮ੍ਹਾਂ ਕਰਵਾ ਦਿੱਤੇ ਜਾਣਗੇ ਅਤੇ ਟੈਂਡਰ ਲਗਾ ਕੇ ਕੰਮ ਕਰਵਾ ਦਿੱਤਾ ਜਾਵੇਗਾ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਜੇਕਰ ਤੁਹਾਡੀ ਇਜਾਜ਼ਤ ਹੋਵੇ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਕੋਲੋਂ ਤੁਸੀਂ 23 ਅਕਤੂਬਰ, 2026 ਵਾਲੇ ਦਿਨ ਆਦਮਪੁਰ ਸੜਕ ਤੇ ਪੁਲ ਦੇ ਨਿਰਮਾਣ ਵਾਸਤੇ ਸਟੇਟਸ ਰਿਪੋਰਟ ਮੰਗੀ ਸੀ। ਸਰ, ਮੈਂ ਰਿਪੋਰਟ ਲੈ ਕੇ ਆਇਆ ਹਾਂ। ਇਹ ਤਿੰਨ ਪੇਜ਼ਾਂ ਦੀ ਹੈ। ਜੇਕਰ ਤੁਸੀਂ ਕਹੋ ਤਾਂ ਮੈਂ ਪੜ੍ਹ ਦਿੰਦਾ ਹਾਂ ਜਾਂ ਤੁਹਾਡੇ ਕੋਲ ਕਾਪੀ ਭੇਜ ਦਿੰਦਾ ਹਾਂ।

**ਮਾਣਯੋਗ ਸਪੀਕਰ**: ਇਹ ਜ਼ੀਰੋ ਆਵਰ ਵਿੱਚ ਪੜ੍ਹ ਦੇਣਾ ਜੀ। ਹੁਣ ਆਪਾਂ ਕੁਐਚਸਨ ਪੂਰੇ ਕਰ ਲਈਏ। ਹੁਣ ਤੁਸੀਂ ਗਿੱਲ ਸਾਹਿਬ ਦੇ ਪ੍ਰਸ਼ਨ ਦਾ ਜਵਾਬ ਦੇ ਦਿਉ।

**ਮੰਤਰੀ**: ਠੀਕ ਹੈ ਜੀ। ਸਪੀਕਰ ਸਾਹਿਬ, ਮੈਂਬਰ ਸਾਹਿਬ ਕੋਲ ਜਵਾਬ ਚਲਾ ਗਿਆ ਹੈ। ਜੇਕਰ ਇਨ੍ਹਾਂ ਦੀ ਕੋਈ ਸਪਲੀਮੈਂਟਰੀ ਹੈ ਤਾਂ ਉਹ ਕਰ ਲੈਣ ਜੀ।

**ਮਾਣਯੋਗ ਸਪੀਕਰ**: ਗਿੱਲ ਸਾਹਿਬ, ਮੈਨੂੰ ਆਸ ਹੈ ਕਿ ਇਨ੍ਹਾਂ ਨੇ ਤੁਹਾਨੂੰ ਜਵਾਬ ਨਹੀਂ ਦਿੱਤਾ ਹੋਵੇਗਾ।

**ਸਰਦਾਰ ਜਗਰੂਪ ਸਿੰਘ ਗਿੱਲ**: ਸਰ, ਜਵਾਬ ਦੇ ਦਿੱਤਾ ਹੈ ਪਰ ਮੈਂ ਸਪਲੀਮੈਂਟਰੀ ਕਰਨੀ ਹੈ। ਸਭ ਤੋਂ ਪਹਿਲਾਂ ਮੈਂ ਮੁੱਖ ਮੰਤਰੀ ਸਾਹਿਬ ਅਤੇ ਫਾਈਨਾਂਸ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਸਾਲ 2022 ਦੇ ਪਹਿਲੇ ਬਜਟ ਸੈਸ਼ਨ ਦੌਰਾਨ 88.94 ਲੱਖ ਰੁਪਏ ਦੋ ਪੁਲਾਂ ਵਾਸਤੇ ਮਨਜ਼ੂਰ ਕੀਤਾ ਗਿਆ ਸੀ। ਇਹ ਜਨਤਾ ਨਗਰ ਅਤੇ ਮੁਲਤਾਨੀਆ ਰੋਡ ਵਾਲੇ ਪੁਲ ਸਨ। ਮੁਲਤਾਨੀਆ ਰੋਡ ਦਾ ਉਦਘਾਟਨ ਕਰ ਦਿੱਤਾ ਗਿਆ ਹੈ ਪਰ ਜਿਹੜਾ ਜਨਤਾ ਨਗਰ ਓਵਰਬ੍ਰਿਜ ਹੈ, ਇਹ ਅੱਜ ਤੱਕ ਮੁਕੰਮਲ ਨਹੀਂ ਹੋਇਆ ਹੈ। ਸਪੀਕਰ ਸਾਹਿਬ, ਸਾਲ 2022 ਦਾ ਪੈਸਾ ਸੈਂਕਸ਼ਨ ਹੋਇਆ ਪਿਆ ਹੈ ਪਰੰਤੂ ਹਾਲੇ ਸਿਰਫ ਡੀ.ਪੀ.ਆਰ. ਤੱਕ ਹੀ ਪਹੁੰਚੇ ਹਾਂ। ਇਸ ਨਾਲ ਸਰਕਾਰ ਦੀ ਇਨਐਫਸੈਂਸੀ ਤੇ ਪ੍ਰਭਾਵ ਪੈਂਦਾ ਹੈ ਕਿ ਪੈਸਾ ਸੈਂਕਸ਼ਨ ਹੋਇਆ ਪਿਆ ਹੈ ਪਰ ਅਸੀਂ ਪੁਲ ਦੇ ਟੈਂਡਰ ਚਾਲੂ ਨਹੀਂ ਕਰਵਾ ਸਕੇ ਅਰ ਸਿਰਫ ਡੀ.ਪੀ.ਆਰ. ਪੱਧਰ ਤੱਕ ਹੀ ਪਹੁੰਚ ਸਕੇ ਹਾਂ। ਇਸ ਤੋਂ ਇਲਾਵਾ ਜਿਹੜੀਆਂ ਮਨਜ਼ੂਰੀਆਂ ਆਉਣੀਆਂ ਸਨ, ਉਹ ਪੰਜਾਬ ਸਰਕਾਰ ਦੇ ਅਦਾਰੇ ਫਾਰੈਸਟ ਡਿਪਾਰਟਮੈਂਟ ਤੋਂ ਹੀ ਆਉਣੀਆਂ ਸਨ, ਉਸ ਵਿੱਚ ਅਸੀਂ ਮਨਜ਼ੂਰੀਆਂ ਨਹੀਂ ਪ੍ਰਾਪਤ ਕਰ ਸਕੇ ਹਾਂ ਅਤੇ ਹੁਣ ਰੇਲਵੇ ਵਿਭਾਗ ਨੂੰ ਮਨਜ਼ੂਰੀਆਂ ਵਾਸਤੇ ਕਹਿ ਰਹੇ ਹਾਂ। ਇਸ ਤੋਂ ਇਲਾਵਾ ਫਾਰੈਸਟ ਡਿਪਾਰਟਮੈਂਟ ਲਈ 4.61 ਰੁਪਏ ਦੀ ਮੰਗ ਕੀਤੀ ਗਈ ਹੈ, ਜਿਹੜਾ ਕਿ ਹਾਲੇ ਭੇਜਣਾ ਹੈ। ਇਸ ਦੀ ਡਿਟੇਲਡ ਪ੍ਰਜੈਕਟ ਰਿਪੋਰਟ ਉਸ ਤੋਂ ਬਾਅਦ ਬਣੇਗੀ ਅਤੇ ਫਿਰ ਟੈਂਡਰ ਪ੍ਰਾਸੈਸ ਸ਼ੁਰੂ ਹੋਵੇਗਾ। ਪੰਜ ਸਾਲਾਂ ਦਾ ਸਮਾਂ ਬੀਤ ਚੁੱਕਿਆ ਹੈ ਅਤੇ ਹੁਣ ਸਿਰਫ ਮਹੀਨੇ ਚਾਰ ਦਾ ਹੀ ਸਮਾਂ ਰਹਿ ਗਿਆ ਹੈ।

**1145/Gurpreet kaur**

ਪੰਜ ਸਾਲਾਂ ਵਿੱਚ ਪੁਲ ਬਣ ਕੇ ਚੱਲ ਪੈਣਾ ਸੀ ਜਿਸ ਦਾ ਲੋਕਾਂ ਵਿੱਚ ਪ੍ਰਭਾਵ ਵੀ ਜਾਣਾ ਸੀ। ਮੈਨੂੰ ਇਹ ਸਵਾਲ ਸਦਨ ਵਿੱਚ ਇਸ ਕਰਕੇ ਉਠਾਉਣਾ ਪਿਆ ਕਿਉਂਕਿ ਮੈਂ ਇਨ੍ਹਾਂ ਕੰਮਾਂ ਕਰਕੇ ਟੇਬਲ ਟੂ ਟੇਬਲ ਫਿਰਦਾ ਰਿਹਾ ਹਾਂ। ਭਾਵੇਂ ਉਹ ਫੌਰੈਸਟ ਡਿਪਾਰਟਮੈਂਟ ਹੋਵੇ, ਭਾਵੇਂ ਡਿਪਟੀ ਕਮਿਸ਼ਨਰ, ਬਠਿੰਡਾ ਦਾ ਦਫਤਰ ਹੋਵੇ, ਭਾਵੇਂ ਪੀ.ਡਬਲਿਊ.ਡੀ. ਮਹਿਕਮਾ ਹੋਵੇ। ਮੈਂ ਇਸ ਸਬੰਧੀ ਵਿੱਚ ਮੰਤਰੀ ਜੀ ਨੂੰ ਵੀ ਮਿਲਿਆ ਹਾਂ। ਇੰਨੀ ਦੇਰੀ ਲੋਕਾਂ ਵਿੱਚ ਵੀ ਸ਼ੰਕੇ ਪੈਦਾ ਕਰਦੀ ਹੈ ਕਿ ਸਰਕਾਰ ਦਾ ਐਡਮਨਿਸਟ੍ਰੇਸ਼ਨ ਤੇ ਗਰਿੱਪ ਕਾਫੀ ਕਮਜ਼ੋਰ ਹੈ ਜੋ ਹਾਲੇ ਤੱਕ ਇਹ ਪੁਲ ਨਹੀਂ ਬਣਾਇਆ ਜਾ ਸਕਿਆ। ਮੈਂ ਇਸ ਦੀ ਉਦਾਹਰਣ ਵੀ ਦੇਣੀ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਤੁਸੀਂ ਸਵਾਲ ਪੁੱਛ ਲਵੋ ਜੀ। ਤੁਹਾਨੂੰ ਕਾਰਨ ਚਾਹੀਦਾ ਹੈ?

**ਸਰਦਾਰ ਜਗਰੂਪ ਸਿੰਘ ਗਿੱਲ**: ਇਹ ਸਵਾਲ ਹੀ ਹੈ। ਇਸ ਦੇ ਉੱਤੇ ਹੀ ਕਾਰਨ ਆਵੇਗਾ। ਮੈਂ ਜਲ ਸਰੋਤ ਮੰਤਰੀ ਜੀ ਨੂੰ ਮਿਲਿਆ ਸੀ। ਸਾਡੇ ਇੱਕ 88 ਲੱਖ ਰੁਪਏ ਦਾ ਪੁਲ ਮਨਜ਼ੂਰ ਹੋ ਕੇ ਟੈਂਡਰ ਹੋ ਕੇ ਉਸ ਦਾ ਮੈਟੀਰੀਅਲ ਵੀ ਸੁੱਟ ਦਿੱਤਾ ਗਿਆ ਸੀ। ਫਿਰ ਹਫਤੇ ਬਾਅਦ ਉੱਥੋਂ ਮੈਟੀਰੀਅਲ ਵਾਪਿਸ ਚੁੱਕ ਲਿਆ ਗਿਆ। ਮੈਂ ਮੰਤਰੀ ਸਾਹਿਬ ਦੇ ਘਰ ਜਾ ਕੇ ਮੰਤਰੀ ਸਾਹਿਬ ਨੂੰ ਬੇਨਤੀ ਵੀ ਕੀਤੀ। ਫਿਰ ਇਨ੍ਹਾ ਨੇ ਐਕਸੀਅਨ ਨੂੰ ਕਿਹਾ। ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਇਸ ਨਵੰਬਰ ਵਿੱਚ ਅਸੀਂ ਪੁਲ ਚਾਲੂ ਕਰਾਂਗੇ। ਮੈਂ ਇੱਥੇ ਦੱਸਣਾ ਚਾਹੁੰਦਾ ਹਾਂ ਕਿ ਐਕਸੀਅਨ, ਬਠਿੰਡਾ ਨੇ ਜਵਾਬ ਦਿੱਤਾ ਕਿ ਨਵੰਬਰ ਵਿੱਚ ਪੁਲ ਚਾਲੂ ਕਰਾਂਗੇ ਪਰ ਜੂਨ ਵਿੱਚ ਉਸ ਦੇ ਟੈਂਡਰ ਕੈਂਸਲ ਕਰਕੇ ਠੇਕੇਦਾਰ ਦੀ ਸਕਿਓਰਟੀ ਵਾਪਿਸ ਮੁੜ ਗਈ। ਮੈਂ ਇਹੀ ਬੇਨਤੀ ਕਰਦਾ ਹਾਂ ਕਿ ਦੁਬਾਰਾ ਕੋਈ ਅਜਿਹੀ ਗੱਲ ਨਾ ਹੋਵੇ। ਜੋ ਪੁਲ ਲਈ 50 ਕਰੋੜ ਰੁਪਿਆ ਸੈਂਕਸ਼ਨ ਹੋਇਆ ਹੈ ਇਸ ਤੇ 33 ਫੁੱਟ ਰੋਡ ਬਣਨੀ ਹੈ। ਇਹ ਨਾ ਹੋਵੇ ਕਿ ਇਹ ਫੰਡ ਵੀ ਇਸੇ ਤਰ੍ਹਾਂ ਹੀ ਵਾਪਿਸ ਚਲੇ ਜਾਣ। ਮੈਨੂੰ ਇੱਥੇ ਦੱਸਿਆ ਜਾਵੇ ਕਿ ਕਿੰਨੀ ਦੇਰ ਵਿੱਚ ਇਸ ਦੇ ਟੈਂਡਰ ਕਰ ਦਿੱਤੇ ਜਾਣਗੇ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ ਕਿ ਇਨ੍ਹਾਂ ਦੇ ਹਲਕੇ ਵਿੱਚ ਦੋ ਬਰਿੱਜ ਮੁਲਤਾਨੀਆ ਰੋਡ ਅਤੇ ਜਨਤਾ ਨਗਰ ਬਣਾਉਣ ਦੀ ਮਨਜ਼ੂਰੀ ਦਿੱਤੀ ਗਈ ਸੀ ਜਿਸ ਵਿੱਚੋਂ ਮੁਲਤਾਨੀਆ ਰੋਡ ਵਾਲਾ ਪੁਲ ਪੂਰੀ ਤਰ੍ਹਾਂ ਬਣ ਕੇ ਤਿਆਰ ਹੋ ਗਿਆ ਹੈ ਕਿਉਂਕਿ ਉਸ ਵਿੱਚ ਕੋਈ ਰੁਕਾਵਟ ਨਹੀਂ ਪਈ। ਸਰ, ਜਿਹੜਾ ਜਨਤਾ ਨਗਰ ਵਾਲਾ ਬਰਿੱਜ ਰੁਕਿਆ ਪਿਆ ਹੈ, ਉਸ ਵਿੱਚ 71 ਕੈਨਾਲ ਦੇ ਬਰਾਬਰ ਗੈਰ ਵਣ ਰਕਬਾ ਵਣ ਵਿਭਾਗ ਨੂੰ ਦਿੱਤਾ ਜਾਣਾ ਸੀ। ਸਰ, ਸਾਡੇ ਕੋਲ 39 ਕਨਾਲ 17 ਮਰਲੇ ਪੀ.ਡਬਲਿਊ.ਡੀ. ਦੀ ਜ਼ਮੀਨ ਸੀ। ਉਹ ਜ਼ਮੀਨ ਦੇ ਦਿੱਤੀ ਗਈ ਕਿ ਤੁਸੀਂ ਪੀ.ਡਬਲਿਊ.ਡੀ. ਦੀ ਜ਼ਮੀਨ ਲੈ ਲਵੋ। ਉਨ੍ਹਾਂ ਵੱਲੋਂ ਉਸ ਵਿੱਚੋਂ 14 ਕੈਨਾਲ ਜ਼ਮੀਨ ਰਿਜੈਕਟ ਕਰ ਦਿੱਤੀ ਗਈ ਕਿ ਇਹ ਵਣ ਵਿਭਾਗ ਵਾਸਤੇ ਢੁੱਕਵੀਂ ਨਹੀਂ ਹੈ। ਫਿਰ ਅਸੀਂ 25 ਕੈਨਾਲ ਜ਼ਮੀਨ ਦੇਣ ਦੀ ਗੱਲ ਕਹੀ। ਫਿਰ ਉਨ੍ਹਾਂ ਵੱਲੋਂ ਕਿਹਾ ਗਿਆ ਕਿ ਸਾਨੂੰ ਇੱਕ ਹੀ ਜਗ੍ਹਾ ਤੇ 71 ਕੈਨਾਲ ਜ਼ਮੀਨ ਚਾਹੀਦੀ ਹੈ। ਅਸੀਂ ਇਸ ਦਾ ਪ੍ਰਬੰਧ ਕਰਕੇ ਲੁਧਿਆਣਾ ਜ਼ਿਲ੍ਹੇ ਦੇ ਮੱਤੇਵਾੜਾ ਵਿੱਚ 71 ਕੈਨਾਲ ਜ਼ਮੀਨ ਉਪਲਬਧ ਕਰਵਾ ਦਿੱਤੀ ਗਈ। ਇਹ ਮਨਜ਼ੂਰੀ ਕੇਂਦਰ ਸਰਕਾਰ ਦੇ ਵਣ ਵਿਭਾਗ ਵੱਲੋਂ ਦਿੱਤੀ ਜਾਣੀ ਹੁੰਦੀ ਹੈ। ਇਹ ਮਨਜ਼ੂਰੀ ਪੰਜਾਬ ਸਰਕਾਰ ਦੇ ਵਣ ਵਿਭਾਗ ਵੱਲੋਂ ਨਹੀਂ ਦਿੱਤੀ ਜਾਂਦੀ। ਉਨ੍ਹਾਂ ਵੱਲੋਂ 12-05-2026 ਨੂੰ 04 ਕਰੋੜ 61 ਲੱਖ ਰੁਪਏ ਦੀ ਡਿਮਾਂਡ ਕੀਤੀ ਗਈ। ਅਸੀਂ ਉਹ ਰਕਮ ਵੀ ਟ੍ਰਾਂਸਫਰ ਕਰ ਰਹੇ ਹਾਂ। ਬਾਕੀ ਰੇਲਵੇ ਵਿਭਾਗ ਨਾਲ 13 ਅਕਤੂਬਰ 2026 ਨੂੰ ਜੁਆਇੰਟ

ਫਿਜ਼ੀਬਿਲਟੀ ਇੰਸਪੈਕਸ਼ਨ ਹੋ ਚੁੱਕੀ ਹੈ। ਜਨਰਲ ਅਰੇਂਜਮੈਂਟ ਡਰਾਇੰਗ ਵੀ ਅਪਰੂਵ ਹੋ ਰਹੀ ਹੈ। ਇਸ ਵਿੱਚ ਰੇਲਵੇ ਵਿਭਾਗ ਅਤੇ ਵਣ ਵਿਭਾਗ ਵੀ ਇਨਵਾਲਵ ਹੈ। 13 ਅਕਤੂਬਰ ਨੂੰ ਜੋ ਫਿਜ਼ੀਬਿਲਟੀ ਹੋਈ ਹੈ ਉਸ ਵਿੱਚ ਸਾਰੀ ਕਾਰਵਾਈ ਪੂਰੀ ਕਰਕੇ ਇਸ ਦਾ ਟੈਂਡਰ ਲਗਾਉਣ ਜਾ ਰਹੇ ਹਾਂ। ਜਿਸ ਦਿਨ ਵਣ ਵਿਭਾਗ ਅਤੇ ਰੇਲਵੇ ਵਿਭਾਗ ਵੱਲੋਂ ਪੂਰੀ ਮਨਜ਼ੂਰੀ ਮਿਲ ਜਾਵੇਗੀ ਤਾਂ ਇਮੀਜੇਟਲੀ ਟੈਂਡਰ ਲਗਵਾ ਕੇ ਕੰਮ ਕਰਵਾ ਦਿੱਤਾ ਜਾਵੇਗਾ।

**ਮਾਣਯੋਗ ਸਪੀਕਰ**: ਹਾਂ ਜੀ, ਗਿੱਲ ਸਾਹਿਬ, ਠੀਕ ਹੈ ਜੀ?

**ਸਰਦਾਰ ਜਗਰੂਪ ਸਿੰਘ ਗਿੱਲ**: ਸਰ, ਮੇਰੀ ਤਾਂ ਇੱਕ ਹੀ ਬੇਨਤੀ ਹੈ ਕਿ ਇਹ ਗੱਲ ਠੀਕ ਹੈ ਕਿ ਕੇਂਦਰ ਸਰਕਾਰ ਦੇ ਵਣ ਵਿਭਾਗ ਵੱਲੋਂ ਮਨਜ਼ੂਰੀ ਦਿੱਤੀ ਜਾਂਦੀ ਹੈ। ਉਹ ਵੀ ਤਾਂ ਹੀ ਮਨਜ਼ੂਰ ਕਰਨਗੇ ਜੇਕਰ ਪੰਜਾਬ ਸਰਕਾਰ ਦੇ ਵਣ ਵਿਭਾਗ ਵੱਲੋਂ ਜ਼ਮੀਨ ਦਿੱਤੀ ਜਾਵੇਗੀ। ਮੇਰੀ ਤਾਂ ਇਹੀ ਬੇਨਤੀ ਹੈ ਕਿ ਜਿਹੜੇ ਵੀ ਵਿਭਾਗ ਹਨ, ਤੁਸੀਂ ਐਜ਼ ਅ ਮਨਿਸਟਰ ਕੁਲੈਕਟਿਵ ਰਿਸਪਾਂਸੀਬਿਲਟੀ ਸਭ ਨੂੰ ਬੁਲਾ ਕੇ ਇਸ ਦਾ ਕੋਈ ਫੈਸਲਾ ਕੀਤਾ ਜਾਵੇ ਤਾਂ ਕਿ ਇਹ ਪ੍ਰਜੈਕਟ ਅੱਗੇ ਵਧ ਸਕੇ।

**ਮਾਣਯੋਗ ਸਪੀਕਰ**: ਵੈਸੇ ਮੰਤਰੀ ਜੀ, ਫਾਰੈਸਟ ਵੱਲੋਂ ਕਾਫੀ ਪ੍ਰੋਜੈਕਟ ਡਿਲੇਟ ਹੁੰਦੇ ਹਨ। ਇਸ ਨੂੰ ਐਕਸਪੀਪਡਾਈਟ ਕਰਨ ਦਾ ਕੋਈ ਸਿਸਟਮ ਜ਼ਰੂਰ ਬਣਾਇਆ ਜਾਵੇ। ਨਿੱਜਰ ਸਾਹਿਬ, ਕੁਝ ਕਹਿਣਾ ਚਾਹੁੰਦੇ ਹਨ।

**ਡਾਕਟਰ ਇੰਦਰਬੀਰ ਸਿੰਘ ਨਿੱਜਰ**: ਸਰ, ਮੈਂ ਤਾਂ ਮੰਤਰੀ ਸਾਹਿਬ ਦਾ ਧੰਨਵਾਦ ਹੀ ਕਰਨਾ ਸੀ ਕਿ ਮੇਰੇ ਹਲਕੇ ਵਿੱਚ ਇਨ੍ਹਾਂ ਵੱਲੋਂ ਤਿੰਨ ਟਾਵਰ ਬਣਾਏ ਹਨ, ਇੱਕ ਨਿਊ ਅੰਮ੍ਰਿਤਸਰ, ਦੂਜਾ ਸੁਲਤਾਨਵਿੰਡ ਨਹਿਰ ਤੇ ਅਤੇ ਇੱਕ ਜਿਹੜੀ ਸੜਕ ਝਬਾਲ ਨੂੰ ਜਾਂਦੀ ਹੈ ਉਸ ਤੇ ਲੱਗਾ ਹੈ। ਮੈਂ ਮੰਤਰੀ ਸਾਹਿਬ ਦਾ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਇਨ੍ਹਾਂ ਨੇ ਪਰਮਿਸ਼ਨਾਂ ਲੈ ਕੇ ਬਹੁਤ ਸਪੀਡ ਨਾਲ ਟਾਵਰ ਬਣਾਏ ਹਨ।

**ਮਾਣਯੋਗ ਸਪੀਕਰ**: ਉਹੀ ਮੰਤਰ ਗਿੱਲ ਸਾਹਿਬ ਨੂੰ ਵੀ ਦੱਸ ਦੇਣਾ ਸੀ।

**ਮੰਤਰੀ**: ਸਰ, ਸਾਡੇ ਵੱਲੋਂ ਕੋਈ ਵੀ ਪ੍ਰਾਬਲਮ ਨਹੀਂ ਹੈ। ਪੰਜਾਬ ਸਰਕਾਰ ਵੱਲੋਂ ਪੈਸੇ ਦਿੱਤੇ ਹੋਏ ਹਨ।

**1150/Rajneet Kaur**

**ਮੰਤਰੀ** : ਸਰ, ਸਾਡੇ ਵੱਲੋਂ ਕੋਈ ਵੀ ਪ੍ਰਾਬਲਮ ਨਹੀਂ ਹੈ, ਪੰਜਾਬ ਸਰਕਾਰ ਨੇ ਪੈਸੇ ਦਿੱਤੇ ਹੋਏ ਹਨ। ਸਾਨੂੰ ਕੇਂਦਰ ਸਰਕਾਰ ਦੇ ਜੰਗਲਾਤ ਵਿਭਾਗ ਦੀ ਅਤੇ ਰੇਲਵੇ ਵਿਭਾਗ ਦੀ ਮਨਜ਼ੂਰੀ ਨਹੀਂ ਮਿਲ ਰਹੀ ਹੈ। ਮੈਂ ਇਸ ਹਾਊਸ ਵਿੱਚ ਸਪੱਸ਼ਟ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਬਹੁਤ ਖਰਾਬ ਕੀਤਾ ਜਾ ਰਿਹਾ ਹੈ। ਜਦਕਿ ਅਸੀਂ 71 ਕਨਾਲ ਜਗ੍ਹਾ ਵੀ ਮੱਤੇਵਾੜਾ ਵਿੱਚ ਦੇ ਦਿੱਤੀ ਹੈ। ਦੂਸਰਾ, ਇਨ੍ਹਾਂ ਦਾ ਮੁਲਤਾਨੀਆ ਰੋਡ ਦਾ ਮਸਲਾ ਹੈ, ਸਾਨੂੰ ਇਸ ਵਿੱਚ ਕੋਈ ਵੀ ਪ੍ਰਾਬਲਮ ਨਹੀਂ ਆਈ ਕਿਉਂਕਿ ਉਸ ਦੇ ਲਈ ਸਾਨੂੰ ਕੋਈ ਮਨਜ਼ੂਰੀ ਲੈਣ ਦੀ ਜ਼ਰੂਰਤ ਨਹੀਂ ਸੀ। ਇਹ ਪੁਲ ਨਿਰਧਾਰਤ ਸਮੇਂ ਤੇ ਬਣਾ ਦਿੱਤਾ ਗਿਆ ਸੀ। ਜਿਸ ਪੁਲ ਦੀ ਪ੍ਰਾਬਲਮ ਆਈ ਹੈ, ਉਹ ਅਸੀਂ ਇਸ ਹਾਊਸ ਦੇ ਸਾਹਮਣੇ

ਰੱਖ ਦਿੱਤੀ ਹੈ। ਇਸ ਨੂੰ ਵੀ ਅਸੀਂ ਬਹੁਤ ਜਲਦ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਸ ਲਈ ਮਿਤੀ 13 ਅਕਤੂਬਰ ਨੂੰ ਇਸ ਦੀ ਜੁਆਇੰਟ ਫਿਜ਼ੀਬਿਲਟੀ ਚੈੱਕ ਕਰਵਾਈ ਜਾ ਚੁੱਕੀ ਹੈ।

**ਮਾਣਯੋਗ ਸਪੀਕਰ :** ਵੈਸੇ, ਇਹ ਤੁਹਾਡੀ ਗੱਲ ਠੀਕ ਹੈ ਕਿ ਫਾਰੈਸਟ ਡਿਪਾਰਟਮੈਂਟ ਔਰ ਰੇਲਵੇ ਡਿਪਾਰਟਮੈਂਟ ਕਈ ਵਾਰ ਐਸੇ ਸਟੈੱਪ ਲੈ ਲੈਂਦਾ ਹੈ ਜਿਸ ਨਾਲ ਆਮ ਲੋਕਾਂ ਨੂੰ ਬੜੀ ਤਕਲੀਫ ਹੁੰਦੀ ਹੈ। ਮੈਂ ਕੋਟਕਪੂਰੇ ਸ਼ਹਿਰ ਦੇ ਵਿੱਚ ਅਤੇ ਹੋਰ ਵੀ ਕਈ ਸ਼ਹਿਰਾਂ ਵਿੱਚ ਦੇਖਿਆ ਹੈ ਕਿ ਇਨ੍ਹਾਂ ਨੇ ਰੇਲਵੇ ਲਾਈਨ ਦੇ ਕਿਨਾਰੇ ਤੇ ਵੱਡੇ ਵੱਡੇ ਖੰਭੇ ਗੱਡ ਦਿੱਤੇ ਹਨ, ਇਨ੍ਹਾਂ ਦਾ ਫਾਇਦਾ ਕੋਈ ਨਹੀਂ ਹੈ, ਇਸ ਨਾਲ ਰਸਤੇ ਬੰਦ ਕਰ ਦਿੱਤੇ ਹਨ। ਸਾਡੇ ਉੱਥੇ ਅਗਰਵਾਲ ਧਰਮਸ਼ਾਲਾ ਹੈ, ਉਸ ਵਿੱਚ ਗਰੀਬ ਲੋਕ ਆਪਣੇ ਫੰਕਸ਼ਨ ਕਰਦੇ ਸਨ। ਜਿਹੜੀ ਰੇਲਵੇ ਦੀ ਖੁੱਲ੍ਹੀ ਜ਼ਮੀਨ ਪਈ ਹੈ, ਉੱਥੇ ਪਾਰਕਿੰਗ ਕਰ ਲੈਂਦੇ ਸਨ, ਉਸ ਨੂੰ ਨਾ ਤਾਂ ਕੋਈ ਯੂਜ਼ ਕਰ ਰਿਹਾ ਹੈ। ਇਹ ਸਿਰਫ ਤੇ ਸਿਰਫ ਪੰਜਾਬੀਆਂ ਨੂੰ ਤੰਗ ਕਰਨ ਲਈ ਕੰਮ ਕੀਤਾ ਹੈ। ਮੈਂ ਇਸ ਮੰਚ ਦੇ ਜ਼ਰੀਏ ਕੇਂਦਰ ਦੇ ਰੇਲਵੇ ਵਿਭਾਗ ਨੂੰ ਬੇਨਤੀ ਕਰਦਾ ਹਾਂ ਕਿ ਸਾਡੀ ਜ਼ਿੰਦਗੀ ਸੌਖੀ ਕਰਨ ਵਿੱਚ ਮਦਦ ਕਰੋ, ਪੰਜਾਬ ਨੇ ਦੇਸ਼ ਲਈ ਬਹੁਤ ਕੁਝ ਕੀਤਾ ਹੈ ਔਰ ਕਰਦੇ ਵੀ ਰਹਾਂਗੇ। ਠੀਕ ਹੈ ਮੰਤਰੀ ਜੀ, ਥੈਂਕ ਯੂ।

------

**ਨਗਰ ਕੌਂਸਲ ਕੋਟਫੱਤਾ ਨੂੰ ਦਿੱਤੀ ਜਾਣ ਵਾਲੀ ਗ੍ਰਾਂਟ ਵਿੱਚ ਵਾਧਾ ਕਰਨਾ**

***2062. ਸ੍ਰੀ ਅਮਿਤ ਰਤਨ ਕੋਟਫੱਤਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਪੰਜਾਬ ਸਰਕਾਰ ਵੱਲੋਂ ਨਗਰ ਕੌਂਸਲ ਕੋਟਫੱਤਾ ਨੂੰ ਵੈਟ/ਜੀ.ਐੱਸ.ਟੀ. (VAT/GST) ਦੇ ਹਿੱਸੇ ਵਜੋਂ ਮੌਜੂਦਾ ਸਮੇਂ ਵਿੱਚ ਮਹੀਨਾਵਾਰ ਕਿੰਨੀ ਰਾਸ਼ੀ ਦਿੱਤੀ ਜਾ ਰਹੀ ਹੈ, ਅਤੇ ਇਸ ਰਾਸ਼ੀ ਦਾ (ਹਿਸਾਬ-ਕਿਤਾਬ) ਕਰਨ ਲਈ ਕੀ ਮਾਪਦੰਡ ਨਿਰਧਾਰਿਤ ਕੀਤੇ ਗਏ ਹਨ;

ਅ) ਕੀ ਇਹ ਠੀਕ ਹੈ ਕਿ 10,000 ਤੋਂ ਵੱਧ ਆਬਾਦੀ ਅਤੇ 20 ਵਰਗ ਕਿਲੋਮੀਟਰ ਤੋਂ ਵੱਧ ਖੇਤਰਫਲ ਹੋਣ ਦੇ ਬਾਵਜੂਦ ਨਗਰ ਕੌਂਸਲ ਕੋਟਫੱਤਾ ਨੂੰ ਲਗਭਗ ₹20,000 ਪ੍ਰਤੀ ਮਹੀਨਾ ਹੀ ਪ੍ਰਾਪਤ ਹੋ ਰਹੇ ਹਨ;

ੲ) ਕੀ ਸਰਕਾਰ ਨਗਰ ਕੌਂਸਲ ਕੋਟਫੱਤਾ ਦੀ ਆਬਾਦੀ, ਭੂਗੋਲਿਕ ਖੇਤਰ, ਕਰਮਚਾਰੀਆਂ ਦੀਆਂ ਤਨਖਾਹਾਂ, ਬਿਜਲੀ ਦੇ ਬਿਲਾਂ ਅਤੇ ਹੋਰ ਜ਼ਰੂਰੀ ਖਰਚਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਦੀ ਮਹੀਨਾਵਾਰ ਗ੍ਰਾਂਟ/ਅਲਾਟਮੈਂਟ ਨੂੰ ਵਧਾਉਣ ਦੀ ਤਜਵੀਜ਼ ਰੱਖਦੀ ਹੈ; ਜੇਕਰ ਹਾਂ, ਤਾਂ ਕਦੋਂ ਤੱਕ ਅਤੇ ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਨ ਹਨ;

ਸ) ਕੀ ਸਰਕਾਰ ਕੋਈ ਵਿਸ਼ੇਸ਼ ਨੀਤੀ ਬਣਾਉਣ ਜਾਂ ਨਗਰ ਕੌਂਸਲ ਕੋਟਫੱਤਾ ਨੂੰ ਉਸੇ ਸ਼੍ਰੇਣੀ ਦੀਆਂ ਹੋਰ ਨਗਰ ਕੌਂਸਲਾਂ ਦੇ ਬਰਾਬਰ ਵਿੱਤੀ ਸਹਾਇਤਾ ਪ੍ਰਦਾਨ ਕਰਨ ਅਤੇ ਘੱਟੋ-ਘੱਟ 15 ਲੱਖ ਰੁ. ਪ੍ਰਤੀ ਮਹੀਨਾ ਅਲਾਟ ਕਰਨ ਦੇ ਪ੍ਰਸਤਾਵ ਤੇ ਵਿਚਾਰ ਕਰਨ ਦੀ ਤਜਵੀਜ਼ ਰੱਖਦੀ ਹੈ?

**ਸਰਦਾਰ ਹਰਜੋਤ ਸਿੰਘ ਬੈਂਸ**: (ੳ) ਮੌਜੂਦਾ ਸਮੇਂ ਵਿੱਚ 145.00 ਕਰੋੜ ਰੁਪਏ ਦੀ ਇੱਕ ਕਿਸ਼ਤ ਵਿੱਚੋਂ ਨਗਰ ਕੌਂਸਲ ਕੋਟਫੱਤਾ ਨੂੰ 1,39,081/- ਰੁਪਏ ਦੀ ਰਾਸ਼ੀ ਅਲਾਟ ਕੀਤੀ ਜਾਂਦੀ ਹੈ। ਪੰਜਾਬ ਮਿਉਂਸਪਲ ਫੰਡ ਐਕਟ, 2006 ਦੀ ਧਾਰਾ 6 ਅਨੁਸਾਰ ਨਗਰ ਪਾਲਿਕਾਵਾਂ ਨੂੰ ਪੰਜਾਬ ਮਿਉਂਸਪਲ ਫੰਡ ਅਧੀਨ ਗ੍ਰਾਂਟ-ਇਨ-ਏਡ ਅਤੇ ਵੈਟ ਦੇ 11% ਹਿੱਸੇ ਵਜੋਂ ਫੰਡ ਮੁਹੱਈਆ ਕਰਵਾਏ ਜਾਂਦੇ ਹਨ। ਉਕਤ ਐਕਟ ਅਨੁਸਾਰ ਇਹ ਫੰਡ ਪੰਜਾਬ ਰਾਜ ਵਿੱਚ ਸਾਲ 2005-06 ਦੌਰਾਨ ਚੁੰਗੀ ਦੀ ਸਾਲਾਨਾ ਉਗਰਾਹੀ ਦੇ ਅਨੁਪਾਤ ਦੇ ਆਧਾਰ 'ਤੇ ਮਿਤੀ 01.09.2026 ਨੂੰ ਮੌਜੂਦ 133 ਨਗਰ ਪਾਲਿਕਾਵਾਂ ਵਿੱਚ ਵੰਡਿਆ ਜਾਂਦਾ ਹੈ।

(ਅ) ਨਹੀਂ ਜੀ। ਇੱਕ ਕਿਸ਼ਤ ਵਿੱਚ ਨਗਰ ਕੌਂਸਲ ਕੋਟਫੱਤਾ ਨੂੰ 1,39,081/- ਰੁਪਏ ਦੀ ਰਾਸ਼ੀ ਅਲਾਟ ਕੀਤੀ ਜਾਂਦੀ ਹੈ। ਵਿੱਤੀ ਸਾਲ 2025-26 ਦੌਰਾਨ ਨਗਰ ਕੌਂਸਲ ਕੋਟਫੱਤਾ ਨੂੰ ਹੇਠ ਲਿਖੇ ਅਨੁਸਾਰ ਰਾਸ਼ੀ ਅਲਾਟ ਅਤੇ ਜਾਰੀ ਕੀਤੀ ਗਈ ਸੀ:-

| ਫੰਡ ਦਾ ਵੇਰਵਾ | ਗ੍ਰਾਂਟ-ਇਨ-ਏਡ | ਵੈਟ ਦਾ 11% ਹਿੱਸਾ | ਕੁੱਲ |
|---|---|---|---|
| ਕੁੱਲ ਅਲਾਟਮੈਂਟ | 16,75,359- | 6,74,838- | **23,50,197-** |
| ਨਗਰ ਕੌਂਸਲ ਨੂੰ ਅਦਾ ਕੀਤੀ ਸ਼ੁੱਧ ਰਾਸ਼ੀ | 8,86,417- | 3,45,533- | **12,31,950-** |
| ਪੈਨਸ਼ਨ ਯੋਗਦਾਨ | 4,36,516- | 2,18,565- | **6,55,081-** |
| ਜਲ ਸਪਲਾਈ ਅਤੇ ਸੀਵਰੇਜ ਦੇ ਸੰਚਾਲਨ ਅਤੇ ਰੱਖ-ਰਖਾਅ ਦਾ 2/11 ਹਿੱਸਾ | 3,04,426- | 1,10,740- | **4,15,166-** |
| ਟਿੱਪਿੰਗ ਫੀਸ ਦੀ ਕਟੌਤੀ | 48,000- | - | **48,000-** |

(ੲ) ਅਤੇ (ਸ) ਪੰਜਾਬ ਮਿਉਂਸਪਲ ਫੰਡ ਐਕਟ, 2006 ਅਧੀਨ ਨਿਰਧਾਰਤ ਫੰਡਾਂ ਦੀ ਅਲਾਟਮੈਂਟ ਦੇ ਮਾਪਦੰਡਾਂ ਵਿੱਚ ਸੋਧ ਕਰਨ ਜਾਂ ਘੱਟੋ-ਘੱਟ 15 ਲੱਖ ਰੁਪਏ ਪ੍ਰਤੀ ਮਹੀਨਾ ਮੁਹੱਈਆ ਕਰਵਾਉਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਮੌਜੂਦਾ ਫਾਰਮੂਲਾ ਸਾਲ 2005-06 ਦੌਰਾਨ ਮੌਜੂਦ ਸਾਰੀਆਂ 133 ਨਗਰ ਪਾਲਿਕਾਵਾਂ ਲਈ ਇਕਸਾਰ ਅਤੇ ਨਿਆਂਸੰਗਤ ਹੈ। ਇਸ ਫਾਰਮੂਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ ਕਰਨ ਲਈ ਉਕਤ ਐਕਟ ਵਿੱਚ ਸੋਧ ਕਰਨੀ ਪਵੇਗੀ, ਜਿਸ ਨਾਲ ਨਗਰ ਪਾਲਿਕਾਵਾਂ ਦੇ ਆਪਸੀ ਹਿੱਸੇ ਪ੍ਰਭਾਵਿਤ ਹੋਣਗੇ। ਪ੍ਰੰਤੂ ਇੱਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਰਾਜ ਸਰਕਾਰ ਵੱਲੋਂ ਪੰਜਾਬ ਮਿਉਂਸਪਲ ਫੰਡ ਸਕੀਮ ਅਧੀਨ ਬਜਟ ਵਿੱਚ ਵਾਧਾ ਕਰਨ ਅਤੇ ਵੈਟ ਦੇ 11% ਹਿੱਸੇ ਦੀ ਉਗਰਾਹੀ ਵਿੱਚ ਵਾਧਾ ਹੋਣ ਕਾਰਨ ਆਮ ਤੌਰ 'ਤੇ ਨਗਰ ਪਾਲਿਕਾਵਾਂ ਨੂੰ ਪਿਛਲੇ ਸਾਲਾਂ ਦੇ ਮੁਕਾਬਲੇ ਵੱਧ ਰਾਸ਼ੀ ਅਲਾਟ ਕੀਤੀ ਜਾਂਦੀ ਹੈ।

**ਸ਼੍ਰੀ ਅਮਿਤ ਰਤਨ ਕੋਟਫੱਤਾ** : ਸਰ, ਇਹ ਸਵਾਲ ਕੋਟਫੱਤਾ ਮਿਊਂਸਪਲ ਕਮੇਟੀ ਦੇ ਰਿਗਾਰਡਿੰਗ ਹੈ। ਕਮੇਟੀ ਵਿੱਚ ਪੁਰਾਣੇ ਸਮੇਂ ਤੋਂ ਜਿਹੜੀ ਫੰਡਜ਼ ਦੀ ਐਲੋਕੇਸ਼ਨ ਹੋਈ ਹੋਈ ਹੈ, ਜਿਹੜੀ ਜੀ.ਐਸ.ਟੀ ਅਤੇ ਵੈਟ ਦੀ ਐਲੋਕੇਸ਼ਨ ਹੈ, ਉਹ ਬਹੁਤ ਘੱਟ ਹੈ। ਇਸ ਵਕਤ ਪਿੰਡ ਦੀ ਪਾਪੂਲੇਸ਼ਨ ਵੀ ਬਹੁਤ ਵਧ ਚੁੱਕੀ ਹੈ। ਮੈਨੂੰ ਜਿਹੜਾ ਜਵਾਬ ਆਇਆ ਹੈ, ਉਸ ਅਨੁਸਾਰ ਇਸ ਵਿੱਤੀ ਸਾਲ ਵਿੱਚ ਮੰਤਰੀ ਸਾਹਿਬ ਨੇ 1 ਲੱਖ, 39 ਹਜ਼ਾਰ ਤੇ ਕੁਝ ਰੁਪਏ ਐਲੋਕੇਟ ਕੀਤੇ ਹਨ ਜੋ ਕਿ ਬਹੁਤ ਘੱਟ ਹਨ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੀ ਫੰਡਜ਼ ਦੀ ਪਾਪੂਲੇਸ਼ਨ ਵਾਈਜ਼ ਰੀ-ਸਟਰੱਕਚਰਿੰਗ ਹੈ, ਇਹ ਕਦੋਂ ਕਰਨਗੇ? ਇਹ ਐਮ.ਸੀ. ਕੋਟਫੱਤੇ ਦਾ ਹੀ ਮਸਲਾ ਨਹੀਂ ਹੈ, ਇਹ ਹੋਰ ਵੀ ਕਮੇਟੀਆਂ ਹੋਣਗੀਆਂ ਜਿਨ੍ਹਾਂ ਵਿੱਚ ਫੰਡਜ਼ ਘੱਟ ਐਲੋਕੇਟ ਹੁੰਦੇ ਹਨ। ਮੰਤਰੀ ਸਾਹਿਬ ਇਹ ਦੱਸ ਦੇਣ ਕਿ ਪਾਪੂਲੇਸ਼ਨ ਵਾਈਜ਼ ਕੋਈ ਰੀ-ਸਟਰੱਕਚਰਿੰਗ ਹੋਵੇ ਜਿਸ ਨਾਲ ਵੈਟ ਦੀ ਅਮਾਊਂਟ ਵਿੱਚ ਵਾਧਾ ਕੀਤਾ ਜਾ ਸਕੇ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਜਿਹੜੀ ਵੈਟ ਤੇ ਜੀ.ਐਸ.ਟੀ. ਫੰਡਜ਼ ਦੀ ਐਲੋਕੇਸ਼ਨ ਹੁੰਦੀ ਹੈ, it is not as per the population or area. ਜਦੋਂ ਸਾਲ 2006 ਦਾ ਪੰਜਾਬ ਮਿਊਂਸਪਲ ਫੰਡਜ਼ ਐਕਟ ਹੋਂਦ ਵਿੱਚ ਆਇਆ ਹੈ, ਉਸ ਦੇ ਸੈਕਸ਼ਨ 6 ਤਹਿਤ ਜਦੋਂ ਉਸ ਸਮੇਂ ਚੁੰਗੀਆਂ ਬੰਦ ਹੋਈਆਂ, ਜਿਹੜੀ ਜਿਹੜੀ ਕੌਂਸਲ ਜਾਂ ਜਿਹੜੇ ਜਿਹੜੇ ਸ਼ਹਿਰ ਨੂੰ ਜੋ ਆਮਦਨ ਸੀ, ਉਸੇ ਪਰਸੈਂਟਵਾਈਜ਼ ਗ੍ਰਾਂਟ-ਇਨ-ਏਡ ਸੇਮ ਰੇਸ਼ੋ ਦੇ ਹਿਸਾਬ ਨਾਲ ਵੰਡਿਆ ਜਾਂਦਾ ਹੈ। despite that ਇਹ ਇੱਕ ਆਮਦਨ ਹੈ, ਇਸ ਤੋਂ ਇਲਾਵਾ ਐਮ.ਡੀ.ਐਫ. ਰਾਹੀਂ ਪੈਸੇ ਜਾਂਦੇ ਹਨ, ਗ੍ਰਾਂਟ-ਇਨ-ਏਡ ਜਾਂਦੀਆਂ ਹਨ। ਇਹ ਵੱਖਰੀਆਂ ਵੱਖਰੀਆਂ ਸਕੀਮਾਂ ਜਿਵੇਂ ਕਿ ਕੋਟਫੱਤੇ ਨੂੰ ਇਸੇ ਵਿੱਤੀ ਸਾਲ ਦੌਰਾਨ ਤਕਰੀਬਨ 3 ਕਰੋੜ, 91 ਲੱਖ ਦੀ ਐਕਸਟਰਾ ਗ੍ਰਾਂਟ ਗਈ ਹੈ ਤਾਂ ਕਿ ਉੱਥੋਂ ਦੇ ਡਿਵੈਲਪਮੈਂਟ ਵਰਕਸ ਹੋ ਸਕਣ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2051**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

------

**ਹਲਕਾ ਜਗਰਾਉਂ ਵਿੱਚ ਗੁਰੂ ਗੋਬਿੰਦ ਸਿੰਘ ਮਾਰਗ ਦੀ ਰੀਕਾਰਪੈਟਿੰਗ ਕਰਨਾ**

***2028. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਠੀਕ ਹੈ ਕਿ ਕੀ ਹਲਕਾ ਜਗਰਾਉਂ ਵਿੱਚੋਂ ਲੰਘਦੇ ਗੁਰੂ ਗੋਬਿੰਦ ਸਿੰਘ ਮਾਰਗ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਇਸ ਦੀ ਰੀਕਾਰਪੈਟਿੰਗ ਜਾਂ ਨਵੀਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ** : ਗੁਰੂ ਗੋਬਿੰਦ ਸਿੰਘ ਮਾਰਗ ਜਗਰਾਓ-ਰਾਏਕੋਟ ਮੁੱਖ ਸੜਕ ਤੋਂ ਸ਼ੁਰੂ ਹੋ ਕੇ ਪਿੰਡ ਲੰਮਾ-ਚੱਕਰ ਤੱਕ ਹੈ। ਇਹ ਸੜਕ ਇੱਕ ਪਲੈਨ ਰੋਡ ਹੈ, ਜਿਸਦੀ ਲੰਬਾਈ 18.30 ਕਿ.ਮੀ ਹੈ। ਇਸਦੀ ਸਪੈਸ਼ਲ ਰਿਪੇਅਰ

ਦਾ ਕੰਮ ਅਕਤੂਬਰ 2023 ਵਿੱਚ ਅਲਾਟ ਕੀਤਾ ਗਿਆ ਸੀ। ਏਜੰਸੀ ਵੱਲੋਂ ਕੰਮ ਮੁਕੰਮਲ ਕਰਨ ਵਿੱਚ ਦੇਰੀ ਕੀਤੀ ਗਈ ਜਿਸ ਕਾਰਨ ਐਗਰੀਮੈਂਟ ਦੀਆਂ ਸ਼ਰਤਾਂ ਮੁਤਾਬਿਕ ਏਜੰਸੀ ਨੂੰ 5% ਪੈਨਲਟੀ ਲਗਾ ਦਿੱਤੀ ਗਈ ਹੈ। ਏਜੰਸੀ ਵਲੋਂ ਹੁਣ ਤੱਕ ਲਗਭਗ 74% ਕੰਮ ਮੁਕੰਮਲ ਕਰ ਲਿਆ ਗਿਆ ਹੈ। ਬਾਕੀ ਰਹਿੰਦਾ ਕੰਮ ਏਜੰਸੀ ਨਾਲ ਤਾਲਮੇਲ ਕਰ ਕੇ ਸ਼ੁਰੂ ਕਰਵਾ ਦਿੱਤਾ ਗਿਆ ਹੈ ਅਤੇ ਮਿਤੀ 30.11.2026 ਤੱਕ ਮੁਕੰਮਲ ਕਰਵਾ ਦਿੱਤਾ ਜਾਵੇਗਾ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ** : ਮਾਣਯੋਗ ਮੰਤਰੀ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਇੱਕ ਨਹਿਰ ਤੇ ਤਿੰਨ ਪੁਲ ਬਣਾ ਦਿੱਤੇ ਹਨ ਪਰ ਜਿਹੜੀ ਪ੍ਰਾਬਲਮ ਹੈ, ਉਹ ਉੱਥੇ ਹੀ ਖੜ੍ਹੀ ਹੈ। ਤੁਹਾਡੇ ਬੰਦਿਆਂ ਨੇ ਤੁਹਾਡੇ ਅਫਸਰਾਂ ਨੇ, sorry to say ਸਪੀਕਰ ਸਾਹਿਬ, ਮੈਂ ਇੱਕ ਗੱਲ ਜ਼ਰੂਰ ਕਹਿਣੀ ਚਾਹਾਂਗੀ ਕਿ ਇਸ ਸਵਾਲ ਦਾ ਜਵਾਬ ਘੜਿਆ ਪਿੜਿਆ ਪਿਛਲੀ ਵਾਰ ਵਾਲੀ ਸੜਕ ਦਾ ਹੈ। ਇਨ੍ਹਾਂ ਨੇ ਨਵੀਂ ਸੜਕ ਦਾ ਜਵਾਬ ਨਹੀਂ ਦਿੱਤਾ। ਮੰਤਰੀ ਸਾਹਿਬ, ਮੈਂ ਤਾਂ ਇੱਕੋ ਗੱਲ ਪੁੱਛਦੀ ਹਾਂ ਕਿ ਜਿਹੜੀ ਗੱਲ ਤੁਸੀਂ ਪਨੈਲਿਟੀ ਦੀ ਕੀਤੀ ਹੈ, ਉਹ ਲੱਖਾ ਮਾਣੂਕੇ ਦੀ ਸੜਕ ਸੀ। ਜਿਹੜਾ ਗੁਰੂ ਗੋਬਿੰਦ ਸਿੰਘ ਮਾਰਗ ਹੈ, ਉਹ ਅਲੱਗ ਸੜਕ ਹੈ। ਤੁਹਾਨੂੰ ਤੁਹਾਡੇ ਅਫਸਰਾਂ ਨੇ ਜਵਾਬ ਗਲਤ ਦਿੱਤਾ ਹੈ। ਕੀ ਤੁਸੀਂ ਉਨ੍ਹਾਂ ਤੇ ਕਾਰਵਾਈ ਕਰੋਗੇ? ਇਹ ਤੁਹਾਡਾ ਜਵਾਬ ਲੱਖਾ ਮਾਣੂਕੇ ਦੀ ਸੜਕ ਦਾ ਹੈ, ਗੁਰੂ ਗੋਬਿੰਦ ਸਿੰਘ ਮਾਰਗ ਦੀ ਸੜਕ ਦਾ ਨਹੀਂ ਹੈ।

**ਮਾਣਯੋਗ ਸਪੀਕਰ** : ਹਾਂ ਜੀ, ਮੰਤਰੀ ਜੀ।

**1155/Kuldeep kaur**

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਇਹ ਕੁੱਲ 18.30 ਕਿਲੋਮੀਟਰ ਸੜਕ ਹੈ, ਜਿਸਦਾ ਨਾਮ ਗੁਰੂ ਗੋਬਿੰਦ ਸਿੰਘ ਸੜਕ ਹੈ। ਇਹ ਸੜਕ ਜਗਰਾਉਂ-ਰਾਏਕੋਟ ਮੁੱਖ ਸੜਕ ਤੋਂ ਸ਼ੁਰੂ ਹੋ ਕੇ ਪਿੰਡ ਲੰਮਾ ਚੱਕਰ ਤੱਕ ਜਾਂਦੀ ਹੈ। ਸਰ, ਇਨ੍ਹਾਂ ਨੇ ਜਿਹੜਾ ਉਸ ਦਿਨ ਸਵਾਲ ਲਗਾਇਆ ਸੀ, ਉਹ ਵੀ ਇਸੇ ਸੜਕ ਦੇ ਸਬੰਧ ਵਿੱਚ ਸੀ, ਜਿਸ ਦੇ ਜਵਾਬ ਵਿੱਚ ਮੈਂ ਕਿਹਾ ਸੀ ਕਿ 74-75% ਕੰਮ ਕੰਪਲੀਟ ਹੋ ਚੁੱਕਾ ਹੈ। ਇਸ ਸੜਕ ਤੇ ਹੀ 6 ਕਿਲੋਮੀਟਰ ਦਾ ਕੰਮ ਹੋਰ ਰਹਿੰਦਾ ਹੈ ਔਰ ਇਨ੍ਹਾਂ ਨੇ ਜਿਹੜਾ 23 ਤਰੀਕ ਨੂੰ ਸਵਾਲ ਲਗਾਇਆ ਸੀ, ਮੈਂ ਗੂਗਲ ਮੈਪ ਦੀਆਂ ਤੁਹਾਨੂੰ ਫੋਟੋਗ੍ਰਾਫਜ਼ ਦੇ ਸਕਦਾ ਹਾਂ ਕਿ 23 ਤਰੀਕ ਤੋਂ ਉੱਥੇ ਕੰਮ ਸ਼ੁਰੂ ਹੋ ਚੁੱਕਾ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਮੈਂ ਇਨ੍ਹਾਂ ਦੀ ਇੱਕੋ ਹੀ ਗੱਲ ਮੰਨਦੀ ਹਾਂ, ਇਹ ਮੇਰਾ ਵੀਰ ਬਹੁਤ ਵਧੀਆ ਮੰਤਰੀ ਹੈ ਅਤੇ ਕੰਮ ਵੀ ਸੋਹਣੇ ਕਰਦਾ ਹੈ। ਮੰਤਰੀ ਸਾਹਿਬ, ਮੈਂ ਤਾਂ ਤੁਹਾਨੂੰ ਇੱਕੋ ਹੀ ਗੱਲ ਪੁੱਛਣੀ ਚਾਹੁੰਦੀ ਹਾਂ ਕਿ ਜਿਹੜੀ ਤੁਸੀਂ ਪੈਨਲਟੀ ਲਗਾਈ ਹੈ, ਉਹ ਲੱਖਾ ਮਾਣੂੰਕੇ ਸੜਕ ਦੀ ਲਗਾਈ ਹੈ ਅਤੇ ਤੁਸੀਂ ਹੁਣ ਲੰਮਾ ਸੜਕ ਦੀ ਗੱਲ ਕਰ ਰਹੇ ਹੋ। ਲੱਖੇ ਅਤੇ ਲੰਮੇ ਵਿੱਚ ਬਹੁਤ ਡਿਸਟੈਂਸ ਹੈ। ਮੈਂ ਇੱਕ ਗੱਲ ਕਹਿੰਦੀ ਹਾਂ ਕਿ ਤੁਹਾਡੇ ਅਫਸਰਾਂ ਨੇ ਤੁਹਾਨੂੰ ਗਲਤ ਜਵਾਬ ਦਿੱਤਾ ਹੈ। ਕੀ ਤੁਸੀਂ ਉਨ੍ਹਾਂ ਅਫਸਰਾਂ ਤੇ ਕਾਰਵਾਈ ਕਰੋਗੇ? ਇਹ ਗਲਤ ਜਵਾਬ ਹੈ।

**ਮੰਤਰੀ**: ਸਰ, ਇਹ ਸਾਰੀ ਟੈਂਡਰਿੰਗ 18.30 ਕਿਲੋਮੀਟਰ ਸੜਕ ਦੀ ਹੋਈ ਸੀ। ਉਸ ਵਿੱਚ ਅਲੱਗ-ਅਲੱਗ ਤਿੰਨ ਪੋਰਸ਼ਨਜ਼ ਹਨ। ਉਨ੍ਹਾਂ ਪੋਰਸ਼ਨਜ਼ ਵਿੱਚ ਹੀ 74% ਕੰਮ ਹੋਇਆ ਹੈ ਔਰ ਸਿਰਫ 26% ਕੰਮ ਰਹਿੰਦਾ ਹੈ। ਉਸ ਜਗ੍ਹਾ

ਤੇ ਵੀ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ। ਜਿਹੜੀ ਪੈਨਲਟੀ ਲਗਾਈ ਹੈ, ਉਹ 18.30 ਕਿਲੋਮੀਟਰ ਦਾ ਕੰਮ ਸੀ, ਉਹ ਲਗਭਗ 10 ਕਰੋੜ 24 ਲੱਖ 98 ਹਜ਼ਾਰ ਰੁਪਏ ਦਾ ਕੰਮ ਸੀ ਅਤੇ ਉਹ ਸਾਰਾ ਕੰਮ ਕੰਬਾਈਨਡ ਸੀ, ਉਸ ਵਿੱਚੋਂ 74% ਕੰਮ ਕੰਪਲੀਟ ਹੋਇਆ ਹੈ। ਬਾਕੀ ਰਹਿੰਦੇ ਕੰਮ ਉੱਤੇ ਪੈਨਲਟੀ ਲਗਾਈ ਗਈ ਹੈ। ਇਸ ਸੜਕ ਦਾ ਜਿਹੜਾ ਕੰਮ ਰਹਿੰਦਾ ਸੀ, ਉਸ ਬਾਰੇ ਵੀ ਮਾਣਯੋਗ ਮੈਂਬਰ ਸਾਹਿਬ ਨੇ 23 ਅਕਤੂਬਰ ਨੂੰ ਸਵਾਲ ਕੀਤਾ ਸੀ। ਉਸ ਤੇ 25 ਅਕਤੂਬਰ, 2026 ਤੋਂ ਕੰਮ ਸ਼ੁਰੂ ਹੋ ਚੁੱਕਾ ਹੈ। ਮੈਂ ਤੁਹਾਨੂੰ ਫੋਟੋਗ੍ਰਾਫਜ਼ ਭੇਜ ਦਿੰਦਾ ਹਾਂ ਜੀ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਥੈਂਕ ਯੂ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰ. 1863**

(ਸਬੰਧਤ ਮੈਂਬਰ ਦੇ ਸਦਨ ਵਿੱਚ ਪੇਸ਼ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋ ਸਕਿਆ।)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਹਾਂ ਜੀ, ਬੀਬਾ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਸਪੀਕਰ ਸਾਹਿਬ, ਸਾਨੂੰ ਬਾਹਰ ਬਾਜਵਾ ਜੀ (ਸਰਦਾਰ ਪ੍ਰਤਾਪ ਸਿੰਘ ਬਾਜਵਾ) ਕਹਿ ਰਹੇ ਸਨ ਕਿ ਮੈਂ ਪੰਜਾਬ ਤੋਂ ਜਵਾਬ ਮੰਗਦਾ ਹਾਂ ਕਿ ਮੈਨੂੰ ਸਦਨ ਵਿੱਚ ਦਾਖਲ ਨਹੀਂ ਹੋਣ ਦਿੱਤਾ ਗਿਆ।

**ਮਾਣਯੋਗ ਸਪੀਕਰ**: ਉਹ ਤਾਂ ਆ ਕੇ ਗਏ ਹਨ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਮੈਂ ਇਹ ਹੀ ਜਵਾਬ ਦੇ ਕੇ ਆਈ ਹਾਂ ਕਿ ਇਨ੍ਹਾਂ ਨੂੰ ਪੁੱਛੋ ਕਿ ਇਹ ਹੁਣ ਕਿੱਥੋਂ ਆਏ ਹਨ? ਸਪੀਕਰ ਸਾਹਿਬ, ਅਗਲੀ ਗੱਲ ਇਹ ਹੈ ਕਿ ਤੁਸੀਂ ਵਿਕਰਮਜੀਤ ਸਿੰਘ ਚੌਧਰੀ ਦੇ ਪ੍ਰਸ਼ਨ ਲਗਾ ਦਿੱਤੇ, ਸਾਡੇ ਹੀ ਚਾਰ ਪ੍ਰਸ਼ਨ ਲਗਾ ਦਿੰਦੇ। ਅਸੀਂ ਵਿਚਾਰੇ ਗਰੀਬ ਸਾਰੇ ਸਵੇਰ ਤੋਂ ਖੜ੍ਹੇ ਹਾਂ, ਸਾਡੇ ਹੋਰ ਪ੍ਰਸ਼ਨ ਲਗਾ ਦਿਆ ਕਰੋ।

**ਮਾਣਯੋਗ ਸਪੀਕਰ**: ਆਪੋਜ਼ੀਸ਼ਨ ਨੂੰ ਪ੍ਰੈਫਰੈਂਸ ਦੇਣੀ ਹੁੰਦੀ ਹੈ ਜੀ। ਥੈਂਕ ਯੂ, ਬੈਠੋ।

------

**ਸੁਲਤਾਨਪੁਰ ਲੋਧੀ ਬੈਲਟ ਦੇ ਪਿੰਡਾਂ ਦੀ ਜ਼ਮੀਨ ਵਿੱਚ ਲੰਘਦੀ 'ਕਾਨ੍ਹਾ ਡਰੇਨ' ਨੂੰ ਬਿਆਸ ਦਰਿਆ ਨਾਲ ਜੋੜਨਾ**

***2010. ਰਾਣਾ ਇੰਦਰ ਪ੍ਰਤਾਪ ਸਿੰਘ**: ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ

(ੳ) ਕੀ ਸਰਕਾਰ ਸੁਲਤਾਨਪੁਰ ਲੋਧੀ ਦੇ 200 ਪਿੰਡਾਂ ਦੀ ਜ਼ਮੀਨ ਵਿੱਚੋ ਲੰਘਦੀ ਕਾਨ੍ਹਾ ਡਰੇਨ ਨੂੰ ਬਿਆਸ ਦਰਿਆ (ਜੋ ਕਿ ਬਿਆਸ ਦਰਿਆ ਤੋਂ ਸਿਰਫ 2 ਕਿਲੋਮੀਟਰ ਦੂਰ ਹੈ) ਨਾਲ ਜੋੜਨ ਦੀ ਤਜਵੀਜ਼ ਰੱਖਦੀ ਹੈ, ਤਾ ਕਿ ਜਦੋਂ ਮਾਲਵਾ ਬੈਲਟ ਵਿੱਚ ਇਸ ਦੀ ਲੋੜ ਨਹੀ ਹੁੰਦੀ, ਉਸ ਸਮੇਂ ਹਰ ਸਾਲ 15 ਮਾਰਚ ਤੋਂ 1 ਜੂਨ ਤੱਕ ਇਸ ਦੇ ਪਾਣੀ ਦੀ ਵਰਤੋਂ ਕੀਤੀ ਜਾ ਸਕੇ।

(ਅ) ਜੇਕਰ ਉਪਰੋਕਤ ਭਾਗ (ੳ) ਦਾ ਜਵਾਬ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਉਕਤ ਖੇਤਰ ਵਿੱਚ ਧਰਤੀ ਹੇਠਲੇ ਪਾਣੀ ਦੇ ਘਟਦੇ ਪੱਧਰ ਨੂੰ ਬਚਾਉਣ ਲਈ ਮੱਕੀ ਦੀ ਬਿਜਾਈ ਕਰਨ ਵਾਲੇ ਜਾਂ ਰੀਚਾਰਜਿੰਗ ਕਰਨ ਵਾਲੇ ਉਕਤ ਪਿੰਡਾ ਦੇ ਕਿਸਾਨਾਂ ਨੂੰ ਇਹ ਪਾਣੀ ਮੁਹੱਈਆ ਕਰਵਾਉਣ ਤੇ ਵਿਚਾਰ ਕਰੇਗੀ?

**ਸ੍ਰੀ ਬਰਿੰਦਰ ਕੁਮਾਰ ਗੋਇਲ:**

(ੳ)ਖੇਤੀਬਾੜੀ ਵਿਭਾਗ ਅਤੇ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਦੀ ਇੱਕ ਸਾਂਝੀ ਤਕਨੀਕੀ ਕਮੇਟੀ ਗਠਿਤ ਕਰਨ ਦੀ ਤਜਵੀਜ਼ ਹੈ, ਜੋ ਖੇਤੀਬਾੜੀ ਦੀ ਵਰਤੋਂ ਅਤੇ ਧਰਤੀ ਹੇਠਲੇ ਪਾਣੀ ਦੇ ਰੀਚਾਰਜ ਲਈ ਪਾਣੀ ਦੀ ਨਿਕਾਸੀ ਵਾਸਤੇ ਕਾਹਨਾ ਡਰੇਨ ਅਤੇ ਕਾਹਨਾ ਐਕਸਟੈਂਸ਼ਨ ਡਰੇਨ ਨੂੰ ਬਿਆਸ ਦਰਿਆ ਨਾਲ ਜੋੜਨ ਦੀ ਤਕਨੀਕੀ ਸੰਭਾਵਨਾ ਦੀ ਜਾਂਚ ਕਰੇਗੀ।

**(ਅ)** ਇਸ ਮਾਮਲੇ ’ਤੇ ਸਾਂਝੀ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਆਧਾਰ ’ਤੇ, ਤਕਨੀਕੀ ਸੰਭਾਵਨਾ, ਪਾਣੀ ਦੀ ਉਪਲਬਧਤਾ ਅਤੇ ਫੰਡਾਂ ਦੀ ਉਪਲਬਧਤਾ ਨੂੰ ਧਿਆਨ ਵਿੱਚ ਰੱਖਦਿਆਂ ਅਗਲੇਰੀ ਕਾਰਵਾਈ ਲਈ ਵਿਚਾਰ ਕੀਤਾ ਜਾਵੇਗਾ।

**ਮਾਣਯੋਗ ਸਪੀਕਰ:** ਰਾਣਾ ਜੀ, ਜੇਕਰ ਕੋਈ ਸਪਲੀਮੈਂਟਰੀ ਹੈ ਤਾਂ ਪੁੱਛ ਲਵੋ।

**ਰਾਣਾ ਇੰਦਰ ਪ੍ਰਤਾਪ ਸਿੰਘ:** ਹਾਂ ਜੀ, ਸਰ, ਇੱਕ ਨਹੀਂ ਦੋ-ਦੋ ਸਪਲੀਮੈਂਟਰੀਜ਼ ਹਨ।

**ਮਾਣਯੋਗ ਸਪੀਕਰ:** ਹਾਂ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ:** ਸਰ, ਮੈਂ ਮੰਤਰੀ ਜੀ ਤੋਂ ਸਵਾਲ ਵੀ ਕੀਤਾ ਹੈ ਅਤੇ ਇਸ ਤੋਂ ਪਹਿਲਾਂ ਬੇਨਤੀ ਵੀ ਕੀਤੀ ਹੈ ਕਿ ਸੁਲਤਾਨਪੁਰ ਲੋਧੀ ਵਿੱਚ ਕਾਹਨਾ ਡਰੇਨ ਲੰਘਦੀ ਹੈ ਜਿਹੜੀ ਕਿ ਸੁੱਕੀ ਹੈ ਅਤੇ ਉਸ ਡਰੇਨ ਤੋਂ ਬਿਆਸ ਦਰਿਆ ਕੁੱਲ ਦੋ ਕਿਲਮੀਟਰ ਦੀ ਦੂਰੀ ਤੇ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਸਵਾਲ ਪੁੱਛਿਆ ਸੀ ਕਿ ਇੱਕ ਅਪ੍ਰੈਲ ਤੋਂ ਇੱਕ ਜੂਨ ਤੱਕ, ਜਦੋਂ ਮਾਲਵੇ ਵਿੱਚ ਝੋਨਾ ਨਹੀਂ ਲਗਦਾ ਤਾਂ ਬਿਆਸ ਦਰਿਆ ਦਾ ਪਾਣੀ ਵੇਸਟਫੁੱਲੀ ਅੱਗੇ ਜਾਂਦਾ ਰਹਿੰਦਾ ਹੈ। ਜੇ ਆਪਾਂ ਦੋ ਮਹੀਨਿਆਂ ਲਈ ਉਸ ਪਾਣੀ ਨੂੰ ਕਾਹਨਾ ਡਰੇਨ ਵਿੱਚ ਜੋੜ ਦੇਈਏ ਤਾਂ ਦੁਆਬੇ ਵਿੱਚ ਜਿਹੜੀ ਮੱਕੀ ਹੁੰਦੀ ਹੈ, ਇਹ ਰਿਐਲਿਟੀ ਹੈ ਕਿ ਇਸ ਨਾਲ ਗਰਾਊਂਡ ਵਾਟਰ ਬਹੁਤ ਥੱਲੇ ਜਾ ਰਿਹਾ ਹੈ। ਇਸ ਨਾਲ ਅਸੀਂ ਆਪਣੇ ਪਾਣੀ ਨੂੰ ਬਚਾ ਸਕਾਂਗੇ। ਮੰਤਰੀ ਜੀ ਨੇ ਮੈਨੂੰ ਜਵਾਬ ਦਿੱਤਾ ਹੈ ਕਿ ਅਸੀਂ ਇਸ ਦੀ ਇੱਕ ਟੈਕਨੀਕਲ

ਕਮੇਟੀ ਬਣਾਵਾਂਗੇ ਜਿਹੜੀ ਐਨਾਲਾਈਜ਼ ਕਰੇਗੀ ਕਿ ਉਸ ਦੀ viability ਕੀ ਹੈ। ਮੈਂ ਮੰਤਰੀ ਜੀ ਦਾ ਇਸ ਗੱਲ ਲਈ ਧੰਨਵਾਦ ਕਰਦਾ ਹਾਂ ਅਤੇ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਟੈਕਨੀਕਲ ਕਮੇਟੀ ਕਦੋਂ ਬਣੇਗੀ ਅਤੇ ਕਿੰਨੀ ਦੇਰ ਵਿੱਚ ਉਹ ਆਪਣੀ ਰਿਪੋਰਟ ਦੇ ਦੇਵੇਗੀ। ਮੰਤਰੀ ਜੀ ਨੇ ਦੂਜਾ ਜਵਾਬ ਇਹ ਦਿੱਤਾ ਹੈ ਕਿ ਇਸ ਮਾਮਲੇ ’ਤੇ ਸਾਂਝੀ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਆਧਾਰ ’ਤੇ, ਤਕਨੀਕੀ ਸੰਭਾਵਨਾ, ਪਾਣੀ ਦੀ ਉਪਲਬਧਤਾ ਅਤੇ ਫੰਡਾਂ ਦੀ ਉਪਲਬਧਤਾ ਨੂੰ ਧਿਆਨ ਵਿੱਚ ਰੱਖਦਿਆਂ ਅਗਲੇਰੀ ਕਾਰਵਾਈ ਲਈ ਵਿਚਾਰ ਕੀਤਾ ਜਾਵੇਗਾ। ਮੰਤਰੀ ਜੀ ਨੇ ਤਿੰਨੇ ‘ਜੇ’ ਲਗਾ ਦਿੱਤੇ ਹਨ। ਜੇ ਟੈਕਨੀਕਲ ਕਮੇਟੀ ਅਪਰੂਵ ਕਰੇਗੀ, ਜੇ ਪਾਣੀ ਹੋਇਆ ਅਤੇ ਜੇ ਪੈਸੇ ਹੋਏ। ਮੰਤਰੀ ਜੀ, ਇਹ ਕਿਰਪਾ ਕਰ ਦੇਵੋ ਅਤੇ ਤਿੰਨੋਂ ‘ਜੇ’ ਹਟਾ ਦੇਵੋ।

**ਮਾਣਯੋਗ ਸਪੀਕਰ**: ਸਵਾਲ ਛੋਟਾ ਕਰ ਲਵੋ ਅਤੇ ਮੰਤਰੀ ਜੀ ਤੋਂ ਜਵਾਬ ਲੈ ਲਵੋ। ਟਾਈਮ ਹੋ ਜਾਣਾ ਹੈ।

**ਰਾਣਾ ਇੰਦਰ ਪ੍ਰਤਾਪ ਸਿੰਘ**: ਬੱਸ ਅਖੀਰ ਵਿੱਚ, ਮੰਤਰੀ ਜੀ ਟੈਕਨੀਕਲ ਕਮੇਟੀ ਰਿਪੋਰਟ ਵੀ ਤੁਹਾਡੇ ਹੁੰਦਿਆਂ ਹੀ ਬਣਾ ਦੇਵੇ ਕਿਤੇ ਅਗਲੀ ਵਾਰੀ ਨਾ ਚਲ ਜਾਵੇ। ਮੰਤਰੀ ਜੀ, ਤਿੰਨ-ਚਾਰ ਮਹੀਨੇ ਵਿੱਚ ਇਸ ਚੀਜ਼ ਦੀ ਕਿਰਪਾ ਕਰ ਦੇਵੋ। ਪਾਣੀ ਉਪਲਬਧ ਹੈ ਅਤੇ ਮੈਨੂੰ ਨਹੀਂ ਲਗਦਾ ਕਿ ਤੁਹਾਡੇ ਕੋਲ ਪੈਸਿਆਂ ਦੀ ਕਮੀ ਹੈ, ਤੁਸੀਂ 14 ਹਜ਼ਾਰ ਕਿਲੋਮੀਟਰ ਪਾਈਪਲਾਈਨ ਪਾ ਦਿੱਤੀ ਹੈ। ਮੇਰਾ ਹਿੱਸਾ ਤਾਂ ਸਿਰਫ 119 ਕਿਲੋਮੀਟਰ ਦਾ ਹੀ ਬਣਦਾ ਹੈ। ਸੋ, ਬੇਨਤੀ ਹੈ ਕਿ ਉਹ 119 ਕਿਲੋਮੀਟਰ ਵੀ ਪਾ ਦੇਵੋ।

**ਮਾਣਯੋਗ ਸਪੀਕਰ**: ਰਾਣਾ ਜੀ, ਤੁਸੀਂ ਜਵਾਬ ਲੈਣ ਵਿੱਚ interested ਹੀ ਨਹੀਂ ਸੀ। ਟਾਈਮ ਹੋ ਗਿਆ ਹੈ ਜੀ। ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਪ੍ਰਸ਼ਨ ਵੀ ਖਤਮ ਹੋ ਗਏ ਹਨ।

**1200/Pawan sharma**

------

## MATTERS RAISED DURING ZERO HOUR AND STATEMENTS MADE BY THE MINISTERS THEREON

**ਮਾਣਯੋਗ ਸਪੀਕਰ:** ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ। ਜ਼ੀਰੋ ਆਵਰ। ਸਰਦਾਰ ਕਰਮਬੀਰ ਸਿੰਘ ਘੁੰਮਣ। ਸਰਦਾਰ ਹਰਮੀਤ ਸਿੰਘ ਸੰਧੂ।

**ਸਰਦਾਰ ਹਰਮੀਤ ਸਿੰਘ ਸੰਧੂ**: ਧੰਨਵਾਦ ਸਪੀਕਰ ਸਾਹਿਬ। ਉਸ ਦਿਨ ਵੀ ਤੁਸੀਂ, ਸਪੀਕਰ ਸਾਹਿਬ ਬੜਾ ਅਹਿਮ ਮਸਲਾ ਸੀ, ਜਿਹੜਾ ਗੈਂਗਸਟਰਵਾਦ ਹੈ, ਮੈਂ ਪੰਜਾਬ ਦੇ ਹਿਤਾਂ ਦੀ ਗੱਲ ਕੀਤੀ ਸੀ ਪਰ ਮੇਰੀ ਬੇਨਤੀ ਹੈ ਕਿ ਅੱਜ ਮੇਰੀ ਗੱਲ ਪੂਰੀ ਹੋ ਲੈਣ ਦਿਓ ਕਿਉਂਕਿ ਇਹ ਸਾਰੇ ਹਾਊਸ ਦਾ ਨਹੀਂ, ਪੂਰੇ ਪੰਜਾਬ ਦਾ ਮਸਲਾ ਹੈ।

**ਮਾਣਯੋਗ ਸਪੀਕਰ**: ਇਨ੍ਹਾਂ ਦੇ ਦੋ ਮਿੰਟ ਵੀ ਤੁਹਾਨੂੰ ਦੇ ਦਿਆਂਗੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ)।

Unedited Version/ Not for Legal/ Official use Dated: Tuesday, 27th October, 2026

**ਸਰਦਾਰ ਹਰਮੀਤ ਸਿੰਘ ਸੰਧੂ (ਤਰਨ ਤਾਰਨ)**: ਸਪੀਕਰ ਸਾਹਿਬ, ਇਹ ਜਿਹੜਾ ਮੈਂ ਹੱਥ ਵਿੱਚ ਕਾਗ਼ਜ਼ ਫੜਿਆ ਹੈ, ਇਹ ਨਿਰਾ ਕਾਗ਼ਜ਼ ਨਹੀਂ ਹੈ। ਨਾ ਹੀ ਇਹ ਕਿਸੇ ਅਖ਼ਬਾਰ ਦੀ ਕਟਿੰਗ ਹੈ। ਸਪੀਕਰ ਸਾਹਿਬ, ਇਹ ਉਸ ਇਨਸਾਨ ਦੀ, ਮੈਂ ਉਨ੍ਹਾਂ ਅਫ਼ਸਰਾਂ ਦੀ ਵੀ ਦਾਦ ਦੇਵਾਂਗਾ, ਉਨ੍ਹਾਂ ਅਫਸਰਾਂ ਦਾ ਵੀ ਧੰਨਵਾਦ ਕਰਾਂਗਾ ਜਿਨ੍ਹਾਂ ਨੇ ਇਹ ਕਾਗ਼ਜ਼ ਬਣਾ ਕੇ, ਪੰਜਾਬ ਅਤੇ ਪੰਜਾਬੀਆਂ ਲਈ ਬਹੁਤ ਵੱਡਾ ਕੰਮ ਕੀਤਾ। ਸਪੀਕਰ ਸਾਹਿਬ, ਇਹ ਰੈੱਡ ਕਾਰਨਰ ਨੋਟਿਸ ਹੈ, ਇਹ ਉਸ ਇਨਸਾਨ ਦਾ ਹੈ ਜਿਸ ਨੇ ਪੰਜਾਬ ਵਿੱਚ ਕਤਲੇਆਮ ਕੀਤਾ। ਪੰਜਾਬ ਵਿੱਚ ਬਹੁਤ ਵੱਡੇ ਪੱਧਰ ਤੇ ਡਰੱਗ ਦਾ ਕੰਮ ਕੀਤਾ। ਪੰਜਾਬ ਦੇ ਵਿੱਚ ਉਸ ਨੇ ਹਥਿਆਰਾਂ ਦੀ ਸਪਲਾਈ ਕੀਤੀ। ਇਹ ਰੈੱਡ ਕਾਰਨਰ ਨੋਟਿਸ ਉਸ ਨੂੰ ਜਾਰੀ ਹੋਇਆ ਹੈ। ਇਸ ਤੋਂ ਬਾਅਦ ਮੈਂ ਤੁਹਾਡੀ ਇਜਾਜ਼ਤ ਦੇ ਨਾਲ ਵਿਧਾਨ ਸਭਾ ਦੀ ਟੇਬਲ ਤੇ ਇਹ ਦੇ ਵੀ ਦੇਵਾਂਗਾ। ਸਪੀਕਰ ਸਾਹਿਬ, ਇਹ ਉਹ ਇਨਸਾਨ ਹੈ ਜਿਸ ਦੇ ਤਹਿਤ ਅੱਜ ਅਕਾਲੀ ਦਲ ਨੇ ਤਰਨਤਾਰਨ ਵਿੱਚ ਜਿਹੜੀ Bye election ਹੋਈ ਹੈ, ਪਹਿਲੀ ਗੱਲ ਉਸ ਵਿੱਚ ਉਸ ਪਰਿਵਾਰ ਨੂੰ ਟਿਕਟ ਦਿੱਤੀ ਔਰ ਆਪਾਂ ਸਾਰੇ ਹੀ ਇਸ ਗੱਲ ਨੂੰ ਜਾਣਦੇ ਹਾਂ। ਦੂਸਰੀ ਜਿਸ ਨੂੰ ਰੈੱਡ ਕਾਰਨਰ ਨੋਟਿਸ ਹੋਇਆ ਹੈ, ਉਸ ਦੀ ਘਰਵਾਲੀ ਨੂੰ ਅੱਜ ਤਰਨਤਾਰਨ ਵਿੱਚ ਇੱਕ ਬਤੌਰ ਤਰਨਤਾਰਨ ਦਾ ਹਲਕਾ ਇੰਚਾਰਜ ਲੱਗਾ ਕੇ, ਮੇਰਾ ਖ਼ਿਆਲ ਹੈ ਕਿ ਪੰਜਾਬੀਆਂ ਨਾਲ ਨਹੀਂ, ਇਹ ਸਮੁੱਚੇ ਸਿਸਟਮ ਨੂੰ ਇੱਕ ਤਰ੍ਹਾਂ ਨਾਲ ਕਲੰਕਿਤ ਕੀਤਾ ਹੈ। ਜੇਕਰ ਉੱਥੇ ਹਲਕਾ ਇੰਚਾਰਜ ਲਗਾਇਆ ਤਾਂ ਕਿਸ ਇਨਸਾਨ ਨੂੰ ਲਗਾਇਆ ਗਿਆ ਹੈ। ਇਹ ਉਸ ਦੀ ਘਰਵਾਲੀ ਹੈ, ਜਿਸ ਨੂੰ ਰੈੱਡ ਕਾਰਨਰ ਨੋਟਿਸ ਜਾਰੀ ਹੋਇਆ ਹੈ। ਸਪੀਕਰ ਸਾਹਿਬ, ਮੈਂ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ, ਮੈਂ ਦੋ ਕੁ ਗੱਲਾਂ ਕਿਉਂਕਿ ਤੁਸੀਂ ਬਹੁਤ ਵੱਡੀ ਚੇਅਰ ਤੇ ਬੈਠੇ ਹੋ, ਔਰ ਮੈਂ ਸਿਰਫ਼ ਤੁਹਾਡੇ ਨਾਲ ਦੋ ਕੁ ਗੱਲਾਂ ਕਰਨੀਆਂ ਹਨ। ਸਪੀਕਰ ਸਾਹਿਬ ਮੈਂ ਤੁਹਾਡੀ ਚੇਅਰ ਤੋਂ ਆਸ ਰੱਖਦਾ ਹਾਂ ਔਰ ਪੰਜਾਬੀ ਵੀ ਆਸ ਰੱਖਦੇ ਹਨ ਕਿ ਜਿਹੜਾ ਪੈਸਾ ਉਸ ਇਲੈੱਕਸ਼ਨ ਵਿੱਚ ਵਰਤਿਆ ਗਿਆ ਹੈ ਔਰ ਜਿਨ੍ਹਾਂ ਲੋਕਾਂ ਨੇ ਉਹ ਪੈਸਾ ਵਰਤਿਆ ਹੈ, ਉਸ ਦੀ ਜਾਂਚ ਲਈ ਕੋਈ ਸਿੱਟ ਬਣਾਈ ਜਾਵੇ, ਜਿਸ ਦੇ ਨਾਲ ਇਹ ਜ਼ਾਹਰ ਹੋਵੇ ਕਿ ਡਰੱਗ ਮਨੀ ਪੰਜਾਬ ਵਿੱਚ ਇਲੈਕਸ਼ਨਾਂ ਵਿੱਚ ਵਰਤੀ ਗਈ ਹੈ। ਪਹਿਲੀ ਗੱਲ, ਦੂਸਰਾ ਸਪੀਕਰ ਸਾਹਿਬ ਮੈਂ ਜਿਸ ਦਿਨ ਇੱਥੋਂ ਹੋ ਕੇ ਗਿਆ ਜਿਹੜੇ ਸਾਡੇ ਸਰਪੰਚਾਂ ਦੇ ਕਤਲ ਹੋਏ ਹਨ, ਉਨ੍ਹਾਂ ਦੇ ਬੱਚੇ ਮੈਨੂੰ ਮਿਲੇ, ਉਨ੍ਹਾਂ ਦੀਆਂ ਮਾਵਾਂ ਮਿਲੀਆਂ ਤੇ ਉਨ੍ਹਾਂ ਨੇ ਮੇਰਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਕਿਸੇ ਨੇ ਕੋਈ ਗੱਲ ਤਾਂ ਸੁਣੀ, ਕਿਤੇ ਗੱਲ ਤੇ ਹੋਈ। ਔਰ ਮੈਂ ਇਹ ਬੇਨਤੀ ਕਰਦਾ ਹਾਂ ਕਿ ਜਦੋਂ ਇਹ ਕਤਲ ਹੋਏ, ਇਹ ਜਿਹੜੀ ਸਾਡੇ ਹਲਕੇ ਦੀ ਇੰਚਾਰਜ ਬੀਬੀ ਲੱਗੀ ਹੈ, ਇਹ ਦੋਵੇਂ ਜੀਅ ਉਸ ਵੇਲੇ ਦੁਬਈ ਵਿੱਚ ਰਹਿੰਦੇ ਸੀ ਔਰ ਉੱਥੇ ਸਰਪੰਚਾਂ ਨੂੰ ਮਾਰਨ ਦੀ ਸਾਜ਼ਿਸ਼ ਹੋਈ। ਮੈਂ ਇਹ ਵੀ ਤੁਹਾਡੇ ਕੋਲ ਆਸ ਰੱਖਦਾ ਹਾਂ ਕਿ ਜਿਹੜੀ ਇਹ ਸਾਜ਼ਿਸ਼ ਉੱਥੇ ਕਰ ਕੇ, ਸਰਪੰਚਾਂ ਦੇ ਕਤਲ ਹੋਏ ਹਨ ਕਿ ਉਹ ਇਨਵਾਲਵ ਹੋਣੀ ਚਾਹੀਦੀ ਹੈ ਜਾਂ ਨਹੀਂ। ਇਹ ਤੁਹਾਡੀ ਚੇਅਰ ਇੱਕ ਸਿੱਟ ਬਣਾ ਦੇਵੇ

**1205/Beant kaur**

ਕੋਈ ਸਪੈਸ਼ਲ ਅਫ਼ਸਰ ਲੱਗ ਜਾਣ ਅਤੇ ਇਹ SIT ਨਿਤਾਰਾ ਕਰੇ। ਮੈਂ ਇੱਥੇ ਇਹ ਗੱਲ ਵੀ ਕਰਨੀ ਚਾਹੁੰਦਾ ਹਾਂ ਕਿ ਇਸ ਗੈਲਰੀ ਵਿੱਚ ਆਈ.ਏ.ਐਸ/ਆਈ.ਪੀ.ਐਸ ਅਫ਼ਸਰ ਬੈਠੇ ਹਨ। ਕੱਲ੍ਹ ਨੂੰ ਕੋਈ ਗੈਂਗਸਟਰ ਇਸ ਹਾਊਸ ਵਿੱਚ ਆ ਕੇ ਇਨ੍ਹਾਂ ਚੇਅਰਾਂ ਤੇ ਬੈਠੇਗਾ ਤਾਂ ਕੀ ਇਹ ਆਈ.ਏ.ਐਸ/ਆਈ.ਪੀ.ਐਸ ਅਫ਼ਸਰ ਉਨ੍ਹਾਂ ਗੈਂਗਸਟਰਾਂ ਨੂੰ ਸਲੂਟ

ਮਾਰਨਗੇ? ਸਾਨੂੰ ਇਨ੍ਹਾਂ ਤੇ ਹੁਣੇ ਹੀ ਨੱਥ ਪਾ ਲੈਣੀ ਚਾਹੀਦੀ ਹੈ ਤਾਂ ਕਿ ਆਉਣ ਵਾਲਾ ਸਮਾਂ ਪੰਜਾਬ ਅਤੇ ਪੰਜਾਬੀਆਂ ਲਈ ਚੰਗਾ ਹੋਵੇ। ਬਹੁਤ ਬਹੁਤ ਧੰਨਵਾਦ।(ਥੰਪਿੰਗ)

**ਸਰਦਾਰ ਚੇਤਨ ਸਿੰਘ ਜੋੜਾਮਾਜਰਾ (ਸਮਾਣਾ)** : ਸਪੀਕਰ ਸਾਹਿਬ, ਧੰਨਵਾਦ। ਮੈਂ ਤੁਹਾਡਾ ਬਹੁਤ ਸ਼ੁਕਰੀਆ ਕਰਦਾ ਹਾਂ ਅਤੇ ਆਪ ਜੀ ਦੇ ਜ਼ਰੀਏ ਬੇਨਤੀ ਕਰਦਾ ਹਾਂ ਕਿ ਮਾਂ ਦਾ ਰੁਤਬਾ ਇੰਨਾ ਵੱਡਾ ਹੈ ਕਿ ਅਸੀਂ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦੇ। ਸਾਡੇ ਵਾਸਤੇ ਮਾਂ ਬਹੁਤ ਕੁਝ ਕਰਦੀ ਹੈ, ਪਿਓ ਤੋਂ ਵੀ ਵੱਧ ਕੇ ਬਹੁਤ ਕੁਝ ਕਰਦੀ ਹੈ। ਮੈਂ ਆਪ ਜੀ ਦੇ ਜ਼ਰੀਏ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਭਾਈ ਜਗਤਾਰ ਸਿੰਘ ਹਵਾਰਾ ਜੀ ਦੇ ਮਾਤਾ ਜੀ ਢਿੱਲੇ ਹਨ, ਜੇਕਰ ਉਹ ਆਪਣੇ ਮਾਤਾ ਜੀ ਦੀ ਸੇਵਾ ਕਰ ਸਕਣ ਤਾਂ ਇਸ ਵਾਸਤੇ ਆਪਣੀ ਪੰਜਾਬ ਸਰਕਾਰ ਆਪਣਾ ਰੋਲ ਨਿਭਾਵੇ ਅਤੇ ਜੇਕਰ ਇਹ ਕੇਂਦਰ ਸਰਕਾਰ ਦੇ ਹੱਥ ਵਿੱਚ ਹੈ ਤਾਂ ਮੰਤਰੀ ਮੰਡਲ ਦੀ ਕਮੇਟੀ ਬਣਾ ਕੇ ਕੇਂਦਰ ਸਰਕਾਰ ਕੋਲ ਭੇਜੀ ਜਾਵੇ। ਭਾਈ ਜਗਤਾਰ ਸਿੰਘ ਹਵਾਰਾ ਆਪਣੀ ਮਾਤਾ ਦੀ ਸੇਵਾ ਕਰ ਸਕਣ, ਇਸ ਤੋਂ ਵੱਡਾ ਪੁੰਨ ਦਾ ਕੰਮ ਕੋਈ ਨਹੀਂ ਹੋ ਸਕਦਾ। ਉਨ੍ਹਾਂ ਦੇ ਮਾਤਾ ਜੀ ਕਾਫੀ ਸਮੇਂ ਤੋਂ ਢਿੱਲੇ ਹਨ, ਬੀਮਾਰ ਹਨ। ਸੋ, ਮੈਂ ਆਪ ਜੀ ਦੇ ਮਾਧਿਅਮ ਜ਼ਰੀਏ ਬੇਨਤੀ ਕਰਾਂਗਾ ਕਿ ਭਾਈ ਜਗਤਾਰ ਸਿੰਘ ਹਵਾਰਾ ਜੀ ਨੂੰ ਆਪਣੀ ਮਾਤਾ ਨੂੰ ਮਿਲਣ ਵਾਸਤੇ ਵੱਧ ਤੋਂ ਵੱਧ ਸਮਾਂ ਦਿੱਤਾ ਜਾਵੇ।

**ਮਾਣਯੋਗ ਸਪੀਕਰ** : ਮੇਰੇ ਖਿਆਲ ਵਿੱਚ ਇਸ ਵਾਸਤੇ ਮਾਣਯੋਗ ਮੁੱਖ ਮੰਤਰੀ ਸਾਹਿਬ ਵੀ ਚਾਰਾਜੋਈ ਕਰ ਰਹੇ ਹਨ। ਇਹ ਕਾਨੂੰਨੀ ਹੱਕ ਹੈ ਅਤੇ ਉਨ੍ਹਾਂ ਨੂੰ ਮਿਲ ਜਾਣਾ ਚਾਹੀਦਾ ਹੈ। ਠੀਕ ਹੈ ਜੀ।

**ਡਾਕਟਰ ਇੰਦਰਬੀਰ ਸਿੰਘ ਨਿੱਜਰ (ਅੰਮ੍ਰਿਤਸਰ, ਦੱਖਣੀ)** : ਸਪੀਕਰ ਸਾਹਿਬ, ਮਿਹਰਬਾਨੀ। ਮੈਂ ਆਪ ਸਭ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਅਤੇ ਭਾਈ ਘਨੱਈਆ ਜੀ ਦੀ ਸਮਾਜ ਵਾਸਤੇ ਸੇਵਾ ਬਾਰੇ ਸਭ ਨੂੰ ਪਤਾ ਹੈ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਜ਼ਖਮੀ ਫੌਜੀਆਂ ਦੀ, ਚਾਹੇ ਉਹ ਹਿੰਦੂ ਸਨ, ਸਿੱਖ ਸਨ ਜਾਂ ਮੁਸਲਮਾਨ ਸਨ, ਸੇਵਾ ਕੀਤੀ, ਉਨ੍ਹਾਂ ਨੂੰ ਪਾਣੀ ਪਿਲਾਇਆ। ਜਦੋਂ ਇਹ ਸ਼ਿਕਾਇਤ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੋਲ ਗਈ ਕਿ ਘਨੱਈਆ ਜੀ ਦੁਸ਼ਮਣਾਂ ਨੂੰ ਵੀ ਪਾਣੀ ਪਿਲਾ ਰਹੇ ਹਨ ਤਾਂ ਗੁਰੂ ਮਹਾਰਾਜ ਨੇ ਕਿਹਾ, ਭਾਈ ਘਨੱਈਆ ਜੀ, ਕੀ ਇਹ ਖ਼ਬਰ ਸੱਚੀ ਹੈ? ਉਨ੍ਹਾਂ ਨੇ ਅੱਗੋਂ ਕਿਹਾ, ਮਹਾਰਾਜ, ਮੈਨੂੰ ਤਾਂ ਸਾਰਿਆ ਵਿੱਚ ਤੁਹਾਡਾ ਹੀ ਸਰੂਪ ਨਜ਼ਰ ਆਉਂਦਾ ਹੈ। ਮਹਾਰਾਜ ਨੇ ਖੁਸ਼ ਹੋ ਕੇ ਕਿਹਾ ਕਿ ਇਹ ਮੱਲ੍ਹਮ ਲੈ ਜਾਓ ਤੇ ਅੱਜ ਤੋਂ ਬਾਅਦ ਤੁਸੀਂ ਇਹ ਵੀ ਲਗਾਓ। ਸੋ, ਜਿਨ੍ਹਾਂ ਨੇ ਦੁਨੀਆ ਦੀ ਸਭ ਤੋਂ ਪਹਿਲੀ ਰੈੱਡ ਕ੍ਰਾਸ, ਇਕ ਕਿਸਮ ਦੀ ਕ੍ਰੀਏਟ ਕੀਤੀ, ਮੇਰੀ ਆਪ ਦੇ ਮਾਧਿਅਮ ਰਾਹੀਂ ਮੁੱਖ ਮੰਤਰੀ ਸਾਹਿਬ ਅਤੇ ਸਿਹਤ ਮੰਤਰੀ ਸਾਹਿਬ ਅੱਗੇ ਬੇਨਤੀ ਹੈ ਕਿ ਜਿੰਨੇ ਸਾਡੇ ਐਮਰਜੈਂਸੀ ਵਾਰਡ ਹਨ, ਉਨ੍ਹਾਂ ਦਾ ਨਾਂ ਭਾਈ ਘਨੱਈਆ ਐਮਰਜੈਂਸੀ ਵਾਰਡ ਰੱਖਿਆ ਜਾਵੇ, ਇਹ ਉਨ੍ਹਾਂ ਨੂੰ ਟ੍ਰਿਬਿਊਟ ਹੋਵੇਗੀ। ਇਹ ਨਾਂ ਰੱਖਣ ਦੇ ਨਾਲ ਹੀ ਉਨ੍ਹਾਂ ਵਾਰਡਾਂ ਨੂੰ ਚੰਗਾ ਬਣਾਇਆ ਜਾਵੇ ਤਾਂ ਜੋ ਉਹ ਉਸ ਨਾਂ ਦੇ ਕਾਬਲ ਵੀ ਹੋਣ। ਇਹ ਮੇਰੀ ਬੇਨਤੀ ਹੈ, ਬਹੁਤ ਬਹੁਤ ਮਿਹਰਬਾਨੀ।

**Mr. Speaker** : In the world history, Red Cross commands a respect and the original idea of Red Cross was operationalised by Bhai Kanhaiya Ji before the Red Cross was even thought of. So, I think, ਮੰਤਰੀ ਜੀ, ਆਪਾਂ ਨੂੰ ਇਹ ਕਰ ਲੈਣਾ ਚਾਹੀਦਾ ਹੈ।(ਥੰਪਿੰਗ)

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ)** : ਨਿੱਜਰ ਸਾਹਿਬ ਨੇ ਬਹੁਤ ਅੱਛੀ ਸੁਜੈਸ਼ਨ ਦਿੱਤੀ ਹੈ। ਅਸੀਂ ਇਸ ਤੇ ਬਿਲਕੁਲ ਵਿਚਾਰ ਕਰਾਂਗੇ। ਅਸੀਂ ਉਨ੍ਹਾਂ ਦੇ ਰਾਹ ਤੇ ਚਲਦੇ ਵੀ ਹਾਂ ਅਤੇ ਇਸ ਤੇ ਵੀ ਕਾਰਵਾਈ ਕਰਾਂਗੇ।

**ਮਾਣਯੋਗ ਸਪੀਕਰ** : ਵਿਚਾਰ ਨਹੀਂ ਜੀ, ਇਸ ਨੂੰ ਕਰ ਦੇਣਾ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ**: ਸਰ, ਚੇਅਰ ਦਾ ਹੁਕਮ ਹੋ ਗਿਆ ਜੀ।

**ਮਾਣਯੋਗ ਸਪੀਕਰ** : ਇਹ ਬੜੇ ਮਾਣ ਵਾਲੀ ਗੱਲ ਹੈ। ਰੈਡ ਕ੍ਰਾਸ ਦੀ ਭਾਵਨਾ, ਜਿਹੜੀ ਭਾਈ ਘਨੱਈਆ ਜੀ ਨੇ ਸਾਨੂੰ ਦਿੱਤੀ ਹੈ, ਇਸ ਨਾਲ ਦੁਨੀਆ ਵਿੱਚ ਸੇਵਾ ਦੀ ਗੱਲ ਜਾਂਦੀ ਹੈ। We must do it.

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ**: ਠੀਕ ਹੈ ਜੀ।

**Mr. Speaker** : Thank you.

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਸਪੀਕਰ ਸਾਹਿਬ, ਕੁਝ ਦਿਨ ਪਹਿਲਾਂ ਜ਼ੀਰੋ ਆਵਰ ਵਿੱਚ SIR ਬਾਰੇ ਗੱਲ ਹੋਈ ਸੀ। ਉਸ ਦਿਨ ਮੈਂ ਗੱਲ ਕੀਤੀ ਸੀ ਕਿ ਸਾਡੀ ਜਥੇਬੰਦੀ, ਵਾਰਿਸ ਪੰਜਾਬ ਦੇ, ਇਲੈਕਸ਼ਨ ਕਮਿਸ਼ਨ ਵੱਲੋਂ ਰਜਿਸਟਰ ਨਹੀਂ ਕੀਤੀ ਜਾ ਰਹੀ। ਮੇਰੇ ਕੋਲ ਦੋ ਲੈਟਰ ਹਨ, ਇਕ 14 ਜੁਲਾਈ ਦੀ ਹੈ ਅਤੇ ਦੂਜੀ 13 ਅਕਤੂਬਰ ਦੀ ਹੈ। ਇਲੈਕਸ਼ਨ ਕਮਿਸ਼ਨ ਆਫ਼ ਇੰਡੀਆ ਨੇ ਥਰੂ ਇਲੈਕਸ਼ਨ ਕਮਿਸ਼ਨ, ਪੰਜਾਬ ਪੰਜਾਬ ਸਰਕਾਰ ਦੇ ਹੋਮ ਡਿਪਾਰਟਮੈਂਟ ਤੋਂ ਇਹ ਗੱਲ ਪੁੱਛੀ ਹੈ ਕਿ ਤੁਹਾਨੂੰ ਇਸ ਪਾਰਟੀ ਨੂੰ ਰਜਿਸਟਰ ਕਰਨ ਤੇ ਕੋਈ ਇਤਰਾਜ਼ ਹੈ? ਦੋ ਲੈਟਰ ਆਉਣ ਦੇ ਬਾਵਜੂਦ ਅਤੇ ਤਿੰਨ ਮਹੀਨੇ ਤੋਂ ਜ਼ਿਆਦਾ ਸਮਾਂ ਲੰਘ ਗਿਆ ਹੈ,

**1210/Karamjit kaur**

7ਵੇਂ ਮਹੀਨੇ ਤੋਂ ਲੈ ਕੇ ਅਜੇ ਤੱਕ ਹੋਮ ਡਿਪਾਰਟਮੈਂਟ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ਕਿਉਂਕਿ ਇਹ ਜਿਹੜੀ ਜਥੇਬੰਦੀ ਹੈ, ਜਿਸ ਦੇ ਦੋ ਮੈਂਬਰ ਪਾਰਲੀਮੈਂਟ ਲੋਕਾਂ ਨੇ ਚੁਣੇ ਹਨ। ਅੱਜ ਪੰਜਾਬ ਵਿੱਚ ਇਸ ਦਾ ਬਹੁਤ ਵੱਡਾ ਅਧਾਰ ਹੈ। ਲੋਕ ਦਿਨੋਂ-ਦਿਨ ਇਸ ਜਥੇਬੰਦੀ ਨਾਲ ਵੱਡੀ ਗਿਣਤੀ ਵਿੱਚ ਜੁੜ ਰਹੇ ਹਨ ਲੇਕਿਨ ਜਿੱਥੇ ਸਾਡੀ ਕੇਂਦਰ ਦੀ ਬੀ.ਜੇ.ਪੀ. ਸਰਕਾਰ ਵੱਲੋਂ ਇਹ ਪਾਰਟੀ ਰਜਿਸਟਰ ਕਰਨ ਤੋਂ ਰੋਕੀ ਜਾ ਰਹੀ ਹੈ, ਉੱਥੇ ਮੈਂ ਸਮਝਦਾ ਹਾਂ ਕਿ ਜਿਹੜੀ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਉਹ ਵੀ ਜਾਣ-ਬੁੱਝ ਕੇ ਤਿੰਨ ਮਹੀਨੇ ਤੋਂ ਡਿਲੇਅ ਕਰ ਰਹੀ ਹੈ। ਇਸ ਸਬੰਧੀ ਦੁਬਾਰਾ ਵੀ ਰਿਮਾਈਂਡਰ ਦਿੱਤਾ ਗਿਆ ਹੈ ਲੇਕਿਨ ਅਜੇ ਤੱਕ ਕੋਈ ਵੀ ਜਵਾਬ ਨਹੀਂ ਦਿੱਤਾ ਗਿਆ। ਚੋਣਾਂ ਵਿੱਚ ਬਹੁਤ ਘੱਟ ਸਮਾਂ ਰਹਿ ਗਿਆ ਹੈ। ਇਸ ਲਈ ਮੈਂ ਤੁਹਾਡੇ ਰਾਹੀਂ ਸਰਕਾਰ ਤੋਂ ਇਹ ਮੰਗ ਕਰਦਾ ਹਾਂ ਕਿ ਜੋ ਵੀ ਹੋਮ ਡਿਪਾਰਟਮੈਂਟ ਤੋਂ ਇਲੈਕਸ਼ਨ ਕਮਿਸ਼ਨ ਨੇ ਮੰਗ ਕੀਤੀ ਹੈ, ਉਸ ਦੀ ਆਪਣੀ ਜਿਹੜੀ ਰਿਪੋਰਟ ਹੈ, ਉਹ ਜਲਦੀ ਤੋਂ ਜਲਦੀ ਇਸ ਜਥੇਬੰਦੀ ਦੇ ਹੱਕ ਵਿੱਚ ਭੇਜੀ ਜਾਵੇ ਤਾਂ ਜੋ ਪਾਰਟੀ ਰਜਿਸਟਰ ਹੋ ਸਕੇ। ਮੈਂ ਤੁਹਾਡੇ ਰਾਹੀਂ ਇਸ ਗੱਲ ਦੀ ਮੰਗ ਕਰਦਾ ਹਾਂ।

Unedited Version/ Not for Legal/ Official use Dated: Tuesday, 27th October, 2026

------

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ:** ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ ਦੇ ਵਿਦਿਆਰਥੀ ਔਰ ਟੀਚਰ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਆਓ, ਉਨ੍ਹਾਂ ਦਾ ਖ਼ੈਰ-ਮਕਦਮ ਕਰੀਏ। (ਥੰਪਿੰਗ)

--------

## MATTERS RAISED DURING ZERO HOUR AND STATEMENTS MADE BY THE MINISTERS THEREON *(Resumption)*

**ਸਰਦਾਰ ਕਰਮਬੀਰ ਸਿੰਘ (ਦਸੂਹਾ):** ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ। ਮੈਂ ਤੁਹਾਡੇ ਜ਼ਰੀਏ ਮਾਣਯੋਗ ਮੰਤਰੀ ਸਾਹਿਬ ਦਾ ਧਿਆਨ ਆਪਣੇ ਹਲਕੇ ਦੇ ਇੱਕ ਜ਼ਰੂਰੀ ਕੰਮ ਵੱਲ ਦਿਵਾਉਣਾ ਚਾਹੁੰਦਾ ਹਾਂ। ਸਾਡੇ ਦਸੂਹਾ ਸ਼ਹਿਰ ਵਿੱਚ ਦੋ ਕਲੋਨੀਆਂ, ਜੈਨ ਕਲੋਨੀ ਅਤੇ ਮਿਲਕ ਪਲਾਂਟ ਕਲੋਨੀ ਵਿੱਚ ਸੀਵਰੇਜ ਪਾਸ ਹੋਇਆ ਸੀ। ਉਸ ਦੇ ਟੈਂਡਰ ਵੀ ਲੱਗ ਗਏ ਸੀ, ਟੈਂਡਰ ਖੁੱਲ੍ਹ ਵੀ ਗਏ ਅਤੇ ਅਲਾਟ ਵੀ ਹੋ ਗਏ ਸੀ। ਠੇਕੇਦਾਰ ਨੇ ਸਮਾਨ ਵੀ ਰਖਵਾ ਦਿੱਤਾ ਪਰ ਸਮਾਨ ਹੋਣ ਦੇ ਬਾਵਜੂਦ ਵੀ ਕੁੱਝ ਫੰਡਾਂ ਦੀ ਘਾਟ ਕਰਕੇ ਕੰਮ ਬੰਦ ਹੋ ਗਿਆ। ਸੋ, ਲੋਕ ਹੁਣ ਇਸ ਗੱਲ ਦਾ ਇਤਰਾਜ਼ ਕਰ ਰਹੇ ਹਨ ਕਿ ਕੰਮ ਸ਼ੁਰੂ ਹੋਣ ਤੋਂ ਬਾਅਦ ਬੰਦ ਕੀਤਾ ਗਿਆ ਹੈ। ਮੈਂ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਦਾ ਹਾਂ ਕਿ ਜਲਦੀ ਤੋਂ ਜਲਦੀ ਇਸ ਦਾ ਕੰਮ ਸ਼ੁਰੂ ਕਰਵਾਇਆ ਜਾਵੇ।

ਦੂਸਰਾ, ਸਾਡੇ ਏਰੀਏ ਦੇ ਕਿਸਾਨਾਂ ਦਾ ਇੱਕ ਬੜਾ ਵੱਡਾ ਮਸਲਾ ਹੈ। ਜਿਵੇਂ ਸਾਡੇ ਦੁਆਬੇ ਦਾ ਏਰੀਆ ਕਮਾਦ ਦਾ ਸ਼ੂਗਰ ਦਾ ਏਰੀਆ ਹੈ। ਸਾਡੇ ਜ਼ਿੰਮੀਦਾਰਾਂ ਨੂੰ ਸਬਸਿਡੀ ਦੀ ਰਾਸ਼ੀ ਪਈ ਹੋਈ ਸੀ। ਪਿਛਲੇ ਸਾਲ ਵਿੱਚ ਕਮਾਦ ਦੇ ਸੀਜ਼ਨ ਤੋਂ ਬਾਅਦ ਟੈਕਨੀਕਲ ਕਾਰਨ ਕਰਕੇ ਕੁੱਝ ਰਾਸ਼ੀ ਡਬਲ ਪੈ ਗਈ ਸੀ। ਜਿਸ ਕਾਰਨ ਉਸ ਰਾਸ਼ੀ ਦੀ ਅਗਲੀ ਕਿਸ਼ਤ ਪੈਣੀ ਬੰਦ ਹੋ ਗਈ। ਜਿਨ੍ਹਾਂ ਦੇ ਖਾਤੇ ਵਿੱਚ ਵੱਧ ਰਾਸ਼ੀ ਪਈ ਸੀ, ਹੁਣ ਉਨ੍ਹਾਂ ਨੇ ਪੈਸੇ ਵਾਪਸ ਕਰ ਦਿੱਤੇ ਹਨ ਪਰ ਜਿਹੜੀ ਅਗਲੀ ਕਿਸ਼ਤ ਹੈ, ਉਹ ਉਨ੍ਹਾਂ ਦੀ ਨਹੀਂ ਪੈ ਰਹੀ। ਇਸ ਸਬੰਧੀ ਜਲੰਧਰ ਵਿੱਚ ਤਿੰਨ ਕਰੋੜ ਰੁਪਏ ਦੇ ਕਰੀਬ ਇੱਕ ਬਿਲ ਲੱਗਿਆ ਹੋਇਆ ਹੈ, ਮੇਰੀ ਖਜ਼ਾਨਾ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਹ ਜਿਹੜਾ ਬਿਲ ਹੈ, ਇਹ ਕਲੀਅਰ ਕਰਵਾ ਦਿੱਤਾ ਜਾਵੇ ਤਾਂ ਜੋ ਕਿਸਾਨਾਂ ਦੇ ਖਾਤਿਆਂ ਵਿੱਚ ਪੈਸੇ ਪੈ ਜਾਣ, ਕਿਉਂਕਿ ਕਿਸਾਨਾਂ ਦੀ ਅਗਲੀ ਫ਼ਸਲ ਆਉਣ ਵਾਲੀ ਹੈ।

ਤੀਸਰਾ, ਸਾਡਾ ਇੱਕ ਉੱਚੀ ਬੱਸੀ ਨਾਮ ਦਾ ਪਿੰਡ ਹੈ ਜੀ। ਉਥੇ ਤਕਰਬੀਨ 50 ਮਕਾਨ ਨਹਿਰੀ ਵਿਭਾਗ ਦੀ ਜਗ੍ਹਾ ਦੇ ਉੱਤੇ ਬਣੇ ਹੋਏ ਹਨ। ਉਨ੍ਹਾਂ ਦਾ ਉੱਥੇ ਪਿਛਲੇ 60 ਸਾਲ ਤੋਂ ਕਬਜ਼ਾ ਚੱਲ ਰਿਹਾ ਹੈ। ਪਰ ਡਿਪਾਰਮੈਂਟ ਵੱਲੋਂ ਉਨ੍ਹਾਂ ਨੂੰ ਵਾਰ ਵਾਰ ਤੰਗ ਕੀਤਾ ਜਾ ਰਿਹਾ ਹੈ, ਉੱਥੇ ਤਕਰੀਬਨ 400 ਦੇ ਕਰੀਬ ਲੋਕ ਰਹਿ ਰਹੇ ਹਨ। ਸੋ, ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਲੀਗਲੀ ਤਰੀਕੇ ਨਾਲ, ਜਾਂ ਤਾਂ ਉਨ੍ਹਾਂ ਪਰਿਵਾਰਾਂ ਨੂੰ ਲੀਜ਼ ਤੇ ਕਰਵਾ ਦਿੱਤਾ ਜਾਵੇ, ਜਾਂ ਕੋਈ ਇਹੋ ਜਿਹੀ ਪਾਲਿਸੀ ਲਿਆਂਦੀ ਜਾਵੇ, ਜਿਵੇਂ ਆਪਾਂ ਬਾਕੀ ਥਾਵਾਂ ਤੇ ਮਾਲਕਾਨਾ ਹੱਕ ਦੇ ਰਹੇ ਹਾਂ, ਉਨ੍ਹਾਂ ਲੋਕਾਂ ਨੂੰ ਮਾਲਕੀ ਦੇ ਹੱਕ ਦੇ ਦਿੱਤੇ ਜਾਣ।

ਮੇਰੀ ਇੱਕ ਲਾਸਟ ਬੇਨਤੀ ਹੈ ਕਿ ਕੱਲ੍ਹ ਭਗਵਾਨ ਸ੍ਰੀ ਵਾਲਮੀਕਿ ਮਹਾਰਾਜ ਜੀ ਦਾ ਜਨਮ ਦਿਹਾੜਾ ਸੀ, ਪ੍ਰਕਾਸ਼ ਦਿਵਸ ਸੀ, ਸਾਨੂੰ ਵੀ ਉਥੇ ਕਈ ਜਗ੍ਹਾ ਤੇ ਜਾਣ ਦਾ ਮੌਕਾ ਮਿਲਿਆ। ਸਾਨੂੰ ਉੱਥੋਂ ਇੱਕ ਡਿਮਾਂਡ ਕੀਤੀ ਗਈ ਹੈ ਕਿ ਭਾਈ ਜੀਵਨ ਸਿੰਘ ਜੀ, ਜਿਨ੍ਹਾਂ ਦੀ ਸਿੱਖ ਕੌਮ ਵਾਸਤੇ ਵੀ ਬੜੀ ਵੱਡੀ ਦੇਣ ਹੈ। ਉਨ੍ਹਾਂ ਦੀ ਡਿਮਾਂਡ ਹੈ ਕਿ ਉਨ੍ਹਾਂ ਦੇ ਨਾਮ ਉੱਤੇ ਪੰਜਾਬ ਵਿੱਚ ਅੱਜ ਤੱਕ ਕਦੇ ਵੀ ਕੋਈ ਯਾਦਗਾਰੀ ਚਿੰਨ੍ਹ ਨਹੀਂ ਬਣਾਇਆ ਗਿਆ, ਉਨ੍ਹਾਂ ਦੀ ਡਿਮਾਂਡ ਸੀ ਕਿ ਚੰਡੀਗੜ੍ਹ ਤੋਂ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਤੱਕ ਦਾ ਜਿਹੜਾ ਰਸਤਾ ਹੈ, ਉਸ ਮਾਰਗ ਦਾ ਨਾਮ ਭਾਈ ਜੀਵਨ ਸਿੰਘ ਜੀ ਦੇ ਨਾਮ ਦੇ ਉੱਤੇ ਰੱਖਿਆ ਜਾਵੇ। ਮੇਰੀਆਂ ਇੰਨੀਆਂ ਬੇਨਤੀਆਂ ਪ੍ਰਵਾਨ ਕੀਤੀਆਂ ਜਾਣ। ਧੰਨਵਾਦ ਜੀ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ।।

**ਮਾਣਯੋਗ ਸਪੀਕਰ:** ਘੁੰਮਣ ਸਾਹਿਬ, ਤੁਸੀਂ ਤਾਂ ਦੋ ਮਿੰਟ ਦੇ ਵਿੱਚ ਵਿੱਚ ਗਾਗਰ ਵਿੱਚ ਸਾਗਰ ਭਰ ਦਿੱਤਾ। ਕਮਾਲ ਹੈ। ਵੈਰੀ ਗੁੱਡ। ਹਾਂ ਜੀ, ਸਰਦਾਰ ਹਰਭਜਨ ਸਿੰਘ ਈ.ਟੀ.ਓ., ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ, ਆਦਮਪੁਰ ਦਾ ਪੁਲ ਜਿਹੜਾ ਕਾਫ਼ੀ ਦੇਰ ਤੋਂ ਰੁਕਿਆ ਹੋਇਆ ਸੀ, ਉਸਦੇ ਸਬੰਧ ਵਿੱਚ ਇਨ੍ਹਾਂ ਤੋਂ ਰਿਪੋਰਟ ਦੀ ਤਵੱਕੋਂ ਸੀ। ਹਾਂ ਜੀ, ਮੰਤਰੀ ਸਾਹਿਬ।

**ਲੋਕ ਨਿਰਮਾਣ ਮੰਤਰੀ (ਸਰਦਾਰ ਹਰਭਜਨ ਸਿੰਘ):** ਮਾਣਯੋਗ ਸਪੀਕਰ ਸਾਹਿਬ, ਜਦੋਂ 23 ਤਾਰੀਕ ਨੂੰ ਵਿਧਾਨ ਸਭਾ ਦਾ ਸੈਸ਼ਨ ਚੱਲ ਰਿਹਾ ਸੀ, ਤੁਸੀਂ ਮੈਨੂੰ ਆਦੇਸ਼ ਜਾਰੀ ਕੀਤਾ ਸੀ ਕਿ ਆਦਮਪੁਰ ਪੁਲ ਅਤੇ ਸੜਕ ਦੇ ਬਾਰੇ ਡਿਟੇਲਡ ਰਿਪੋਰਟ ਸਦਨ ਦੇ ਸਾਹਮਣੇ ਪੇਸ਼ ਕੀਤੀ ਜਾਵੇ। ਸਰ, ਮੈਂ ਇਸ ਦੇ ਬਾਰੇ ਦੱਸਣਾ ਚਾਹੁੰਦਾ ਹਾਂ ਕਿ:

1. ਆਦਮਪੁਰ ਪੁਲ ਦਾ ਨਿਰਮਾਣ ਅਤੇ ਉਕਤ ਸੜਕ ਨੂੰ ਚਹੁੰ ਮਾਰਗੀ(Four-laning) ਕਰਨ ਦਾ ਕੰਮ ਪੰਜਾਬ ਰਾਜ ਅੰਦਰ ਪੈਂਦੇ (ਰਾਸ਼ਟਰੀ ਰਾਜਮਾਰਗ ਨੰਬਰ 70/ਨਵਾਂ ਨੰ. NH-3) ਦਾ ਹਿੱਸਾ ਹੈ, ਨਵੇਂ ਨੰਬਰ ਅਨੁਸਾਰ ਇਸ ਦਾ ਨਾਮ NH-3 ਰੱਖ ਦਿੱਤਾ ਗਿਆ ਹੈ। ਇਹ ਰਾਜ ਨੂੰ ਹਿਮਾਚਲ ਪ੍ਰਦੇਸ਼ ਨਾਲ ਜੋੜਦਾ ਹੋਇਆ ਮਹੱਤਵਪੂਰਨ ਰਾਜਮਾਰਗ ਹੈ ਅਤੇ ਕਈ ਧਾਰਮਿਕ ਅਸਥਾਨਾਂ ਨੂੰ ਪਹੁੰਚ ਪ੍ਰਦਾਨ ਕਰਦਾ ਹੈ।

2. ਇਸ ਰਾਜਮਾਰਗ ਤੇ ਕਿਲੋਮੀਟਰ 11.400 ਤੋਂ ਕਿਲੋਮੀਟਰ 49.200 ਤੱਕ 10 ਮੀਟਰ Carriageway ਦੇ ਜਲੰਧਰ-ਹੁਸ਼ਿਆਰਪੁਰ ਹਿੱਸੇ ਨੂੰ ਚਹੁੰ ਮਾਰਗੀ (ਸਣੇ ਪੇਵਡ ਸ਼ੋਲਡਰ) ਕਰਨ ਅਤੇ ਹੁਸ਼ਿਆਰਪੁਰ ਬਾਈਪਾਸ ਦੇ ਨਿਰਮਾਣ ਦਾ ਕੰਮ ਭਾਰਤ ਸਰਕਾਰ ਦੇ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ (MoRT&H) ਵੱਲੋਂ ਸਾਲ 2016 ਵਿੱਚ ਠੇਕੇਦਾਰ ਨੂੰ 356.78 ਕਰੋੜ ਰੁਪਏ ਦੀ ਲਾਗਤ ਨਾਲ ਅਲਾਟ ਕੀਤਾ ਗਿਆ ਸੀ। ਆਦਮਪੁਰ ਦਾ ਫਲਾਈਓਵਰ ਵੀ ਇਸ ਪ੍ਰਾਜੈਕਟ ਦਾ ਹਿੱਸਾ ਹੈ।

**1215/harpreet singh**

ਅਲਾਟਮੈਂਟ ਦੀਆਂ ਸ਼ਰਤਾਂ ਤਹਿਤ ਮੁੱਖ ਇੰਜੀਨੀਅਰ (ਐਨ.ਐਚ.) ਪੰਜਾਬ ਅਤੇ ਠੇਕੇਦਾਰ ਦਰਮਿਆਨ 14.06.2026 ਨੂੰ ਐਗਰੀਮੈਂਟ ਕੀਤਾ ਗਿਆ। ਇਸ ਕੰਮ ਕੀ ਅਪਾਇੰਟਿਡ ਡੇਟ ਮਿਤੀ 23.10.2017 ਘੋਸ਼ਿਤ ਕੀਤੀ

ਗਈ ਸੀ ਅਤੇ ਉਸਾਰੀ ਦੇ ਨਿਰਧਾਰਤ ਸਮੇਂ ਮੁਤਾਬਿਕ ਇਸ ਨੂੰ ਮੁਕੰਮਲ ਕਰਨ ਦੀ ਮਿਤੀ 22.10.2019 ਤੈਅ ਕੀਤੀ ਗਈ ਸੀ।

ਕੰਮ ਲਈ ਭੋਂ-ਪ੍ਰਾਪਤੀ ਦਾ ਕੰਮ ਪਹਿਲਾਂ ਤੋਂ ਹੀ ਨਵੰਬਰ 2014 ਵਿਚ ਸ਼ੁਰੂ ਕਰ ਦਿੱਤਾ ਗਿਆ ਸੀ ਅਅ ਐਕਵਾਇਰ ਕੀਤੀ ਜਾਣ ਵਾਲੀ ਜ਼ਮੀਨ ਲਈ ਅਵਾਰਡ CALA (ਭੋਂ-ਪ੍ਰਾਪਤ ਲਈ ਸਮਰੱਥ ਅਧਿਕਾਰੀ, then SDM, ਹੁਸ਼ਿਆਰਪੁਰ) ਵੱਲੋਂ ਮਾਰਚ, 2016 ਵਿਚ ਦਿੱਤਾ ਗਿਆ ਸੀ। ਜ਼ਮੀਨ ਐਕਵਾਇਰ ਕਰਨ ਲਈ ਲੋੜੀਂਦੇ ਫੰਡਜ਼ ਵੀ ਸੜਕੀ ਅਵਾਜਾਈ ਅਤੇ ਰਾਜਮਾਰਗ ਮੰਤਰਾਲੇ ਵੱਲੋਂ CALA ਨੂੰ ਉਪਲੱਬਧ ਕਰਵਾ ਦਿੱਤੇ ਗਏ ਸਨ। ਕੁੱਝ ਭੋਂ-ਮਾਲਿਕਾਂ ਨੇ ਮੁਆਵਜ਼ਾ ਰਾਸ਼ੀ ਆਪਣੇ ਖਾਤਿਆਂ ਵਿਚ ਪ੍ਰਾਪਤ ਕਰ ਲਈ, ਪ੍ਰੰਤੂ ਇਹ ਪਾਇਆ ਗਿਆ ਕਿ CALA ਵੱਲੋਂ ਐਕਵਾਇਰ ਕੀਤੀ ਜ਼ਮੀਨ ਪਹਿਲਾਂ ਤੋਂ ਮੰਨਜ਼ੂਰਸ਼ੁਦਾ ਅਲਾਈਨਮੈਂਟ ਤੋਂ ਵੱਖ ਸੀ ਅਤੇ ਰਾਜਮਾਰਗ ਦੇ ਕੰਮ ਲਈ ਯੋਗ ਨਹੀਂ ਸੀ।

ਭੋਂ-ਪ੍ਰਾਪਤੀ ਵਿਚ ਕੁੱਝ ਹੋਰ ਬੇਨਿਯਮੀਆਂ ਵੀ ਸਰਕਾਰ ਦੇ ਧਿਆਨ ਵਿਚ ਆਈਆਂ, ਜਿਸ ਨੂੰ ਮੁੱਖ ਰੱਖਦਿਆਂ ਮਸਲਾ ਵਿਜੀਲੈਂਸ ਵਿਭਾਗ ਦੀ ਪੜਤਾਲ ਵਿਚ ਵੀ ਰਿਹਾ ਅਤੇ ਉਨ੍ਹਾਂ ਵੱਲੋਂ ਇਨਕੁਆਰੀ ਨੰ: 9 ਮਿਤੀ 29.06.2026 ਵਿਚ FIR ਨੰ: 01/2017 ਦਰਜ ਕੀਤੀ ਗਈ ਅਤੇ ਇਹ ਕੇਸ ਮਾਣਯੋਗ ਵਧੀਕ ਸੈਸ਼ਨ ਜੱਜ-ਕਮ-ਵਿਸ਼ੇਸ-ਜੱਜ, ਲੁਧਿਆਣਾ ਦੀ ਅਦਾਲਤ ਵਿੱਚ ਚੱਲ ਰਿਹਾ ਹੈ। ਇਸ ਕੇਸ ਦੀ ਅਗਲੀ ਤਾਰੀਖ 31.10.2026 ਹੈ। ਮਹਿਕਮੇ ਤਰਫੋਂ ਵੀ CALA ਵੱਲੋਂ ਗਲਤ ਮੁਆਵਜ਼ੇ ਦੀ ਅਵਾਰਡ ਦਿੱਤੇ ਜਾਣ ਕਾਰਨ NH Act ਦੀ ਧਾਰਾ 3ਜੀ(5) ਅਧੀਨ ਮੰਡਲ ਕਮਿਸ਼ਨਰ ਜਲੰਧਰ ਦੀ ਅਦਾਲਤ ਵਿਚ ਸਾਲਸੀ (ਆਰਬੀਟਰੇਸ਼ਨ) ਪਟੀਸ਼ਨ ਦਾਇਰ ਕੀਤੀ ਗਈ ਜੋ ਕਿ ਅਜੇ ਵਿਚਾਰ ਅਧੀਨ ਹੈ ਅਤੇ ਅਦਾਲਤੀ ਫੈਸਲਾ ਛੇਤੀ ਹੀ ਪ੍ਰਾਪਤ ਹੋਣ ਦੀ ਉਮੀਦ ਹੈ।

ਉਕਤ ਦੇ ਨਾਲ ਨਾਲ ਪ੍ਰਾਜੈਕਟ ਲਈ CALA ਵੱਲੋਂ ਉਪਲੱਬਧ ਕਰਵਾਈ ਗਈ ਜ਼ਮੀਨ ਤੇ ਠੇਕੇਦਾਰ ਕੰਮ ਕਰਦਾ ਰਿਹਾ ਅਤੇ 1 ਅਗਸਤ, 2019 ਤੱਕ ਕੁੱਲ ਲੰਬਾਈ ਦੇ ਲਗਭੱਗ 59 ਫੀਸਦੀ ਹਿੱਸੇ ਦੀ ਜ਼ਮੀਨ ਠੇਕੇਦਾਰ ਨੂੰ ਮੁਹੱਈਆ ਕਰਵਾਈ ਜਾ ਸਕੀ, ਪ੍ਰੰਤੂ ਠੇਕੇਦਾਰ ਵੱਲੋਂ ਉਪਲੱਬਧ ਜ਼ਮੀਨ ਤੇ ਹੋਣ ਯੋਗ ਕੰਮ ਵੀ ਨਹੀਂ ਕੀਤੇ ਗਏ। 48.67 ਫੀਸਦੀ ਜ਼ਮੀਨ ਤੇ ਠੇਕੇਦਾਰ ਵੱਲੋਂ ਕੰਮ ਕੀਤਾ ਗਿਆ ਸੀ।

ਕਿਉਂਕਿ ਐਗਰੀਮੈਂਟ ਦੀਆਂ ਸ਼ਰਤਾਂ ਮੁਤਾਬਿਕ ਐਪਾਇੰਟਿਡ ਡੇਟ ਤੇ ਠੇਕੇਦਾਰ ਨੂੰ ਕੁੱਲ ਲੋੜੀਂਦੀ ਜ਼ਮੀਨ ਦਾ 90 ਫੀਸਦੀ ਉਪਲੱਬਧ ਕਰਵਾਉਣਾ ਮਹਿਕਮੇ ਦੀ ਜ਼ਿੰਮੇਵਾਰੀ ਸੀ। ਇਸ ਲਈ ਠੇਕੇਦਾਰ ਦੇ ਹਵਾਲੇ ਮੁਤਾਬਿਕ ਕੰਮ ਨੂੰ ਪੂਰਾ ਕਰਨ ਵਿਚ ਦੇਰੀ ਦਾ ਕਾਰਨ ਇਸ ਕੰਮ ਲਈ ਅਕਵਾਇਰ ਕੀਤੀ ਗਈ ਜ਼ਮੀਨ ਦਾ ਕਬਜ਼ਾ ਨਾ ਮਿਲਣਾ ਸੀ। ਠੇਕੇਦਾਰ ਨੇ ਅਥਾਰਟੀ ਦੀ ਕਿਸੇ ਸਹਿਮਤੀ ਤੋਂ ਬਿਨਾ, ਜੂਨ, 2027 ਵਿਚ ਸਾਰੀਆਂ ਗਤੀਵਿਧੀਆਂ ਬੰਦ ਕਰ ਦਿੱਤੀਆਂ ਅਤੇ ਸਾਈਟ ਤੋਂ ਚਲਾ ਗਿਆ। ਠੇਕੇਦਾਰ ਵੱਲੋਂ ਪ੍ਰਾਜੈਕਟ ਲਈ ਸਰਕਾਰ ਵੱਲੋਂ ਲੋੜੀਂਦੀ ਜ਼ਮੀਨ ਉਪਲੱਬਧ ਨਾ ਕਰਵਾਉਣ ਕਾਰਨ ਹੋਏ ਨੁਕਸਾਨ ਲਈ ਸਰਕਾਰ ਵਿਰੁੱਧ ਆਰਬੀਟਰੇਸ਼ਨ ਕੇਸ ਵੀ ਫਾਈਲ ਕੀਤਾ ਹੈ। ਠੇਕੇਦਾਰ ਵੱਲੋਂ 556.06 ਕਰੋੜ ਦੇ ਕਲੇਮ ਫਾਈਲ ਕੀਤੇ ਗਏ ਹਨ।

ਇਸ ਉਪਰੰਤ ਸੌਂਪੇ ਗਏ ਜ਼ਮੀਨ ਦੇ ਹਿੱਸਿਆਂ ਵਿਚ ਕੰਮ ਪੂਰਾ ਕਰਨ ਦੇ ਮਹਿਕਮੇ ਦੇ ਨਿਰਦੇਸ਼ਾਂ ਦੇ ਮੱਦੇਨਜ਼ਰ ਠੇਕੇਦਾਰ ਨੇ ਉਪਲੱਬਧ ਕਰਵਾਏ ਗਏ ਹਿੱਸਿਆਂ, ਜਿਸ ਵਿਚ ਆਦਮਪੁਰ ਫਲਾਈਓਵਰ ਵੀ ਸ਼ਾਮਿਲ ਸੀ, ਕੰਮ ਸ਼ੁਰੂ/ਪੂਰਾ ਨਹੀਂ ਕੀਤਾ, ਜਿਸ ਕਾਰਨ ਜੂਨ, 2022, ਸਤੰਬਰ, 2022 ਅਤੇ ਅਕਤੂਬਰ, 2022 ਵਿਚ ਠੇਕੇਦਾਰ ਨੂੰ ਐਗਰੀਮੈਂਟ ਦੀਆਂ ਧਾਰਾਵਾਂ ਮੁਤਾਬਿਕ ਕਿਊਰ ਨੋਟਿਸ ਜਾਰੀ ਕੀਤੇ ਗਏ ਸਨ।

ਜਾਰੀ ਕੀਤੇ ਗਏ ਕਿਊਰ ਨੋਟਿਸਾਂ ਦੇ ਬਾਵਜੂਦ ਠੇਕੇਦਾਰ ਸੌਂਪੇ ਗਏ ਹਿੱਸਿਆਂ ਵਿਚ ਕੰਮ ਪੂਰਾ ਕਰਨ ਵਿਚ ਅਸਫ਼ਰ ਰਿਹਾ ਹੈ ਅਤੇ ਉਸਨੇ ਪ੍ਰਾਜੈਕਟ ਹਾਈਵੇਅ ਨੂੰ ਅਵਾਜਾਈ ਦੇ ਯੋਗ ਸਥਿਤੀ ਵਿਚ ਨਹੀਂ ਰੱਖਿਆ। ਜਿਸ ਨਾਲ ਸੜਕ ਉਪਭੋਗਤਾਵਾਂ ਨੂੰ ਭਾਰੀ ਅਸੁਵਿਧਾ ਅਤੇ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ ਹੈ। ਸੁਧਾਰ ਲਈ ਵਾਰ-ਵਾਰ ਹਦਾਇਤਾਂ ਅਤੇ ਮੌਕੇ ਦਿੱਤੇ ਜਾਣ ਦੇ ਬਾਵਜੂਦ, ਠੇਕੇਦਾਰ ਨੇ ਸਮਝੌਤੇ ਦੇ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਲਈ ਲੋੜੀਂਦੀ ਕਦਮ ਨਹੀਂ ਚੁੱਕੇ ਅਤੇ ਕੰਮ ਪ੍ਰਤੀ ਕੋਤਾਹੀ ਕਾਰਨ ਇਕਰਾਰਨਾਮੇ ਦੀ ਕਲਾਜ਼ 23.1 ਦੀ ਉਲੰਘਣਾ ਕੀਤੀ ਹੈ। ਠੇਕੇਦਾਰ ਵੱਲੋਂ ਐਗਰੀਮੈਂਟ ਵਿਚ ਕੋਤਾਹੀ ਵਜੋਂ ਮਹਿਕਮੇ ਵੱਲੋਂ 255.36 ਕਰੋੜ ਦੇ ਕਾਊਂਟਰ ਕਲੇਮ ਆਰਬੀਟਰੇਸਨ ਟ੍ਰਿਬਿਊਨਲ ਕੋਲ ਸਾਲਸੀ ਅਧੀਨ ਹਨ।

ਰਾਸ਼ਟਰੀ ਰਾਜਮਾਰਗ ਦਾ ਕੰਮ ਹੋਣ ਕਾਰਨ ਭਾਰਤ ਸਰਕਾਰ ਦੇ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਨਾਲ ਵੀ ਲਗਾਤਾਰ ਤਾਲਮੇਲ ਰੱਖਿਆ ਜਾਂਦਾ ਰਿਹਾ ਹੈ। ਉਨ੍ਹਾਂ ਦੀ ਮੰਨਜ਼ੂਰੀ ਉਪਰੰਤ ਐਗਰੀਮੈਂਟ ਨੂੰ ਮਿਤੀ 28.11.2025 ਨੂੰ ਰੱਦ ਕਰ ਦਿੱਤਾ ਗਿਆ ਹੈ।

**ਮਾਣਯੋਗ ਸਪੀਕਰ**: ਮੰਤਰੀ ਜੀ,

**ਲੋਕ ਨਿਰਮਾਣ ਮੰਤਰੀ**: ਸਪੀਕਰ ਸਾਹਿਬ, ਥੋੜ੍ਹੀ ਜਿਹੀ ਡਿਟੇਲ ਦੱਸ ਲੈਣ ਦਿਓ।

**ਮਾਣਯੋਗ ਸਪੀਕਰ**: ਮੰਤਰੀ ਜੀ, ਮੈਂ ਤਾਂ ਇਹ ਪੁੱਛ ਰਿਹਾ ਹਾਂ।

**ਲੋਕ ਨਿਰਮਾਣ ਮੰਤਰੀ**: ਸਪੀਕਰ ਸਾਹਿਬ, ਤੁਹਾਡੀ ਗੱਲ ਤੇ ਹੀ ਆ ਰਿਹਾ ਹਾਂ ਜੀ।

(**ਕੁੱਝ ਅਵਾਜ਼ਾਂ**: ਹੋਰ ਵੀ ਮੈਂਬਰਾਂ ਨੇ ਜ਼ੀਰੋ ਆਵਰ ਵਿਚ ਬੋਲਣਾ ਹੈ।)

**ਮਾਣਯੋਗ ਸਪੀਕਰ**: ਇਹ ਵੱਡਾ ਇਸ਼ੂ ਹੈ ਜੀ, Let him do.

**ਲੋਕ ਨਿਰਮਾਣ ਮੰਤਰੀ**: ਸਪੀਕਰ ਸਾਹਿਬ, ਇਹ ਬਹੁਤ ਵੱਡਾ ਇਸ਼ੂ ਹੈ ਆਦਮਪੁਰ ਦਾ। ਮੈਂ ਵੀ ਉੱਥੋਂ ਲੰਘਦਾ ਹਾਂ ਤੇ ਲੋਕਾਂ ਨੂੰ ਬਹੁਤ ਮੁਸ਼ਕਿਲ ਪੇਸ਼ ਆ ਰਹੀ ਹੈ।

**1220/amandeep kaur**

ਸਰ, ਪ੍ਰੋਜੈਕਟ ਮੁਕੰਮਲ ਨਾ ਹੋਣ ਕਾਰਨ ਆਵਾਜਾਈ ਵਿੱਚ ਪੇਸ਼ ਆ ਰਹੀਆਂ ਔਕੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੇਵਲ ਉਸ ਹਿੱਸੇ ਦੇ ਕੰਮ ਨੂੰ ਨਵੇਂ ਟੈਂਡਰ ਰਾਹੀਂ ਕਰਵਾਇਆ ਜਾਵੇਗਾ। ਸਪੀਕਰ ਸਾਹਿਬ, ਮੈਂ ਸ਼ਾਰਟ ਕਰ ਦਿੰਦਾ ਹਾਂ। ਸਪੀਕਰ ਸਾਹਿਬ, 2 ਨਵੰਬਰ, 2026 ਨੂੰ ਮੰਤਰਾਲੇ ਵੱਲੋਂ ਪੰਜਾਬ ਰਾਜ ਵਿਖੇ ਸਾਲ 2026-27 ਦੇ ਰਾਸ਼ਟਰੀ ਰਾਜ ਮਾਰਗਾਂ ਦੇ ਕੰਮਾਂ ਦੇ annual plan ਬਾਰੇ ਮਾਣਯੋਗ ਮੁੱਖ ਸਕੱਤਰ, ਪੰਜਾਬ ਨਾਲ ਮੀਟਿੰਗ ਰੱਖੀ ਗਈ ਹੈ। ਜਿਸ ਵਿੱਚ ਇਸ road section ਨੂੰ ਵੀ ਪੂਰੀ ਤਰ੍ਹਾਂ ਵਿਚਾਰਿਆ ਜਾਵੇਗਾ ਅਤੇ 11.4 ਕਿਲੋਮੀਟਰ ਤੋਂ ਲੈ ਕੇ 29.2 ਕਿਲੋਮੀਟਰ ਦੇ ਕੰਮ ਦੀ ਮਨਜ਼ੂਰੀ ਪ੍ਰਾਪਤ ਕੀਤੀ ਜਾਵੇਗੀ ਤੇ ਟੈਂਡਰ ਲਗਾ ਦਿੱਤੇ ਜਾਣਗੇ। ਸਰ, ਇਸ ਤੋਂ ਇਲਾਵਾ ਜਿਹੜਾ ਪੁਲ ਹੈ, ਤੁਸੀਂ ਦੇਖਿਆ ਹੀ ਹੋਵੇਗਾ ਕਿ ਕਾਫੀ ਸਾਰੇ ਪਿੱਲਰ ਭਰੇ ਹੋਏ ਹਨ, ਕਾਫੀ ਸਰੀਏ ਵੀ ਬਾਹਰ ਨਿਕਲੇ ਹਨ ਅਤੇ ਅੱਧੇ ਅੱਧੇ ਪਿੱਲਰ ਹੀ ਬਣੇ ਹੋਏ ਹਨ। ਅਸੀਂ ਉਨ੍ਹਾਂ ਦੇ ਦੋਵੇਂ ਪਾਸੇ ਰੋਡਸ ਬਣਾਉਣ ਵਾਸਤੇ ਆਰ.ਓ ਤੋਂ ਇੱਕ ਐਸ.ਟੀ.ਐਮ.ਸੀ ਹੁੰਦੀ ਹੈ ਉਸ ਦੇ ਵਿੱਚ ਤਿੰਨ ਕਰੋੜ 96 ਲੱਖ ਰੁਪਏ ਦੀ ਰਕਮ ਲੈ ਲਈ ਹੈ। ਜਿਹੜਾ ਢਾਈ ਕਿਲੋਮੀਟਰ ਦੀ ਸੜਕ ਦਾ ਹਿੱਸਾ ਹੈ ਉਸ ਨੂੰ ਅਸੀਂ ਦੋ ਢਾਈ ਮਹੀਨੇ ਦੇ ਵਿੱਚ ਕੰਪਲੀਟ ਕਰਨ ਜਾ ਰਹੇ ਹਾਂ। ਬਾਕੀ ਜਿਹੜਾ ਪ੍ਰੋਜੈਕਟ ਹੈ ਉਸ ਸਬੰਧੀ 2 ਨਵੰਬਰ ਨੂੰ ਮੁੱਖ ਸਕੱਤਰ ਦੀ ਮੀਟਿੰਗ ਹੋਣ ਜਾ ਰਹੀ ਹੈ , ਉਸ ਦੇ ਵਿੱਚ ਇਸ ਮੁੱਦੇ ਨੂੰ ਉਠਾ ਕੇ ਮਨਜ਼ੂਰੀ ਹਰ ਹਾਲਤ ਦੇ ਵਿੱਚ ਪ੍ਰਾਪਤ ਕੀਤੀ ਜਾਵੇਗੀ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਮੇਰੇ ਕਹਿਣ ਦਾ ਇਹ ਭਾਵ ਸੀ ਕਿ ਲੋਕ ਨਹੀਂ ਸਫਰ ਕਰਨੇ ਚਾਹੀਦੇ ਹਨ। ਆਪਣੀ ਡਿਊਟੀ ਲੋਕਾਂ ਦੀ ਜ਼ਿੰਦਗੀ ਆਸਾਨ ਕਰਨੀ ਹੈ। ਸੋ, ਇਸ ਨੂੰ expedite ਕਰੋ। ਹਾਂ ਜੀ, ਰਾਣਾ ਇੰਦਰ ਪ੍ਰਤਾਪ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ। ਪੰਜਾਬ ਗੁਰਾਂ ਦੀ ਧਰਤੀ ਮੰਨੀ ਜਾਂਦੀ ਹੈ। ਸਪੀਕਰ ਸਾਹਿਬ, ਗੁਰੂ ਨਾਨਕ ਦੇਵ ਜੀ ਮਹਾਰਾਜ, ਪਹਿਲੀ ਪਾਤਸ਼ਾਹੀ ਨੇ ਸੁਲਤਾਨਪੁਰ ਲੋਧੀ ਦੇ ਵਿੱਚ ਬਹੁਤ ਸਮਾਂ ਬਤੀਤ ਕੀਤਾ ਹੈ ਤੇ 550 ਪ੍ਰਕਾਸ਼ ਉਤਸਵ ਉਨ੍ਹਾਂ ਦਾ 7 ਸਾਲ ਪਹਿਲਾਂ ਮਨਾਇਆ ਗਿਆ ਸੀ। ਸੱਤ ਸਾਲ ਪਹਿਲਾਂ Government of India ਨੇ "ਗੁਰੂ ਨਾਨਕ ਦਾ ਪਿੰਡ" ਬਣਾਉਣ ਲਈ 500 ਕਰੋੜ ਰੁਪਏ ਦੀ ਗਰਾਂਟ ਅਨਾਊਂਸ ਕੀਤੀ ਸੀ। ਪਿਛਲੇ ਪੰਜਾਂ ਸਾਲਾਂ ਵਿੱਚ ਅੱਜ ਮੈਂ ਇਹ ਮੁੱਦਾ ਦੂਜੀ ਵਾਰ ਇਸ ਸਦਨ ਵਿੱਚ ਚੁੱਕ ਰਿਹਾ ਹਾਂ ਕਿ ਪੰਜਾਬ ਸਰਕਾਰ ਨੇ ਗੌਰਮਿੰਟ ਆਫ ਇੰਡੀਆ ਨੂੰ ਸਿਰਫ ਇਹ ਪਰਪੋਜ਼ਲ ਦੇਣੀ ਸੀ ਕਿ ਉਹ 500 ਕਰੋੜ ਰੁਪਿਆ ਕਿਸ ਤਰ੍ਹਾਂ ਖਰਚਣਾ ਹੈ, ਕੀ infrastructure ਬਣਾਉਣਾ ਹੈ, ਕੀ development ਕਰਨੀ ਹੈ। ਸਾਡੇ ਤੋਂ ਅੱਜ ਤੱਕ ਉਸ 500 ਕਰੋੜ ਰੁਪਏ ਦੀ ਪਰਪੋਜ਼ਲ ਬਣਾ ਕੇ ਭਾਰਤ ਸਰਕਾਰ ਨੂੰ ਨਹੀਂ ਦਿੱਤੀ ਗਈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਮੌਕਾ ਜ਼ਿੰਦਗੀ ਵਿੱਚ ਇੱਕ ਵਾਰ ਮਿਲਦਾ ਹੈ, ਪਹਿਲੀ ਪਾਤਸ਼ਾਹੀ ਦੇ ਨਾਂ ਤੇ ਉਨ੍ਹਾਂ ਦਾ ਪਿੰਡ ਬਣਾਉਣ ਵਾਲਾ, ਜਿੰਨੇ ਬੰਦੇ ਵੀ ਇਸ ਸਦਨ ਵਿੱਚ ਬੈਠੇ ਹਨ ਸਾਨੂੰ ਸਾਰਿਆਂ ਨੂੰ ਇਹ opportunity lose ਨਹੀਂ ਕਰਨੀ ਚਾਹੀਦੀ ਹੈ। ਪੰਜਾਬ ਸਰਕਾਰ ਨੂੰ ਇਹ ਪਰਪੋਜ਼ਲ priority ਤੇ ਬਣਾ ਕੇ ਭਾਰਤ ਸਰਕਾਰ ਤੋਂ ਇਹ ਫੰਡਜ਼ ਰਿਲੀਜ਼ ਕਰਵਾ ਕੇ ਇਹ ਪਿੰਡ ਬਣਾਉਣਾ ਚਾਹੀਦਾ ਹੈ।

**ਮਾਣਯੋਗ ਸਪੀਕਰ:** ਮੰਤਰੀ ਜੀ, ਇਨ੍ਹਾਂ ਦੀ ਇੰਟਰਵੈਂਨਸ਼ਨ ਠੀਕ ਹੈ। ਜੇ ਕਿਤੇ ਕੋਈ ਕਮੀ ਹੈ ਤਾਂ ਦੂਰ ਕਰਵਾ ਦਿੱਤੀ ਜਾਵੇ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ):** ਧੰਨਵਾਦ ਸਪੀਕਰ ਸਾਹਿਬ। ਮੈਂ ਲੋਕਾਂ ਦੀ ਜ਼ਿੰਦਗੀ ਤੇ ਮੌਤ ਨਾਲ ਜੁੜਿਆ ਇੱਕ ਪਹਿਲੂ ਰੱਖਣਾ ਚਾਹੁੰਦਾ ਹਾਂ। ਕਈ ਵਾਰ ਡਾਕਟਰ ਮਰੀਜ਼ ਨੂੰ ਦੇਖ ਕੇ ਕਹਿ ਦਿੰਦੇ ਹਨ ਕਿ ਜੇਕਰ ਤੁਸੀਂ 10-15 ਮਿੰਟ ਪਹਿਲਾਂ ਲੈ ਆਉਂਦੇ ਤਾਂ ਇਹ ਬੱਚ ਜਾਂਦਾ। ਸਰ, ਪੰਜਾਬ ਦੇ ਵਿੱਚ ਵੀ ਅਤੇ ਦੇਸ਼ ਦੇ ਦੂਜੇ ਹਿੱਸਿਆਂ ਦੇ ਵਿੱਚ ਵੀ ਜਿਹੜੀਆਂ ਸਾਡੀਆਂ ਐਂਬੂਲੈਂਸਿਜ਼ ਪੇਸ਼ੈਂਟਸ ਨੂੰ ਲੈ ਕੇ ਜਾਂਦੀਆਂ ਹਨ, ਉਨ੍ਹਾਂ ਦੇ ਇਸ ਤਰ੍ਹਾਂ ਦਾ ਕੋਈ ਕਾਨੂੰਨ ਨਹੀਂ ਹੈ ਕਿ ਉਨ੍ਹਾਂ ਲਈ ਕੋਈ ਸਪੈਸ਼ਲ ਰਸਤਾ ਬਣਾਇਆ ਹੋਵੇ। ਜਦੋਂ ਵੀ ਕੋਈ ਵੀ.ਆਈ.ਪੀ ਜਾਂ ਵੀ.ਵੀ.ਆਈ.ਪੀ ਲੰਘਦਾ ਹੈ ਤਾਂ 2-3 ਕਿਲੋਮੀਟਰ ਪਹਿਲਾਂ ਹੀ ਪੁਲਿਸ ਨੂੰ ਪਤਾ ਲਗ ਜਾਂਦਾ ਹੈ ਕਿ ਅਸੀਂ ਇੱਥੋਂ ਰਸਤਾ ਰੋਕਣਾ ਹੈ ਅਤੇ ਵੀ.ਆਈ.ਪੀ ਨੂੰ ਲੰਘਾਉਣਾ ਹੈ। ਕੀ ਪੰਜਾਬ ਸਰਕਾਰ ਕੋਈ ਇਸ ਤਰ੍ਹਾ ਦਾ ਸਿਸਟਮ ਲਿਆ ਸਕਦੀ ਹੈ ਕਿ ਐਂਬੂਲੈਂਸ ਵਿੱਚ ਵੀ ਕੋਈ ਅਜਿਹਾ ਸਿਸਟਮ ਲਗਾਇਆ ਜਾਵੇ ਜਿਸ ਨਾਲ ਪੁਲਿਸ ਨੂੰ ਪਹਿਲਾਂ ਹੀ ਪਤਾ ਲੱਗ ਜਾਵੇ ਕਿ 2-3 ਕਿਲੋਮੀਟਰ ਤੇ ਐਂਬੂਲੈਂਸ ਆ ਰਹੀ ਹੈ ਅਸੀਂ ਉਸ ਦੇ ਲਈ ਰਸਤਾ ਦੇਣਾ ਹੈ। ਜਦੋਂ ਵੀ ਅਸੀਂ ਨਵਾਂ ਸ਼ਹਿਰ ਤੋਂ ਚੰਡੀਗੜ੍ਹ ਆਉਣਾ ਹੈ।

**1225/Tarlochan Singh**

ਤਾਂ ਜਿਹੜੀਆਂ ਟਰੈਫਿਕ ਲਾਇਟਾਂ ਪੈਂਦੀਆਂ ਹਨ ਤਾਂ ਉਨ੍ਹਾਂ 2-2, 3-3 ਮਿੰਟ ਲੱਗਦੇ ਹਨ ਅਤੇ 15-20 ਮਿੰਟ ਤਾਂ ਲਾਇਟਾਂ ਤੇ ਹੀ ਲੱਗ ਜਾਂਦੇ ਹਨ। ਮੈਂ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਦਾ ਹਾਂ ਕੋਈ ਇਸ ਤਰ੍ਹਾਂ ਦਾ ਸਿਸਟਮ ਜ਼ਰੂਰ ਲਿਆਉਣਾ ਚਾਹੀਦਾ ਹੈ ਤਾਂ ਜੋ ਅਸੀਂ ਲੋਕਾਂ ਦੀ ਜ਼ਿੰਦਗੀ ਬਚਾ ਸਕੀਏ ਅਤੇ ਐਂਬੂਲੈਂਸ ਲਈ ਕੋਈ ਅਜਿਹਾ ਸਿਸਟਮ ਅਪਡੇਟ ਕਰੀਏ ਜਿਵੇਂ ਸਾਨੂੰ ਵੀ.ਆਈ.ਪੀਜ਼. ਨੂੰ ਦਿੰਦੇ ਹਾਂ। ਧੰਨਵਾਦ ਜੀ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ (ਧਰਮਕੋਟ)** : ਧੰਨਵਾਦ ਸਪੀਕਰ ਸਾਹਿਬ। ਅੱਜ ਮੈਂ ਸਦਨ ਦਾ ਧਿਆਨ ਇੱਕ ਅਹਿਮ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ। ਬੰਦੀ ਸਿੰਘ ਕਈ ਕਈ ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਹਨ ਅਤੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ। ਉਨ੍ਹਾਂ ਦਾ ਪਿਛੋਕੜ ਅਤੇ ਚਾਲ ਚਲਣ ਸਹੀ ਹੈ। ਮੈਨੂੰ ਇਹ ਪਤਾ ਹੈ ਕਿ ਇਹ ਆਪਣੇ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਨਹੀਂ ਹੈ ਪਰ ਮੈਂ ਤੁਹਾਡੇ ਮਾਧਿਅਮ ਰਾਹੀਂ ਅਪੀਲ ਕਰਦਾ ਹਾਂ ਕਿ ਪੰਜਾਬ ਸਰਕਾਰ ਵੱਲੋਂ ਸਿਫਾਰਸ਼ ਕੀਤੀ ਜਾਵੇ ਕਿ ਜਿਹੜੇ ਸਹੀ ਆਰਚਣ ਵਾਲੇ ਬੰਦੀ ਸਿੰਘ ਹਨ, ਉਨ੍ਹਾਂ ਦੀ ਰਿਹਾਈ ਜਲਦੀ ਤੋਂ ਜਲਦੀ ਕੀਤੀ ਜਾਵੇ

ਦੂਜੀ ਗੱਲ ਹੈ ਕਿ ਨੰਬਰਦਾਰਾਂ ਦੀਆਂ ਭੱਤਿਆਂ ਬਾਰੇ ਕਾਫੀ ਮੰਗਾਂ ਹਨ, ਉਨ੍ਹਾਂ ਵੱਲ ਵੀ ਧਿਆਨ ਦਿੱਤਾ ਜਾਵੇ। ਮਿਡ ਡੇਅ ਮੀਲ ਬਣਾਉਣ ਵਾਲੀਆਂ ਔਰਤਾਂ, ਜੋ ਕਿ ਸਕੂਲਾਂ ਵਿੱਚ ਬੱਚਿਆਂ ਲਈ ਖਾਣਾ ਬਣਾਉਂਦੀਆਂ ਹਨ, ਉਨ੍ਹਾਂ ਦੀ ਸਿਰਫ 100/- ਰੁਪਏ ਦਿਹਾੜੀ ਹੈ, ਜੋ ਕਿ ਬਹੁਤ ਘੱਟ ਹੈ। ਉਨ੍ਹਾਂ ਨੂੰ ਵੀ ਉਨ੍ਹਾਂ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇ। ਧੰਨਵਾਦ ਜੀ।

**ਸ੍ਰੀ ਮਦਨ ਲਾਲ ਬੱਗਾ (ਲੁਧਿਆਣਾ ਉੱਤਰੀ)** : ਧੰਨਵਾਦ ਸਪੀਕਰ ਸਾਹਿਬ। ਮੈਂ ਸਿਰਫ ਧੰਨਵਾਦ ਕਰਨ ਲਈ ਹੀ ਖੜ੍ਹਾ ਹੋਇਆ ਹਾਂ ਕਿਉਂਕਿ ਪਿਛਲੇ ਸੈਸ਼ਨ ਸਮੇਂ ਤੁਹਾਡੇ ਰਾਹੀਂ ਬੇਨਤੀ ਕੀਤੀ ਸੀ ਕਿ ਮੇਰੇ ਹਲਕੇ ਵਿੱਚ ਸਲੇਮ ਟਾਬਰੀ ਇਲਾਕੇ ਵਿੱਚ ਇੱਕ ਸਰਕਾਰੀ ਸਕੂਲ ਹੈ, ਉਸ ਨੂੰ ਅਪਗਰੇਡ ਕਰਕੇ 10ਵੀਂ ਤੋਂ 12ਵੀਂ ਤੱਕ ਕੀਤਾ ਜਾਵੇ। ਮੈਂ ਮਾਣਯੋਗ ਸੀ.ਐਮ. ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ, ਮੈਂ ਸਿੱਖਿਆ ਮੰਤਰੀ ਬੈਂਸ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਬਹੁਤ ਹੀ ਜਲਦੀ ਕਾਰਵਾਈ ਕਰ ਦਿੱਤੀ ਹੈ। ਮੈਨੂੰ 2 ਦਿਨ ਪਹਿਲਾਂ ਹੀ ਲੈਟਰ ਮਿਲੀ ਹੈ ਕਿ ਸਕੂਲ ਦੀ ਅਪਗਰੇਡੇਸ਼ਨ ਕੀਤੀ ਜਾ ਰਹੀ ਹੈ ਅਤੇ ਸਕੂਨ 12ਵੀਂ ਤੱਕ ਕੀਤਾ ਜਾ ਰਿਹਾ ਹੈ। ਮੇਰੀ ਇੱਕ ਹੋਰ ਬੇਨਤੀ ਹੈ ਕਿ ਉਥੇ ਜਿਹੜਾ ਸਟਾਫ ਮੁਹੱਈਆ ਕਰਵਾਇਆ ਜਾਣਾ ਹੈ, ਉਹ ਜਲਦੀ ਤੋਂ ਜਲਦੀ ਕਰਵਾ ਦਿੱਤਾ ਜਾਵੇ। ਮੈਂ ਸਾਰੇ ਹਾਊਸ ਦਾ ਅਤੇ ਖਾਸ ਤੌਰ ਤੇ ਸੀ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ। ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਵੀ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਟਾਈਮ ਦੇ ਕੇ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ ਸੀ ਅਤੇ ਮੇਰੀ ਮੰਗ ਮੰਨੀ ਗਈ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ ਹੈ ਜੀ।

**ਮਾਣਯੋਗ ਸਪੀਕਰ** : ਮੈਂ ਐਗਰੀਕਲਚਰ ਮੰਤਰੀ ਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਹਲਕਾ ਕੋਟਕਪੂਰਾ ਅਤੇ ਕਈ ਹੋਰ ਥਾਵਾਂ ਤੇ ਪਿਛਲੇ ਦਿਨੀਂ ਜਿਹੜਾ ਝੱਖੜ ਆਇਆ ਸੀ, ਉਸ ਨਾਲ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਜਿੱਥੇ ਵੀ ਝੋਨਾ ਸੀ, ਜੈਤੋਂ ਹਲਕੇ ਵਿੱਚ, ਬਾਘਾ ਪੁਰਾਣਾ ਹਲਕਾ ਵਿੱਚ ਅਤੇ ਹੋਰ ਬਹੁਤ ਸਾਰੀਆਂ ਥਾਵਾਂ ਤੇ, ਪੰਜਾਬ ਦੇ ਕਈ ਪਿੰਡਾਂ ਵਿੱਚ ਇੰਨਾ ਨੁਕਸਾਨ ਹੋਇਆ ਹੈ ਸਿਰਫ ਡੱਕੇ ਹੀ ਖੜ੍ਹੇ ਰਹਿ ਗਏ ਹਨ। ਦੇਖਣ ਵਾਲੇ ਨੂੰ ਲੱਗਦਾ ਹੈ ਕਿ ਝੋਨਾ ਖੜ੍ਹਾ ਹੈ ਪਰੰਤੂ ਉਥੇ ਇੱਕ ਵੀ ਦਾਣਾ ਨਹੀਂ ਬਚਿਆ ਹੈ। ਸੋ, ਆਪਾਂ ਉਨ੍ਹਾਂ ਕਿਸਾਨਾਂ ਦੀ ਬਾਂਹ ਫੜੀਏ। ਮੰਤਰੀ ਜੀ ਤੁਸੀਂ ਸਪੈਸ਼ਲ ਗਿਰਦਾਵਰੀ ਦੇ ਹੁਕਮ ਤਾਂ ਕਰ ਦਿੱਤੇ ਹਨ, ਹੋ ਵੀ ਰਹੀ ਹੈ। ਮੇਰੀ ਬੇਨਤੀ ਹੈ ਕਿ ਉਥੇ ਡੀ.ਏ.ਪੀ. ਇਨਸ਼ਿਉਰ ਕਰੀਏ ਕਿ ਸਮੇਂ ਤੇ ਮਿਲ ਜਾਵੇ ਅਤੇ ਪ੍ਰਾਪਰ ਮਾਤਰਾ ਵਿੱਚ ਮਿਲੇ। ਦੂਜੀ ਗੱਲ ਹੈ ਕਿ ਜਿਹੜਾ ਸਬਸਿਡੀ ਤੇ ਬੀਜ ਦੇਣਾ ਹੈ ਉਹ ਵੀ ਆਮ ਨਾਲੋਂ ਵੱਧ ਮਾਤਰਾ ਵਿੱਚ ਦਿੱਤਾ ਜਾਵੇ ਕਿਉਂਕਿ ਉਨ੍ਹਾਂ ਦਾ ਜ਼ਿਆਦਾ ਨੁਕਸਾਨ ਹੋਇਆ ਹੈ। ਸੋ, ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜੇ ਤੁਸੀਂ ਇਸ ਬਾਰੇ ਕੋਈ ਐਸ਼ੋਰੈਂਸ ਦੇਣਾ ਚਾਹੋ ਤਾਂ ਦੇ ਸਕਦੇ ਹੋ।

**ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ)**: ਮਾਣਯੋਗ ਸਪੀਕਰ ਸਾਹਿਬ, ਤੁਸੀਂ ਜਿਹੜੀ ਬੇਮੌਸਮੀ ਬਾਰਿਸ਼ ਅਤੇ ਗੜੇਮਾਰੀ ਨਾਲ ਪੰਜਾਬ ਵਿੱਚ ਹੋਏ ਨੁਕਸਾਨ ਬਾਰੇ ਗੱਲ ਕੀਤੀ ਹੈ। ਇਸ ਲਈ ਚੀਫ਼ ਸੈਕਟਰੀ, ਐਫ.ਸੀ.ਆਰ. ਵੱਲੋਂ ਸਪੈਸ਼ਲੀ ਗਿਰਦਾਵਰੀ ਦੇ ਹੁਕਮ ਹੋ ਗਏ ਹਨ। ਜਿਹੜਾ ਤੁਸੀਂ ਬੀਜਾਂ ਬਾਰੇ ਕਿਹਾ ਹੈ, ਜਿੱਥੇ ਵੀ ਨੁਕਸਾਨੀਆਂ ਥਾਵਾਂ ਹਨ, ਉਨ੍ਹਾਂ ਦੀ ਨਿਸ਼ਾਨਦੇਹੀ ਕਰਕੇ ਉਥੇ ਵੱਧ ਸਹਾਇਤਾ ਦੇਣ ਦੀ ਸਾਡੀ ਜ਼ਿੰਮੇਵਾਰੀ ਹੈ। ਧੰਨਵਾਦ ਜੀ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ (ਬਾਘਾ ਪੁਰਾਣਾ)** : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਜਿਹੜੀ ਗੱਲ ਮੈਂ ਕਰਨੀ ਚਾਹੁੰਦਾ ਸੀ, ਮੇਰੇ ਦਿਲ ਦੀ ਗੱਲ ਤੁਸੀਂ ਪਹਿਲਾਂ ਹੀ ਕਰ ਦਿੱਤੀ ਹੈ। ਮੇਰੇ ਹਲਕਾ ਬਾਘਾ ਪੁਰਾਣਾ ਦੇ ਪਿੰਡ ਸੁਖਾਨੰਦ, ਜੀਤਾ ਸਿੰਘ ਵਾਲਾ ਅਤੇ ਹੋਰ ਕਈ ਪਿੰਡਾਂ ਵਿੱਚ ਗੜੇਮਾਰੀ ਨਾਲ ਨੁਕਸਾਨ ਹੋਇਆ ਹੈ, ਇਸ ਬਾਰੇ ਤੁਸੀਂ ਪਹਿਲਾਂ ਹੀ ਜ਼ਿਕਰ ਕਰ ਦਿੱਤਾ ਹੈ। ਤੁਹਾਡਾ ਧੰਨਵਾਦ।

ਸਰਕਾਰ ਦਾ ਲਗਭਗ 4 ਮਹੀਨੇ ਦਾ ਸਮਾਂ ਰਹਿ ਗਿਆ ਹੈ ਅਤੇ ਵਿਕਾਸ ਦੇ ਬਹੁਤ ਕੰਮ ਜਾਰੀ ਹਨ। ਹਲਕੇ ਵਿੱਚ 125 ਕਰੋੜ ਦੀਆਂ ਸੜਕਾਂ, 48 ਦੇ ਕਰੀਬ ਗਰਾਊਂਡ, ਪੰਚਾਇਤ ਘਰ, ਮਾਰਕੀਟ ਕਮੇਟੀ ਅਤੇ ਹੋਰ ਬੜੀਆਂ ਬਿਲਡਿੰਗਾਂ ਦੇ ਕੰਮ ਚਾਲੂ ਹੋਏ ਪਏ ਹਨ। ਮੈਂ ਸਾਰੇ ਵਿਭਾਗਾਂ ਦੇ ਸਬੰਧਤ ਅਫ਼ਸਰਾਂ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਵੀ ਵਿਕਾਸ ਕਾਰਜ ਹਨ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਕੰਪਲੀਟ ਕਰਕੇ ਲੋਕਾਂ ਦੇ ਸਪੁਰਦ ਕਰ ਦੇਈਏ। ਇਸ ਲਈ ਮੈਂ ਸਾਰੀ ਸਰਕਾਰ ਦਾ, ਮੁੱਖ ਮੰਤਰੀ ਸਾਹਿਬ ਦਾ ਅਤੇ ਸਾਰੇ ਵਿਭਾਗਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰੇ ਹਲਕੇ ਬਾਘਾ ਪੁਰਾਣਾ ਵਾਸਤੇ ਪੈਸਿਆਂ ਦੀ ਕਮੀ ਨਹੀਂ ਆਉਣ ਦਿੱਤੀ। ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

**1230/Sukhpiar Singh**

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਓਂ, ਐਸ.ਸੀ.)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਪੰਜਾਬ ਦੇ ਇੱਕ ਅਹਿਮ ਮੁੱਦੇ ਤੇ ਗੱਲ ਕਰਨ ਦਾ ਸਮਾਂ ਦਿੱਤਾ ਹੈ। ਮੇਰਾ ਬੋਲਣ ਦਾ ਮੁੱਦਾ ਇਹ ਹੈ ਕਿ ਜਿਹੜੀਆਂ ਅੱਜ ਕੱਲ੍ਹ ਨਸ਼ੀਲੀ ਦਵਾਈਆਂ ਦੀ ਬੜੀ ਗੱਲਬਾਤ ਚੱਲ ਰਹੀ ਹੈ, ਸਾਰੇ ਪੰਜਾਬ ਵਿੱਚ ਇਸ ਚੀਜ਼ ਨੂੰ ਲੈ ਕੇ ਬੜੀ ਚਰਚਾ ਹੈ। ਸਪੀਕਰ ਸਾਹਿਬ, 10-15 ਸਾਲ ਅਕਾਲੀ ਬੀ.ਜੇ.ਪੀ. ਦੀ ਸਰਕਾਰ ਰਹੀ ਹੈ, 15 ਸਾਲ, ਉਸ ਵਿੱਚ ਇਨ੍ਹਾਂ ਨੇ ਨਾਮਾਤਰ ਕੰਮ ਕੀਤਾ ਹੈ। ਉਸ ਤੋਂ ਬਾਅਦ ਇੱਕ ਹਿਸਾਬ ਨਾਲ 10 ਸਾਲ ਕਾਂਗਰਸ ਦੀ ਸਰਕਾਰ ਰਹੀ, ਉਸ ਵਿੱਚ ਵੀ ਦਵਾਈਆਂ ਦੀ ਚੈੱਕਿੰਗ ਆਦਿ ਦਾ ਕੰਮਕਾਜ ਬਹੁਤ ਨਾਮਾਤਰ ਹੋਇਆ ਹੈ। ਅੱਜ ਕਾਂਗਰਸ ਤੇ ਬੀ.ਜੇ.ਪੀ. ਰਲ ਕੇ ਸਾਡੇ ਮੁੱਖ ਮੰਤਰੀ ਅਤੇ ਮੰਤਰੀਆਂ ਤੇ ਇਲਜ਼ਾਮ ਲਗਾ ਰਹੀ ਹੈ, ਅਸੀਂ ਚੈੱਕਿੰਗ ਕਰ ਰਹੇ ਹਾਂ ਪਰ ਜਿਹੜੀਆਂ ਇਨ੍ਹਾਂ ਦੀਆਂ ਖੇਪਾਂ ਹਨ, ਇੱਕ ਅਖਬਾਰ ਦਾ ਵੇਰਵਾ ਵੀ ਹੈ ਕਿ ਸਹਾਰਨਪੁਰ ਵਿੱਚ ਖੇਪ ਮਿਲੀ ਪਰ ਬੰਦੇ ਦਾ ਨਾਮ ਨਕਲੀ, ਇਨ੍ਹਾਂ ਦੀਆਂ ਫੈਕਟਰੀਆਂ ਹਿਮਾਚਲ ਪ੍ਰਦੇਸ਼, ਗੁਜਰਾਤ, ਯੂ.ਪੀ. ਤੇ ਰਾਜਸਥਾਨ ਵਿੱਚ ਹਨ, ਇਨ੍ਹਾਂ ਵਿੱਚ ਕਿਸ ਦੀ ਸਰਕਾਰ ਹੈ? ਬੀ.ਜੇ.ਪੀ. ਤੇ ਕਾਂਗਰਸ ਦੀ ਸਰਕਾਰ ਹੈ। ਜੇ ਪੰਜਾਬ ਵਿੱਚ ਸਾਰੀ ਕਾਂਗਰਸ, ਬੀ.ਜੇ.ਪੀ. ਇੰਨੀ ਸੁਹਿਰਦ ਹੈ ਕਿ ਅਸੀਂ ਇਸ ਦਾ ਹੱਲ ਕੱਢਣਾ ਹੈ ਤਾਂ ਇਹ ਆਪਣੇ ਬਾਰਡਰਜ਼ ਤੇ ਇਨ੍ਹਾਂ ਫੈਕਟਰੀਆਂ ਦੀ ਛਾਪੇਮਾਰੀ ਕਰਕੇ ਰੋਕ ਲਗਾਉਣ। ਅੱਜ ਪੰਜਾਬ ਵਿੱਚ ਸਭ ਤੋਂ ਵੱਡੀ ਪ੍ਰਾਬਲਮ ਇੱਕੋ ਹੀ ਹੈ, ਜਦੋਂ ਪੰਜਾਬ ਵਿੱਚ ਕਿਸੇ ਪ੍ਰਕਾਰ ਦੀ ਕੋਈ ਸਪਲਾਈ ਆਉਂਦੀ ਹੈ, ਉਹ ਬੀ.ਜੇ.ਪੀ. ਦੀ ਸਰਕਾਰ ਤੇ ਕਾਂਗਰਸ ਦੀ ਸਰਕਾਰ ਸਾਡੇ ਪੰਜਾਬ ਨੂੰ ਬਦਨਾਮ ਕਰਨ ਲਈ ਪਿੱਛੋਂ ਬੈਚ ਨੰਬਰ ਮਿਟਾ ਕੇ, ਉਸ ਦਾ ਐਡਰੈਸ ਪਤਾ ਮਿਟਾ ਕੇ ਦਿੰਦੀ ਹੈ। ਇੱਕ ਬੀ.ਜੇ.ਪੀ. ਤੇ ਕਾਂਗਰਸ ਦੀ ਕੋਝੀ ਚਾਲ ਹੈ। ਸਾਡੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਜਿਹੜੇ ਇੰਨੇ ਦੁੱਖ ਵਿੱਚੋਂ ਨਿਕਲ ਕੇ ਵੀ ਇਸ ਲੜਾਈ ਨਾਲ ਲੜ ਰਹੇ ਹਨ ਪਰ ਮੈਂ ਤੁਹਾਡੇ ਰਾਹੀਂ ਕਾਂਗਰਸੀਆਂ ਅਤੇ ਬੀ.ਜੇ.ਪੀ. ਵਾਲਿਆਂ ਨੂੰ ਵੀ ਇੱਕੋ ਗੱਲ ਕਹਿਣਾ ਚਾਹਾਂਗੀ ਕਿ ਜੇ ਵਾਕਿਆ ਹੀ ਤੁਸੀਂ ਪੰਜਾਬ ਦੇ ਹਮਦਰਦ ਹੋ, ਤੁਸੀਂ ਆਪਣੇ ਅਕਾਵਾਂ ਨੂੰ ਕਹੋ ਕਿ ਤੁਹਾਡਾ ਮੁੱਖ ਮੰਤਰੀ ਬੈਠਾ ਹੈ, ਉੱਥੇ ਫੈਕਟਰੀਆਂ ਤੇ ਛਾਪੇਮਾਰੀ ਕਿੰਨੀ ਕੀਤੀ ਹੈ? ਤੁਹਾਡੀ ਯੂ.ਪੀ., ਰਾਜਸਥਾਨ, ਗੁਜਰਾਤ ਵਿੱਚ ਕਿੰਨੀ ਛਾਪੇਮਾਰੀ ਹੋਈ? ਸਪੀਕਰ ਸਾਹਿਬ, ਮੈਂ ਇੰਨਾ ਕਹਿੰਦੀ ਹੋਈ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ।

**ਮਾਣਯੋਗ ਸਪੀਕਰ**: ਅੱਜ ਇਸ ਬਾਰੇ ਇੱਕ ਅਖਬਾਰ ਵਿੱਚ ਵੀ ਖਬਰ ਲੱਗੀ ਹੈ। ਇਹ ਕਿਹੜੇ ਅਖਬਾਰ ਵਿੱਚ ਲੱਗੀ ਹੈ?

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਸਰ, ਇਹ ਦੈਨਿਕ ਜਾਗਰਣ ਅਖਬਾਰ ਵਿੱਚ ਲੱਗੀ ਹੈ, ਇਹ ਪੂਰੀ ਰਿਪੋਰਟ ਹੈ। ਇਹ ਜਿੱਥੋਂ ਜਿੱਥੋਂ ਆਉਂਦਾ ਹੈ, ਉੱਥੇ ਉਨ੍ਹਾਂ ਦੀ ਖੇਪ, ਦੇਖੋ ਚੈੱਕਿੰਗ ਦਵਾਈਆਂ ਦੀ ਸਪਲਾਈ ਅਤੇ ਚੇਨ ਦਾ ਰਿਕਾਰਡ ਹੀ ਮੌਜੂਦ ਨਹੀਂ ਹੈ, ਫਰਜ਼ੀ ਪਤੇ ਤੇ ਮਿਟੇ ਬੈਚ ਨੰਬਰ ਨਾਲ ਜਾਂਚ ਪ੍ਰਭਾਵਤ ਹੋ ਰਹੀ ਹੈ। ਇਹ ਸਾਡੇ ਪੰਜਾਬ ਦਾ ਮਾਮਲਾ ਨਹੀਂ ਹੈ। ਇਹ ਗੁਜਰਾਤ, ਰਾਜਸਥਾਨ, ਹਿਮਾਚਲ ਪ੍ਰਦੇਸ਼ ਅਤੇ ਯੂ.ਪੀ. ਦਾ ਮਾਮਲਾ ਹੈ, ਜਿੱਥੇ ਇਨ੍ਹਾਂ ਦੀਆਂ ਘਟੀਆਂ ਦਵਾਈਆਂ ਵਰਤਦੀਆਂ ਹਨ ਤੇ ਵੈਸੇ ਤਾਂ ਪੰਜਾਬ ਹਮੇਸ਼ਾ ਆਜ਼ਾਦੀ ਦੀ ਲੜਾਈ ਲੜਦਾ ਰਿਹਾ ਹੈ, ਵੈਸੇ ਤਾਂ ਸਾਡੇ ਤੋਂ ਬਾਰਡਰ ਸੂਬਾ ਲੈ ਲਿਆ। ਫਿਰੋਜ਼ਪੁਰ ਤੋਂ ਲੈ ਕੇ ਮੋਗਾ ਤੱਕ ਕਿਹਾ ਕਿ ਅਸੀਂ ਸਾਂਭਾਂਗੇ ਪਰ ਜਿਹੜਾ ਇਨ੍ਹਾਂ ਦੇ ਏਰੀਏ ਤੋਂ ਨਸ਼ਾ ਆ ਰਿਹਾ ਹੈ, ਉਨ੍ਹਾਂ ਨੂੰ ਬੀ.ਜੇ.ਪੀ. ਤੇ ਕਾਂਗਰਸ ਕਿਉਂ ਨਹੀਂ ਸਾਂਭ ਰਹੀ ਹੈ?

**ਸ਼੍ਰੀ ਗੁਰਲਾਲ ਘਨੌਰ (ਘਨੌਰ)**: ਸਪੀਕਰ ਸਾਹਿਬ, ਧੰਨਵਾਦ ਜੀ।ਨਸ਼ੇ ਉੱਤੇ ਜਿਵੇਂ ਭੈਣ ਜੀ ਨੇ ਬੋਲਿਆ ਹੈ, ਹਰਿਆਣਾ ਵਿੱਚ ਬੀ.ਜੇ.ਪੀ. ਸਰਕਾਰ ਹੈ, ਉੱਥੇ ਨਾਇਬ ਸੈਣੀ ਜੀ ਹਨ। ਪਿਛਲੇ ਦਿਨੀਂ ਇੱਕ ਨਿਊਜ਼ ਚੈਨਲ ਨੇ ਨਿਊਜ਼ ਚਲਾਈ ਸੀ, ਉੜਤਾ ਹਰਿਆਣਾ, ਫਿਰ ਉਨ੍ਹਾਂ ਪੱਤਰਕਾਰ ਭਰਾਵਾਂ ਨਾਲ ਬੜਾ ਮਾੜਾ ਸਲੂਕ ਕੀਤਾ ਗਿਆ। ਉਨ੍ਹਾਂ ਦੇ ਨਿੱਜੀ ਚੈਨਲਾਂ ਉੱਪਰ ਅਤੇ ਪੱਤਰਕਾਰਾਂ ਉੱਪਰ ਪਰਚੇ ਦਰਜ ਕੀਤੇ ਗਏ। ਐਫ.ਆਈ.ਆਰ. ਨੰਬਰ 235 ਆਫ 2026 ਥਾਣਾ ਥਾਨੇਸਰ ਜ਼ਿਲ੍ਹਾ ਕੁਰੂਕਸ਼ੇਤਰ, ਹਰਿਆਣਾ ਵਿੱਚ, ਜਿਹੜਾ ਇਹ ਇਲਾਕਾ ਹੈ, ਇਹ ਨਾਇਬ ਸੈਣੀ ਸਾਹਿਬ ਦਾ ਲਾਡਵਾ ਹਰਿਆਣਾ ਦਾ ਇਲਾਕਾ ਹੈ। ਜਿਹੜੇ ਪੱਤਰਕਾਰ ਭਰਾ ਸੀ, ਨਿਤੂ ਚੌਹਾਨ ਜੀ, ਅਤੁਲ ਅਗਰਵਾਲ, ਸੌਰਭ ਉਪਾਧਿਆਏ, ਹੋਰ ਵੀ ਬਹੁਤ ਸਾਰੇ ਐਸੇ ਪੱਤਰਕਾਰ ਜਿਨ੍ਹਾਂ ਦੀ ਅਵਾਜ਼ ਨੂੰ ਹਰਿਆਣਾ ਵਿੱਚ ਦਬਾਇਆ ਗਿਆ। ਨਾਇਬ ਸੈਣੀ ਸਾਹਿਬ ਮੁੱਖ ਮੰਤਰੀ ਹਰਿਆਣਾ, ਬੀ.ਜੇ.ਪੀ. ਦੇ ਹਨ ਪਰ ਪੰਜਾਬ ਵਿੱਚ ਹਰ ਰੋਜ਼ ਆ ਕੇ ਇੱਕ ਐਲਾਨ ਕੀਤਾ ਜਾਂਦਾ ਹੈ ਕਿ 31 ਦਸੰਬਰ, 2029 ਤੱਕ ਸਾਡਾ ਕੌਮੀ ਟੀਚਾ ਹੈ, ਇਸ ਨੂੰ ਅਸੀਂ ਸਾਰੇ ਮਿੱਥ ਕੇ ਪੰਜਾਬ ਵਿੱਚੋਂ ਨਸ਼ਾ ਮੁਕਾ ਦੇਵਾਂਗੇ।

**1235/Manika Rani**

ਜਿੱਥੇ ਵੀ ਉਨ੍ਹਾਂ ਦੀਆਂ ਸਰਕਾਰਾਂ ਹਨ ਔਰ ਮੇਰੇ ਨਾਲ ਹਰਿਆਣਾ ਸਟੇਟ ਲੱਗਦਾ ਹੈ। ਸਾਡੇ ਘਨੌਰ, ਪਟਿਆਲਾ ਅਤੇ ਹੋਰ ਪੰਜਾਬ ਵਿੱਚ ਵੀ ਫੈਕਟਰੀਆਂ ਹਨ, ਉਨ੍ਹਾਂ ਫੈਕਟਰੀਆਂ ਵੱਲ ਬੀ.ਜੇ.ਪੀ. ਨੂੰ ਧਿਆਨ ਦੇਣਾ ਚਾਹੀਦਾ ਹੈ। ਜਿਵੇਂ ਭੈਣ ਜੀ ਨੇ ਪਹਿਲਾਂ ਦੱਸਿਆ ਹੈ ਕਿ ਰਾਜਸਥਾਨ ਅਤੇ ਯੂ.ਪੀ. ਵਿਖੇ ਫੈਕਟਰੀਆਂ ਹਨ। ਜਿਹੜੀ ਲਾਡਵਾ, ਹਰਿਆਣਾ ਅਤੇ ਨਾਲ ਥਾਨੇਸਰ, ਕਰੂਕਸ਼ੇਤਰ ਵਿਖੇ ਐਫ.ਆਈ.ਆਰ. ਦਰਜ ਕੀਤੀ ਗਈ ਹੈ, ਉਸ ਸਬੰਧੀ ਮੈਂ ਤੁਹਾਡੇ ਜ਼ਰੀਏ ਨਾਇਬ ਸੈਣੀ ਸਾਹਿਬ ਅਤੇ ਬੀ.ਜੇ.ਪੀ. ਦੇ ਬਹੁਤ ਸਾਰੇ ਮੈਂਬਰ ਸਾਹਿਬਾਨ, ਜੋ ਅੱਜ ਸੈਸ਼ਨ ਦੀ ਕਾਰਵਾਈ ਵੀ ਸੁਣ ਰਹੇ ਹੋਣਗੇ, ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਨਾਲ ਐਸਾ ਵਤੀਰਾ ਨਾ ਕਰੋ ਕਿਉਂਕਿ 'ਉੜਤਾ ਹਰਿਆਣਾ' ਸੀਰੀਅਲ ਹਰਿਆਣਾ ਵੱਲੋਂ ਹੀ ਚਲਾਇਆ ਗਿਆ ਸੀ। ਇਸ ਸੀਰੀਅਲ ਦੇ ਤਹਿਤ ਹੀ ਉਨ੍ਹਾਂ ਉੱਤੇ ਤਸ਼ੱਦਦ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੈਂ ਪੰਜਾਬ ਦੇ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਖੇਡ ਗਰਾਊਂਡਾਂ ਬਣਾਈਆਂ ਅਤੇ ਖੇਡ ਨਰਸਰੀਆਂ ਬਣਾਈਆਂ ਹਨ। ਅੱਜ 'ਖੇਡਾਂ ਵਤਨ ਪੰਜਾਬ' ਦੀਆਂ ਚੱਲ ਰਹੀਆਂ ਹਨ। ਸਪੀਕਰ ਸਾਹਿਬ, ਨਸ਼ਾ ਇੱਕ ਕੋਹੜ ਵਰਗੀ ਬਿਮਾਰੀ ਹੈ, ਜਿਸ ਨਾਲ ਸਾਡੀ ਨੌਜਵਾਨ ਪੀੜ੍ਹੀ ਅੱਜ ਜੂਝ ਰਹੀ ਹੈ। ਸੋ, ਮੈਂ ਤੁਹਾਡੇ ਮਾਧਿਅਮ ਇਹੀ ਬੇਨਤੀ ਕਰਨੀ

ਚਾਹੁੰਦਾ ਹਾਂ ਕਿ ਆਪਾਂ ਸਾਰੇ ਇਕੱਠੇ ਹੋ ਕੇ ਨਸ਼ਿਆਂ ਵਿਰੁੱਧ ਲੜਾਈ ਲੜੀਏ ਕਿਉਂਕਿ ਇਹ ਲੜਾਈ ਸਾਰਿਆਂ ਦੀ ਹੈ। ਇਹ ਇਕੱਲੇ ਮੁੱਖ ਮੰਤਰੀ ਸਾਹਿਬ ਹੀ ਨਹੀਂ ਹੈ ਬਲਕਿ ਸਾਡੀ ਕੈਬਨਿਟ ਵਿੱਚ ਜਿੰਨੇ ਵੀ ਵਜ਼ੀਰ ਸਾਹਿਬਾਨ ਹਨ, ਉਨ੍ਹਾਂ ਸਾਰਿਆਂ ਦੀ ਇਕੱਠੀ ਲੜਾਈ ਹੈ। ਇਹ ਪੰਜਾਬ ਦੀ ਲੜਾਈ ਹੈ ਔਰ ਜਿਹੜੇ ਬੱਚੇ ਦੇਸ਼ਾਂ-ਵਿਦੇਸ਼ਾਂ ਵਿੱਚ ਬੈਠੇ ਹਨ, ਉਨ੍ਹਾਂ ਸਾਰਿਆਂ ਦੀ ਲੜਾਈ ਹੈ। ਇੱਕ ਸੂਬੇ ਨੂੰ ਨਸ਼ੇ ਦੇ ਨਾਲ ਜੋੜਿਆ ਜਾ ਰਿਹਾ ਹੈ, ਇਸ ਦੀ ਮੈਂ ਸਖਤ ਸ਼ਬਦਾਂ ਵਿੱਚ ਨਿੰਦਿਆ ਕਰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਇੱਕ ਸੂਬੇ ਨੂੰ ਨਸ਼ੇ ਦੇ ਨਾਲ ਨਾ ਜੋੜਿਆ ਜਾਵੇ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਦੌਰਾਨ ਬੋਲਣ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਜਿਸ ਤਰ੍ਹਾਂ ਕੇਂਦਰ ਵਿੱਚ ਰਹੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਪੰਜਾਬ ਨਾਲ ਹਮੇਸ਼ਾਂ ਧੱਕਾ ਕੀਤਾ ਹੈ, ਉਸੇ ਦੌਰਾਨ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ, ਸਰਦਾਰ ਅੰਮ੍ਰਿਤਪਾਲ ਸਿੰਘ, ਜਿਸ ਨੂੰ ਚਾਰ ਲੱਖ ਲੋਕਾਂ ਨੇ ਆਪਣੇ ਮਤਦਾਨ ਰਾਹੀਂ ਚੁਣਿਆ ਹੈ, ਉਸ ਨੂੰ ਜੇਲ੍ਹ ਵਿੱਚ ਬੰਦ ਕਰਨਾ, ਜਿੱਥੇ ਮਨੁੱਖੀ ਅਧਿਕਾਰਾਂ ਦਾ ਘਾਣ ਹੈ, ਉਥੇ ਹਲਕੇ ਦੇ ਲੋਕਾਂ ਦੀ ਤਰੱਕੀ ਵਿੱਚ ਵੀ ਰੁਕਾਵਟ ਹੈ। ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਕੇਂਦਰ ਸਰਕਾਰ ਰਾਹੀਂ ਜਾਂ ਪੰਜਾਬ ਸਰਕਾਰ ਰਾਹੀਂ ਮਾਮਲਾ ਟੇਕਅੱਪ ਕਰਕੇ ਉਨ੍ਹਾਂ ਨੂੰ ਰਿਹਾਅ ਕਰਵਾਉਣਾ ਚਾਹੀਦਾ ਹੈ। ਪੰਜਾਬ ਵਿੱਚ ਨਵਾਂਸ਼ਹਿਰ ਵਿਖੇ ਅਤੇ ਰੋਪੜ ਵਿਖੇ ਸਰਕਾਰੀ ਅਫਸਰਸ਼ਾਹੀ ਦੀ ਸਰਪ੍ਰਸਤੀ ਹੇਠ ਵੱਡੇ ਪੱਧਰ ਤੇ ਨਜਾਇਜ਼ ਮਾਇਨਿੰਗ ਹੋ ਰਹੀ ਹੈ। ਨਵਾਂਸ਼ਹਿਰ ਵਿਖੇ ਸਾਹਿਲ ਪਠਾਨੀਆ, ਐਸ.ਡੀ.ਓ. ਦੀ ਦੇਖ-ਰੇਖ ਵਿੱਚ, ਜਿੱਥੇ ਮਾਈਨਿੰਗ ਮਨਜ਼ੂਰ ਨਹੀਂ ਹੈ, ਉਸ ਦੇ ਆਸੇ-ਪਾਸੇ ਮਾਈਨਿੰਗ ਹੋ ਰਹੀ ਹੈ। ਪੰਜਾਬ ਵਿੱਚ ਵਿਮੁਕਤ ਜਾਤੀਆਂ ਐਸ.ਟੀ. ਦੇ ਦਰਜੇ ਲਈ ਲੜਾਈ ਲੜ ਰਹੀਆਂ ਹਨ, ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਆਸਵਾਸ਼ਨ ਵੀ ਦਿੱਤਾ ਸੀ ਕਿ ਐਸ.ਟੀ. ਐਕਟ ਲਾਗੂ ਕੀਤਾ ਜਾਵੇਗਾ, ਉਹ ਲਾਗੂ ਕਰਨਾ ਚਾਹੀਦਾ ਹੈ। ਓਲਡ ਪੈਨਸ਼ਨ ਸਕੀਮ, ਜੋ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਗਿਆ ਸੀ, ਉਸ ਦਾ ਨੋਟੀਫਿਕੇਸ਼ਨ ਲਾਗੂ ਕਰਨਾ ਚਾਹੀਦਾ ਹੈ। ਪੰਜਾਬ ਦੇ ਏਡਿਡ ਸਕੂਲ ਅਧਿਆਪਕਾਂ ਦੀਆਂ ਲੰਮੇ ਸਮੇਂ ਤੋਂ ਪੈਂਡਿੰਗ ਪਈਆਂ ਤਨਖਾਹਾਂ ਵੀ ਜਾਰੀ ਕਰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਸੁਵਿਧਾ ਕੇਂਦਰ ਦੀਆਂ ਜੋ ਇਮਾਰਤਾਂ ਖੰਡਰ ਹੋਈਆਂ ਪਈਆਂ ਹਨ, ਉਨ੍ਹਾਂ ਨੂੰ ਯੂਜ਼ ਵਿੱਚ ਲਿਆਉਣਾ ਚਾਹੀਦਾ ਹੈ। ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ।

**ਸਰਦਾਰ ਕੁਲਵੰਤ ਸਿੰਘ (ਐਸ.ਏ.ਐਸ. ਨਗਰ):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਦੌਰਾਨ ਬੋਲਣ ਲਈ ਸਮਾਂ ਦਿੱਤਾ ਹੈ। ਸਿੱਖਿਆ ਮੰਤਰੀ ਸਾਹਿਬ, ਮੇਰੇ ਵੱਲ ਵੇਖ ਕੇ ਹੱਸ ਰਹੇ ਹਨ। ਮੈਂ ਇਨ੍ਹਾਂ ਨੂੰ ਹੀ ਬੇਨਤੀ ਕਰਨ ਲਈ ਖੜ੍ਹਾ ਹੋਇਆ ਹਾਂ।

**ਮਾਣਯੋਗ ਸਪੀਕਰ:** ਉਨ੍ਹਾਂ ਨਾਲ ਤਾਂ ਤੁਹਾਡੀ ਵੈਸੇ ਹੀ ਸਾਂਝ-ਪਿਆਲੀ ਹੈ, ਤੁਸੀਂ ਫੋਨ ਤੇ ਗੱਲ ਕਰ ਲੈਣੀ ਸੀ।

**ਸਰਦਾਰ ਕੁਲਵੰਤ ਸਿੰਘ:** ਸਪੀਕਰ ਸਾਹਿਬ, ਸਾਂਝ ਤਾਂ ਤੁਹਾਡੇ ਸਾਰਿਆਂ ਨਾਲ ਹੀ ਹੈ। ਤੁਹਾਡਾ ਧੰਨਵਾਦ ਕਿ ਤੁਸੀਂ ਇੰਨਾ ਮਾਣ ਦਿੰਦੇ ਹੋ। ਮੈਂ ਤੁਹਾਡੇ ਜ਼ਰੀਏ ਸਿੱਖਿਆ ਮੰਤਰੀ ਸਾਹਿਬ ਦੇ ਧਿਆਨ ਵਿੱਚ ਮਿਡ ਡੇਅ ਮੀਲ ਦਾ ਮਸਲਾ ਲਿਆਉਣਾ ਚਾਹੁੰਦਾ ਹਾਂ। ਇਹ ਗੱਲ ਮੇਰੇ ਧਿਆਨ ਵਿੱਚ ਸਰਕਾਰੀ ਪ੍ਰਾਇਮਰੀ ਟੀਚਰ ਨੇ ਲਿਆਉਂਦੀ ਹੈ। ਇਹ ਮਸਲਾ

ਮਿਡ ਡੇਅ ਮੀਲ ਦਾ ਹੈ, ਉਨ੍ਹਾਂ ਨੇ ਦੱਸਿਆ ਹੈ ਕਿ ਮਿਡ ਡੇਅ ਮੀਲ ਯੂ.ਕੇ.ਜੀ. ਜਮਾਤ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਮਿਲਦਾ ਹੈ। ਇਨ੍ਹਾਂ ਜਮਾਤਾਂ ਤੋਂ ਪਹਿਲਾਂ ਦੋ ਜਮਾਤਾਂ ਹੋਰ ਹਨ, ਜਿਨ੍ਹਾਂ ਨੂੰ ਇਹ ਮੀਲ ਨਹੀਂ ਮਿਲਦਾ ਹੈ। ਇੱਕ ਨਰਸਰੀ ਜਮਾਤ ਅਤੇ ਐਲ.ਕੇ.ਜੀ. ਜਮਾਤ ਨੂੰ ਮਿਡ ਡੇਅ ਮੀਲ ਨਹੀਂ ਮਿਲ ਰਿਹਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਨਰਸਰੀ, ਐਲ.ਕੇ.ਜੀ. ਅਤੇ ਯੂ.ਕੇ.ਜੀ. ਜਮਾਤਾਂ ਇਕੱਠੀਆਂ ਹੀ ਬੈਠਦੀਆਂ ਹਨ। ਜਦੋਂ ਲੰਚ ਹੁੰਦਾ ਹੈ ਤਾਂ ਨਰਸਰੀ ਅਤੇ ਐਲ.ਕੇ.ਜੀ. ਕਲਾਸ ਨੂੰ ਛੁੱਟੀ ਹੋ ਜਾਂਦੀ ਹੈ ਅਤੇ ਬਾਕੀ ਕਲਾਸਾਂ ਵਾਸਤੇ ਲੰਚ ਕਰਨ ਦੀ ਅਨਾਊਂਸਮੈਂਟ ਹੋ ਜਾਂਦੀ ਹੈ। ਇਹ ਗੱਲ ਛੋਟੇ-ਛੋਟੇ ਬੱਚਿਆਂ ਦੇ ਦਿਮਾਗ ਵਿੱਚ ਜਾਂਦੀ ਹੈ ਕਿ ਬਾਕੀਆਂ ਨੂੰ ਲੰਚ ਦਿੱਤਾ ਜਾਂਦਾ ਹੈ ਅਤੇ ਸਾਨੂੰ ਲੰਚ ਨਹੀਂ ਦਿੱਤਾ ਜਾਂਦਾ ਹੈ।

**1240/Gurpreet kaur**

ਅਤੇ ਸਾਨੂੰ ਕੁਝ ਨਹੀਂ ਦਿੱਤਾ ਜਾਂਦਾ। ਛੋਟੇ ਛੋਟੇ ਬੱਚੇ ਕਈ ਵਾਰ ਇਹ ਵੀ ਸੋਚਦੇ ਹਨ ਕਿ ਸ਼ਾਇਦ ਟੀਚਰ ਹੀ ਸਾਨੂੰ ਲੰਚ ਨਹੀਂ ਦਿੰਦੇ ਅਤੇ ਸਾਡੇ ਨਾਲ ਡਿਸਕ੍ਰੀਮੀਨੇਸ਼ਨ ਕਰਦੇ ਹਨ। ਇਨ੍ਹਾਂ ਗੱਲਾਂ ਕਰਕੇ ਕਿਤੇ ਨਾ ਕਿਤੇ ਮਨ ਨੂੰ ਠੇਸ ਪਹੁੰਚਦੀ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਤੁਹਾਡੀ ਗੱਲ ਆ ਗਈ ਹੈ। ਤੁਹਾਡਾ ਪੁਆਇੰਟ ਆ ਗਿਆ ਹੈ। ਗੱਲ ਤਾਂ ਆਪਾਂ ਇਹੀ ਕਰਨੀ ਹੈ ਕਿ ਜਿਹੜੇ ਨਰਸਰੀ ਦੇ ਬੱਚੇ ਹਨ ਉਨ੍ਹਾਂ ਨੂੰ ਵੀ ਮਿਡ ਡੇਅ ਮੀਲ ਦਿੱਤਾ ਜਾਵੇ। ਕੋਈ ਹੋਰ ਗੱਲ ਹੈ ਤਾਂ ਦੱਸੋ। ਤੁਹਾਡੇ ਦੋ ਮਿੰਟ ਹੋ ਗਏ ਹਨ।

**ਸਰਦਾਰ ਕੁਲਵੰਤ ਸਿੰਘ**: ਚਲੋ ਠੀਕ ਹੈ ਜੀ। ਮੈਂ ਆਪਣੀ ਗੱਲ ਰੱਖ ਦਿੱਤੀ ਹੈ। ਮੈਨੂੰ ਪੱਕਾ ਪਤਾ ਹੈ ਕਿ ਮੰਤਰੀ ਜੀ ਇਹ ਕੰਮ ਕਰ ਵੀ ਦੇਣਗੇ। ਇਨ੍ਹਾਂ ਨੇ ਪਹਿਲਾਂ ਵੀ ਬਹੁਤ ਵਧੀਆ ਕੰਮ ਕੀਤੇ ਹਨ। ਮੰਤਰੀ ਜੀ ਜਵਾਬ ਵੀ ਦੇਣਗੇ ਕਿਉਂਕਿ ਉਨ੍ਹਾਂ ਨੇ ਹੱਥ ਖੜ੍ਹਾ ਕੀਤਾ ਹੋਇਆ ਹੈ।

**ਸਕੂਲ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਵਿਧਾਇਕ ਸਾਹਿਬ ਨੇ ਇੱਕ ਜ਼ਰੂਰੀ ਵਿਸ਼ਾ ਛੇੜਿਆ ਹੈ। ਇਸ ਵਿੱਚ ਮੈਂ ਦੱਸ ਦਿੰਦਾ ਹਾਂ ਕਿ ਪਹਿਲਾਂ ਪ੍ਰੀ ਪ੍ਰਾਇਮਰੀ-I ਅਤੇ ਪ੍ਰੀ ਪ੍ਰਾਇਮਰੀ -II ਹੁੰਦਾ ਸੀ। ਉਸ ਨੂੰ ਅਸੀਂ ਚੇਂਜ ਕੀਤਾ ਹੈ। ਜਿਵੇਂ ਪ੍ਰਾਈਵੇਟ ਸਕੂਲਾਂ ਵਿੱਚ ਨਰਸਰੀ, ਐਲ.ਕੇ.ਜੀ ਅਤੇ ਯੂ.ਕੇ.ਜੀ. ਹੈ, ਉਸ ਨੂੰ ਅਸੀਂ ਵੀ ਸੇਮ ਪਲੇਟਫਾਰਮ ਬਣਾ ਦਿੱਤਾ ਹੈ। ਅਸੀਂ ਜਿਵੇਂ ਮਰਜ਼ੀ ਇਸ ਨੂੰ ਮੈਨੇਜ ਕਰ ਸਕਦੇ ਹਾਂ। ਇਨ੍ਹਾਂ ਬੱਚਿਆਂ ਨੂੰ ਪਹਿਲਾਂ ਵਰਦੀਆਂ ਵੀ ਨਹੀਂ ਮਿਲਦੀਆਂ ਸਨ। ਮਾਨ ਸਾਹਿਬ ਦੀ ਸਰਕਾਰ ਨੇ ਯੂਨੀਫਾਰਮ ਵੀ ਦਿੱਤੀ ਅਤੇ ਬੱਚਿਆਂ ਨੂੰ ਖਾਣਾ ਵੀ ਦਿੱਤਾ। ਅਸੀਂ ਜਿਵੇਂ ਮਰਜ਼ੀ ਇਸ ਨੂੰ ਮੈਨੇਜ ਕਰੀਏ। ਇਹ ਬਹੁਤ ਹੀ ਗੰਭੀਰ ਵਿਸ਼ਾ ਹੈ। ਐਮ.ਐਲ.ਏ. ਸਾਹਿਬ ਨੇ ਇਸ ਵਿਸ਼ੇ ਨੂੰ ਟੱਚ ਕੀਤਾ ਹੈ। ਜਿਹੜੀ ਹੁਣ ਅਸਲੀ ਪ੍ਰਾਬਲਮ ਆਵੇਗੀ ਉਹ ਇਹ ਹੈ ਕਿ ਭਾਰਤ ਸਰਕਾਰ ਵੱਲੋਂ ਨਾਰਮਜ਼ ਬਦਲ ਦਿੱਤੇ ਗਏ ਹਨ। ਇਸ ਦੇ ਨਾਲ ਸਾਨੂੰ ਮਿਡ ਡੇਅ ਮੀਲਜ਼ ਨੂੰ ਚਲਾਉਣ ਲਈ ਬਹੁਤ ਦਿੱਕਤ ਆ ਰਹੀ ਹੈ। ਪਹਿਲਾਂ ਇਹ ਹੁੰਦਾ ਸੀ ਕਿ ਐਡਵਾਂਸ ਪੈਸੇ ਆਉਂਦੇ ਸਨ। ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਆਪਣਾ ਆਪਣਾ ਹਿੱਸਾ ਦਿੱਤਾ ਜਾਂਦਾ ਸੀ। ਟੀਚਰਾਂ ਵੱਲੋਂ ਉਸ ਦੀ ਖਰੀਦਦਾਰੀ ਕਰ ਲਈ

ਜਾਂਦੀ ਸੀ। ਹੁਣ ਉਨ੍ਹਾਂ ਵੱਲੋਂ ਕਿਹਾ ਗਿਆ ਕਿ ਤਿੰਨ ਮਹੀਨੇ ਯੂਟੀਲਾਈਜ਼ ਕਰਕੇ ਬਿਲ ਰੇਜ਼ ਕੀਤਾ ਜਾਵੇ ਅਤੇ ਫਿਰ ਉਹ ਬਿਲ ਅਪਰੂਵ ਹੋਣਗੇ ਭਾਵ 6-6 ਮਹੀਨੇ ਦਾ ਉਧਾਰ ਪਿਆ ਹੈ। ਇਹ ਸਿਸਟਮ ਹੋਰ-ਹੋਰ ਸਕੀਮਾਂ ਤੇ ਵੀ ਲਾਗੂ ਕੀਤਾ ਗਿਆ ਹੈ। ਠੀਕ ਹੈ, ਬਾਕੀ ਡਿਵੈਲਪਮੈਂਟ ਦੇ ਕੰਮ ਫਿਰ ਵੀ ਚੱਲ ਸਕਦੇ ਹਨ ਪਰ ਮਿਡ ਡੇਅ ਮੀਲ ਬਹੁਤ ਇੰਪਾਰਟੈਂਟ ਹੈ। ਇਸ ਨੂੰ ਉਸ ਸਕੀਮ ਵਿੱਚੋਂ ਕੱਢ ਕੇ ਜਿਵੇਂ ਐਡਵਾਂਸ ਪੈਸੇ ਆਉਂਦੇ ਸਨ, ਉਹ ਪੈਸੇ ਆਉਣਗੇ। ਦੂਜੀ ਗੱਲ, ਸਾਡੇ ਬੱਚਿਆਂ ਲਈ ਜਿਵੇਂ ਕਿ ਪੰਜਾਬ, ਹਿਮਾਚਲ, ਹਰਿਆਣਾ ਸਬੰਧੀ ਅਸੀਂ ਪਹਿਲਾਂ ਵੀ ਮੰਗ ਕਰ ਚੁੱਕੇ ਹਾਂ ਅਤੇ ਕਈ ਵਾਰ ਲਿਖਿਆ ਵੀ ਹੈ। ਇੱਥੇ extreme weather ਹੈ। ਜਦੋਂ ਗਰਮੀ ਪੈਂਦੀ ਹੈ ਤਾਂ ਵੀ ਸਕੂਲ ਬੰਦ ਕਰਨ ਪੈਂਦੇ ਹਨ ਅਤੇ ਜਦੋਂ ਠੰਡ ਪੈਂਦੀ ਹੈ ਤਾਂ ਵੀ ਸਕੂਲ ਬੰਦ ਕਰਨੇ ਪੈਂਦੇ ਹਨ। ਸਾਨੂੰ ਵਰਦੀ ਲਈ ਸਿਰਫ 600 ਰੁਪਿਆ ਹੀ ਮਿਲਦਾ ਹੈ। ਸਾਲ 2013 ਤੋਂ ਬਾਅਦ ਇੱਕ ਵਾਰ ਵੀ ਪੈਸਾ ਇਨਕਰੀਜ਼ ਨਹੀਂ ਹੋਇਆ। ਇਨ੍ਹਾਂ ਸਟੇਟਸ ਲਈ ਵੀ ਅਸੀਂ ਮੰਗ ਕਰਦੇ ਹਾਂ। ਇਸ ਹਾਊਸ ਰਾਹੀਂ ਮਾਣਯੋਗ ਵਿਧਾਇਕ ਸਾਹਿਬ ਨੂੰ ਇਹ ਭਰੋਸਾ ਦਿੱਤਾ ਜਾਂਦਾ ਹੈ ਕਿ ਕੋਈ ਵੀ ਬੱਚਾ ਭੁੱਖਾ ਨਹੀਂ ਰਹਿੰਦਾ। ਮਿਡ ਡੇਅ ਮੀਲ ਵਿੱਚ ਅੱਠਵੀਂ ਤੋਂ ਬਾਅਦ ਨੌਵੀਂ, ਦਸਵੀਂ ਦੇ ਬੱਚੇ ਵੀ ਛਕ ਜਾਂਦੇ ਹਨ। ਇਸ ਤਰ੍ਹਾਂ ਨਹੀਂ ਹੋਵੇਗਾ ਕਿ ਕੋਈ ਵੀ ਬੱਚਾ ਭੁੱਖਾ ਰਹਿ ਜਾਵੇ। ਜਿਹੜੀਆਂ ਯੂਨੀਫਾਰਮ ਅਤੇ ਮਿਡ ਡੇਅ ਮੀਲ ਦੇ ਨਾਰਮਜ਼ ਚੇਂਜ ਕਰਨ ਨੂੰ ਲੈ ਕੇ ਜੋ ਚੁਣੌਤੀਆਂ ਹਨ, ਇਸ ਦੇ ਲਈ ਸਾਨੂੰ ਆਲਰੇਡੀ ਬਹੁਤ ਦਿੱਕਤ ਆ ਰਹੀ ਹੈ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਮੰਤਰੀ ਜੀ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਮਹਿਲ ਮਾਤਾ ਸੁੰਦਰੀ ਜੀ, ਹਿਸਟਾਰੀਕਲ ਫੈਕਟਸ ਦੇ ਮੁਤਾਬਿਕ ਪੁਰਾਣਾ ਕਿਲ੍ਹਾ ਕੋਟਕਪੂਰਾ ਦੇ ਵਿੱਚ ਵੀ ਕੁਝ ਦੇਰ ਲਈ ਰਹੇ ਹਨ। ਉਸ ਸਕੂਲ ਦਾ ਨਾਮ ਮਾਤਾ ਸੁੰਦਰੀ ਜੀ ਦੇ ਨਾਮ ਤੇ ਰੱਖਣ ਲਈ ਮੇਰੇ ਦਫਤਰ ਵੱਲੋਂ ਵੀ ਕਿਹਾ ਗਿਆ ਹੈ। ਇਸ ਦੇ ਲਈ ਸ਼ਾਇਦ ਕਿਤੇ ਕੋਈ ਅੜਿੱਕਾ ਹੈ। ਕੀ ਤੁਸੀਂ ਇਹ ਕੱਢ ਦਿਓਗੇ, ਮਾਤਾ ਸੁੰਦਰੀ ਜੀ ਨੂੰ ਅਕੀਦਦ ਪੇਸ਼ ਕਰ ਦਿਓਗੇ? ਪੁਰਾਣਾ ਕਿਲਾ ਸਕੂਲ ਦਾ ਨਾਮ ਮਾਤਾ ਸੁੰਦਰੀ ਜੀ ਦੇ ਨਾਮ ਤੇ ਕਰ ਦਿਓਗੇ। ਜੇਕਰ ਤੁਸੀਂ ਜਵਾਬ ਦੇਣਾ ਚਾਹੁੰਦੇ ਹੋ ਤਾਂ ਦੇ ਸਕਦੇ ਹੋ।

**ਸਕੂਲ ਸਿੱਖਿਆ ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਇਹ ਵੱਡੇ ਭਾਗ ਹੋਣਗੇ ਅਗਰ ਇਹ ਸੇਵਾ ਮੈਨੂੰ ਮਿਲਦੀ ਹੈ। ਉਸ ਦੇ ਲਈ ਪ੍ਰਕਿਰਿਆ ਹੈ ਕਿ ਸਬੰਧਿਤ ਸਕੂਲ ਮਤਾ ਪਾ ਕੇ ਭੇਜੇ। ਅਗਰ ਉਹ ਸਕੂਲ ਪੰਚਾਇਤ ਵਿੱਚ ਹੈ ਤਾਂ ਪੰਚਾਇਤ ਦਾ ਮਤਾ ਚਾਹੀਦਾ ਹੈ। ਜੇਕਰ ਉਹ ਸਕੂਲ ਕਮੇਟੀ, ਕਾਊਂਸਲ ਜਾਂ ਕਾਰਪੋਰੇਸ਼ਨ ਵਿੱਚ ਹੈ ਤਾਂ ਉਸ ਸਬੰਧੀ ਮਤਾ ਚਾਹੀਦਾ ਹੈ। ਇਹ ਦੋ ਪ੍ਰਕਿਰਿਆਵਾਂ ਹਨ। ਫਿਰ ਅਸੀਂ ਇਮੀਜੇਟਲੀ ਨਾਲ ਹੀ ਕਰ ਦੇਵਾਂਗੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਹਾਂ ਜੀ, ਬਲਕਾਰ ਸਿੰਘ ਸਿੱਧੂ।

**ਸ੍ਰੀ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ)**: ਧੰਨਵਾਦ ਸਪੀਕਰ ਸਾਹਿਬ। ਮਾਨ ਸਰਕਾਰ ਵੱਲੋਂ ਸਭ ਨੂੰ 05 ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ। ਇਸ ਦੀ ਦੂਜੀ ਕਿਸ਼ਤ ਵੀ ਆ ਗਈ ਹੈ। ਮੇਰੇ ਹਲਕੇ ਵਿੱਚ ਮੈਂ ਵੱਖ ਵੱਖ ਪਿੰਡਾਂ ਵਿੱਚ ਲੋੜੀਂਦੇ ਕੰਮਾਂ ਲਈ ਗ੍ਰਾਂਟਾਂ ਦੇ ਦਿੱਤੀਆਂ। ਵਿਕਾਸ ਵਿਰੋਧੀ ਲੋਕਾਂ ਨੇ ਰਲ ਕੇ ਅਫਸਰ ਸਾਹਿਬਾਨ, ਬੀ.ਡੀ.ਪੀ.ਓ. ਸਾਹਿਬ ਗ੍ਰਾਂਟਾਂ ਦੀਆਂ ਪਾਲਿਸੀਆਂ ਬਦਲ ਰਹੇ ਹਨ। ਉਹ ਪਾਲਿਸੀਆਂ ਸਾਡੇ ਪੁੱਛੇ ਬਿਨਾਂ ਹੀ ਬਦਲੀਆਂ ਗਈਆਂ।

ਉੱਥੇ ਵਿਕਾਸ ਦੇ ਕੰਮ ਰੁਕੇ ਹੋਏ ਹਨ। ਮੈਂ ਸਬੰਧਤ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਤੇ ਕਾਰਵਾਈ ਕੀਤੀ ਜਾਵੇ ਅਤੇ ਪੜਤਾਲ ਕੀਤੀ ਜਾਵੇ ਕਿ ਸਹੀ ਤਰੀਕੇ ਨਾਲ ਕੰਮ ਹੋਣ। ਧੰਨਵਾਦ ਜੀ।

**1245/Rajneet Kaur**

**ਮਾਣਯੋਗ ਸਪੀਕਰ** : ਥੈਂਕ ਯੂ। ਹੋਰ ਕੌਣ ਰਹਿ ਗਿਆ ? ਕੁੰਵਰ ਵਿਜੈ ਪ੍ਰਤਾਪ ਜੀ, ਬੈਠੇ ਹਨ? ਬੈਠੇ ਨਹੀਂ ਹਨ। ਚਲੋ, ਹੁਣ ਜ਼ੀਰੋ ਆਵਰ ਖਤਮ ਹੁੰਦਾ ਹੈ। ਧਿਆਨ ਦਿਵਾਊ ਨੋਟਿਸ।

--------

## CALLING ATTENTION NOTICES UNDER RULE 66

***(ਕ੍ਰਮ ਨੰ: 41)***

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਮਾਣਯੋਗ ਸਪੀਕਰ ਸਾਹਿਬ, ਮੈਂ ਮਾਣਯੋਗ ਖੇਤੀਬਾੜੀ ਮੰਤਰੀ ਸਰਦਾਰ ਗੁਰਮੀਤ ਸਿੰਘ ਖੁੱਡੀਆਂ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਹਲਕੇ ਵਿੱਚ ਸੜਕਾਂ ਦੇ ਬਹੁਤ ਕੰਮ ਕਰਵਾਏ ਹਨ।

ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਜ਼ੀਰਕਪੁਰ ਸ਼ਹਿਰ ਵਿੱਚ ਦਿਨੋਂ ਦਿਨ ਗੰਭੀਰ ਹੁੰਦੀ ਟ੍ਰੈਫਿਕ ਜਾਮ ਦੀ ਸਮੱਸਿਆ ਵੱਲ ਦਿਵਾਉਣਾ ਚਾਹੁੰਦਾ ਹਾਂ। ਜ਼ੀਰਕਪੁਰ ਵਿਖੇ ਰੋਜ਼ਾਨਾ ਹਜ਼ਾਰਾਂ ਵਾਹਨਾਂ ਦੀ ਆਵਾਜਾਈ ਹੁੰਦੀ ਹੈ। ਟ੍ਰੈਫਿਕ ਦਾ ਵਧਦਾ ਦਬਾਅ ਲੋਕਾਂ ਲਈ ਭਾਰੀ ਪ੍ਰੇਸ਼ਾਨੀ ਦਾ ਕਾਰਨ ਬਣ ਰਿਹਾ ਹੈ। ਇਸ ਸਮੱਸਿਆ ਦੇ ਸਥਾਈ ਹੱਲ ਲਈ ਅੱਜ ਤੋਂ ਤਿੰਨ ਸਾਲ ਪਹਿਲਾਂ ਵੀ ਦੱਸਿਆ ਸੀ ਕਿ ਬਾਕਰਪੁਰ ਵਾਇਆ ਈਸਾਪੁਰ ਅਤੇ ਸ਼ਤਾਬਗੜ੍ਹ ਕਾਜ਼ਵੇਅ ਦਾ ਨਿਰਮਾਣ ਇੱਕ ਮਹੱਤਵਪੂਰਨ ਵਿਕਲਪ ਹੈ, ਜਿਸ ਨਾਲ ਟ੍ਰੈਫਿਕ ਦਾ ਦਬਾਅ ਘਟਾਇਆ ਜਾ ਸਕਦਾ ਹੈ ਅਤੇ ਲੋਕਾਂ ਨੂੰ ਵੱਡੀ ਰਾਹਤ ਮਿਲ ਸਕਦੀ ਹੈ। ਇਸ ਲਈ ਮਾਣਯੋਗ ਮੰਤਰੀ ਜੀ ਕਿਰਪਾ ਕਰਕੇ ਸਦਨ ਨੂੰ ਇਹ ਦੱਸਣ ਕਿ ਬਾਕਰਪੁਰ-ਈਸਾਪੁਰ-ਸ਼ਤਾਬਗੜ੍ਹ, ਕਾਜ਼ਵੇਅ ਦੇ ਨਿਰਮਾਣ ਸਬੰਧੀ ਕੋਈ ਪ੍ਰਸਤਾਵ ਜਾਂ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ ਜਾਂ ਨਹੀਂ? ਜੇਕਰ ਹੈ ਤਾਂ ਇਸ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਪ੍ਰਾਜੈਕਟ ਨੂੰ ਕਦੋਂ ਤੱਕ ਮਨਜ਼ੂਰੀ ਦੇ ਕੇ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ?

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ।

*12.46 ਵਜੇ ਬਾਅਦ ਦੁਪਹਿਰ (ਇਸ *ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ)**: ਧੰਨਵਾਦ, ਮਾਣਯੋਗ ਡਿਪਟੀ ਸਪੀਕਰ ਸਾਹਿਬ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਰਾਜ ਦੇ ਵਾਸੀਆਂ ਨੂੰ ਚੰਗੀਆਂ ਮੋਟਰੇਬਲ ਸੜਕਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਪੰਜਾਬ ਮੰਡੀ ਬੋਰਡ ਪੰਜਾਬ ਰਾਜ ਵਿੱਚ ਲਿੰਕ ਸੜਕਾਂ ਦੀ ਨੋਡਲ

ਏਜੰਸੀ ਹੈ। ਇਸ ਵੇਲੇ ਪੰਜਾਬ ਰਾਜ ਵਿੱਚ 68 ਹਜ਼ਾਰ 550 ਕਿਲੋਮੀਟਰ ਲੰਬਾਈ ਦੀਆਂ ਲਿੰਕ ਸੜਕਾਂ ਹਨ। ਪਿੰਡ ਬਾਕਰਪੁਰ ਤੋਂ ਸ਼ਤਾਬਗੜ੍ਹ 2.60 ਕਿਲੋਮੀਟਰ ਦਾ ਕੱਚਾ ਰਸਤਾ ਜਾਂਦਾ ਹੈ। ਇਸ ਰਸਤੇ ਦੇ ਦਰਮਿਆਨ ਘੱਗਰ ਦਰਿਆ ਲੰਘਦਾ ਹੈ। ਇਸ ਕੱਚੇ ਰਸਤੇ ਨੂੰ ਪੱਕਾ ਕਰਨ ਤੇ ਦਰਿਆ ਤੇ ਕਾਜ਼ਵੇਅ ਦੀ ਉਸਾਰੀ ਕਰਨ ਲਈ ਤਕਰੀਬਨ 152 ਲੱਖ ਰੁਪਏ ਦੀ ਰਾਸ਼ੀ ਐਸ.ਏ.ਐਸ.ਸੀ.ਆਈ. -II ਅਧੀਨ ਪਰਪੋਜ਼ਲ ਪ੍ਰਵਾਨ ਕੀਤੀ ਗਈ ਹੈ। ਇਸ ਰਸਤੇ ਤੇ ਨਵੀਂ ਉਸਾਰੀ ਕਰਨ ਅਤੇ ਕਾਜ਼ਵੇਅ ਬਣਾਉਣ ਦਾ ਕੰਮ ਜਲਦੀ ਸ਼ੁਰੂ ਹੋ ਜਾਵੇਗਾ। ਇਸ ਕੰਮ ਦਾ ਟੈਂਡਰ ਵੀ 19.05.2026 ਨੂੰ ਅਲਾਟ ਕੀਤਾ ਜਾ ਚੁੱਕਾ ਹੈ। ਇਸ ਕੰਮ ਨੂੰ 31.03.2027 ਤੱਕ ਮੁਕੰਮਲ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਮਿਹਰਬਾਨੀ ਜੀ।

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਮਾਣਯੋਗ ਮੰਤਰੀ ਜੀ ਅਤੇ ਮੁੱਖ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਇਸ ਦੇ ਨਾਲ ਹੀ ਲਾਲੜੂ ਜਿਹੜਾ ਡੰਗਰਾਂ ਦਾ ਹਸਪਤਾਲ ਦਿੱਤਾ ਹੈ, ਉਸ ਦੇ ਲਈ ਵੀ ਬਹੁਤ ਬਹੁਤ ਧੰਨਵਾਦ। ਇਹ ਹਸਪਤਾਲ 61 ਸਾਲ ਬਾਅਦ ਬਣਿਆ ਹੈ ਜੀ। (ਥੰਪਿੰਗ)

----

***(ਕ੍ਰਮ ਨੰ: 70)***

**ਡਾਕਟਰ ਵਿਜੈ ਸਿੰਗਲਾ** : ਧੰਨਵਾਦ ਮਾਣਯੋਗ ਡਿਪਟੀ ਸਪੀਕਰ ਸਾਹਿਬ। ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਸੀ.ਐਚ.ਸੀ. ਖਿਆਲਾ ਕਲਾਂ ਵੱਲ ਦਿਵਾਉਣਾ ਚਾਹੁੰਦਾ ਹਾਂ ਜਿੱਥੇ ਕਿ ਲਗਭਗ 70 ਪਿੰਡਾਂ ਦੇ ਮਰੀਜ਼, ਬਠਿੰਡਾ ਪਟਿਆਲਾ ਮੇਨ ਰੋਡ ਤੇ ਸੈਂਕੜੇ ਹੀ ਹਾਦਸਿਆਂ ਵਿੱਚ ਜ਼ਖਮੀ ਲੋਕ ਵੀ ਇੱਥੇ ਹੀ ਆਉਂਦੇ ਹਨ ਪਰੰਤੂ ਪਰਾਪਰ ਟਰੌਮਾ ਸੈਂਟਰ ਨਾ ਹੋਣ ਕਾਰਨ ਲੋਕਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੋ, ਸਾਡੇ ਲੋਕਾਂ ਦੀ ਭਾਰੀ ਮੰਗ ਅਤੇ ਲੋਕਹਿੱਤ ਨੂੰ ਮੁੱਖ ਰੱਖਦੇ ਹੋਏ ਇੱਥੇ ਤੁਰੰਤ ਟਰੌਮਾ ਸੈਂਟਰ ਦੀ ਸਹੂਲਤ ਦਿੱਤੀ ਜਾਵੇ ਤਾਂ ਜੋ ਕੁਆਲੀਫਾਈਡ ਡਾਕਟਰ ਦੁਰਘਟਨਾਵਾਂ ਵਿੱਚ ਗੰਭੀਰ ਜ਼ਖਮੀ ਹੋਏ ਲੋਕਾਂ ਦੀ ਜਾਨ ਬਚਾ ਸਕਣ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ)** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਵਿਜੈ ਜੀ ਦਾ ਵੀ ਧੰਨਵਾਦ ਕਰਦਾ ਹਾਂ। ਇਸ ਵਿੱਚ ਜਿਹੜੀ ਖਾਸ ਗੱਲ ਹੈ, ਉਸ ਵਿੱਚ ਸਾਰੇ ਮੈਂਬਰਾਂ ਨੂੰ ਧਿਆਨ ਦੇਣ ਦੀ ਲੋੜ ਹੈ। ਜੇਕਰ ਆਪਣੇ ਲੋਕ ਜਾਗਰੂਕ ਹੋਣ ਅਤੇ ਐਮ.ਐਲ.ਏ. ਉਨ੍ਹਾਂ ਦੀ ਜ਼ਿੰਮੇਵਾਰੀ ਨਿਭਾਵੇ। ਮਾਣਯੋਗ ਮੈਂਬਰ ਸਾਹਿਬ ਦੀ ਕਮੇਟੀ ਦੀ ਸਾਡੇ ਡਿਪਾਰਟਮੈਂਟ ਨਾਲ ਇੱਕ ਮੀਟਿੰਗ ਹੋਈ ਸੀ। ਮੌਕੇ ਦੀ ਇੰਸੈਪਕਸ਼ਨ ਵਾਸਤੇ ਡਿਪਾਰਟਮੈਂਟ ਦੀ ਇੱਕ ਕਮੇਟੀ ਮਿਤੀ 16.09.2026 ਨੂੰ ਭੇਜੀ ਸੀ। ਮੈਨੂੰ ਇਸ ਸਦਨ ਦੇ ਨਾਲ ਇਹ ਜਾਣਕਾਰੀ ਸਾਂਝੀ ਕਰਦੇ ਹੋਏ ਬੜੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਉਥੇ ਦੇ ਸਾਰੇ ਲੋਕਲ ਲੋਕਾਂ ਅਤੇ ਐਮ.ਐਲ.ਏਜ਼ ਨੇ ਮਿਲ ਕੇ ਕੰਮ ਕੀਤਾ। ਉਥੇ 24 ਬਾਏ 7, 24 ਘੰਟੇ ਦੀਆਂ ਐਮਰਜੈਂਸੀ ਸੇਵਾਵਾਂ ਸ਼ੁਰੂ ਕਰ ਦਿੱਤੀਆਂ

ਹਨ। ਡਾਕਟਰ ਵਿਜੈ ਸਿੰਗਲਾ ਜੀ ਦੇ ਸਹਿਯੋਗ ਨਾਲ ਉੱਥੇ ਇੱਕ ਮੈਡੀਕਲ ਸਪੈਸ਼ਲਿਸਟ, ਇੱਕ ਆਰਥੋਪੈਡਿਕ ਸਪੈਸ਼ਲਿਸਟ ਅਤੇ ਇੱਕ ਸਰਜਨ ਇੰਪੈਨਲ ਕਰ ਲਏ ਹਨ।

**1250/Kuldeep kaur**

ਇਹ ਸਾਰਿਆਂ ਵਾਸਤੇ ਹੈ, ਜਿਹੜੇ ਵੀ ਐਮ.ਐਲ.ਏ. ਸਾਹਿਬਾਨ, ਚੁਣੇ ਹੋਏ ਪ੍ਰਤੀਨਿਧੀ ਹਨ ਜਾਂ ਦੂਜੇ ਜਿਹੜੇ ਰਿਸਪਾਂਸੀਬਲ ਸਿਟੀਜ਼ਨਜ਼ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਲੋਕਲ ਲੈਵਲ ਉੱਤੇ ਕਿਹੜਾ ਡਾਕਟਰ ਅੱਛਾ ਹੈ ਅਤੇ ਸੇਵਾ ਭਾਵਨਾ ਨਾਲ ਕੰਮ ਕਰ ਸਕਦਾ ਹੈ, ਅਸੀਂ ਉਨ੍ਹਾਂ ਨੂੰ ਇੰਪੈਨਲ ਕਰਾਂਗੇ ਅਤੇ ਉਹ ਢਾਈ ਲੱਖ ਰੁਪਏ ਮਹੀਨੇ ਤੱਕ ਦਾ ਕਮਾ ਸਕਦੇ ਹਨ। So, it's a win-a-win situation. ਲੋਕਾਂ ਨੂੰ ਸਰਵਿਸਿਜ਼ ਮਿਲਣਗੀਆਂ ਔਰ ਡਾਕਟਰ ਆਪਣੀ ਮਿਹਨਤ ਕਰਕੇ ਪੈਸੇ ਕਮਾ ਲੈਣਗੇ ਔਰ ਸਰਕਾਰ ਦੀ ਇੱਕ ਜ਼ਿੰਮੇਵਾਰੀ ਵੀ ਪੂਰੀ ਹੋਵੇਗੀ। ਇਹ ਇੱਕ finest example ਹੈ ਕਿ ਅਸੀਂ ਖਿਆਲਾ ਕਲਾਂ ਵਿੱਚ 24 ਘੰਟਿਆਂ ਦੀਆਂ ਸਰਵਿਸਿਜ਼ ਸ਼ੁਰੂ ਕਰ ਦਿੱਤੀਆਂ ਹਨ। ਜਿਹੜੀ ਇਹ ਟਰੋਮਾ ਸੈਂਟਰ ਦੀ ਗੱਲ ਕਰਦੇ ਹਨ, ਇਹ ਕ੍ਰੀਟਿਕਲ ਕੇਅਰ ਬਲਾਕ ਬੜੀ ਟੈਕਨੀਕਲ ਟਰਮ ਹੈ ਕਿਉਂਕਿ ਇਸ ਵਿੱਚ ਸੈਂਟਰ ਦੀ ਫੰਡਿੰਗ ਵੀ ਹੈ ਅਤੇ ਇਹ ਜ਼ਿਲ੍ਹਾ ਹੈੱਡਕੁਆਰਟਰ ਦੇ ਲੈਵਲ ਤੇ ਬਣਦੇ ਹਨ। ਟਰੋਮਾ ਸੈਂਟਰ ਦੀਆਂ ਗਾਈਡਲਾਈਨਜ਼ ਹਨ। ਅਸੀਂ ਸੁਨਾਮ ਵਿੱਚ ਆਲਰੇਡੀ ਟਰੋਮਾ ਸੈਂਟਰ ਬਣਾ ਦਿੱਤਾ ਹੈ। ਇਸ ਦੀਆਂ ਸਪੈਸੀਫਿਕੇਸ਼ਨਜ਼ ਹਨ ਅਤੇ ਸਾਨੂੰ ਉਸ ਵਿੱਚ ਨਹੀਂ ਪੈਣਾ ਚਾਹੀਦਾ। 750-800 ਕਿਲੋਮੀਟਰ ਵਿੱਚ ਲੈਵਲ-1 ਜੋ ਕਿ ਨਾਰਦਰਨ ਇੰਡੀਆ ਦਾ ਪੀ.ਜੀ.ਆਈ. ਵਿੱਚ ਹੈ। ਲੈਵਲ-2 ਤੇ 250 ਕਿਲੋਮੀਟਰ ਤੱਕ ਹੈ ਅਤੇ ਜਿਹੜਾ ਲੈਵਲ-3 ਹੈ, ਜਿਹੜਾ ਸਭ ਤੋਂ ਨੀਚੇ ਹੈ, ਉਹ 150-250 ਕਿਲੋਮੀਟਰ ਤੇ ਬਣਦਾ ਹੈ। ਸੋ, ਜਿਹੜਾ ਸੁਨਾਮ ਹੈ, ਮੇਰਾ ਖਿਆਲ ਹੈ ਕਿ ਇਹ ਉੱਥੋਂ ਵੱਧ ਤੋਂ ਵੱਧ 40 ਕਿਲੋਮੀਟਰ ਦੀ ਦੂਰੀ ਤੇ ਹੀ ਹੈ ਅਤੇ 10-12 ਕਿਲੋਮੀਟਰ ਦੀ ਦੂਰੀ ਤੇ ਮਾਨਸਾ ਵਿੱਚ ਹੈ ਜਿੱਥੇ ਕਿ ਕ੍ਰਿਟੀਕਲ ਕੇਅਰ ਬਲਾਕ ਬਣ ਰਿਹਾ ਹੈ ਜੋ ਕਿ 31 ਜਨਵਰੀ, 2027 ਤੱਕ ਕੰਪਲੀਟ ਹੋ ਜਾਵੇਗਾ। ਸਰ, ਅਸੀਂ ਆਲਰੇਡੀ ਸਾਰੇ ਜ਼ਿਲ੍ਹਿਆਂ ਵਿੱਚ ਘੱਟੋ-ਘੱਟ ਚਾਰ ਬੈੱਡ Intensive Care Unit ਬਣਾ ਰਹੇ ਹਾਂ ਤਾਂ ਕਿ ਜਦੋਂ ਐਕਸੀਡੈਂਟ ਹੁੰਦੇ ਹਨ ਅਤੇ ਉੱਥੇ ਕੋਈ ਵਿਅਕਤੀ ਆਉਂਦਾ ਹੈ ਤਾਂ ਉਸ ਲਾਈਫ ਸਪੋਰਟ ਦੇ ਕੇ ਅਤੇ stabilize ਕਰਕੇ ਫਿਰ ਉਸ ਨੂੰ ਹਾਇਰ ਸੈਂਟਰ, ਟਰਸ਼ਰੀ ਕੇਅਰ ਹਸਪਤਾਲ ਵਿੱਚ ਸ਼ਿਫਟ ਕੀਤਾ ਜਾਵੇ ਤਾਂ ਪਹਿਲਾਂ ਜੋ ਰਸਤੇ ਵਿੱਚ ਮੌਤਾਂ ਹੁੰਦੀਆਂ ਸਨ ਉਹ ਨਾ ਹੋਣ ਔਰ ਇਹ ਮੌਤਾਂ ਬਹੁਤ ਜ਼ਿਆਦਾ ਘਟੀਆਂ ਹਨ। ਮੈਂ ਇੱਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਜਿੰਨੇ ਵੀ ਗੱਡੀ ਚਲਾਉਂਦੇ ਹਨ, ਸਾਨੂੰ ਸਾਰਿਆਂ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ ਕਿਉਂਕਿ ਅੱਜਕੱਲ੍ਹ ਗੱਡੀਆਂ ਬਹੁਤ ਤੇਜ਼ ਚਲਦੀਆਂ ਹਨ ਜਿਸ ਕਾਰਨ ਐਕਸੀਡੈਂਟਸ ਹੁੰਦੇ ਹਨ ਅਤੇ ਮੌਕੇ ਤੇ ਡੈੱਥ ਹੋ ਜਾਂਦੀ ਹੈ। ਆਮ ਤੌਰ ਤੇ ਸੁਣਨ ਵਿੱਚ ਆਉਂਦਾ ਹੈ ਕਿ ਐਕਸੀਡੈਂਟ ਹੋਇਆ, ਕੁੱਲ ਅੱਠ ਵਿਅਕਤੀ ਸਨ ਅਤੇ ਚਾਰ ਮੌਕੇ ਤੇ ਹੀ ਮਰ ਗਏ। On the spot death ਨੂੰ ਰੋਕਣ ਦਾ ਇੱਕੋ ਹੀ ਤਰੀਕਾ ਹੈ ਕਿ ਆਪਾਂ ਸਾਰੇ ਆਪਣੀ-ਆਪਣੀ ਜ਼ਿੰਮੇਵਾਰੀ ਨੂੰ ਸਮਝੀਏ ਅਤੇ ਗੱਡੀਆਂ ਦਾ ਲਗਾਤਾਰ ਚੈੱਕਅਪ ਕਰਵਾਈਏ, ਗੱਡੀ ਚਲਾਉਂਦੇ ਸਮੇਂ ਮੋਬਾਈਲ ਫੋਨ ਦੀ ਵਰਤੋਂ ਨਾ ਕਰੀਏ, drink and driving avoid ਕਰੀਏ ਅਤੇ ਸਪੀਡ ਲਿਮਟ ਵਿੱਚ ਗੱਡੀ ਚਲਾਈਏ। ਡਰਾਈਵਰਾਂ ਦੀ ਪ੍ਰਾਪਰ ਟਰੇਨਿੰਗ ਹੋਣੀ ਚਾਹੀਦੀ ਹੈ। ਇਨ੍ਹਾਂ ਗੱਲਾਂ ਵੱਲ ਵੀ ਧਿਆਨ ਦੇਣ ਦੀ ਜ਼ਰੂਰਤ ਹੈ ਤਾਂ ਕਿ on the spot deaths ਨੂੰ ਰੋਕਿਆ ਜਾ ਸਕੇ ਜੋ ਕਿ ਅੱਜਕੱਲ੍ਹ ਕਾਫੀ ਹੋ ਰਹੀਆਂ ਹਨ ਅਤੇ ਸਾਡੇ ਲਈ ਇੱਕ ਚਿੰਤਾ ਦਾ ਵਿਸ਼ਾ ਹੈ।

**ਡਾਕਟਰ ਵਿਜੇ ਸਿੰਗਲਾ**: ਧੰਨਵਾਦ ਡਾਕਟਰ ਸਾਹਿਬ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਿਵਲ ਹਸਪਤਾਲ ਵਿੱਚ 16 ਕਰੋੜ ਰੁਪਏ ਦੀ ਲਾਗਤ ਨਾਲ ਕ੍ਰੀਟਿਕਲ ਕੇਅਰ ਯੂਨਿਟ ਜ਼ਰੂਰ ਬਣ ਰਿਹਾ ਹੈ ਲੇਕਿਨ ਉੱਥੇ ਐਂਬੂਲੈਂਸ ਦੇ ਜਾਣ ਲਈ ਅਤੇ ਪਾਰਕਿੰਗ ਲਈ ਸਪੇਸ ਨਾ ਹੋਣ ਕਾਰਨ ਪਹਿਲਾਂ ਜੋ ਸਦਰ ਥਾਣਾ ਸੀ, ਸੀ.ਆਈ.ਏ. ਸਟਾਫ ਸੀ, ਉਸ ਦੀ ਜਗ੍ਹਾ ਲੈਣ ਲਈ ਐਪਲੀਕੇਸ਼ਨ ਵੀ ਹੈਲਥ ਸੈਕਟਰੀ ਸਾਹਿਬ ਨੇ ਹੋਮ ਸੈਕਟਰੀ ਸਾਹਿਬ ਕੋਲ ਮੂਵ ਕੀਤੀ ਹੋਈ ਹੈ ਲੇਕਿਨ ਮਹੀਨਾ-ਡੇਢ ਮਹੀਨਾ ਹੋ ਗਿਆ ਹੈ। ਉਹ ਪੌਣੇ ਦੋ ਏਕੜ ਜਗ੍ਹਾ ਹੈ, ਉਹ ਜਗ੍ਹਾ ਆਪਾਂ ਲੈ ਲਈਏ। ਮੇਨ ਰੋਡ ਤੇ ਹੋਣ ਕਾਰਨ ਖਿਆਲਾ ਕਲਾਂ ਵਿਖੇ ਟਰੋਮਾ ਸੈਂਟਰ ਲਈ ਜੋ ਵੀ ਫੈਸੀਲਿਟੀਜ਼ ਹਨ, ਉਹ ਪਲੀਜ਼ ਜ਼ਰੂਰ ਪ੍ਰੋਵਾਈਡ ਕਰੋ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ**: ਥੈਂਕ ਯੂ ਜੀ। ਡਾਕਟਰ ਸਾਹਿਬ, ਬੇਨਤੀ ਹੈ ਵੈਸੇ ਤਾਂ ਸਿਹਤ ਦੇ ਖੇਤਰ ਵਿੱਚ ਪੂਰੇ ਪੰਜਾਬ ਵਿੱਚ ਹੀ ਤੁਸੀਂ ਬਾਕਮਾਲ ਕੰਮ ਕੀਤਾ ਹੈ ਪਰ ਮੈਨੂੰ ਲਗਦਾ ਹੈ ਕਿ ਗੜ੍ਹਸ਼ੰਕਰ ਹਲਕਾ ਤੁਹਾਡਾ ਨਾਨਕਾ ਹਲਕਾ ਹੈ ਕਿਉਂਕਿ ਰੁੜਕੀ ਖਾਸ ਪਿੰਡ ਵਿੱਚ ਤੁਹਾਡੇ ਨਾਨਕੇ ਹਨ। ਤੁਸੀਂ ਵਿਸ਼ੇਸ਼ ਤੌਰ ਤੇ ਸਾਡੇ ਗੜ੍ਹਸ਼ੰਕਰ ਹਲਕੇ ਵਿੱਚ ਵੀ ਸਿਹਤ ਸੇਵਾਵਾਂ ਨੂੰ ਲੈ ਕੇ ਬਹੁਤ ਵੱਡਮੁੱਲਾ ਯੋਗਦਾਨ ਪਾਇਆ ਹੈ। ਉਸ ਲਈ ਅਸੀਂ ਸਾਰੇ ਹਲਕਾ ਗੜ੍ਹਸ਼ੰਕਰ ਨਿਵਾਸੀ ਤੁਹਾਡਾ ਧੰਨਵਾਦ ਕਰਦੇ ਹਾਂ ਔਰ ਵਿਸ਼ੇਸ਼ ਤੌਰ ਤੇ ਬੀਤ ਏਰੀਆ ਜਿੱਥੇ ਸਾਡੀਆਂ 37 ਪੰਚਾਇਤਾਂ ਹਨ, ਉਸ ਵਿੱਚ ਤਿੰਨ ਆਮ ਆਦਮੀ ਕਲੀਨਿਕ ਬਣਾ ਕੇ ਤੁਸੀਂ ਬਹੁਤ ਵੱਡਾ ਪੁੰਨ ਖੱਟਿਆ ਹੈ। ਪਹਿਲਾ ਆਮ ਆਦਮੀ ਕਲੀਨਿਕ ਤੁਸੀਂ ਸ੍ਰੀ ਖੁਰਾਲਗੜ੍ਹ ਸਾਹਿਬ ਬਣਾਇਆ, ਦੂਜਾ ਹੈਬੋਵਾਲ ਵਿੱਚ ਬਣਾਇਆ ਅਤੇ ਤੀਜਾ ਹੁਣ ਤੁਸੀਂ ਪੰਡੋਰੀ ਭੰਡਿਆਰ ਵਿੱਚ ਆਮ ਆਦਮੀ ਕਲੀਨਿਕ ਬਣਾ ਰਹੇ ਹੋ। ਇਸ ਤੋਂ ਵੀ ਵੱਡਾ ਕੰਮ ਜਿਹੜਾ ਸਾਡਾ ਉੱਥੇ ਹਸਪਤਾਲ ਜੋ ਕਿ ਝੁੱਗੀਆਂ-ਬੀਣੇਵਾਲ ਵਿੱਚ ਹੈ, ਉਸ ਵਿੱਚ ਵੀ ਤੁਸੀਂ 24 ਘੰਟੇ ਸਿਹਤ ਸੇਵਾਵਾਂ ਦੇਣ ਦਾ ਸਾਨੂੰ ਵਾਅਦਾ ਕੀਤਾ ਸੀ, ਉਹ ਸ਼ੁਰੂ ਕਰਵਾਉਣ ਜਾ ਰਹੇ ਹੋ, ਉਸ ਲਈ ਅਸੀਂ ਸਾਰੇ ਹਲਕਾ ਗੜ੍ਹਸ਼ੰਕਰ ਨਿਵਾਸੀ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ। ਤੁਹਾਡਾ ਬਹੁਤ ਬਹੁਤ ਥੈਂਕ ਯੂ।

--------

**(ਕ੍ਰਮ ਨੰ: 64)**

**ਸਰਦਾਰ ਜਗਰੂਪ ਸਿੰਘ ਗਿੱਲ**: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਬਠਿੰਡਾ ਵਿਖੇ ਸਥਿਤ ਹੋਰ ਵਿੱਦਿਅਕ ਅਦਾਰਿਆਂ ਦੀ ਮਾੜੀ ਹਾਲਤ, ਜਿਸ ਵਿੱਚ ਸਰਕਾਰੀ ਮਿਡਲ ਸਕੂਲ ਕੋਠੇ ਅਮਰਪੁਰਾ, ਸਰਕਾਰੀ ਐਲੀਮੈਂਟਰੀ ਸਕੂਲ ਖੇਤਾ ਸਿੰਘ ਬਸਤੀ, ਸਰਕਾਰੀ ਐਲੀਮੈਂਟਰੀ/ਹਾਈ ਸਕੂਲ ਗੁਰੂ ਨਾਨਕ ਪੁਰਾ ਜਿਸ ਦੀ ਬਿਲਡਿੰਗ ਨੂੰ ਨਾਵਰਤਣਯੋਗ ਐਲਾਨਿਆ ਜਾ ਚੁੱਕਾ ਹੈ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਸਿਵਲ ਲਾਈਨਜ਼ ਬਠਿੰਡਾ, ਜਿਨ੍ਹਾਂ ਦੇ ਲਈ ਮੇਰੇ ਵੱਲੋਂ ਪ੍ਰਸ਼ਾਸਨ ਦੇ ਨਾਲ ਅਤੇ ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਨਾਲ ਮੁਲਾਕਾਤਾਂ ਕਰਕੇ ਯਤਨ ਕੀਤੇ ਜਾ ਹੇ ਹਨ ਪ੍ਰੰਤੂ ਯਤਨਾਂ ਦੇ ਬਾਵਜੂਦ ਇਨ੍ਹਾਂ ਉੱਪਰ ਫੈਸਲਾ ਲੈਣ ਵਿੱਚ ਬਹੁਤ ਦੇਰੀ ਹੋ ਚੁੱਕੀ ਹੈ, ਜਦਕਿ ਇਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਸਰਕਾਰ ਦੀ ਨੀਤੀ ਤਹਿਤ ਹੁਣ ਤੱਕ ਬਣਾ ਦਿੱਤਾ ਜਾਣਾ ਚਾਹੀਦਾ ਸੀ। ਮੈਂ ਇਸ ਮਹੱਤਵਪੂਰਨ ਅਤੇ ਲੋਕ

ਹਿਤ ਦੇ ਮਸਲੇ ਨੂੰ ਸਿੱਖਿਆ ਮੰਤਰੀ ਦੇ ਧਿਆਨ ਵਿੱਚ ਲਿਆ ਕੇ ਇਸ ਮਸਲੇ ਨੂੰ ਪਹਿਲ ਦੇ ਕੇ ਹੱਲ ਕਰਨ ਲਈ ਬੇਨਤੀ ਕਰਦਾ ਹਾਂ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ, ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਕਿਰਪਾਲਤਾ ਕਰਨ।

ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਬਠਿੰਡਾ ਸ਼ਹਿਰੀ ਹਲਕੇ ਕੁਝ ਉਨ੍ਹਾਂ ਸਕੂਲਾਂ ਵੱਲ ਦਿਵਾਉਣਾ ਚਾਹੁੰਦਾ ਹਾਂ ਜਿਨ੍ਹਾਂ ਦੀ ਹਾਲਤ ਬਹੁਤ ਖਸਤਾ ਹੈ ਔਰ ਗਰੀਬ ਅਬਾਦੀਆਂ ਵਿੱਚ ਹੈ। ਮੈਂ ਇਸ ਗੱਲ ਨੂੰ ਮੰਨ ਕੇ ਚਲਦਾ ਹਾਂ ਕਿ ਸਰਕਾਰ ਦਾ ਜਿੱਥੇ ਵਾਅਦਾ ਸੀ ਕਿ ਪਹਿਲ ਦੇ ਆਧਾਰ ਤੇ ਸਰਕਾਰ ਬਣਨ ਤੋਂ ਬਾਅਦ, ਇਨ੍ਹਾਂ ਨੇ ਬਠਿੰਡਾ ਸ਼ਹਿਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਦਰਸ਼ ਨਗਰ, ਕੈਨਾਲ ਕਾਲੋਨੀ, ਸਰਕਾਰੀ ਐਲੀਮੈਂਟਰੀ ਸਕੂਲ ਪਰਸ਼ਰਾਮ ਨਗਰ, ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਮਾਲ ਰੋਡ, ਸਰਕਾਰੀ ਐਮੀਨੈਂਸ ਸੀਨੀਅਰ ਸੈਕੰਡਰੀ ਸਕੂਲ, ਇੱਥੇ ਕਮਰਿਆਂ ਦੀ ਤਮੀਰ ਲਈ ਕਾਫੀ ਪੈਸਾ ਦਿੱਤਾ ਹੈ, ਜਿਸ ਲਈ ਮੈਂ ਬਹੁਤ ਧੰਨਵਾਦੀ ਹਾਂ ਪਰ ਕਿਉਂਕਿ ਸ਼ਹਿਰ ਬਹੁਤ ਵੱਡਾ ਹੈ ਔਰ ਜਿਹੜੀਆਂ ਬਾਹਰਲੀਆਂ ਗਰੀਬ ਅਬਾਦੀਆਂ ਹਨ, ਉੱਥੇ 300-300 ਗਜ਼ ਵਿੱਚ ਸਕੂਲ ਚੱਲ ਰਿਹਾ ਹੈ ਅਤੇ ਕਈਆਂ ਦੀ ਹਾਲਤ ਬਹੁਤ ਖਸਤਾ ਹੈ। ਜਿਸ ਵਿੱਚ ਸਰਕਾਰੀ ਮਿਡਲ ਸਕੂਲ ਕੋਠੇ ਅਮਰਪੁਰਾ, ਸਰਕਾਰੀ ਐਲੀਮੈਂਟਰੀ ਸਕੂਲ ਖੇਤਾ ਸਿੰਘ ਬਸਤੀ, ਸਰਕਾਰੀ ਐਲੀਮੈਂਟਰੀ/ਹਾਈ ਸਕੂਲ ਗੁਰੂ ਨਾਨਕ ਪੁਰਾ ਹੈ।

**1255/Pawan sharma**

ਮੈਂ ਖਾਸ ਤੌਰ ਦੇ ਉੱਤੇ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਇਹ ਸਕੂਲ ਹਨ, ਸਰਕਾਰੀ ਮਿਡਲ ਸਕੂਲ ਕੋਠੇ ਅਮਰਪੁਰਾ ਹੈ, ਇਸ ਦੀ ਗੁਰੂ ਨਾਨਕ ਦੇਵ ਦੀ ਥਰਮਲ ਪਲਾਂਟ ਦੀ ਜਿਹੜੀ ਬਿਲਡਿੰਗ ਸੀ, ਜਿਹੜੀ ਖ਼ਾਲੀ ਹੋਈ ਸੀ, ਉਸ ਨੂੰ ਲੈਣ ਦੇ ਲਈ ਮੈਂ ਬੇਨਤੀ ਕੀਤੀ ਸੀ ਔਰ ਜਿਹੜਾ ਸਰਕਾਰੀ ਐਲੀਮੈਂਟਰੀ ਸਕੂਲ ਖੇਤਾ ਸਿੰਘ ਬਸਤੀ ਹੈ, ਉਹ ਸਾਰਾ ਹੀ 300 ਗਜ਼ ਵਿੱਚ ਚੱਲ ਰਿਹਾ ਹੈ। ਬੱਚੇ ਜ਼ਿਆਦਾ ਹਨ। ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਦੇ ਲਈ ਅੱਜ ਤੋਂ ਤਿੰਨ ਸਾਲ ਪਹਿਲਾਂ ਯਾਨੀ ਕਿ 2024 ਦੇ ਵਿੱਚ ਲਗਭਗ ਜਦੋਂ ਉੱਥੇ ਕਾਂਗਰਸ ਪਾਰਟੀ ਦੀ ਕਾਰਪੋਰੇਸ਼ਨ ਸੀ, ਮੇਰੇ ਵੱਲੋਂ ਬੇਨਤੀ ਕਰਨ ਤੇ ਕਿ ਗ਼ਰੀਬ ਬਸਤੀਆਂ ਵਿੱਚ ਇਹ ਜ਼ਰੂਰੀ ਹੈ ਕਿ ਇੱਕ ਮਤਾ ਪਾਇਆ ਗਿਆ ਸੀ ਕਿ ਜਿਹੜੀ ਇਹ ਇੱਕ ਏਕੜ ਜਗ੍ਹਾ ਹੈ, ਉਹ ਕਾਰਪੋਰੇਸ਼ਨ ਵੱਲੋਂ ਖ਼ਰੀਦ ਕੇ ਦੇ ਦਿੱਤੀ ਜਾਵੇਗੀ। ਹੁਣ ਕਿਉਂਕਿ ਦੋਵੇਂ ਮਹਿਕਮੇ ਮੰਤਰੀ ਜੀ ਪਾਸ ਹੈ, ਦੋਨਾਂ ਮਹਿਕਮਿਆਂ ਦੇ ਖਿੱਚੋਖਦਾਵਤ ਦੇ ਵਿੱਚ ਹੀ ਉਹ ਜਗ੍ਹਾ ਲਮਕੀ ਪਈ ਹੈ। ਮੇਰੀ ਬੇਨਤੀ ਹੈ ਕਿ ਉਹ ਮਤਾ ਪਾਸ ਕਰਕੇ ਇੱਕ ਏਕੜ ਜਗ੍ਹਾ ਖਰੀਦ ਕੇ ਖੇਤਾ ਸਿੰਘ ਬਸਤੀ ਵਿੱਚ ਸਕੂਲ ਬਣਾਇਆ ਜਾਵੇ ਔਰ ਜਿਹੜਾ ਸਰਕਾਰੀ ਐਲੀਮੈਂਟਰੀ/ਹਾਈ ਸਕੂਲ ਗੁਰੂ ਨਾਨਕ ਪੁਰਾ ਹੈ, ਉਹ ਜਿਹੜੇ ਮਾਇਗ੍ਰੇਟਿਡ ਲੋਕ ਪੱਛਮੀ ਪਾਕਿਸਤਾਨ ਤੋਂ ਆਏ ਸੀ, ਉੱਥੇ ਉਨ੍ਹਾਂ ਦੀ ਬਹੁਤ ਵੱਡੀ ਅਬਾਦੀ 14-15 ਹਜ਼ਾਰ

ਦੀ ਹੈ ਔਰ ਉਹ ਇੱਕ ਧਰਮਸ਼ਾਲਾ ਦੇ ਉੱਤੇ ਬਣਿਆ ਹੋਇਆ ਸੀ, ਜਿਸ ਦੀ ਬਿਲਡਿੰਗ ਡਿੱਗਣ ਵਾਲੀ ਸੀ ਔਰ ਸਾਨੂੰ ਸਕੂਲ ਖਾਲੀ ਕਰਨਾ ਪੈ ਗਿਆ।

**ਮਾਣਯੋਗ ਡਿਪਟੀ ਸਪੀਕਰ**: ਮੈਂਬਰ ਸਾਹਿਬ, ਇੱਕ ਮਿੰਟ ਪਹਿਲਾਂ ਮੰਤਰੀ ਸਾਹਿਬ ਤੋਂ ਜਵਾਬ ਲੈ ਲਈਏ। ਸਰਦਾਰ ਹਰਜੋਤ ਸਿੰਘ ਬੈਂਸ ਜੀ, ਸਿੱਖਿਆ ਮੰਤਰੀ।

**ਸਕੂਲ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਜੀ, ਮਾਣਯੋਗ ਡਿਪਟੀ ਸਪੀਕਰ ਸਾਹਿਬ। ਮਾਣਯੋਗ ਵਿਧਾਇਕ ਸਾਹਿਬ ਨੇ ਚਾਰ ਸਕੂਲਾਂ ਦਾ ਵੇਰਵਾ ਮੰਗਿਆ ਹੈ, ਜਿਵੇਂ ਵਿਧਾਇਕ ਸਾਹਿਬ ਦੱਸ ਰਹੇ ਸੀ, ਮੈਂ ਖੁਦ ਵੀ ਬਹੁਤ ਸਾਰੇ ਸਕੂਲਾਂ ਵਿੱਚ ਕੰਮ ਸੀ.ਐਸ.ਆਰ. ਫੰਡਾਂ ਤੋਂ, ਆਪਣੇ ਫੰਡਾਂ ਤੋਂ ਵੀ ਕਰਵਾਏ ਹਨ। ਇਹ ਚਾਰੋਂ ਸਕੂਲਾਂ ਦੇ ਕੁਝ ਨਾ ਕੁਝ ਇਸ਼ੂ ਹਨ, ਜਿਸ ਕਰਕੇ ਇਹ ਹੋ ਨਹੀਂ ਸਕੇ। ਮੈਂ ਵੇਰਵੇ ਵਾਈਜ਼ ਇੱਕ ਇੱਕ ਸਕੂਲ ਦਾ ਦੱਸ ਰਿਹਾ ਹਾਂ। ਸਭ ਤੋਂ ਪਹਿਲਾਂ ਸਰਕਾਰੀ ਐਲੀਮੈਂਟਰੀ ਹਾਈ ਸਕੂਲ ਗੁਰੂ ਨਾਨਕ ਪੁਰਾ ਬਠਿੰਡਾ ਵਿਖੇ, ਇਹ ਪਿੰਡ ਦੇ ਗੁਰਦੁਆਰਾ ਸਾਹਿਬ ਦੀ ਧਰਮਸ਼ਾਲਾ ਵਿੱਚ ਚੱਲ ਰਿਹਾ ਸੀ। ਹੁਣ ਸਰਕਾਰੀ ਪ੍ਰਾਇਮਰੀ ਸਕੂਲ, ਗੁਰੂ ਨਾਨਕ ਪੁਰਾ ਨੂੰ ਨਜ਼ਦੀਕ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇਸਰਾਜ ਵਿੱਖੇ ਅਤੇ ਸਰਕਾਰੀ ਹਾਈ ਸਕੂਲ ਗੁਰੂ ਨਾਨਕ ਪੁਰਾ ਨੂੰ ਸਰਕਾਰੀ ਮਿਡਲ ਸਕੂਲ ਹਾਜੀ ਰਤਨ ਬਠਿੰਡਾ ਵਿਖੇ ਸ਼ਿਫਟ ਕਰ ਦਿੱਤਾ ਗਿਆ ਹੈ। ਇਨ੍ਹਾਂ ਸਕੂਲਾਂ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਵਣ ਵਿਭਾਗ ਪੰਜਾਬ ਨਾਲ ਰਾਬਤਾ ਕਾਇਮ ਕੀਤਾ ਗਿਆ ਅਤੇ ਵਣ ਵਿਭਾਗ ਦੀ ਇੱਕ ਵਿੱਘਾ ਸੱਤ ਵਿਸਵੇ ਜਗ੍ਹਾ ਵਿੱਚੋਂ ਇਨ੍ਹਾਂ ਸਕੂਲਾਂ ਦੀ ਉਸਾਰੀ ਕਰਨ ਲਈ ਇਹ ਜ਼ਮੀਨ ਸਕੂਲ ਸਿੱਖਿਆ ਵਿਭਾਗ ਦੇ ਨਾਂਅ ਕਰਨ ਦੀ ਸਹਿਮਤੀ ਹੋਈ ਹੈ। ਇਹ ਜ਼ਮੀਨ ਨੂੰ ਸਿੱਖਿਆ ਵਿਭਾਗ ਦੇ ਨਾਂਅ ਕਰਨ ਲਈ ਵਣ ਵਿਭਾਗ ਦੇ ਦਫਤਰੀ ਸਾਈਟ ਤੇ ਆਨਲਾਈਨ ਅਪਲਾਈ ਕਰ ਦਿੱਤਾ ਗਿਆ ਹੈ। ਇਹ ਜ਼ਮੀਨ ਸਕੂਲ ਸਿੱਖਿਆ ਵਿਭਾਗ ਦੇ ਨਾਂਅ ਹੋਣ ਉਪਰੰਤ ਇਨ੍ਹਾਂ ਸਕੂਲਾਂ ਦੀ ਨਵੀਂ ਬਿਲਡਿੰਗ ਦੀ ਉਸਾਰੀ ਇਸ ਜਗ੍ਹਾ ਤੇ ਕਰਨ ਸਬੰਧੀ ਅਗਲੇਰੀ ਕਾਰਵਾਈ ਕਰ ਦਿੱਤੀ ਜਾਵੇਗੀ। ਨੰਬਰ ਦੋ, ਸਰਕਾਰੀ ਪ੍ਰਾਇਮਰੀ ਸਕੂਲ ਖੇਤਾ ਸਿੰਘ ਬਸਤੀ ਬਠਿੰਡਾ ਦੀ ਇੱਕ ਏਕੜ ਜ਼ਮੀਨ ਤਬਦੀਲ ਕਰਨ ਸਬੰਧੀ ਸਿਧਾਂਤਕ ਪ੍ਰਵਾਨਗੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਦਿੱਤੀ ਗਈ ਹੈ ਤੇ ਇਹ ਸਾਡੇ ਮਾਣਯੋਗ ਮਨਿਸਟਰ ਸਾਹਿਬ ਦਾ ਡਿਪਾਰਟਮੈਂਟ ਹੈ। ਇਸ ਉਪਰੰਤ ਡਿਪਟੀ ਕਮਿਸ਼ਨਰ, ਬਠਿੰਡਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਰੇਟ ਨਿਰਧਾਰਨ ਕਮੇਟੀ, ਬਠਿੰਡਾ ਵੱਲੋਂ ਮਿਤੀ 27.03.2025 ਦੀਆਂ ਸਿਫ਼ਾਰਸ਼ਾਂ ਰਾਹੀਂ ਵਿੱਤੀ ਸਾਲ 2025-26 ਲਈ ਜ਼ਮੀਨ ਦਾ ਰੇਟ 78 ਲੱਖ 75 ਹਜ਼ਾਰ ਰੁਪਏ ਪ੍ਰਤੀ ਏਕੜ ਸਾਲਾਨਾ 5 ਪਰਸੈਂਟ ਦੇ ਵਾਧੇ ਦੀ ਸ਼ਰਤ ਸਮੇਤ ਨਿਰਧਾਰਿਤ ਕੀਤਾ ਗਿਆ ਸੀ। ਜ਼ਮੀਨ ਕੀਮਤ ਦੇ ਅਧਾਰ ਤੇ ਤਬਦੀਲ ਕਰਨ ਸਬੰਧੀ ਪ੍ਰਵਾਨਗੀ ਲਈ ਤਜਵੀਜ਼ ਪਹਿਲਾਂ ਹੀ ਵਿੱਤ ਵਿਭਾਗ ਦੀ ਸਹਿਮਤੀ ਹਿਤ ਭੇਜੀ ਜਾਵੇਗੀ ਅਤੇ ਇਸ ਉਪਰੰਤ ਪ੍ਰਵਾਨਗੀ ਲਈ ਮੰਤਰੀ ਮੰਡਲ ਅੱਗੇ ਪੇਸ਼ ਕੀਤੀ ਜਾਵੇਗੀ। ਵਿਭਾਗ ਵੱਲੋਂ ਇਸ ਪ੍ਰਕਿਰਿਆ ਨੂੰ ਜਲਦੀ ਮੁਕੰਮਲ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ। ਨੰਬਰ ਤਿੰਨ, ਸਰਕਾਰੀ ਮਿਡਲ ਸਕੂਲ ਕੋਠੇ ਅਮਰਪੁਰਾ ਸਬੰਧੀ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਇਸ ਸਕੂਲ ਨੂੰ ਸਪੈਸ਼ਲ ਸਕੂਲ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡੇ ਦੀ ਬੰਦ ਪਈ ਇਮਾਰਤ ਵਿਖੇ ਸ਼ਿਫ਼ਟ ਕਰਨ ਦੀ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਅਤੇ ਡਿਪਟੀ ਕਮਿਸ਼ਨਰ, ਬਠਿੰਡੇ ਨਾਲ ਰਾਬਤਾ ਕਾਇਮ ਕੀਤਾ ਗਿਆ ਸੀ। ਇਸ ਉਪਰੰਤ ਡਿਪਟੀ ਕਮਿਸ਼ਨਰ, ਬਠਿੰਡਾ ਵੱਲੋਂ

ਸਪੈਸ਼ਲ ਸਕੂਲ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡੇ ਦੀ ਇਮਾਰਤ ਦੀ ਰਿਪੇਅਰ ਕਰਨ ਲਈ 14.47 ਕਰੋੜ ਰੁਪਏ ਦੀ ਰਾਸ਼ੀ ਦਾ rough cost Estimate ਲੋਕ ਨਿਰਮਾਣ ਵਿਭਾਗ ਤੋਂ ਤਿਆਰ ਕਰਵਾ ਕੇ ਸਕੂਲ ਸਿੱਖਿਆ ਵਿਭਾਗ ਨੂੰ ਭੇਜਿਆ ਗਿਆ ਜਦੋਂ ਕਿ ਇਹ ਜ਼ਮੀਨ ਸਕੂਲ ਸਿੱਖਿਆ ਵਿਭਾਗ ਦੇ ਨਾਂਅ ਤੇ ਦਰਜ ਨਹੀਂ ਹੈ। ਜਿਸ ਕਾਰਨ ਇਸ ਸਕੂਲ ਦੀ ਬਿਲਡਿੰਗ ਦੀ ਉਸਾਰੀ ਲਈ ਸਕੂਲ ਸਿੱਖਿਆ ਵਿਭਾਗ ਵੱਲੋਂ ਰਾਸ਼ੀ ਜਾਰੀ ਨਹੀਂ ਕੀਤੀ ਜਾ ਸਕਦੀ। ਇਸ ਸਕੂਲ ਨੂੰ ਨਵੀਂ ਜਗ੍ਹਾ ਤੇ ਬਣਾਉਣ ਲਈ ਜ਼ਮੀਨ ਦੀ ਭਾਲ ਕੀਤੀ ਜਾ ਰਹੀ ਹੈ। ਜ਼ਮੀਨ ਉਪਲਬਧ ਹੋਣ ਉਪਰੰਤ ਲੋੜੀਂਦੀ ਕਾਰਵਾਈ ਕਰਕੇ ਇਸ ਸਕੂਲ ਦੀ ਨਵੀਂ ਬਿਲਡਿੰਗ ਦੀ ਉਸਾਰੀ ਜਲਦ ਕਰ ਦਿੱਤੀ ਜਾਵੇਗੀ।

**1300/Beant kaur**

ਸਰਕਾਰੀ ਪ੍ਰਾਇਮਰੀ ਸਕੂਲ, ਸਿਵਲ ਲਾਈਨਜ਼, ਜ਼ਿਲ੍ਹਾ ਬਠਿੰਡਾ ਦੀ ਮੌਜੂਦਾ ਇਮਾਰਤ ਨੂੰ ਅਸੁਰੱਖਿਅਤ ਘੋਸ਼ਿਤ ਕੀਤੇ ਜਾਣ ਕਾਰਨ ਸਕੂਲ ਨੂੰ ਆਰਜ਼ੀ ਤੌਰ ਤੇ ਸਿਹਤ ਵਿਭਾਗ ਦੀ ਡਿਸਪੈਂਸਰੀ, ਜੋ ਪਾਵਰ ਹਾਊਸ ਰੋਡ ਤੋਂ ਬਿਆਨਾ ਬਸਤੀ, ਬਠਿੰਡਾ ਵਿਖੇ ਸਥਿਤ ਹੈ, ਵਿੱਚ ਤਬਦੀਲ ਕੀਤਾ ਗਿਆ ਹੈ। ਉਸ ਸਕੂਲ ਦੀ ਇਮਾਰਤ ਦੀ ਉਸਾਰੀ ਲਈ ਅਰਬਨ ਅਸਟੇਟ, ਫੇਜ਼ 3, ਬਠਿੰਡਾ ਵਿਖੇ ਬਠਿੰਡਾ ਵਿਕਾਸ ਅਥਾਰਟੀ (BDA) ਵੱਲੋਂ ਸਕੂਲ ਸਿੱਖਿਆ ਵਿਭਾਗ ਨੂੰ ਮੁਫ਼ਤ ਜ਼ਮੀਨ ਅਲਾਟ ਕਰਨ ਸਬੰਧੀ ਮਾਣਯੋਗ ਮੁੱਖ ਮੰਤਰੀ ਜੀ ਵੱਲੋਂ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਸਕੂਲ ਦੀ ਇਮਾਰਤ ਦੀ ਉਸਾਰੀ ਲਈ 1,85,47 ਕਰੋੜ ਰੁਪਏ ਦੇ ਬਜਟ ਅਨੁਮਾਨ ਦੀ ਪ੍ਰਵਾਨਗੀ ਸਬੰਧੀ ਤਜਵੀਜ਼ ਨੂੰ ਪਹਿਲਾਂ ਹੀ ਵਿਤ ਵਿਭਾਗ ਦੀ ਸਹਿਮਤੀ ਲਈ ਭੇਜ ਦਿੱਤਾ ਗਿਆ ਹੈ। ਇਹ ਜਦੋਂ ਹੀ ਅਪਰੂਵ ਹੁੰਦੀ ਹੈ, ਮਾਣਯੋਗ ਮੰਤਰੀ ਮੰਡਲ ਦੇ ਸਨਮੁੱਖ ਪੇਸ਼ ਕਰ ਦਿੱਤਾ ਜਾਵੇਗਾ। ਵਿਭਾਗ ਵੱਲੋਂ ਸਮੁੱਚੀ ਪ੍ਰਕ੍ਰਿਆ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

**ਸਰਦਾਰ ਜਗਰੂਪ ਸਿੰਘ ਗਿੱਲ** : ਮੰਤਰੀ ਸਾਹਿਬ, ਧੰਨਵਾਦ। ਤੁਸੀਂ ਜਾਣਕਾਰੀ ਦਿੱਤੀ ਪਰ ਮੈਂ ਥੋੜ੍ਹੀ ਆਪਣੇ ਵੱਲੋਂ ਜਾਣਕਾਰੀ ਦੱਸਣਾ ਚਾਹੁੰਦਾ ਹਾਂ ਕਿਉਂਕਿ ਮੈਂ ਸਮੇਂ ਸਮੇਂ ਤੇ ਡਿਪਟੀ ਕਮਿਸ਼ਨਰ, ਬਠਿੰਡਾ ਅਤੇ ਡਿਪਾਰਟਮੈਂਟ ਨਾਲ ਅਦਾਰਿਆਂ ਦੀ ਤਾਮੀਰ ਲਈ ਯਤਨ ਕਰਦਾ ਰਹਿੰਦਾ ਹਾਂ। ਤੁਹਾਡੀ ਗੱਲ ਠੀਕ ਹੈ ਕਿ ਗੁਰੂ ਨਾਨਕਪੁਰਾ ਸਕੂਲ ਲਈ ਵਣ ਵਿਭਾਗ ਦੀ ਜਗ੍ਹਾ ਲੈਣ ਲਈ ਯਤਨ ਕੀਤੇ ਹਨ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਦਾ 28 ਲੱਖ ਰੁਪਿਆ CSR ਤੋਂ ਵਣ ਵਿਭਾਗ ਨੂੰ ਦੇ ਦਿੱਤਾ ਗਿਆ ਹੈ। ਸਿਰਫ਼ ਐਜੂਕੇਸ਼ਨ ਡਿਪਾਰਟਮੈਂਟ ਵੱਲੋਂ ਕੋਈ ਪ੍ਰਫਾਰਮਾ ਭਰ ਕੇ ਭੇਜਣਾ ਸੀ, ਮੇਰਾ ਖਿਆਲ ਹੈ ਕਿ ਛੇ ਮਹੀਨੇ ਤੋਂ ਉੱਪਰ ਸਮਾਂ ਹੋ ਗਿਆ ਹੈ, ਜਿਹੜੀ ਉਥੇ ਮੈਡਮ ਸੇਠੀ, ਡੀਈਓ ਸੀ, ਮੈਂ ਤਿੰਨ ਮੀਟਿੰਗਾਂ ਵਿੱਚ ਖੁਦ ਗਿਆ ਹਾਂ, ਉਨ੍ਹਾਂ ਵੱਲੋਂ ਯਤਨ ਹੀ ਨਹੀਂ ਕੀਤਾ ਗਿਆ ਕਿ ਉਹ ਪ੍ਰੋਫਾਰਮਾ ਭਰ ਕੇ ਭੇਜਣ। ਨਹੀਂ ਤਾਂ ਹੁਣ ਤੱਕ ਬਿਲਡਿੰਗ ਲਈ ਰਾਸ਼ੀ ਮਿਲ ਜਾਣੀ ਸੀ ਅਤੇ ਇਹ ਸਕੂਲ ਬਣ ਸਕਦਾ ਸੀ। ਇਕ ਏਕੜ ਜਗ੍ਹਾ ਪੁੱਡਾ ਵੱਲੋਂ ਸਿਰਫ਼ 5 ਰੁਪਏ ਵਿੱਚ ਸਿਵਲ ਲਾਈਨਜ਼ ਸਕੂਲ ਨੂੰ ਦਿੱਤੀ ਗਈ ਹੈ, ਉਹ ਐਜੂਕੇਸ਼ਨ ਮਹਿਕਮੇ ਦੇ ਨਾਂ ਹੋ ਚੁੱਕੀ ਹੈ। ਤੁਸੀਂ ਬਜਟ ਦੱਸਿਆ ਹੈ, ਮੇਰੀ ਬੇਨਤੀ ਹੈ ਕਿ ਜਲਦੀ ਤੋਂ ਜਲਦੀ ਨੀਂਹ ਪੱਥਰ ਰੱਖਿਆ ਜਾਵੇ।

ਇਸੇ ਤਰ੍ਹਾਂ ਕੋਠੇ ਅਮਰਪੁਰਾ ਸਕੂਲ ਲਈ ਬਜਟ ਭੇਜਿਆ ਸੀ, ਉਹ ਇਸ ਗੱਲ ਵਾਸਤੇ ਭੇਜਿਆ ਗਿਆ ਸੀ ਕਿ ਉਨ੍ਹਾਂ ਨੇ ਪੁਰਾਣੇ ਸਕੂਲ ਦੀ ਜਗ੍ਹਾ ਵਾਸਤੇ ਕੰਸੈਂਟ ਦਿੱਤੀ ਸੀ ਕਿ ਇੱਥੇ ਬਣਾ ਲਿਆ ਜਾਵੇ, ਉਸ ਦੀ ਲੀਜ਼ ਮਨੀ ਦਾ

ਪੈਸਾ ਕੰਸਟ੍ਰਕਸ਼ਨ ਤੇ ਲਾਇਆ ਜਾਵੇਗਾ, ਉਹ ਰੈਂਟ ਵਿੱਚ ਗਿਣ ਲਈ ਜਾਵੇਗੀ ਅਤੇ ਸਕੂਲ ਇੱਥੇ ਸ਼ਿਫਟ ਹੋ ਜਾਵੇਗਾ। ਇਸ ਲਈ ਦੁਬਾਰਾ ਰਿਵਿਊ ਕੀਤਾ ਜਾਣਾ ਚਾਹੀਦਾ ਹੈ, ਇਹੀ ਮੇਰੀ ਬੇਨਤੀ ਹੈ। ਮੈਂ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਪਹਿਲਾਂ ਆਦਰਸ਼ ਸਕੂਲ ਨੂੰ ਚੰਗੇ ਫੰਡ ਦਿੱਤੇ ਹਨ, ਮੇਰੀ ਬੇਨਤੀ ਤੇ ਗੌਰ ਕਰਦੇ ਹੋਏ ਦੋ ਕਰੋੜ ਰੁਪਿਆ ਦਿੱਤਾ ਹੈ, ਉਸਾਰੀ ਚਾਲੂ ਹੈ। ਮੈਂ ਆਪਣੇ ਵਿਧਾਇਕ ਫੰਡ ਵਿਚੋਂ ਵੀ ਦੋ ਕਰੋੜ ਰੁਪਿਆ ਉਥੇ ਦਿੱਤਾ ਹੈ। ਸਰਕਾਰੀ ਸਕੂਲ, ਸਿਵਲ ਲਾਈਨਜ਼ ਵਾਸਤੇ ਵੀ ਮੈਂ ਆਪਣੇ ਵੱਲੋਂ ਲਿਖ ਕੇ ਦੇ ਦਿੱਤਾ ਸੀ। ਤੁਸੀਂ ਕਿਰਪਾ ਕਰੋਗੇ ਕਿ ਡਿਪਾਰਟਮੈਂਟ ਦੀਆਂ ਫਾਰਮੈਲਿਟੀਜ਼ ਜਲਦੀ ਤੋਂ ਜਲਦੀ ਪੂਰੀਆਂ ਕਰਕੇ ਮੇਰੇ ਸ਼ਹਿਰ ਵਿੱਚ ਆ ਕੇ ਨੀਂਹ ਪੱਥਰ ਰੱਖੋਗੇ? ਬਹੁਤ ਬਹੁਤ ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ** : ਮੰਤਰੀ ਸਾਹਿਬ, ਨੀਂਹ ਪੱਥਰ ਰੱਖਣ ਜਾਓਗੇ?

**ਸਕੂਲ ਸਿੱਖਿਆ ਮੰਤਰੀ** : ਐਮ.ਐਲ.ਏ ਸਾਹਿਬ, ਤੁਹਾਡਾ ਧੰਨਵਾਦ। ਤੁਸੀਂ ਮੇਰੇ ਧਿਆਨ ਵਿੱਚ ਲੈ ਕੇ ਆਏ ਹੋ। If it is the reason, ਮੈਂ ਅੱਜ ਹੀ ਸਬੰਧਤ ਡੀਈਓ ਨੂੰ ਸ਼ੋਕਾਜ ਨੋਟਿਸ ਭੇਜਾਂਗਾ ਕਿਉਂਕਿ ਇਹ ਬੱਚਿਆਂ ਦੀ ਪੜ੍ਹਾਈ ਦਾ ਮਾਮਲਾ ਹੈ। ਇਹ ਸਾਡੀ ਸਰਕਾਰ ਦੀ ਵਚਨਬੱਧਤਾ ਹੈ। ਮੈਂ ਹਾਊਸ ਨੂੰ ਕਈ ਵਾਰ ਇਨਫਾਰਮ ਕਰ ਚੁੱਕਿਆ ਹਾਂ ਕਿ ਸਾਡੇ ਕੋਲ ਸਿਰਫ਼ 100 ਸਕੂਲ ਅਜਿਹੇ ਹਨ, ਜਿਹੜੇ ਇਸ ਵਕਤ ਕਿਸੇ ਧਰਮਸ਼ਾਲਾ, ਗੁਰਦੁਆਰੇ ਜਾਂ ਮੰਦਿਰ ਵਿੱਚ ਚੱਲ ਰਹੇ ਹਨ। ਅਸੀਂ ਪਿਛਲੇ ਸਮਿਆਂ ਵਿੱਚ ਇਨ੍ਹਾਂ ਦੀ ਗਿਣਤੀ ਬਹੁਤ ਘਟਾਈ ਹੈ। ਇਹ ਸਾਰੇ ਸਕੂਲ ਸ਼ਹਿਰਾਂ ਜਾਂ ਕਸਬਿਆਂ ਵਿੱਚ ਹਨ, ਜਿੱਥੇ ਸਾਡੇ ਕੋਲ ਜਗ੍ਹਾ ਨਹੀਂ ਹੈ। ਉਸ ਵਿੱਚ ਬਠਿੰਡਾ ਦੇ ਇਹ ਚਾਰ ਸਕੂਲ ਹਨ। ਸਾਡੀ ਵਚਨਬੱਧਤਾ ਹੈ, ਅਸੀਂ ਆਪ ਇਸ ਬਾਰੇ ਮੋਨੀਟਰ ਕਰਦੇ ਹਾਂ ਅਤੇ ਸਾਰੇ ਡੀ.ਸੀਜ਼ ਨੂੰ ਵਾਰ ਵਾਰ ਇਨਫਾਰਮ ਕਰਦੇ ਹਾਂ ਕਿ ਸਾਡੇ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਕੋਈ ਡਿਲੇਅ ਹੋਇਆ ਹੈ, it should not have been done, ਉਸ ਸਬੰਧੀ ਕਾਰਵਾਈ ਕੀਤੀ ਜਾਵੇਗੀ। ਬਾਕੀਆਂ ਬਾਰੇ ਵੀ ਕੀਤਾ ਜਾਵੇਗਾ।

**ਸਰਦਾਰ ਜਗਰੂਪ ਸਿੰਘ ਗਿੱਲ** : ਡੀ ਈ ਓ ਦੀ ਟ੍ਰਾਂਸਫਰ ਕਰ ਦਿੱਤੀ ਹੈ। ਕਿਤੇ ਅਜਿਹਾ ਨਾ ਹੋਵੇ ਕਿ ਜਿਹੜਾ 10 ਦਿਨ ਪਹਿਲਾਂ ਡੀ ਈ ਓ ਜੁਆਇੰਨ ਕੀਤਾ ਹੈ, ਉਸ ਨੂੰ ਸ਼ੋਕਾਜ ਨੋਟਿਸ ਚਲਾ ਜਾਵੇ।

----------

## MOTION UNDER RULE 16

**ਮਾਣਯੋਗ ਡਿਪਟੀ ਸਪੀਕਰ** : ਹੁਣ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ)** : ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਡਿਪਟੀ ਸਪੀਕਰ** : ਪ੍ਰਸਤਾਵ ਕੀਤਾ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਡਿਪਟੀ ਸਪੀਕਰ** : ਪ੍ਰਸ਼ਨ ਹੈ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

--------

**1305/Karamjit kaur**

**PAPERS LAID ON THE TABLE OF THE HOUSE**

**ਮਾਣਯੋਗ ਡਿਪਟੀ ਸਪੀਕਰ:** ਅਗਲੀ ਆਈਟਮ। ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ। ਡਾਕਟਰ ਰਵਜੋਤ ਸਿੰਘ, ਸੰਸਦੀ ਮਾਮਲਿਆਂ ਬਾਰੇ ਮੰਤਰੀ ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਵਿੱਚ ਮੱਦ ਨੰਬਰ-4 ਅਧੀਨ ਦਰਸਾਏ ਗਏ ਲੜੀ ਨੰਬਰ (1) ਤੋਂ (2) ਦੇ ਕਾਗਜ਼-ਪੱਤਰ ਸਦਨ ਦੀ ਮੇਜ਼ 'ਤੇ ਰੱਖਦਾ ਹਾਂ:-

(1) ਸਾਲ 2025-26 ਲਈ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਾਲਾਨਾ ਰਿਪੋਰਟ; ਜਿਵੇਂ ਕਿ ਮਨੁੱਖੀ ਅਧਿਕਾਰਾਂ ਦੇ ਸੁਰੱਖਿਆ ਐਕਟ, 1993 ਦੀ ਧਾਰਾ 28 ਅਧੀਨ ਲੋੜੀਂਦਾ ਹੈ।

(2) 31 ਮਾਰਚ, 2022 ਨੂੰ ਖਤਮ ਹੋਣ ਵਾਲੇ ਸਾਲ ਲਈ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੀ ਬੈਲੰਸ ਸ਼ੀਟ ਅਤੇ ਲਾਭ ਤੇ ਨੁਕਸਾਨ ਦਾ ਲੇਖਾ; ਜਿਵੇਂ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1970 ਦੀ ਧਾਰਾ 27 (5) ਅਧੀਨ ਲੋੜੀਂਦਾ ਹੈ।

-----------------

**OFFICIAL RESOLUTIONS**

**ਮਾਣਯੋਗ ਡਿਪਟੀ ਸਪੀਕਰ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਕਾਰਜ-ਸੂਚੀ ਵਿੱਚ ਦਰਜ 7 ਸਰਕਾਰੀ ਮਤੇ ਇਕੱਠੇ ਹੀ ਪੇਸ਼ ਕਰ ਲਏ ਜਾਣ?

(ਅਵਾਜ਼ਾਂ: ਹਾਂ ਜੀ, ਹਾਂ ਜੀ)

Unedited Version/ Not for Legal/ Official use Dated: Tuesday, 27th October, 2026

ਹੁਣ ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਨ੍ਹਾਂ ਸਾਰੇ ਮਤਿਆਂ ਨੂੰ ਵਾਰੀ-ਵਾਰੀ ਸਿਰ ਪੇਸ਼ ਕਰਨ। ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਜੀ।

**RESOLUTION No. 1 REGARDING THE PROTECTION AND CONTINUATION OF PUBLIC WELFARE SCHEMES AND FINANCIAL ASSISTANCE FOR THE PEOPLE OF PUNJAB**

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਣਯੋਗ ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਸ਼ੁਕਰੀਆ। ਬਹੁਤ-ਬਹੁਤ ਧੰਨਵਾਦ।

ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਸਦਨ ਪੁਸ਼ਟੀ ਕਰਦਾ ਹੈ ਕਿ ਪੰਜਾਬ ਦੇ ਸ੍ਰੋਤ ਇੱਥੋਂ ਦੇ ਲੋਕਾਂ ਦੇ ਹਨ। ਇੱਕ ਚੁਣੀ ਹੋਈ ਸਰਕਾਰ ਦੀ ਸਭ ਤੋਂ ਪਹਿਲੀ ਜ਼ਿੰਮੇਵਾਰੀ ਇਹ ਹੁੰਦੀ ਹੈ ਕਿ ਉਹ ਇਹਨਾਂ ਸ੍ਰੋਤਾਂ ਦੀ ਵਰਤੋਂ ਮਿਆਰੀ ਸਿਹਤ ਸੇਵਾਵਾਂ, ਵਿੱਤੀ ਸੁਰੱਖਿਆ ਅਤੇ ਜ਼ਰੂਰੀ ਘਰੇਲੂ ਖ਼ਰਚਿਆਂ ਤੋਂ ਰਾਹਤ ਰਾਹੀਂ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਕਰੇ।

ਆਪਣੇ ਘਰ ਦਾ ਪ੍ਰਬੰਧ ਚਲਾਉਣ ਵਾਲ਼ੀ ਮਾਂ, ਆਪਣੀ ਜ਼ਮੀਨ 'ਤੇ ਖੇਤੀ ਕਰਨ ਵਾਲ਼ੇ ਕਿਸਾਨ ਜਾਂ ਕਿਸੇ ਡਾਕਟਰੀ ਐਮਰਜੈਂਸੀ ਦਾ ਸਾਹਮਣਾ ਕਰ ਰਹੇ ਪਰਿਵਾਰ ਲਈ, ਇਹਨਾਂ ਵਚਨਬੱਧਤਾਵਾਂ ਦਾ ਸਿੱਧਾ ਅਰਥ ਹੈ: ਕੀ ਰੋਜ਼ਾਨਾ ਦੀਆਂ ਲੋੜਾਂ ਲਈ ਲੋੜੀਂਦੇ ਪੈਸੇ ਹਨ, ਕੀ ਇਲਾਜ ਦਾ ਖ਼ਰਚਾ ਚੁੱਕਿਆ ਜਾ ਸਕਦਾ ਹੈ ਅਤੇ ਕੀ ਪਰਿਵਾਰ ਮਾਣ-ਸਨਮਾਨ ਨਾਲ਼ ਜੀਅ ਸਕਦਾ ਹੈ। ਇਸ ਲਈ, ਇਹ ਸਦਨ, ਲੋਕ ਭਲਾਈ ਉੱਤੇ ਹੋਣ ਵਾਲ਼ੇ ਖ਼ਰਚਿਆਂ ਨੂੰ ਪੈਸੇ ਦੀ ਬਰਬਾਦੀ ਕਹਿ ਕੇ ਖਾਰਜ ਕਰਨ ਨੂੰ ਰੱਦ ਕਰਦਾ ਹੈ।

ਇਸੇ ਸਿਧਾਂਤ ਤੋਂ ਸੇਧ ਲੈਂਦਿਆਂ ਪੰਜਾਬ ਸਰਕਾਰ ਨੇ ਅਜਿਹੇ ਉਪਾਅ ਸ਼ੁਰੂ ਕੀਤੇ ਅਤੇ ਮਜ਼ਬੂਤ ਕੀਤੇ ਹਨ ਜੋ ਸੂਬੇ ਭਰ ਦੇ ਪਰਿਵਾਰਾਂ ਨੂੰ ਵੱਡੀ ਰਾਹਤ ਪ੍ਰਦਾਨ ਕਰਦੇ ਹਨ।

'ਮੁੱਖ ਮੰਤਰੀ ਮਾਂਵਾਂ-ਧੀਆਂ ਸਤਿਕਾਰ ਯੋਜਨਾ' ਦੇ ਤਹਿਤ ਯੋਗ ਔਰਤਾਂ ਨੂੰ ਹਰ ਮਹੀਨੇ ₹1,000 ਮਿਲ਼ਦੇ ਹਨ, ਜਦੋਂ ਕਿ ਯੋਗ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ ₹1,500 ਮਿਲ਼ਦੇ ਹਨ। ਇਸ ਸਕੀਮ ਅਧੀਨ 80 ਲੱਖ ਤੋਂ ਵੱਧ ਮਾਂਵਾਂ ਅਤੇ ਧੀਆਂ ਰਜਿਸਟ੍ਰਡ ਹਨ। ਇਹ ਸਹਾਇਤਾ ਔਰਤਾਂ ਦੇ ਯੋਗਦਾਨ ਨੂੰ ਮਾਨਤਾ ਦਿੰਦੀ ਹੈ ਅਤੇ ਉਹਨਾਂ ਦੀ ਵਿੱਤੀ ਸੁਤੰਤਰਤਾ ਨੂੰ ਮਜ਼ਬੂਤ ਕਰਦੀ ਹੈ।

ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਦੀ ਸਹੂਲਤ ਨਾਲ਼ ਪੰਜਾਬ ਦੇ 90% ਤੋਂ ਵੱਧ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਹੋ ਗਏ ਹਨ। ਖੇਤੀਬਾੜੀ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਲੱਖਾਂ ਕਿਸਾਨ ਪਰਿਵਾਰਾਂ ਨੂੰ ਸਹਾਰਾ ਦਿੰਦੀ ਹੈ।

'ਮੁੱਖ ਮੰਤਰੀ ਸਿਹਤ ਯੋਜਨਾ' ਪ੍ਰਤੀ ਪਰਿਵਾਰ ₹10 ਲੱਖ ਦਾ ਸਲਾਨਾ ਇਲਾਜ ਕਵਰ ਪ੍ਰਦਾਨ ਕਰਦੀ ਹੈ। 1,244 ਆਮ ਆਦਮੀ ਕਲੀਨਿਕਾਂ ਵਿੱਚ ਦੋ ਕਰੋੜ ਤੋਂ ਵੱਧ ਮਰੀਜ਼ਾਂ ਦਾ ਨਿਯਮਿਤ ਤੌਰ ’ਤੇ ਇਲਾਜ ਹੁੰਦਾ ਹੈ, ਜਿਸ ਨਾਲ਼ ਸਿਹਤ ਸੰਭਾਲ਼ ਦੇ ਖ਼ਰਚਿਆਂ ਦਾ ਬੋਝ ਘਟਿਆ ਹੈ।

ਔਰਤਾਂ ਸਰਕਾਰੀ ਬੱਸਾਂ ਵਿੱਚ ਹਰ ਮਹੀਨੇ ਇੱਕ ਕਰੋੜ ਤੋਂ ਵੱਧ ਮੁਫ਼ਤ ਸਫ਼ਰ ਕਰਦੀਆਂ ਹਨ। 'ਮੇਰੀ ਰਸੋਈ ਯੋਜਨਾ' ਦੇ ਤਹਿਤ, 40 ਲੱਖ ਪਰਿਵਾਰਾਂ ਨੂੰ ਹਰ ਤਿਮਾਹੀ ਵਿੱਚ ਜ਼ਰੂਰੀ ਖ਼ੁਰਾਕੀ ਵਸਤਾਂ ਮੁਫ਼ਤ ਮਿਲ਼ਦੀਆਂ ਹਨ। ₹1,500 ਪ੍ਰਤੀ ਮਹੀਨਾ ਦੀਆਂ ਸਮਾਜਿਕ ਸੁਰੱਖਿਆ ਪੈਨਸ਼ਨਾਂ 30 ਲੱਖ ਬਜ਼ੁਰਗਾਂ, ਵਿਧਵਾਵਾਂ, ਬੇਸਹਾਰਾ ਵਿਅਕਤੀਆਂ ਅਤੇ ਦਿਵਿਆਂਗ ਵਿਅਕਤੀਆਂ ਨੂੰ ਸਹਾਰਾ ਦਿੰਦੀਆਂ ਹਨ। 'ਆਸ਼ੀਰਵਾਦ ਸਕੀਮ' ਯੋਗ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਲਈ ₹51,000 ਪ੍ਰਦਾਨ ਕਰਦੀ ਹੈ। 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦੇ ਤਹਿਤ ਲਗਭਗ ਸੱਤ ਲੱਖ ਬਜ਼ੁਰਗ ਨਾਗਰਿਕ ਮੁਫ਼ਤ ਤੀਰਥ ਯਾਤਰਾਵਾਂ ਕਰ ਚੁੱਕੇ ਹਨ।

ਇਹਨਾਂ ਲਾਭਾਂ ਦਾ ਖ਼ਰਚਾ ਜਨਤਕ ਸ੍ਰੋਤਾਂ ਤੋਂ ਕੀਤਾ ਜਾਂਦਾ ਹੈ ਅਤੇ ਇਹਨਾਂ ਨੂੰ ਲੋਕਤੰਤਰੀ ਸੰਸਥਾਵਾਂ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ। ਹਰ ਯੋਗ ਨਾਗਰਿਕ ਬਿਨਾਂ ਕਿਸੇ ਵਿਤਕਰੇ ਜਾਂ ਸਿਆਸੀ ਸਰਪ੍ਰਸਤੀ ਉੱਤੇ ਨਿਰਭਰਤਾ ਦੇ, ਸਨਮਾਨ ਨਾਲ਼ ਇਹਨਾਂ ਨੂੰ ਪ੍ਰਾਪਤ ਕਰਨ ਦਾ ਹੱਕਦਾਰ ਹੈ।

ਇਹ ਸਦਨ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਉਹਨਾਂ ਜਨਤਕ ਬਿਆਨਾਂ ਉੱਤੇ ਗੰਭੀਰ ਚਿੰਤਾ ਪ੍ਰਗਟ ਕਰਦਾ ਹੈ, ਜਿਨ੍ਹਾਂ ਵਿੱਚ ਖੁੱਲ੍ਹੇਆਮ ਕਿਹਾ ਗਿਆ ਹੈ ਕਿ ਪੰਜਾਬ ਦੇ ਲੋਕਾਂ ਲਈ ਸਾਰੀਆਂ ਸਕੀਮਾਂ ਅਤੇ ਵਿੱਤੀ ਸਹਾਇਤਾ ਬੰਦ ਕਰ ਦਿੱਤੀ ਜਾਵੇਗੀ। ਇਹ ਸਦਨ ਉਹਨਾਂ ਟਿੱਪਣੀਆਂ ਦੀ ਵੀ ਨਿਖੇਧੀ ਕਰਦਾ ਹੈ ਜੋ ਇਹ ਸਹਾਇਤਾ ਪ੍ਰਾਪਤ ਕਰਨ ਵਾਲ਼ੀਆਂ ਔਰਤਾਂ ਨੂੰ ਨੀਵਾਂ ਦਿਖਾਉਂਦੀਆਂ ਹਨ ।

**1310/harpreet singh**

ਇਹ ਲਾਭ ਵਾਪਸ ਲੈਣ ਨਾਲ਼ ਪਰਿਵਾਰਾਂ ਕੋਲ਼ ਭੋਜਨ, ਸਿੱਖਿਆ, ਸਿਹਤ ਸੰਭਾਲ਼ ਅਤੇ ਹੋਰ ਲੋੜਾਂ ਲਈ ਉਪਲਬਧ ਪੈਸੇ ਸਿੱਧੇ ਤੌਰ 'ਤੇ ਘਟ ਜਾਣਗੇ। ਇਹਨਾਂ ਨੂੰ ਵਾਪਸ ਲੈਣ ਦੀ ਤਜਵੀਜ਼ ਰੱਖਣ ਵਾਲ਼ਿਆਂ ਨੂੰ ਇਹ ਜ਼ਰੂਰ ਦੱਸਣਾ ਚਾਹੀਦਾ ਹੈ ਕਿ ਇੱਕ ਮਾਂ ਆਪਣੀ ਮਹੀਨਾਵਾਰ ਸਹਾਇਤਾ ਕਿਉਂ ਗੁਆਵੇ ਅਤੇ ਇੱਕ ਘਰ ਨੂੰ ਦੁਬਾਰਾ ਉਹ ਬਿਜਲੀ ਖ਼ਰਚਾ ਕਿਉਂ ਝੱਲਣਾ ਪਵੇ ਜਿਸ ਤੋਂ ਉਸ ਨੂੰ 2022 ਤੋਂ ਰਾਹਤ ਮਿਲ਼ੀ ਹੋਈ ਹੈ।

ਇਹ ਸਦਨ ਇਸ ਸੁਝਾਅ ਨੂੰ ਰੱਦ ਕਰਦਾ ਹੈ ਕਿ ਜਨਤਕ ਸਹਾਇਤਾ ਕਿਸੇ ਨਾਗਰਿਕ ਦੇ ਸਵੈ-ਮਾਣ ਨੂੰ ਘਟਾਉਂਦੀ ਹੈ। ਔਰਤਾਂ ਦੀ ਮਿਹਨਤ, ਕਿਸਾਨਾਂ ਦਾ ਯੋਗਦਾਨ ਅਤੇ ਬਜ਼ੁਰਗ ਨਾਗਰਿਕਾਂ ਦੀ ਜੀਵਨ ਭਰ ਦੀ ਸੇਵਾ ਅਜਿਹੀਆਂ ਨੀਤੀਆਂ ਰਾਹੀਂ ਮਾਨਤਾ ਦੇ ਹੱਕਦਾਰ ਹਨ ਜੋ ਉਹਨਾਂ ਦੀ ਸੁਰੱਖਿਆ ਅਤੇ ਸੁਤੰਤਰਤਾ ਨੂੰ ਮਜ਼ਬੂਤ ਕਰਨ।

ਇਹ ਸਦਨ ਸਿੱਧੀ ਜਨਤਕ ਸਹਾਇਤਾ ਦੇ ਉਪਾਵਾਂ ਪ੍ਰਤੀ ਭਾਰਤੀ ਜਨਤਾ ਪਾਰਟੀ ਦੇ ਵਿਰੋਧ ਉੱਤੇ ਵੀ ਚਿੰਤਾ ਪ੍ਰਗਟ ਕਰਦਾ ਹੈ। ਇਹ ਸਦਨ ਹਰ ਸਿਆਸੀ ਪਾਰਟੀ ਨੂੰ ਸੱਦਾ ਦਿੰਦਾ ਹੈ ਕਿ ਉਹ ਸਾਫ਼ ਤੌਰ 'ਤੇ ਦੱਸੇ ਕਿ ਕੀ ਉਹ ਇਹਨਾਂ ਹੱਕਾਂ ਨੂੰ ਜਾਰੀ ਰੱਖਣ ਦਾ ਸਮਰਥਨ ਕਰਦੀ ਹੈ। ਪੰਜਾਬ ਦੇ ਲੋਕ ਇੱਕ ਸਪਸ਼ਟ ਜਵਾਬ ਦੇ ਹੱਕਦਾਰ ਹਨ।

ਇਸ ਲਈ, ਇਹ ਸਦਨ ਮਤਾ ਪਾਸ ਕਰਦਾ ਹੈ ਅਤੇ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ-

1. ਮੁੱਖ ਮੰਤਰੀ ਮਾਂਵਾਂ-ਧੀਆਂ ਸਤਿਕਾਰ ਯੋਜਨਾ, ਹਰ ਮਹੀਨੇ 300 ਯੂਨਿਟ ਤੱਕ ਮੁਫ਼ਤ ਘਰੇਲੂ ਬਿਜਲੀ, ਖੇਤੀਬਾੜੀ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ, ਮੁੱਖ ਮੰਤਰੀ ਸਿਹਤ ਯੋਜਨਾ, ਆਮ ਆਦਮੀ ਕਲੀਨਿਕ, ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ, ਔਰਤਾਂ ਲਈ ਮੁਫ਼ਤ ਬੱਸ ਸਫ਼ਰ, ਮੇਰੀ ਰਸੋਈ ਯੋਜਨਾ, ਸਮਾਜਿਕ ਸੁਰੱਖਿਆ ਪੈਨਸ਼ਨਾਂ, ਆਸ਼ੀਰਵਾਦ ਸਕੀਮ ਅਤੇ ਲੋਕ ਭਲਾਈ ਲਈ ਸ਼ੁਰੂ ਕੀਤੀਆਂ ਗਈਆਂ ਹੋਰ ਸਾਰੀਆਂ ਅਜਿਹੀਆਂ ਸਕੀਮਾਂ ਅਤੇ ਵਿੱਤੀ ਸਹਾਇਤਾ ਜਾਰੀ ਰਹਿਣਗੀਆਂ ਅਤੇ ਸਾਰੇ ਯੋਗ ਲਾਭਪਾਤਰੀਆਂ ਦੇ ਲਾਭ ਸੁਰੱਖਿਅਤ ਰੱਖੇ ਜਾਣਗੇ।
2. ਪੰਜਾਬ ਸਰਕਾਰ ਹਰ ਸਲਾਨਾ ਬਜਟ ਵਿੱਚ ਇਹਨਾਂ ਸਕੀਮਾਂ ਲਈ ਢੁਕਵਾਂ ਪ੍ਰਬੰਧ ਕਰੇਗੀ ਅਤੇ ਸਮੇਂ ਸਿਰ ਫੰਡ ਜਾਰੀ ਕਰਨਾ ਅਤੇ ਲਾਭ ਪਹੁੰਚਾਉਣਾ ਯਕੀਨੀ ਬਣਾਏਗੀ।
3. ਇਹ ਸਦਨ ਇੰਡੀਅਨ ਨੈਸ਼ਨਲ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਲਾਭ ਪ੍ਰਾਪਤ ਕਰ ਰਹੇ ਨਾਗਰਿਕਾਂ ਨੂੰ ਨੀਵਾਂ ਦਿਖਾਉਣ ਵਾਲੇ ਬਿਆਨਾਂ ਦੀ ਨਿਖੇਧੀ ਕਰਦਾ ਹੈ ਅਤੇ ਨਾਗਰਿਕਾਂ ਤੋਂ ਵਿੱਤੀ ਸਹਾਇਤਾ ਵਾਪਸ ਲੈਣ ਦੀਆਂ ਉਹਨਾਂ ਦੀਆਂ ਧਮਕੀਆਂ ਨੂੰ ਰੱਦ ਕਰਦਾ ਹੈ।

---------

**RESOLUTION No. 2 REGARDING THE REOPENING AND UNINTERRUPTED OPERATION OF THE SRI KARTARPUR SAHIB CORRIDOR FOR PILGRIMS**

**ਮਾਣਯੋਗ ਡਿਪਟੀ ਸਪੀਕਰ:** ਸਰਦਾਰ ਹਰਜੋਤ ਸਿੰਘ ਬੈਂਸ, ਸਕੂਲ ਸਿੱਖਿਆ ਮੰਤਰੀ ਜੀ, ਮਤਾ ਪੇਸ਼ ਕਰਨ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ

"ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ ਸ੍ਰੀ ਕਰਤਾਰਪੁਰ ਸਾਹਿਬ ਸਮੁੱਚੀ ਸਿੱਖ ਸੰਗਤ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਵਿੱਚ ਵਿਸ਼ਵਾਸ ਰੱਖਣ ਵਾਲੀ ਸਮੁੱਚੀ ਮਨੁੱਖਤਾ ਲਈ ਅਗਾਧ ਆਸਥਾ, ਸ਼ਰਧਾ ਅਤੇ ਅਧਿਆਤਮਿਕ ਮਹੱਤਵ ਦਾ ਕੇਂਦਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਜੀਵਨ ਮਨੁੱਖਤਾ ਨੂੰ ਸਰਬਸਾਂਝੀਵਾਲਤਾ, ਬਰਾਬਰੀ, ਸੇਵਾ, ਦਇਆ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦੇਣ ਲਈ ਸਮਰਪਿਤ ਕੀਤਾ। ਸ੍ਰੀ ਕਰਤਾਰਪੁਰ ਸਾਹਿਬ ਉਹ ਪਵਿੱਤਰ ਅਸਥਾਨ ਹੈ, ਜਿੱਥੇ ਗੁਰੂ ਸਾਹਿਬ ਨੇ ਆਪਣੇ ਜੀਵਨ ਦੇ ਅਹਿਮ ਵਰ੍ਹੇ ਬਿਤਾਏ ਅਤੇ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਸਿਧਾਂਤਾਂ ਰਾਹੀਂ ਸਮੁੱਚੀ ਮਨੁੱਖਤਾ ਨੂੰ ਜੀਵਨ ਜਿਉਣ ਦੀ ਸੇਧ ਦਿੱਤੀ।

*1.13 ਵਜੇ ਬਾਅਦ ਦੁਪਹਿਰ (*ਇਸ ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਇਹ ਸਦਨ ਮਹਿਸੂਸ ਕਰਦਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਸਿਰਫ਼ ਦੋ ਦੇਸ਼ਾਂ ਨੂੰ ਜੋੜਨ ਵਾਲਾ ਰਸਤਾ ਨਹੀਂ, ਸਗੋਂ ਇਹ ਸਿੱਖ ਸੰਗਤ ਦੀ ਆਸਥਾ, ਗੁਰੂ ਸਾਹਿਬ ਨਾਲ ਅਟੁੱਟ ਸਾਂਝ ਅਤੇ 1947 ਦੀ ਵੰਡ ਦੌਰਾਨ ਵਿਛੜੇ ਗੁਰਧਾਮਾਂ ਨਾਲ ਜੁੜੀਆਂ ਭਾਵਨਾਵਾਂ ਦਾ ਪ੍ਰਤੀਕ ਹੈ। ਦੇਸ਼ਾਂ ਦੀ ਵੰਡ ਨੇ ਪੰਜਾਬ ਦੀ ਧਰਤੀ, ਇੱਥੋਂ ਦੇ ਲੋਕਾਂ ਅਤੇ ਧਾਰਮਿਕ ਵਿਰਸੇ ਨੂੰ ਡੂੰਘੇ ਜ਼ਖਮ ਦਿੱਤੇ। ਸਰਹੱਦ ਦੇ ਦੂਜੇ ਪਾਸੇ ਰਹਿ ਗਏ ਗੁਰਧਾਮਾਂ ਦੇ ਦਰਸ਼ਨ ਕਰਨ ਦੀ ਤਾਂਘ ਅੱਜ ਵੀ ਲੱਖਾਂ ਸ਼ਰਧਾਲੂਆਂ ਦੇ ਹਿਰਦਿਆਂ ਵਿੱਚ ਵਸੀ ਹੋਈ ਹੈ।

ਇਹ ਸਦਨ ਇਸ ਗੱਲ ਨੂੰ ਵੀ ਮਹੱਤਵਪੂਰਨ ਮੰਨਦਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘੇ ਦੀ ਸਹੂਲਤ ਨੇ ਭਾਰਤ ਅਤੇ ਪਾਕਿਸਤਾਨ ਸਮੇਤ ਦੁਨੀਆ ਭਰ ਵਿੱਚ ਵੱਸਦੇ ਸਿੱਖਾਂ ਅਤੇ ਹੋਰ ਸ਼ਰਧਾਲੂਆਂ ਨੂੰ ਗੁਰੂ ਸਾਹਿਬ ਦੀ ਪਵਿੱਤਰ ਧਰਤੀ ਦੇ ਦਰਸ਼ਨ ਕਰਨ ਦਾ ਮੌਕਾ ਪ੍ਰਦਾਨ ਕੀਤਾ। ਪਰੰਤੂ ਲਾਂਘੇ ਦੀ ਆਵਾਜਾਈ ਵਿੱਚ ਰੁਕਾਵਟਾਂ ਕਾਰਨ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਅਤੇ ਗੁਰਧਾਮ ਦੇ ਦਰਸ਼ਨਾਂ ਦੀ ਤਾਂਘ ਪ੍ਰਭਾਵਿਤ ਹੁੰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਕਿਸੇ ਇੱਕ ਧਰਮ, ਕੌਮ ਜਾਂ ਦੇਸ਼ ਤੱਕ ਸੀਮਤ ਨਹੀਂ ਹੈ। ਉਨ੍ਹਾਂ ਦੀ ਬਾਣੀ ਸਮੁੱਚੀ ਮਨੁੱਖਤਾ ਨੂੰ ਆਪਸੀ ਪਿਆਰ, ਸਾਂਝ, ਸਹਿਣਸ਼ੀਲਤਾ ਅਤੇ ਸ਼ਾਂਤੀ ਦਾ ਮਾਰਗ ਦਿਖਾਉਂਦੀ ਹੈ। ਇਸ ਲਈ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਾ ਰਹਿਣਾ ਧਾਰਮਿਕ ਆਜ਼ਾਦੀ, ਮਨੁੱਖੀ ਸਾਂਝ ਅਤੇ ਪੰਜਾਬ ਦੀ ਸਾਂਝੀ ਵਿਰਾਸਤ ਦੇ ਸਤਿਕਾਰ ਨਾਲ ਜੁੜਿਆ ਹੋਇਆ ਮਾਮਲਾ ਹੈ।

ਇਸ ਲਈ, ਇਹ ਸਦਨ ਭਾਰਤ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦਾ ਹੈ ਕਿ:

1. ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਸ਼ਰਧਾਲੂਆਂ ਲਈ ਨਿਰਵਿਘਨ ਅਤੇ ਨਿਯਮਤ ਤੌਰ 'ਤੇ ਖੁੱਲ੍ਹਾ ਰੱਖਣ ਅਤੇ ਜਿੱਥੇ ਲੋੜ ਹੋਵੇ, ਇਸ ਨੂੰ ਮੁੜ ਚਾਲੂ ਕਰਨ ਲਈ ਤੁਰੰਤ ਲੋੜੀਂਦੇ ਕਦਮ ਚੁੱਕੇ ਜਾਣ।

2. ਪਾਕਿਸਤਾਨ ਸਰਕਾਰ ਨਾਲ ਕੂਟਨੀਤਕ ਪੱਧਰ 'ਤੇ ਗੱਲਬਾਤ ਕਰਕੇ ਲਾਂਘੇ ਰਾਹੀਂ ਸ਼ਰਧਾਲੂਆਂ ਦੀ ਸੁਰੱਖਿਅਤ, ਸੁਖਾਲੀ ਅਤੇ ਨਿਰਵਿਘਨ ਆਵਾਜਾਈ ਯਕੀਨੀ ਬਣਾਈ ਜਾਵੇ।

3. ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਗੂ ਪ੍ਰਕਿਰਿਆਵਾਂ ਨੂੰ ਸ਼ਰਧਾਲੂਆਂ ਦੀ ਸਹੂਲਤ ਅਨੁਸਾਰ ਸਰਲ ਬਣਾਉਣ ਅਤੇ ਵੱਧ ਤੋਂ ਵੱਧ ਸ਼ਰਧਾਲੂਆਂ ਨੂੰ ਦਰਸ਼ਨਾਂ ਦਾ ਮੌਕਾ ਦੇਣ ਲਈ ਢੁੱਕਵੇਂ ਉਪਰਾਲੇ ਕੀਤੇ ਜਾਣ।

4. ਦੁਨੀਆ ਭਰ ਵਿੱਚ ਵੱਸਦੀ ਸਿੱਖ ਸੰਗਤ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਿੱਚ ਵਿਸ਼ਵਾਸ ਰੱਖਣ ਵਾਲੇ ਹੋਰ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਇਸ ਪਵਿੱਤਰ ਲਾਂਘੇ ਨੂੰ ਧਾਰਮਿਕ ਆਸਥਾ, ਸ਼ਾਂਤੀ ਅਤੇ ਮਨੁੱਖੀ ਸਾਂਝ ਦੇ ਪ੍ਰਤੀਕ ਵਜੋਂ ਨਿਰੰਤਰ ਚਾਲੂ ਰੱਖਣ ਲਈ ਹਰ ਸੰਭਵ ਯਤਨ ਕੀਤਾ ਜਾਵੇ।

ਇਹ ਸਦਨ ਵਿਸ਼ਵਾਸ ਪ੍ਰਗਟ ਕਰਦਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਸੰਗਤ ਦੀ ਆਸਥਾ ਦਾ ਸਤਿਕਾਰ ਕਰਨ ਦੇ ਨਾਲ-ਨਾਲ ਪੰਜਾਬ ਦੀ ਇਤਿਹਾਸਕ, ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੁੜੇ ਲੋਕਾਂ ਦੀਆਂ ਭਾਵਨਾਵਾਂ ਨੂੰ ਵੀ ਮਜ਼ਬੂਤ ਕਰੇਗਾ।

"ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।"

ਇਸ ਪਵਿੱਤਰ ਭਾਵਨਾ ਨੂੰ ਸਮਰਪਿਤ ਹੋ ਕੇ ਇਹ ਸਦਨ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਮੁੜ ਖੋਲ੍ਹਣ ਅਤੇ ਸੰਗਤ ਲਈ ਨਿਰਵਿਘਨ ਦਰਸ਼ਨਾਂ ਦੀ ਸਹੂਲਤ ਯਕੀਨੀ ਬਣਾਉਣ ਦੀ ਮੰਗ ਕਰਦਾ ਹੈ।"

----

**1315/amandeep kaur**

**RESOLUTION No. 3 REGARDING PUNJAB'S LEGITIMATE AND EQUITABLE SHARE IN THE WATERS OF THE RIVER YAMUNA**

**ਮਾਣਯੋਗ ਸਪੀਕਰ**: ਸ੍ਰੀ ਬਰਿੰਦਰ ਕੁਮਾਰ ਗੋਇਲ ਜੀ, ਜਲ ਸਰੋਤ ਮੰਤਰੀ ਮਤਾ ਪੇਸ਼ ਕਰਨ-

**ਜਲ ਸਰੋਤ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ)**: ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ -

''1. ਪੰਜਾਬ ਦਾ ਯਮੁਨਾ ਦਰਿਆ ਦੇ ਪਾਣੀਆਂ ਉੱਤੇ ਇਤਿਹਾਸਕ ਅਤੇ ਕਾਨੂੰਨੀ ਹੱਕ ਹੈ। ਰਾਵੀ ਅਤੇ ਬਿਆਸ ਦਰਿਆਵਾਂ ਵਾਂਗ ਯਮੁਨਾ ਦਰਿਆ ਵੀ ਸਾਲ 1966 ਵਿੱਚ ਪੰਜਾਬ ਰਾਜ ਦੇ ਪੁਨਰਗਠਨ ਤੋਂ ਪਹਿਲਾਂ ਅਣਵੰਡੇ ਪੰਜਾਬ ਰਾਜ ਵਿੱਚੋਂ ਵਗਦਾ ਸੀ। ਪੰਜਾਬ ਰਾਜ ਦੇ ਪੁਨਰਗਠਨ ਸਮੇਂ ਰਾਵੀ ਅਤੇ ਬਿਆਸ ਦੇ ਪਾਣੀਆਂ ਨੂੰ ਵਿਚਾਰਿਆ ਗਿਆ, ਪਰ ਯਮੁਨਾ ਦੇ ਪਾਣੀਆਂ ਨੂੰ ਵਿਚਾਰ ਵਿੱਚ ਨਹੀਂ ਲਿਆਂਦਾ ਗਿਆ। ਮੌਜੂਦਾ ਪੰਜਾਬ, ਅਣਵੰਡੇ ਪੰਜਾਬ ਦਾ ਉੱਤਰਾਧਿਕਾਰੀ ਰਾਜ ਹੋਣ ਦੇ ਨਾਤੇ, ਯਮੁਨਾ ਦੇ ਪਾਣੀਆਂ ਵਿੱਚ ਹਿੱਸੇ ਦਾ ਹੱਕਦਾਰ ਹੈ।

2. ਅਣਵੰਡੇ ਪੰਜਾਬ ਅਤੇ ਉੱਤਰ ਪ੍ਰਦੇਸ਼ ਦਰਮਿਆਨ ਮਿਤੀ 12.03.1954 ਨੂੰ ਹੋਏ ਸਮਝੌਤੇ ਅਨੁਸਾਰ ਪੰਜਾਬ ਯਮੁਨਾ ਦੇ ਪਾਣੀਆਂ ਦੇ ਦੋ-ਤਿਹਾਈ ਹਿੱਸੇ ਦਾ ਹੱਕਦਾਰ ਸੀ। ਸਾਲ 1966 ਵਿੱਚ ਪੰਜਾਬ ਦੇ ਪੁਨਰਗਠਨ ਕਾਰਨ ਸਿਰਫ਼ ਮੌਜੂਦਾ ਭੂਗੋਲਿਕ ਹੱਦਾਂ ਦੇ ਆਧਾਰ 'ਤੇ ਪੰਜਾਬ ਨੂੰ ਉਸਦੇ ਜਾਇਜ਼ ਹਿੱਸੇ ਤੋਂ ਵਾਂਝਾ ਨਹੀਂ ਕੀਤਾ ਜਾਣਾ ਚਾਹੀਦਾ।

3. ਭਾਰਤ ਸਰਕਾਰ ਵੱਲੋਂ ਗਠਿਤ ਸਿੰਚਾਈ ਕਮਿਸ਼ਨ ਦੀ ਸਾਲ 1972 ਦੀ ਰਿਪੋਰਟ ਵਿੱਚ ਦਰਜ ਕੀਤਾ ਗਿਆ ਹੈ ਕਿ ਮੌਜੂਦਾ ਪੰਜਾਬ ਦੇ ਕੁਝ ਖੇਤਰ ਯਮੁਨਾ ਬੇਸਿਨ ਵਿੱਚ ਪੈਂਦੇ ਹਨ। ਇਹ ਸਦਨ ਵਿਚਾਰ ਕਰਦਾ ਹੈ ਕਿ ਜੇਕਰ ਹਰਿਆਣਾ, ਪੰਜਾਬ ਦੇ ਉੱਤਰਾਧਿਕਾਰੀ ਰਾਜ ਵਜੋਂ ਰਾਵੀ-ਬਿਆਸ ਦੇ ਪਾਣੀਆਂ ਉੱਤੇ ਹੱਕ ਦਾ ਦਾਅਵਾ ਕਰ ਸਕਦਾ ਹੈ, ਤਾਂ ਇਸੇ ਤਰ੍ਹਾਂ ਪੰਜਾਬ ਨੂੰ ਵੀ ਯਮੁਨਾ ਦੇ ਪਾਣੀਆਂ ਉੱਤੇ ਆਪਣਾ ਹੱਕ ਦਾ ਦਾਅਵਾ ਕਰਨ ਦਾ ਅਧਿਕਾਰ ਹੈ।

4. ਪੰਜਾਬ ਸਰਕਾਰ ਵੱਲੋਂ ਯਮੁਨਾ ਦੇ ਪਾਣੀਆਂ ਦੀ ਵੰਡ ਸਬੰਧੀ ਵਿਚਾਰ-ਵਟਾਂਦਰੇ ਵਿੱਚ ਪੰਜਾਬ ਨੂੰ ਸ਼ਾਮਲ ਕਰਨ ਲਈ ਭਾਰਤ ਸਰਕਾਰ ਨੂੰ ਲਗਾਤਾਰ ਬੇਨਤੀ ਕਰਦਾ ਰਿਹਾ ਹੈ। ਪਰ ਮਿਤੀ 12.05.1994 ਨੂੰ ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਦਰਮਿਆਨ ਹੋਏ ਸਮਝੌਤੇ (MOU) ਵਿੱਚ ਪੰਜਾਬ ਨੂੰ ਸ਼ਾਮਲ ਨਹੀਂ ਕੀਤਾ ਗਿਆ। ਉਕਤ MOU ਦੀ ਧਾਰਾ 8 ਅਨੁਸਾਰ ਸਾਲ 2025 ਤੋਂ ਬਾਅਦ ਇਸ MOU ਦੀ ਸਮੀਖਿਆ ਕੀਤੀ ਜਾਣੀ ਹੈ। ਇਸ ਲਈ ਹੁਣ ਯਮੁਨਾ ਦੇ ਪਾਣੀਆਂ ਦੀ ਵੰਡ ਦੀ ਸਮੀਖਿਆ ਕਰਦੇ ਹੋਏ ਪੰਜਾਬ ਦੇ ਜਾਇਜ਼ ਹਿੱਸੇ ਨੂੰ ਵੀ ਵਿਚਾਰ ਅਧੀਨ ਲਿਆਂਦਾ ਜਾਣਾ ਚਾਹੀਦਾ ਹੈ।

5. ਪੰਜਾਬ ਸਰਕਾਰ ਨੇ ਮਿਤੀ 25.04.2025 ਨੂੰ ਇੰਟਰ ਸਟੇਟ ਰਿਵਰ ਵਾਟਰ ਡਿਸਪਿਊਟ ਐਕਟ, 1956 ਦੀ ਧਾਰਾ 3 ਅਧੀਨ ਸ਼ਿਕਾਇਤ (complaint) ਦਾਇਰ ਕਰਕੇ ਪੰਜਾਬ ਦੇ ਯਮੁਨਾ ਦੇ ਪਾਣੀਆਂ ਵਿੱਚ ਹਿੱਸੇ ਦਾ ਨਿਰਧਾਰਨ ਕਰਨ ਲਈ ਉਚਿਤ ਟ੍ਰਿਬਿਊਨਲ ਦੇ ਗਠਨ ਦੀ ਮੰਗ ਵੀ ਕੀਤੀ ਹੈ। ਹਾਲਾਂਕਿ, ਇਹ ਮਾਮਲਾ ਅਜੇ ਵੀ ਭਾਰਤ ਸਰਕਾਰ ਕੋਲ ਵਿਚਾਰ ਅਧੀਨ ਹੈ।

6. ਯਮੁਨਾ ਅਣਵੰਡੇ ਪੰਜਾਬ ਦੀਆਂ ਨਦੀਆਂ ਵਿੱਚੋਂ ਇੱਕ ਸੀ, ਪਰ ਪੰਜਾਬ ਨੂੰ ਯਮੁਨਾ ਦੇ ਪਾਣੀਆਂ ਵਿੱਚ ਕੋਈ ਹਿੱਸਾ ਨਹੀਂ ਦਿੱਤਾ ਗਿਆ। ਕੇਂਦਰ ਸਰਕਾਰ ਵੱਲੋਂ ਇੰਟਰ ਸਟੇਟ ਰਿਵਰ ਵਾਟਰ ਡਿਸਪਿਊਟਸ ਐਕਟ, 1956 ਵਿੱਚ ਧਾਰਾ 14 ਜੋੜੀ ਗਈ ਹੈ, ਜਿਸ ਵਿੱਚ ਰਾਵੀ ਅਤੇ ਬਿਆਸ ਦਰਿਆਵਾਂ ਦੇ ਪਾਣੀਆਂ ਦੀ ਵੰਡ ਲਈ ਵਿਵਸਥਾ ਕੀਤੀ ਗਈ। ਪਰ ਯਮੁਨਾ ਨੂੰ ਧਾਰਾ 14 ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ, ਜਿਸ ਕਾਰਨ ਪੰਜਾਬ ਰਾਜ ਨੂੰ ਵੱਡੇ ਪੱਧਰ 'ਤੇ ਨੁਕਸਾਨ ਹੋਇਆ।

7. ਦੇਸ਼ ਦੀਆਂ ਅਨਾਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਪਣਾਏ ਗਏ ਕਣਕ-ਝੋਨੇ ਦੇ ਗਹਿਰੇ ਫਸਲੀ ਚੱਕਰ ਕਾਰਨ ਧਰਤੀ ਹੇਠਲੇ ਪਾਣੀ ਦੇ ਤੇਜ਼ੀ ਨਾਲ ਘਟ ਰਹੇ ਪੱਧਰ ਦੇ ਮੱਦੇਨਜ਼ਰ ਪੰਜਾਬ ਇੱਕ ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਨੂੰ ਲਗਭਗ 52 MAF ਪਾਣੀ ਦੀ ਲੋੜ ਹੈ, ਜਦਕਿ ਪੰਜਾਬ ਰਾਜ ਨੂੰ ਕੇਵਲ ਲਗਭਗ 14.54 MAF ਪਾਣੀ ਉਪਲਬਧ ਕਰਵਾਇਆ ਗਿਆ ਹੈ। ਲਗਭਗ 34 MAF ਦੇ ਕੁੱਲ ਉਪਲਬਧ ਪਾਣੀ ਵਿੱਚੋਂ ਇੱਕ ਵੱਡਾ ਹਿੱਸਾ ਗੁਆਂਢੀ ਰਾਜਾਂ, ਜਿਵੇਂ ਕਿ ਰਾਜਸਥਾਨ ਅਤੇ ਹਰਿਆਣਾ, ਨੂੰ ਦਿੱਤਾ ਗਿਆ ਹੈ। ਇਸ ਤਰ੍ਹਾਂ ਪੰਜਾਬ ਰਾਜ ਲਈ ਕੀਤੀ ਗਈ ਪਾਣੀ ਦੀ ਵੰਡ ਬਹੁਤ ਨਾਕਾਫ਼ੀ ਹੈ। ਗੁਆਂਢੀ ਰਾਜਾਂ ਦਾ ਪੰਜਾਬ ਦੇ ਪਾਣੀਆਂ ਉੱਤੇ ਕੋਈ ਹੱਕ ਨਹੀਂ ਬਣਦਾ, ਫਿਰ ਵੀ ਇਹ ਪਾਣੀ ਉਨ੍ਹਾਂ ਰਾਜਾਂ ਨੂੰ ਵੰਡਿਆ ਗਿਆ ਹੈ। ਪੰਜਾਬ ਦੇ 153 ਵਿੱਚੋਂ 110 ਬਲਾਕ (72%) ਇਸ ਸਮੇਂ Over-exploited ਸ਼੍ਰੇਣੀ ਵਿੱਚ ਹਨ, ਜਦਕਿ ਹਰਿਆਣਾ ਵਿੱਚ ਇਹ ਅੰਕੜਾ 64% ਹੈ। ਧਰਤੀ ਹੇਠਲੇ ਪਾਣੀ ਦੇ ਲਗਾਤਾਰ ਘਟ ਰਹੇ ਪੱਧਰ, ਖੇਤੀਬਾੜੀ ਦੀਆਂ ਵਧ ਰਹੀਆਂ ਲੋੜਾਂ ਅਤੇ ਵਾਤਾਵਰਣ ਸਬੰਧੀ ਚਿੰਤਾਵਾਂ ਦੇ ਮੱਦੇਨਜ਼ਰ ਇਹ ਬਹੁਤ ਜ਼ਰੂਰੀ ਹੈ ਕਿ ਪੰਜਾਬ ਨੂੰ ਯਮੁਨਾ ਦੇ ਪਾਣੀਆਂ ਵਿੱਚ ਉਸਦਾ ਜਾਇਜ਼ ਹਿੱਸਾ ਦਿੱਤਾ ਜਾਵੇ। ਇਸ ਨਾਲ ਪੰਜਾਬ ਦੀਆਂ ਪਾਣੀ ਸਬੰਧੀ ਲੋੜਾਂ ਪੂਰੀਆਂ ਕਰਨ, ਧਰਤੀ ਹੇਠਲੇ ਪਾਣੀ ਉੱਤੇ ਨਿਰਭਰਤਾ ਘਟਾਉਣ ਅਤੇ ਟਿਕਾਊ ਖੇਤੀਬਾੜੀ ਅਤੇ ਵਾਤਾਵਰਣ ਦੀ ਸੁਰੱਖਿਆ ਵਿੱਚ ਸਹਾਇਤਾ ਮਿਲੇਗੀ।

**ਇਹ ਸਦਨ, ਇਸ ਲਈ, ਹੇਠ ਲਿਖੇ ਅਨੁਸਾਰ ਮਤਾ ਪਾਸ ਕਰਦਾ ਹੈ:-**

1. ਪੰਜਾਬ ਸਰਕਾਰ ਵੱਲੋਂ ਸਾਰੇ ਉਚਿਤ ਮੰਚਾਂ/ਫੋਰਮਾਂ ਦੇ ਸਾਹਮਣੇ ਯਮੁਨਾ ਦੇ ਪਾਣੀਆਂ ਵਿੱਚ ਪੰਜਾਬ ਦੇ ਜਾਇਜ਼ ਅਤੇ ਨਿਆਂਸੰਗਤ ਹਿੱਸੇ ਨੂੰ ਪ੍ਰਾਪਤ ਕਰਨ ਲਈ ਮਾਮਲੇ ਨੂੰ ਮਜ਼ਬੂਤੀ ਨਾਲ ਲਗਾਤਾਰ ਉਠਾਇਆ ਜਾਵੇ।
2. ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਂਦੇ ਹੋਏ ਭਾਰਤ ਸਰਕਾਰ ਦੇ ਜਲ ਸ਼ਕਤੀ ਮੰਤਰਾਲੇ ਨੂੰ ਮਿਤੀ 25.04.2025 ਨੂੰ ਪੰਜਾਬ ਸਰਕਾਰ ਵੱਲੋਂ ਦਾਇਰ ਕੀਤੀ ਗਈ ਸ਼ਿਕਾਇਤ (complaint) 'ਤੇ ਜਲਦੀ ਫ਼ੈਸਲਾ ਕਰਨ ਅਤੇ ਜਿੱਥੇ ਕਾਨੂੰਨ ਅਨੁਸਾਰ ਲੋੜੀਂਦਾ ਹੋਵੇ, ਉਚਿਤ ਵਾਟਰ ਡਿਸਪਿਊਟ ਟ੍ਰਿਬਿਊਨਲ ਦਾ ਗਠਨ ਕਰਨ ਦੀ ਬੇਨਤੀ ਕੀਤੀ ਜਾਵੇ। ਜੇਕਰ ਭਾਰਤ ਸਰਕਾਰ ਵੱਲੋਂ ਰਾਜ ਸਰਕਾਰ ਦੁਆਰਾ ਦਾਇਰ ਕੀਤੀ ਗਈ ਉਕਤ ਸ਼ਿਕਾਇਤ (complaint) 'ਤੇ ਕੋਈ ਫ਼ੈਸਲਾ ਨਹੀਂ ਕੀਤਾ ਜਾਂਦਾ, ਤਾਂ ਰਾਜ ਸਰਕਾਰ ਵੱਲੋਂ ਤੁਰੰਤ ਮਾਨਯੋਗ ਭਾਰਤ ਦੀ ਸੁਪਰੀਮ ਕੋਰਟ ਦੇ ਸਾਹਮਣੇ ਇਸ ਮਾਮਲੇ ਨੂੰ ਉਠਾਇਆ ਜਾਵੇ ਅਤੇ ਯਮੁਨਾ ਦੇ ਪਾਣੀਆਂ ਵਿੱਚ ਪੰਜਾਬ ਦੇ ਹਿੱਸੇ ਦੀ ਰੱਖਿਆ ਅਤੇ ਸੁਰੱਖਿਆ ਲਈ ਸਾਰੇ ਲੋੜੀਂਦੇ ਕਦਮ ਚੁੱਕੇ ਜਾਣ।
3. ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਂਦੇ ਹੋਏ ਭਾਰਤ ਸਰਕਾਰ ਦੇ ਜਲ ਸ਼ਕਤੀ ਮੰਤਰਾਲੇ ਨੂੰ ਮਿਤੀ 12.05.1994 ਦੇ ਸਮਝੌਤੇ (MOU) ਦੀ ਸਮੀਖਿਆ ਕਰਨ ਅਤੇ ਮੌਜੂਦਾ ਸਮੇਂ ਹਰਿਆਣਾ ਨੂੰ ਦਿੱਤੇ ਗਏ ਹਿੱਸੇ ਵਿੱਚੋਂ ਪੰਜਾਬ ਨੂੰ ਯਮੁਨਾ ਦੇ ਪਾਣੀਆਂ ਦਾ ਲਾਭਪਾਤਰੀ ਰਾਜ ਵਜੋਂ ਸ਼ਾਮਲ ਕਰਨ ਦੀ ਬੇਨਤੀ ਕੀਤੀ ਜਾਵੇ।
4. ਇਸ ਮਤੇ ਦੀ ਇੱਕ ਕਾਪੀ ਮਾਣਯੋਗ ਪ੍ਰਧਾਨ ਮੰਤਰੀ, ਭਾਰਤ ਸਰਕਾਰ, ਮਾਣਯੋਗ ਕੇਂਦਰੀ ਜਲ ਸ਼ਕਤੀ ਮੰਤਰੀ ਅਤੇ ਸਾਰੇ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੀ ਕਾਰਵਾਈ ਲਈ ਭੇਜੀ ਜਾਵੇ।''

--------

**1320/Tarlochan Singh**

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ** : ਮੰਤਰੀ ਜੀ ਤੁਸੀਂ ਰਹਿੰਦੇ ਮਤੇ ਵੀ ਨਾਲ ਹੀ ਪੜ੍ਹ ਦਿਉ। ਇਸ ਤੋਂ ਪਹਿਲਾਂ ਮੈਂ ਇੱਕ ਅਨਾਊਂਸਮੈਂਟ ਕਰ ਦੇਵਾਂ।

ਅੱਜ Mighty Khalsa International School, ਸ੍ਰੀ ਅਨੰਦਪੁਰ ਸਾਹਿਬ ਦੇ MD ਅਤੇ ਅਧਿਆਪਕ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਦੇਖਣ ਵਾਸਤੇ ਆਏ ਹਨ, ਆਉ ਉਨ੍ਹਾਂ ਨੂੰ ਸਦਨ ਵੱਲੋਂ ਜੀ ਆਇਆਂ ਕਹੀਏ। (ਥੰਪਿੰਗ)

ਅੱਜ ਆਪ ਸਭ ਦੇ ਨਾਲ ਇੱਕ ਹੋਰ ਗੱਲ ਸਾਂਝੀ ਕਰਦਿਆਂ ਮੈਨੂੰ ਬੜੀ ਖੁਸ਼ੀ ਹੋ ਰਹੀ ਹੈ ਕਿ ਮੇਰੇ ਨਗਰ, ਮੇਰੀ ਜੰਮਣ ਭੋਇੰ ਨਗਰ ਸੰਧਵਾਂ ਦੀਆਂ ਮੇਰੀਆਂ ਮਾਤਾਵਾਂ, ਭੈਣਾਂ, ਚਾਚੀਆਂ, ਤਾਈਆਂ, ਸਾਡੇ ਭਰਾ, ਬਜ਼ੁਰਗ, ਭਤੀਜੇ

ਅੱਜ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਹਾਜ਼ਰ ਹਨ। ਆਉ ਉਨ੍ਹਾਂ ਨੂੰ ਜੀ ਆਇਆਂ ਕਹੀਏ। (ਥੰਪਿੰਗ) ਇਹ ਇਨ੍ਹਾਂ ਦੀਆਂ ਹੀ ਅਸੀਸਾਂ ਹਨ ਕਿ ਅਸੀਂ ਤੁਹਾਡੀ ਸੇਵਾ ਕਰ ਰਹੇ ਹਾਂ।

-----

## OFFICIAL RESOLUTIONS (*RESUMPTION*)

## RESOLUTION No. 4 REGARDING THE TRANSFER OF ADMINISTRATIVE CONTROL AND MANAGEMENT OF ROPAR, HARIKE AND FEROZEPUR HEADWORKS TO THE GOVERNMENT OF PUNJAB

**ਮਾਣਯੋਗ ਸਪੀਕਰ** : ਜਲ ਸਰੋਤ ਮੰਤਰੀ ਜੀ, ਅਗਲਾ ਮਤਾ ਪੇਸ਼ ਕਰੋ।

**1325/Sukhpiar Singh**

**ਜਲ ਸਰੋਤ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ)**: ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

‘‘1. ਸਾਲ 1966 ਵਿੱਚ ਅਣਵੰਡੇ ਪੰਜਾਬ ਰਾਜ ਦੇ ਪੁਨਰਗਠਨ ਸਮੇਂ ਪੰਜਾਬ ਪੁਨਰਗਠਨ ਐਕਟ, 1966 ਵਿੱਚ ਇੱਕ ਅਸੰਵਿਧਾਨਕ ਵਿਵਸਥਾ ਸ਼ਾਮਲ ਕੀਤੀ ਗਈ, ਜਿਸ ਤਹਿਤ ਇਸ ਦੀ ਧਾਰਾ 79(1)(c) ਅਧੀਨ ਭਾਖੜਾ ਬਿਆਸ ਮੈਨੇਜਮੈਂਟ ਬੋਰਡ (BBMB) ਨੂੰ ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਵਿਖੇ ਸਿੰਚਾਈ ਹੈੱਡਵਰਕਸ ਦੇ ਪ੍ਰਬੰਧ, ਰੱਖ-ਰਖਾਅ ਅਤੇ ਸੰਚਾਲਨ ਦੀ ਜ਼ਿੰਮੇਵਾਰੀ ਸੌਂਪੀ ਗਈ।

2. ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 79 ਸੰਸਦ ਦੀ ਵਿਧਾਨਕ ਸਮਰੱਥਾ ਤੋਂ ਬਾਹਰ ਹੈ, ਕਿਉਂਕਿ ਭਾਰਤ ਦੇ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ-II (ਰਾਜ ਸੂਚੀ) ਦੀ ਐਂਟਰੀ 17 ਅਧੀਨ ਪੰਜਾਬ ਰਾਜ ਕੋਲ "ਪਾਣੀ" ਨੂੰ ਨਿਯਮਿਤ ਕਰਨ ਸਬੰਧੀ ਵਿਧਾਨਕ ਅਤੇ ਕਾਰਜਕਾਰੀ ਦੋਵੇਂ ਅਧਿਕਾਰ ਹਨ। ਇਸ ਲਈ, ਪੰਜਾਬ ਰਾਜ ਨੂੰ ਆਪਣੇ ਹੈੱਡਵਰਕਸ ਉੱਤੇ ਨਿਯੰਤਰਣ ਰੱਖਣ ਦਾ ਅਧਿਕਾਰ ਹੈ, ਜੋ ਪੂਰੀ ਤਰ੍ਹਾਂ ਇਸਦੇ ਖੇਤਰੀ ਅਧਿਕਾਰ-ਖੇਤਰ ਅੰਦਰ ਸਥਿਤ ਹਨ।

3. ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਵਿਖੇ ਸਥਿਤ ਤਿੰਨੋਂ ਹੈੱਡਵਰਕਸ ਪੰਜਾਬ ਰਾਜ ਦੀ ਭੂਗੋਲਿਕ ਹੱਦ ਅੰਦਰ ਸਥਿਤ ਹਨ ਅਤੇ ਸ਼ੁਰੂ ਤੋਂ ਹੀ ਇਨ੍ਹਾਂ ਦਾ ਭੌਤਿਕ ਨਿਯੰਤਰਣ ਅਤੇ ਸੰਚਾਲਨ ਪੰਜਾਬ ਸਰਕਾਰ ਅਧੀਨ ਰਿਹਾ ਹੈ।

4. ਪੂਰੇ ਭਾਰਤ ਵਿੱਚ ਇਹ ਪ੍ਰਚਲਿਤ ਪ੍ਰਥਾ ਹੈ ਕਿ ਕਿਸੇ ਰਾਜ ਦੇ ਖੇਤਰੀ ਅਧਿਕਾਰ-ਖੇਤਰ ਅੰਦਰ ਸਥਿਤ ਹੈੱਡਵਰਕਸ/ਬੈਰਾਜਾਂ ਦੀ ਮਲਕੀਅਤ, ਸੰਚਾਲਨ ਅਤੇ ਪ੍ਰਬੰਧ ਉਸੇ ਰਾਜ ਵੱਲੋਂ ਕੀਤਾ ਜਾਂਦਾ ਹੈ, ਭਾਵੇਂ ਉਨ੍ਹਾਂ ਰਾਹੀਂ ਹੋਰ ਰਾਜਾਂ ਨੂੰ ਵੀ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੋਵੇ। ਅਜਿਹੇ ਹੈੱਡਵਰਕਸ ਵਿੱਚ ਹਥਨੀਕੁੰਡ ਬੈਰਾਜ (ਹਰਿਆਣਾ), ਕੋਟਾ ਬੈਰਾਜ (ਰਾਜਸਥਾਨ), ਓਖਲਾ ਬੈਰਾਜ (ਦਿੱਲੀ), ਨਾਰਾਇਣਪੁਰ ਬੈਰਾਜ

(ਕਰਨਾਟਕ), ਹੀਰਾਕੁੰਡ ਡੈਮ (ਓਡੀਸ਼ਾ), ਗਾਲੂਡੀਹ ਬੈਰਾਜ (ਝਾਰਖੰਡ) ਅਤੇ ਲੋਅਰ ਸਿਲੇਰੂ ਹੈੱਡਵਰਕਸ (ਆਂਧਰਾ ਪ੍ਰਦੇਸ਼) ਸ਼ਾਮਲ ਹਨ।

5. ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਹੈੱਡਵਰਕਸ ਨੂੰ ਪੰਜਾਬ ਦੇ ਹਵਾਲੇ ਕੀਤੇ ਜਾਣ ਨਾਲ ਹਰਿਆਣਾ ਦੇ ਹਿੱਤ ਪ੍ਰਭਾਵਿਤ ਨਹੀਂ ਹੁੰਦੇ, ਕਿਉਂਕਿ ਇਨ੍ਹਾਂ ਹੈੱਡਵਰਕਸ ਰਾਹੀਂ ਹਰਿਆਣਾ ਨੂੰ ਕੋਈ ਪਾਣੀ ਸਪਲਾਈ ਨਹੀਂ ਕੀਤਾ ਜਾਂਦਾ। ਹਰੀਕੇ ਹੈੱਡਵਰਕਸ ਵਿਖੇ ਰਾਜਸਥਾਨ ਦੇ ਹਿੱਸੇ ਦੇ ਪਾਣੀ ਦਾ ਨਿਯਮਨ ਕੀਤਾ ਜਾਂਦਾ ਹੈ, ਪਰ ਸਾਲ 2003 ਤੋਂ ਅਜਿਹੇ ਪ੍ਰਬੰਧ ਕੀਤੇ ਗਏ ਹਨ, ਜਿਨ੍ਹਾਂ ਤਹਿਤ ਹਰੀਕੇ ਹੈੱਡਵਰਕਸ ਵਿਖੇ ਪੰਜਾਬ, ਰਾਜਸਥਾਨ ਅਤੇ BBMB ਦੇ ਨੁਮਾਇੰਦਿਆਂ ਵੱਲੋਂ ਸਾਂਝੇ ਤੌਰ 'ਤੇ ਪਾਣੀ ਦੇ ਨਿਰੀਖਣ/ਰੀਡਿੰਗਾਂ ਕੀਤੀਆਂ ਜਾਂਦੀਆਂ ਹਨ।

6. ਇਨ੍ਹਾਂ ਹੈੱਡਵਰਕਸ ਦੇ ਸੰਚਾਲਨ ਲਈ ਖਾਸ ਕਰਕੇ ਹੜ੍ਹਾਂ ਦੌਰਾਨ ਸਥਾਨਕ ਹਾਲਾਤਾਂ ਦੀ ਜਾਣਕਾਰੀ ਅਤੇ ਸਮਝ ਦੀ ਲੋੜ ਹੁੰਦੀ ਹੈ। ਅਜਿਹੇ ਸਮੇਂ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਜਾਨ-ਮਾਲ ਅਤੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਲਈ ਤੁਰੰਤ ਲੋੜੀਂਦੇ ਕਦਮ ਚੁੱਕਣੇ ਪੈਂਦੇ ਹਨ।

7. ਪੰਜਾਬ ਸਰਕਾਰ ਨੇ ਪੰਜਾਬ ਪੁਨਰਗਠਨ ਐਕਟ, 1966 ਦੀਆਂ ਧਾਰਾਵਾਂ 78 ਅਤੇ 79 ਦੀ ਸੰਵਿਧਾਨਕ ਵੈਧਤਾ ਨੂੰ ਮਾਣਯੋਗ ਭਾਰਤ ਦੀ ਸੁਪਰੀਮ ਕੋਰਟ ਵਿੱਚ ਜੁਲਾਈ 2007 ਵਿੱਚ ਦਾਇਰ ਕੀਤੇ ਗਏ ਸਿਵਲ ਸੂਟ ਨੰਬਰ 2 ਆਫ਼ 2007 ਰਾਹੀਂ ਚੁਣੌਤੀ ਦਿੱਤੀ ਹੈ, ਜੋ ਇਸ ਸਮੇਂ ਮਾਣਯੋਗ ਅਦਾਲਤ ਦੇ ਵਿਚਾਰ ਅਧੀਨ ਹੈ।

8. ਇਸ ਲਈ, ਇਹ ਵਿਚਾਰਦੇ ਹੋਏ ਕਿ ਉਕਤ ਹੈੱਡਵਰਕਸ ਪੰਜਾਬ ਰਾਜ ਦੀ ਭੂਗੋਲਿਕ ਹੱਦ ਅੰਦਰ ਸਥਿਤ ਹਨ ਅਤੇ ਰਾਜ ਸਰਕਾਰ ਆਪਣੇ ਲੋਕਾਂ ਅਤੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ, ਇਸ ਲਈ, ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਹੈੱਡਵਰਕਸ ਦਾ ਪ੍ਰਬੰਧ, ਰੱਖ-ਰਖਾਅ ਅਤੇ ਸੰਚਾਲਨ ਪੰਜਾਬ ਸਰਕਾਰ ਕੋਲ ਹੀ ਰਹਿਣਾ ਚਾਹੀਦਾ ਹੈ।

**ਇਹ ਸਦਨ, ਇਸ ਲਈ, ਸਰਬਸੰਮਤੀ ਨਾਲ ਹੇਠ ਲਿਖੇ ਅਨੁਸਾਰ ਮਤਾ ਪਾਸ ਕਰਦਾ ਹੈ:-**

1. ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਂਦੇ ਹੋਏ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾਵੇ ਕਿ ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 79(1)(c) ਵਿੱਚ ਢੁਕਵੀਂ ਸੋਧ ਕੀਤੀ ਜਾਵੇ, ਤਾਂ ਜੋ ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਵਿਖੇ ਸਿੰਚਾਈ ਹੈੱਡਵਰਕਸ ਦਾ ਪ੍ਰਬੰਧ, ਰੱਖ-ਰਖਾਅ ਅਤੇ ਸੰਚਾਲਨ ਸਥਾਈ ਤੌਰ 'ਤੇ ਪੰਜਾਬ ਸਰਕਾਰ ਦੇ ਅਧਿਕਾਰ-ਖੇਤਰ ਅਤੇ ਨਿਯੰਤਰਣ ਅਧੀਨ ਰਹੇ। ਇਹ ਪ੍ਰਬੰਧ ਦੇਸ਼ ਦੇ ਹੋਰ ਹਿੱਸਿਆਂ ਵਿੱਚ ਸਥਿਤ ਉਨ੍ਹਾਂ ਹੈੱਡਵਰਕਸ ਦੀ ਤਰਜ਼ 'ਤੇ ਹੋਵੇ, ਜਿਨ੍ਹਾਂ ਦਾ ਨਿਯੰਤਰਣ ਉਨ੍ਹਾਂ ਰਾਜ ਸਰਕਾਰਾਂ ਕੋਲ ਹੈ, ਜਿਨ੍ਹਾਂ ਦੇ ਖੇਤਰੀ ਅਧਿਕਾਰ-ਖੇਤਰ ਵਿੱਚ ਉਹ ਹੈੱਡਵਰਕਸ ਸਥਿਤ ਹਨ।
2. ਕਿਉਂਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਪੁਨਰਗਠਨ ਐਕਟ, 1966 ਦੀਆਂ ਧਾਰਾਵਾਂ 78 ਅਤੇ 79 ਦੀ ਸੰਵਿਧਾਨਕ ਵੈਧਤਾ ਨੂੰ ਪਹਿਲਾਂ ਹੀ ਮਾਣਯੋਗ ਭਾਰਤ ਦੀ ਸੁਪਰੀਮ ਕੋਰਟ ਦੇ ਸਾਹਮਣੇ ਚੁਣੌਤੀ ਦਿੱਤੀ ਜਾ

ਚੁੱਕੀ ਹੈ, ਇਸ ਲਈ ਪੰਜਾਬ ਸਰਕਾਰ ਵੱਲੋਂ ਉਕਤ ਮਾਮਲੇ ਦੀ ਮਾਣਯੋਗ ਸੁਪਰੀਮ ਕੋਰਟ ਦੇ ਸਾਹਮਣੇ ਮਜ਼ਬੂਤੀ ਨਾਲ ਪੈਰਵੀ ਕੀਤੀ ਜਾਵੇ।

3. ਇਹ ਸਦਨ ਅੱਗੇ ਇਹ ਵੀ ਮਤਾ ਪਾਸ ਕਰਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਹੈੱਡਵਰਕਸ ਦਾ ਸੁਰੱਖਿਅਤ ਅਤੇ ਕੁਸ਼ਲ ਸੰਚਾਲਨ ਯਕੀਨੀ ਬਣਾਉਣਾ ਅਤੇ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਲਗਾਤਾਰ ਯਕੀਨੀ ਬਣਾਇਆ ਜਾਵੇਗਾ।
4. ਇਸ ਮਤੇ ਦੀ ਇੱਕ ਕਾਪੀ ਮਾਣਯੋਗ ਪ੍ਰਧਾਨ ਮੰਤਰੀ, ਭਾਰਤ ਸਰਕਾਰ, ਮਾਣਯੋਗ ਕੇਂਦਰੀ ਗ੍ਰਹਿ ਮੰਤਰੀ, ਮਾਣਯੋਗ ਕੇਂਦਰੀ ਬਿਜਲੀ/ਜਲ ਸ਼ਕਤੀ ਮੰਤਰੀ, ਭਾਰਤ ਸਰਕਾਰ ਅਤੇ ਸਾਰੇ ਸਬੰਧਤ ਮੰਤਰਾਲਿਆਂ, ਵਿਭਾਗਾਂ ਅਤੇ ਅਥਾਰਟੀਆਂ ਨੂੰ ਇਸ ਮਾਮਲੇ ਵਿੱਚ ਉਚਿਤ ਅਤੇ ਲੋੜੀਂਦੀ ਕਾਰਵਾਈ ਕਰਨ ਲਈ ਭੇਜੀ ਜਾਵੇ।''

-----

**1330/Manika Rani**

**RESOLUTION No. 5 REAFFIRMING THE PUNJAB LEGISLATIVE ASSEMBLY'S OPPOSITION TO THE DAM SAFETY ACT, 2021, AND DEMANDING ITS REPEAL ON CONSTITUTIONAL AND FEDERAL GROUNDS**

**ਜਲ ਸਰੋਤ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ)**: ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

''1. ਪੰਜਾਬ ਵਿਧਾਨ ਸਭਾ ਵੱਲੋਂ ਮਿਤੀ 5 ਮਈ, 2025 ਨੂੰ ਸਰਬਸੰਮਤੀ ਨਾਲ ਹੇਠ ਲਿਖਿਆ ਮਤਾ ਪਾਸ ਕੀਤਾ ਗਿਆ ਸੀ:

" ਕਿ ਇਹ ਸਦਨ ਡੈਮ ਸੇਫਟੀ ਐਕਟ 2021 ਨੂੰ ਪੰਜਾਬ ਦੇ ਅਧਿਕਾਰਾਂ ਉੱਪਰ ਹਮਲਾ ਸਮਝਦਾ ਹੈ। ਇਹ ਕਾਨੂੰਨ ਪੂਰੀ ਤਰ੍ਹਾਂ ਕੇਂਦਰ ਸਰਕਾਰ ਨੂੰ ਤਾਕਤ ਦਿੰਦਾ ਹੈ ਕਿ ਉਹ ਰਾਜਾਂ ਦੀਆਂ ਨਦੀਆਂ ਅਤੇ ਬੰਨ੍ਹਾਂ ਉੱਪਰ ਸਿੱਧਾ ਕੰਟਰੋਲ ਕਰ ਸਕੇ ਭਾਵੇਂ ਕਿ ਇਹ ਬੰਨ੍ਹ ਪੂਰੀ ਤਰ੍ਹਾਂ ਰਾਜ ਦੀ ਸੀਮਾ ਦੇ ਅੰਦਰ ਹਨ। ਇਹ ਭਾਰਤ ਦੇ ਸੰਵਿਧਾਨਿਕ ਢਾਂਚੇ ਦੇ ਬਿਲਕੁਲ ਖਿਲਾਫ਼ ਹੈ ਅਤੇ ਪੰਜਾਬ ਰਾਜ ਨੂੰ ਪਾਣੀ ਉੱਪਰ ਮਿਲੇ ਸੰਵਿਧਾਨਿਕ ਅਧਿਕਾਰਾਂ ਉੱਪਰ ਸਿੱਧਾ ਹਮਲਾ ਹੈ। ਇਸ ਲਈ ਇਹ ਸਦਨ ਕੇਂਦਰ ਨੂੰ ਮੰਗ ਕਰਦਾ ਹੈ ਕਿ ਡੈਮ ਸੇਫਟੀ ਐਕਟ 2021 ਨੂੰ ਤੁਰੰਤ ਰੱਦ ਕਰੇ ਅਤੇ ਪੰਜਾਬ ਸਰਕਾਰ ਇਸ ਕਾਨੂੰਨ ਨੂੰ ਪੂਰੀ ਤਰ੍ਹਾਂ ਅਸਵੀਕਾਰ ਕਰਦੀ ਹੈ ।''

2. ਪੰਜਾਬ ਵਿਧਾਨ ਸਭਾ ਵੱਲੋਂ ਮਿਤੀ 5 ਮਈ, 2025 ਨੂੰ ਉਪਰੋਕਤ ਸਰਬਸੰਮਤੀ ਨਾਲ ਮਤਾ ਪਾਸ ਕੀਤੇ ਜਾਣ ਦੇ ਬਾਵਜੂਦ, ਭਾਰਤ ਸਰਕਾਰ ਵੱਲੋਂ ਇਸ ਸਬੰਧੀ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ ਅਤੇ ਨਾ ਹੀ ਹੁਣ ਤੱਕ ਕੀਤੀ ਗਈ ਕਾਰਵਾਈ ਬਾਰੇ ਰਾਜ ਸਰਕਾਰ ਨੂੰ ਕੋਈ ਸੂਚਨਾ ਦਿੱਤੀ ਗਈ ਹੈ। ਇਸ ਦੇ ਨਾਲ ਹੀ, ਪੰਜਾਬ ਰਾਜ ਨੂੰ ਇਸ ਐਕਟ ਅਧੀਨ ਨਿਰਧਾਰਤ ਕਾਨੂੰਨੀ ਲੋੜਾਂ ਦੀ ਪਾਲਣਾ ਕਰਨ ਲਈ ਵੀ ਕਿਹਾ ਜਾ ਰਿਹਾ ਹੈ।

3. ਪੰਜਾਬ ਵਿਧਾਨ ਸਭਾ ਦਾ ਇਹ ਸੁਵਿਚਾਰਿਤ ਮਤ ਹੈ ਕਿ ਭਾਰਤ ਦੇ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਰਾਜ ਸੂਚੀ ਦੀ ਐਂਟਰੀ 17 ਅਨੁਸਾਰ, ਪਾਣੀ, ਜਿਸ ਵਿੱਚ ਜਲ ਸਪਲਾਈ, ਸਿੰਚਾਈ ਅਤੇ ਨਹਿਰਾਂ, ਨਿਕਾਸੀ ਅਤੇ ਬੰਨ੍ਹ, ਜਲ ਭੰਡਾਰਨ ਅਤੇ ਜਲ-ਬਿਜਲੀ ਸ਼ਾਮਲ ਹਨ, ਰਾਜ ਦਾ ਵਿਸ਼ਾ ਹੈ। ਪੰਜਾਬ ਰਾਜ ਦੇ ਖੇਤਰੀ ਅਧਿਕਾਰ ਖੇਤਰ ਵਿੱਚ ਸਥਿਤ ਡੈਮ ਜਲ ਭੰਡਾਰਨ ਦੇ ਢਾਂਚੇ ਹਨ ਅਤੇ ਇਸ ਲਈ ਇਨ੍ਹਾਂ ਡੈਮਾਂ ਦਾ ਸੰਚਾਲਨ ਅਤੇ ਰੱਖ-ਰਖਾਅ ਵੀ ਕੇਵਲ ਰਾਜ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਹੀ ਹੋਣਾ ਚਾਹੀਦਾ ਹੈ। ਇਸ ਲਈ, ਡੈਮ ਸੁਰੱਖਿਆ ਐਕਟ, 2021 ਦੇ ਉਪਬੰਧ ਭਾਰਤ ਦੇ ਸੰਵਿਧਾਨ ਦੀ ਭਾਵਨਾ ਅਤੇ ਵਿਵਸਥਾਵਾਂ ਦੇ ਉਲਟ ਹਨ ਅਤੇ ਇਨ੍ਹਾਂ 'ਤੇ ਮੁੜ ਵਿਚਾਰ ਕਰਕੇ ਐਕਟ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ।

4. ਰਾਜ ਦਾ ਮੰਨਣਾ ਹੈ ਕਿ ਅਜਿਹੇ ਉਪਬੰਧ ਭਾਰਤ ਦੇ ਸੰਵਿਧਾਨ ਅਧੀਨ ਵਿਧਾਨਕ ਅਤੇ ਕਾਰਜਕਾਰੀ ਸ਼ਕਤੀਆਂ ਦੀ ਸੰਘੀ ਵੰਡ ਅਤੇ ਰਾਜਾਂ ਦੇ ਸੰਵਿਧਾਨਕ ਅਧਿਕਾਰ ਖੇਤਰ ਵਿੱਚ ਆਉਂਦੇ ਮਾਮਲਿਆਂ ਸਬੰਧੀ ਉਨ੍ਹਾਂ ਦੀ ਖੁਦਮੁਖਤਿਆਰੀ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦੇ ਹਨ।

**ਉਪਰੋਕਤ ਦੇ ਮੱਦੇਨਜ਼ਰ:**

(i) ਇਹ ਸਦਨ ਡੈਮ ਸੁਰੱਖਿਆ ਐਕਟ, 2021 ਸਬੰਧੀ ਪੰਜਾਬ ਵਿਧਾਨ ਸਭਾ ਵੱਲੋਂ ਮਿਤੀ 5 ਮਈ, 2025 ਨੂੰ ਪਾਸ ਕੀਤੇ ਗਏ ਸਰਬਸੰਮਤੀ ਵਾਲੇ ਮਤੇ ਨੂੰ ਮੁੜ ਦੁਹਰਾਉਂਦਾ ਅਤੇ ਉਸ ਦੀ ਪੁਸ਼ਟੀ ਕਰਦਾ ਹੈ।

(ii) ਇਹ ਸਦਨ ਮੰਨਦਾ ਹੈ ਕਿ ਪੰਜਾਬ ਦੇ ਖੇਤਰੀ ਅਧਿਕਾਰ ਖੇਤਰ ਵਿੱਚ ਪੂਰੀ ਤਰ੍ਹਾਂ ਸਥਿਤ ਡੈਮਾਂ ਦੇ ਸਬੰਧ ਵਿੱਚ ਡੈਮ ਸੁਰੱਖਿਆ ਐਕਟ, 2021 ਨੂੰ ਲਗਾਤਾਰ ਲਾਗੂ ਕਰਨਾ ਅਤੇ ਇਸ ਨੂੰ ਲਾਗੂ ਕਰਵਾਉਣਾ ਰਾਜ ਦੇ ਸੰਵਿਧਾਨਕ ਅਧਿਕਾਰਾਂ, ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦਾ ਹੈ।

(iii) ਇਸ ਲਈ, ਇਹ ਸਦਨ ਪੰਜਾਬ ਸਰਕਾਰ ਦੇ ਸਟੈਂਡ ਨੂੰ ਮੁੜ ਦੁਹਰਾਉਂਦਾ ਹੈ ਅਤੇ ਡੈਮ ਸੁਰੱਖਿਆ ਐਕਟ, 2021 ਨੂੰ ਇਸ ਹੱਦ ਤੱਕ ਰੱਦ ਕਰਦਾ ਹੈ, ਜਿਸ ਹੱਦ ਤੱਕ ਇਸ ਦੇ ਉਪਬੰਧ ਪੰਜਾਬ ਰਾਜ ਦੇ ਸੰਵਿਧਾਨਕ ਅਧਿਕਾਰਾਂ, ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਵਿੱਚ ਦਖ਼ਲਅੰਦਾਜ਼ੀ ਕਰਨ ਵਾਲੇ ਮੰਨੇ ਜਾਂਦੇ ਹਨ।

(iv) ਇਸ ਲਈ, ਇਹ ਸਦਨ ਭਾਰਤ ਸਰਕਾਰ ਤੋਂ ਮੰਗ ਕਰਦਾ ਹੈ ਕਿ ਡੈਮ ਸੁਰੱਖਿਆ ਐਕਟ, 2021 ਨੂੰ ਤੁਰੰਤ ਰੱਦ ਕੀਤਾ ਜਾਵੇ।

----

**1335/Gurpreet kaur**

**RESOLUTION No. 6 REGARDING RECOVERY OF THE COST OF RIVER WATERS SUPPLIED BY PUNJAB TO RAJASTHAN AND PAYMENT OF WATER CHARGES TO THE STATE OF PUNJAB**

**ਜਲ ਸਰੋਤ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ): ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ-**

"**1.** ਸਤਲੁਜ, ਰਾਵੀ ਅਤੇ ਬਿਆਸ ਦਰਿਆ ਪੰਜਾਬ ਰਾਜ ਦੇ ਖੇਤਰ ਵਿੱਚ ਵਹਿੰਦੇ ਹਨ। ਇਨ੍ਹਾਂ ਵਿੱਚੋਂ ਕੋਈ ਵੀ ਦਰਿਆ ਰਾਜਸਥਾਨ ਰਾਜ ਨੂੰ ਨਾ ਤਾਂ ਛੂੰਹਦਾ ਹੈ ਅਤੇ ਨਾ ਹੀ ਇਸ ਵਿੱਚੋਂ ਲੰਘਦਾ ਹੈ। ਇਸ ਲਈ, ਰਾਜਸਥਾਨ ਇਨ੍ਹਾਂ ਵਿੱਚੋਂ ਕਿਸੇ ਵੀ ਦਰਿਆ ਦੇ ਸਬੰਧ ਵਿੱਚ ਦਰਿਆਈ ਹੱਕਾਂ ਵਾਲਾ ਰਾਜ (Riparian State) ਨਹੀਂ ਹੈ। ਇਸ ਦੇ ਬਾਵਜੂਦ, ਇਨ੍ਹਾਂ ਦਰਿਆਵਾਂ ਦੇ ਪਾਣੀਆਂ ਦਾ ਇੱਕ ਵੱਡਾ ਹਿੱਸਾ ਕਈ ਦਹਾਕਿਆਂ ਤੋਂ ਰਾਜਸਥਾਨ ਨੂੰ ਸਪਲਾਈ ਕੀਤਾ ਜਾ ਰਿਹਾ ਹੈ।

**2.** ਸਾਲ 1920 ਦੇ ਸਮਝੌਤੇ ਤਹਿਤ ਸਤਲੁਜ ਦਰਿਆ ਦਾ ਪਾਣੀ ਬੀਕਾਨੇਰ ਨਹਿਰ ਰਾਹੀਂ ਉਸ ਸਮੇਂ ਦੇ ਬੀਕਾਨੇਰ ਰਾਜ (ਜੋ ਹੁਣ ਰਾਜਸਥਾਨ ਦਾ ਹਿੱਸਾ ਹੈ) ਨੂੰ ਸਪਲਾਈ ਕੀਤਾ ਜਾਂਦਾ ਸੀ। ਉਸ ਸਮਝੌਤੇ ਦੀ ਧਾਰਾ 13 ਅਨੁਸਾਰ, ਬੀਕਾਨੇਰ ਰਾਜ ਵੱਲੋਂ ਸਪਲਾਈ ਕੀਤੇ ਗਏ ਪਾਣੀ ਦੇ ਬਦਲੇ ਪੰਜਾਬ ਸਰਕਾਰ ਨੂੰ ਜਲ-ਰਾਇਲਟੀ (Seigniorage) ਅਦਾ ਕਰਨੀ ਲਾਜ਼ਮੀ ਸੀ ਅਤੇ ਇਹ ਖਰਚੇ ਅਸਲ ਵਿੱਚ ਪੰਜਾਬ ਸਰਕਾਰ ਨੂੰ ਅਦਾ ਵੀ ਕੀਤੇ ਜਾਂਦੇ ਰਹੇ ਸਨ।

**3.** ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਰਾਜ ਹੈ ਅਤੇ ਆਪਣੀਆਂ ਖੇਤੀਬਾੜੀ ਲੋੜਾਂ ਲਈ ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀਆਂ 'ਤੇ ਨਿਰਭਰ ਕਰਦਾ ਹੈ। ਦੇਸ਼ ਦੀ ਅਨਾਜ ਦੀ ਲੋੜ ਪੂਰੀ ਕਰਨ ਲਈ ਪੰਜਾਬ ਨੇ ਆਪਣੇ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਹੈ। ਮੌਜੂਦਾ ਸਮੇਂ ਵਿੱਚ ਪੰਜਾਬ ਦੇ 153 ਬਲਾਕਾਂ ਵਿੱਚੋਂ 110 ਬਲਾਕਾਂ ਵਿੱਚ ਧਰਤੀ ਹੇਠਲੇ ਪਾਣੀ ਦੀ ਵਰਤੋਂ ਨਿਰਧਾਰਤ ਸੀਮਾ ਤੋਂ ਵੱਧ ਹੋ ਚੁੱਕੀ ਹੈ। ਰਾਜਸਥਾਨ ਨੂੰ ਸਪਲਾਈ ਕੀਤਾ ਜਾਣ ਵਾਲਾ ਪਾਣੀ ਉਹ ਪਾਣੀ ਹੈ, ਜਿਸ ਨੂੰ ਪੰਜਾਬ ਨੂੰ ਆਪਣੇ ਖੇਤਾਂ ਦੀ ਸਿੰਚਾਈ ਲਈ ਛੱਡਣਾ ਪਿਆ ਹੈ।

**4.** ਦੂਜੇ ਪਾਸੇ, ਰਾਜਸਥਾਨ ਇਨ੍ਹਾਂ ਪਾਣੀਆਂ ਦੀ ਵਰਤੋਂ ਸਿੰਚਾਈ, ਪੀਣ ਵਾਲੇ ਪਾਣੀ ਦੀ ਸਪਲਾਈ, ਰਿਫਾਇਨਰੀਆਂ ਸਮੇਤ ਉਦਯੋਗਾਂ ਅਤੇ ਹੋਰ ਵਪਾਰਕ ਉਦੇਸ਼ਾਂ ਲਈ ਕਰਦਾ ਹੈ। ਰਾਜਸਥਾਨ ਇਸ ਪਾਣੀ ਦੀ ਵਰਤੋਂ ਲਈ ਲੋਕਾਂ ਤੋਂ ਜਲ-ਖਰਚੇ ਵਸੂਲ ਕਰਦਾ ਹੈ ਅਤੇ ਇਸ ਤੋਂ ਮਾਲੀਆ ਵੀ ਕਮਾਉਂਦਾ ਹੈ। ਇਹ ਨਾ ਤਾਂ ਨਿਆਂਸੰਗਤ ਹੈ ਅਤੇ ਨਾ ਹੀ ਵਾਜਬ ਕਿ ਰਾਜਸਥਾਨ ਨੂੰ ਪੰਜਾਬ ਤੋਂ ਇਹ ਪਾਣੀ ਮੁਫ਼ਤ ਮਿਲੇ ਅਤੇ ਉਹ ਇਸ ਤੋਂ ਮਾਲੀਆ ਵੀ ਕਮਾਵੇ, ਪਰ ਜਿਸ ਰਾਜ ਦੇ ਦਰਿਆਵਾਂ ਤੋਂ ਇਹ ਪਾਣੀ ਆਉਂਦਾ ਹੈ, ਉਸ ਨਾਲ ਇਸ ਦਾ ਕੋਈ ਲਾਭ ਸਾਂਝਾ ਨਾ ਕੀਤਾ ਜਾਵੇ।

**5.** ਜਲ ਸਰੋਤ ਵਿਭਾਗ ਨੇ ਆਪਣੇ ਪੱਤਰਾਂ ਮਿਤੀ 18.03.2026 ਅਤੇ 04.05.2026 ਅਤੇ ਮੰਗ ਨੋਟਿਸ ਮਿਤੀ 10.08.2026 ਰਾਹੀਂ ਰਾਜਸਥਾਨ ਸਰਕਾਰ ਨੂੰ ਸਪਲਾਈ ਕੀਤੇ ਗਏ ਦਰਿਆਈ ਪਾਣੀਆਂ ਦੀ ਕੀਮਤ ਅਦਾ ਕਰਨ ਲਈ ਕਿਹਾ ਹੈ। ਪਰ ਰਾਜਸਥਾਨ ਸਰਕਾਰ ਨੇ ਹੁਣ ਤੱਕ ਨਾ ਤਾਂ ਇਸ ਸਬੰਧੀ ਕੋਈ ਜਵਾਬ ਦਿੱਤਾ ਹੈ ਅਤੇ ਨਾ ਹੀ ਕੋਈ ਅਦਾਇਗੀ ਕੀਤੀ ਹੈ।

**ਇਸ ਲਈ, ਇਹ ਸਦਨ ਮਤਾ ਪਾਸ ਕਰਦਾ ਹੈ ਕਿ:**

1. ਰਾਜਸਥਾਨ ਸਰਕਾਰ ਨੂੰ ਕਿਹਾ ਜਾਵੇ ਕਿ ਉਹ ਪੰਜਾਬ ਰਾਜ ਨੂੰ ਸਪਲਾਈ ਕੀਤੇ ਗਏ ਦਰਿਆਈ ਪਾਣੀਆਂ ਦੀ ਕੀਮਤ ਅਦਾ ਕਰਨ ਸਬੰਧੀ ਆਪਣੀ ਦੇਣਦਾਰੀ ਨੂੰ ਸਵੀਕਾਰ ਕਰੇ ਅਤੇ ਪੰਜਾਬ ਸਰਕਾਰ ਵੱਲੋਂ ਮੰਗੀ ਗਈ ਰਕਮ ਦੀ ਅਦਾਇਗੀ ਕਰੇ।

2. ਭਾਰਤ ਸਰਕਾਰ ਦੇ ਜਲ ਸ਼ਕਤੀ ਮੰਤਰਾਲੇ ਨੂੰ ਬੇਨਤੀ ਕੀਤੀ ਜਾਵੇ ਕਿ 29.01.1955 ਦੇ ਸਮਝੌਤੇ ਦੇ ਪੈਰ੍ਹਾ 5 ਵਿੱਚ ਅਣਸੁਲਝੇ ਛੱਡੇ ਗਏ ਪਾਣੀ ਦੀ ਕੀਮਤ ਦੇ ਮੁੱਦੇ ਨੂੰ ਤੁਰੰਤ ਵਿਚਾਰ ਅਧੀਨ ਲਿਆਂਦਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਪੰਜਾਬ ਵੱਲੋਂ ਰਾਜਸਥਾਨ ਨੂੰ ਸਪਲਾਈ ਕੀਤੇ ਗਏ ਪਾਣੀਆਂ ਦੀ ਕੀਮਤ ਪੰਜਾਬ ਰਾਜ ਨੂੰ ਅਦਾ ਕੀਤੀ ਜਾਵੇ।

3. ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾਵੇ ਕਿ ਭਵਿੱਖ ਵਿੱਚ ਪੰਜਾਬ ਵੱਲੋਂ ਰਾਜਸਥਾਨ ਨੂੰ ਸਪਲਾਈ ਕੀਤੇ ਜਾਣ ਵਾਲੇ ਪਾਣੀਆਂ ਦੀ ਕੀਮਤ ਹਰ ਸਾਲ ਪੰਜਾਬ ਰਾਜ ਨੂੰ ਅਦਾ ਕੀਤੇ ਜਾਣਾ ਯਕੀਨੀ ਬਣਾਇਆ ਜਾਵੇ।

4. ਪੰਜਾਬ ਸਰਕਾਰ ਇਸ ਮਾਮਲੇ ਨੂੰ ਸਾਰੇ ਉਚਿਤ ਮੰਚਾਂ 'ਤੇ ਪੁਰਜ਼ੋਰ ਢੰਗ ਨਾਲ ਉਠਾਵੇ ਅਤੇ ਰਾਜਸਥਾਨ ਨੂੰ ਸਪਲਾਈ ਕੀਤੇ ਗਏ ਦਰਿਆਈ ਪਾਣੀਆਂ ਦੀ ਕੀਮਤ ਵਸੂਲਣ ਲਈ ਭਾਰਤ ਦੇ ਸੰਵਿਧਾਨ ਅਤੇ ਕਾਨੂੰਨ ਅਧੀਨ ਉਪਲਬਧ ਸਾਰੇ ਕਦਮ ਚੁੱਕੇ।

5. ਇਸ ਮਤੇ ਦੀ ਇੱਕ ਕਾਪੀ ਲੋੜੀਂਦੀ ਕਾਰਵਾਈ ਲਈ ਮਾਣਯੋਗ ਪ੍ਰਧਾਨ ਮੰਤਰੀ, ਭਾਰਤ ਸਰਕਾਰ, ਮਾਣਯੋਗ ਕੇਂਦਰੀ ਗ੍ਰਹਿ ਮੰਤਰੀ, ਮਾਣਯੋਗ ਕੇਂਦਰੀ ਜਲ ਸ਼ਕਤੀ ਮੰਤਰੀ ਅਤੇ ਮਾਣਯੋਗ ਮੁੱਖ ਮੰਤਰੀ, ਰਾਜਸਥਾਨ ਨੂੰ ਭੇਜੀ ਜਾਵੇ।''

---

**1340/Rajneet Kaur**

**WELCOME ANNOUNCEMENT BY THE HON'BLE SPEAKER**

**ਮਾਣਯੋਗ ਸਪੀਕਰ :** ਮੈਂ ਸਦਨ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਡਿਪਾਰਟਮੈਂਟ ਆਫ ਇਵਨਿੰਗ ਸਟੱਡੀਜ਼ ਮਲਟੀ ਡਿਸਪਲਨਰੀਜ਼ ਰਿਸਰਚ ਸੈਂਟਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀ ਅਤੇ ਅਧਿਆਪਕ ਅੱਜ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਆਓ, ਉਨ੍ਹਾਂ ਦਾ ਸਵਾਗਤ ਕਰੀਏ। (ਥੰਪਿੰਗ)

--------

**OFFICIAL RESOLULTIONS (*RESUMPTION*)**

**RESOLUTION No. 7 REGARDING THE UTILISATION OF RAVI RIVER WATERS FLOWING INTO PAKISTAN DOWNSTREAM OF MADHOPUR HEADWORKS**

**AND THE EARLY EXECUTION OF THE UJH MULTIPURPOSE PROJECT AND THE 2ND RAVI-BEAS LINK PROJECT**

**ਜਲ ਸਰੋਤ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ)** : ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ-

'1. ਰਾਵੀ ਦਰਿਆ 'ਤੇ ਮਾਧੋਪੁਰ ਹੈੱਡਵਰਕਸ ਭਾਰਤ ਵਿੱਚ ਆਖਰੀ ਕੌਮਾਂਤਰੀ ਹੈੱਡਵਰਕਸ ਹੈ। ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਦਰਿਆ ਕੌਮਾਂਤਰੀ ਸਰਹੱਦ ਦੇ ਨਾਲ-ਨਾਲ ਅਤੇ ਇਸ ਨੂੰ ਪਾਰ ਕਰਦਾ ਹੋਇਆ ਪਾਕਿਸਤਾਨ ਵਿੱਚ ਦਾਖਲ ਹੁੰਦਾ ਹੈ।

2. ਰਾਵੀ ਦਰਿਆ ਰਾਹੀਂ ਪਾਕਿਸਤਾਨ ਵਿੱਚ ਜਾਣ ਵਾਲਾ ਪਾਣੀ ਉੱਝ, ਤਰਨਾਹ, ਬਸੰਤਰ ਅਤੇ ਹੋਰ ਨਦੀਆਂ-ਨਾਲਿਆਂ ਦਾ ਪਾਣੀ ਹੈ, ਜੋ ਜੰਮੂ-ਕਸ਼ਮੀਰ ਵਿੱਚੋਂ ਨਿਕਲਦੇ ਹਨ ਅਤੇ ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਰਾਵੀ ਦਰਿਆ ਵਿੱਚ ਮਿਲਦੇ ਹਨ। ਸਰਹੱਦ ਪਾਰ ਕਰਨ ਤੋਂ ਪਹਿਲਾਂ ਇਸ ਪਾਣੀ ਨੂੰ ਸਟੋਰ ਕਰਨ ਜਾਂ ਮੋੜਨ ਲਈ ਕੋਈ ਢਾਂਚਾ ਮੌਜੂਦ ਨਹੀਂ ਹੈ। ਇਸ ਤੋਂ ਇਲਾਵਾ, ਸਮਤਲ ਭੂ-ਭਾਗ (flat terrain) ਅਤੇ ਕੌਮਾਂਤਰੀ ਸਰਹੱਦ ਦੀ ਸਥਿਤੀ ਕਾਰਨ ਇਸ ਖੇਤਰ ਵਿੱਚ ਪੰਜਾਬ ਅੰਦਰ ਪਾਣੀ ਸਟੋਰ ਕਰਨ ਲਈ ਕੋਈ ਭੰਡਾਰਨ (storage) ਢਾਂਚਾ ਨਹੀਂ ਬਣਾਇਆ ਜਾ ਸਕਦਾ।

3. ਗੈਰ-ਮਾਨਸੂਨ (non-monsoon) ਸਮੇਂ ਦੌਰਾਨ ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਪਾਣੀ ਦਾ ਵਹਾਅ ਪੰਜਾਬ ਵਿੱਚ ਪੈਂਦੇ ਮੀਂਹ ਦੇ ਸਥਾਨਕ ਪਾਣੀ ਤੱਕ ਸੀਮਤ ਰਹਿੰਦਾ ਹੈ। ਇਸ ਪਾਣੀ ਨੂੰ ਸਟੋਰ ਨਹੀਂ ਕੀਤਾ ਜਾ ਸਕਦਾ ਅਤੇ ਹੈੱਡਵਰਕਸ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਇਸ ਨੂੰ ਹੇਠਾਂ ਵੱਲ ਛੱਡਣਾ ਪੈਂਦਾ ਹੈ। ਸਾਲ 2016 ਤੋਂ 2025 ਤੱਕ ਦੇ ਦਸ ਸਾਲਾਂ ਦੌਰਾਨ ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਦਰਜ ਕੀਤਾ ਗਿਆ ਔਸਤ ਸਾਲਾਨਾ ਵਹਾਅ 0.62 ਮਿਲੀਅਨ ਏਕੜ ਫੁੱਟ (MAF) ਸੀ, ਜਿਸ ਵਿੱਚ 0.50 ਮਿਲੀਅਨ ਏਕੜ ਫੁੱਟ (ਲਗਭਗ 80 ਫੀਸਦੀ) ਮਾਨਸੂਨ ਦੇ ਹੜ੍ਹਾਂ ਦਾ ਪਾਣੀ ਸੀ। ਬਾਕੀ ਪਾਣੀ ਸਥਾਨਕ ਵਰਖਾ ਦੇ ਵਹਾਅ ਦਾ ਸੀ, ਜਿਸ ਨੂੰ ਸਟੋਰ ਕਰਨਾ ਸੰਭਵ ਨਹੀਂ ਸੀ।

4. ਪੰਜਾਬ ਸਰਕਾਰ ਨੇ ਆਪਣੇ ਪੱਤਰਾਂ ਮਿਤੀ 23.12.2022, 18.05.2023, 13.02.2024, 29.05.2024, 06.11.2024, 13.01.2025, 19.02.2025, 15.05.2025, 23.06.2025, 28.01.2026, 02.03.2026 ਅਤੇ 07.04.2026 ਰਾਹ ਭਾਰਤ ਸਰਕਾਰ, ਹਰਿਆਣਾ ਅਤੇ ਰਾਜਸਥਾਨ ਦੀਆਂ ਸਰਕਾਰਾਂ ਅਤੇ ਭਾਖੜਾ ਬਿਆਸ ਪ੍ਰਬੰਧਨ ਬੋਰਡ (BBMB) ਨੂੰ ਵਾਰ-ਵਾਰ ਲਿਖਤੀ ਰੂਪ ਵਿੱਚ ਜਾਣੂ ਕਰਵਾਇਆ ਹੈ ਕਿ ਪੰਜਾਬ ਵਾਲੇ ਪਾਸੇ ਤੋਂ ਕੋਈ ਵੀ ਪਾਣੀ ਅਜਾਈਂ ਪਾਕਿਸਤਾਨ ਵੱਲ ਨਹੀਂ ਜਾ ਰਿਹਾ।

5. ਇਸ ਲਈ, ਇਨ੍ਹਾਂ ਨਦੀਆਂ-ਨਾਲਿਆਂ ਤੋਂ ਨਿਕਲਣ ਵਾਲੇ ਅਤੇ ਪਾਕਿਸਤਾਨ ਵੱਲ ਵਹਿ ਜਾਣ ਵਾਲੇ ਪਾਣੀ ਲਈ ਪੰਜਾਬ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਣਾ ਚਾਹੀਦਾ।

ਇਸ ਲਈ, ਇਹ ਸਦਨ ਮਤਾ ਪਾਸ ਕਰਦਾ ਹੈ ਕਿ-

1. ਇਹ ਸਦਨ ਇਸ ਗੱਲ ਨੂੰ ਰਿਕਾਰਡ ਤੇ ਲਿਆਂਦਾ ਹੈ ਕਿ ਰਾਵੀ ਦਰਿਆ ਰਾਹੀਂ ਪਾਕਿਸਤਾਨ ਵੱਲ ਵਹਿਣ ਵਾਲਾ ਪਾਣੀ ਉੱਝ ਦਿਰਆ ਅਤੇ ਹੋਰ ਨਦੀਆਂ-ਨਾਲਿਆਂ ਦਾ ਹੈ, ਜੋ ਜੰਮੂ-ਕਸ਼ਮੀਰ ਵਿੱਚ ਨਿਕਲਦੇ ਹਨ ਅਤੇ ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਰਾਵੀ ਦਰਿਆ ਵਿੱਚ ਮਿਲਦੇ ਹਨ।
2. ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉੱਝ ਬਹੁ-ਮੰਤਵੀ ਪ੍ਰਾਜੈਕਟ ਨੂੰ ਤਰਜੀਹ ਦੇ ਆਧਾਰ 'ਤੇ ਲਾਗੂ ਕੀਤਾ ਜਾਵੇ ਅਤੇ ਇਸ ਦੇ ਪਾਣੀਆਂ ਨੂੰ ਰਣਜੀਤ ਸਾਗਰ ਡੈਮ ਵੱਲ ਮੋੜਿਆ ਜਾਵੇ, ਤਾਂ ਜੋ ਇਸ ਪਾਣੀ ਨੂੰ ਸਟੋਰ ਕਰਕੇ ਪੰਜਾਬ ਅੰਦਰ ਹੀ ਪੂਰੀ ਤਰਾਂ ਵਰਿਤਆ ਜਾ ਸਕੇ।
3. ਕੇਂਦਰੀ ਜਲ ਕਮਿਸ਼ਨ (CWC) ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਦੂਜੇ ਰਾਵੀ-ਬਿਆਸ ਲਿੰਕ (2nd Ravi Beas Link) ਪ੍ਰਾਜੈਕਟ ਨੂੰ ਜਲਦ ਤੋਂ ਜਲਦ ਪ੍ਰਵਾਨਗੀ ਦਿੱਤੀ ਜਾਵੇ ਤਾਂ ਜੋ ਉੱਝ ਤੋਂ ਹੇਠਾਂ ਸਰਹੱਦ ਪਾਰ ਵਹਿਣ ਵਾਲੀ ਪਾਣੀ ਨੂੰ ਪੰਜਾਬ ਦੇ ਖੇਤਰਾਂ ਵੱਲੋਂ ਮੋੜਿਆ ਜਾ ਸਕੇ।

4. ਇਸ ਮਤੇ ਦੀ ਇੱਕ ਕਾਪੀ ਲੋੜ ਦੀ ਕਾਰਵਾਈ ਲਈ ਮਾਣਯੋਗ ਪ੍ਰਧਾਨ ਮੰਤਰੀ, ਭਾਰਤ ਸਰਕਾਰ, ਮਾਣਯੋਗ ਕੇਂਦਰੀ ਗ੍ਰਹਿ ਮੰਤਰੀ, ਮਾਣਯੋਗ ਕੇਂਦਰੀ ਜਲ ਸ਼ਕਤੀ ਮੰਤਰੀ ਅਤੇ ਕੇਂਦਰੀ ਜਲ ਕਮਿਸ਼ਨ ਦੇ ਚੇਅਰਮੈਨ ਨੂੰ ਭੇਜੀ ਜਾਵੇ।''

**1345/Kuldeep kaur**

----

**RESOLUTION No. 1 REGARDING THE PROTECTION AND CONTINUATION OF PUBLIC WELFARE SCHEMES AND FINANCIAL ASSISTANCE FOR THE PEOPLE OF PUNJAB**

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

ਕਿ ਇਹ ਸਦਨ ਪੁਸ਼ਟੀ ਕਰਦਾ ਹੈ ਕਿ ਪੰਜਾਬ ਦੇ ਸ੍ਰੋਤ ਇੱਥੋਂ ਦੇ ਲੋਕਾਂ ਦੇ ਹਨ। ਇੱਕ ਚੁਣੀ ਹੋਈ ਸਰਕਾਰ ਦੀ ਸਭ ਤੋਂ ਪਹਿਲੀ ਜ਼ਿੰਮੇਵਾਰੀ ਇਹ ਹੁੰਦੀ ਹੈ ਕਿ ਉਹ ਇਹਨਾਂ ਸ੍ਰੋਤਾਂ ਦੀ ਵਰਤੋਂ ਮਿਆਰੀ ਸਿਹਤ ਸੇਵਾਵਾਂ, ਵਿੱਤੀ ਸੁਰੱਖਿਆ ਅਤੇ ਜ਼ਰੂਰੀ ਘਰੇਲੂ ਖ਼ਰਚਿਆਂ ਤੋਂ ਰਾਹਤ ਰਾਹੀਂ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਕਰੇ।

ਆਪਣੇ ਘਰ ਦਾ ਪ੍ਰਬੰਧ ਚਲਾਉਣ ਵਾਲ਼ੀ ਮਾਂ, ਆਪਣੀ ਜ਼ਮੀਨ 'ਤੇ ਖੇਤੀ ਕਰਨ ਵਾਲ਼ੇ ਕਿਸਾਨ ਜਾਂ ਕਿਸੇ ਡਾਕਟਰੀ ਐਮਰਜੈਂਸੀ ਦਾ ਸਾਹਮਣਾ ਕਰ ਰਹੇ ਪਰਿਵਾਰ ਲਈ, ਇਹਨਾਂ ਵਚਨਬੱਧਤਾਵਾਂ ਦਾ ਸਿੱਧਾ ਅਰਥ ਹੈ: ਕੀ ਰੋਜ਼ਾਨਾ ਦੀਆਂ ਲੋੜਾਂ ਲਈ ਲੋੜੀਂਦੇ ਪੈਸੇ ਹਨ, ਕੀ ਇਲਾਜ ਦਾ ਖ਼ਰਚਾ ਚੁੱਕਿਆ ਜਾ ਸਕਦਾ ਹੈ ਅਤੇ ਕੀ ਪਰਿਵਾਰ ਮਾਣ-ਸਨਮਾਨ ਨਾਲ਼ ਜੀਅ ਸਕਦਾ ਹੈ। ਇਸ ਲਈ, ਇਹ ਸਦਨ, ਲੋਕ ਭਲਾਈ ਉੱਤੇ ਹੋਣ ਵਾਲ਼ੇ ਖ਼ਰਚਿਆਂ ਨੂੰ ਪੈਸੇ ਦੀ ਬਰਬਾਦੀ ਕਹਿ ਕੇ ਖਾਰਜ ਕਰਨ ਨੂੰ ਰੱਦ ਕਰਦਾ ਹੈ।

ਇਸੇ ਸਿਧਾਂਤ ਤੋਂ ਸੇਧ ਲੈਂਦਿਆਂ ਪੰਜਾਬ ਸਰਕਾਰ ਨੇ ਅਜਿਹੇ ਉਪਾਅ ਸ਼ੁਰੂ ਕੀਤੇ ਅਤੇ ਮਜ਼ਬੂਤ ਕੀਤੇ ਹਨ ਜੋ ਸੂਬੇ ਭਰ ਦੇ ਪਰਿਵਾਰਾਂ ਨੂੰ ਵੱਡੀ ਰਾਹਤ ਪ੍ਰਦਾਨ ਕਰਦੇ ਹਨ।

'ਮੁੱਖ ਮੰਤਰੀ ਮਾਂਵਾਂ-ਧੀਆਂ ਸਤਿਕਾਰ ਯੋਜਨਾ' ਦੇ ਤਹਿਤ ਯੋਗ ਔਰਤਾਂ ਨੂੰ ਹਰ ਮਹੀਨੇ ₹1,000 ਮਿਲ਼ਦੇ ਹਨ, ਜਦੋਂ ਕਿ ਯੋਗ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ ₹1,500 ਮਿਲ਼ਦੇ ਹਨ। ਇਸ ਸਕੀਮ ਅਧੀਨ 80 ਲੱਖ ਤੋਂ ਵੱਧ ਮਾਂਵਾਂ ਅਤੇ ਧੀਆਂ ਰਜਿਸਟ੍ਰਡ ਹਨ। ਇਹ ਸਹਾਇਤਾ ਔਰਤਾਂ ਦੇ ਯੋਗਦਾਨ ਨੂੰ ਮਾਨਤਾ ਦਿੰਦੀ ਹੈ ਅਤੇ ਉਹਨਾਂ ਦੀ ਵਿੱਤੀ ਸੁਤੰਤਰਤਾ ਨੂੰ ਮਜ਼ਬੂਤ ਕਰਦੀ ਹੈ।

ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਦੀ ਸਹੂਲਤ ਨਾਲ਼ ਪੰਜਾਬ ਦੇ 90% ਤੋਂ ਵੱਧ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਹੋ ਗਏ ਹਨ। ਖੇਤੀਬਾੜੀ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਲੱਖਾਂ ਕਿਸਾਨ ਪਰਿਵਾਰਾਂ ਨੂੰ ਸਹਾਰਾ ਦਿੰਦੀ ਹੈ।

'ਮੁੱਖ ਮੰਤਰੀ ਸਿਹਤ ਯੋਜਨਾ' ਪ੍ਰਤੀ ਪਰਿਵਾਰ ₹10 ਲੱਖ ਦਾ ਸਲਾਨਾ ਇਲਾਜ ਕਵਰ ਪ੍ਰਦਾਨ ਕਰਦੀ ਹੈ। 1,244 ਆਮ ਆਦਮੀ ਕਲੀਨਿਕਾਂ ਵਿੱਚ ਦੋ ਕਰੋੜ ਤੋਂ ਵੱਧ ਮਰੀਜ਼ਾਂ ਦਾ ਨਿਯਮਿਤ ਤੌਰ ’ਤੇ ਇਲਾਜ ਹੁੰਦਾ ਹੈ, ਜਿਸ ਨਾਲ਼ ਸਿਹਤ ਸੰਭਾਲ਼ ਦੇ ਖ਼ਰਚਿਆਂ ਦਾ ਬੋਝ ਘਟਿਆ ਹੈ।

ਔਰਤਾਂ ਸਰਕਾਰੀ ਬੱਸਾਂ ਵਿੱਚ ਹਰ ਮਹੀਨੇ ਇੱਕ ਕਰੋੜ ਤੋਂ ਵੱਧ ਮੁਫ਼ਤ ਸਫ਼ਰ ਕਰਦੀਆਂ ਹਨ। 'ਮੇਰੀ ਰਸੋਈ ਯੋਜਨਾ' ਦੇ ਤਹਿਤ, 40 ਲੱਖ ਪਰਿਵਾਰਾਂ ਨੂੰ ਹਰ ਤਿਮਾਹੀ ਵਿੱਚ ਜ਼ਰੂਰੀ ਖ਼ੁਰਾਕੀ ਵਸਤਾਂ ਮੁਫ਼ਤ ਮਿਲ਼ਦੀਆਂ ਹਨ। ₹1,500 ਪ੍ਰਤੀ ਮਹੀਨਾ ਦੀਆਂ ਸਮਾਜਿਕ ਸੁਰੱਖਿਆ ਪੈਨਸ਼ਨਾਂ 30 ਲੱਖ ਬਜ਼ੁਰਗਾਂ, ਵਿਧਵਾਵਾਂ, ਬੇਸਹਾਰਾ ਵਿਅਕਤੀਆਂ ਅਤੇ ਦਿਵਿਆਂਗ ਵਿਅਕਤੀਆਂ ਨੂੰ ਸਹਾਰਾ ਦਿੰਦੀਆਂ ਹਨ। 'ਆਸ਼ੀਰਵਾਦ ਸਕੀਮ' ਯੋਗ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਲਈ ₹51,000 ਪ੍ਰਦਾਨ ਕਰਦੀ ਹੈ। 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦੇ ਤਹਿਤ ਲਗਭਗ ਸੱਤ ਲੱਖ ਬਜ਼ੁਰਗ ਨਾਗਰਿਕ ਮੁਫ਼ਤ ਤੀਰਥ ਯਾਤਰਾਵਾਂ ਕਰ ਚੁੱਕੇ ਹਨ।

ਇਹਨਾਂ ਲਾਭਾਂ ਦਾ ਖ਼ਰਚਾ ਜਨਤਕ ਸ੍ਰੋਤਾਂ ਤੋਂ ਕੀਤਾ ਜਾਂਦਾ ਹੈ ਅਤੇ ਇਹਨਾਂ ਨੂੰ ਲੋਕਤੰਤਰੀ ਸੰਸਥਾਵਾਂ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ। ਹਰ ਯੋਗ ਨਾਗਰਿਕ ਬਿਨਾਂ ਕਿਸੇ ਵਿਤਕਰੇ ਜਾਂ ਸਿਆਸੀ ਸਰਪ੍ਰਸਤੀ ਉੱਤੇ ਨਿਰਭਰਤਾ ਦੇ, ਸਨਮਾਨ ਨਾਲ਼ ਇਹਨਾਂ ਨੂੰ ਪ੍ਰਾਪਤ ਕਰਨ ਦਾ ਹੱਕਦਾਰ ਹੈ।

ਇਹ ਸਦਨ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਉਹਨਾਂ ਜਨਤਕ ਬਿਆਨਾਂ ਉੱਤੇ ਗੰਭੀਰ ਚਿੰਤਾ ਪ੍ਰਗਟ ਕਰਦਾ ਹੈ, ਜਿਨ੍ਹਾਂ ਵਿੱਚ ਖੁੱਲ੍ਹੇਆਮ ਕਿਹਾ ਗਿਆ ਹੈ ਕਿ ਪੰਜਾਬ ਦੇ ਲੋਕਾਂ ਲਈ ਸਾਰੀਆਂ ਸਕੀਮਾਂ ਅਤੇ ਵਿੱਤੀ ਸਹਾਇਤਾ ਬੰਦ ਕਰ ਦਿੱਤੀ ਜਾਵੇਗੀ। ਇਹ ਸਦਨ ਉਹਨਾਂ ਟਿੱਪਣੀਆਂ ਦੀ ਵੀ ਨਿਖੇਧੀ ਕਰਦਾ ਹੈ ਜੋ ਇਹ ਸਹਾਇਤਾ ਪ੍ਰਾਪਤ ਕਰਨ ਵਾਲ਼ੀਆਂ ਔਰਤਾਂ ਨੂੰ ਨੀਵਾਂ ਦਿਖਾਉਂਦੀਆਂ ਹਨ ।

ਇਹ ਲਾਭ ਵਾਪਸ ਲੈਣ ਨਾਲ਼ ਪਰਿਵਾਰਾਂ ਕੋਲ਼ ਭੋਜਨ, ਸਿੱਖਿਆ, ਸਿਹਤ ਸੰਭਾਲ਼ ਅਤੇ ਹੋਰ ਲੋੜਾਂ ਲਈ ਉਪਲਬਧ ਪੈਸੇ ਸਿੱਧੇ ਤੌਰ 'ਤੇ ਘਟ ਜਾਣਗੇ। ਇਹਨਾਂ ਨੂੰ ਵਾਪਸ ਲੈਣ ਦੀ ਤਜਵੀਜ਼ ਰੱਖਣ ਵਾਲ਼ਿਆਂ ਨੂੰ ਇਹ ਜ਼ਰੂਰ ਦੱਸਣਾ

ਚਾਹੀਦਾ ਹੈ ਕਿ ਇੱਕ ਮਾਂ ਆਪਣੀ ਮਹੀਨਾਵਾਰ ਸਹਾਇਤਾ ਕਿਉਂ ਗੁਆਵੇ ਅਤੇ ਇੱਕ ਘਰ ਨੂੰ ਦੁਬਾਰਾ ਉਹ ਬਿਜਲੀ ਖ਼ਰਚਾ ਕਿਉਂ ਝੱਲਣਾ ਪਵੇ ਜਿਸ ਤੋਂ ਉਸ ਨੂੰ 2022 ਤੋਂ ਰਾਹਤ ਮਿਲ਼ੀ ਹੋਈ ਹੈ।

ਇਹ ਸਦਨ ਇਸ ਸੁਝਾਅ ਨੂੰ ਰੱਦ ਕਰਦਾ ਹੈ ਕਿ ਜਨਤਕ ਸਹਾਇਤਾ ਕਿਸੇ ਨਾਗਰਿਕ ਦੇ ਸਵੈ-ਮਾਣ ਨੂੰ ਘਟਾਉਂਦੀ ਹੈ। ਔਰਤਾਂ ਦੀ ਮਿਹਨਤ, ਕਿਸਾਨਾਂ ਦਾ ਯੋਗਦਾਨ ਅਤੇ ਬਜ਼ੁਰਗ ਨਾਗਰਿਕਾਂ ਦੀ ਜੀਵਨ ਭਰ ਦੀ ਸੇਵਾ ਅਜਿਹੀਆਂ ਨੀਤੀਆਂ ਰਾਹੀਂ ਮਾਨਤਾ ਦੇ ਹੱਕਦਾਰ ਹਨ ਜੋ ਉਹਨਾਂ ਦੀ ਸੁਰੱਖਿਆ ਅਤੇ ਸੁਤੰਤਰਤਾ ਨੂੰ ਮਜ਼ਬੂਤ ਕਰਨ।

ਇਹ ਸਦਨ ਸਿੱਧੀ ਜਨਤਕ ਸਹਾਇਤਾ ਦੇ ਉਪਾਵਾਂ ਪ੍ਰਤੀ ਭਾਰਤੀ ਜਨਤਾ ਪਾਰਟੀ ਦੇ ਵਿਰੋਧ ਉੱਤੇ ਵੀ ਚਿੰਤਾ ਪ੍ਰਗਟ ਕਰਦਾ ਹੈ। ਇਹ ਸਦਨ ਹਰ ਸਿਆਸੀ ਪਾਰਟੀ ਨੂੰ ਸੱਦਾ ਦਿੰਦਾ ਹੈ ਕਿ ਉਹ ਸਾਫ਼ ਤੌਰ 'ਤੇ ਦੱਸੇ ਕਿ ਕੀ ਉਹ ਇਹਨਾਂ ਹੱਕਾਂ ਨੂੰ ਜਾਰੀ ਰੱਖਣ ਦਾ ਸਮਰਥਨ ਕਰਦੀ ਹੈ। ਪੰਜਾਬ ਦੇ ਲੋਕ ਇੱਕ ਸਪਸ਼ਟ ਜਵਾਬ ਦੇ ਹੱਕਦਾਰ ਹਨ।

ਇਸ ਲਈ, ਇਹ ਸਦਨ ਮਤਾ ਪਾਸ ਕਰਦਾ ਹੈ ਅਤੇ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ-

4. ਮੁੱਖ ਮੰਤਰੀ ਮਾਂਵਾਂ-ਧੀਆਂ ਸਤਿਕਾਰ ਯੋਜਨਾ, ਹਰ ਮਹੀਨੇ 300 ਯੂਨਿਟ ਤੱਕ ਮੁਫ਼ਤ ਘਰੇਲੂ ਬਿਜਲੀ, ਖੇਤੀਬਾੜੀ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ, ਮੁੱਖ ਮੰਤਰੀ ਸਿਹਤ ਯੋਜਨਾ, ਆਮ ਆਦਮੀ ਕਲੀਨਿਕ, ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ, ਔਰਤਾਂ ਲਈ ਮੁਫ਼ਤ ਬੱਸ ਸਫ਼ਰ, ਮੇਰੀ ਰਸੋਈ ਯੋਜਨਾ, ਸਮਾਜਿਕ ਸੁਰੱਖਿਆ ਪੈਨਸ਼ਨਾਂ, ਆਸ਼ੀਰਵਾਦ ਸਕੀਮ ਅਤੇ ਲੋਕ ਭਲਾਈ ਲਈ ਸ਼ੁਰੂ ਕੀਤੀਆਂ ਗਈਆਂ ਹੋਰ ਸਾਰੀਆਂ ਅਜਿਹੀਆਂ ਸਕੀਮਾਂ ਅਤੇ ਵਿੱਤੀ ਸਹਾਇਤਾ ਜਾਰੀ ਰਹਿਣਗੀਆਂ ਅਤੇ ਸਾਰੇ ਯੋਗ ਲਾਭਪਾਤਰੀਆਂ ਦੇ ਲਾਭ ਸੁਰੱਖਿਅਤ ਰੱਖੇ ਜਾਣਗੇ।
5. ਪੰਜਾਬ ਸਰਕਾਰ ਹਰ ਸਲਾਨਾ ਬਜਟ ਵਿੱਚ ਇਹਨਾਂ ਸਕੀਮਾਂ ਲਈ ਢੁਕਵਾਂ ਪ੍ਰਬੰਧ ਕਰੇਗੀ ਅਤੇ ਸਮੇਂ ਸਿਰ ਫੰਡ ਜਾਰੀ ਕਰਨਾ ਅਤੇ ਲਾਭ ਪਹੁੰਚਾਉਣਾ ਯਕੀਨੀ ਬਣਾਏਗੀ।
6. ਇਹ ਸਦਨ ਇੰਡੀਅਨ ਨੈਸ਼ਨਲ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਲਾਭ ਪ੍ਰਾਪਤ ਕਰ ਰਹੇ ਨਾਗਰਿਕਾਂ ਨੂੰ ਨੀਵਾਂ ਦਿਖਾਉਣ ਵਾਲ਼ੇ ਬਿਆਨਾਂ ਦੀ ਨਿਖੇਧੀ ਕਰਦਾ ਹੈ ਅਤੇ ਨਾਗਰਿਕਾਂ ਤੋਂ ਵਿੱਤੀ ਸਹਾਇਤਾ ਵਾਪਸ ਲੈਣ ਦੀਆਂ ਉਹਨਾਂ ਦੀਆਂ ਧਮਕੀਆਂ ਨੂੰ ਰੱਦ ਕਰਦਾ ਹੈ।

---------

## RESOLUTION No. 2 REGARDING THE REOPENING AND UNINTERRUPTED OPERATION OF THE SRI KARTARPUR SAHIB CORRIDOR FOR PILGRIMS

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

"ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ ਸ੍ਰੀ ਕਰਤਾਰਪੁਰ ਸਾਹਿਬ ਸਮੁੱਚੀ ਸਿੱਖ ਸੰਗਤ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਵਿੱਚ ਵਿਸ਼ਵਾਸ ਰੱਖਣ ਵਾਲੀ ਸਮੁੱਚੀ ਮਨੁੱਖਤਾ ਲਈ ਅਗਾਧ ਆਸਥਾ, ਸ਼ਰਧਾ ਅਤੇ ਅਧਿਆਤਮਿਕ ਮਹੱਤਵ ਦਾ ਕੇਂਦਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਜੀਵਨ ਮਨੁੱਖਤਾ ਨੂੰ ਸਰਬਸਾਂਝੀਵਾਲਤਾ, ਬਰਾਬਰੀ, ਸੇਵਾ, ਦਇਆ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦੇਣ ਲਈ ਸਮਰਪਿਤ ਕੀਤਾ। ਸ੍ਰੀ ਕਰਤਾਰਪੁਰ ਸਾਹਿਬ ਉਹ ਪਵਿੱਤਰ ਅਸਥਾਨ ਹੈ, ਜਿੱਥੇ ਗੁਰੂ ਸਾਹਿਬ ਨੇ ਆਪਣੇ ਜੀਵਨ ਦੇ ਅਹਿਮ ਵਰ੍ਹੇ ਬਿਤਾਏ ਅਤੇ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਸਿਧਾਂਤਾਂ ਰਾਹੀਂ ਸਮੁੱਚੀ ਮਨੁੱਖਤਾ ਨੂੰ ਜੀਵਨ ਜਿਊਣ ਦੀ ਸੇਧ ਦਿੱਤੀ।

ਇਹ ਸਦਨ ਮਹਿਸੂਸ ਕਰਦਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਸਿਰਫ਼ ਦੋ ਦੇਸ਼ਾਂ ਨੂੰ ਜੋੜਨ ਵਾਲਾ ਰਸਤਾ ਨਹੀਂ, ਸਗੋਂ ਇਹ ਸਿੱਖ ਸੰਗਤ ਦੀ ਆਸਥਾ, ਗੁਰੂ ਸਾਹਿਬ ਨਾਲ ਅਟੁੱਟ ਸਾਂਝ ਅਤੇ 1947 ਦੀ ਵੰਡ ਦੌਰਾਨ ਵਿਛੜੇ ਗੁਰਧਾਮਾਂ ਨਾਲ ਜੁੜੀਆਂ ਭਾਵਨਾਵਾਂ ਦਾ ਪ੍ਰਤੀਕ ਹੈ। ਦੇਸ਼ਾਂ ਦੀ ਵੰਡ ਨੇ ਪੰਜਾਬ ਦੀ ਧਰਤੀ, ਇੱਥੋਂ ਦੇ ਲੋਕਾਂ ਅਤੇ ਧਾਰਮਿਕ ਵਿਰਸੇ ਨੂੰ ਡੂੰਘੇ ਜ਼ਖਮ ਦਿੱਤੇ। ਸਰਹੱਦ ਦੇ ਦੂਜੇ ਪਾਸੇ ਰਹਿ ਗਏ ਗੁਰਧਾਮਾਂ ਦੇ ਦਰਸ਼ਨ ਕਰਨ ਦੀ ਤਾਂਘ ਅੱਜ ਵੀ ਲੱਖਾਂ ਸ਼ਰਧਾਲੂਆਂ ਦੇ ਹਿਰਦਿਆਂ ਵਿੱਚ ਵਸੀ ਹੋਈ ਹੈ।

ਇਹ ਸਦਨ ਇਸ ਗੱਲ ਨੂੰ ਵੀ ਮਹੱਤਵਪੂਰਨ ਮੰਨਦਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘੇ ਦੀ ਸਹੂਲਤ ਨੇ ਭਾਰਤ ਅਤੇ ਪਾਕਿਸਤਾਨ ਸਮੇਤ ਦੁਨੀਆ ਭਰ ਵਿੱਚ ਵੱਸਦੇ ਸਿੱਖਾਂ ਅਤੇ ਹੋਰ ਸ਼ਰਧਾਲੂਆਂ ਨੂੰ ਗੁਰੂ ਸਾਹਿਬ ਦੀ ਪਵਿੱਤਰ ਧਰਤੀ ਦੇ ਦਰਸ਼ਨ ਕਰਨ ਦਾ ਮੌਕਾ ਪ੍ਰਦਾਨ ਕੀਤਾ। ਪਰੰਤੂ ਲਾਂਘੇ ਦੀ ਆਵਾਜਾਈ ਵਿੱਚ ਰੁਕਾਵਟਾਂ ਕਾਰਨ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਅਤੇ ਗੁਰਧਾਮ ਦੇ ਦਰਸ਼ਨਾਂ ਦੀ ਤਾਂਘ ਪ੍ਰਭਾਵਿਤ ਹੁੰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਕਿਸੇ ਇੱਕ ਧਰਮ, ਕੌਮ ਜਾਂ ਦੇਸ਼ ਤੱਕ ਸੀਮਤ ਨਹੀਂ ਹੈ। ਉਨ੍ਹਾਂ ਦੀ ਬਾਣੀ ਸਮੁੱਚੀ ਮਨੁੱਖਤਾ ਨੂੰ ਆਪਸੀ ਪਿਆਰ, ਸਾਂਝ, ਸਹਿਣਸ਼ੀਲਤਾ ਅਤੇ ਸ਼ਾਂਤੀ ਦਾ ਮਾਰਗ ਦਿਖਾਉਂਦੀ ਹੈ। ਇਸ ਲਈ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਾ ਰਹਿਣਾ ਧਾਰਮਿਕ ਆਜ਼ਾਦੀ, ਮਨੁੱਖੀ ਸਾਂਝ ਅਤੇ ਪੰਜਾਬ ਦੀ ਸਾਂਝੀ ਵਿਰਾਸਤ ਦੇ ਸਤਿਕਾਰ ਨਾਲ ਜੁੜਿਆ ਹੋਇਆ ਮਾਮਲਾ ਹੈ।

ਇਸ ਲਈ, ਇਹ ਸਦਨ ਭਾਰਤ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦਾ ਹੈ ਕਿ:

1. ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਸ਼ਰਧਾਲੂਆਂ ਲਈ ਨਿਰਵਿਘਨ ਅਤੇ ਨਿਯਮਤ ਤੌਰ 'ਤੇ ਖੁੱਲ੍ਹਾ ਰੱਖਣ ਅਤੇ ਜਿੱਥੇ ਲੋੜ ਹੋਵੇ, ਇਸ ਨੂੰ ਮੁੜ ਚਾਲੂ ਕਰਨ ਲਈ ਤੁਰੰਤ ਲੋੜੀਂਦੇ ਕਦਮ ਚੁੱਕੇ ਜਾਣ।

2. ਪਾਕਿਸਤਾਨ ਸਰਕਾਰ ਨਾਲ ਕੂਟਨੀਤਕ ਪੱਧਰ 'ਤੇ ਗੱਲਬਾਤ ਕਰਕੇ ਲਾਂਘੇ ਰਾਹੀਂ ਸ਼ਰਧਾਲੂਆਂ ਦੀ ਸੁਰੱਖਿਅਤ, ਸੁਖਾਲੀ ਅਤੇ ਨਿਰਵਿਘਨ ਆਵਾਜਾਈ ਯਕੀਨੀ ਬਣਾਈ ਜਾਵੇ।

3. ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਗੂ ਪ੍ਰਕਿਰਿਆਵਾਂ ਨੂੰ ਸ਼ਰਧਾਲੂਆਂ ਦੀ ਸਹੂਲਤ ਅਨੁਸਾਰ ਸਰਲ ਬਣਾਉਣ ਅਤੇ ਵੱਧ ਤੋਂ ਵੱਧ ਸ਼ਰਧਾਲੂਆਂ ਨੂੰ ਦਰਸ਼ਨਾਂ ਦਾ ਮੌਕਾ ਦੇਣ ਲਈ ਢੁੱਕਵੇਂ ਉਪਰਾਲੇ ਕੀਤੇ ਜਾਣ।

4. ਦੁਨੀਆ ਭਰ ਵਿੱਚ ਵੱਸਦੀ ਸਿੱਖ ਸੰਗਤ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਿੱਚ ਵਿਸ਼ਵਾਸ ਰੱਖਣ ਵਾਲੇ ਹੋਰ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਇਸ ਪਵਿੱਤਰ ਲਾਂਘੇ ਨੂੰ ਧਾਰਮਿਕ ਆਸਥਾ, ਸ਼ਾਂਤੀ ਅਤੇ ਮਨੁੱਖੀ ਸਾਂਝ ਦੇ ਪ੍ਰਤੀਕ ਵਜੋਂ ਨਿਰੰਤਰ ਚਾਲੂ ਰੱਖਣ ਲਈ ਹਰ ਸੰਭਵ ਯਤਨ ਕੀਤਾ ਜਾਵੇ।

ਇਹ ਸਦਨ ਵਿਸ਼ਵਾਸ ਪ੍ਰਗਟ ਕਰਦਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਸੰਗਤ ਦੀ ਆਸਥਾ ਦਾ ਸਤਿਕਾਰ ਕਰਨ ਦੇ ਨਾਲ-ਨਾਲ ਪੰਜਾਬ ਦੀ ਇਤਿਹਾਸਕ, ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੁੜੇ ਲੋਕਾਂ ਦੀਆਂ ਭਾਵਨਾਵਾਂ ਨੂੰ ਵੀ ਮਜ਼ਬੂਤ ਕਰੇਗਾ।

"ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।"

ਇਸ ਪਵਿੱਤਰ ਭਾਵਨਾ ਨੂੰ ਸਮਰਪਿਤ ਹੋ ਕੇ ਇਹ ਸਦਨ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਮੁੜ ਖੋਲ੍ਹਣ ਅਤੇ ਸੰਗਤ ਲਈ ਨਿਰਵਿਘਨ ਦਰਸ਼ਨਾਂ ਦੀ ਸਹੂਲਤ ਯਕੀਨੀ ਬਣਾਉਣ ਦੀ ਮੰਗ ਕਰਦਾ ਹੈ।"

----

**RESOLUTION No. 3 REGARDING PUNJAB'S LEGITIMATE AND EQUITABLE SHARE IN THE WATERS OF THE RIVER YAMUNA**

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

''1. ਪੰਜਾਬ ਦਾ ਯਮੁਨਾ ਦਰਿਆ ਦੇ ਪਾਣੀਆਂ ਉੱਤੇ ਇਤਿਹਾਸਕ ਅਤੇ ਕਾਨੂੰਨੀ ਹੱਕ ਹੈ। ਰਾਵੀ ਅਤੇ ਬਿਆਸ ਦਰਿਆਵਾਂ ਵਾਂਗ ਯਮੁਨਾ ਦਰਿਆ ਵੀ ਸਾਲ 1966 ਵਿੱਚ ਪੰਜਾਬ ਰਾਜ ਦੇ ਪੁਨਰਗਠਨ ਤੋਂ ਪਹਿਲਾਂ ਅਣਵੰਡੇ ਪੰਜਾਬ ਰਾਜ ਵਿੱਚੋਂ ਵਗਦਾ ਸੀ। ਪੰਜਾਬ ਰਾਜ ਦੇ ਪੁਨਰਗਠਨ ਸਮੇਂ ਰਾਵੀ ਅਤੇ ਬਿਆਸ ਦੇ ਪਾਣੀਆਂ ਨੂੰ ਵਿਚਾਰਿਆ ਗਿਆ, ਪਰ ਯਮੁਨਾ ਦੇ ਪਾਣੀਆਂ ਨੂੰ ਵਿਚਾਰ ਵਿੱਚ ਨਹੀਂ ਲਿਆਂਦਾ ਗਿਆ। ਮੌਜੂਦਾ ਪੰਜਾਬ, ਅਣਵੰਡੇ ਪੰਜਾਬ ਦਾ ਉੱਤਰਾਧਿਕਾਰੀ ਰਾਜ ਹੋਣ ਦੇ ਨਾਤੇ, ਯਮੁਨਾ ਦੇ ਪਾਣੀਆਂ ਵਿੱਚ ਹਿੱਸੇ ਦਾ ਹੱਕਦਾਰ ਹੈ।

2. ਅਣਵੰਡੇ ਪੰਜਾਬ ਅਤੇ ਉੱਤਰ ਪ੍ਰਦੇਸ਼ ਦਰਮਿਆਨ ਮਿਤੀ 12.03.1954 ਨੂੰ ਹੋਏ ਸਮਝੌਤੇ ਅਨੁਸਾਰ ਪੰਜਾਬ ਯਮੁਨਾ ਦੇ ਪਾਣੀਆਂ ਦੇ ਦੋ-ਤਿਹਾਈ ਹਿੱਸੇ ਦਾ ਹੱਕਦਾਰ ਸੀ। ਸਾਲ 1966 ਵਿੱਚ ਪੰਜਾਬ ਦੇ ਪੁਨਰਗਠਨ ਕਾਰਨ ਸਿਰਫ਼ ਮੌਜੂਦਾ ਭੂਗੋਲਿਕ ਹੱਦਾਂ ਦੇ ਆਧਾਰ 'ਤੇ ਪੰਜਾਬ ਨੂੰ ਉਸਦੇ ਜਾਇਜ਼ ਹਿੱਸੇ ਤੋਂ ਵਾਂਝਾ ਨਹੀਂ ਕੀਤਾ ਜਾਣਾ ਚਾਹੀਦਾ।

3. ਭਾਰਤ ਸਰਕਾਰ ਵੱਲੋਂ ਗਠਿਤ ਸਿੰਚਾਈ ਕਮਿਸ਼ਨ ਦੀ ਸਾਲ 1972 ਦੀ ਰਿਪੋਰਟ ਵਿੱਚ ਦਰਜ ਕੀਤਾ ਗਿਆ ਹੈ ਕਿ ਮੌਜੂਦਾ ਪੰਜਾਬ ਦੇ ਕੁਝ ਖੇਤਰ ਯਮੁਨਾ ਬੇਸਿਨ ਵਿੱਚ ਪੈਂਦੇ ਹਨ। ਇਹ ਸਦਨ ਵਿਚਾਰ ਕਰਦਾ ਹੈ ਕਿ ਜੇਕਰ

ਹਰਿਆਣਾ, ਪੰਜਾਬ ਦੇ ਉੱਤਰਾਧਿਕਾਰੀ ਰਾਜ ਵਜੋਂ ਰਾਵੀ-ਬਿਆਸ ਦੇ ਪਾਣੀਆਂ ਉੱਤੇ ਹੱਕ ਦਾ ਦਾਅਵਾ ਕਰ ਸਕਦਾ ਹੈ, ਤਾਂ ਇਸੇ ਤਰ੍ਹਾਂ ਪੰਜਾਬ ਨੂੰ ਵੀ ਯਮੁਨਾ ਦੇ ਪਾਣੀਆਂ ਉੱਤੇ ਆਪਣਾ ਹੱਕ ਦਾ ਦਾਅਵਾ ਕਰਨ ਦਾ ਅਧਿਕਾਰ ਹੈ।

4. ਪੰਜਾਬ ਸਰਕਾਰ ਵੱਲੋਂ ਯਮੁਨਾ ਦੇ ਪਾਣੀਆਂ ਦੀ ਵੰਡ ਸਬੰਧੀ ਵਿਚਾਰ-ਵਟਾਂਦਰੇ ਵਿੱਚ ਪੰਜਾਬ ਨੂੰ ਸ਼ਾਮਲ ਕਰਨ ਲਈ ਭਾਰਤ ਸਰਕਾਰ ਨੂੰ ਲਗਾਤਾਰ ਬੇਨਤੀ ਕਰਦਾ ਰਿਹਾ ਹੈ। ਪਰ ਮਿਤੀ 12.05.1994 ਨੂੰ ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਦਰਮਿਆਨ ਹੋਏ ਸਮਝੌਤੇ (MOU) ਵਿੱਚ ਪੰਜਾਬ ਨੂੰ ਸ਼ਾਮਲ ਨਹੀਂ ਕੀਤਾ ਗਿਆ। ਉਕਤ MOU ਦੀ ਧਾਰਾ 8 ਅਨੁਸਾਰ ਸਾਲ 2025 ਤੋਂ ਬਾਅਦ ਇਸ MOU ਦੀ ਸਮੀਖਿਆ ਕੀਤੀ ਜਾਣੀ ਹੈ। ਇਸ ਲਈ ਹੁਣ ਯਮੁਨਾ ਦੇ ਪਾਣੀਆਂ ਦੀ ਵੰਡ ਦੀ ਸਮੀਖਿਆ ਕਰਦੇ ਹੋਏ ਪੰਜਾਬ ਦੇ ਜਾਇਜ਼ ਹਿੱਸੇ ਨੂੰ ਵੀ ਵਿਚਾਰ ਅਧੀਨ ਲਿਆਂਦਾ ਜਾਣਾ ਚਾਹੀਦਾ ਹੈ।

5. ਪੰਜਾਬ ਸਰਕਾਰ ਨੇ ਮਿਤੀ 25.04.2025 ਨੂੰ ਇੰਟਰ ਸਟੇਟ ਰਿਵਰ ਵਾਟਰ ਡਿਸਪਿਊਟ ਐਕਟ, 1956 ਦੀ ਧਾਰਾ 3 ਅਧੀਨ ਸ਼ਿਕਾਇਤ (complaint) ਦਾਇਰ ਕਰਕੇ ਪੰਜਾਬ ਦੇ ਯਮੁਨਾ ਦੇ ਪਾਣੀਆਂ ਵਿੱਚ ਹਿੱਸੇ ਦਾ ਨਿਰਧਾਰਨ ਕਰਨ ਲਈ ਉਚਿਤ ਟ੍ਰਿਬਿਊਨਲ ਦੇ ਗਠਨ ਦੀ ਮੰਗ ਵੀ ਕੀਤੀ ਹੈ। ਹਾਲਾਂਕਿ, ਇਹ ਮਾਮਲਾ ਅਜੇ ਵੀ ਭਾਰਤ ਸਰਕਾਰ ਕੋਲ ਵਿਚਾਰ ਅਧੀਨ ਹੈ।

6. ਯਮੁਨਾ ਅਣਵੰਡੇ ਪੰਜਾਬ ਦੀਆਂ ਨਦੀਆਂ ਵਿੱਚੋਂ ਇੱਕ ਸੀ, ਪਰ ਪੰਜਾਬ ਨੂੰ ਯਮੁਨਾ ਦੇ ਪਾਣੀਆਂ ਵਿੱਚ ਕੋਈ ਹਿੱਸਾ ਨਹੀਂ ਦਿੱਤਾ ਗਿਆ। ਕੇਂਦਰ ਸਰਕਾਰ ਵੱਲੋਂ ਇੰਟਰ ਸਟੇਟ ਰਿਵਰ ਵਾਟਰ ਡਿਸਪਿਊਟਸ ਐਕਟ, 1956 ਵਿੱਚ ਧਾਰਾ 14 ਜੋੜੀ ਗਈ ਹੈ, ਜਿਸ ਵਿੱਚ ਰਾਵੀ ਅਤੇ ਬਿਆਸ ਦਰਿਆਵਾਂ ਦੇ ਪਾਣੀਆਂ ਦੀ ਵੰਡ ਲਈ ਵਿਵਸਥਾ ਕੀਤੀ ਗਈ। ਪਰ ਯਮੁਨਾ ਨੂੰ ਧਾਰਾ 14 ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ, ਜਿਸ ਕਾਰਨ ਪੰਜਾਬ ਰਾਜ ਨੂੰ ਵੱਡੇ ਪੱਧਰ 'ਤੇ ਨੁਕਸਾਨ ਹੋਇਆ।

7. ਦੇਸ਼ ਦੀਆਂ ਅਨਾਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਪਣਾਏ ਗਏ ਕਣਕ-ਝੋਨੇ ਦੇ ਗਹਿਰੇ ਫਸਲੀ ਚੱਕਰ ਕਾਰਨ ਧਰਤੀ ਹੇਠਲੇ ਪਾਣੀ ਦੇ ਤੇਜ਼ੀ ਨਾਲ ਘਟ ਰਹੇ ਪੱਧਰ ਦੇ ਮੱਦੇਨਜ਼ਰ ਪੰਜਾਬ ਇੱਕ ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਨੂੰ ਲਗਭਗ 52 MAF ਪਾਣੀ ਦੀ ਲੋੜ ਹੈ, ਜਦਕਿ ਪੰਜਾਬ ਰਾਜ ਨੂੰ ਕੇਵਲ ਲਗਭਗ 14.54 MAF ਪਾਣੀ ਉਪਲਬਧ ਕਰਵਾਇਆ ਗਿਆ ਹੈ। ਲਗਭਗ 34 MAF ਦੇ ਕੁੱਲ ਉਪਲਬਧ ਪਾਣੀ ਵਿੱਚੋਂ ਇੱਕ ਵੱਡਾ ਹਿੱਸਾ ਗੁਆਂਢੀ ਰਾਜਾਂ, ਜਿਵੇਂ ਕਿ ਰਾਜਸਥਾਨ ਅਤੇ ਹਰਿਆਣਾ, ਨੂੰ ਦਿੱਤਾ ਗਿਆ ਹੈ। ਇਸ ਤਰ੍ਹਾਂ ਪੰਜਾਬ ਰਾਜ ਲਈ ਕੀਤੀ ਗਈ ਪਾਣੀ ਦੀ ਵੰਡ ਬਹੁਤ ਨਾਕਾਫ਼ੀ ਹੈ। ਗੁਆਂਢੀ ਰਾਜਾਂ ਦਾ ਪੰਜਾਬ ਦੇ ਪਾਣੀਆਂ ਉੱਤੇ ਕੋਈ ਹੱਕ ਨਹੀਂ ਬਣਦਾ, ਫਿਰ ਵੀ ਇਹ ਪਾਣੀ ਉਨ੍ਹਾਂ ਰਾਜਾਂ ਨੂੰ ਵੰਡਿਆ ਗਿਆ ਹੈ। ਪੰਜਾਬ ਦੇ 153 ਵਿੱਚੋਂ 110 ਬਲਾਕ (72%) ਇਸ ਸਮੇਂ Over-exploited ਸ਼੍ਰੇਣੀ ਵਿੱਚ ਹਨ, ਜਦਕਿ ਹਰਿਆਣਾ ਵਿੱਚ ਇਹ ਅੰਕੜਾ 64% ਹੈ। ਧਰਤੀ ਹੇਠਲੇ ਪਾਣੀ ਦੇ ਲਗਾਤਾਰ ਘਟ ਰਹੇ ਪੱਧਰ, ਖੇਤੀਬਾੜੀ ਦੀਆਂ ਵਧ ਰਹੀਆਂ ਲੋੜਾਂ ਅਤੇ ਵਾਤਾਵਰਣ ਸਬੰਧੀ ਚਿੰਤਾਵਾਂ ਦੇ ਮੱਦੇਨਜ਼ਰ ਇਹ ਬਹੁਤ ਜ਼ਰੂਰੀ ਹੈ ਕਿ ਪੰਜਾਬ ਨੂੰ ਯਮੁਨਾ ਦੇ ਪਾਣੀਆਂ ਵਿੱਚ ਉਸਦਾ ਜਾਇਜ਼ ਹਿੱਸਾ

ਦਿੱਤਾ ਜਾਵੇ। ਇਸ ਨਾਲ ਪੰਜਾਬ ਦੀਆਂ ਪਾਣੀ ਸਬੰਧੀ ਲੋੜਾਂ ਪੂਰੀਆਂ ਕਰਨ, ਧਰਤੀ ਹੇਠਲੇ ਪਾਣੀ ਉੱਤੇ ਨਿਰਭਰਤਾ ਘਟਾਉਣ ਅਤੇ ਟਿਕਾਊ ਖੇਤੀਬਾੜੀ ਅਤੇ ਵਾਤਾਵਰਣ ਦੀ ਸੁਰੱਖਿਆ ਵਿੱਚ ਸਹਾਇਤਾ ਮਿਲੇਗੀ।

**ਇਹ ਸਦਨ, ਇਸ ਲਈ, ਹੇਠ ਲਿਖੇ ਅਨੁਸਾਰ ਮਤਾ ਪਾਸ ਕਰਦਾ ਹੈ:-**

1. ਪੰਜਾਬ ਸਰਕਾਰ ਵੱਲੋਂ ਸਾਰੇ ਉਚਿਤ ਮੰਚਾਂ/ਫੋਰਮਾਂ ਦੇ ਸਾਹਮਣੇ ਯਮੁਨਾ ਦੇ ਪਾਣੀਆਂ ਵਿੱਚ ਪੰਜਾਬ ਦੇ ਜਾਇਜ਼ ਅਤੇ ਨਿਆਂਸੰਗਤ ਹਿੱਸੇ ਨੂੰ ਪ੍ਰਾਪਤ ਕਰਨ ਲਈ ਮਾਮਲੇ ਨੂੰ ਮਜ਼ਬੂਤੀ ਨਾਲ ਲਗਾਤਾਰ ਉਠਾਇਆ ਜਾਵੇ।
2. ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਂਦੇ ਹੋਏ ਭਾਰਤ ਸਰਕਾਰ ਦੇ ਜਲ ਸ਼ਕਤੀ ਮੰਤਰਾਲੇ ਨੂੰ ਮਿਤੀ 25.04.2025 ਨੂੰ ਪੰਜਾਬ ਸਰਕਾਰ ਵੱਲੋਂ ਦਾਇਰ ਕੀਤੀ ਗਈ ਸ਼ਿਕਾਇਤ (complaint) 'ਤੇ ਜਲਦੀ ਫ਼ੈਸਲਾ ਕਰਨ ਅਤੇ ਜਿੱਥੇ ਕਾਨੂੰਨ ਅਨੁਸਾਰ ਲੋੜੀਂਦਾ ਹੋਵੇ, ਉਚਿਤ ਵਾਟਰ ਡਿਸਪਿਊਟ ਟ੍ਰਿਬਿਊਨਲ ਦਾ ਗਠਨ ਕਰਨ ਦੀ ਬੇਨਤੀ ਕੀਤੀ ਜਾਵੇ। ਜੇਕਰ ਭਾਰਤ ਸਰਕਾਰ ਵੱਲੋਂ ਰਾਜ ਸਰਕਾਰ ਦੁਆਰਾ ਦਾਇਰ ਕੀਤੀ ਗਈ ਉਕਤ ਸ਼ਿਕਾਇਤ (complaint) 'ਤੇ ਕੋਈ ਫ਼ੈਸਲਾ ਨਹੀਂ ਕੀਤਾ ਜਾਂਦਾ, ਤਾਂ ਰਾਜ ਸਰਕਾਰ ਵੱਲੋਂ ਤੁਰੰਤ ਮਾਨਯੋਗ ਭਾਰਤ ਦੀ ਸੁਪਰੀਮ ਕੋਰਟ ਦੇ ਸਾਹਮਣੇ ਇਸ ਮਾਮਲੇ ਨੂੰ ਉਠਾਇਆ ਜਾਵੇ ਅਤੇ ਯਮੁਨਾ ਦੇ ਪਾਣੀਆਂ ਵਿੱਚ ਪੰਜਾਬ ਦੇ ਹਿੱਸੇ ਦੀ ਰੱਖਿਆ ਅਤੇ ਸੁਰੱਖਿਆ ਲਈ ਸਾਰੇ ਲੋੜੀਂਦੇ ਕਦਮ ਚੁੱਕੇ ਜਾਣ।
3. ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਂਦੇ ਹੋਏ ਭਾਰਤ ਸਰਕਾਰ ਦੇ ਜਲ ਸ਼ਕਤੀ ਮੰਤਰਾਲੇ ਨੂੰ ਮਿਤੀ 12.05.1994 ਦੇ ਸਮਝੌਤੇ (MOU) ਦੀ ਸਮੀਖਿਆ ਕਰਨ ਅਤੇ ਮੌਜੂਦਾ ਸਮੇਂ ਹਰਿਆਣਾ ਨੂੰ ਦਿੱਤੇ ਗਏ ਹਿੱਸੇ ਵਿੱਚੋਂ ਪੰਜਾਬ ਨੂੰ ਯਮੁਨਾ ਦੇ ਪਾਣੀਆਂ ਦਾ ਲਾਭਪਾਤਰੀ ਰਾਜ ਵਜੋਂ ਸ਼ਾਮਲ ਕਰਨ ਦੀ ਬੇਨਤੀ ਕੀਤੀ ਜਾਵੇ।
4. ਇਸ ਮਤੇ ਦੀ ਇੱਕ ਕਾਪੀ ਮਾਣਯੋਗ ਪ੍ਰਧਾਨ ਮੰਤਰੀ, ਭਾਰਤ ਸਰਕਾਰ, ਮਾਣਯੋਗ ਕੇਂਦਰੀ ਜਲ ਸ਼ਕਤੀ ਮੰਤਰੀ ਅਤੇ ਸਾਰੇ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੀ ਕਾਰਵਾਈ ਲਈ ਭੇਜੀ ਜਾਵੇ।''

--------

**RESOLUTION No. 4 REGARDING THE TRANSFER OF ADMINISTRATIVE CONTROL AND MANAGEMENT OF ROPAR, HARIKE AND FEROZEPUR HEADWORKS TO THE GOVERNMENT OF PUNJAB**

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

''1. ਸਾਲ 1966 ਵਿੱਚ ਅਣਵੰਡੇ ਪੰਜਾਬ ਰਾਜ ਦੇ ਪੁਨਰਗਠਨ ਸਮੇਂ ਪੰਜਾਬ ਪੁਨਰਗਠਨ ਐਕਟ, 1966 ਵਿੱਚ ਇੱਕ ਅਸੰਵਿਧਾਨਕ ਵਿਵਸਥਾ ਸ਼ਾਮਲ ਕੀਤੀ ਗਈ, ਜਿਸ ਤਹਿਤ ਇਸ ਦੀ ਧਾਰਾ 79(1)(c) ਅਧੀਨ ਭਾਖੜਾ

ਬਿਆਸ ਮੈਨੇਜਮੈਂਟ ਬੋਰਡ (BBMB) ਨੂੰ ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਵਿਖੇ ਸਿੰਚਾਈ ਹੈੱਡਵਰਕਸ ਦੇ ਪ੍ਰਬੰਧ, ਰੱਖ-ਰਖਾਅ ਅਤੇ ਸੰਚਾਲਨ ਦੀ ਜ਼ਿੰਮੇਵਾਰੀ ਸੌਂਪੀ ਗਈ।

2. ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 79 ਸੰਸਦ ਦੀ ਵਿਧਾਨਕ ਸਮਰੱਥਾ ਤੋਂ ਬਾਹਰ ਹੈ, ਕਿਉਂਕਿ ਭਾਰਤ ਦੇ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ-II (ਰਾਜ ਸੂਚੀ) ਦੀ ਐਂਟਰੀ 17 ਅਧੀਨ ਪੰਜਾਬ ਰਾਜ ਕੋਲ "ਪਾਣੀ" ਨੂੰ ਨਿਯਮਿਤ ਕਰਨ ਸਬੰਧੀ ਵਿਧਾਨਕ ਅਤੇ ਕਾਰਜਕਾਰੀ ਦੋਵੇਂ ਅਧਿਕਾਰ ਹਨ। ਇਸ ਲਈ, ਪੰਜਾਬ ਰਾਜ ਨੂੰ ਆਪਣੇ ਹੈੱਡਵਰਕਸ ਉੱਤੇ ਨਿਯੰਤਰਣ ਰੱਖਣ ਦਾ ਅਧਿਕਾਰ ਹੈ, ਜੋ ਪੂਰੀ ਤਰ੍ਹਾਂ ਇਸਦੇ ਖੇਤਰੀ ਅਧਿਕਾਰ-ਖੇਤਰ ਅੰਦਰ ਸਥਿਤ ਹਨ।

3. ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਵਿਖੇ ਸਥਿਤ ਤਿੰਨੋਂ ਹੈੱਡਵਰਕਸ ਪੰਜਾਬ ਰਾਜ ਦੀ ਭੂਗੋਲਿਕ ਹੱਦ ਅੰਦਰ ਸਥਿਤ ਹਨ ਅਤੇ ਸ਼ੁਰੂ ਤੋਂ ਹੀ ਇਨ੍ਹਾਂ ਦਾ ਭੌਤਿਕ ਨਿਯੰਤਰਣ ਅਤੇ ਸੰਚਾਲਨ ਪੰਜਾਬ ਸਰਕਾਰ ਅਧੀਨ ਰਿਹਾ ਹੈ।

4. ਪੂਰੇ ਭਾਰਤ ਵਿੱਚ ਇਹ ਪ੍ਰਚਲਿਤ ਪ੍ਰਥਾ ਹੈ ਕਿ ਕਿਸੇ ਰਾਜ ਦੇ ਖੇਤਰੀ ਅਧਿਕਾਰ-ਖੇਤਰ ਅੰਦਰ ਸਥਿਤ ਹੈੱਡਵਰਕਸ/ਬੈਰਾਜਾਂ ਦੀ ਮਲਕੀਅਤ, ਸੰਚਾਲਨ ਅਤੇ ਪ੍ਰਬੰਧ ਉਸੇ ਰਾਜ ਵੱਲੋਂ ਕੀਤਾ ਜਾਂਦਾ ਹੈ, ਭਾਵੇਂ ਉਨ੍ਹਾਂ ਰਾਹੀਂ ਹੋਰ ਰਾਜਾਂ ਨੂੰ ਵੀ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੋਵੇ। ਅਜਿਹੇ ਹੈੱਡਵਰਕਸ ਵਿੱਚ ਹਥਨੀਕੁੰਡ ਬੈਰਾਜ (ਹਰਿਆਣਾ), ਕੋਟਾ ਬੈਰਾਜ (ਰਾਜਸਥਾਨ), ਓਖਲਾ ਬੈਰਾਜ (ਦਿੱਲੀ), ਨਾਰਾਇਣਪੁਰ ਬੈਰਾਜ (ਕਰਨਾਟਕ), ਹੀਰਾਕੁੰਡ ਡੈਮ (ਓਡੀਸ਼ਾ), ਗਾਲੂਡੀਹ ਬੈਰਾਜ (ਝਾਰਖੰਡ) ਅਤੇ ਲੋਅਰ ਸਿਲੇਰੂ ਹੈੱਡਵਰਕਸ (ਆਂਧਰਾ ਪ੍ਰਦੇਸ਼) ਸ਼ਾਮਲ ਹਨ।

5. ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਹੈੱਡਵਰਕਸ ਨੂੰ ਪੰਜਾਬ ਦੇ ਹਵਾਲੇ ਕੀਤੇ ਜਾਣ ਨਾਲ ਹਰਿਆਣਾ ਦੇ ਹਿੱਤ ਪ੍ਰਭਾਵਿਤ ਨਹੀਂ ਹੁੰਦੇ, ਕਿਉਂਕਿ ਇਨ੍ਹਾਂ ਹੈੱਡਵਰਕਸ ਰਾਹੀਂ ਹਰਿਆਣਾ ਨੂੰ ਕੋਈ ਪਾਣੀ ਸਪਲਾਈ ਨਹੀਂ ਕੀਤਾ ਜਾਂਦਾ। ਹਰੀਕੇ ਹੈੱਡਵਰਕਸ ਵਿਖੇ ਰਾਜਸਥਾਨ ਦੇ ਹਿੱਸੇ ਦੇ ਪਾਣੀ ਦਾ ਨਿਯਮਨ ਕੀਤਾ ਜਾਂਦਾ ਹੈ, ਪਰ ਸਾਲ 2003 ਤੋਂ ਅਜਿਹੇ ਪ੍ਰਬੰਧ ਕੀਤੇ ਗਏ ਹਨ, ਜਿਨ੍ਹਾਂ ਤਹਿਤ ਹਰੀਕੇ ਹੈੱਡਵਰਕਸ ਵਿਖੇ ਪੰਜਾਬ, ਰਾਜਸਥਾਨ ਅਤੇ BBMB ਦੇ ਨੁਮਾਇੰਦਿਆਂ ਵੱਲੋਂ ਸਾਂਝੇ ਤੌਰ 'ਤੇ ਪਾਣੀ ਦੇ ਨਿਰੀਖਣ/ਰੀਡਿੰਗਾਂ ਕੀਤੀਆਂ ਜਾਂਦੀਆਂ ਹਨ।

6. ਇਨ੍ਹਾਂ ਹੈੱਡਵਰਕਸ ਦੇ ਸੰਚਾਲਨ ਲਈ ਖਾਸ ਕਰਕੇ ਹੜ੍ਹਾਂ ਦੌਰਾਨ ਸਥਾਨਕ ਹਾਲਾਤਾਂ ਦੀ ਜਾਣਕਾਰੀ ਅਤੇ ਸਮਝ ਦੀ ਲੋੜ ਹੁੰਦੀ ਹੈ। ਅਜਿਹੇ ਸਮੇਂ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਜਾਨ-ਮਾਲ ਅਤੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਲਈ ਤੁਰੰਤ ਲੋੜੀਂਦੇ ਕਦਮ ਚੁੱਕਣੇ ਪੈਂਦੇ ਹਨ।

7. ਪੰਜਾਬ ਸਰਕਾਰ ਨੇ ਪੰਜਾਬ ਪੁਨਰਗਠਨ ਐਕਟ, 1966 ਦੀਆਂ ਧਾਰਾਵਾਂ 78 ਅਤੇ 79 ਦੀ ਸੰਵਿਧਾਨਕ ਵੈਧਤਾ ਨੂੰ ਮਾਣਯੋਗ ਭਾਰਤ ਦੀ ਸੁਪਰੀਮ ਕੋਰਟ ਵਿੱਚ ਜੁਲਾਈ 2007 ਵਿੱਚ ਦਾਇਰ ਕੀਤੇ ਗਏ ਸਿਵਲ ਸੂਟ ਨੰਬਰ 2 ਆਫ਼ 2007 ਰਾਹੀਂ ਚੁਣੌਤੀ ਦਿੱਤੀ ਹੈ, ਜੋ ਇਸ ਸਮੇਂ ਮਾਣਯੋਗ ਅਦਾਲਤ ਦੇ ਵਿਚਾਰ ਅਧੀਨ ਹੈ।

8. ਇਸ ਲਈ, ਇਹ ਵਿਚਾਰਦੇ ਹੋਏ ਕਿ ਉਕਤ ਹੈੱਡਵਰਕਸ ਪੰਜਾਬ ਰਾਜ ਦੀ ਭੂਗੋਲਿਕ ਹੱਦ ਅੰਦਰ ਸਥਿਤ ਹਨ ਅਤੇ ਰਾਜ ਸਰਕਾਰ ਆਪਣੇ ਲੋਕਾਂ ਅਤੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ, ਇਸ ਲਈ, ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਹੈੱਡਵਰਕਸ ਦਾ ਪ੍ਰਬੰਧ, ਰੱਖ-ਰਖਾਅ ਅਤੇ ਸੰਚਾਲਨ ਪੰਜਾਬ ਸਰਕਾਰ ਕੋਲ ਹੀ ਰਹਿਣਾ ਚਾਹੀਦਾ ਹੈ।

**ਇਹ ਸਦਨ, ਇਸ ਲਈ, ਸਰਬਸੰਮਤੀ ਨਾਲ ਹੇਠ ਲਿਖੇ ਅਨੁਸਾਰ ਮਤਾ ਪਾਸ ਕਰਦਾ ਹੈ:-**

1. ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਂਦੇ ਹੋਏ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾਵੇ ਕਿ ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 79(1)(c) ਵਿੱਚ ਢੁਕਵੀਂ ਸੋਧ ਕੀਤੀ ਜਾਵੇ, ਤਾਂ ਜੋ ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਵਿਖੇ ਸਿੰਚਾਈ ਹੈੱਡਵਰਕਸ ਦਾ ਪ੍ਰਬੰਧ, ਰੱਖ-ਰਖਾਅ ਅਤੇ ਸੰਚਾਲਨ ਸਥਾਈ ਤੌਰ 'ਤੇ ਪੰਜਾਬ ਸਰਕਾਰ ਦੇ ਅਧਿਕਾਰ-ਖੇਤਰ ਅਤੇ ਨਿਯੰਤਰਣ ਅਧੀਨ ਰਹੇ। ਇਹ ਪ੍ਰਬੰਧ ਦੇਸ਼ ਦੇ ਹੋਰ ਹਿੱਸਿਆਂ ਵਿੱਚ ਸਥਿਤ ਉਨ੍ਹਾਂ ਹੈੱਡਵਰਕਸ ਦੀ ਤਰਜ਼ 'ਤੇ ਹੋਵੇ, ਜਿਨ੍ਹਾਂ ਦਾ ਨਿਯੰਤਰਣ ਉਨ੍ਹਾਂ ਰਾਜ ਸਰਕਾਰਾਂ ਕੋਲ ਹੈ, ਜਿਨ੍ਹਾਂ ਦੇ ਖੇਤਰੀ ਅਧਿਕਾਰ-ਖੇਤਰ ਵਿੱਚ ਉਹ ਹੈੱਡਵਰਕਸ ਸਥਿਤ ਹਨ।
2. ਕਿਉਂਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਪੁਨਰਗਠਨ ਐਕਟ, 1966 ਦੀਆਂ ਧਾਰਾਵਾਂ 78 ਅਤੇ 79 ਦੀ ਸੰਵਿਧਾਨਕ ਵੈਧਤਾ ਨੂੰ ਪਹਿਲਾਂ ਹੀ ਮਾਣਯੋਗ ਭਾਰਤ ਦੀ ਸੁਪਰੀਮ ਕੋਰਟ ਦੇ ਸਾਹਮਣੇ ਚੁਣੌਤੀ ਦਿੱਤੀ ਜਾ ਚੁੱਕੀ ਹੈ, ਇਸ ਲਈ ਪੰਜਾਬ ਸਰਕਾਰ ਵੱਲੋਂ ਉਕਤ ਮਾਮਲੇ ਦੀ ਮਾਣਯੋਗ ਸੁਪਰੀਮ ਕੋਰਟ ਦੇ ਸਾਹਮਣੇ ਮਜ਼ਬੂਤੀ ਨਾਲ ਪੈਰਵੀ ਕੀਤੀ ਜਾਵੇ।
3. ਇਹ ਸਦਨ ਅੱਗੇ ਇਹ ਵੀ ਮਤਾ ਪਾਸ ਕਰਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਹੈੱਡਵਰਕਸ ਦਾ ਸੁਰੱਖਿਅਤ ਅਤੇ ਕੁਸ਼ਲ ਸੰਚਾਲਨ ਯਕੀਨੀ ਬਣਾਉਣਾ ਅਤੇ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਲਗਾਤਾਰ ਯਕੀਨੀ ਬਣਾਇਆ ਜਾਵੇਗਾ।
4. ਇਸ ਮਤੇ ਦੀ ਇੱਕ ਕਾਪੀ ਮਾਣਯੋਗ ਪ੍ਰਧਾਨ ਮੰਤਰੀ, ਭਾਰਤ ਸਰਕਾਰ, ਮਾਣਯੋਗ ਕੇਂਦਰੀ ਗ੍ਰਹਿ ਮੰਤਰੀ, ਮਾਣਯੋਗ ਕੇਂਦਰੀ ਬਿਜਲੀ/ਜਲ ਸ਼ਕਤੀ ਮੰਤਰੀ, ਭਾਰਤ ਸਰਕਾਰ ਅਤੇ ਸਾਰੇ ਸਬੰਧਤ ਮੰਤਰਾਲਿਆਂ, ਵਿਭਾਗਾਂ ਅਤੇ ਅਥਾਰਟੀਆਂ ਨੂੰ ਇਸ ਮਾਮਲੇ ਵਿੱਚ ਉਚਿਤ ਅਤੇ ਲੋੜੀਂਦੀ ਕਾਰਵਾਈ ਕਰਨ ਲਈ ਭੇਜੀ ਜਾਵੇ।''

----

**RESOLUTION No. 5 REAFFIRMING THE PUNJAB LEGISLATIVE ASSEMBLY'S OPPOSITION TO THE DAM SAFETY ACT, 2021, AND DEMANDING ITS REPEAL ON CONSTITUTIONAL AND FEDERAL GROUNDS**

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

‘‘1. ਪੰਜਾਬ ਵਿਧਾਨ ਸਭਾ ਵੱਲੋਂ ਮਿਤੀ 5 ਮਈ, 2025 ਨੂੰ ਸਰਬਸੰਮਤੀ ਨਾਲ ਹੇਠ ਲਿਖਿਆ ਮਤਾ ਪਾਸ ਕੀਤਾ ਗਿਆ ਸੀ:

" ਕਿ ਇਹ ਸਦਨ ਡੈਮ ਸੇਫਟੀ ਐਕਟ 2021 ਨੂੰ ਪੰਜਾਬ ਦੇ ਅਧਿਕਾਰਾਂ ਉੱਪਰ ਹਮਲਾ ਸਮਝਦਾ ਹੈ। ਇਹ ਕਾਨੂੰਨ ਪੂਰੀ ਤਰ੍ਹਾਂ ਕੇਂਦਰ ਸਰਕਾਰ ਨੂੰ ਤਾਕਤ ਦਿੰਦਾ ਹੈ ਕਿ ਉਹ ਰਾਜਾਂ ਦੀਆਂ ਨਦੀਆਂ ਅਤੇ ਬੰਨ੍ਹਾਂ ਉੱਪਰ ਸਿੱਧਾ ਕੰਟਰੋਲ ਕਰ ਸਕੇ ਭਾਵੇਂ ਕਿ ਇਹ ਬੰਨ੍ਹ ਪੂਰੀ ਤਰ੍ਹਾਂ ਰਾਜ ਦੀ ਸੀਮਾ ਦੇ ਅੰਦਰ ਹਨ। ਇਹ ਭਾਰਤ ਦੇ ਸੰਵਿਧਾਨਿਕ ਢਾਂਚੇ ਦੇ ਬਿਲਕੁਲ ਖਿਲਾਫ਼ ਹੈ ਅਤੇ ਪੰਜਾਬ ਰਾਜ ਨੂੰ ਪਾਣੀ ਉੱਪਰ ਮਿਲੇ ਸੰਵਿਧਾਨਿਕ ਅਧਿਕਾਰਾਂ ਉੱਪਰ ਸਿੱਧਾ ਹਮਲਾ ਹੈ। ਇਸ ਲਈ ਇਹ ਸਦਨ ਕੇਂਦਰ ਨੂੰ ਮੰਗ ਕਰਦਾ ਹੈ ਕਿ ਡੈਮ ਸੇਫਟੀ ਐਕਟ 2021 ਨੂੰ ਤੁਰੰਤ ਰੱਦ ਕਰੇ ਅਤੇ ਪੰਜਾਬ ਸਰਕਾਰ ਇਸ ਕਾਨੂੰਨ ਨੂੰ ਪੂਰੀ ਤਰ੍ਹਾਂ ਅਸਵੀਕਾਰ ਕਰਦੀ ਹੈ ।’’

2. ਪੰਜਾਬ ਵਿਧਾਨ ਸਭਾ ਵੱਲੋਂ ਮਿਤੀ 5 ਮਈ, 2025 ਨੂੰ ਉਪਰੋਕਤ ਸਰਬਸੰਮਤੀ ਨਾਲ ਮਤਾ ਪਾਸ ਕੀਤੇ ਜਾਣ ਦੇ ਬਾਵਜੂਦ, ਭਾਰਤ ਸਰਕਾਰ ਵੱਲੋਂ ਇਸ ਸਬੰਧੀ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ ਅਤੇ ਨਾ ਹੀ ਹੁਣ ਤੱਕ ਕੀਤੀ ਗਈ ਕਾਰਵਾਈ ਬਾਰੇ ਰਾਜ ਸਰਕਾਰ ਨੂੰ ਕੋਈ ਸੂਚਨਾ ਦਿੱਤੀ ਗਈ ਹੈ। ਇਸ ਦੇ ਨਾਲ ਹੀ, ਪੰਜਾਬ ਰਾਜ ਨੂੰ ਇਸ ਐਕਟ ਅਧੀਨ ਨਿਰਧਾਰਤ ਕਾਨੂੰਨੀ ਲੋੜਾਂ ਦੀ ਪਾਲਣਾ ਕਰਨ ਲਈ ਵੀ ਕਿਹਾ ਜਾ ਰਿਹਾ ਹੈ।

3. ਪੰਜਾਬ ਵਿਧਾਨ ਸਭਾ ਦਾ ਇਹ ਸੁਵਿਚਾਰਿਤ ਮਤ ਹੈ ਕਿ ਭਾਰਤ ਦੇ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਰਾਜ ਸੂਚੀ ਦੀ ਐਂਟਰੀ 17 ਅਨੁਸਾਰ, ਪਾਣੀ, ਜਿਸ ਵਿੱਚ ਜਲ ਸਪਲਾਈ, ਸਿੰਚਾਈ ਅਤੇ ਨਹਿਰਾਂ, ਨਿਕਾਸੀ ਅਤੇ ਬੰਨ੍ਹ, ਜਲ ਭੰਡਾਰਨ ਅਤੇ ਜਲ-ਬਿਜਲੀ ਸ਼ਾਮਲ ਹਨ, ਰਾਜ ਦਾ ਵਿਸ਼ਾ ਹੈ। ਪੰਜਾਬ ਰਾਜ ਦੇ ਖੇਤਰੀ ਅਧਿਕਾਰ ਖੇਤਰ ਵਿੱਚ ਸਥਿਤ ਡੈਮ ਜਲ ਭੰਡਾਰਨ ਦੇ ਢਾਂਚੇ ਹਨ ਅਤੇ ਇਸ ਲਈ ਇਨ੍ਹਾਂ ਡੈਮਾਂ ਦਾ ਸੰਚਾਲਨ ਅਤੇ ਰੱਖ-ਰਖਾਅ ਵੀ ਕੇਵਲ ਰਾਜ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਹੀ ਹੋਣਾ ਚਾਹੀਦਾ ਹੈ। ਇਸ ਲਈ, ਡੈਮ ਸੁਰੱਖਿਆ ਐਕਟ, 2021 ਦੇ ਉਪਬੰਧ ਭਾਰਤ ਦੇ ਸੰਵਿਧਾਨ ਦੀ ਭਾਵਨਾ ਅਤੇ ਵਿਵਸਥਾਵਾਂ ਦੇ ਉਲਟ ਹਨ ਅਤੇ ਇਨ੍ਹਾਂ ’ਤੇ ਮੁੜ ਵਿਚਾਰ ਕਰਕੇ ਐਕਟ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ।

4. ਰਾਜ ਦਾ ਮੰਨਣਾ ਹੈ ਕਿ ਅਜਿਹੇ ਉਪਬੰਧ ਭਾਰਤ ਦੇ ਸੰਵਿਧਾਨ ਅਧੀਨ ਵਿਧਾਨਕ ਅਤੇ ਕਾਰਜਕਾਰੀ ਸ਼ਕਤੀਆਂ ਦੀ ਸੰਘੀ ਵੰਡ ਅਤੇ ਰਾਜਾਂ ਦੇ ਸੰਵਿਧਾਨਕ ਅਧਿਕਾਰ ਖੇਤਰ ਵਿੱਚ ਆਉਂਦੇ ਮਾਮਲਿਆਂ ਸਬੰਧੀ ਉਨ੍ਹਾਂ ਦੀ ਖੁਦਮੁਖਤਿਆਰੀ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦੇ ਹਨ।

**ਉਪਰੋਕਤ ਦੇ ਮੱਦੇਨਜ਼ਰ:**

(i) ਇਹ ਸਦਨ ਡੈਮ ਸੁਰੱਖਿਆ ਐਕਟ, 2021 ਸਬੰਧੀ ਪੰਜਾਬ ਵਿਧਾਨ ਸਭਾ ਵੱਲੋਂ ਮਿਤੀ 5 ਮਈ, 2025 ਨੂੰ ਪਾਸ ਕੀਤੇ ਗਏ ਸਰਬਸੰਮਤੀ ਵਾਲੇ ਮਤੇ ਨੂੰ ਮੁੜ ਦੁਹਰਾਉਂਦਾ ਅਤੇ ਉਸ ਦੀ ਪੁਸ਼ਟੀ ਕਰਦਾ ਹੈ।

(ii) ਇਹ ਸਦਨ ਮੰਨਦਾ ਹੈ ਕਿ ਪੰਜਾਬ ਦੇ ਖੇਤਰੀ ਅਧਿਕਾਰ ਖੇਤਰ ਵਿੱਚ ਪੂਰੀ ਤਰ੍ਹਾਂ ਸਥਿਤ ਡੈਮਾਂ ਦੇ ਸਬੰਧ ਵਿੱਚ ਡੈਮ ਸੁਰੱਖਿਆ ਐਕਟ, 2021 ਨੂੰ ਲਗਾਤਾਰ ਲਾਗੂ ਕਰਨਾ ਅਤੇ ਇਸ ਨੂੰ ਲਾਗੂ ਕਰਵਾਉਣਾ ਰਾਜ ਦੇ ਸੰਵਿਧਾਨਕ ਅਧਿਕਾਰਾਂ, ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦਾ ਹੈ।

(iii) ਇਸ ਲਈ, ਇਹ ਸਦਨ ਪੰਜਾਬ ਸਰਕਾਰ ਦੇ ਸਟੈਂਡ ਨੂੰ ਮੁੜ ਦੁਹਰਾਉਂਦਾ ਹੈ ਅਤੇ ਡੈਮ ਸੁਰੱਖਿਆ ਐਕਟ, 2021 ਨੂੰ ਇਸ ਹੱਦ ਤੱਕ ਰੱਦ ਕਰਦਾ ਹੈ, ਜਿਸ ਹੱਦ ਤੱਕ ਇਸ ਦੇ ਉਪਬੰਧ ਪੰਜਾਬ ਰਾਜ ਦੇ ਸੰਵਿਧਾਨਕ ਅਧਿਕਾਰਾਂ, ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਵਿੱਚ ਦਖ਼ਲਅੰਦਾਜ਼ੀ ਕਰਨ ਵਾਲੇ ਮੰਨੇ ਜਾਂਦੇ ਹਨ।

(iv) ਇਸ ਲਈ, ਇਹ ਸਦਨ ਭਾਰਤ ਸਰਕਾਰ ਤੋਂ ਮੰਗ ਕਰਦਾ ਹੈ ਕਿ ਡੈਮ ਸੁਰੱਖਿਆ ਐਕਟ, 2021 ਨੂੰ ਤੁਰੰਤ ਰੱਦ ਕੀਤਾ ਜਾਵੇ।

----

**RESOLUTION No. 6 REGARDING RECOVERY OF THE COST OF RIVER WATERS SUPPLIED BY PUNJAB TO RAJASTHAN AND PAYMENT OF WATER CHARGES TO THE STATE OF PUNJAB**

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

"**1.** ਸਤਲੁਜ, ਰਾਵੀ ਅਤੇ ਬਿਆਸ ਦਰਿਆ ਪੰਜਾਬ ਰਾਜ ਦੇ ਖੇਤਰ ਵਿੱਚ ਵਹਿੰਦੇ ਹਨ। ਇਨ੍ਹਾਂ ਵਿੱਚੋਂ ਕੋਈ ਵੀ ਦਰਿਆ ਰਾਜਸਥਾਨ ਰਾਜ ਨੂੰ ਨਾ ਤਾਂ ਛੂੰਹਦਾ ਹੈ ਅਤੇ ਨਾ ਹੀ ਇਸ ਵਿੱਚੋਂ ਲੰਘਦਾ ਹੈ। ਇਸ ਲਈ, ਰਾਜਸਥਾਨ ਇਨ੍ਹਾਂ ਵਿੱਚੋਂ ਕਿਸੇ ਵੀ ਦਰਿਆ ਦੇ ਸਬੰਧ ਵਿੱਚ ਦਰਿਆਈ ਹੱਕਾਂ ਵਾਲਾ ਰਾਜ (Riparian State) ਨਹੀਂ ਹੈ। ਇਸ ਦੇ ਬਾਵਜੂਦ, ਇਨ੍ਹਾਂ ਦਰਿਆਵਾਂ ਦੇ ਪਾਣੀਆਂ ਦਾ ਇੱਕ ਵੱਡਾ ਹਿੱਸਾ ਕਈ ਦਹਾਕਿਆਂ ਤੋਂ ਰਾਜਸਥਾਨ ਨੂੰ ਸਪਲਾਈ ਕੀਤਾ ਜਾ ਰਿਹਾ ਹੈ।

**2.** ਸਾਲ 1920 ਦੇ ਸਮਝੌਤੇ ਤਹਿਤ ਸਤਲੁਜ ਦਰਿਆ ਦਾ ਪਾਣੀ ਬੀਕਾਨੇਰ ਨਹਿਰ ਰਾਹੀਂ ਉਸ ਸਮੇਂ ਦੇ ਬੀਕਾਨੇਰ ਰਾਜ (ਜੋ ਹੁਣ ਰਾਜਸਥਾਨ ਦਾ ਹਿੱਸਾ ਹੈ) ਨੂੰ ਸਪਲਾਈ ਕੀਤਾ ਜਾਂਦਾ ਸੀ। ਉਸ ਸਮਝੌਤੇ ਦੀ ਧਾਰਾ 13 ਅਨੁਸਾਰ, ਬੀਕਾਨੇਰ ਰਾਜ ਵੱਲੋਂ ਸਪਲਾਈ ਕੀਤੇ ਗਏ ਪਾਣੀ ਦੇ ਬਦਲੇ ਪੰਜਾਬ ਸਰਕਾਰ ਨੂੰ ਜਲ-ਰਾਇਲਟੀ (Seigniorage) ਅਦਾ ਕਰਨੀ ਲਾਜ਼ਮੀ ਸੀ ਅਤੇ ਇਹ ਖਰਚੇ ਅਸਲ ਵਿੱਚ ਪੰਜਾਬ ਸਰਕਾਰ ਨੂੰ ਅਦਾ ਵੀ ਕੀਤੇ ਜਾਂਦੇ ਰਹੇ ਸਨ।

**3.** ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਰਾਜ ਹੈ ਅਤੇ ਆਪਣੀਆਂ ਖੇਤੀਬਾੜੀ ਲੋੜਾਂ ਲਈ ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀਆਂ 'ਤੇ ਨਿਰਭਰ ਕਰਦਾ ਹੈ। ਦੇਸ਼ ਦੀ ਅਨਾਜ ਦੀ ਲੋੜ ਪੂਰੀ ਕਰਨ ਲਈ ਪੰਜਾਬ ਨੇ ਆਪਣੇ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਹੈ। ਮੌਜੂਦਾ ਸਮੇਂ ਵਿੱਚ ਪੰਜਾਬ ਦੇ 153 ਬਲਾਕਾਂ ਵਿੱਚੋਂ

110 ਬਲਾਕਾਂ ਵਿੱਚ ਧਰਤੀ ਹੇਠਲੇ ਪਾਣੀ ਦੀ ਵਰਤੋਂ ਨਿਰਧਾਰਤ ਸੀਮਾ ਤੋਂ ਵੱਧ ਹੋ ਚੁੱਕੀ ਹੈ। ਰਾਜਸਥਾਨ ਨੂੰ ਸਪਲਾਈ ਕੀਤਾ ਜਾਣ ਵਾਲਾ ਪਾਣੀ ਉਹ ਪਾਣੀ ਹੈ, ਜਿਸ ਨੂੰ ਪੰਜਾਬ ਨੂੰ ਆਪਣੇ ਖੇਤਾਂ ਦੀ ਸਿੰਚਾਈ ਲਈ ਛੱਡਣਾ ਪਿਆ ਹੈ।

**4.** ਦੂਜੇ ਪਾਸੇ, ਰਾਜਸਥਾਨ ਇਨ੍ਹਾਂ ਪਾਣੀਆਂ ਦੀ ਵਰਤੋਂ ਸਿੰਚਾਈ, ਪੀਣ ਵਾਲੇ ਪਾਣੀ ਦੀ ਸਪਲਾਈ, ਰਿਫਾਇਨਰੀਆਂ ਸਮੇਤ ਉਦਯੋਗਾਂ ਅਤੇ ਹੋਰ ਵਪਾਰਕ ਉਦੇਸ਼ਾਂ ਲਈ ਕਰਦਾ ਹੈ । ਰਾਜਸਥਾਨ ਇਸ ਪਾਣੀ ਦੀ ਵਰਤੋਂ ਲਈ ਲੋਕਾਂ ਤੋਂ ਜਲ-ਖਰਚੇ ਵਸੂਲ ਕਰਦਾ ਹੈ ਅਤੇ ਇਸ ਤੋਂ ਮਾਲੀਆ ਵੀ ਕਮਾਉਂਦਾ ਹੈ। ਇਹ ਨਾ ਤਾਂ ਨਿਆਂਸੰਗਤ ਹੈ ਅਤੇ ਨਾ ਹੀ ਵਾਜਬ ਕਿ ਰਾਜਸਥਾਨ ਨੂੰ ਪੰਜਾਬ ਤੋਂ ਇਹ ਪਾਣੀ ਮੁਫ਼ਤ ਮਿਲੇ ਅਤੇ ਉਹ ਇਸ ਤੋਂ ਮਾਲੀਆ ਵੀ ਕਮਾਵੇ, ਪਰ ਜਿਸ ਰਾਜ ਦੇ ਦਰਿਆਵਾਂ ਤੋਂ ਇਹ ਪਾਣੀ ਆਉਂਦਾ ਹੈ, ਉਸ ਨਾਲ ਇਸ ਦਾ ਕੋਈ ਲਾਭ ਸਾਂਝਾ ਨਾ ਕੀਤਾ ਜਾਵੇ।

**5.** ਜਲ ਸਰੋਤ ਵਿਭਾਗ ਨੇ ਆਪਣੇ ਪੱਤਰਾਂ ਮਿਤੀ 18.03.2026 ਅਤੇ 04.05.2026 ਅਤੇ ਮੰਗ ਨੋਟਿਸ ਮਿਤੀ 10.08.2026 ਰਾਹੀਂ ਰਾਜਸਥਾਨ ਸਰਕਾਰ ਨੂੰ ਸਪਲਾਈ ਕੀਤੇ ਗਏ ਦਰਿਆਈ ਪਾਣੀਆਂ ਦੀ ਕੀਮਤ ਅਦਾ ਕਰਨ ਲਈ ਕਿਹਾ ਹੈ। ਪਰ ਰਾਜਸਥਾਨ ਸਰਕਾਰ ਨੇ ਹੁਣ ਤੱਕ ਨਾ ਤਾਂ ਇਸ ਸਬੰਧੀ ਕੋਈ ਜਵਾਬ ਦਿੱਤਾ ਹੈ ਅਤੇ ਨਾ ਹੀ ਕੋਈ ਅਦਾਇਗੀ ਕੀਤੀ ਹੈ।

**ਇਸ ਲਈ, ਇਹ ਸਦਨ ਮਤਾ ਪਾਸ ਕਰਦਾ ਹੈ ਕਿ:**

1. ਰਾਜਸਥਾਨ ਸਰਕਾਰ ਨੂੰ ਕਿਹਾ ਜਾਵੇ ਕਿ ਉਹ ਪੰਜਾਬ ਰਾਜ ਨੂੰ ਸਪਲਾਈ ਕੀਤੇ ਗਏ ਦਰਿਆਈ ਪਾਣੀਆਂ ਦੀ ਕੀਮਤ ਅਦਾ ਕਰਨ ਸਬੰਧੀ ਆਪਣੀ ਦੇਣਦਾਰੀ ਨੂੰ ਸਵੀਕਾਰ ਕਰੇ ਅਤੇ ਪੰਜਾਬ ਸਰਕਾਰ ਵੱਲੋਂ ਮੰਗੀ ਗਈ ਰਕਮ ਦੀ ਅਦਾਇਗੀ ਕਰੇ।

2. ਭਾਰਤ ਸਰਕਾਰ ਦੇ ਜਲ ਸ਼ਕਤੀ ਮੰਤਰਾਲੇ ਨੂੰ ਬੇਨਤੀ ਕੀਤੀ ਜਾਵੇ ਕਿ 29.01.1955 ਦੇ ਸਮਝੌਤੇ ਦੇ ਪੈਰ੍ਹਾ 5 ਵਿੱਚ ਅਣਸੁਲਝੇ ਛੱਡੇ ਗਏ ਪਾਣੀ ਦੀ ਕੀਮਤ ਦੇ ਮੁੱਦੇ ਨੂੰ ਤੁਰੰਤ ਵਿਚਾਰ ਅਧੀਨ ਲਿਆਂਦਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਪੰਜਾਬ ਵੱਲੋਂ ਰਾਜਸਥਾਨ ਨੂੰ ਸਪਲਾਈ ਕੀਤੇ ਗਏ ਪਾਣੀਆਂ ਦੀ ਕੀਮਤ ਪੰਜਾਬ ਰਾਜ ਨੂੰ ਅਦਾ ਕੀਤੀ ਜਾਵੇ।

3. ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾਵੇ ਕਿ ਭਵਿੱਖ ਵਿੱਚ ਪੰਜਾਬ ਵੱਲੋਂ ਰਾਜਸਥਾਨ ਨੂੰ ਸਪਲਾਈ ਕੀਤੇ ਜਾਣ ਵਾਲੇ ਪਾਣੀਆਂ ਦੀ ਕੀਮਤ ਹਰ ਸਾਲ ਪੰਜਾਬ ਰਾਜ ਨੂੰ ਅਦਾ ਕੀਤੇ ਜਾਣਾ ਯਕੀਨੀ ਬਣਾਇਆ ਜਾਵੇ।

4. ਪੰਜਾਬ ਸਰਕਾਰ ਇਸ ਮਾਮਲੇ ਨੂੰ ਸਾਰੇ ਉਚਿਤ ਮੰਚਾਂ 'ਤੇ ਪੁਰਜ਼ੋਰ ਢੰਗ ਨਾਲ ਉਠਾਵੇ ਅਤੇ ਰਾਜਸਥਾਨ ਨੂੰ ਸਪਲਾਈ ਕੀਤੇ ਗਏ ਦਰਿਆਈ ਪਾਣੀਆਂ ਦੀ ਕੀਮਤ ਵਸੂਲਣ ਲਈ ਭਾਰਤ ਦੇ ਸੰਵਿਧਾਨ ਅਤੇ ਕਾਨੂੰਨ ਅਧੀਨ ਉਪਲਬਧ ਸਾਰੇ ਕਦਮ ਚੁੱਕੇ।

5. ਇਸ ਮਤੇ ਦੀ ਇੱਕ ਕਾਪੀ ਲੋੜੀਂਦੀ ਕਾਰਵਾਈ ਲਈ ਮਾਣਯੋਗ ਪ੍ਰਧਾਨ ਮੰਤਰੀ, ਭਾਰਤ ਸਰਕਾਰ, ਮਾਣਯੋਗ ਕੇਂਦਰੀ ਗ੍ਰਹਿ ਮੰਤਰੀ, ਮਾਣਯੋਗ ਕੇਂਦਰੀ ਜਲ ਸ਼ਕਤੀ ਮੰਤਰੀ ਅਤੇ ਮਾਣਯੋਗ ਮੁੱਖ ਮੰਤਰੀ, ਰਾਜਸਥਾਨ ਨੂੰ ਭੇਜੀ ਜਾਵੇ।''

-----

**RESOLUTION No. 7 REGARDING THE UTILISATION OF RAVI RIVER WATERS FLOWING INTO PAKISTAN DOWNSTREAM OF MADHOPUR HEADWORKS AND THE EARLY EXECUTION OF THE UJH MULTIPURPOSE PROJECT AND THE 2ND RAVI-BEAS LINK PROJECT**

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ-

'1. ਰਾਵੀ ਦਰਿਆ 'ਤੇ ਮਾਧੋਪੁਰ ਹੈੱਡਵਰਕਸ ਭਾਰਤ ਵਿੱਚ ਆਖਰੀ ਕੌਮਾਂਤਰੀ ਹੈੱਡਵਰਕਸ ਹੈ। ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਦਰਿਆ ਕੌਮਾਂਤਰੀ ਸਰਹੱਦ ਦੇ ਨਾਲ-ਨਾਲ ਅਤੇ ਇਸ ਨੂੰ ਪਾਰ ਕਰਦਾ ਹੋਇਆ ਪਾਕਿਸਤਾਨ ਵਿੱਚ ਦਾਖਲ ਹੁੰਦਾ ਹੈ।

2. ਰਾਵੀ ਦਰਿਆ ਰਾਹੀਂ ਪਾਕਿਸਤਾਨ ਵਿੱਚ ਜਾਣ ਵਾਲਾ ਪਾਣੀ ਉੱਝ, ਤਰਨਾਹ, ਬਸੰਤਰ ਅਤੇ ਹੋਰ ਨਦੀਆਂ-ਨਾਲਿਆਂ ਦਾ ਪਾਣੀ ਹੈ, ਜੋ ਜੰਮੂ-ਕਸ਼ਮੀਰ ਵਿੱਚੋਂ ਨਿਕਲਦੇ ਹਨ ਅਤੇ ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਰਾਵੀ ਦਰਿਆ ਵਿੱਚ ਮਿਲਦੇ ਹਨ। ਸਰਹੱਦ ਪਾਰ ਕਰਨ ਤੋਂ ਪਹਿਲਾਂ ਇਸ ਪਾਣੀ ਨੂੰ ਸਟੋਰ ਕਰਨ ਜਾਂ ਮੋੜਨ ਲਈ ਕੋਈ ਢਾਂਚਾ ਮੌਜੂਦ ਨਹੀਂ ਹੈ। ਇਸ ਤੋਂ ਇਲਾਵਾ, ਸਮਤਲ ਭੂ-ਭਾਗ (flat terrain) ਅਤੇ ਕੌਮਾਂਤਰੀ ਸਰਹੱਦ ਦੀ ਸਥਿਤੀ ਕਾਰਨ ਇਸ ਖੇਤਰ ਵਿੱਚ ਪੰਜਾਬ ਅੰਦਰ ਪਾਣੀ ਸਟੋਰ ਕਰਨ ਲਈ ਕੋਈ ਭੰਡਾਰਨ (storage) ਢਾਂਚਾ ਨਹੀਂ ਬਣਾਇਆ ਜਾ ਸਕਦਾ।

3. ਗੈਰ-ਮਾਨਸੂਨ (non-monsoon) ਸਮੇਂ ਦੌਰਾਨ ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਪਾਣੀ ਦਾ ਵਹਾਅ ਪੰਜਾਬ ਵਿੱਚ ਪੈਂਦੇ ਮੀਂਹ ਦੇ ਸਥਾਨਕ ਪਾਣੀ ਤੱਕ ਸੀਮਤ ਰਹਿੰਦਾ ਹੈ। ਇਸ ਪਾਣੀ ਨੂੰ ਸਟੋਰ ਨਹੀਂ ਕੀਤਾ ਜਾ ਸਕਦਾ ਅਤੇ ਹੈੱਡਵਰਕਸ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਇਸ ਨੂੰ ਹੇਠਾਂ ਵੱਲ ਛੱਡਣਾ ਪੈਂਦਾ ਹੈ। ਸਾਲ 2016 ਤੋਂ 2025 ਤੱਕ ਦੇ ਦਸ ਸਾਲਾਂ ਦੌਰਾਨ ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਦਰਜ ਕੀਤਾ ਗਿਆ ਔਸਤ ਸਾਲਾਨਾ ਵਹਾਅ 0.62 ਮਿਲੀਅਨ ਏਕੜ ਫੁੱਟ (MAF) ਸੀ, ਜਿਸ ਵਿੱਚ 0.50 ਮਿਲੀਅਨ ਏਕੜ ਫੁੱਟ (ਲਗਭਗ 80 ਫੀਸਦੀ) ਮਾਨਸੂਨ ਦੇ ਹੜ੍ਹਾਂ ਦਾ ਪਾਣੀ ਸੀ। ਬਾਕੀ ਪਾਣੀ ਸਥਾਨਕ ਵਰਖਾ ਦੇ ਵਹਾਅ ਦਾ ਸੀ, ਜਿਸ ਨੂੰ ਸਟੋਰ ਕਰਨਾ ਸੰਭਵ ਨਹੀਂ ਸੀ।

4. ਪੰਜਾਬ ਸਰਕਾਰ ਨੇ ਆਪਣੇ ਪੱਤਰਾਂ ਮਿਤੀ 23.12.2022, 18.05.2023, 13.02.2024, 29.05.2024, 06.11.2024, 13.01.2025, 19.02.2025, 15.05.2025, 23.06.2025, 28.01.2026, 02.03.2026 ਅਤੇ 07.04.2026 ਰਾਹ ਭਾਰਤ ਸਰਕਾਰ, ਹਰਿਆਣਾ ਅਤੇ ਰਾਜਸਥਾਨ ਦੀਆਂ ਸਰਕਾਰਾਂ ਅਤੇ ਭਾਖੜਾ ਬਿਆਸ ਪ੍ਰਬੰਧਨ

ਬੋਰਡ (BBMB) ਨੂੰ ਵਾਰ-ਵਾਰ ਲਿਖਤੀ ਰੂਪ ਵਿੱਚ ਜਾਣੂ ਕਰਵਾਇਆ ਹੈ ਕਿ ਪੰਜਾਬ ਵਾਲੇ ਪਾਸੇ ਤੋਂ ਕੋਈ ਵੀ ਪਾਣੀ ਅਜਾਈਂ ਪਾਕਿਸਤਾਨ ਵੱਲ ਨਹੀਂ ਜਾ ਰਿਹਾ।

5. ਇਸ ਲਈ, ਇਨ੍ਹਾਂ ਨਦੀਆਂ-ਨਾਲਿਆਂ ਤੋਂ ਨਿਕਲਣ ਵਾਲੇ ਅਤੇ ਪਾਕਿਸਤਾਨ ਵੱਲ ਵਹਿ ਜਾਣ ਵਾਲੇ ਪਾਣੀ ਲਈ ਪੰਜਾਬ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਣਾ ਚਾਹੀਦਾ।

ਇਸ ਲਈ, ਇਹ ਸਦਨ ਮਤਾ ਪਾਸ ਕਰਦਾ ਹੈ ਕਿ-

1. ਇਹ ਸਦਨ ਇਸ ਗੱਲ ਨੂੰ ਰਿਕਾਰਡ ਤੇ ਲਿਆਂਦਾ ਹੈ ਕਿ ਰਾਵੀ ਦਰਿਆ ਰਾਹੀਂ ਪਾਕਿਸਤਾਨ ਵੱਲ ਵਹਿਣ ਵਾਲਾ ਪਾਣੀ ਉੱਝ ਦਿਰਆ ਅਤੇ ਹੋਰ ਨਦੀਆਂ-ਨਾਲਿਆਂ ਦਾ ਹੈ, ਜੋ ਜੰਮੂ-ਕਸ਼ਮੀਰ ਵਿੱਚ ਨਿਕਲਦੇ ਹਨ ਅਤੇ ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਰਾਵੀ ਦਰਿਆ ਵਿੱਚ ਮਿਲਦੇ ਹਨ।
2. ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉੱਝ ਬਹੁ-ਮੰਤਵੀ ਪ੍ਰਾਜੈਕਟ ਨੂੰ ਤਰਜੀਹ ਦੇ ਆਧਾਰ 'ਤੇ ਲਾਗੂ ਕੀਤਾ ਜਾਵੇ ਅਤੇ ਇਸ ਦੇ ਪਾਣੀਆਂ ਨੂੰ ਰਣਜੀਤ ਸਾਗਰ ਡੈਮ ਵੱਲ ਮੋੜਿਆ ਜਾਵੇ, ਤਾਂ ਜੋ ਇਸ ਪਾਣੀ ਨੂੰ ਸਟੋਰ ਕਰਕੇ ਪੰਜਾਬ ਅੰਦਰ ਹੀ ਪੂਰੀ ਤਰਾਂ ਵਰਿਤਆ ਜਾ ਸਕੇ।
3. ਕੇਂਦਰੀ ਜਲ ਕਮਿਸ਼ਨ (CWC) ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਦੂਜੇ ਰਾਵੀ-ਬਿਆਸ ਲਿੰਕ (2nd Ravi Beas Link) ਪ੍ਰਾਜੈਕਟ ਨੂੰ ਜਲਦ ਤੋਂ ਜਲਦ ਪ੍ਰਵਾਨਗੀ ਦਿੱਤੀ ਜਾਵੇ ਤਾਂ ਜੋ ਉੱਝ ਤੋਂ ਹੇਠਾਂ ਸਰਹੱਦ ਪਾਰ ਵਹਿਣ ਵਾਲੀ ਪਾਣੀ ਨੂੰ ਪੰਜਾਬ ਦੇ ਖੇਤਰਾਂ ਵੱਲੋਂ ਮੋੜਿਆ ਜਾ ਸਕੇ।

4. ਇਸ ਮਤੇ ਦੀ ਇੱਕ ਕਾਪੀ ਲੋੜ ਦੀ ਕਾਰਵਾਈ ਲਈ ਮਾਣਯੋਗ ਪ੍ਰਧਾਨ ਮੰਤਰੀ, ਭਾਰਤ ਸਰਕਾਰ, ਮਾਣਯੋਗ ਕੇਂਦਰੀ ਗ੍ਰਹਿ ਮੰਤਰੀ, ਮਾਣਯੋਗ ਕੇਂਦਰੀ ਜਲ ਸ਼ਕਤੀ ਮੰਤਰੀ ਅਤੇ ਕੇਂਦਰੀ ਜਲ ਕਮਿਸ਼ਨ ਦੇ ਚੇਅਰਮੈਨ ਨੂੰ ਭੇਜੀ ਜਾਵੇ।''

---

**ਮਾਣਯੋਗ ਸਪੀਕਰ**: ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਨ੍ਹਾਂ ਸਾਰੇ ਸਰਕਾਰੀ ਮਤਿਆਂ ਨੂੰ ਇਕੱਠਿਆਂ ਹੀ ਬਹਿਸ ਲਈ ਲੈ ਲਿਆ ਜਾਵੇ ਅਤੇ ਇਨ੍ਹਾਂ ਤੇ ਵੋਟਿੰਗ ਵੱਖਰੀ-ਵੱਖਰੀ ਕਰਵਾ ਲਈ ਜਾਵੇ?

(**ਆਵਾਜ਼ਾਂ**: ਹਾਂ ਜੀ, ਹਾਂ ਜੀ।)

**ਜਲ ਸਰੋਤ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ)** : ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਜੋ ਪਹਿਲਾ ਮਤਾ ਯਮੁਨਾ ਦੇ ਪਾਣੀਆਂ ਬਾਰੇ ਲਿਆਂਦਾ ਗਿਆ ਹੈ, ਇਸ ਸਬੰਧ ਵਿੱਚ ਪੰਜਾਬ ਨਾਲ ਜਿੱਡਾ ਵੱਡਾ ਧੱਕਾ ਹੋ ਸਕਦਾ ਸੀ, ਉਨਾ ਧੱਕਾ ਹੋਇਆ ਹੈ। ਯਮੁਨਾ ਵਿੱਚੋਂ 9 ਐਮ.ਏ.ਐਫ. ਪਾਣੀ, ਜਿਸ ਵਿੱਚ ਐਗਰੀਮੈਂਟ ਦੇ ਤਹਿਤ 2/3 ਹਿੱਸਾ ਪੰਜਾਬ ਦਾ ਅਤੇ 1/3 ਹਿੱਸਾ ਯੂ.ਪੀ. ਦਾ ਸੀ। ਉਸ ਤੋਂ ਬਾਅਦ ਗੌਰਮਿੰਟ ਆਫ ਇੰਡੀਆ ਦੇ ਇਰੀਗੇਸ਼ਨ ਕਮਿਸ਼ਨ ਨੇ

1972 ਵਿੱਚ ਰਿਪੋਰਟ ਦਿੱਤੀ ਸੀ ਕਿ ਪੰਜਾਬ ਦਾ ਕੁਝ ਹਿੱਸਾ ਯਮੁਨਾ ਬੇਸਿਨ ਨਾਲ ਲਗਦਾ ਹੈ। ਸਰ, ਸੰਨ 1966 ਵਿੱਚ ਜਦੋਂ ਰੀ-ਆਰਗੇਨਾਈਜੇਸ਼ਨ ਐਕਟ ਬਣਿਆ ਸੀ, ਯਮੁਨਾ ਦੇ ਪਾਣੀ ਦਾ ਹਿੱਸਾ ਸਾਨੂੰ ਨਹੀਂ ਦਿੱਤਾ ਗਿਆ ਅਤੇ ਸਾਡਾ ਰਾਵੀ ਤੇ ਬਿਆਸ ਦਰਿਆ ਦਾ ਹਿੱਸਾ ਹਰਿਆਣਾ ਨੂੰ ਦੇ ਦਿੱਤਾ ਗਿਆ। ਸੋ, ਇਸ ਤੋਂ ਵੱਡਾ ਧੱਕਾ ਕੀ ਹੋ ਸਕਦਾ ਹੈ ਕਿ ਯੁਮਨਾ ਦੇ ਪਾਣੀਆਂ ਦਾ ਸਮਝੌਤਾ ਪੰਜਾਬ ਨਾਲ ਸਾਲ 1954 ਵਿੱਚ ਹੋਇਆ ਸੀ ਅਤੇ ਉਸ ਸਮਝੌਤੇ ਦੇ ਤਹਿਤ ਸਾਰਾ ਪਾਣੀ ਸਪਲਾਈ ਹੁੰਦਾ ਸੀ। ਸਰ, ਜੇ ਇੱਕ ਪਰਿਵਾਰ ਵਿੱਚ ਦੋ ਭਰਾ ਹਨ ਅਤੇ ਜੇ ਉਹ ਅੱਡ ਹੋ ਗਏ ਤਾਂ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਉਸ ਦੀ ਜ਼ਮੀਨ ਨੂੰ ਉਸ ਮੋਟਰ ਦਾ ਪਾਣੀ ਨਹੀਂ ਲੱਗ ਸਕਦਾ? ਸਾਡਾ ਪਾਣੀ ਤਾਂ ਹਰਿਆਣੇ ਨੂੰ ਦੇ ਦਿੱਤਾ ਗਿਆ ਅਤੇ ਨਾਲ ਹੀ ਸਾਨੂੰ ਹੁਣ ਕਹਿ ਰਹੇ ਹਨ ਕਿ ਜਦੋਂ 1966 ਦਾ ਰੀ-ਆਰਗੇਨਾਈਜੇਸ਼ਨ ਐਕਟ ਬਣਿਆ ਸੀ ਤਾਂ ਉਸ ਵਿੱਚ ਯਮੁਨਾ ਦਾ ਜ਼ਿਕਰ ਨਹੀਂ ਹੈ। ਸਰ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਯਮੁਨਾ ਦਾ ਜ਼ਿਕਰ ਨਹੀਂ ਹੈ ਤਾਂ ਰੀ-ਆਰਗੇਨਾਈਜੇਸ਼ਨ ਐਕਟ ਵਿੱਚ ਕਿਤੇ ਵੀ ਰਾਵੀ ਦਾ ਜ਼ਿਕਰ ਨਹੀਂ ਹੈ। ਜੇ ਯਮੁਨਾ ਦਾ ਪਾਣੀ ਸਾਨੂੰ ਨਹੀਂ ਦੇਣਾ ਤਾਂ ਫਿਰ ਰਾਵੀ ਦਾ ਪਾਣੀ ਕਿਸ ਤਰ੍ਹਾਂ ਲੈ ਸਕਦੇ ਹਨ? ਦੂਜੀ ਗੱਲ ਇਹ ਹੈ ਕਿ ਰੀ-ਆਰਗੇਨਾਈਜੇਸ਼ਨ ਤੋਂ ਪਹਿਲਾ ਸਾਡੇ ਚਾਰ ਦਰਿਆ- ਰਾਵੀ, ਬਿਆਸ, ਸਤਲੁਜ ਤੇ ਯਮੁਨਾ ਸਨ। ਅਸੀਂ ਕਹਿੰਦੇ ਹਾਂ ਕਿ ਇਸ ਬਾਰੇ ਬੈਠ ਕੇ ਹਿਸਾਬ ਕਰ ਲੈਣ, ਯਮੁਨਾ ਦੇ ਪਾਣੀ ਦੀ 60:40 ਦੀ ਰੇਸ਼ੋ ਹੋਈ ਹੈ ਅਤੇ ਹਰ ਇੱਕ ਚੀਜ਼ 60:40 ਦੀ ਰੇਸ਼ੋ ਨਾਲ ਵੰਡੀ ਗਈ ਹੈ। ਯਮੁਨਾ ਦੇ ਪਾਣੀ ਦਾ ਜਿੰਨਾ ਸਾਡਾ ਹਿੱਸਾ ਬਣਦਾ ਹੈ, ਜਿੰਨਾ ਯਮੁਨਾ ਦੇ ਪਾਣੀ ਵਿੱਚੋਂ ਸਾਡਾ 60 ਪੈਸਿਆਂ ਦਾ ਹਿੱਸਾ ਬਣਦਾ ਹੈ, ਉਹ ਸਾਨੂੰ ਦੇ ਦੇਣ ਅਤੇ ਜਿਹੜਾ ਰਾਵੀ-ਬਿਆਸ ਵਿੱਚ ਇਹ ਆਪਣਾ ਹਿੱਸਾ ਕਹਿੰਦੇ ਹਨ ਤਾਂ ਉਹ ਇਸ ਰੇਸ਼ੋ ਦੇ ਹਿਸਾਬ ਨਾਲ ਪਾਣੀ ਲੈ ਲੈਣ ਅਤੇ ਬੈਠ ਕੇ ਹਿਸਾਬ ਕਰ ਲੈਣ। ਸਾਡਾ ਪਾਣੀ ਵੱਧ ਹੈ ਤਾਂ ਸਾਨੂੰ ਦੇ ਦੇਣ ਅਤੇ ਜੇਕਰ ਸਾਡੇ ਕੋਲੋਂ ਵਾਧੂ ਪਾਣੀ ਨਿਕਲਦਾ ਹੈ ਤਾਂ ਸਾਡੇ ਕੋਲੋਂ ਪਾਣੀ ਲੈ ਲੈਣ। ਸੋ, ਇਹ ਬਹੁਤ ਵੱਡੀ ਬੇਇਨਸਾਫੀ ਪੰਜਾਬ ਨਾਲ ਕੀਤੀ ਗਈ ਹੈ। ਉਸ ਪੰਜਾਬ ਨਾਲ ਕੀਤੀ ਗਈ ਹੈ ਜਿਸ ਪੰਜਾਬ ਨੇ ਦੇਸ਼ ਦੀ ਅਜ਼ਾਦੀ ਵਿੱਚ ਸਭ ਤੋਂ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ ਅਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਦੂਜੇ ਦੇਸ਼ਾਂ ਤੋਂ ਅਨਾਜ ਉਧਾਰ ਮੰਗਦੇ ਫਿਰਦੇ ਸੀ ਤਾਂ ਇਸ ਚੈਲੰਜ ਨੂੰ ਪੰਜਾਬ ਦੇ ਬਹਾਦਰ ਲੋਕਾਂ ਨੇ ਕਬੂਲ ਕੀਤਾ। ਪੰਜਾਬ ਦੇ ਬਹਾਦਰ ਲੋਕਾਂ ਨੇ ਦੇਸ਼ ਦੇ ਭੰਡਾਰਨ ਵਿੱਚ ਆਪਣਾ ਵੱਡਾ ਯੋਗਦਾਨ ਪਾ ਕੇ ਜਿੱਥੇ ਆਪਣੇ ਦੇਸ਼ ਨੂੰ ਆਤਮ-ਨਿਰਭਰ ਕੀਤਾ ਉੱਥੇ ਹੀ ਦੂਜੇ ਦੇਸ਼ਾਂ ਨੂੰ ਅਨਾਜ ਭੇਜਣ ਲੱਗ ਪਏ। ਸਾਡਾ ਸੂਬਾ ਖੇਤੀ ਪ੍ਰਧਾਨ ਸੂਬਾ ਹੈ ਅਤੇ ਸਾਡਾ ਸਭ ਤੋਂ ਜ਼ਿਆਦਾ 94% ਪਾਣੀ ਖੇਤੀ ਤੇ ਖਰਚ ਹੁੰਦਾ ਹੈ। ਖੇਤੀ ਲਈ ਪਾਣੀ ਦੀ ਲੋੜ ਹੈ। ਸਾਡਾ ਪਾਣੀ ਖੋਹ ਲਿਆ ਗਿਆ, ਇੱਕ ਵਾਰੀ ਨਹੀਂ ਸਗੋਂ ਕਦਮ ਕਦਮ ਤੇ ਪਾਣੀ ਖੋਹ ਲਿਆ ਗਿਆ। ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਬੇਸ਼ੱਕ ਸਾਡੇ 153 ਬਲਾਕ ਹਨ, 110 ਬਲਾਕ ਡਾਰਕ ਜ਼ੋਨ, over exploited zone ਵਿੱਚ ਚਲੇ ਗਏ ਹਨ।

**1350/Pawan sharma**

ਉੱਥੇ ਪਾਣੀ ਦੀ ਹਾਲਤ ਬਹੁਤ ਖਰਾਬ ਹੋ ਗਈ ਪਰ ਫਿਰ ਵੀ ਇਨ੍ਹਾਂ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ ਬੇਸ਼ੱਕ ਪੰਜਾਬ ਸਰਕਾਰ ਨੇ ਸਾਡੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਨੇ ਕਿਹਾ ਸੀ ਕਿ ਅਸੀਂ ਨਹਿਰੀ ਪਾਣੀ ਟੇਲਾਂ ਤੱਕ ਪਹੁੰਚਾ ਕੇ ਧਰਤੀ ਹੇਠਲਾ ਪਾਣੀ ਬਚਾਉਣਾ ਹੈ। ਅਸੀਂ ਆਪਣੇ efforts ਦੇ ਨਾਲ 71 ਬਲਾਕ ਸੀ, ਉਹ over exploited ਦੇ ਵਿੱਚੋਂ ਉਨ੍ਹਾਂ ਜ਼ੋਨਾਂ ਵਿੱਚ ਸੁਧਾਰ ਹੋਇਆ ਤੇ ਅੱਜ ਜਿਹੜਾ ਪੰਜਾਬ ਹੈ, ਸਾਡੀ ਜ਼ਮੀਨ 2 ਪਰਸੈਂਟ ਤੋਂ

ਘੱਟ ਹੈ। ਸਾਡੀ ਦੇਸ਼ ਦੇ 2 ਪਰਸੈਂਟ ਤੋਂ ਘੱਟ ਜ਼ਮੀਨ ਹੈ ਪਰ ਸਰ ਅਸੀਂ ਕਣਕ ਕਿੰਨੀ ਦਿੰਦੇ ਹਾਂ, ਸੈਂਟਰ ਪੂਲ ਵਿੱਚ 48 ਪਰਸੈਂਟ ਕਣਕ ਪੰਜਾਬ ਦੇ ਰਿਹਾ ਹੈ। ਅਸੀਂ 21 ਪਰਸੈਂਟ ਰਾਈਸ ਦਿੰਦੇ ਹਾਂ। ਫਿਰ ਸਾਡੇ ਨਾਲ ਧੱਕਾ, ਜਿਹੜੀ ਧਰਤੀ ਸਾਡੀ 2 ਪਰਸੈਂਟ ਹੈ ਪਰ ਅਸੀਂ abstraction ਜਿਹੜੀ 162 ਪਰਸੈਂਟ ਸੀ, 152 ਪਰਸੈਂਟ ਤੇ ਲੈ ਕੇ ਆਏ ਹਾਂ। ਪਰ ਇਹ ਫਿਰ ਵੀ ਪੂਰੇ ਦੇਸ਼ ਵਿੱਚ ਸਭ ਤੋਂ ਵੱਧ ਹੈ। ਹਰਿਆਣੇ ਵਿੱਚ 64 ਪਰਸੈਂਟ ਹੈ। ਸੋ, ਇਹ ਇੰਨੇ ਵੱਡੇ ਧੱਕੇ ਜਿਹੜਾ ਯਮੁਨਾ ਦਾ ਪਾਣੀ ਨਾ ਦੇ ਕੇ ਸਾਡੇ ਨਾਲ ਕੀਤੇ ਜਾ ਰਹੇ ਹਨ, ਇਹ ਬਹੁਤ ਵੱਡੀ ਬੇਇਨਸਾਫ਼ੀ ਹੈ, ਜਿਸ ਦੀ ਅਸੀਂ ਨਿੰਦਾ ਵੀ ਕਰਦੇ ਹਾਂ, ਮਤਾ ਲੈ ਆਏ ਹਾਂ। ਸਾਨੂੰ ਪਾਣੀ 52 ਐਮ.ਏ.ਐਫ. ਪਾਣੀ ਚਾਹੀਦਾ ਹੈ ਪਰ ਸਾਡੇ ਕੋਲ ਪਾਣੀ ਨਹੀਂ ਹੈ ਅਤੇ ਅਸੀਂ ਧਰਤੀ ਹੇਠਲੇ ਪਾਣੀ ਤੇ ਨਿਰਭਰ ਕਰਦੇ ਹਾਂ। ਸੋ, ਸਾਡਾ ਹੱਕ ਬਣਦਾ ਹੈ ਕਿ ਯਮੁਨਾ ਦੇ ਪਾਣੀ ਦੇ ਵਿੱਚੋਂ ਸਾਡਾ ਬਣਦਾ ਹਿੱਸਾ ਦਿੱਤਾ ਜਾਵੇ ਤੇ ਜਿਹੜੀ ਇਨ੍ਹਾਂ ਨੇ ਹਮੇਸ਼ਾ ਸਾਡੇ ਨਾਲ ਇੱਕ ਬਹੁਤ ਵੱਡੀ ਬੇਇਨਸਾਫੀ ਕੀਤੀ ਹੈ, ਉਹ ਬੇਇਨਸਾਫੀ ਬੰਦ ਕੀਤੀ ਜਾਵੇ। ਪੰਜਾਬ, ਜਿਹੜਾ ਦੇਸ਼ ਦਾ ਤਾਜ ਹੈ, ਉਸ ਪੰਜਾਬ ਨੂੰ ਬਣਦਾ ਇਨਸਾਫ ਦਿੱਤਾ ਜਾਵੇ।

ਸਰ, ਜਿਹੜਾ ਦੂਜਾ ਸਾਡਾ ਮਤਾ ਹੈ, ਇਹ ਹੈਰਾਨੀ ਦੀ ਹੱਦ ਨਹੀਂ ਕਿ ਸਾਡੇ ਬੈਰਾਜ, ਹੈੱਡਵਰਕਜ਼ ਰੋਪੜ, ਹਰਿਕੇ, ਫਿਰੋਜ਼ਪੁਰ, ਜਿਨ੍ਹਾਂ ਦਾ ਕਿਸੇ ਨਾਲ ਕੋਈ ਮਤਲਬ ਨਹੀਂ, ਉਨ੍ਹਾਂ ਦਾ ਪ੍ਰਬੰਧ ਵੀ ਬੀ.ਬੀ.ਐੱਮ.ਬੀ. ਨੂੰ ਦੇ ਦਿੱਤਾ ਗਿਆ ਹੈ। ਬੀ.ਬੀ.ਐੱਮ.ਬੀ. ਦਾ ਉੱਥੇ ਕੀ ਮਤਲਬ ਰਹਿ ਗਿਆ ਹੈ।

*1.52 ਵਜੇ ਬਾਅਦ ਦੁਪਹਿਰ)                (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸਰ, ਜਿਹੜੇ ਦੂਜੇ ਸੂਬੇ ਹਨ, ਜਿਹੜੇ ਉੱਥੇ ਬੈਰਾਜ ਹਨ, ਖਾਸ ਤੌਰ ਤੇ ਮੈਂ ਹਥਨੀਕੁੰਡ ਬੈਰਾਜ ਬਾਰੇ ਦੱਸਣਾ ਚਾਹਾਂਗਾ ਕਿ ਉਨ੍ਹਾਂ ਦਾ ਪ੍ਰਬੰਧ ਹਰਿਆਣੇ ਕੋਲ ਹੈ। ਜਿੰਨੇ ਦੂਜੇ 8-9 ਅਲੱਗ ਅਲੱਗ ਸਟੇਟਾਂ ਵਿੱਚ ਬੈਰਾਜ ਹਨ, ਉਨ੍ਹਾਂ ਦਾ ਪ੍ਰਬੰਧ ਵੀ ਉਨ੍ਹਾਂ ਸਟੇਟਾਂ ਕੋਲ ਹੈ ਪਰ ਪੰਜਾਬ ਦੇ ਨਾਲ ਧੱਕਾ ਕਿਉਂ ਕੀਤਾ ਜਾ ਰਿਹਾ ਹੈ। ਪੰਜਾਬ ਦੇ ਬੈਰਾਜ ਤੋਂ ਕਿਸੇ ਦੂਜੇ ਸੂਬੇ ਨੂੰ ਪਾਣੀ ਨਹੀਂ ਜਾਂਦਾ, ਕਿਸੇ ਸੂਬੇ ਨਾਲ ਕੋਈ ਲਿੰਕ ਨਹੀਂ, ਪਰ ਇੱਥੇ ਵੀ ਇਨ੍ਹਾਂ ਦਾ ਕੰਟਰੋਲ ਬੀ.ਬੀ.ਐਮ.ਬੀ. ਨੂੰ ਦਿੱਤਾ ਜਾ ਰਿਹਾ ਹੈ। ਪਾਣੀ ਤਾਂ ਅਸੀਂ ਸੰਭਾਲਣਾ ਹੈ, ਦਰਿਆ ਸਾਡੇ ਹਨ, ਬੈਰਾਜ ਸਾਡੇ ਸਨ, ਸਭ ਕੁਝ ਸਾਡਾ ਹੈ, ਪਰ ਪਾਣੀਆਂ ਸਬੰਧੀ ਫੈਸਲੇ ਬੀ.ਬੀ.ਐਮ.ਬੀ. ਕਰਦੀ ਹੈ। ਪਾਣੀ ਛੱਡਣਾ, ਨਹੀਂ ਛੱਡਣਾ, ਸਟੋਰ ਕਰਨਾ ਹੈ, ਕੀ ਕਰਨਾ ਹੈ, ਇਹ ਸਾਰੀਆਂ ਗੱਲਾਂ ਬੀ.ਬੀ.ਐਮ.ਬੀ. ਤੇ ਡਿਪੈਂਡ ਹੋ ਗਈਆਂ ਹਨ। ਇਸ ਗੱਲ ਦਾ ਮਤਲਬ ਕੀ ਹੈ। ਇੰਨਾ ਵੱਡਾ ਧੱਕਾ ਕਿਉਂ ਸਾਡੇ ਨਾਲ ਕੀਤਾ ਜਾ ਰਿਹਾ ਹੈ। ਪਾਣੀ ਸਾਡਾ ਹੈ, ਅਸੀਂ ਸਾਂਭਣਾ ਹੈ ਅਤੇ ਅੱਗੇ ਵੀ ਅਸੀਂ ਸਪਲਾਈ ਕਰਨਾ ਹੈ। ਇਹ ਬਹੁਤ ਵੱਡਾ ਧੱਕਾ ਇਨ੍ਹਾਂ ਨੇ ਸਾਡੇ ਨਾਲ ਕੀਤਾ ਹੈ। ਸਰ, ਇਹ ਰੱਖ ਰਖਾਅ ਆਪਣੇ ਕਾਂਸਟੀਚਿਊਸ਼ਨ, ਸੰਘੀ ਢਾਂਚੇ ਲਈ ਬਹੁਤ ਵੱਡਾ ਖਤਰਾ ਹੈ, ਫੈਡਰਲ ਸਿਸਟਮ ਲਈ ਖਤਰਾ ਹੈ। ਸਰ, ਇਹ ਕਾਂਸਟੀਚਿਊਸ਼ਨ ਦੀ ਕਾਪੀ ਹੈ, ਇਸ ਦੇ ਵਿੱਚ ਜੋ ਰਾਜ ਦੀ ਸੂਚੀ ਹੈ, ਜਿੱਥੇ ਰਾਜਾਂ ਦਾ ਅਧਿਕਾਰ ਹੈ, ਉਸ ਵਿੱਚ ਵਰਣਨ ਹੈ ਕਿ ਇਹ ਰਾਜ ਦੀ ਸੂਚੀ ਹੈ, ਪਰ ਉਹ ਸਾਰੀਆਂ ਚੀਜ਼ਾਂ ਨੂੰ ਪਿੱਛੇ ਛੱਡੀ ਜਾਂਦੇ ਹਨ, ਸਾਰਿਆਂ ਤੇ ਦਖ਼ਲਅੰਦਾਜ਼ੀ ਕਰੀ ਜਾਂਦੇ ਹਨ। ਇਹ ਆਪਣੇ ਹੀ ਦਿੱਲੀ ਵਿੱਚ ਬੈਠ ਕੇ ਦਿੱਲੀ ਵਿੱਚ ਹੀ ਜਿਹੜੇ ਕਾਨੂੰਨ, ਸੰਵਿਧਾਨ

ਬਣੇ ਹਨ, ਉਨ੍ਹਾਂ ਦੇ ਵਿਰੁੱਧ ਕੰਮ ਕਰੀ ਜਾ ਰਹੇ ਹਨ ਅਤੇ ਪੰਜਾਬ ਦੇ ਨਾਲ ਹਰ ਕਦਮ ਤੇ ਧੱਕਾ ਕਰੀ ਜਾ ਰਹੇ ਹਨ। ਸੋ, ਸਰ ਇਸ ਕਰਕੇ ਜਿਹੜਾ ਇਹ ਮਤਾ ਅਸੀਂ ਲੈ ਕੇ ਆਏ ਹਾਂ ਕਿਉਂਕਿ ਜਿਹੜੀ ਧਾਰਾ 79 ਦੀ ਸਬ ਕਲਾਜ਼ 1 ਦੀ ਸਬ ਕਲਾਜ਼ 'C' ਹੈ, ਇਹ ਜਿਹੜੀ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ, ਅਸੀਂ ਚੁਣੌਤੀ ਵੀ ਦਿੱਤੀ ਹੋਈ ਹੈ ਤੇ ਇਸ ਧਾਰਾ ਦੇ ਤਹਿਤ ਜੋ ਧੱਕੇਸ਼ਾਹੀ ਅਤੇ ਬੇਇਨਸਾਫ਼ੀ ਪੰਜਾਬ ਦੇ ਨਾਲ ਹੋ ਰਹੀ ਹੈ, ਸਰ ਇਸ ਨੂੰ ਖਤਮ ਕਰਕੇ ਪੰਜਾਬ ਦੇ ਨਾਲ ਇਨਸਾਫ਼ ਕੀਤਾ ਜਾਵੇ ਅਤੇ ਜਿਹੜਾ ਪੰਜਾਬ ਸਰਕਾਰ ਦਾ ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਉੱਪਰ ਰਾਈਟ ਬਣਦਾ ਹੈ, ਇਹ ਸਾਨੂੰ ਦਿੱਤਾ ਜਾਵੇ।

**1355/Beant kaur**

ਖਾਸ ਕਰਕੇ ਉਸ ਸਮੇਂ ਤੇ ਜਦੋਂ ਹੜ੍ਹਾਂ ਵਾਲੀ ਸਥਿਤੀ ਬਣ ਜਾਂਦੀ ਹੈ, ਉਸ ਸਮੇਂ ਵੀ ਸਾਨੂੰ ਸੈਂਟਰ ਗੌਰਮਿੰਟ ਨੂੰ ਪੁੱਛਣਾ ਪੈਂਦਾ ਹੈ, ਬੀਬੀਐਮਬੀ ਨੂੰ ਪੁੱਛਣਾ ਪੈਂਦਾ ਹੈ। ਬੀਬੀਐਮਬੀ ਮੀਟਿੰਗਾਂ ਹੀ ਨਹੀਂ ਕਰਦੀ, ਹਫ਼ਤੇ-ਹਫ਼ਤੇ ਦਾ ਟਾਈਮ ਲੈ ਲੈਂਦੀ ਹੈ। ਸੋ, ਪੰਜਾਬ ਨਾਲ ਇਹ ਬਹੁਤ ਵੱਡੀ ਬੇਇਨਸਾਫ਼ੀ ਕੀਤੀ ਗਈ ਹੈ। ਇਸ ਖਿਲਾਫ਼ ਅਸੀਂ ਮਤਾ ਲੈ ਕੇ ਆਏ ਹਾਂ।

ਤੀਜਾ, ਸਾਡੇ ਡੈਮਾਂ ਤੇ ਧੱਕੇ ਨਾਲ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਕਿਉਂ ਹੋ ਰਹੀਆਂ ਹਨ? ਅਸੀਂ ਡੈਮ ਸੇਫ਼ਟੀ ਐਕਟ, 2025 ਦੇ ਖਿਲਾਫ਼ 5 ਮਈ, 2025 ਨੂੰ ਸਰਵਸੰਮਤੀ ਨਾਲ ਮਤਾ ਪਾਸ ਕੀਤਾ ਹੈ ਪਰ ਭਾਰਤ ਸਰਕਾਰ ਵੱਲੋਂ ਇਸ ਵਾਸਤੇ ਅੱਜ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ, ਨਾ ਹੀ ਕੁਝ ਦੱਸਿਆ ਗਿਆ ਹੈ। ਇਸ ਤੋਂ ਉਲਟ ਦਿੱਲੀ ਵਿੱਚ ਡੈਮ ਸੇਫ਼ਟੀ ਐਕਟ ਵਾਸਤੇ ਅਥਾਰਟੀ ਬਣਾ ਦਿੱਤੀ ਗਈ। ਜਿਸ ਰਾਹੀਂ ਸਾਨੂੰ ਡਾਇਰੈਕਸ਼ਨਾਂ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਇਸ ਨੂੰ ਲਾਗੂ ਕਰੋ, ਨਹੀਂ ਤਾਂ ਤੁਹਾਡੇ ਅਫ਼ਸਰਾਂ ਖਿਲਾਫ਼ ਕੇਸ ਰਜਿਸਟਰ ਕਰਾਂਗੇ। ਇਹ ਵੀ ਕੰਸਟੀਚਿਊਸ਼ਨ ਦੇ ਅਗੇਂਸਟ ਹੈ। ਮੇਰੇ ਕੋਲ ਕੰਸਟੀਚਿਊਸ਼ਨ ਦੀ ਕਾਪੀ ਹੈ, ਜਿਸ ਵਿੱਚ ਸਪੱਸ਼ਟ ਲਿਖਿਆ ਹੋਇਆ ਹੈ ਕਿ ਇਹ ਰਾਜ ਸੂਚੀ ਵਿੱਚ ਆਉਂਦਾ ਹੈ। ਜਿਹੜੇ ਰਾਜ ਸੂਚੀ ਵਿੱਚ ਸਾਨੂੰ ਕੰਸਟੀਚਿਊਸ਼ਨਲ ਰਾਈਟਸ ਮਿਲੇ ਹੋਏ ਹਨ, ਉਨ੍ਹਾਂ ਤੋਂ ਸਾਨੂੰ ਵਾਂਝੇ ਕੀਤਾ ਜਾ ਰਿਹਾ ਹੈ। ਸੋ, ਡੈਮ ਸੇਫ਼ਟੀ ਐਕਟ ਪੰਜਾਬ ਦੇ ਹੱਕਾਂ ਤੇ ਵੱਡਾ ਡਾਕਾ ਮਾਰਨ ਲੱਗੇ ਹੋਏ ਹਨ। ਇਹ ਕਦੇ CISF ਜ਼ਰੀਏ ਕਰਦੇ ਹਨ, ਜੇ ਅਸੀਂ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਦੋ ਸਾਲ ਪਹਿਲਾਂ, ਜਦੋਂ ਇਹ ਸਾਡੇ ਤੋਂ ਧੱਕੇ ਨਾਲ ਪਾਣੀ ਖੋਹਣ ਲੱਗੇ ਸਨ, ਅਸੀਂ ਆਪਣੇ ਪਾਣੀਆਂ ਦੀ ਰਾਖੀ ਕੀਤੀ ਸੀ, ਅਸੀਂ ਕਿਹੜਾ ਗੁਨਾਹ ਕਰ ਦਿੱਤਾ। ਉਸ ਤੇ CISF ਲਗਾ ਦਿੱਤੀ। ਇਹ ਹਰ ਤਰੀਕੇ ਨਾਲ ਸਾਡੇ ਡੈਮਾਂ, ਪਾਣੀਆਂ ਤੇ ਕਬਜ਼ਾ ਕਰਕੇ ਪੰਜਾਬ ਨੂੰ ਖ਼ਤਮ ਕਰਨ ਤੇ ਲੱਗੇ ਹੋਏ ਹਨ। ਸੋ, ਅਸੀਂ ਡੈਮ ਸੇਫਟੀ ਐਕਟ ਦੀ ਨਿੰਦਾ ਕਰਦੇ ਹਾਂ ਕਿ ਇਹ ਐਕਟ ਤੁਰੰਤ ਰੱਦ ਹੋਣਾ ਚਾਹੀਦਾ ਹੈ। ਇਸ ਵਾਸਤੇ ਵੀ ਅਸੀਂ ਮਤਾ ਲਿਆਂਦਾ ਹੈ।

ਚੌਥਾ, ਸਤਲੁਜ, ਬਿਆਨ, ਰਾਵੀ ਦਾ ਕੋਈ ਵੀ ਹਿੱਸਾ ਰਾਜਸਥਾਨ ਨਾਲ ਨਹੀਂ ਲਗਦਾ। ਜਿਹੜੀ ਸਟੇਟ ਦਾ ਕੋਈ ਵੀ ਹਿੱਸਾ ਕਿਸੇ ਦਰਿਆ ਨਾਲ ਨਹੀਂ ਲਗਦਾ ਤਾਂ ਉਨ੍ਹਾਂ ਦਾ ਪਾਣੀਆਂ ਤੇ ਕੀ ਹੱਕ ਹੈ? ਪਰ ਸਾਡਾ ਸਾਰਾ ਪਾਣੀ ਇਨ੍ਹਾਂ ਨੂੰ ਦੇ ਦਿੱਤਾ ਗਿਆ ਹੈ। ਸਾਲ 1920 ਵਿੱਚ ਮਹਾਰਾਜ ਬੀਕਾਨੇਰ ਨਾਲ ਸਮਝੌਤਾ ਹੋਇਆ ਸੀ, ਉਹ ਬਕਾਇਦਾ ਪੰਜਾਬ ਨੂੰ ਪਾਣੀ ਦੀ ਰਾਇਲਟੀ ਦਿੰਦੇ ਸਨ। ਇਹ ਕਹਿਣਗੇ ਕਿ ਅਜ਼ਾਦੀ ਤੋਂ ਬਾਅਦ ਨਹੀਂ ਦਿੱਤੀ। ਸਾਲ 1960 ਤੱਕ

ਇਹ ਬਕਾਇਦਾ ਰਾਇਲਟੀ ਦਿੰਦੇ ਰਹੇ ਹਨ ਅਤੇ ਉਸ ਤੋਂ ਬਾਅਦ ਬੰਦ ਕਰ ਦਿੱਤੀ ਗਈ। ਉਹ ਸਾਡੇ ਪਾਣੀ ਵਰਤੋਂ ਪੀਣ ਵਾਸਤੇ, ਸਿੰਜਾਈ ਲਈ, ਇੰਡਸਟਰੀ ਲਈ ਵਰਤ ਕੇ ਉਸ ਵਿਚੋਂ ਪੈਸਾ ਕਮਾ ਰਹੇ ਹਨ ਪਰ ਉਸ ਵਿੱਚ ਸਾਡਾ ਕੋਈ ਹਿੱਸਾ ਨਹੀਂ ਹੈ। ਅਸੀਂ ਧਰਤੀ ਹੇਠੋਂ ਪਾਣੀ ਕੱਢ ਕੱਢ ਕੇ ਪੂਰੇ ਦੇਸ਼ ਦਾ ਢਿੱਡ ਭਰ ਰਹੇ ਹਾਂ ਪਰ ਉਨ੍ਹਾਂ ਨੂੰ ਸਾਡਾ ਪਾਣੀ ਫਰੀ ਜਾ ਰਿਹਾ ਹੈ। ਸੋ, ਇਹ ਸਾਡੇ ਨਾਲ ਇਕ ਬਹੁਤ ਵੱਡੀ ਬੇਇਨਸਾਫੀ ਹੋ ਰਹੀ ਹੈ। ਜਿਹੜਾ ਰਾਜਸਥਾਨ ਨੂੰ ਮੁਫ਼ਤ ਪਾਣੀ ਜਾ ਰਿਹਾ ਹੈ, ਅਸੀਂ ਇਸ ਵਾਸਤੇ ਬੇਨਤੀ ਕਰ ਚੁੱਕੇ ਹਾਂ, ਤਿੰਨ ਵਾਰੀ ਪੱਤਰ ਵੀ ਲਿਖੇ ਹਨ ਪਰ ਰਾਜਸਥਾਨ ਸਰਕਾਰ ਨਾ ਕੋਈ ਹੁੰਗਾਰਾ ਭਰਿਆ ਅਤੇ ਨਾ ਹੀ ਸਾਡੇ ਕਿਸੇ ਪੱਤਰ ਦਾ ਜਵਾਬ ਦਿੱਤਾ ਹੈ। ਸੋ, ਇਹ ਵੀ ਪੰਜਾਬ ਨਾਲ ਧੱਕਾ ਹੈ ਕਿਉਂਕਿ ਪੰਜਾਬ ਸਰਕਾਰ ਦਾ 1 ਲੱਖ 44 ਹਜ਼ਾਰ ਕਰੋੜ ਰੁਪਿਆ ਰਾਜਸਥਾਨ ਸਰਕਾਰ ਵੱਲ ਬਣਦਾ ਹੈ। ਇਹ ਪੈਸਾ ਰਾਜਸਥਾਨ ਸਰਕਾਰ ਦੇਵੇ ਅਤੇ ਇਸ ਵਾਸਤੇ ਭਾਰਤ ਸਰਕਾਰ ਨੂੰ ਦਖ਼ਲ ਅੰਦਾਜ਼ੀ ਕਰਨੀ ਚਾਹੀਦੀ ਹੈ ਕਿ ਇਹ ਪੈਸਾ ਤੁਰੰਤ ਪੰਜਾਬ ਸਰਕਾਰ ਨੂੰ ਦਿੱਤਾ ਜਾਵੇ।

ਪੰਜਵਾਂ, ਇਹ ਹਰ ਵਾਰੀ ਰੌਲਾ ਪਾ ਲੈਂਦੇ ਹਨ ਕਿ ਪੰਜਾਬ ਦਾ ਪਾਣੀ ਪਾਕਿਸਤਾਨ ਨੂੰ ਜਾਂਦਾ ਹੈ।

**1400/Karamjit kaur**

ਮੈਂ ਸਦਨ ਦੇ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਤੋਂ ਕੋਈ ਵੀ ਪਾਣੀ ਪਾਕਿਸਤਾਨ ਨੂੰ ਨਹੀਂ ਜਾਂਦਾ। ਅਸੀਂ ਇਸ ਦੀਆਂ ਹਰ ਸਮੇਂ ਬੀ.ਬੀ.ਐਮ.ਬੀ. ਨੂੰ ਰਿਪੋਰਟਾਂ ਦਿੰਦੇ ਹਾਂ। ਮਾਧੋਪੁਰ ਹੈੱਡਵਰਕਸ ਹੈ, ਮਾਧੋਪੁਰ ਹੈੱਡਵਰਕਸ ਤੋਂ ਕੋਈ ਪਾਣੀ ਨਹੀਂ ਜਾਂਦਾ। ਜਿਹੜਾ ਪਾਣੀ ਹੜ੍ਹਾਂ ਦੇ ਦੌਰਾਨ ਉੱਥੇ ਜਾਂਦਾ ਹੈ, ਬਰਸਾਤਾਂ ਦੇ ਦੌਰਾਨ ਜਾਂਦਾ ਹੈ, ਉਹ ਉਝ ਦਰਿਆ ਜੰਮੂ ਕਸ਼ਮੀਰ ਦਾ ਹੈ, ਉਝ ਦਰਿਆ ਦੇ ਨਾਲ ਜੋ ਉਨ੍ਹਾਂ ਦੀਆਂ ਨਦੀਆਂ ਹਨ, ਬਸੰਤਰ ਹੈ, ਤਰਨਾਹ ਹੈ, ਇਹ ਜਿਹੜਾ ਨਦੀਆਂ-ਨਾਲਿਆਂ ਦਾ ਪਾਣੀ ਹੈ, ਜਦੋਂ ਉਹ ਪਾਣੀ ਓਵਰ ਹੋ ਜਾਂਦਾ ਹੈ ਤਾਂ ਮਾਧੋਪੁਰ ਹੈੱਡਵਰਕਸ ਤੋਂ ਨੀਚੇ ਜਾ ਕੇ ਮਿਲਦਾ ਹੈ। ਮਾਧੋਪੁਰ ਹੈੱਡਵਰਕਸ ਤਾਂ ਇਹ ਪਾਣੀ ਜਾਂਦਾ ਹੀ ਨਹੀਂ ਹੈ। ਸੋ, ਉਥੋਂ ਪਾਣੀ ਜਾਂਦਾ ਹੈ ਅਤੇ ਉਹ ਪਾਣੀ ਹੜ੍ਹਾਂ ਦੇ ਦੌਰਾਨ ਹੀ ਉਧਰ ਜਾਂਦਾ ਹੈ, ਮਾਧੋਪੁਰ ਹੈੱਡਵਰਕਸ ਤੋਂ ਕਦੇ ਵੀ ਕੋਈ ਪਾਣੀ ਉੱਥੇ ਨਹੀਂ ਗਿਆ। ਇਸ ਦੇ ਸਬੰਧ ਵਿੱਚ ਪੰਜਾਬ ਸਰਕਾਰ ਨੇ ਆਪਣੇ ਘੱਟੋ-ਘੱਟ 10 ਲੈਟਰ ਸਾਲ 2022 ਤੋਂ ਲੈ ਕੇ ਭੇਜੇ ਹਨ, ਸਾਰੇ ਲੈਟਰਾਂ ਦੇ ਰਾਹੀਂ ਬੀ.ਬੀ.ਐਮ.ਬੀ. ਨੂੰ ਜਾਣੂੰ ਕਰਵਾਇਆ ਗਿਆ ਹੈ ਕਿ ਸਾਡਾ ਕੋਈ ਵੀ ਪਾਣੀ ਪਾਕਿਸਤਾਨ ਵੱਲ ਨਹੀਂ ਜਾ ਰਿਹਾ। ਸੋ, ਇਸ ਕਰਕੇ ਇਹ ਜਿਹੜੀ ਜ਼ਿੰਮੇਵਾਰੀ ਸਾਡੇ ਉੱਤੇ ਪਾਉਣ ਦੀ ਕੋਸ਼ਿਸ਼ ਕਰਦੇ ਹਨ, ਇਹ ਜ਼ਿੰਮੇਵਾਰੀ ਨਹੀਂ ਪਾਉਣੀ ਚਾਹੀਦੀ। ਗਲਤ ਅੰਕੜੇ ਪੇਸ਼ ਨਹੀਂ ਕਰਨੇ ਚਾਹੀਦੇ। ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ, ਉਸ ਪਾਣੀ ਨੂੰ ਸੰਭਾਲਣ ਦੀ ਗੱਲ ਕਰਨੀ ਚਾਹੀਦੀ ਹੈ। ਮਕੌੜਾ ਪੱਤਣ ਦੇ ਉੱਤੇ ਪਾਣੀ ਇਕੱਠਾ ਹੁੰਦਾ ਹੈ, ਉਸ ਪ੍ਰੋਜੈਕਟ ਨੂੰ ਬਣਾਉਣ ਦੀ ਗੱਲ ਕਰਨੀ ਚਾਹੀਦੀ ਹੈ ਪਰ ਉਹ ਉਸ ਸਬੰਧੀ ਆਪਣੀ ਜ਼ਿੰਮੇਵਾਰੀ ਨਹੀਂ ਲੈ ਰਹੇ। ਸਿਰਫ ਪੰਜਾਬ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬ ਦ੍ਰਿੜ ਸੰਕਲਪ ਹੈ ਕਿ ਅਸੀਂ ਆਪਣੇ ਪਾਣੀਆਂ ਦੀ ਰਾਖੀ ਕਰ ਰਹੇ ਹਾਂ। ਅਸੀਂ ਆਪਣਾ ਪਾਣੀ ਸੰਭਾਲ ਕੇ ਅਸੀਂ ਆਪਣੇ ਖੇਤਾਂ ਨੂੰ ਦੇ ਰਹੇ ਹਾਂ। ਅਸੀਂ ਆਪਣੀ ਕਿਸਾਨੀ ਨੂੰ ਮਜ਼ਬੂਤ ਕਰ ਰਹੇ ਹਾਂ। ਮੈਨੂੰ ਇਹ ਦੱਸਦੇ ਹੋਏ ਬੜੀ ਖੁਸ਼ੀ ਹੈ ਅਤੇ ਬੜਾ ਮਾਣ ਮਹਿਸੂਸ ਹੋ ਰਿਹਾ ਹੈ ਕਿ ਪੰਜਾਬ ਸਰਕਾਰ ਦੇ ਯਤਨਾਂ ਦੇ ਸਦਕਾ ਇਹ ਹੋਇਆ ਹੈ। ਜਦੋਂ ਅਸੀਂ ਸਰਕਾਰ ਸੰਭਾਲੀ ਸੀ ਤਾਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੇ ਕਿਹਾ ਸੀ ਕਿ ਅਸੀਂ ਟੇਲਾਂ ਉੱਤੇ ਪਾਣੀ ਪਹੁੰਚਾ ਦਿਆਂਗੇ। ਮੈਂ ਅੱਜ ਦਾਅਵੇ ਨਾਲ ਕਹਿ ਸਕਦਾ

ਹਾਂ ਕਿ ਜੇ ਇਹ ਸੱਦਾ ਨਾ ਦਿੱਤਾ ਹੁੰਦਾ, ਇੱਥੇ ਪੈਸਾ ਨਾ ਖਰਚਿਆ ਹੁੰਦਾ ਅਤੇ ਇੱਥੇ ਕੰਮ ਨਾ ਕੀਤਾ ਹੁੰਦਾ ਤਾਂ ਪੰਜਾਬ ਦਾ ਭਵਿੱਖ, ਜਿਸ ਬਾਰੇ ਸਾਰੀਆਂ ਸੈਂਟਰ ਦੀਆਂ ਏਜੰਸੀਆਂ ਨੇ ਕਹਿ ਦਿੱਤਾ ਸੀ ਕਿ 2037 ਵਿੱਚ ਪੰਜਾਬ ਰੇਗਿਸਤਾਨ ਬਣ ਜਾਵੇਗਾ, ਪੰਜਾਬ ਬੰਜਰ ਬਣ ਜਾਵੇਗਾ, ਉਹ ਸਾਹਮਣੇ ਦਿਖਣ ਲੱਗ ਪਿਆ ਸੀ, ਘਰਾਂ ਵਿੱਚ ਨਲਕੇ ਪਾਣੀ ਛੱਡ ਗਏ ਸੀ। ਸਾਨੂੰ ਉਹ ਸਾਰਾ ਕੁਝ ਦਿਖਣ ਲੱਗ ਪਿਆ ਸੀ ਪਰ ਮੈਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਕੋਈ ਕਿਸੇ ਤਰ੍ਹਾਂ ਪੈਸੇ ਦੀ ਪਰਵਾਹ ਨਹੀਂ ਕੀਤੀ, ਟੇਲਾਂ ਉੱਤੇ ਪਾਣੀ ਪਹੁੰਚਾਇਆ ਹੈ, ਇਸ ਨੂੰ 26 ਪਰਸੈਂਟ ਤੋਂ ਲੈ ਕੇ 80 ਪਰਸੈਂਟ ਤੱਕ ਲੈ ਗਏ। (ਥੰਪਿੰਗ)

ਅੱਜ ਸ੍ਰੀ ਸੰਦੀਪ ਜਾਖੜ ਨੇ ਸਵਾਲ ਕੀਤਾ ਸੀ, ਉਨ੍ਹਾਂ ਦਾ ਸਵਾਲ ਸੀ ਪਰ ਆਪ ਗੈਰ-ਹਾਜ਼ਰ ਹੋ ਗਏ। ਇਹ ਸਵਾਲ ਤਾਂ ਕਰ ਲੈਂਦੇ ਹਨ ਪਰ ਜਵਾਬ ਨਹੀਂ ਸੁਣਦੇ। ਇਹ ਕਹਿੰਦੇ ਕਿ 26 ਪਰਸੈਂਟ ਤੋਂ 80 ਪਰਸੈਂਟ ਕਿਵੇਂ ਕੀਤਾ ਹੈ, ਉਨ੍ਹਾਂ ਨੂੰ ਅੱਜ ਦੱਸਣਾ ਸੀ ਕਿ ਮਾਨ ਸਰਕਾਰ ਦੇ ਆਉਣ ਤੋਂ ਪਹਿਲਾਂ 20 ਲੱਖ 80 ਹਜ਼ਾਰ ਏਕੜ ਨੂੰ ਪਾਣੀ ਲਗਦਾ ਸੀ। ਅੱਜ 60 ਲੱਖ 80 ਹਜ਼ਾਰ ਏਕੜ ਨੂੰ ਪਾਣੀ ਲੱਗ ਰਿਹਾ ਹੈ, ਜਿਹੜਾ ਕਿ ਆਨ ਰਿਕਾਰਡ ਹੈ। (ਥੰਪਿੰਗ) ਇਹ ਸਾਰਾ ਕੁਝ ਆਨ ਰਿਕਾਰਡ ਹੈ। ਇਹ ਕਿਸ ਤਰ੍ਹਾਂ ਲੱਗਿਆ ਹੈ? ਇਹ ਗੱਲਾਂ ਨਾਲ ਨਹੀਂ ਲੱਗਿਆ। ਪਾਣੀ ਹਵਾ ਵਿੱਚ ਉਡ ਕੇ ਖੇਤਾਂ ਨੂੰ ਨਹੀਂ ਲੱਗਣਾ ਸੀ, ਪਾਣੀ ਕੰਮ ਕਰਕੇ ਲੱਗਣਾ ਸੀ। ਸਾਨੂੰ ਖੁਸ਼ੀ ਹੈ ਕਿ ਅਸੀਂ ਕੰਮ ਕੀਤਾ ਹੈ। ਧਰਤੀ ਹੇਠਲਾ ਪਾਣੀ ਬਚਾ ਕੇ, ਇਕੱਲਾ ਧਰਤੀ ਹੇਠਲਾ ਪਾਣੀ ਹੀ ਨਹੀਂ ਬਚਾਇਆ, ਧਰਤੀ ਹੇਠਲਾ ਪਾਣੀ ਬਚਾ ਕੇ ਪੰਜਾਬ ਦੀ ਜਵਾਨੀ ਨੂੰ ਬਚਾਇਆ ਹੈ। ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਇਆ ਹੈ। ਪੰਜਾਬ ਨੂੰ ਬਚਾਇਆ ਹੈ ਅਤੇ ਨਾਲ ਦੇਸ਼ ਨੂੰ ਬਚਾਇਆ ਹੈ। ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਕਿ ਸੈਂਟਰਲ ਪੂਲ ਦੇ ਵਿੱਚ 48 ਪਰਸੈਂਟ ਕਣਕ ਪੰਜਾਬ ਦਿੰਦਾ ਹੈ। ਜਦੋਂ ਈਰਾਨ ਦੀ ਲੜਾਈ ਹੋਈ ਸੀ, ਉਦੋਂ ਪੈਟਰੋਲ ਦੀਆਂ ਕੀਮਤਾਂ ਬਾਰੇ ਮਾੜੀ ਜਿਹੀ ਗੱਲ ਆਈ ਸੀ, ਉਸ ਵੇਲੇ ਸਾਰੇ ਦੇਸ਼ ਦੇ ਵਿੱਚ ਤਹਿਲਕਾ ਮੱਚ ਗਿਆ ਸੀ। ਜੇ ਪੰਜਾਬ ਵਿੱਚੋਂ ਇਹੀ ਜਿਹੀ ਹਵਾ ਵਗ ਜਾਂਦੀ ਕਿ ਪੰਜਾਬ ਤਾਂ ਰੇਗਿਸਤਾਨ ਬਣਨ ਜਾ ਰਿਹਾ ਹੈ, ਫਿਰ ਦੇਸ਼ ਦੇ ਵਿੱਚ ਕਣਕ ਦੀ ਕੀ ਹਾਲਤ ਹੁੰਦੀ? ਸੋ, ਗੱਲਾਂ ਇਹ ਸੋਚਣ ਦੀਆਂ ਹਨ। ਪੰਜਾਬ ਸਰਕਾਰ ਦੇ ਕੀਤੇ ਕੰਮਾਂ ਦੇ ਸਦਕਾ, ਦੇਸ਼ ਵੀ ਅੱਜ ਮਾਣ ਦੇ ਨਾਲ ਖੜ੍ਹਿਆ ਹੈ, ਅਸੀਂ ਦੇਸ਼ ਦਾ ਸਿਰ ਉੱਚਾ ਕੀਤਾ ਹੈ। ਸੋ, ਪੰਜਾਬ ਦੇ ਨਾਲ ਇਸ ਤਰ੍ਹਾਂ ਦਾ ਧੱਕਾ ਬਿਲਕੁਲ ਬਰਦਾਸ਼ਤ ਨਹੀਂ ਹੈ। ਅਸੀਂ ਇਹ ਜਿਹੜੇ ਮਤੇ ਪਾਸ ਕੀਤੇ ਹਨ, ਸਾਡੇ ਨਾਲ ਬਹੁਤ ਬੇਇਨਸਾਫੀ ਹੋਈ ਹੈ, ਹਰ ਕਦਮ ਤੇ ਧੱਕਾ ਕਰ ਰਹੇ ਹਨ। ਪੰਜਾਬ, ਜਿਹੜਾ ਕਿ ਅੱਜ ਵੀ ਦੇਸ਼ ਦਾ ਢਿੱਡ ਭਰਦਾ ਹੈ, ਪਾਣੀਆਂ ਦੇ ਮਸਲੇ ਉੱਤੇ ਪੰਜਾਬ ਨਾਲ ਧੱਕਾ ਨਾ ਕੀਤਾ ਜਾਵੇ। ਪੰਜਾਬ ਨੂੰ ਇਨਸਾਫ ਦਿੱਤਾ ਜਾਵੇ, ਇਨ੍ਹਾਂ ਵੱਖ-ਵੱਖ ਮਤਿਆਂ ਰਾਹੀਂ ਅਸੀਂ ਕੇਂਦਰ ਸਰਕਾਰ ਨੂੰ ਇਸ ਸਦਨ ਦੇ ਰਾਹੀਂ ਬੇਨਤੀ ਕਰਦੇ ਹਾਂ ਤੇ ਪੰਜਾਬ ਦੇ ਨਾਲ ਇਨਸਾਫ ਕਰਕੇ, ਇਹ ਜਿਹੜੇ ਸਾਰੇ ਮਤੇ ਹਨ, ਇਹ ਪਾਸ ਕੀਤੇ ਜਾਣ। ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ:** ਮਾਣਯੋਗ ਮੁੱਖ ਮੰਤਰੀ ਸਾਹਿਬ, ਇਸ ਤੋਂ ਪਹਿਲਾਂ ਇੱਕ ਗੱਲ ਵਿਸ਼ੇਸ਼ ਤੌਰ ਤੇ ਮੇਰੇ ਮਨ ਵਿੱਚ ਹੁਣੇ ਆ ਰਹੀ ਸੀ, ਮੈਂ ਉਹ ਹਾਊਸ ਨੂੰ ਦੱਸਣੀ ਚਾਹ ਰਿਹਾ ਸੀ।

--------

Unedited Version/ Not for Legal/ Official use Dated: Tuesday, 27th October, 2026

**1405/harpreet singh**

## WELCOME ANNOUNCEMENT BY THE HONBLE DEPUTY SPEAKER

**ਮਾਣਯੋਗ ਡਿਪਟੀ ਸਪੀਕਰ:** ਮਾਣਯੋਗ ਮੁੱਖ ਮੰਤਰੀ ਜੀ, ਮੈਂ ਇਕ ਗੱਲ ਵਿਸ਼ੇਸ਼ ਤੌਰ ਤੇ ਮੇਰੇ ਮਨ ਵਿੱਚ ਆ ਰਹੀ ਸੀ। ਮੈਂ ਉਹ ਸਦਨ ਨੂੰ ਦੱਸਣਾ ਚਾਹੁੰਦਾ ਹਾਂ। ਸਾਲ 2017 ਤੋਂ 2022 ਤੱਕ ਵੀ ਮੈਨੂੰ ਇਸ ਵਿਧਾਨ ਸਭਾ ਦਾ ਮੈਂਬਰ ਬਣਨ ਦਾ ਮੌਕਾ ਮਿਲਿਆ ਸੀ ਅਤੇ ਹੁਣ 2022 ਤੋਂ 2027 ਤੱਕ ਵੀ ਗੜ੍ਹਸ਼ੰਕਰ ਹਲਕੇ ਦੇ ਲੋਕਾਂ ਨੇ ਮੇਰੀ ਸੇਵਾ ਲਗਾਈ ਹੈ। ਮੈਂ ਵੇਖ ਰਿਹਾ ਸੀ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਧਰਮਪੁਰ, ਜ਼ਿਲ੍ਹਾ ਹੁਸ਼ਿਆਰਪੁਰ ਦੇ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ ਇਸ ਸਦਨ ਦੀ ਕਾਰਵਾਈ ਵੇਖਣ ਲਈ ਆਏ ਹਨ। ਸਭ ਤੋਂ ਪਹਿਲਾਂ ਅਸੀਂ ਉਨ੍ਹਾਂ ਸੁਆਗਤ ਕਰੀਏ। (ਥੰਪਿੰਗ) ਮੇਰੇ ਮਨ ਵਿਚ ਇਹ ਆ ਰਿਹਾ ਸੀ ਕਿ ਪਿਛਲੀ ਸਰਕਾਰ ਵਿਚ ਸ਼ਾਇਦ ਹੀ ਕੋਈ ਅਜਿਹਾ ਸੈਸ਼ਨ ਹੋਵੇ, ਜਿਸ ਦਿਨ ਵਿਦਿਆਰਥੀ ਵਿਸ਼ੇਸ਼ ਤੌਰ ਤੇ ਸੈਸ਼ਨ ਦੀ ਕਾਰਵਾਈ ਵੇਖਣ ਲਈ ਆਏ ਹੋਣ। ਮੈਂ ਇਹ ਗੱਲ ਬੜੀ ਖੁਸ਼ੀ ਨਾਲ ਕਹਿ ਰਿਹਾ ਹਾਂ ਕਿ ਸਾਡੀ ਸਰਕਾਰ ਵੇਲੇ ਸ਼ਾਇਦ ਹੀ ਕੋਈ ਅਜਿਹਾ ਸੈਸ਼ਨ ਹੋਵੇ, ਜਿਸ ਦਿਨ ਕਿਸੇ ਸਕੂਲ-ਕਾਲਜ ਦੇ ਵਿਦਿਆਰਥੀ ਸੈਸ਼ਨ ਦੀ ਕਾਰਵਾਈ ਵੇਖਣ ਨਾ ਆਏ ਹੋਣ। (ਥੰਪਿੰਗ) ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡਾ ਕੰਮ ਸਾਡੀ ਸਰਕਾਰ ਨੇ ਕੀਤਾ ਹੈ। ਇਸ ਲਈ ਮੁੱਖ ਮੰਤਰੀ ਸਾਹਿਬ ਨੂੰ ਬਹੁਤ ਬਹੁਤ ਮੁਬਾਰਕਬਾਦ। ਹਾਂ ਜੀ, ਮੁੱਖ ਮੰਤਰੀ ਜੀ।

--------

## OFFICIAL RESOLUTIONS (RESUMPTION)

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ):** ਬਹੁਤ ਬਹੁਤ ਧੰਨਵਾਦ ਡਿਪਟੀ ਸਪੀਕਰ ਸਾਹਿਬ।

(ਇਸ ਸਮੇਂ ਅਜ਼ਾਦ ਮੈਂਬਰ ਰਾਣਾ ਇੰਦਰ ਪ੍ਰਤਾਪ ਸਿੰਘ ਆਪਣੀ ਸੀਟ ਤੋਂ ਖੜ੍ਹੇ ਹੋ ਕੇ ਮਾਣਯੋਗ ਮੁੱਖ ਮੰਤਰੀ ਜੀ ਦੇ ਬੋਲਣ ਤੋਂ ਪਹਿਲਾਂ ਸਰਕਾਰੀ ਮਤਿਆਂ ਤੇ ਬਹਿਸ ਮੁਕੰਮਲ ਕਰਵਾਉਣ ਦੀ ਬੇਨਤੀ ਕਰ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ:** ਮਾਣਯੋਗ ਮੁੱਖ ਮੰਤਰੀ ਜੀ, ਬਹਿਸ ਤੇ ਹੀ ਬੋਲ ਰਹੇ ਹਨ।

**ਮੁੱਖ ਮੰਤਰੀ** : ਬਹਿਸ ਚੱਲੇਗੀ, ਤੁਹਾਨੂੰ ਮੌਕਾ ਮਿਲੇਗਾ। ਸਭ ਤੋਂ ਪਹਿਲਾਂ ਤਾਂ ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਬਹੁਤ ਗੰਭੀਰ ਮੁੱਦਾ ਹੈ ਪਾਣੀ, ਬਹੁਤ ਗੰਭੀਰ ਵਿਸ਼ਾ ਹੈ, ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਣ ਸਬੰਧੀ ਮਤਾ ਤੇ ਬਹੁਤ ਗੰਭੀਰ ਵਿਸ਼ਾ ਹੈ, ਸਰਕਾਰ ਦੀਆਂ ਸਕੀਮਾਂ ਸਬੰਧੀ ਜਿਹੜੇ ਮਤੇ ਸਦਨ ਵਿਚ ਪੇਸ਼ ਕੀਤੇ ਗਏ ਹਨ। ਡਿਪਟੀ ਸਪੀਕਰ ਸਾਹਿਬ, ਅੱਜ ਮੈਂ ਸਾਰੇ ਹਾਊਸ ਨੂੰ ਤੁਹਾਡੇ ਮਾਧਿਅਮ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਖੇਡਾਂ ਦੇ ਖੇਤਰ ਵਿਚ ਅੱਜ ਪੰਜਾਬ ਲਈ ਬਹੁਤ ਵੱਡਾ ਦਿਨ ਹੈ। ਪੰਜਾਬ ਹਮੇਸ਼ਾ ਖੇਡਾਂ ਵਿਚ ਮੋਹਰੀ ਰਿਹਾ ਹੈ, ਚਾਹੇ ਮਿਲਖਾ ਸਿੰਘ, ਚਾਹੇ ਦਾਰਾ ਸਿੰਘ, ਚਾਹੇ ਸਾਡੀ ਹਾਕੀ ਟੀਮ ਦੇ ਬਲਬੀਰ ਸਿੰਘ ਚੈਂਪੀਅਨ, ਸੁਰਜੀਤ ਸਿੰਘ ਓਲੰਪੀਅਨ। ਹਾਕੀ ਦੇ ਵਿੱਚ ਕਈ ਵਾਰ ਤਾਂ 11 ਦੇ 11 ਖਿਡਾਰੀ ਹੀ ਪੰਜਾਬ ਦੇ ਹੁੰਦੇ ਸਨ। ਜੋ ਅੱਜ ਭਾਰਤ ਦੀ ਹਾਕੀ ਟੀਮ ਹੈ, ਉਸ ਦੇ 11 ਵਿਚੋਂ 9 ਖਿਡਾਰੀ ਪੰਜਾਬ ਦੇ ਹਨ ਅਤੇ ਜਿਹੜੇ 4 ਬੈਂਚ ਤੇ ਬੈਠਦੇ ਹਨ, ਉਸ ਵਿਚੋਂ 3 ਪੰਜਾਬ ਦੇ ਹਨ। ਯਾਨਿ ਕਿ

15 ਖਿਡਾਰੀਆਂ ਵਿਚੋਂ 12 ਪੰਜਾਬ ਦੇ ਹਨ। ਸੋ, ਅੱਜ ਜਿਸ ਵੇਲੇ ਆਪਾਂ ਗੱਲ ਕਰ ਰਹੇ ਹਾਂ, ਏਸ਼ੀਅਨ ਚੈਂਪੀਅਨ ਟਰਾਫ਼ੀ ਦਾ ਪਹਿਲਾ ਮੈਚ ਮਲੇਸ਼ੀਆ ਅਤੇ ਚੀਨ ਦਾ ਜਲੰਧਰ ਵਿਖੇ ਚੱਲ ਰਿਹਾ ਹੈ। ਅੱਜ ਸ਼ਾਮ ਨੂੰ ਭਾਰਤ ਦਾ ਬੰਗਲਾਦੇਸ਼ ਨਾਲ ਮੁਕਾਬਲਾ ਹੈ। ਉਸ ਤੋਂ ਪਹਿਲਾਂ ਓਪਨਿੰਗ ਸੈਰੇਮਨੀ ਦੀ ਰਸਮੀ ਕਾਰਵਾਈ ਹੋਵੇਗੀ। ਮੈਂ ਉਸ ਵਿਚ ਸ਼ਿਰਕਤ ਕਰਨ ਲਈ ਜਾਣਾ ਹੈ। ਇਸ ਲਈ ਮੈਂ ਬਹਿਸ ਵਿਚ ਪਹਿਲਾਂ ਟਾਈਮ ਲੈ ਲਿਆ। ਇਸ ਲਈ ਮੈਂ ਮੁਆਫ਼ੀ ਚਾਹੁੰਦਾ ਹਾਂ। ਸਾਰੇ ਬੁਲਾਰਿਆਂ ਨੂੰ ਬੋਲਣ ਦਾ ਸਮਾਂ ਮਿਲੇਗਾ। ਇਹ ਬੜੇ ਗੰਭੀਰ ਵਿਸ਼ੇ ਹਨ। ਸਾਰੇ ਦੇ ਵਿਚਾਰ ਆਉਣੇ ਚਾਹੀਦੇ ਹਨ। ਜਦੋਂ ਤੋਂ ਪੰਜਾਬ ਹੋਂਦ ਵਿਚ ਆਇਆ ਹੈ, ਪਹਿਲੀ ਵਾਰ ਪੰਜਾਬ ਦੇ ਖਿਡਾਰੀ ਆਪਣੇ ਇੰਟਰਨੈਸ਼ਨਲ ਟੂਰਨਾਮੈਂਟ ਆਪਣੇ ਚਾਚੇ-ਤਾਇਆਂ, ਆਪਣੇ ਛੋਟੇ-ਵੱਡੇ ਭਾਈਆਂ ਜਾਂ ਆਪਣੇ ਪੁੱਤ-ਭਤੀਜਿਆਂ ਦੇ ਸਾਹਮਣੇ ਖੇਡਣ ਲੱਗੇ ਹਨ। (ਥੰਪਿੰਗ) ਅੱਜ ਤੱਕ ਕਿਸੇ ਨੇ ਗੌਰ ਹੀ ਨਹੀਂ ਕੀਤੀ। ਦੋ ਬੜੇ ਕਮਾਲ ਦੇ ਸਟੇਡੀਅਮ ਬਣੇ ਹਨ। ਇਕ ਵਲਟਨ ਪਾਰਕ, ਜਿੱਥੇ ਲੀਗ ਮੈਚ ਹੋਣਗੇ ਅਤੇ 03, 04 ਅਤੇ 05 ਤਾਰੀਖਾਂ ਨੂੰ ਸੈਮੀ ਫਾਈਨਲ ਅਤੇ ਫਾਈਨਲ ਮੈਚ ਮੋਹਾਲੀ ਵਿਖੇ ਹੋਣਗੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਵੀ ਬੇਨਤੀ ਕਰਦਾ ਹਾਂ ਕਿ ਤੁਸੀਂ ਪੂਰੇ ਸਦਨ ਨੂੰ ਉਹ ਮੈਚ ਵੇਖਣ ਲਈ ਬੇਨਤੀ ਕਰੋ। ਸਾਰੇ ਵਿਧਾਇਕ ਸਾਥੀਆਂ ਨੂੰ ਸੱਦਾ ਪੱਤਰ ਦਿਓ।

**ਮਾਣਯੋਗ ਡਿਪਟੀ ਸਪੀਕਰ**: ਬਿਲਕੁਲ ਜੀ।

**ਮੁੱਖ ਮੰਤਰੀ**: ਇਕ ਇਹ ਵੀ ਚਾਂਸ ਬਣ ਰਿਹਾ ਹੈ ਕਿ ਜੇਕਰ ਅਸੀਂ ਵਧੀਆ ਤਰੀਕੇ ਨਾਲ ਇਸ ਦੀ ਮੇਜ਼ਬਾਨੀ ਕੀਤੀ ਤਾਂ ਸਾਨੂੰ, ਪੰਜਾਬ ਨੂੰ 2030 ਦਾ ਵਰਲਡ ਕੱਪ ਵੀ ਮਿਲ ਸਕਦਾ ਹੈ। (ਥੰਪਿੰਗ) ਕਿਉਂਕਿ ਹਾਕੀ ਦੇ ਵਿਚ ਸਾਡਾ ਬੜਾ ਵੱਡਾ ਨਾਮ ਹੈ। ਅੱਜ ਚਲੋ ਇੱਥੇ ਨਹੀਂ ਹਨ ਪਰ ਕਾਂਗਰਸ ਪਾਰਟੀ ਦੇ ਮੌਜੂਦਾ ਪ੍ਰਧਾਨ ਵੀ ਹਾਕੀ ਦੇ ਕੈਪਟਨ ਰਹੇ ਹਨ। ਉਨ੍ਹਾਂ ਨੂੰ ਵੀ ਅਸੀਂ ਉੱਥੇ ਸੱਦਾ ਦਿੱਤਾ ਹੈ। ਜਿੰਨੇ ਵੀ ਪੰਜਾਬ ਦੇ ਓਲੰਪੀਅਨ ਜਾਂ ਦੇਸ਼ ਦੇ ਵੱਡੇ ਵੱਡੇ ਖਿਡਾਰੀ ਰਹੇ ਹਨ, ਅਸੀਂ ਸਾਰਿਆਂ ਨੂੰ ਸੱਦਾ ਦਿੱਤਾ ਹੈ ਕਿ ਆਓ ਅਸੀਂ ਪੰਜਾਬ ਵਿਚ ਖੇਡਾਂ ਦੀ ਰੂਚੀ ਨੂੰ ਹੋਰ ਵਧਾਈਏ। ਜਿੱਥੋਂ ਤੱਕ ਇਨ੍ਹਾਂ ਪ੍ਰਸਤਾਵਾਂ ਦਾ ਸਵਾਲ ਹੈ।

**1410/amandeep kaur**

ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਅਸੀਂ ਸਰਕਾਰ ਸੰਭਾਲੀ ਸੀ, 16 ਮਾਰਚ, 2022 ਨੂੰ ਲਗਭਗ 21% ਤੋਂ 22% ਪਾਣੀ ਪੰਜਾਬ ਆਪਣੀਆਂ ਨਹਿਰਾਂ ਦਾ ਖੇਤੀ ਵਾਸਤੇ ਇਸਤੇਮਾਲ ਕਰ ਰਿਹਾ ਸੀ। ਬਾਕੀ 77-78% ਪਾਣੀ ਪੰਜਾਬ ਦੀਆਂ ਨਹਿਰਾਂ ਦਾ ਅੱਗੇ ਲੰਘ ਜਾਂਦਾ ਸੀ। ਪਰ ਉਸ ਦਾ ਕਾਰਨ ਇਹ ਸੀ ਕਿ ਉਸ ਪਾਣੀ ਨੂੰ ਸਾਡੇ ਕੋਲ ਵਰਤਣ ਦੇ ਸਾਧਨ ਨਹੀਂ ਸਨ। ਮੈਂ ਅਫਸਰਾਂ ਦੀ ਮੀਟਿੰਗ ਬੁਲਾਈ। ਮੈਂ ਸਭ ਤੋਂ ਪਹਿਲਾਂ ਆਪਣੇ ਪਿੰਡ ਤੋਂ ਸ਼ੁਰੂ ਕੀਤਾ। ਮੇਰੇ ਪਿੰਡ ਵਿੱਚ ਇੱਕ ਕੱਸੀ ਲੰਘਦੀ ਹੁੰਦੀ ਸੀ। ਕੱਸੀ ਦਾ ਪਾਣੀ ਸਾਡੇ ਪਿੰਡ ਦੇ ਵਿੱਚ ਦੀ ਲੰਘਦਾ ਸੀ। ਘਰਾਂ ਦੇ ਨੇੜੇ ਹੀ ਕੱਸੀ ਸੀ, ਨਿਆਈ ਵਾਲੇ ਖੇਤਾਂ ਵਿੱਚ ਕੱਸੀ ਦਾ ਪਾਣੀ ਲੰਘਦਾ ਸੀ। ਮੈਂ ਅਫਸਰਾਂ ਨੂੰ ਕਿਹਾ ਕਿ ਇੱਥੋਂ ਕੱਸੀ ਕਿੱਧਰ ਗਈ, ਜਿੱਥੇ ਅਸੀਂ ਛੋਟੇ ਹੁੰਦੇ ਨਹਾਉਂਦੇ ਹੁੰਦੇ ਸੀ, ਸਾਡੀਆਂ ਮਾਵਾਂ, ਚਾਚੀਆਂ, ਮਾਸੀਆਂ ਥਾਪੀ ਲੈ ਕੇ ਉਸ ਕੱਸੀ ਦੇ ਕਿਨਾਰੇ ਤੇ ਕੱਪੜੇ ਧੌਂਦੀਆਂ ਹੁੰਦੀਆਂ ਸਨ। ਉਹ ਕੱਸੀ ਕਿੱਧਰ ਗਈ। ਅਫਸਰਾਂ ਨੇ ਕਿਹਾ ਕਿ ਕੱਸੀ ਕਾਗਜ਼ਾਂ ਵਿੱਚ ਤਾਂ ਹੈ ਪਰ ਧਰਤੀ ਤੇ ਨਹੀਂ ਹੈ। ਮੈਂ ਕਿਹਾ ਧਰਤੀ ਤੇ ਨਹੀਂ ਹੈ, ਇਸ ਦਾ ਮਤਲਬ ਕੀ ਹੈ। ਅਫਸਰਾਂ ਨੇ ਕਿਹਾ ਕਿ ਲੋਕਾਂ ਨੇ

ਕੱਸੀਆਂ ਵਿੱਚੋ ਹੀ ਵਾਹ ਲਈਆਂ। ਮੈਂ ਕਿਹਾ ਕਿ ਲੱਭੋ। ਉਨ੍ਹਾਂ ਨੇ ਲੱਭ ਲਈ। ਮੈਂ ਕਿਹਾ ਕਿ ਚਲੋ ਇਸ ਨੂੰ ਰਿਵਾਈਵ ਕਰਦੇ ਹਾਂ, ਦੁਬਾਰਾ ਚਲਾਵਾਂਗੇ। ਪਰ ਕੱਸੀ ਇੱਕਲੀ ਰਿਵਾਈਵ ਕਰਨ ਨਾਲ ਪਾਣੀ ਨਹੀਂ ਆਏਗਾ। ਜਿਹੜੇ ਸੂਏ ਤੋਂ ਕੱਸੀ ਵਿੱਚ ਪਾਣੀ ਪੈਂਦਾ ਸੀ ਉਹ ਸੂਆ ਕਿੱਥੇ ਹੈ। ਅਫਸਰ ਕਹਿੰਦੇ ਉੱਥੇ ਤਾਂ ਕਿੱਕਰਾਂ, ਕਰੀਰ ਕਰੂਰ ਬਹੁਤ ਕੁਝ ਹੈ, ਸੂਆ ਤਾਂ ਬਿਲਕੁਲ ਸੁੱਕ ਗਿਆ। ਮੈਂ ਕਿਹਾ ਇਸ ਨੂੰ ਸਾਫ ਕਰੋ। ਡਿਪਟੀ ਸਪੀਕਰ ਸਾਹਿਬ, ਉਸ ਨੂੰ ਸ਼ੇਰੋਂ-ਰਜਵਾਹਾ ਕਹਿੰਦੇ ਹਨ। ਉਸ ਰਜਵਾਹੇ ਵਿੱਚੋਂ ਸਾਡੇ ਪਿੰਡ ਦੀ ਕੱਸੀ ਵਿੱਚ ਪਾਣੀ ਆਉਂਦਾ ਸੀ। ਮੈਂ ਅਫਸਰਾਂ ਨੂੰ ਕਿਹਾ ਕਿ ਜੇਕਰ ਸਾਡੇ ਪਿੰਡ ਵਾਲੀ ਕੱਸੀ ਲੱਭ ਸਕਦੀ ਹੈ ਤਾਂ ਪੰਜਾਬ ਦੇ ਪਿੰਡਾਂ ਵਿੱਚ ਜਿਹੜੀਆਂ ਬਹੁਤ ਸਾਰੀਆਂ ਕੱਸੀਆਂ ਗੁੰਮ ਹੋ ਗਈਆਂ ਉਨ੍ਹਾਂ ਨੂੰ ਵੀ ਲੱਭੋ। ਆਪਾਂ ਤਾਂ ਹੀ ਬਚਾਂਗੇ। ਜੇ ਥਲੜਾ ਪਾਣੀ ਬਚਾਉਣਾ ਤਾਂ ਕੱਸੀਆਂ ਲੱਭੋ ਕਿ ਕਿੱਥੇ ਹਨ। ਮੈਂ ਹਾਲਾਂਕਿ ਡੀ.ਜੀ.ਪੀ. ਸਾਹਿਬ ਨੂੰ ਵੀ ਨਾਲ ਮੀਟਿੰਗ ਵਿੱਚ ਲਿਆ ਕਿ ਜੇ ਕਿਤੇ ਝਗੜਾ ਹੋ ਗਿਆ ਤਾਂ ਪੁਲਿਸ ਲਾਅ ਐਂਡ ਆਰਡਰ ਦੀ ਸਥਿਤੀ ਦੇਖੇਗੀ। ਪਰ ਮੈਨੂੰ ਦੱਸਦਿਆਂ ਬੜੀ ਖੁਸ਼ੀ ਹੋ ਰਹੀ ਹੈ ਕਿ ਇੱਕ ਵੀ ਪਿੰਡ ਵਿੱਚ ਕੋਈ ਰੌਲਾ ਨਹੀਂ ਪਿਆ। ਜੇ ਕਿਸੇ ਨੇ ਕਿਹਾ ਕਿ ਕੱਸੀ ਅਸੀਂ ਵਾਹ ਲਈ ਤਾਂ ਜਾਂ ਤਾਂ ਉਸ ਨੇ ਕੱਸੀ ਛੱਡ ਦਿੱਤੀ ਜਾਂ ਉਸ ਨੇ ਕਹਿ ਦਿੱਤਾ ਕਿ ਅੰਡਰ-ਗਰਾਊਂਡ ਪਾਈਪ ਪਾਉਣ ਵਾਸਤੇ ਮੈਂ ਤੁਹਾਨੂੰ ਆਪਣੀ ਜਗ੍ਹਾ ਦਿੰਦਾ ਹਾਂ। ਉਸ ਦਾ ਵੀ ਮੋਘਾ ਉੱਥੇ ਲਗਵਾ ਦਿਆਂਗੇ। 14000 ਕਿਲੋਮੀਟਰ ਦਿੱਲੀ ਤੋਂ ਵੈਨਕੁਵਰ ਹੈ, ਯਾਨੀ ਕਿ ਦਿੱਲੀ ਤੋਂ ਕਨੇਡਾ ਤੱਕ ਦੀ ਜਿੰਨੀ ਦੂਰੀ ਹੈ, ਅਸੀਂ ਉਨੀਆਂ ਪਾਈਪ ਲਾਈਨਾਂ ਵਿਛਾ ਦਿੱਤੀਆਂ। (ਥੰਪਿੰਗ) ਅਸੀਂ 21-22% ਤੋਂ ਅੱਜ 80% ਤੇ ਆ ਗਏ ਹਾਂ। ਮੇਰੇ ਸਾਹਮਣੇ ਅੰਕੜੇ ਪਏ ਹਨ। ਕਾਰਣ ਇਹ ਹੈ ਕਿ ਅਸੀਂ ਮੋਘੇ ਚਲਾ ਲਏ ਹਨ। ਅਸੀਂ ਉਹ ਨਹਿਰਾਂ ਜਿਹੜੀਆਂ ਕਿ ਸਾਡੇ ਕੋਲੋਂ ਲੰਘ ਜਾਂਦੀਆਂ ਸਨ, ਉਨ੍ਹਾਂ ਦੇ ਵਿੱਚ ਮੋਘੇ ਬਣਾ ਲਏ। ਕੱਸੀਆਂ, ਰਜਬਾਹਿਆਂ, ਸੂਏਆਂ ਦੇ ਵਿੱਚ ਪਾਣੀ ਆ ਗਿਆ। ਤੁਹਾਡੇ ਆਪਣੇ ਇਲਾਕੇ ਦੀ ਕੰਢੀ ਕੈਨਾਲ 40 ਸਾਲ ਬਾਅਦ ਚੱਲੀ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਡਾ ਆਪਣਾ ਇਲਾਕਾ ਹੈ ਜੀ।

**ਮਾਣਯੋਗ ਡਿਪਟੀ ਸਪੀਕਰ**: ਬਿਲਕੁਲ ਜੀ।

**ਮੁੱਖ ਮੰਤਰੀ**: ਪਹਿਲਾਂ ਕੀ ਕਰਦੇ ਸੀ? ਜਿਹੜੇ ਲੋਕ ਪਹਾੜੀਆਂ ਦੇ ਉੱਪਰ ਰਹਿੰਦੇ ਸਨ, ਉਹ ਆਪਣੀਆਂ ਮੱਝਾਂ ਲੈ ਕੇ ਥੱਲੇ ਆ ਜਾਂਦੇ ਸੀ। ਹੁਣ ਐਤਕੀ ਉਹ ਆਏ ਨਹੀਂ ਹਨ। ਕਿਉਂਕਿ ਪਾਣੀ lift irrigation ਰਾਹੀਂ ਉਨ੍ਹਾਂ ਤੱਕ ਪਹੁੰਚ ਗਿਆ ਸੀ। ਉਹ ਕਹਿੰਦੇ ਕਿ ਅਸੀਂ ਸੋਚ ਹੀ ਨਹੀਂ ਸਕਦੇ ਸੀ ਕਿ ਪਾਣੀ ਉੱਪਰ ਵੀ ਆ ਸਕਦਾ ਹੈ। ਤੇਲੰਗਾਨਾ ਦੇ ਵਿੱਚ ਚੈੱਕ ਡੈਮ ਦੇਖ ਕੇ ਆਏ ਸੀ। ਉਨ੍ਹਾਂ ਨੇ ਪਾਣੀ ਉਤਾਂਹ ਚਾੜ ਕੇ ਪਾਣੀ ਚੈੱਕ ਡੈਮਾਂ ਰਾਹੀਂ ਸਪਲਾਈ ਕੀਤਾ।

**1415/Tarlochan Singh**

ਤੁਹਾਡੇ ਆਪਣੇ ਇਲਾਕੇ ਵਿੱਚ ਲਿਫਟ ਇਰੀਗੇਸ਼ਨ ਦਾ ਬਹੁਤ ਕਮਾਲ ਦਾ ਕੰਮ ਹੋਇਆ ਹੈ। 8 ਨਵੀਆਂ ਛੋਟੀਆਂ ਛੋਟੀਆਂ ਨਹਿਰਾਂ, ਮਲੇਰਕੋਟਲਾ, ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਫਾਜ਼ਿਲਕਾ ਮੁਕਤਸਰ ਜ਼ਿਲ੍ਹਿਆਂ ਨੂੰ ਬਣਾਈਆਂ ਗਈਆਂ ਹਨ। ਪੁਰਾਣੀਆਂ ਨਹਿਰਾਂ ਜਿਹੜੀਆਂ ਕਿ ਮਿੱਟੀ ਥੱਲੇ ਦੱਬੀਆਂ ਪਈਆਂ ਸਨ, ਅਣਗੌਲੀਆਂ ਸਨ, ਉਹ ਵੀ ਚੱਲ ਪਈਆਂ ਹਨ। ਸੋ ਪਾਣੀ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਦੀ ਪੂਰੀ ਦੁਨੀਆਂ ਵਿੱਚ ਤਾਰੀਫ ਹੋ ਰਹੀ ਹੈ। ਲੋਕਾਂ ਦੀਆਂ ਵੀਡਿਉਜ਼ ਆਉਂਦੀਆਂ ਹਨ। ਜਦੋਂ ਲੋਕਾਂ ਦਾ ਮੋਘਾ ਚੱਲਦਾ ਹੈ ਤਾਂ ਲੋਕ ਕੜਾਹਿਆਂ ਵਿੱਚ ਖਵਾਜ਼ਾ

ਪੀਰ ਦੇ ਮਿੱਠੇ ਚੌਲ ਬਣਾਉਂਦੇ ਹਨ। ਜਦੋਂ ਮੇਰੇ ਕੋਲ ਅਜਿਹੀ ਇੱਕ ਵੀਡਿਓ ਆਈ ਤਾਂ ਮੈਨੂੰ ਬੜੀ ਇਮੋਸ਼ਨਲ ਵੀਡਿਓ ਲੱਗੀ। ਉਨ੍ਹਾਂ ਨੇ ਉਥੇ ਭਾਈ ਜੀ ਨੂੰ ਬੁਲਾ ਕੇ ਅਰਦਾਸ ਕੀਤੀ ਅਤੇ ਨਾਲ ਹੀ ਖਵਾਜ਼ਾ ਪੀਰ ਦੇ ਚੌਲ ਕੱਢੇ ਅਤੇ ਕਿਹਾ ਕਿ ਖਵਾਜ਼ਾ ਵਲੀ, ਤੂੰ ਸਾਡੇ ਖੇਤਾਂ ਵਿੱਚ ਆ ਗਿਆ ਹੈ, ਤੇਰਾ ਧੰਨਵਾਦ। ਕਿੰਨੇ ਸਾਲਾਂ ਬਾਅਦ? 55 ਸਾਲਾਂ ਬਾਅਦ। ਕੋਈ ਕਹਿੰਦਾ 50 ਸਾਲਾਂ ਬਾਅਦ। ਇਨ੍ਹਾਂ ਨੂੰ ਤਾਂ ਭੁੱਲ ਹੀ ਗਏ ਸੀ। ਹੁਣ ਇਸੇ ਕਰਕੇ ਇਸ ਵਾਰ ਮੀਂਹ ਵੀ ਘੱਟ ਪਏ ਪਰ ਫਿਰ ਵੀ ਘੱਟ ਪਾਣੀ ਵਰਤਿਆ ਗਿਆ ਹੈ। ਧਰਤੀ ਵਿਚਲੇ ਪਾਣੀ ਸਬੰਧੀ ਕੇਂਦਰ ਸਰਕਾਰ ਦੀ ਰਿਪੋਰਟ ਹੈ ਕਿ ਪੰਜਾਬ ਵਿੱਚ ਹੁਣ ਗਰਾਊਂਡ ਦਾ ਪਾਣੀ ਘੱਟ ਵਰਤਿਆ ਜਾ ਰਿਹਾ ਹੈ ਕਿਉਂਕਿ ਪੈਰੇਲਲ ਕੱਸੀਆਂ ਨਹਿਰਾਂ ਚੱਲ ਪਈਆਂ ਹਨ। ਸਾਡੇ ਡਾਰਕ ਜ਼ੋਨ ਹੁਣ ਸੇਫ ਜ਼ੋਨਾਂ ਵਿੱਚ ਆਉਣ ਲੱਗ ਪਏ ਹਨ। ਪੰਜਾਬ ਦੇ ਪਾਣੀ ਦਾ 1 ਤੋਂ 5 ਮੀਟਰ ਤੱਕ ਲੈਵਲ ਉਪਰ ਆ ਗਿਆ ਹੈ। (ਥੰਪਿੰਗ) ਇਹ ਸਰਕਾਰਾਂ ਦੇ ਕੰਮ ਹਨ, ਸਰਕਾਰ ਦਾ ਕੰਮ ਕੋਈ ਜ਼ਿੰਦਾਬਾਦ, ਮੁਰਦਾਬਾਦ ਕਰਵਾਉਣਾ ਨਹੀਂ ਹੁੰਦਾ ਹੈ। ਸਰਕਾਰਾਂ ਦਾ ਕੰਮ ਹੁੰਦਾ ਹੈ ਕਿ ਲੋਕਾਂ ਦੇ ਜੀਵਨ ਪੱਧਰ ਦੀ ਰੱਖਿਆ ਕਰਨੀ। ਅੱਜ ਕ੍ਰਿਸ਼ਨ ਕੁਮਾਰ ਹੋਰਾਂ ਨੂੰ, ਜਿਹੜੇ ਸਾਡੇ ਇਰੀਗੇਸ਼ਨ ਸੈਕਟਰੀ ਹਨ, ਉਨ੍ਹਾਂ ਨੂੰ ਲੋਕਾਂ ਦੇ ਵਿਆਹਾਂ ਦੇ ਕਾਰਡ ਆਉਣ ਲੱਗ ਗਏ ਹਨ। ਲੋਕੀਂ ਕਹਿੰਦੇ ਕਿ ਤੁਸੀਂ ਸਾਡੀ ਜ਼ਮੀਨ ਦੀ ਵੈਲਿਊ ਵਧਾ ਦਿੱਤੀ ਹੈ, ਬੱਚਿਆਂ ਦਾ ਰਿਸ਼ਤਾ ਹੋ ਗਿਆ ਹੈ। ਨਹੀਂ ਤਾਂ ਠੇਕੇ ਵਾਲੀ ਜ਼ਮੀਨ ਦੇ ਤਿੰਨ-ਚਾਰ ਰੇਟ ਹੁੰਦੇ ਹਨ। ਜੇਕਰ ਉਥੇ ਟਿਊਬਵੈੱਲ ਹੈ ਤਾਂ ਰੇਟ ਹੋਰ ਹੈ, ਜੇ ਨਹਿਰੀ ਪਾਣੀ ਆਉਂਦਾ ਹੈ ਤਾਂ ਰੇਟ ਹੋਰ ਹੈ, ਜੇ ਪੀਟਰ ਇੰਜਣ ਨਾਲ ਜਾਂ ਟਰੈਕਟਰ ਦਾ ਪੰਪ ਲਗਾ ਕੇ ਪਾਣੀ ਕੱਢਣਾ ਹੈ ਤਾਂ ਰੇਟ ਹੋਰ ਹੈ। ਸੋ, ਉਨ੍ਹਾਂ ਨੂੰ ਪਿੰਡਾਂ ਦੇ ਲੋਕ ਜਾਣਨ ਲੱਗ ਪਏ ਹਨ ਕਿ ਇਸ ਬੰਦੇ ਨੇ ਸਾਡੇ ਖੇਤਾਂ ਵਿੱਚ ਪਾਣੀ ਪਹੁੰਚਾ ਦਿੱਤਾ ਹੈ, ਸਾਡੇ ਖੇਤਾਂ ਦੀ ਵੈਲਿਊ ਵਧ ਗਈ ਹੈ।

ਮੈਂ ਇੱਕ ਐਨ.ਜੀ.ਓ. ਵੱਲੋਂ ਕਿਸੇ ਕੰਧ ਤੇ ਲਿਖਿਆ ਬੜਾ ਵਧੀਆ ਵਾਕ ਪੜ੍ਹਿਆ। ਸਕੂਲ ਦੀ ਕੰਧ ਤੇ ਲਿਖਿਆ ਹੋਇਆ ਸੀ, ਮੈਂ ਇੱਕ ਸਕੂਲ ਦੇ ਫੰਕਸ਼ਨ ਤੇ ਗਿਆ ਸੀ, ਉਹ ਲਾਈਨ ਮੈਨੂੰ ਬੜੀ ਵਧੀਆ ਲੱਗੀ। ਲਿਖਿਆ ਸੀ: -

ਕੁੱਖਾਂ ਦੇ ਵਿੱਚ ਧੀਆਂ ਤੇ ਧਰਤੀ ਦੀ ਕੁੱਖ ਵਿੱਚ ਪਾਣੀ

ਕੁੱਖਾਂ ਦੇ ਵਿੱਚ ਧੀਆਂ ਤੇ ਧਰਤੀ ਦੀ ਕੁੱਖ ਵਿੱਚ ਪਾਣੀ

ਜੇ ਨਾ ਸੰਭਾਲਿਆ ਤਾਂ ਖਤਮ ਕਹਾਣੀ

ਇਸ ਨਾਲ ਸਾਨੂੰ ਧੀਆਂ ਨੂੰ ਬਚਾਉਣ, ਭਰੂਣ ਹੱਤਿਆ ਰੋਕਣ ਦਾ ਵੀ ਮੈਸੇਜ ਮਿਲਿਆ ਅਤੇ ਇਹ ਵੀ ਸਮਝ ਆਈ ਕਿ ਧਰਤੀ ਦੀ ਕੁੱਖ ਵਿੱਚ ਪਾਣੀ ਵੀ ਸੰਭਾਲਣਾ ਪੈਣਾ ਹੈ। ਸਾਡੇ ਤਾਂ ਸੂਬੇ ਦਾ ਨਾਂ ਹੀ ਪੰਜ ਪਾਣੀਆਂ ਤੇ ਹੈ। ਪੰਜ ਪਾਣੀ, ਪੰਜ ਆਬ। ਮੰਤਰੀ ਸਾਹਿਬ ਨੇ ਸਾਰੇ ਅੰਕੜੇ ਦੇ ਦਿੱਤੇ ਹਨ, ਮੈਂ ਵਾਰ ਵਾਰ ਰਿਪੀਟ ਨਹੀਂ ਕਰਨਾ ਚਾਹੁੰਦਾ ਹਾਂ। 60 ਲੱਖ 80 ਹਜ਼ਾਰ ਏਕੜ ਨੂੰ ਸਿੰਚਾਈ ਵਾਲਾ ਪਾਣੀ ਮਿਲਣ ਲੱਗ ਗਿਆ ਹੈ। (ਥੰਪਿੰਗ) ਇਹ ਬਹੁਤ ਵੱਡੀ ਗੱਲ ਹੈ। ਇਹ ਪਹਿਲਾਂ ਕਿਉਂ ਨਹੀਂ ਹੋਇਆ?

ਜਦੋਂ ਟਿਊਬਵੈੱਲ ਆਏ ਤਾਂ 20-25 ਫੁੱਟ ਤੇ ਪਾਣੀ ਸੀ। ਲੋਕਾਂ ਨੇ ਸੋਚਿਆ ਕਿ ਇਹ ਮੁੱਕੇਗਾ ਥੋੜ੍ਹੀ। ਪੰਜਾਬ ਵਿੱਚ 14 ਲੱਖ ਟਿਊਬਵੈੱਲ ਹਨ। ਇੱਕ ਗੋਬਿੰਦ ਸਾਗਰ ਝੀਲ ਜਿੰਨਾ ਪਾਣੀ ਝੋਨੇ ਦੇ ਇੱਕ ਸੀਜ਼ਨ ਵਿੱਚ ਧਰਤੀ ਵਿੱਚੋਂ ਕੱਢ ਲਿਆ ਜਾਂਦਾ ਹੈ। ਇਹ ਸਿਰਫ 90 ਦਿਨ, ਤਿੰਨ ਮਹੀਨਿਆਂ ਦਾ ਸੀਜ਼ਨ ਹੈ। ਜੂਨ ਤੋਂ ਅਕਤੂਬਰ ਦਾ ਸੀਜ਼ਨ ਹੈ।

ਕਦੇ ਸਾਡੇ ਨਾਲ ਬੀ.ਬੀ.ਐਮ.ਬੀ. ਦਾ ਪੰਗਾ ਪਾ ਲੈਂਦੇ ਹਨ, ਕਦੇ ਰਾਜਸਥਾਨ ਵਾਲੇ ਪਾਣੀ ਦਾ ਪੰਗਾ ਪਾ ਲੈਂਦੇ ਹਨ, ਕਦੇ ਕਹਿੰਦੇ ਹਨ ਕਿ ਹੈੱਡ ਵਰਕਸ ਸਾਡੇ ਕੰਟਰੋਲ ਵਿੱਚ ਆ ਜਾਣ। ਕਿਉਂ? ਬਾਕੀ ਸਾਰੇ ਦੇਸ਼ ਵਿੱਚ ਜਿਵੇਂ ਕੋਟੇ ਬਾਰੇ ਦੱਸਿਆ ਗਿਆ ਹੈ ਇਸੇ ਤਰ੍ਹਾਂ ਮੱਧ ਪ੍ਰਦੇਸ਼ ਵਿੱਚ ਵੀ ਹਨ, ਜਿੰਨੇ ਵੀ ਹੈੱਡ ਵਰਕਸ ਹਨ, ਉਨ੍ਹਾਂ ਦਾ ਕੰਟਰੋਲ ਸਟੇਟ ਗੌਰਮਿੰਟ ਕੋਲ ਹੈ। Water is a State issue. ਫਿਰ ਸਾਥੋਂ ਕਿਉਂ ਖੋਹੀ ਜਾਂਦੇ ਹੋ? ਕਹਿੰਦੇ ਕਿ ਬੀ.ਬੀ.ਐਮ.ਬੀ. ਵਿੱਚੋਂ ਮੈਂਬਰ ਕੱਢ ਦਿਆਂਗੇ, ਇਸ ਨੂੰ ਮੈਂਬਰ ਪਾ ਲਵਾਂਗੇ। ਤੁਸੀਂ ਮੈਨੂੰ ਦੱਸੋ ਕਿ ਰਾਵੀ ਅਤੇ ਬਿਆਸ ਨਾਲ ਰਾਜਸਥਾਨ ਦਾ ਕਿਹੜਾ ਹਿੱਸਾ ਲੱਗਦਾ ਹੈ? ਹਰਿਆਣਾ ਦਾ ਕਿਹੜਾ ਹਿੱਸਾ ਲੱਗਦਾ ਹੈ? ਕੋਈ ਕੋਨਾ ਵੀ ਟੱਚ ਕਰਦਾ ਹੋਵੇ ਤਾਂ ਦੱਸ ਦਿਉ। ਜਦੋਂ ਕਿ ਪੁਨਰਗਠਨ ਤੋਂ ਪਹਿਲਾਂ ਜਦੋਂ ਹਰਿਆਣਾ ਸਾਡਾ ਹਿੱਸਾ ਸੀ ਤਾਂ ਯਮੁਨਾ ਵਿੱਚ ਸਾਡਾ ਹਿੱਸਾ ਸੀ। ਹੁਣ ਜਦੋਂ ਯਮੁਨਾ ਦੀ ਮੀਟਿੰਗ ਬੁਲਾਉਂਦੇ ਹਨ ਤਾਂ ਪੰਜਾਬ ਨੂੰ ਨਹੀਂ ਬੁਲਾਇਆ ਜਾਂਦਾ। ਕਿਉਂ? ਤੁਸੀਂ ਰਾਵੀ ਬਿਆਸ ਵਿੱਚੋਂ ਪਾਣੀ ਮੰਗੀ ਜਾਂਦੇ ਹੋ ਤੇ ਯਮੁਨਾ ਬਾਰੇ ਕਹਿੰਦੇ ਹਨ ਕਿ ਯਮੁਨਾ ਬਾਰੇ ਗੱਲ ਨਾ ਕਰੋ। ਜਦੋਂ ਐਸ.ਵਾਈ.ਐਲ. ਦੀ ਗੱਲ ਚੱਲੀ, ਮੈਂ ਮੀਟਿੰਗਾਂ ਵਿੱਚ ਗਿਆ ਤਾਂ ਅਮਿਤ ਸ਼ਾਹ ਜੀ ਨੂੰ ਕਿਹਾ ਕਿ ਸੁਪਰੀਮ ਕੋਰਟ ਦਾ ਆਰਡਰ ਹੈ ਕਿ ਇਸ ਦਾ ਆਲਟਰਨੇਟਿਵ ਦਿਉ। ਮੈਂ ਕਿਹਾ ਕਿ ਮੈਂ ਆਲਟਰਨੇਟਿਵ ਦਿੰਦਾ ਹਾਂ, ਇਸ ਦੇ ਨਾਂ ਵਿੱਚ ਹੀ ਆਲਟਰਨੇਟਿਵ ਹੈ। SYL ਦੀ ਜਗ੍ਹਾ ਤੇ ਇਸ ਨੂੰ YSL ਕਰ ਲਵੋ। ਸਤਲੁਜ ਯਮੁਨਾ ਲਿੰਕ ਨਹੀਂ ਯਮੁਨਾ ਸਤਲੁਜ ਲਿੰਕ ਕਰੋ। ਸਾਰੇ ਹਰਿਆਣਾ ਨੂੰ ਪਾਣੀ ਦੇ ਦਿਉ, ਜਿੰਨਾ ਬਚ ਗਿਆ, ਸਾਡੇ ਸਤਲੁਜ ਵਿੱਚ ਪਾ ਦਿਉ।

**1420/Sukhpiar Singh**

ਸਤਲੁਜ ਤਾਂ ਸੂਆ ਬਣ ਗਿਆ ਜੀ। ਸਤਲੁਜ ਤਾਂ ਇੱਕ ਛੋਟਾ ਜਿਹਾ ਨਾਲਾ ਰਹਿ ਗਿਆ ਹੈ, ਸਤਲੁਜ ਵਿੱਚ ਕਿੱਥੇ ਪਾਣੀ ਹੈ? ਰੀਵਿਊ ਕਦੋਂ ਹੋਇਆ ਸੀ? ਉਹ 1957-58 ਦੇ ਸਮਝੌਤੇ ਚੁੱਕੀ ਫਿਰਦੇ ਹਨ। ਉਦੋਂ ਪਹੇ ਹੁੰਦੇ ਸੀ, ਮੱਲ੍ਹੇ ਹੁੰਦੇ ਸੀ, ਬੇਰੀਆਂ ਹੁੰਦੀ ਸੀ। ਕੀ ਉਦੋਂ ਵਾਲੀ ਖੇਤੀ ਤੇ ਹੁਣ ਵਾਲੀ ਖੇਤੀ ਵਿੱਚ ਫਰਕ ਨਹੀਂ ਹੈ? ਨਹੀਂ ਜੀ, ਕਹਿੰਦੇ ਨਹਿਰ ਬਣਾ ਦਿਉ। ਮੈਂ ਕਿਹਾ ਕਿ ਕੀ ਇਸ ਵਿੱਚ ਜੂਸ ਛੱਡਣਾ ਹੈ। ਨਹਿਰ ਬਣਾ ਦਿਉ, ਪਾਣੀ ਤਾਂ ਹੈ ਨਹੀਂ, ਅਸੀਂ ਨਹਿਰ ਕਿਸ ਵਾਸਤੇ ਬਣਾ ਦੇਈਏ। ਸੋ, ਇਸ ਕਰਕੇ ਜੋ ਮਤੇ ਮੰਤਰੀ ਸਾਹਿਬ ਲੈ ਕੇ ਆਏ ਹਨ, ਮੈਂ ਉਨ੍ਹਾਂ ਦਾ ਸਮਰੱਥਨ ਕਰਦਾ ਹਾਂ। ਪਾਣੀ ਦੇ ਮਾਮਲੇ ਵਿੱਚ ਇੱਕ ਇੱਕ ਬੂੰਦ ਪਾਣੀ ਦੀ ਪੰਜਾਬ ਆਪਣੇ ਹੱਕ ਦੀ ਰੱਖੇਗਾ, ਉਸ ਵਾਸਤੇ ਲੜਨਾ ਪਿਆ ਤਾਂ ਜਿੱਥੇ ਮਰਜ਼ੀ ਲੜਾਂਗੇ (ਥੰਪਿੰਗ)। ਸੜਕਾਂ ਤੇ ਲੜਨਾ ਪਿਆ ਤਾਂ ਸੜਕਾਂ ਤੇ ਲੜਾਂਗੇ, ਕੋਰਟਾਂ ਵਿੱਚ ਲੜਨਾ ਪਿਆ ਤਾਂ ਕੋਰਟਾਂ ਵਿੱਚ ਲੜਾਂਗੇ। 1960 ਤੱਕ ਰਾਜਸਥਾਨ ਵਾਲੇ ਸਾਨੂੰ ਰਾਇਲਟੀ ਦਿੰਦੇ ਰਹੇ ਹਨ। ਅੱਛਾ ਰਾਜਸਥਾਨ ਵਾਲੇ ਉਸ ਪਾਣੀ ਨੂੰ ਇੰਡਸਟਰੀ ਨੂੰ ਵੇਚਦੇ ਹਨ। ਸਾਡੇ ਤੋਂ ਫਰੀ ਲੈ ਕੇ ਉਹ ਵੇਚਦੇ ਹਨ, ਇਹ ਤਾਂ ਫਿਰ ਬਿਜ਼ਨਸ ਹੋ ਗਿਆ। ਸਾਡੇ ਤੋਂ ਕੱਚਾ ਮਾਲ ਫਰੀ ਲੈ ਲਿਆ ਅਤੇ ਕੱਚੇ ਮਾਲ ਤੋਂ ਪ੍ਰੋਡਕਟ ਬਣਾ ਕੇ ਆਪ ਮਾਰਕੀਟ ਵਿੱਚ ਵੇਚਣ ਲੱਗ ਗਏ, ਫਿਰ ਸਾਡਾ ਵੀ ਹੱਕ ਬਣਦਾ ਹੈ। 1 ਲੱਖ 44 ਹਜ਼ਾਰ ਕਰੋੜ ਰੁਪਿਆ ਸਾਡੀ ਰਾਇਲਟੀ ਬਣਦੀ ਹੈ। ਅਸੀਂ ਹੁਣ ਇਹ ਪ੍ਰਸਤਾਵ ਭੇਜਾਂਗੇ ਜਿਹੜਾ ਅੱਜ ਪਾਸ ਹੋ ਹੀ ਜਾਵੇਗਾ ਕਿਉਂਕਿ ਜਿਹੜੇ ਪਾਣੀਆਂ ਦੇ ਕਾਤਲ ਹਨ, ਉਹ ਤਾਂ ਚਲੇ ਗਏ

ਹਨ। ਇੱਥੇ ਪਾਣੀਆਂ ਦੇ ਰਖਵਾਲੇ ਹੀ ਰਹਿ ਗਏ ਹਨ। ਉਹ ਤਾਂ ਨਿਕਲ ਗਏ ਹਨ, ਉਹ ਤਾਂ ਵੈਸੇ ਹੀ ਸ਼ਰਮ ਨਾਲ ਪਾਣੀ ਪਾਣੀ ਹੋਏ ਪਏ ਹਨ। ਇਸ ਤਰ੍ਹਾਂ ਦੀ ਵਿਧਾਨ ਸਭਾ 2027 ਵਿੱਚ ਹੋਵੇਗੀ, ਤੁਸੀਂ ਦੇਖ ਲੈਣਾ (ਥੰਪਿੰਗ)। ਅੱਜ ਆਪਣੀ ਵਿਧਾਨ ਸਭਾ ਦਾ ਆਖਰੀ ਦਿਨ ਹੈ। ਅਗਲੀ ਵਿਧਾਨ ਸਭਾ ਦਾ ਪਹਿਲਾ ਦਿਨ ਵੀ ਇਹੋ ਜਿਹਾ ਹੀ ਹੋਵੇਗਾ। ਡਾਕਟਰ ਸਾਹਿਬ (ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਵੱਲ ਇਸ਼ਾਰਾ) ਸਾਡੇ ਵਿੱਚ ਆ ਗਏ ਹਨ, ਬੀ.ਐਸ.ਪੀ. ਵਾਲੇ ਬੈਠੇ ਹਨ, ਇਆਲੀ ਸਾਹਿਬ ਬੈਠੇ ਹਨ। ਇਹੋ ਜਿਹਾ ਕੁਝ ਹੀ ਹੋਵੇਗਾ ਜੀ। ਮੈਂ ਤੁਹਾਨੂੰ ਦੱਸ ਦਿੰਦਾ ਹਾਂ ਕਿ ਮੇਰੇ 32 ਦੰਦ ਹਨ, ਹੁਣ ਤੁਸੀਂ ਇਸ ਨੂੰ ਸਹੀ ਹੀ ਸਮਝਿਓ। ਇਹ ਇੱਥੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਕੋਈ ਨਹੀਂ ਹੋਵੇਗਾ, ਇੱਧਰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਸੀਟਾਂ ਵੱਧ ਜਾਣਗੀਆਂ, ਜਿਹੜੀਆਂ ਖਾਲੀ ਪਈਆਂ ਹਨ, ਇਹ ਸਾਰੀਆਂ ਵੱਧ ਜਾਣਗੀਆਂ। ਇਹ ਹਾਲਾਤ ਹੋਣਗੇ। ਕਾਰਨ ਕੀ ਹੈ? ਉਨ੍ਹਾਂ ਕੋਲ ਕੋਈ ਮੁੱਦਾ ਹੀ ਨਹੀਂ ਹੈ। ਰੋਜ਼ ਆਉਂਦੇ ਹਨ ਅਤੇ ਆ ਕੇ ਬਾਈਕਾਟ ਕਰ ਜਾਂਦੇ ਹਨ। ਚਲੋ ਜੀ ਵਾਕ ਆਊਟ, ਮੁਰਦਾਬਾਦ ਓਏ, ਜ਼ਿੰਦਾਬਾਦ ਓਏ, ਭਗਵੰਤ ਮਾਨ ਗਲਤ ਹੋਇਆ, ਧਿਮਕਾ ਹੋਇਆ, ਉਨ੍ਹਾਂ ਕੋਲ ਇਹ ਕੰਮ ਹੈ। ਅੱਛਾ, ਉਨ੍ਹਾਂ ਦਾ ਨੇਤਾ ਨੈਸ਼ਨਲ ਲੈਵਲ ਤੇ ਵੋਟ ਚੋਰੀ ਦਾ ਮੁੱਦਾ ਉਠਾ ਰਿਹਾ ਹੈ ਅਤੇ ਜਿਸ ਦਿਨ ਇੱਥੇ ਡਿਬੇਟ ਹੋਈ ਹੈ, ਉਸ ਦਿਨ ਉਹ ਇੱਥੇ ਹੈ ਹੀ ਨਹੀਂ। ਤੁਸੀਂ ਬੋਲ ਲਵੋ ਕਿਉਂਕਿ ਤੁਹਾਨੂੰ ਬੋਲਣ ਦਾ ਮੌਕਾ ਮਿਲਦਾ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਦੋ ਵਾਰ ਦੇ ਵਿਧਾਇਕ ਬਣ ਗਏ, ਕਦੇ ਤੁਹਾਡੇ ਕੋਲ ਅਸੀਂ ਲਿਸਟ ਭੇਜੀ ਹੈ ਕਿ ਕਿਸ ਨੂੰ ਮੌਕਾ ਦੇਣਾ ਹੈ ਜਾਂ ਨਹੀਂ ਦੇਣਾ ਹੈ?

**ਮਾਣਯੋਗ ਡਿਪਟੀ ਸਪੀਕਰ:** ਨਹੀਂ ਜੀ।

**ਮੁੱਖ ਮੰਤਰੀ:** ਇਹ ਤੁਹਾਡੀ ਮਰਜ਼ੀ ਹੈ। ਇਹ ਤੁਹਾਡਾ ਇਸ ਕੁਰਸੀ ਦਾ ਅਤੇ ਚੇਅਰ ਦਾ ਫੈਸਲਾ ਹੈ ਕਿ ਕਿਸ ਨੂੰ ਬੋਲਣ ਦੇਣਾ ਹੈ, ਬਹੁਤ ਵਾਰ ਬੋਲ ਲੈਂਦੇ ਹਨ ਪਰ ਹੁਣ ਜੇ ਬੈਠੇ ਰਹੋਗੇ ਤਾਂ ਬੋਲੋਗੇ, ਮੌਕਾ ਮਿਲੇਗਾ, ਸਾਰਿਆਂ ਨੂੰ ਮੌਕਾ ਮਿਲੇਗਾ। ਫਿਰ ਅਗਲੇ ਮੁੱਦੇ ਤੇ ਆ ਜਾਂਦੇ ਹਨ। ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣਾ ਚਾਹੀਦਾ ਹੈ, ਦੂਰਬੀਨਾਂ ਨਾਲ ਕਿੰਨੀ ਦੂਰ ਤੋਂ ਅਸੀਂ ਦੇਖੀ ਜਾਵਾਂਗੇ? ਪਹਿਲਾਂ ਲਾਂਘਾ ਖੁੱਲ੍ਹ ਗਿਆ ਸੀ, ਕਿਸੇ ਕਿਸਮ ਦੀ ਕੋਈ ਦਿੱਕਤ ਨਹੀਂ ਆਈ। ਮੇਰੇ ਖਿਆਲ ਵਿੱਚ ਸਾਰੇ ਹੀ ਗਏ ਸੀ, ਤੁਸੀਂ ਵੀ ਨਾਲ ਸੀ, ਮੈਂ ਉਸ ਵੇਲੇ ਐਮ.ਪੀ. ਸੀ। ਅਸੀਂ ਸਾਰੇ ਗਏ ਸੀ ਅਤੇ ਮੱਥਾ ਟੇਕ ਕੇ ਆਏ ਹਾਂ। ਉੱਥੇ ਲੋਕ ਬੜਾ ਮੁਹੱਬਤ ਕਰਦੇ ਹਨ, ਬੜਾ ਪਿਆਰ ਦਿੰਦੇ ਹਨ। ਇਹ ਕਿਉਂ ਨਹੀਂ ਖੁੱਲ੍ਹ ਸਕਦਾ ਜੀ? ਸਾਨੂੰ ਸਾਡੇ ਗੁਰੂ ਦੇ ਦਰਸ਼ਨ ਕਿਉਂ ਨਹੀਂ ਹੋ ਸਕਦੇ। ਇਸ ਵਾਸਤੇ ਅਸੀਂ ਸੈਂਟਰ ਸਰਕਾਰ ਨੂੰ ਕਈ ਵਾਰ ਅਪਰੋਚ ਕੀਤੀ ਹੈ ਕਿ ਭਾਈ ਸਾਡਾ ਕੋਈ ਝਗੜਾ ਨਹੀਂ। ਲੜਾਈ ਜੰਮੂ ਕਸ਼ਮੀਰ ਵਿੱਚ ਹੁੰਦੀ ਹੈ, ਝਗੜਾ ਜੰਮੂ ਕਸ਼ਮੀਰ ਵਿੱਚ ਹੁੰਦਾ ਹੈ ਪਰ ਪੰਗਾ ਸਾਨੂੰ ਪੈ ਜਾਂਦਾ ਹੈ। ਸਾਡੇ ਫਾਜ਼ਿਲਕਾ, ਗੁਰਦਾਸਪੁਰ ਅਤੇ ਤਰਨਾਰਨ ਵਾਲੇ ਪਿੰਡ ਉਵੇਂ ਹੀ ਖਾਲੀ ਕਰਵਾ ਲੈਂਦੇ ਹਨ, ਚਲੋ ਜੀ ਪਿੰਡ ਖਾਲੀ ਕਰੋ, ਅੱਗੇ ਝਗੜਾ ਹੋ ਗਿਆ ਹੈ। ਅਸੀਂ ਤਾਂ ਮਤਲਬ ਭੁਗਤਭੋਗੀ ਹਾਂ। ਜਦੋਂ ਆਜ਼ਾਦੀ ਆਈ ਹੈ, ਉਦੋਂ 10 ਲੱਖ ਬੰਦਾ ਮਾਰਿਆ ਗਿਆ ਜੀ। ਅੱਜ ਵੀ ਸਾਡੇ ਬਜ਼ੁਰਗ ਜਿੰਨਾ ਨੂੰ ਇਹ ਨਹੀਂ ਪਤਾ ਕਿ ਮੇਰੀ ਡੇਟ ਆਫ ਬਰਥ ਕੀ ਹੈ। ਉਹ ਇਵੇਂ ਦੱਸਦੇ ਹਨ ਕਿ ਹੱਲਿਆਂ ਵੇਲੇ ਮੈਂ ਚਾਰ ਸਾਲ ਦਾ ਸੀ, ਹੱਲਿਆਂ ਵੇਲੇ ਕਹਿੰਦੇ ਹਨ, ਰੌਲਿਆਂ ਵੇਲੇ ਕਹਿੰਦੇ ਹਨ। 1947 ਦਾ ਮਤਲਬ ਹੱਲੇ ਹੋ ਗਿਆ, ਇਸ ਦਾ ਮਤਲਬ ਉਸ ਬੰਦੇ ਦਾ ਜਨਮ ਸਾਲ 1943 ਹੋਵੇਗਾ। ਸੋ, ਅਸੀਂ ਅਜੇ ਤੱਕ ਉਨ੍ਹਾਂ ਦੇ ਦਰਸ਼ਨ ਦੀਦਾਰ ਵਾਸਤੇ ਅਰਦਾਸਾਂ ਹਰ ਰੋਜ਼

ਕਰਦੇ ਹਨ। ਇਹ ਕਿਉਂ ਨਹੀਂ ਖੋਲ੍ਹਦੇ ਜੀ, ਪਹਿਲਾਂ ਸਮਝੌਤਾ ਐਕਸਪ੍ਰੈਸ ਟਰੇਨ ਚੱਲਦੀ ਸੀ, ਬੱਸ ਵੀ ਜਾਂਦੀ ਸੀ, ਕੋਈ ਨਾ ਕੋਈ ਪੰਗਾ ਨਿਤ ਪਾਈ ਰੱਖਦੇ ਹਨ। ਨਾ ਕੋਈ ਟੀਮਾਂ ਖੇਡਣ ਆਉਂਦੀਆਂ ਹਨ।

**1425/Manika Rani**

ਜਿਹੜੀ ਹੁਣ ਏਸ਼ੀਅਨ ਚੈਂਪੀਅਨ ਟਰਾਫੀ ਜਲੰਧਰ ਵਿਖੇ ਹੋ ਰਹੀ ਹੈ, ਇਸ ਵਿੱਚ ਪਹਿਲਾਂ ਪਾਕਿਸਤਾਨ ਦੀ ਟੀਮ ਨੇ ਖੇਡਣਾ ਸੀ ਪਰੰਤੂ ਪਾਕਿਸਤਾਨ ਵਾਲੇ ਕਹਿੰਦੇ ਹਨ ਕਿ ਤੁਸੀਂ ਸਾਡੇ ਨਾਲ ਕ੍ਰਿਕਟ ਨਹੀਂ ਖੇਡਦੇ ਤਾਂ ਅਸੀਂ ਤੁਹਾਡੇ ਨਾਲ ਹਾਕੀ ਨਹੀਂ ਖੇਡਾਂਗੇ। ਫਿਰ ਬੰਗਲਾਦੇਸ਼ ਦੀ ਟੀਮ ਨੂੰ ਰਿਜ਼ਰਵ ਦੇ ਤੌਰ ਤੇ ਟਰਾਫੀ ਵਿੱਚ ਲਿਆਂਦਾ ਹੈ। ਦੇਖੋ, ਖੇਡਾਂ ਵਿੱਚ ਵੀ ਪਾਲੀਟਿਕਸ ਆ ਗਈ ਹੈ। ਇਸ ਤੋਂ ਇਲਾਵਾ ਜਿਹੜੀਆਂ ਸਰਕਾਰ ਦੀਆਂ ਸਕੀਮਾਂ ਚੱਲ ਰਹੀਆਂ ਹਨ, ਉਹ ਸਾਰੀਆਂ ਲੋਕਪੱਖੀ ਹਨ, ਭਾਵੇਂ ਉਹ 300 ਯੂਨਿਟ ਬਿਜਲੀ ਦੀ ਸਕੀਮ ਹੋਵੇ, ਭਾਵੇਂ ਕਿਸਾਨਾਂ ਨੂੰ ਦਿਨੇ ਬਿਜਲੀ ਦੇਣੀ ਹੋਵੇ। ਮੈਂ ਇੱਕ ਜਗ੍ਹਾ ਤੇ ਰੁਕ ਗਿਆ ਅਤੇ ਮੈਨੂੰ ਕਿਸਾਨ ਮਿਲ ਗਏ। ਉਹ ਕਹਿੰਦੇ ਕਿ ਮਾਨ ਸਾਹਿਬ, ਤੁਹਾਡਾ ਧੰਨਵਾਦ ਜੀ। ਮੈਂ ਕਿਹਾ ਕਿ ਮੋਟਰ ਚਲਦੀ ਹੈ। ਕਹਿੰਦੇ ਕਿ ਹਾਂ ਜੀ, ਚੱਲੀ ਜਾਂਦੀ ਹੈ। ਕਹਿੰਦੇ ਕੱਸੀ ਦਾ ਪਾਣੀ ਵੀ ਨਾਲ ਹੀ ਹੈ। ਮੈਂ ਕਿਹਾ ਕਿ ਫਿਰ ਮੋਟਰ ਬੰਦ ਕਰ ਲਉ। ਕਹਿੰਦੇ ਕਿ ਜਦੋਂ ਕੱਸੀ ਦਾ ਪਾਣੀ ਵਰਤਦੇ ਹਾਂ ਤਾਂ ਕਦੇ-ਕਦੇ ਮੋਟਰ ਬੰਦ ਕਰ ਦਿੰਦੇ ਹੁੰਦੇ ਹਾਂ। ਕੱਸੀ ਦਾ ਪਾਣੀ ਬਹੁਤ ਲਾਹੇਵੰਦ ਹੈ। ਜਿਹੜਾ ਸਾਡਾ ਗਰਾਊਂਡ ਵਾਟਰ ਹੈ, ਉਹ ਇੰਨਾ ਡੂੰਘਾ ਚਲਾ ਗਿਆ ਹੈ ਕਿ ਹੁਣ ਗਰਮ ਪਾਣੀ ਭਾਵ ਕੋਸਾ ਪਾਣੀ ਆਉਣ ਲੱਗ ਪਿਆ ਹੈ। ਪਹਿਲਾਂ ਹਰੇਕ ਸਾਲ 10 ਫੁੱਟ ਜਾਂ 15 ਫੁੱਟ ਦੇ ਟੋਟੇ ਪਾਉਣੇ ਪੈਂਦੇ ਸਨ। ਹੁਣ ਪਿਛਲੇ ਕਈ ਸਾਲਾਂ ਤੋਂ ਟੋਟੇ ਪੈਣੇ ਬੰਦ ਹੋ ਗਏ ਹਨ। ਜਨਰੇਟਰਾਂ ਵਿੱਚ ਡੀਜ਼ਲ ਦੀ ਲੋੜ ਨਹੀਂ ਪੈਂਦੀ ਹੈ। (ਥੰਪਿੰਗ) ਡੀਜ਼ਲ ਬਚ ਗਿਆ ਹੈ। ਕਈ ਨੇ ਤਾਂ ਜਨਰੇਟਰ ਵੇਚ ਦਿੱਤੇ ਹਨ ਅਤੇ ਕਈਆਂ ਦੇ ਜਨਰੇਟਰਾਂ ਵਿੱਚ ਭੂੰਡਾਂ ਦੇ ਖੱਖਰ ਲੱਗ ਗਏ ਹਨ। ਹੁਣ ਉਨ੍ਹਾਂ ਨੇ ਕਦੇ ਜਨਰੇਟਰ ਵਰਤੇ ਹੀ ਨਹੀਂ ਹਨ ਕਿਉਂਕਿ ਬਿਜਲੀ ਦਿਨੇ ਆਉਣ ਲੱਗ ਪਈ ਹੈ। ਜਿਹੜਾ ਕੱਸੀ ਵਾਲਾ ਪਾਣੀ ਹੈ, ਇਹ ਨਹਿਰੀ ਪਾਣੀ ਲਾਲ ਰੰਗ ਦਾ ਹੁੰਦਾ ਹੈ ਅਤੇ ਲੋਕ ਹੱਥ ਵਿੱਚ ਪਾਣੀ ਦੀ ਊਂਜਲ ਭਰ ਕੇ ਵੀਡਿਉ ਬਣਾ ਕੇ ਭੇਜਦੇ ਹਨ ਅਤੇ ਮੈਨੂੰ ਕਹਿੰਦੇ ਹਨ ਕਿ ਭਗਵੰਤ ਮਾਨਾ, ਦੇਸੀ ਘਿਉ ਹੀ ਭੇਜੀ ਜਾਂਦਾ ਹੈ, ਫਸਲਾਂ ਵਾਸਤੇ। ਇਸ ਦੇਸੀ ਘਿਉ ਕਰਕੇ ਹੀ ਆਪਣੀਆਂ ਫਸਲਾਂ ਦਾ 10-10 ਮਣ ਝਾੜ ਵੱਧ ਗਿਆ ਹੈ। ਹੁਣ ਝੋਨੇ ਦਾ ਸੀਜ਼ਨ ਚੱਲ ਰਿਹਾ ਹੈ ਅਤੇ ਝਾੜ ਵੀ ਵੱਧ ਆ ਰਿਹਾ ਹੈ। ਬਿਜਲੀ ਦੀ ਸਕੀਮ, ਪਾਣੀ ਦੀ ਸਕੀਮ ਅਤੇ ਮਾਵਾਂ-ਧੀਆਂ ਦਾ ਸਤਿਕਾਰ ਸਕੀਮ ਸਭ ਲੋਕਪੱਖੀ ਸਕੀਮਾਂ ਹਨ। ਦੇਖੋ, 1000-1500/- ਰੁਪਏ ਨਾਲ ਕੋਈ ਅਮੀਰ ਨਹੀਂ ਹੋ ਜਾਂਦਾ ਹੈ ਪਰ ਇਹ ਤਾਂ ਇੱਕ ਮਾਣ-ਸਤਿਕਾਰ ਹੈ ਕਿ ਇਹ ਉਨ੍ਹਾਂ ਦੇ ਆਪਣੇ ਪੈਸੇ ਹਨ। ਉਹ ਸੂਟਾਂ ਦੀਆਂ ਤੈਹਾਂ ਵਿੱਚ ਆਪਣੇ ਪੈਸੇ ਲਕੋਅ ਕੇ ਰੱਖਦੀਆਂ ਹਨ। ਉਨ੍ਹਾਂ ਨੂੰ ਕਿਸੇ ਵੱਲ ਦੇਖਣ ਦੀ ਲੋੜ ਨਹੀਂ ਪੈਂਦੀ ਹੈ। ਕਿਸੇ ਨੇ ਮੈਨੂੰ ਵੀਡਿਉ ਬਣਾ ਕੇ ਭੇਜੀ। ਕੋਈ ਮਾਂ ਕਹਿੰਦੀ ਹੈ ਕਿ ਮੈਂ ਆਪਣੇ ਪੋਤੇ-ਪੋਤਰੀਆਂ ਵਾਸਤੇ ਆਰ.ਓ. ਲੈ ਕੇ ਆਉਂਦਾ ਹੈ। ਕੋਈ ਮਾਂ ਕਹਿੰਦੀ ਹੈ ਕਿ ਮੈਂ ਦੁਕਾਨਦਾਰ ਦਾ ਉਧਾਰ ਲਾਹ ਦਿੱਤਾ ਹੈ ਕਿਉਂਕਿ ਹੁਣ ਮੈਨੂੰ ਦੁਕਾਨਦਾਰ ਉਧਾਰ ਦੇਣ ਤੋਂ ਮੁਕੱਰਨ ਲੱਗ ਗਿਆ ਸੀ, ਮੈਂ ਉਸ ਦੇ ਸਾਰੇ ਪੈਸੇ ਲਾਹ ਦਿੱਤੇ ਹਨ। ਕੋਈ ਮਾਂ ਕਹਿੰਦੀ ਹੈ ਕਿ ਮੈਂ ਆਪਣੇ ਪੋਤੇ ਜਾਂ ਦੋਹਤੇ-ਦੋਹਤੀਆਂ ਵਾਸਤੇ ਸਾਈਕਲ ਖਰੀਦ ਕੇ ਦਿੱਤੀ ਹੈ। ਇਹ ਸਾਰੇ ਛੋਟੇ-ਛੋਟੇ ਚਾਅ ਹਨ, ਜੋ ਪੂਰੇ ਹੋਈ ਜਾਂਦੇ ਹਨ, ਉਸ ਵਿੱਚ ਵੀ ਕਾਂਗਰਸ ਪਾਰਟੀ ਵਾਲੇ ਬੋਲੀ ਜਾਂਦੇ ਹਨ ਕਿ ਅਸੀਂ ਸਕੀਮਾਂ ਬੰਦ ਕਰ ਦੇਵਾਂਗੇ। ਰਾਜਾ ਵੜਿੰਗ ਕਹਿੰਦਾ ਕਿ ਇਹ ਸਾਰੀਆਂ ਚਲਾਈਆਂ ਸਕੀਮਾਂ ਅਸੀਂ

ਬੰਦ ਕਰਾਂਗੇ। ਮੈਂ ਕਿਹਾ ਇਹ ਕਦੋਂ ਕਰੋਗੇ? ਕਹਿੰਦਾ ਜਦੋਂ ਸਰਕਾਰ ਬਣੂੰਗੀ। ਮੈਂ ਕਿਹਾ ਕਿ ਉਹ ਕਦੋਂ ਬਣੇਗੀ? ਕਹਿੰਦਾ ਉਸ ਦਾ ਹਾਲੇ ਪੱਕਾ ਪਤਾ ਨਹੀਂ ਹੈ ਕਿ ਕਦੋਂ ਬਣੇਗੀ? ਕੀ ਤੁਸੀਂ ਸਰਕਾਰ ਦੇ ਨੇੜੇ-ਤੇੜੇ ਹੋ? ਕੀ ਕੋਈ ਚੱਜ ਦਾ ਕੰਮ ਕੀਤਾ ਹੈ? ਇਹ ਬੀ.ਜੇ.ਪੀ. ਵਾਲੇ ਕਿਹੜੇ ਮੂੰਹ ਨਾਲ ਆਉਣਗੇ। ਇਹ ਹਰ ਰੋਜ਼ ਸਾਡੇ ਨਾਲ ਪਾਣੀ ਦੇ ਝਗੜੇ ਪਵਾਉਂਦੇ ਹਨ। ਹਰ ਰੋਜ਼ ਕਦੇ ਯੂਨੀਵਰਸਿਟੀ ਲੈਣ ਦੇ ਮਾਮਲੇ ਤੇ ਝਗੜਾ ਕਰਦੇ ਹਨ। ਕਦੇ ਕਹਿੰਦੇ ਹਨ ਕਿ ਚੰਡੀਗੜ੍ਹ ਵਿਖੇ ਅਸੀਂ ਆਪਣੀ ਵਿਧਾਨ ਸਭਾ ਬਣਾ ਦਿਆਂਗੇ। ਇਹ ਵੋਟਾਂ ਮੰਗਣ ਕਿਹੜੇ ਮੂੰਹ ਨਾਲ ਆਉਣਗੇ? ਇਹ ਵੀ ਤੁਰੇ-ਫਿਰਦੇ ਹਨ। ਸੋ, ਮੈਂ ਅੱਜ ਦੇ ਸੈਸ਼ਨ ਵਿੱਚ ਇਸ ਮੁਕੱਦਸ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਵੱਲੋਂ ਜੋ ਬੈੱਸਟ ਐਫਰਟਸ ਸਨ, ਉਹ ਕੀਤੇ ਗਏ ਹਨ। ਮੇਰਾ ਜਿਹੜਾ ਏਜੰਡਾ ਹੈ ਜਾਂ ਪਾਰਟੀ ਦਾ ਏਜੰਡਾ ਹੈ, ਉਹ ਅਸੀਂ ਲੋਕਾਂ ਸਾਹਮਣੇ ਲੈ ਕੇ ਜਾਵਾਂਗੇ। ਅਸੀਂ ਪਾਜ਼ੀਟਿਵ ਤਰੀਕੇ ਨਾਲ ਇਲੈਕਸ਼ਨ ਲੜਨੀ ਹੈ।

*2.28 ਵਜੇ ਬਾ.ਦੁ. (*ਇਸ ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਮੁੱਖ ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ।

**ਮੁੱਖ ਮੰਤਰੀ**: ਸਪੀਕਰ ਸਾਹਿਬ, ਅਸੀਂ ਨੁਕਤਾਚੀਨੀ ਜਾਂ ਨੈਗੇਟੇਵਿਟੀ ਵਾਲੀ ਰਾਜਨੀਤੀ ਨਹੀਂ ਕਰਨੀ ਹੈ, ਅਸੀਂ ਪਾਜ਼ੀਟਿਵ ਤਰੀਕੇ ਨਾਲ ਇਲੈਕਸ਼ਨ ਲੜਨੀ ਹੈ। ਅਸੀਂ ਪਾਜ਼ੀਟਿਵ ਤਰੀਕੇ ਨਾਲ ਕੀਤੇ ਹੋਏ ਕੰਮ ਲੋਕਾਂ ਕੋਲ ਲੈ ਕੇ ਜਾਵਾਂਗੇ। ਹਰੇਕ ਪਾਰਟੀ ਆਪਣਾ-ਆਪਣਾ ਏਜੰਡਾ, ਰੋਡਮੈਪ ਜਾਂ ਵਿਜ਼ਨ ਹੈ, ਉਹ ਲੋਕਾਂ ਕੋਲ ਲੈ ਕੇ ਜਾਵੇਗਾ, ਜਿਸ ਦਾ ਏਜੰਡਾ, ਰੋਡਮੈਪ ਅਤੇ ਵਿਜ਼ਨ ਲੋਕਾਂ ਨੂੰ ਚੰਗਾ ਲੱਗੇਗਾ, ਲੋਕ ਉਸ ਦੇ ਹੱਕ ਵਿੱਚ ਵੋਟਾਂ ਭੁਗਤ ਜਾਣਗੇ ਅਤੇ ਬਾਕੀ ਰਹਿ ਜਾਣਗੇ। ਸਪੀਕਰ ਸਾਹਿਬ, ਮੈਂ ਹੁਣ ਜਲੰਧਰ ਵਿਖੇ ਜਾਣਾ ਹੈ ਕਿਉਂਕਿ ਅੱਜ ਸ਼ਾਮ 5:00 ਵਜੇ ਏਸ਼ੀਅਨ ਚੈਂਪੀਅਨ ਟਰਾਫੀ ਦੀ ਓਪਨਿੰਗ ਸੈਰੇਮਨੀ ਹੈ, ਜੋਕਿ ਪੰਜਾਬ ਨੂੰ ਮਿਲੀ ਹੈ। ਇਸ ਕਰਕੇ ਮੈਂ ਪਹਿਲਾਂ ਟਾਈਮ ਲੈ ਲਿਆ ਹੈ। ਜਿਸ-ਜਿਸ ਨੂੰ ਸਪੀਕਰ ਸਾਹਿਬ ਟਾਈਮ ਦੇਣਗੇ, ਉਨ੍ਹਾਂ ਸਾਰਿਆਂ ਨੂੰ ਬੋਲਣ ਦਾ ਮੌਕਾ ਮਿਲੇਗਾ। ਸਪੀਕਰ ਸਾਹਿਬ, ਤੁਸੀਂ ਇਸ ਮਾਮਲੇ ਵਿੱਚ ਮੰਨੇ ਗਏ ਹੋ ਕਿ ਤੁਸੀਂ ਕਦੇ ਕਿਸੇ ਨੂੰ ਮਨ੍ਹਾਂ ਨਹੀਂ ਕਰਦੇ ਹੋ। ਜੋ ਵੀ ਕੋਈ ਬੋਲਣਾ ਚਾਹੁੰਦਾ ਹੈ, ਉਸ ਨੂੰ ਟਾਈਮ ਜ਼ਰੂਰ ਮਿਲੇਗਾ ਕਿਉਂਕਿ ਡਿਸਕਸ਼ਨ ਦੌਰਾਨ ਬਹੁਤ ਸਾਰੀਆਂ ਚੰਗੀਆਂ ਗੱਲਾਂ ਨਿਕਲ ਕੇ ਸਾਹਮਣੇ ਆਉਣਗੀਆਂ ਅਤੇ ਨਵੇਂ-ਨਵੇਂ ਸੁਝਾਅ ਵੀ ਆਉਣਗੇ । ਵੈਸੇ ਵੀ brain stroming ਦਾ ਜ਼ਮਾਨਾ ਹੈ। ਗਰੁੱਪ ਆਫ ਕੰਪਨੀਜ਼ ਦਾ ਜ਼ਮਾਨਾ ਹੈ। ਸਪੀਕਰ ਸਾਹਿਬ, ਜਦੋਂ ਇਕੱਠੇ ਬੈਠ ਕੇ ਡਿਸਕਸ਼ਨ ਹੁੰਦੀ ਹੈ ਤਾਂ ਨਵੇਂ ਵਿਚਾਰ ਪੈਦਾ ਹੁੰਦੇ ਹਨ।

**1430/Gurpreet kaur**

ਸੋ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਤੁਹਾਡੀ ਬਹੁਤ ਬਹੁਤ ਮਿਹਰਬਾਨੀ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਅੱਜ ਇਸ ਮੁਕੱਦਸ ਹਾਊਸ ਵਿੱਚ ਜਿੰਨੇ ਵੀ ਪ੍ਰਸਤਾਵ ਪੇਸ਼ ਕੀਤੇ ਗਏ ਹਨ, ਮੈਂ ਉਨ੍ਹਾਂ ਸਾਰਿਆਂ ਦਾ ਸਮਰਥਨ ਕਰਦਾ ਹਾਂ ਅਤੇ ਮੈਂ ਚਾਹੁੰਦਾ ਹਾਂ ਕਿ ਉਹ ਸਰਬਸੰਮਤੀ ਨਾਲ ਪਾਸ ਹੋ ਜਾਣ। ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ:** ਸੀ.ਐਮ. ਸਾਹਿਬ, ਜਿਹੜਾ ਯੁੱਧ ਨਸ਼ਿਆਂ ਵਿਰੁੱਧ ਹੈ, ਉਸ ਦੇ ਲਈ ਤੁਹਾਡੀ ਸੋਚ ਨੂੰ ਸਲਾਮ ਹੈ। ਯੂਥ ਨੂੰ ਨਸ਼ਿਆਂ ਤੋਂ ਹਟਾਉਣ ਲਈ ਖੇਡਾਂ ਹੀ ਸਭ ਤੋਂ ਵੱਡਾ ਰਾਮ ਬਾਣ ਹੈ। ਖੇਡਾਂ ਵਤਨ ਪੰਜਾਬ ਦੀਆਂ ਕਰਵਾ ਕੇ ਤੁਸੀਂ ਬੱਚੇ ਤੋਂ ਲੈ ਕੇ ਬੁੱਢੇ ਨੂੰ ਵੀ ਖੇਡਣ ਲਈ ਲਗਾ ਦਿੱਤਾ ਹੈ। ਇਹ ਬਹੁਤ ਵੱਡੀ ਗੱਲ ਹੈ। ਜਿਹੜੀ ਏਸ਼ੀਅਨ ਹਾਕੀ ਹੈ, ਮੈਂ ਚਾਹੁੰਦਾ ਹਾਂ ਕਿ ਪ੍ਰਮਾਤਮਾ ਤੁਹਾਨੂੰ ਹਮੇਸ਼ਾ ਚੜ੍ਹਦੀਕਲਾ ਵਿੱਚ ਰੱਖੇ।

**ਮੁੱਖ ਮੰਤਰੀ:** ਮੈਂ ਡਿਪਟੀ ਸਪੀਕਰ ਸਾਹਿਬ ਨੂੰ ਤਾਂ ਕਹਿ ਦਿੱਤਾ ਹੈ। ਮੈਂ ਆਫੀਸ਼ੀਅਲੀ ਤੁਹਾਨੂੰ ਵੀ ਕਹਿ ਦਿੰਦਾ ਹਾਂ ਕਿ 3,4 ਅਤੇ 5 ਤਾਰੀਖ ਨੂੰ ਮੋਹਾਲੀ ਵਿਖੇ ਸੈਮੀਫਾਈਨਲ ਅਤੇ ਫਾਈਨਲ ਹੋਣਗੇ। ਭਾਰਤੀ ਟੀਮ ਹੁਣੇ ਏਸ਼ੀਅਨ ਚੈਂਪੀਅਨ ਜਿੱਤ ਕੇ ਆਈ ਹੈ, ਸਾਰੀਆਂ ਲਗਭਗ ਉਹੀ ਟੀਮਾਂ ਹਨ। ਭਾਰਤੀ ਟੀਮ ਫਾਈਨਲ ਜਾਂ ਸੈਮੀਫਾਈਨਲ ਵਿੱਚ ਤਾਂ ਆਵੇਗੀ ਹੀ ਆਵੇਗੀ। ਸਪੀਕਰ ਸਾਹਿਬ, ਤੁਸੀਂ ਸਾਰੇ ਸਦਨ ਨੂੰ ਬੁਲਾਵਾ ਦਿਓ, ਸੱਦਾ ਪੱਤਰ ਦਿਓ ਕਿ ਉੱਥੇ ਸਾਰੇ ਰਲ ਕੇ ਮੈਚ ਦੇਖੀਏ। ਹਾਕੀ ਵਿੱਚ ਪੰਜਾਬ ਖਾਸ ਤੌਰ ਤੇ ਮੰਨਿਆ ਹੋਇਆ ਹੈ। ਕਾਂਗਰਸ ਦੇ ਪ੍ਰਧਾਨ ਸਰਦਾਰ ਪਰਗਟ ਸਿੰਘ ਜੀ ਵੀ ਹਾਕੀ ਦੇ ਕੈਪਟਨ ਰਹੇ ਹਨ। ਉਨ੍ਹਾਂ ਨੂੰ ਵੀ ਸੱਦਾ ਪੱਤਰ ਦਿਓ। ਸਪੀਕਰ ਸਾਹਿਬ, ਤਿੰਨ ਪੀੜ੍ਹੀਆਂ ਇੱਕੋ ਗਰਾਊਂਡ ਵਿੱਚ ਹੀ ਖੇਡ ਰਹੀਆਂ ਹਨ। 60 ਸਾਲ ਤੋਂ ਉੱਪਰ ਵਾਲੀ ਕੈਟਾਗਰੀ ਵਿੱਚ ਦਾਦਾ ਖੇਡ ਰਿਹਾ ਹੈ। 40 ਸਾਲ ਤੋਂ ਉੱਪਰ ਵਾਲੀ ਕੈਟਾਗਰੀ ਵਿੱਚ ਉਸ ਦਾ ਮੁੰਡਾ ਖੇਡ ਰਿਹਾ ਹੈ। 20 ਸਾਲ ਤੋਂ ਉੱਪਰ ਵਾਲੀ ਕੈਟਾਗਰੀ ਵਿੱਚ ਉਸ ਦਾ ਪੋਤਾ ਖੇਡ ਰਿਹਾ ਹੈ। ਖੇਡਾਂ ਵਤਨ ਪੰਜਾਬ ਦੀਆਂ ਵਿੱਚ ਤਿੰਨ-ਤਿੰਨ ਪੀੜ੍ਹੀਆਂ ਖੇਡ ਰਹੀਆਂ ਹਨ। ਗਰਾਊਂਡ ਫੁੱਲ ਹੋਏ ਪਏ ਹਨ। ਲਾਈਟਾਂ ਲਗਾ ਦਿੱਤੀਆਂ ਗਈਆਂ ਹਨ। ਜਗਮਗ ਜਗਮਗ ਹੋਈ ਪਈ ਹੈ। ਜਿਹੜਾ ਨਸ਼ੇ ਦਾ ਕੋਹੜ ਸਾਡੇ ਸਿਰ ਤੇ ਮੜ੍ਹਿਆ ਜਾਂਦਾ ਹੈ, ਉਸ ਨੂੰ ਧੋ ਦਿਆਂਗੇ। ਪੰਜਾਬ ਬਹੁਤ ਵਾਰੀ ਡਿੱਗਿਆ ਹੈ। ਪੰਜਾਬ ਬਹੁਤ ਵਾਰੀ ਉੱਠਿਆ ਵੀ ਹੈ।

ਕੀ ਹੋਇਆ ਜੇ ਪਤਝੜ ਆਈ, ਤੂੰ ਅਗਲੀ ਰੁੱਤ ਵਿੱਚ ਯਕੀਨ ਰੱਖੀਂ,

ਮੈਂ ਲੱਭ ਕੇ ਲਿਆਉਂਦਾ ਕਿਤੋਂ ਕਲਮਾਂ, ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ। (ਥੰਪਿੰਗ)।

**ਮਾਣਯੋਗ ਸਪੀਕਰ:** ਵਾਹ ਜੀ ਵਾਹ, ਬਹੁਤ ਧੰਨਵਾਦ ਜੀ। ਸੀ.ਐਮ. ਸਾਹਿਬ, ਸੰਧਵਾਂ ਤੋਂ ਅੱਜ ਕਾਫੀ ਮਾਤਾਵਾਂ, ਭੈਣਾਂ, ਨੌਜਵਾਨ ਅਤੇ ਬਜ਼ੁਰਗ ਇੱਥੇ ਆਏ ਹਨ। ਮੈਂ ਹੁਣੇ ਉਨ੍ਹਾਂ ਨੂੰ ਮਿਲ ਕੇ ਆਇਆ ਹਾਂ। ਕਈ ਇੱਥੇ ਸਦਨ ਵਿੱਚ ਵੀ ਬੈਠੇ ਹਨ। ਉਨ੍ਹਾਂ ਨੇ ਤੁਹਾਡਾ ਸਪੈਸ਼ਲੀ ਧੰਨਵਾਦ ਕੀਤਾ ਹੈ।

**ਮੁੱਖ ਮੰਤਰੀ (ਬੈਠੇ-ਬੈਠੇ):** ਮੈਨੂੰ ਗੁਰੂ ਨਾਨਕ ਦੇਵ ਸਕੂਲ ਦੇ ਬੱਚੇ ਵੀ ਮਿਲੇ ਸਨ।

**ਮਾਣਯੋਗ ਸਪੀਕਰ:** ਮੈਂ ਆਨ ਰਿਕਾਰਡ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਮੇਰੇ ਕੋਲ ਇੱਕ ਸਕੂਲ ਦੇ ਬੱਚੇ ਆਏ। ਅਸੀਂ ਕਮੇਟੀ ਰੂਮ ਵਿੱਚ ਬੈਠੇ ਸਨ। ਮੈਂ ਉਨ੍ਹਾਂ ਨਾਲ ਗੱਲਾਂ ਕਰ ਰਿਹਾ ਸੀ। ਬਾਇਚਾਂਸ ਮਾਣਯੋਗ ਸੀ.ਐਮ. ਸਾਹਿਬ ਦਾ ਫੋਨ ਆ ਗਿਆ। ਮੈਨੂੰ ਕਹਿੰਦੇ ਕਿ ਕੀ ਕਰਦੇ ਹੋ? ਮੈਂ ਕਿਹਾ ਬੱਚਿਆਂ ਨਾਲ ਕਮੇਟੀ ਰੂਮ ਵਿੱਚ ਬੈਠਾ ਹਾਂ।

ਕਹਿੰਦੇ, ਮੈਂ ਵੀ ਤਿਆਰ ਹਾਂ। ਮੈਂ ਵੀ ਆ ਜਾਵਾਂ? ਮਤਲਬ, ਇਹ ਬੱਚਿਆਂ ਨੂੰ ਇੰਨਾ ਪਿਆਰ ਕਰਦੇ ਹਨ। ਇਹ ਚਾਹੁੰਦੇ ਹਨ ਕਿ ਬੱਚੇ ਰਾਜਨੀਤੀ ਲਈ ਤਿਆਰ ਹੋਣ (ਥੰਪਿੰਗ) ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

---

## WELCOME ANNOUCEMENT BY THE SPEAKER

**ਮਾਣਯੋਗ ਸਪੀਕਰ:** ਪੰਜਵੀਂ ਪੈਰਾ ਏਸ਼ੀਅਨ ਗੇਮਜ਼ ਵਿੱਚ ਕੁੱਲ 168 ਖਿਡਾਰੀਆਂ ਨੇ ਹਿੱਸਾ ਲਿਆ ਜਿਸ ਵਿੱਚੋਂ 114 ਮੈਡਲ ਆਏ ਹਨ। ਉਨ੍ਹਾਂ ਵਿੱਚੋਂ ਇੱਕੋ ਇੱਕ ਪੰਜਾਬ ਦਾ ਮੈਡਲ ਸ਼੍ਰੀ ਮੁਹੰਮਦ ਯਾਸ਼ੀਰ, ਸ਼ਾਰਟਪੁੱਟ ਖਿਡਾਰੀ ਪੈਰਾ ਏਸ਼ੀਅਨ ਗੇਮਜ਼ ਜਾਪਾਨ ਨਾਗੋਆ ਵਿੱਚ ਹੋਇਆ 2026, ਇਨ੍ਹਾਂ ਵੱਲੋਂ ਹਾਸਿਲ ਕੀਤਾ ਗਿਆ। ਅੱਜ ਉਹ ਵੀ ਇੱਥੇ ਆਏ ਹੋਏ ਹਨ ਅਤੇ ਉਨ੍ਹਾਂ ਦੇ ਕੋਚ ਸ਼੍ਰੀ ਹਰਵਿੰਦਰ ਪਾਲ ਸਿੰਘ ਘੁੰਮਣ ਤੇ ਸ਼੍ਰੀ ਯੋਗੇਸ਼ ਸ਼ਰਮਾ ਪੈਰਾ ਏਸ਼ੀਅਨ ਗੇਮਜ਼ 2026 ਟੀਮ ਇੰਡੀਆ ਦੇ ਅਬਜ਼ਰਵਰ ਵੀ ਇੱਥੇ ਆਏ ਹੋਏ ਹਨ। ਆਓ, ਉਨ੍ਹਾਂ ਦਾ ਖੈਰ-ਮਕਦਮ ਕਰੀਏ। (ਥੰਪਿੰਗ)

---

## OFFICIAL RESOLUTIONS (*RESUMPTION*)

**ਡਾਕਟਰ ਇੰਦਰਬੀਰ ਸਿੰਘ ਨਿੱਜਰ (ਅੰਮ੍ਰਿਤਸਰ, ਦੱਖਣੀ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸੀ.ਐਮ. ਸਾਹਿਬ ਮਾਨ ਸਾਹਿਬ ਨੇ ਆਪਣੇ ਤਰੀਕੇ ਨਾਲ ਸਾਨੂੰ ਸਭ ਨੂੰ ਬਹੁਤ ਸੋਹਣਾ ਸਮਝਾਇਆ ਹੈ ਕਿ ਕਿਸ ਤਰ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦਾ ਪਾਣੀ ਬਚਾਇਆ ਹੈ। ਇਸ ਵਿੱਚ ਕਿਸੇ ਤਰੀਕੇ ਦਾ ਕੋਈ ਸ਼ੱਕ ਨਹੀਂ। ਮੈਂ ਇਹੀ ਕਹਾਂਗਾ ਕਿ ਜਿੰਨਾ ਕੰਮ ਮਾਨ ਸਾਹਿਬ ਨੇ ਕੀਤਾ ਹੈ, ਉਸ ਦੀ ਪੰਜਾਬ ਵਿੱਚ ਹਾਲੇ ਓਨੀ ਰਿਕੁਗਨਾਈਜ਼ੇਸ਼ਨ ਨਹੀਂ ਹੋਈ ਜਿੰਨੀ ਹੋਣੀ ਚਾਹੀਦੀ ਹੈ। ਪ੍ਰੈਸ ਵਾਲਿਆਂ ਨੂੰ ਵੀ ਇਹੀ ਚਾਹੀਦਾ ਹੈ ਕਿ ਜਿਹੜੇ ਉਹ ਨੈਗੇਟਿਵ ਸਵਾਲ ਕਰਦੇ ਹਨ ਉਨ੍ਹਾਂ ਨੂੰ ਪਾਜ਼ੀਟਿਵ ਲੈ ਕੇ ਆਉਣ। ਮੈਂ ਇਹੀ ਕਹਾਂਗਾ ਕਿ ਜਿਹੜਾ ਸਾਡਾ ਇੰਨਾ ਸੰਵੇਦਨਸ਼ੀਲ ਮਸਲਾ ਹੈ। ਇੱਥੇ ਸਦੀਆਂ ਤੋਂ ਹੀ ਲੋਕ ਵਸਦੇ ਹਨ ਅਤੇ ਸਦੀਆਂ ਤੋਂ ਹੀ ਦਰਿਆਵਾਂ ਵਿੱਚ ਪਾਣੀ ਚੱਲਦਾ ਹੈ। ਜੇਕਰ ਅਸੀਂ 4500 ਸਾਲ ਪਿੱਛੇ ਚਲੇ ਜਾਈਏ ਜਾਂ 5000 ਸਾਲ ਪਿੱਛੇ ਚਲੇ ਜਾਈਏ ਤਾਂ ਉਦੋਂ ਜਿਹੜੀ ਹੜੱਪਣ ਸਿਵੀਲਾਈਜ਼ੇਸ਼ਨ ਹੋਈ ਸੀ

**1435/Rajneet Kaur**

ਉਦੋਂ ਵੀ ਪੰਜਾਬ ਰਾਵੀ ਦੇ ਕੰਢੇ ਸੀ। ਉਸ ਤੋਂ ਬਾਅਦ ਇੱਥੇ ਆਰੀਆ ਆਏ ਅਤੇ ਉਨ੍ਹਾਂ ਵੱਲੋਂ ਲਿਖੇ ਗਏ ਵੇਦ ਵੀ ਪੰਜਾਬ ਵਿੱਚ ਹੀ ਲਿਖੇ ਗਏ। ਰਿਗਵੇਦ, ਸਮਵੇਦ, ਯਜੁਰਵੇਦ ਅਤੇ ਅਥਰਵੇਦ ਸਾਰੇ ਪੰਜਾਬ ਵਿੱਚ ਹੀ ਲਿਖੇ ਗਏ। ਜਿਹੜੇ ਪਹਿਲਾਂ ਵਾਲੇ ਵੇਦ ਸੀ, ਉਹ ਪੰਜਾਬ ਅਤੇ ਜਿਹੜਾ ਪਾਕਿਸਤਾਨ ਵਾਲਾ ਪੰਜਾਬ ਹੈ ਉਸ ਵਿਚ ਲਿਖੇ ਗਏ ਜਿਵੇਂ ਜਿਵੇਂ ਆਰੀਆ ਗੰਗਾ ਯਮੁਨਾ ਵੱਲ ਅੱਗੇ ਜਾਂਦੇ ਰਹੇ ਅਤੇ ਅੱਗੇ ਵੇਦ ਲਿਖਦੇ ਗਏ। ਉਸ ਤੋਂ ਬਾਅਦ ਜੇਕਰ ਅਸੀਂ ਪੜ੍ਹਾਈ ਲਿਖਾਈ ਦੀ ਗੱਲ ਕਰੀਏ ਤਾਂ ਜਿਹੜੀਆਂ ਦੋ ਪ੍ਰਾਚੀਨ ਭਾਰਤ ਦੀਆਂ ਯੂਨੀਵਰਸਿਟੀਆਂ ਸਨ, ਨਾਲੰਦਾ ਅਤੇ ਤਕਸ਼ਿਲਾ ਯੂਨੀਵਰਸਿਟੀਆਂ, ਤਕਸ਼ਿਲਾ ਯੂਨੀਵਰਸਿਟੀ ਸਾਡੇ ਪੰਜਾਬ ਦੀ ਯੂਨੀਵਰਸਿਟੀ ਸੀ। ਇੱਥੇ ਦੂਰੋਂ ਦੂਰੋਂ ਲੋਕ

ਆਉਂਦੇ ਸਨ ਅਤੇ ਡਾਕਟਰੀ ਅਤੇ ਹੋਰ ਪੜ੍ਹਾਈਆਂ ਵੀ ਪੜ੍ਹਦੇ ਸਨ, ਉਨ੍ਹਾਂ ਕੋਲ ਰਹਿਣ ਦਾ ਸਿਸਟਮ ਵੀ ਹੁੰਦਾ ਸੀ। ਉਸ ਤੋਂ ਬਾਅਦ ਦੁਰਾਨੀ, ਤੂਰਾਨੀ, ਮੰਗੋਲ, ਪਰਸ਼ੀਅਨ ਅਤੇ ਮੁਗਲ ਆਏ ਤੇ ਸਾਡੇ ਤੇ ਹਮਲੇ ਵੀ ਕਰਦੇ ਰਹੇ। ਸਾਰੇ ਆਏ, ਸਭ ਨੇ ਲੁੱਟਿਆ-ਕੁੱਟਿਆ ਮਾਰਿਆ ਅਤੇ ਚਲੇ ਗਏ ਲੇਕਿਨ ਸਾਡੇ ਪਾਣੀ ਨੂੰ ਕਿਸੇ ਨੇ ਕੁਝ ਨਹੀਂ ਕਿਹਾ। ਪਾਣੀ ਉਸੇ ਤਰ੍ਹਾਂ ਹੀ ਚਲਦਾ ਗਿਆ। ਸਾਰੇ ਲੋਕ ਇੱਥੇ ਇਸੇ ਤਰ੍ਹਾਂ ਵਸਦੇ ਰਹੇ। ਅਖੀਰ ਵਿੱਚ ਅੰਗਰੇਜ਼ ਆਏ, ਉਨ੍ਹਾਂ ਨੇ ਅਖੀਰ ਵਿੱਚ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਕੀਤਾ ਅਤੇ ਉਨ੍ਹਾਂ ਨੂੰ ਭਾਰੀ ਕੀਮਤ ਦੇਣੀ ਪਈ। ਆਜ਼ਾਦੀ ਸਾਡੇ ਵਾਸਤੇ double edged sword ਬਣ ਕੇ ਆਈ। ਜਿਵੇਂ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਸਾਡੇ ਕਰੀਬ 10 ਲੱਖ ਸ਼ਹੀਦੀਆਂ ਹੋਈਆਂ। ਸਾਡੀਆਂ ਬੀਬੀਆਂ, ਬੱਚੀਆਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ। ਸਾਡੇ ਲੱਖਾਂ ਕਰੋੜਾਂ ਬੰਦੇ ਉੱਜੜ ਗਏ। ਲੇਕਿਨ ਜਿਹੜੀ ਪੰਜਾਬ ਦੇ ਪਾਣੀਆਂ ਦੀ ਵੰਡ ਹੋਈ, ਉਸ ਬਾਰੇ ਅੱਜ ਤੱਕ ਕੋਈ ਗੱਲ ਨਹੀਂ ਹੋਈ। ਸਾਲ 1948 ਵਿੱਚ ਸੋਚਿਆ ਕਿ ਪੰਜਾਬ ਦਾ ਪਾਣੀ ਰਾਜਸਥਾਨ ਵਿੱਚ ਲੈ ਜਾਈਏ। ਸੋ, ਜੋ ਨੁਕਸਾਨ ਪੰਜਾਬ ਦੇ ਪਾਣੀਆਂ ਦਾ ਆਜ਼ਾਦੀ ਤੋਂ ਬਾਅਦ ਹੋਣਾ ਸ਼ੁਰੂ ਹੋਇਆ, ਉਹ ਕਦੇ ਵੀ ਨਹੀਂ ਹੋਇਆ। ਜਿਹੜੀ ਇਨ੍ਹਾਂ ਨੇ ਰਾਜਸਥਾਨ ਕੈਨਾਲ ਕੱਢੀ ਹੈ, ਉਹ ਬਿਲਕੁਲ ਨਜਾਇਜ਼ ਹੈ। ਜਿਵੇਂ ਅਸੀਂ ਸਾਰੇ ਜਾਣਦੇ ਹਾਂ ਕਿ ਰਾਇਪੇਰੀਅਨ ਜਿਸ ਦਾ ਮਤਲਬ ਹੁੰਦਾ ਹੈ ਕਿ ਫਲੱਡ ਪਲੇਨਜ਼ ਹੁੰਦੇ ਹਨ, ਉਸ ਦਰਿਆ ਦੇ, ਉਹ ਰਾਇਪੇਰੀਅਨ ਸਟੇਟ ਹੁੰਦਾ ਹੈ, ਜਿਸ ਦੀ ਜਗ੍ਹਾ ਹੁੰਦੀ ਹੈ, ਉਸ ਸਟੇਟ ਦਾ ਹੀ ਉਸ ਪਾਣੀ ਤੇ ਹੱਕ ਹੁੰਦਾ ਹੈ। ਸੋ, ਰਾਜਸਥਾਨ ਦਾ ਤਾਂ ਕਿਤੇ ਦੂਰੋਂ ਨੇੜਿਓਂ ਹੱਕ ਨਹੀਂ ਬਣਦਾ। ਫਿਰ ਵੀ ਇੱਕ ਨਹਿਰ ਨਿਕਲ ਗਈ। ਜਿਹੜੀ ਪਹਿਲਾਂ ਗੰਗ ਕੈਨਾਲ ਸੀ, ਉਸ ਤੋਂ ਵੀ ਜਿਵੇਂ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਸਾਲ 1960 ਤੱਕ ਰਾਇਲਟੀ ਆਉਂਦੀ ਰਹੀ ਹੈ। ਉਸ ਤੋਂ ਬਾਅਦ ਆਉਣੀ ਬੰਦ ਹੋ ਗਈ। ਕਦੀ ਕਿਸੇ ਸਰਕਾਰ ਨੇ ਕੋਸ਼ਿਸ਼ ਨਹੀਂ ਕੀਤੀ ਕਿ ਇਨ੍ਹਾਂ ਕੋਲੋਂ ਪਾਣੀ ਦਾ ਮੁੱਲ ਮੰਗਿਆ ਜਾਵੇ। ਇਸ ਵਿੱਚ ਦੋ ਗੱਲਾਂ ਹਨ ਕਿ ਸਾਨੂੰ ਤਾਂ ਇਨ੍ਹਾਂ ਨੇ ਪਾਣੀ ਤੋਂ ਵਾਂਝਾ ਕਰ ਦਿੱਤਾ, ਜਿਵੇਂ ਤਿਹਾਏ ਨੂੰ ਪਾਣੀ ਮਿਲ ਜਾਵੇ ਤਾਂ ਉਹ ਪਾਣੀ ਪੀ ਪੀ ਕੇ ਆਫਰ ਜਾਂਦਾ ਹੈ। ਇਸੇ ਤਰ੍ਹਾਂ ਰਾਜਸਥਾਨ ਵੀ ਪਾਣੀ ਪੀ ਪੀ ਕੇ ਆਫਰ ਗਿਆ ਹੈ। ਉਨ੍ਹਾਂ ਦੇ ਵਾਟਰ ਲੌਗਿੰਗ ਹੋ ਗਈ ਹੈ, ਉਨ੍ਹਾਂ ਦੇ ਪਾਣੀ ਦਾ ਲੈਵਲ ਉੱਪਰ ਆ ਗਿਆ ਹੈ। ਉਨ੍ਹਾਂ ਦੀਆਂ ਜ਼ਮੀਨਾਂ ਖਰਾਬ ਹੋ ਗਈਆਂ ਹਨ, ਉੱਥੇ ਫਸਲ ਨਹੀਂ ਹੋ ਸਕਦੀ। ਲੇਕਿਨ ਉਹ ਖੁੱਲ੍ਹਾ ਪਾਣੀ ਵਰਤੀ ਜਾ ਰਹੇ ਹਨ ਕਿਉਂਕਿ ਪਾਣੀ ਉਨ੍ਹਾਂ ਨੂੰ ਮੁਫਤ ਮਿਲ ਰਿਹਾ ਹੈ ਔਰ ਇੱਧਰ ਪੰਜਾਬ ਪਾਣੀ ਨੂੰ ਤਰਸ ਰਿਹਾ ਹੈ। ਸੋ, ਜਿਹੜੀ ਇਹ ਡਿਮਾਂਡ ਰੱਖੀ ਗਈ ਹੈ, ਉਹ ਬਿਲਕੁਲ ਜਾਇਜ਼ ਹੈ। ਮੈਂ ਇਸ ਮੰਗ ਨਾਲ ਬਹੁਤ ਸਟਰੌਂਗਲੀ ਖੜ੍ਹਾ ਹਾਂ। ਇਹ ਕਾਣੀ ਵੰਡ ਹੋਈ ਹੈ। ਪਤਾ ਨਹੀਂ ਕਿ ਅਸੀਂ ਇਸ ਬਾਰੇ ਕੀ ਕਰ ਸਕਦੇ ਹਾਂ ਲੇਕਿਨ ਜਿਹੜੇ ਸਾਡੇ ਪੈਸੇ ਬਣਦੇ ਹਨ, ਉਹ ਜ਼ਰੂਰ ਲੈਣੇ ਚਾਹੀਦੇ ਹਨ।

ਇਸੇ ਤਰ੍ਹਾਂ ਜੇਕਰ ਅਸੀਂ ਯਮੁਨਾ ਦੀ ਵੰਡ ਦੀ ਗੱਲ ਕਰਦੇ ਹਾਂ ਤਾਂ ਇਹ ਦੋ ਗੱਲਾਂ ਕਰਦੇ ਹਨ, ਦੋਗਲੀ ਜਿਹੀ ਗੱਲ ਕਰਦੇ ਹਨ। ਇੱਕ ਗੱਲ ਤਾਂ ਇਹ ਕਰਦੇ ਹਨ ਕਿ ਜਿਹੜਾ ਪ੍ਰੈਜ਼ੈਂਟ ਡੇ ਹਰਿਆਣਾ ਹੈ, ਉਹ ਇੰਡਸ ਰੀਵਰ ਬੇਸਿਨ ਦਾ ਹਿੱਸਾ ਬਣਦਾ ਹੈ ਔਰ ਦਲੀਲ ਇਹ ਦਿੰਦੇ ਹਨ ਕਿ ਜਿਹੜਾ ਘੱਗਰ ਦਰਿਆ ਹੈ, ਉਹ ਵੀ ਇੰਡਸ ਦਾ ਹਿੱਸਾ ਹੈ, ਇਸ ਲਈ ਹਰਿਆਣਾ ਵੀ ਉਸ ਦਾ ਹਿੱਸਾ ਬਣ ਜਾਂਦਾ ਹੈ ਪਰੰਤੂ ਇਹ ਭੁੱਲ ਜਾਂਦੇ ਹਨ ਕਿ ਘੱਗਰ ਅੱਗੇ ਰਾਜਸਥਾਨ ਵਿੱਚ ਜਾ ਕੇ ਬੰਦ ਹੋ ਜਾਂਦਾ ਹੈ। ਇਹ ਅਗਾਂਹ ਨਹੀਂ ਜਾਂਦਾ, ਇਹ ਕਿਸੇ ਜਗ੍ਹਾ ਵੀ ਜਾ ਕੇ ਇੰਡਸ ਦੇ ਜਿਹੜੇ ਬੇਸਿਨ ਹਨ, ਕਿਸੇ ਵੀ ਦਰਿਆ ਵਿੱਚ ਨਹੀਂ ਖੁੱਲ੍ਹਦਾ। ਸੋ, ਇਹ ਦਲੀਲ ਬਿਲਕੁਲ ਗਲਤ ਹੈ। ਦੂਜੇ ਪਾਸੇ ਇਹ ਕਹਿੰਦੇ ਹਨ ਕਿ ਜਿਹੜਾ ਪ੍ਰੈਜ਼ੈਂਟ ਡੇ ਪੰਜਾਬ ਹੈ, ਇਹ ਯਮੁਨਾ ਦਾ ਹਿੱਸਾ ਨਹੀਂ ਹੈ। ਹਾਲਾਂਕਿ ਦੋ ਦਲੀਲਾਂ ਹਨ ਕਿ ਜਿਹੜਾ

ਅਨਡਿਵਾਈਡਡ ਪੰਜਾਬ ਸੀ, ਉਦੋਂ ਬਿਲਕੁਲ ਸਾਡਾ ਹਿੱਸਾ ਸੀ। ਹੁਣ ਵੀ ਜਿਹੜਾ ਸਾਲ 1972 ਵਿੱਚ ਜਿਹੜਾ ਐਗਰੀਕਲਚਰ ਕਮਿਸ਼ਨ ਬਣਿਆ ਸੀ, ਜਿਸ ਦੀ ਰਿਪੋਰਟ ਆਈ ਹੈ ਕਿ ਸੰਗਰੂਰ ਦਾ ਕੋਈ 56 ਸੁਕੇਅਰ ਕਿਲੋਮੀਟਰ ਦਾ ਏਰੀਆ ਯਮੁਨਾ ਬੇਸਿਨ ਵਿੱਚ ਆ ਜਾਂਦਾ ਹੈ। ਸੋ, ਸਾਨੂੰ ਪਾਣੀ ਦੀ ਵੰਡ ਮਿਲਣੀ ਚਾਹੀਦੀ ਹੈ। ਜਿਵੇਂ ਸੀ.ਐਮ. ਸਾਹਿਬ ਨੇ ਬਿਲਕੁਲ ਸਹੀ ਕਿਹਾ ਹੈ ਕਿ ਐਸ.ਵਾਈ.ਐਲ.ਨਹੀਂ ਬਲਕਿ ਵਾਈ.ਐਸ.ਐਲ. ਹੋਣੀ ਚਾਹੀਦੀ ਹੈ, ਸਾਨੂੰ ਯਮੁਨਾਂ ਦਾ ਵਾਟਰ ਮਿਲਣਾ ਚਾਹੀਦਾ ਹੈ। ਹਰਿਆਣਾ ਜਿਹੜਾ ਇਸ ਵੇਲੇ ਪਾਣੀ ਵਰਤ ਰਿਹਾ ਹੈ, ਉਹ ਪੰਜਾਬ ਨਾਲੋਂ ਕਿਤੇ ਵੱਧ ਹੈ। ਇਸ ਲਈ ਹੋਰ ਵੱਧ ਪਾਣੀ ਸਾਡੇ ਤੋਂ ਮੰਗਣਾ ਬਿਲਕੁਲ ਨਜਾਇਜ਼ ਹੈ। ਸਾਨੂੰ ਉਨ੍ਹਾਂ ਤੋਂ ਪਾਣੀ ਲੈਣਾ ਚਾਹੀਦਾ ਹੈ।

ਤੀਜੀ ਗੱਲ, ਉੱਝ, ਤਰੁਨਾਹ ਅਤੇ ਬੈਸੰਤਰ ਦਰਿਆ ਆਉਂਦੇ ਹਨ, ਇਨ੍ਹਾਂ ਬਾਰੇ ਨੈਸ਼ਨਲ ਟੀ.ਵੀ. ਤੇ ਡਿਬੇਟਸ ਚੱਲਦੀਆਂ ਹਨ ਕਿ ਦੇਖੋ ਜੀ, ਪੰਜਾਬ ਦਾ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ ਔਰ ਪਾਕਿਸਤਾਨ ਨਾਲ ਬਹੁਤ ਦੁਸ਼ਮਣੀ ਹੈ, ਇਸ ਤਰ੍ਹਾਂ ਪੰਜਾਬ ਨਾਲ ਵੀ ਐਂਟੀ ਨੈਸ਼ਨਲ ਜਿਹੀ ਗੱਲ ਬਣ ਜਾਂਦੀ ਹੈ।

**1440/Kuldeep kaur**

ਹਾਲਾਂਕਿ ਸਾਡਾ ਉਸ ਪਾਣੀ ਤੇ ਕੋਈ ਕੰਟਰੋਲ ਹੀ ਨਹੀਂ ਹੈ। ਜਿਹੜਾ ਸਾਡਾ ਲਾਸਟ ਹੈੱਡਵਰਕਸ ਹੈ, ਉਸ ਤੋਂ ਅਗਾਂਹ ਜੇ ਕੇ ਤਾਂ ਉਹ ਸਾਰੇ ਦਰਿਆ, ਨਾਲੇ ਖੁੱਲ੍ਹਦੇ ਹਨ ਅਤੇ ਉਨ੍ਹਾਂ ਵਿੱਚ periodical ਪਾਣੀ ਹੈ। ਉਨ੍ਹਾਂ ਵਿੱਚ 80% ਪਾਣੀ ਤਾਂ ਬਾਰਸ਼ਾਂ ਦੇ ਸਮੇਂ ਆਉਂਦਾ ਹੈ ਅਤੇ 20% ਦੂਜੇ ਸਮੇਂ ਆਉਂਦਾ ਹੈ। ਸੋ, ਸੈਂਟਰ ਗੌਰਮਿੰਟ ਨੂੰ ਵੀ ਬਹੁਤ ਦੇਰ ਦੀਆਂ ਚਿੱਠੀਆਂ ਲਿਖੀਆਂ ਗਈਆਂ ਹਨ ਕਿ ਤੁਸੀਂ ਇਸ ਪਾਣੀ ਨੂੰ ਸਾਂਭੋ ਅਤੇ ਇਹ ਪਾਣੀ ਸਾਂਭ ਕੇ ਪੰਜਾਬ ਨੂੰ ਵਰਤਣ ਦੇਵੋ ਲੇਕਿਨ ਉਨ੍ਹਾਂ ਨੇ ਇਹ ਗੱਲ ਨਹੀਂ ਗੌਲੀ। ਸਰ, ਮੈਂ ਇੱਥੇ ਦੋ ਗੱਲਾਂ ਕਰਨੀਆਂ ਚਾਹਾਂਗਾ ਕਿ ਜਦੋਂ ਸਾਡੇ ਜਲ ਸਰੋਤ ਮੰਤਰੀ ਮਤੇ ਪੜ੍ਹ ਰਹੇ ਸੀ ਤਾਂ ਉਨ੍ਹਾਂ ਨੇ ਜਿੰਨੀਆਂ ਵੀ ਚਿੱਠੀਆਂ ਦਾ ਜ਼ਿਕਰ ਕੀਤਾ ਹੈ, ਉਹ ਸਾਰੀਆਂ ਸਾਲ 2022 ਤੋਂ ਬਾਅਦ ਦੀਆਂ ਹਨ। ਇਸ ਦਾ ਮਤਲਬ ਕਿ ਸਾਲ 2022 ਤੋਂ ਪਹਿਲਾਂ ਕੋਈ ਚਿੱਠੀ ਨਹੀਂ ਲਿਖੀ ਗਈ ਔਰ ਜਦੋਂ ਸਾਲ 2017 ਵਾਲੀ ਪਿਛਲੀ ਕਾਂਗਰਸ ਸਰਕਾਰ ਸੀ ਤਾਂ ਇੱਕ ਦਿਨ ਕੈਪਟਨ ਸਾਹਿਬ ਨੇ ਆਪਣੇ ਸਾਰੇ ਪੁਰਾਣੇ **ਮੁਆਇਦੇ** ਰੱਦ ਕਰ ਦਿੱਤੇ ਸੀ ਔਰ ਬੜੀਆਂ ਤਾੜੀਆਂ ਵੱਜੀਆਂ, ਲੋਕ ਬੜੇ ਖੁਸ਼ ਹੋਏ। ਅਖਬਾਰਾਂ ਅਤੇ ਪ੍ਰੈੱਸ ਵਿੱਚ ਆ ਗਿਆ ਕਿ ਕੈਪਟਨ ਸਾਹਿਬ ਪਾਣੀ ਦੇ ਰਖਵਾਲੇ ਹਨ। ਬੰਦਾ ਇਨ੍ਹਾਂ ਨੂੰ ਪੁੱਛੇ ਕਿ ਤੁਸੀਂ ਰੱਖਿਆ ਤਾਂ ਕਰ ਲਈ ਪ੍ਰੰਤੂ ਉਹ ਪਾਣੀ ਕਿੱਥੇ ਗਿਆ? ਤੁਸੀਂ ਪਾਣੀ ਵਰਤਣ ਦਾ ਤਾਂ ਕੋਈ ਸਿਸਟਮ ਹੀ ਨਹੀਂ ਬਣਾਇਆ ਅਤੇ ਇਹ ਸਿਰਫ ਕਾਗਜ਼ੀ ਕਾਰਵਾਈ ਸੀ। ਉੱਥੇ ਗਰਾਊਂਡ ਤੇ ਕੋਈ ਕੰਮ ਨਹੀਂ ਸੀ ਜਿਹੜਾ ਕਿ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਨੇ ਆ ਕੇ ਸਾਰਾ ਕੰਮ ਕੀਤਾ ਹੈ। ਇਹ ਕੰਮ ਪਹਿਲਾਂ ਬਿਲਕੁਲ ਵੀ ਨਹੀਂ ਹੋਇਆ ਸੀ ਔਰ ਹੌਲੀ ਹੌਲੀ ਕਰਕੇ ਸਾਡੀਆਂ ਨਹਿਰਾਂ ਅਤੇ ਖਾਲ ਬੰਦ ਹੁੰਦੇ ਰਹੇ ਜਿਹੜੇ ਕਿ ਮਾਨ ਸਾਹਿਬ ਨੇ ਹੁਣ ਆ ਕੇ ਸ਼ੁਰੂ ਕਰਵਾਏ ਹਨ। ਸਰ, ਮੈਨੂੰ ਯਾਦ ਹੈ ਕਿ ਸਾਡੇ ਸਕੂਲ ਵਿੱਚ ਇੱਕ ਟੀਚਰ ਹੁੰਦੇ ਸਨ, ਜਦੋਂ ਉਨ੍ਹਾਂ ਨੇ ਬੇਸ਼ਰਮ ਕਹਿਣਾ ਹੁੰਦਾ ਸੀ ਤਾਂ ਉਹ ਬੇਸ਼ਰਮ ਨਹੀਂ ਕਹਿੰਦੇ ਸਨ। ਉਹ ਕਹਿੰਦੇ ਹੁੰਦੇ ਸਨ ਕਿ शर्म तो हम को आती नहीं। ਮੈਂ ਹੁਣ ਇਹੀ ਕਹਿੰਦਾ ਹਾਂ ਕਿ ਕਿ शर्म तो हम इनको आती नहीं। ਜਦੋਂ ਜੀਅ ਕਰਦਾ ਹੈ ਤਾਂ ਇਹ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ) ਸਦਨ

ਤੋਂ ਬਾਹਰ ਭੱਜ ਜਾਂਦੇ ਹਨ। ਉਹ ਜਿਹੜਾ ਬੜਾ ਮਸ਼ਹੂਰ ਸ਼ੇਅਰ ਹੈ ਜੋ ਕਿ ਆਮ ਤੌਰ ਤੇ ਵਰਤਦੇ ਹਨ ਅਤੇ ਮੈਂ ਵੀ ਕਹਿ ਦਿੰਦਾ ਹੁੰਦਾ ਹਾਂ ਕਿ-

"तू इधर-उधर की न बात कर, ये बता कि क़ाफ़िला क्यूँ लुटा, तेरी रहबरी का सवाल है।"

ਜਿੰਨਾ ਨੇ ਲੁੱਟਿਆ ਹੈ, ਸਾਡਾ ਉਨ੍ਹਾਂ ਨਾਲ ਵਾਹ ਕੋਈ ਨਹੀਂ ਹੈ। ਸਾਡਾ ਵਾਹ ਤੁਹਾਡੇ ਨਾਲ ਪਿਆ ਹੈ ਜਿੰਨਾ ਨੇ ਇੰਨੇ ਸਾਲ ਪੰਜਾਬ ਤੇ ਰਾਜ ਕੀਤਾ ਹੈ। ਇਹ ਕੀ ਕਰਦੇ ਰਹੇ ਹਨ?

**माननीय अध्यक्ष:** "मुझे राहज़नों से गिला नहीं, तेरी रहबरी का सवाल है।"

**ਡਾਕਟਰ ਇੰਦਰਬੀਰ ਸਿੰਘ ਨਿੱਜਰ:** ਸੋ, ਸਰ ਮੈਂ ਇਹ ਗੱਲ ਕਹਿਣਾ ਚਾਹੁੰਦਾ ਹੈ ਕਿ ਇਨ੍ਹਾਂ ਨੇ ਬਿਲਕੁਲ ਵੀ ਨਹੀਂ ਸੋਚਿਆ ਕਿ ਪੰਜਾਬੀ ਕੀ ਹਨ ਅਤੇ ਕੀ ਨਹੀਂ ਹਨ? ਇਨ੍ਹਾਂ ਨੇ ਸੋਚਿਆ ਕਿ ਪੰਜਾਬੀ ਇਨ੍ਹਾਂ ਨੂੰ ਕਦੇ ਸਵਾਲ ਨਹੀਂ ਕਰਨਗੇ। ਜੇ ਅਸੀਂ ਅੱਜ 40 ਹਜ਼ਾਰ ਕਿਊਸਿਕ ਪਾਣੀ ਵਰਤ ਰਹੇ ਹਾਂ ਤਾਂ ਫਿਰ ਜਦੋਂ ਸਾਡੀ ਸਰਕਾਰ ਆਈ ਸੀ ਤਾਂ ਉਸ ਸਮੇਂ 22 ਹਜ਼ਾਰ ਕਿਊਸਿਕ ਪਾਣੀ ਕਿਉਂ ਵਰਤਿਆ ਜਾ ਰਿਹਾ ਸੀ? ਸਰ, ਇਨ੍ਹਾਂ ਨੇ ਕੋਈ ਪਰਵਾਹ ਹੀ ਨਹੀਂ ਕੀਤੀ। ਸੋ, ਹੁਣ ਸਰਕਾਰ ਨੇ ਬੜੀ ਰੂਹ ਨਾਲ ਕੰਮ ਕੀਤਾ ਹੈ। ਜੇ ਮੇਰੇ ਕੋਲੋਂ ਪੁੱਛੋ ਕਿ ਪੰਜਾਬ ਸਰਕਾਰ ਨੇ ਕਿਹੜਾ ਸਭ ਤੋਂ ਵੱਡਾ ਕੰਮ ਕੀਤਾ ਹੈ ਤਾਂ ਮੈਂ ਕਹਾਂਗਾ ਕਿ ਪੰਜਾਬ ਸਰਕਾਰ ਨੇ ਸਭ ਤੋਂ ਵੱਡਾ ਕੰਮ ਪਾਣੀ ਦਾ ਕੀਤਾ ਹੈ। ਅਖੀਰ ਵਿੱਚ ਮੈਂ ਆਪਣੀ ਅੱਪਰ ਬਾਰੀ ਦੁਆਬ ਕੈਨਾਲ ਦੀ ਗੱਲ ਜ਼ਰੂਰ ਕਰਾਂਗਾ ਕਿ ਅੱਪਰ ਬਾਰੀ ਦੁਆਬ ਕੈਨਾਲ ਦੀ ਕੈਪੇਸਿਟੀ 8.5 ਹਜ਼ਾਰ ਕਿਊਸਿਕ ਹੈ ਅਤੇ ਜਦੋਂ ਸਾਡੀ ਸਰਕਾਰ ਬਣੀ ਤਾਂ ਮੈਂ ਪੁੱਛਿਆ ਕਿ ਕਿੰਨਾ ਪਾਣੀ ਵਰਤਦੇ ਹਾਂ ਤਾਂ ਕਹਿੰਦੇ ਸਾਢੇ ਚਾਰ-ਪੰਜ ਹਜ਼ਾਰ ਕਿਊਸਿਕ ਪਾਣੀ ਵਰਤਿਆ ਜਾਂਦਾ ਹੈ। ਜਿਵੇਂ ਅਸੀਂ ਮਿੱਠੇ ਹਾਂ, ਉਵੇਂ ਹੀ ਮਾਝੇ ਦਾ ਪਾਣੀ ਵੀ ਮਿੱਠਾ ਹੈ। ਧਾਲੀਵਾਲ ਸਾਹਿਬ, ਈ.ਟੀ.ਓ. ਸਾਹਿਬ ਅਸੀਂ ਮਿੱਠੇ ਹਾਂ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਬੈਠੇ ਬੈਠੇ):** ਹਾਂ ਜੀ, ਮਿੱਠੇ ਹੋ ਜੀ। (ਹਾਸਾ)

**ਡਾਕਟਰ ਇੰਦਰਬੀਰ ਸਿੰਘ ਨਿੱਜਰ:** ਸੋ, ਜਿਵੇਂ ਅਸੀਂ ਵੀ ਮਿੱਠੇ ਹਾਂ, ਉਸ ਤਰ੍ਹਾਂ ਹੀ ਸਾਡਾ ਪਾਣੀ ਮਿੱਠਾ ਹੈ। ਸੋ, ਸਰ ਇਨ੍ਹਾਂ ਨੇ ਸਾਨੂੰ ਪਾਣੀ ਨਾ ਦੇ ਕੇ ਸਾਡਾ ਮਿੱਠਾ ਪਾਣੀ ਗੁਆ ਦਿੱਤਾ ਹੈ। ਅਸੀਂ ਉਹ ਪਾਣੀ ਹੀ ਕੱਢ ਕੱਢ ਕੇ ਹੀ ਪੈਲੀਆਂ ਵਿੱਚ ਵਰਤੀ ਗਏ ਹਾਂ। ਮੈਂ ਪਿਛਲੇ 10-20 ਦਿਨ ਪਹਿਲਾਂ ਆਪਣੇ ਅਫਸਰ ਸਾਹਿਬ ਨੂੰ ਪੁੱਛਿਆ ਕਿ ਸਰ, ਅੱਜਕੱਲ੍ਹ ਕਿੰਨਾ ਪਾਣੀ ਵਰਤੇ ਰਹੇ ਹਾਂ। ਉਨ੍ਹਾਂ ਨੇ ਕਿਹਾ ਕਿ 9 ਹਜ਼ਾਰ ਕਿਊਸਿਕ ਪਾਣੀ ਵਰਤ ਰਹੇ ਹਾਂ। ਸਾਢੇ ਅੱਠ ਹਜ਼ਾਰ ਕਿਊਸਿਕ ਪਾਣੀ ਦੀ ਕੈਪੇਸਿਟੀ ਹੈ ਅਤੇ 9 ਹਜ਼ਾਰ ਕਿਊਸਿਕ ਪਾਣੀ ਵਰਤ ਰਹੇ ਹਨ। ਇਹ ਕੰਮ ਹੋਇਆ ਹੈ। (ਥੰਪਿੰਗ)

**Mr. Speaker:** Wonderful.

**ਡਾਕਟਰ ਇੰਦਰਬੀਰ ਸਿੰਘ ਨਿੱਜਰ:** ਹਾਂ ਜੀ। ਬਾਕੀ ਗੱਲਾਂ ਤਾਂ ਚਲੋ ਬਹੁਤ ਚੰਗੀ ਤਰ੍ਹਾਂ ਹੋ ਚੁੱਕੀਆਂ ਹਨ। ਡੈਮ ਸੇਫਟੀ ਦੀ ਅਤੇ ਹੈੱਡਵਰਕਸ ਦੀ ਗੱਲ ਆ ਗਈ ਹੈ। ਜਦੋਂ ਸਾਰੇ ਮੁਲਕ ਦੇ ਹੈੱਡਵਰਕਸ ਸਟੇਟ ਮੈਨੇਜ ਕਰਦਾ ਹੈ ਤਾਂ

ਕੀ ਪੰਜਾਬ ਤੋਂ ਇਨ੍ਹਾਂ ਨੂੰ ਬੋਅ ਆਉਂਦੀ ਹੈ? ਪੰਜਾਬ ਵਿੱਚ ਕੀ ਨੁਕਸ ਹੈ? ਪੰਜਾਬ ਵਿੱਚ ਇਹੋ ਜਿਹੀ ਕੀ ਗੱਲ ਹੈ ਕਿ ਇਹ ਸਾਨੂੰ ਇਹੋ ਜਿਹਾ ਕੰਮ ਕਰਨ ਲਈ ਨਹੀਂ ਦੇ ਸਕਦੇ। ਸੋ, ਜਿੰਨੇ ਵੀ ਸਾਡੇ ਮਤੇ ਸੀ, ਮੈਂ ਇਨ੍ਹਾਂ ਦੇ ਸਮਰਥਨ ਵਿੱਚ ਖੜ੍ਹਾ ਹੋਇਆ ਹਾਂ ਔਰ ਅਖੀਰਲਾ ਮਤਾ ਜਿਹੜਾ ਸ੍ਰੀ ਕਰਤਾਰਪੁਰ ਸਾਹਿਬ ਦੇ ਸਬੰਧ ਵਿੱਚ ਸਰਦਾਰ ਹਰਜੋਤ ਸਿੰਘ ਬੈਂਸ ਸਾਹਿਬ ਲੈ ਕੇ ਆਏ ਸਨ, ਉਹ ਵੀ ਸਾਡੇ ਵਾਸਤੇ ਇੱਕ ਬਹੁਤ ਵਿਸ਼ੇਸ਼ ਜਗ੍ਹਾ ਹੈ। ਸਾਡੇ ਵਾਸਤੇ ਇੱਕ ਬਹੁਤ ਧਾਰਮਿਕ ਜਗ੍ਹਾ ਹੈ ਅਤੇ ਅਸੀਂ ਉਸ ਜਗ੍ਹਾ ਨਾਲ ਬਹੁਤ ਜੁੜੇ ਹੋਏ ਹਾਂ। ਮੇਰੀ ਅਪੀਲ ਹੈ ਕਿ ਸੈਂਟਰ ਗੌਰਮਿੰਟ ਸਾਨੂੰ ਉੱਥੇ ਜਾਣ ਦੀ ਅਨੁਮਤੀ ਦੇ ਦੇਵੇ ਅਤੇ ਇਹ ਰਾਹ ਖੋਲ੍ਹ ਦੇਵੇ। ਬਾਕੀ ਲੜਾਈ ਝਗੜੇ ਚਲਦੇ ਰਹਿਣਗੇ ਲੇਕਿਨ ਸਪੋਰਟਸ ਵਿੱਚ ਔਰ ਧਰਮ ਵਿੱਚ ਕੋਈ ਰਾਜਨੀਤੀ ਨਹੀਂ ਹੋਣੀ ਚਾਹੀਦੀ। ਸੈਂਟਰ ਸਾਡੇ ਨਾਲ ਜਿਹੜੀਆਂ ਕਾਣੀਆਂ ਵੰਡਾਂ ਕਰਦੇ ਹਨ, ਇਨ੍ਹਾਂ ਨੂੰ ਰੋਕਣਾ ਚਾਹੀਦਾ ਹੈ because Punjab ਬਹੁਤ ਸੈਂਸੇਟਿਵ ਸਟੇਟ ਹੈ ਔਰ ਅਸੀਂ ਪਹਿਲਾਂ ਵੀ ਬੜਾ ਸੰਤਾਪ ਝੱਲਿਆ ਹੈ। ਮੈਂ ਨਹੀਂ ਚਾਹੁੰਦਾ ਕਿ ਇਹੋ ਜਿਹੀ ਕਦੇ ਵੀ ਕੋਈ ਸਿਚੁਏਸ਼ਨ ਆਵੇ।

**1445/Pawan sharma**

ਸੋ, ਸਾਡੇ ਵੱਲੋਂ ਸੈਂਟਰ ਨੂੰ ਇਹ ਇੱਕ ਚਿਤਾਵਨੀ ਵੀ ਹੋਣੀ ਚਾਹੀਦੀ ਹੈ ਕਿ ਤੁਸੀਂ ਸਾਨੂੰ ਇਸ ਤਰ੍ਹਾਂ ਟਰੀਟ ਨਾ ਕਰੋ। ਅਸੀਂ ਤਾਂ ਪਹਿਲਾਂ ਹੀ ਬੜੇ ਸੌਖੇ ਸੀ ਸਗੋਂ ਬਾਅਦ ਵਿੱਚ ਸਾਨੂੰ ਇੰਨੀ ਮੁਸ਼ਕਿਲ ਆ ਗਈ। ਸਾਡਾ ਪਾਣੀ ਲੁੱਟਿਆ ਜਾ ਰਿਹਾ ਹੈ। ਸੋ, ਸਰ ਬਹੁਤ ਬਹੁਤ ਮਿਹਰਬਾਨੀ। Thank you so much sir.

**ਮਾਣਯੋਗ ਸਪੀਕਰ**: ਧੰਨਵਾਦ ਜੀ। ਚੀਮਾ ਸਾਹਿਬ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ। ਮੈਂ ਦੇਖ ਰਿਹਾ ਸੀ ਕਿ ਬੜੇ ਇੰਪਾਰਟੈਂਟ ਇਸ਼ੂ ਅੱਜ ਦੀ ਵਿਧਾਨ ਸਭਾ ਦੇ ਵਿੱਚ ਸਾਡੇ ਸਾਰੇ ਮੈਂਬਰ ਸਾਹਿਬਾਨ ਨੇ ਰੇਜ਼ ਕੀਤੇ ਹਨ ਚਾਹੇ ਪਾਣੀਆਂ ਦੀ ਗੱਲ ਹੈ, ਕਰਤਾਰਪੁਰ ਦੇ ਲਾਂਘੇ ਦੀ ਗੱਲ ਹੈ, ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦੀ ਗੱਲ ਹੈ, ਅੱਜ ਜਿਹੜੇ ਅਹਿਮ ਮੁੱਦੇ ਹਨ, ਉਹ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਦੇ ਵਿੱਚ ਡਿਸਕਸ ਹੋ ਰਹੇ ਹਨ ਕਿ ਕਿਸ ਤਰ੍ਹਾਂ ਪੰਜਾਬ ਆਮ ਆਦਮੀ ਪਾਰਟੀ ਦੀ ਅਗਵਾਈ ਵਿੱਚ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਲਗਾਤਾਰ ਤਰੱਕੀ ਕਰ ਰਿਹਾ ਹੈ। ਸਪੀਕਰ ਸਾਹਿਬ, ਅੱਜ ਹਰੇਕ ਪਿੰਡ, ਸ਼ਹਿਰ ਦੇ ਅੰਦਰ ਇਸ ਗੱਲ ਦੀ ਚਰਚਾ ਹੋ ਰਹੀ ਹੈ ਕਿ ਪੰਜਾਬ ਸਰਕਾਰ ਕਿਸ ਤਰ੍ਹਾਂ ਵਾਤਾਵਰਨ ਨੂੰ ਬਚਾਅ ਰਹੀ ਹੈ ਕਿਉਂਕਿ ਵਾਤਾਵਰਨ ਦੀ ਗੱਲ ਕਿਸੇ ਨੇ ਨਹੀਂ ਕੀਤੀ ਹੈ। ਅੱਜ ਜੇਕਰ ਅਸੀਂ ਧਰਤੀ ਹੇਠਲਾ ਪਾਣੀ ਬਚਾਅ ਰਹੇ ਹਾਂ ਤਾਂ ਅਸੀਂ ਇਸ ਦੇ ਅੰਦਰ ਬਹੁਤ ਵੱਡਾ ਯੋਗਦਾਨ ਪਾ ਰਹੇ ਹਾਂ ਕਿ ਸਾਡੇ ਸੂਬੇ ਦਾ ਜਿਹੜਾ ਵਾਤਾਵਰਨ ਹੈ, ਉਹ ਠੀਕ ਰਹੇ ਕਿਉਂਕਿ ਜੇਕਰ ਧਰਤੀ ਹੇਠਲਾ ਪਾਣੀ ਲਗਾਤਾਰ ਕੱਢੀ ਜਾਵਾਂਗੇ ਤਾਂ ਸੂਬੇ ਦਾ ਵਾਤਾਵਰਨ ਖ਼ਰਾਬ ਹੋ ਜਾਵੇਗਾ। ਉਸ ਦੇ ਲਈ ਮੈਂ ਸਮਝਦਾ ਹਾਂ ਕਿ ਇੱਕ ਬਹੁਤ ਹੀ ਇੰਪਾਰਟੈਂਟ ਕੰਮ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਕੀਤਾ ਹੈ। ਅੱਜ ਆਖ਼ਰੀ ਖੇਤ ਤੱਕ ਪਾਣੀ ਪਹੁੰਚ ਰਿਹਾ ਹੈ। ਇਸ ਦੇ ਲਈ ਅਸੀਂ ਇਹ ਨਹੀਂ ਕਿ ਪੈਸੇ ਕਿੱਥੋਂ ਆਏ, ਕਈ ਲੋਕ ਕਹਿ ਦਿੰਦੇ ਹਨ ਕਿ ਪੈਸੇ ਕਿੱਥੋਂ ਆਏ। ਇਸ ਲਈ ਮੈਂ ਬੈਠਾ ਹਾਂ ਅਤੇ ਤੁਹਾਡੇ ਕੋਲੋਂ ਬੋਲਣ ਲਈ ਸਮੇਂ ਦੀ ਮੰਗ ਕੀਤੀ ਹੈ। ਸਾਡੀ ਜਿਹੜੀ ਜੀ.ਐਸ.ਟੀ. ਦੀ ਕੁਲੈਕਸ਼ਨ ਸੀ, One Nation One Tax ਦਾ ਫ਼ਾਰਮੂਲਾ ਸਾਲ 2017 ਵਿੱਚ ਪੰਜਾਬ ਵਿੱਚ ਲਾਗੂ ਹੁੰਦਾ ਹੈ, ਪੂਰੇ

ਦੇਸ਼ ਭਰ ਵਿੱਚ ਲਾਗੂ ਹੁੰਦਾ ਹੈ, ਉਸ ਸਮੇਂ ਪੰਜਾਬ ਸੂਬੇ ਦੀ ਜਿਹੜੀ ਜੀ.ਐਸ.ਟੀ. ਦੀ ਕੁਲੈਕਸ਼ਨ ਹੈ, ਉਹ ਸਿਰਫ਼ ਤੇ ਸਿਰਫ਼ ਪੰਜ ਸਾਲਾਂ ਦੀ 60 ਹਜ਼ਾਰ ਕਰੋੜ ਰੁਪਏ ਹੋਈ। ਸਰ, ਪੰਜਾਂ ਸਾਲਾਂ ਵਿੱਚ ਸਿਰਫ਼ 60 ਹਜ਼ਾਰ ਕਰੋੜ ਰੁਪਏ ਦੀ ਕੁਲੈਕਸ਼ਨ ਹੋਈ, ਜਦੋਂ ਪੰਜਾਬ ਦੇ ਲੋਕਾਂ ਨੇ ਇੱਕ ਇਮਾਨਦਾਰ ਸਰਕਾਰ ਦਾ ਗਠਨ ਕੀਤਾ, ਸਰਦਾਰ ਭਗਵੰਤ ਸਿੰਘ ਮਾਨ ਜੀ ਪੰਜਾਬ ਦੇ ਮੁੱਖ ਮੰਤਰੀ ਬਣੇ, ਮੈਂ ਬੜੇ ਮਾਣ ਅਤੇ ਗਰਵ ਨਾਲ ਕਹਿੰਦਾ ਹਾਂ ਕਿ ਇਨ੍ਹਾਂ ਪੰਜਾਂ ਸਾਲਾਂ ਵਿੱਚ ਸਾਡੇ ਸੂਬੇ ਦੀ ਜੀ.ਐਸ.ਟੀ. ਦੀ ਜਿਹੜੀ ਕੁਲੈਕਸ਼ਨ ਹੈ, ਉਹ 1 ਲੱਖ 21 ਹਜ਼ਾਰ ਕਰੋੜ ਰੁਪਏ ਨੂੰ ਕਰਾਸ ਕਰ ਗਈ ਹੈ।(ਥੰਪਿੰਗ)।

**Hon'ble Speaker**: Wonderful.

**ਵਿੱਤ ਮੰਤਰੀ**: ਸਪੀਕਰ ਸਾਹਿਬ, ਇਹ ਬਹੁਤ ਵੱਡਾ ਅੰਕੜਾ ਹੈ। ਅੱਜ ਤੱਕ ਇੰਨੀ ਵੱਡੀ ਰੈਵੀਨਿਊ ਦੀ ਕੁਲੈਕਸ਼ਨ ਕਦੇ ਨਹੀਂ ਹੋਈ ਬਲਕਿ ਹਮੇਸ਼ਾ ਜਿਹੜੇ ਪੰਜਾਬ ਦੇ ਇਮਾਨਦਾਰ ਟੈਕਸ ਪੇਅਰ ਆਪਣਾ ਟੈਕਸ ਦਿੰਦੇ ਸੀ, ਆਪਣੀ ਜੀ.ਐਸ.ਟੀ. ਪੇਅ ਕਰਦੇ ਸੀ ਔਰ ਇਹ ਜਿਹੜੀਆਂ ਪਾਰਟੀਆਂ, ਜਿਨ੍ਹਾਂ ਨੇ ਹੁਣ ਤੱਕ ਰਾਜ ਕੀਤਾ, ਇਹ ਰਾਹ ਦੇ ਵਿੱਚ ਲੁੱਟ ਕੇ ਲੈ ਜਾਂਦੀਆਂ ਸਨ। ਅੱਜ ਉਹ ਇਕੱਲਾ ਇਕੱਲਾ ਪੈਸਾ ਪੰਜਾਬ ਦੇ ਖ਼ਜ਼ਾਨੇ ਦਾ ਹਿੱਸਾ ਬਣ ਰਿਹਾ ਹੈ। ਉਹ ਹੀ ਪੈਸਾ ਪੰਜਾਬ ਦੇ ਸਕੂਲਾਂ, ਨਹਿਰੀ ਖਾਲ਼ਾਂ ਵਿੱਚ ਲੱਗ ਰਿਹਾ ਹੈ, ਉਸੇ ਹੀ ਪੈਸੇ ਦੇ ਨਾਲ ਪੰਜਾਬ ਦੇ ਅੰਦਰ 3000 ਤੋਂ ਵੱਧ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ। ਉਸੇ ਪੈਸੇ ਦੇ ਨਾਲ 45000 ਕਿੱਲੋਮੀਟਰ ਸੜਕਾਂ ਨਵੀਆਂ ਬਣ ਰਹੀਆਂ ਹਨ ਜਾਂ ਚੌੜੀਆਂ/ਰੈਨੋਵੇਟ ਹੋ ਰਹੀਆਂ ਹਨ। ਉਸੇ ਪੈਸੇ ਦੇ ਨਾਲ ਪੰਜਾਬ ਦੇ ਅੰਦਰ ਮੁਹੱਲਾ ਕਲੀਨਿਕ ਬਣ ਰਹੇ ਹਨ। ਉਸੇ ਹੀ ਪੈਸੇ ਦੇ ਨਾਲ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ, ਜਿਹੜੀ 10 ਲੱਖ ਰੁਪਏ ਤੱਕ ਹੈ, ਉਹ ਲਾਗੂ ਹੈ। ਇਸੇ ਕਰਕੇ ਹੀ ਵੱਡੀਆਂ ਪ੍ਰਾਪਤੀਆਂ ਹੋ ਰਹੀਆਂ ਹਨ। ਇਸ ਤੋਂ ਬਿਨਾਂ ਪੰਜਾਬ ਦੇ ਅੰਦਰ ਐਕਸਾਈਜ਼ ਡਿਪਾਰਟਮੈਂਟ ਵਿੱਚ ਹਰੇਕ ਸਾਲ ਜਿਹੜੀ 2022 ਤੱਕ ਦੀ ਆਮਦਨ ਸੀ, ਉਹ ਪ੍ਰਤੀ ਸਾਲ 6 ਹਜ਼ਾਰ 151 ਕਰੋੜ ਰੁਪਏ ਸੀ ਤੇ ਅੱਜ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ 13 ਹਜ਼ਾਰ ਕਰੋੜ ਰੁਪਏ ਆਮਦਨ ਇੱਕ ਸਾਲ ਦੀ ਹੋ ਗਈ ਹੈ। (ਥੰਪਿੰਗ)। ਇਸੇ ਤਰੀਕੇ Stamp Pad Registration ਵਿੱਚ ਪੰਜ ਸਾਲ ਵਿੱਚ ਕਾਂਗਰਸੀ ਪਾਰਟੀ ਦੀ ਸਰਕਾਰ ਵੇਲੇ 12 ਹਜ਼ਾਰ ਕਰੋੜ ਰੁਪਏ ਸੀ, ਜੋ ਹੁਣ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ 31 ਹਜ਼ਾਰ ਕਰੋੜ ਰੁਪਏ ਹੋ ਗਈ ਹੈ। ਇਹ ਡਬਲ ਤੋਂ ਵੀ ਜ਼ਿਆਦਾ, ਇਸ ਦੇ ਵਿੱਚ ਵਾਧਾ ਹੋਇਆ ਹੈ। ਮਾਣਯੋਗ ਸਪੀਕਰ ਸਾਹਿਬ Capital Expenditure ਯਾਨੀ ਲੋਕਾਂ ਦੇ ਲਈ ਨਵਾਂ ਕੀ ਕ੍ਰੀਏਟ ਕੀਤਾ, ਕਿੰਨੇ ਸਕੂਲਾਂ ਦੇ ਕਮਰੇ ਵਧੇ, ਕਿੰਨੀਆਂ ਨਵੀਆਂ ਸੜਕਾਂ ਵਧੀਆਂ, ਕਿੰਨੇ ਹਸਪਤਾਲ ਵਧੇ, ਉਸ ਦੇ ਉੱਤੇ ਜੇਕਰ ਮੈਂ ਸਾਲ 2017-22 ਤੱਕ ਕਾਂਗਰਸ ਪਾਰਟੀ ਦੇ ਰਾਜ ਦੀ ਗੱਲ ਕਰਾਂ, 19 ਹਜ਼ਾਰ ਕਰੋੜ ਰੁਪਏ ਖ਼ਰਚ ਹੋਇਆ ਸੀ, ਇਹ ਅੰਕੜੇ ਤਾਂ ਅਫ਼ਸਰ ਸਾਹਿਬਾਨ ਨੇ ਦੱਸੇ ਹਨ, ਉਨ੍ਹਾਂ ਤੋਂ ਮਿਲਦੇ ਹਨ ਕਿਉਂਕਿ ਲਗਾਤਾਰ ਸਾਡਾ ਰਿਕਾਰਡ ਇਸ ਦੀ ਪੁਸ਼ਟੀ ਕਰਦਾ ਹੈ, ਲੇਕਿਨ ਮੈਨੂੰ ਬੜਾ ਮਾਨ ਹੈ ਕਿ ਅੱਜ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਉਹ ਅੰਕੜਾ ਵਧ ਕੇ ਪੰਜ ਸਾਲਾਂ ਵਿੱਚ 47 ਹਜ਼ਾਰ ਕਰੋੜ ਰੁਪਏ ਨੂੰ ਪਾਰ ਕਰ ਰਿਹਾ ਹੈ। ਮੈਨੂੰ ਪੂਰਨ ਆਸ ਹੈ ਕਿ ਜਿੰਨਾ ਪੈਸਾ ਰੱਖਿਆ ਸੀ, ਉਹ 50,000 ਕਰੋੜ ਨੂੰ ਪਾਰ ਕਰ ਜਾਵੇਗਾ। ਇਹ ਹੁਣ ਤੱਕ ਦਾ ਵੱਡਾ ਇਤਿਹਾਸ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿਰਜਿਆ ਹੈ।

**1450/Beant kaur**

**ਮਾਣਯੋਗ ਸਪੀਕਰ** : ਚੀਮਾ ਸਾਹਿਬ, 19,000 ਕਰੋੜ ਵਿੱਚ 500 ਕਿ.ਮੀ. ਸੜਕ ਸੀ, ਜਿਹੜੀ ਹੈ ਹੀ ਨਹੀਂ ਸੀ। ਤੁਸੀਂ ਮੰਡੀ ਬੋਰਡ ਦੀ ਸੜਕ ਮਿਣਤੀ ਕਰਨ ਉਪਰੰਤ ਲੱਭੀ ਸੀ।

**ਵਿੱਤ ਮੰਤਰੀ** : ਬਿਲਕੁਲ ਜੀ। ਜਦੋਂ ਏ.ਆਈ ਦਾ ਜਮਾਨਾ ਆ ਗਿਆ ਤਾਂ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਹਦਾਇਤ ਜਾਰੀ ਕੀਤੀ ਕਿ ਸੜਕਾਂ ਮਿਣੀਆਂ ਜਾਣ। ਕਾਗਜ਼ਾਂ ਵਿੱਚ 600 ਕਿ.ਮੀ. ਵੱਧ ਸੜਕਾਂ ਮਿਣੀਆਂ ਹੋਈਆਂ ਸਨ ਯਾਨੀ ਉਹ ਬਣਦੀਆਂ ਨਹੀਂ ਸਨ ਪਰ ਉਨ੍ਹਾਂ ਦੇ ਪੈਸੇ ਠੇਕੇਦਾਰਾਂ ਰਾਹੀਂ ਅਕਾਲੀ ਅਤੇ ਕਾਂਗਰਸੀ ਲੁੱਟਦੇ ਸਨ। ਉਹ ਸੜਕ, ਜਿਹੜੀ ਆਫੀਸ਼ੀਅਲੀ 5 ਸਾਲਾਂ ਬਾਅਦ ਡਿਊ ਹੁੰਦੀ ਹੈ, ਤੁਸੀਂ ਇਹ ਦੇਖੋ ਕਿ ਕਿੰਨੇ ਕਰੋੜ ਰੁਪਿਆ ਲੁੱਟ ਲਿਆ ਜਾਂਦਾ ਸੀ। ਅੱਜ ਉਸ 600 ਕਿ.ਮੀ. ਸੜਕ ਦੇ ਪੈਸੇ ਵੀ ਬਚੇ ਹਨ।

ਇਸ ਤੋਂ ਬਾਅਦ ਮੈਂ ਪੰਜਾਬ ਦੇ ਵਪਾਰੀਆਂ/ਟਰੇਡਰਜ਼ ਦੀ ਗੱਲ ਕਰਾਂਗਾ। ਅਸੀਂ ਦੋ OTS ਸਕੀਮਾਂ ਲੈ ਕੇ ਆਏ ਹਾਂ। ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਨੇ ਦੋ OTS ਸਕੀਮਾਂ ਲਿਆਂਦੀਆਂ ਸਨ। ਪਹਿਲੀ ਸਕੀਮ ਵਿੱਚ ਉਨ੍ਹਾਂ ਨੂੰ 8.21 ਕਰੋੜ ਰੁਪਿਆ ਮਿਲਿਆ ਅਤੇ ਦੂਜੀ ਵਿੱਚ 4.94 ਕਰੋੜ ਰੁਪਿਆ ਮਿਲਿਆ। ਦੋਹਾਂ OTS ਸਕੀਮਾਂ ਵੇਲੇ ਕਾਂਗਰਸ ਪਾਰਟੀ ਨੇ ਖਜ਼ਾਨੇ ਵਿੱਚ 13.15 ਕਰੋੜ ਰੁਪਿਆ ਜਮ੍ਹਾਂ ਕਰਵਾਇਆ। ਆਮ ਆਦਮੀ ਪਾਰਟੀ ਦੇ ਸਰਦਾਰ ਭਗਵੰਤ ਸਿੰਘ ਮਾਨ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਤੀਜੀ ਅਤੇ ਚੌਥੀ OTS ਸਕੀਮਾਂ ਆਈਆਂ। ਤੀਜੀ ਸਕੀਮ ਵੇਲੇ 61,848 ਲੋਕਾਂ ਨੇ ਅਪਲਾਈ ਕੀਤਾ ਸੀ ਅਤੇ ਸਰਕਾਰ ਦੇ ਖਜ਼ਾਨੇ ਵਿੱਚ 164.35 ਕਰੋੜ ਰੁਪਿਆ ਆਇਆ।(ਥੰਪਿੰਗ) ਚੌਥੀ ਸਕੀਮ ਵੇਲੇ ਕੁੱਲ 9,967 ਐਪਲੀਕੇਸ਼ਨਾਂ ਆਈਆਂ ਸਨ ਅਤੇ ਸਰਕਾਰ ਨੇ ਖਜ਼ਾਨੇ ਵਿੱਚ 173.22 ਕਰੋੜ ਰੁਪਿਆ ਜਮ੍ਹਾਂ ਕਰਵਾਇਆ। ਸੋ, ਦੋਹਾਂ OTS ਸਕੀਮਾਂ ਵਿੱਚ as compared to Congress Party government's 13.15 ਕਰੋੜ ਰੁਪਏ 237.57 ਕਰੋੜ ਰੁਪਿਆ ਸਰਕਾਰ ਦੇ ਖ਼ਜਾਨੇ ਵਿੱਚ ਆਇਆ। ਇਸ ਤੋਂ ਪਤਾ ਲਗਦਾ ਹੈ ਕਿ ਇਕ ਇਮਾਨਦਾਰ ਸਰਕਾਰ ਪੰਜਾਬ ਵਿੱਚ ਕਿਸ ਪ੍ਰਕਾਰ ਕੰਮ ਕਰ ਰਹੀ ਹੈ। ਸਪੀਕਰ ਸਾਹਿਬ, ਤੁਹਾਡੇ ਯਾਦ ਹੋਵੇਗਾ, ਜਦੋਂ ਚੰਨੀ ਸਾਹਿਬ ਚੰਦ ਦਿਨਾਂ ਲਈ ਮੁੱਖ ਮੰਤਰੀ ਬਣੇ ਸਨ, ਉਨ੍ਹਾਂ ਨੇ ਇਕ ਬੋਰਡ ਲਗਾਇਆ ਸੀ ਕਿ 41,000 ਵਪਾਰੀਆਂ ਨੂੰ OTS ਸਕੀਮ ਦਾ ਲਾਭ ਦਿੱਤਾ ਗਿਆ ਹੈ ਲੇਕਿਨ ਉਹ ਝੂਠ ਬੋਲਿਆ ਸੀ। ਅਸਲੀ ਅੰਕੜਾ 31,768 ਬੈਨੀਫਿਸ਼ਰੀਜ਼ ਹੈ ਅਤੇ ਸਾਡਾ ਅੰਕੜਾ 71,815 ਬੈਨੀਫਿਸ਼ਰੀਜ਼ ਦਾ ਹੈ। ਇਸ ਵਿੱਚ ਅਸੀਂ ਕਾਂਗਰਸ ਪਾਰਟੀ ਨਾਲੋਂ ਡਬਲ ਵਪਾਰੀਆਂ ਦਾ ਫਾਇਦਾ ਕੀਤਾ ਹੈ।

ਸਪੀਕਰ ਸਾਹਿਬ, ਇਹ ਤਾਂ ਫਾਈਨਾਂਸ਼ੀਅਲ ਮੈਟਰ ਹਨ। ਗੱਲ ਚੱਲ ਰਹੀ ਸੀ ਕਿ ਜਦੋਂ ਮਾਵਾਂ-ਧੀਆਂ ਸਤਿਕਾਰ ਯੋਜਨਾ ਬਣਾਈ ਗਈ ਹੈ, ਉਸ ਸਮੇਂ 9,300 ਕਰੋੜ ਰੁਪਿਆ ਰੱਖਿਆ ਗਿਆ ਸੀ। ਅੱਜ ਉਸ ਵਿਚੋਂ ਲਗਾਤਾਰ ਕਿਸ਼ਤਾਂ ਮਾਵਾਂ-ਧੀਆਂ ਦੇ ਖਾਤਿਆਂ ਵਿੱਚ ਜਾ ਰਹੀਆਂ ਹਨ। 80 ਲੱਖ ਮਹਿਲਾਵਾਂ ਨੇ ਆਪਣੇ ਆਪ ਨੂੰ ਇਸ ਸਕੀਮ ਵਾਸਤੇ ਰਜਿਸਟਰ ਕਰਵਾਇਆ ਹੈ ਅਤੇ ਲਗਾਤਾਰ ਰਜਿਸਟ੍ਰੇਸ਼ਨ ਹੋ ਰਹੀ ਹੈ ਕਿਉਂਕਿ ਕਾਫੀ ਸਾਰੀਆਂ ਫਾਰਮੈਲਿਟੀਜ਼ ਹਨ ਅਤੇ ਕਈ ਵਾਰ ਪਤਾ ਨਹੀਂ ਲਗਦਾ। ਹੌਲੀ ਹੌਲੀ ਸਾਡੇ ਵਰਕਰ, ਵਲੰਟੀਅਰ, ਸਖੀਆਂ ਉਨ੍ਹਾਂ ਦੀ

ਮਦਦ ਕਰ ਰਹੀਆਂ ਹਨ। ਸੋ, ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ 80 ਲੱਖ ਮਹਿਲਾਵਾਂ ਦੇ ਖਾਤਿਆਂ ਵਿੱਚ ਪੈਸੇ ਪਹੁੰਚਾਏ ਹਨ।

ਜਲ ਸਰੋਤ ਮੰਤਰੀ, ਸ਼੍ਰੀ ਬਰਿੰਦਰ ਗੋਇਲ ਜੀ ਨੇ ਗੱਲ ਕੀਤੀ ਹੈ ਕਿ ਪਾਣੀਆਂ ਬਾਰੇ ਅਕਾਲੀ ਦਲ ਲੰਬਾ ਸਮਾਂ ਕਹਿੰਦਾ ਰਿਹਾ ਕਿ ਸਾਡੇ ਪਾਣੀਆਂ ਤੇ ਡਾਕਾ ਮਾਰ ਲਿਆ। ਪਾਣੀਆਂ ਨੂੰ ਲੈ ਕੇ ਕਾਂਗਰਸ ਪਾਰਟੀ ਲੰਬਾ ਸਮਾਂ ਪੰਜਾਬ ਵਿੱਚ ਸਿਆਸਤ ਕਰਦੀ ਰਹੀ। ਕਪੂਰੀ ਦਾ ਮੋਰਚਾ, ਧਰਮ ਯੁੱਧ ਮੋਰਚਾ ਪਤਾ ਨਹੀਂ ਕਿੰਨੇ ਵੱਡੇ ਵੱਡੇ ਮੋਰਚੇ ਲਗਾਏ ਗਏ, ਜਿਨ੍ਹਾਂ ਵਿੱਚ ਪੰਜਾਬ ਦੇ ਨੌਜਵਾਨਾਂ ਦੀਆਂ ਜਾਨਾਂ ਚਲੀਆਂ ਗਈਆਂ। ਅਜਿਹੇ ਬਹੁਤ ਸਾਰੇ ਪੰਜਾਬ ਦੇ ਪੁੱਤ ਪੰਜਾਬ ਦਾ ਪਾਣੀ ਬਚਾਉਂਦੇ ਚਲੇ ਗਏ ਅਤੇ ਸਾਡੇ ਉਨ੍ਹਾਂ ਭਰਾਵਾਂ ਦੀਆਂ ਲਾਸ਼ਾਂ ਉੱਤੇ ਕਾਂਗਰਸ ਪਾਰਟੀ, ਅਕਾਲੀ-ਬੀਜੇਪੀ ਵਾਲੇ ਆਪਣੀਆਂ ਵੋਟਾਂ ਲੱਭਦੇ ਰਹੇ। ਤੁਹਾਨੂੰ ਯਾਦ ਹੋਵੇਗਾ ਕਿ ਕਪੂਰੀ ਦਾ ਮੋਰਚਾ ਲੱਗਿਆ ਸੀ, ਜਦੋਂ ਇੰਦਰਾ ਗਾਂਧੀ ਜੀ ਪੰਜਾਬ ਵਿੱਚ ਆਏ ਸਨ ਤਾਂ ਚਾਂਦੀ ਦੀ ਕਹੀ ਲੈ ਕੇ ਕੌਣ ਪਹੁੰਚਿਆ ਸੀ?

**1455/Karamjit kaur**

ਕਾਂਗਰਸ ਪਾਰਟੀ ਦਾ ਦੋ ਵਾਰ ਰਿਹਾ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਉਸ ਸਮੇਂ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੂੰ ਚਾਂਦੀ ਦੀ ਕਹੀ ਭੇਟ ਕੀਤੀ ਸੀ ਕਿ ਟੱਕ ਲਾਓ ਅਤੇ ਇੱਥੋਂ ਪੰਜਾਬ ਤੋਂ ਪਾਣੀ ਲੈ ਜਾਵੋ। ਸੋ, ਇਹ ਰਾਖੇ ਨਹੀਂ, ਸਗੋਂ ਇਹ ਪਾਣੀ ਦੇ ਅਸਲੀ ਚੋਰ ਸੀ। ਇਨ੍ਹਾਂ ਨੇ ਪੰਜਾਬ ਦਾ ਪਾਣੀ ਵੇਚਿਆ। ਪੰਜਾਬ ਦੇ ਪਾਣੀਆਂ ਦਾ ਅਸਲੀ ਰਾਖਾ, ਪੰਜਾਬ ਦੇ ਪਾਣੀਆਂ ਦਾ ਅਸਲੀ ਪੁੱਤ ਸਰਦਾਰ ਭਗਵੰਤ ਸਿੰਘ ਮਾਨ ਹੈ ਜਿਸ ਨੇ ਪੰਜਾਬ ਦੇ ਹਰੇਕ ਕਿਸਾਨ ਦੇ ਖੇਤ ਤੱਕ ਪਾਣੀ ਪਹੁੰਚਾਇਆ ਹੈ। ਜਿਹੜਾ ਅੰਕੜਾ ਮਾਨ ਸਾਹਿਬ ਡਿਸਕਸ ਕਰਕੇ ਗਏ ਹਨ, ਮੇਰੇ ਯਾਦ ਹੈ ਕਿ ਐਤਕੀਂ 37 ਫੀਸਦੀ ਬਾਰਸ਼ ਘੱਟ ਪਈ ਹੈ। ਪੰਜਾਬ ਜਾਣਦਾ ਹੈ, ਮਹਾਂਰਾਸ਼ਟਰ ਵਰਗੀਆਂ ਸਟੇਟਾਂ ਦੇ ਅੰਦਰ ਸੋਕਾ ਪੈ ਗਿਆ, ਕਈ ਹੋਰ ਸਟੇਟਾਂ ਦੇ ਅੰਦਰ ਸੋਕਾ ਪੈ ਗਿਆ। 37 ਫੀਸਦੀ ਬਾਰਸ਼ ਘੱਟ ਪੈਣ ਦੇ ਬਾਵਜੂਦ ਵੀ ਪੰਜਾਬ ਦੇ ਖੇਤ, ਪੰਜਾਬ ਦੇ ਕਿਸਾਨ ਦੇ ਆਖਰੀ ਖੇਤ ਤੱਕ ਪਾਣੀ ਨਹਿਰੀ ਖੇਤਰ ਦੇ ਰਾਹੀਂ ਪਹੁੰਚਾਉਣ ਦੇ ਅੰਦਰ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਸਫਲ ਹੋਈ ਹੈ।

**ਮਾਣਯੋਗ ਸਪੀਕਰ**: ਐਤਕੀਂ ਬੰਦੀ ਨਹੀਂ ਆਈ ਜੀ। ਐਤਕੀਂ ਜਿਵੇਂ ਤੁਸੀਂ ਖਜ਼ਾਨਾ ਭਰੀ ਰੱਖਿਆ ਹੈ, ਨਹਿਰਾਂ ਵੀ ਉਵੇਂ ਹੀ ਭਰੀਆਂ ਰੱਖੀਆਂ ਹਨ, ਐਤਕੀਂ ਬੰਦੀ ਨਹੀਂ ਆਈ।

**ਵਿੱਤ ਮੰਤਰੀ**: ਦੇਖੋ ਜੀ, ਖਜ਼ਾਨਾ ਤਾਂ ਹੀ ਭਰਿਆ ਰਹੇਗਾ ਜੇਕਰ ਆਪਣੀ ਨੀਅਤ ਸਾਫ ਹੋਵੇਗੀ। ਜੇਕਰ ਆਪਾਂ ਨੇਕਨੀਤੀ ਤੇ ਇਮਾਨਦਾਰੀ ਦੇ ਨਾਲ ਕੰਮ ਕਰਦੇ ਰਹਾਂਗੇ। ਮੈਂ ਆਪਣੇ ਸਾਡੇ ਸਾਰੇ ਐਮ.ਐਲ.ਏ ਸਾਹਿਬਾਨ ਦਾ, ਸਾਰੇ ਮਨਿਸਟਰ ਸਾਹਿਬਾਨ ਦਾ, ਮਾਣਯੋਗ ਸੀ.ਐਮ. ਸਾਹਿਬ ਦਾ ਬਹੁਤ-ਬਹੁਤ ਧੰਨਵਾਦ ਕਰਨਾ ਚਾਹਾਂਗਾ। ਕਦੇ ਵੀ ਕਿਸੇ ਨੇ ਸਿੰਗਲ ਇਸ ਗੱਲ ਦੀ ਜ਼ਿੱਦ ਨਹੀਂ ਕੀਤੀ ਕਿ ਆਹ ਗੱਡੀ ਛੱਡ ਦਿਓ ਜਾਂ ਇਸ ਦੀ ਪੈਨਲਟੀ ਘਟਾ ਦਿਓ। ਇਨ੍ਹਾਂ ਨੇ ਲਗਾਤਾਰ ਹਮੇਸ਼ਾ ਹੀ ਮੇਰਾ ਸਾਥ ਦਿੱਤਾ ਹੈ, ਬਲਕਿ ਬਹੁਤ ਸਾਰੀਆਂ ਇਨਪੁਟਸ ਦਿੰਦੇ ਰਹਿੰਦੇ ਸੀ ਕਿ ਇਸ ਰੂਟ ਉੱਤੇ ਗੈਰ-ਕਾਨੂੰਨੀ ਗੱਡੀਆਂ ਲੰਘਦੀਆਂ ਹਨ, ਉਨ੍ਹਾਂ ਨੂੰ ਫੜੋ। ਇਸ ਇਲਾਕੇ ਵਿੱਚ ਅਜਿਹਾ ਹੋ ਰਿਹਾ ਹੈ,

ਇਸ ਨੂੰ ਫੜੋ। ਸਰ, ਇਹ ਇੱਕ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਨਹੀਂ ਤਾਂ ਇਹ ਹੁੰਦਾ ਸੀ ਕਿ ਕੋਈ ਵੀ ਮਨਿਸਟਰ ਹੈ, ਜਾਂ ਸੀ.ਐਮ. ਸਾਹਿਬ ਹੋਣ, ਕੋਈ ਵੀ ਇਸ ਗੱਲ ਵਿੱਚ ਘਿਰ ਜਾਂਦਾ ਹੈ ਕਿ ਫਲਾਣੇ ਦੀ ਗੱਡੀ ਹੈ ਜਾਂ ਫਲਾਣੇ ਦਾ ਕਾਰੋਬਾਰ ਹੈ ਪਰ ਲੇਕਿਨ ਪੰਜਾਬ ਦੀ ਇਹ ਖੁਸ਼ਕਿਸਮਤੀ ਹੈ ਸਰ, ਮੈਂ ਸਮਝਦਾ ਹਾਂ ਕਿ ਪਹਿਲੀ ਵਾਰ ਇਹ ਹੋਇਆ ਹੈ ਕਿ ਸਾਡੇ ਸਾਰੇ ਹੀ ਐਮ.ਐਲ.ਏ. ਸਾਹਿਬਾਨ ਤੇ ਮੰਤਰੀ ਸਾਹਿਬਾਨ, ਕਾਰੋਬਾਰੀ ਨਹੀਂ ਹਨ। (ਥੰਪਿੰਗ) ਉਹ ਕਾਰੋਬਾਰ ਨਹੀਂ ਕਰਦੇ, ਨਾ ਕੋਈ ਟਰਾਂਸਪੋਰਟ ਦਾ ਕੰਮ ਕਰਦਾ ਹੈ ਅਤੇ ਨਾ ਹੀ ਕੋਈ ਹੋਰ ਗਲਤ ਕੰਮਕਾਰ ਕਰਦਾ ਹੈ, ਇਹ ਸਾਰੇ ਹੀ ਲੋਕਾਂ ਨੂੰ ਸਮਰਪਿਤ ਸੇਵਾ ਕਰਦੇ ਹਨ। ਇਹ ਸਾਰੇ ਲੋਕਾਂ ਵਿੱਚ ਰਹਿੰਦੇ ਹਨ।

ਸੋ, ਮੈਂ ਇਨ੍ਹਾਂ ਸਾਰੇ ਮਤਿਆਂ ਦਾ ਸਮਰਥਨ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਇਹ ਸਾਰੇ ਮਤੇ ਪਾਸ ਹੋਣੇ ਚਾਹੀਦੇ ਹਨ ਅਤੇ ਕੰਸਰਨਡ ਅਥਾਰਿਟੀਆਂ ਨੂੰ ਮਤੇ ਭੇਜਣੇ ਚਾਹੀਦੇ ਹਨ। ਚਾਹੇ ਉਹ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਦੀ ਗੱਲ ਹੈ, ਚਾਹੇ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਪਾਣੀਆਂ ਦੀ ਗੱਲ ਹੈ ਕਿਉਂਕਿ ਪੰਜਾਬ ਦੇ ਪਾਣੀਆਂ ਦੇ ਉੱਤੇ ਭਾਰਤੀ ਜਨਤਾ ਪਾਰਟੀ ਦੀ ਅੱਖ ਹੈ। ਭਾਰਤੀ ਜਨਤਾ ਪਾਰਟੀ ਦੇ ਮਨਸੂਬੇ ਬੜੇ ਖਤਰਨਾਕ ਹਨ। ਤੁਹਾਨੂੰ ਯਾਦ ਹੋਵੇਗਾ, ਤਿੰਨ ਕਾਲੇ ਕਾਨੂੰਨ ਲਿਆ ਕੇ ਭਾਰਤੀ ਜਨਤਾ ਪਾਰਟੀ ਇਸ ਸੂਬੇ ਦੇ ਕਿਸਾਨਾਂ ਨੂੰ ਮਾਰਨਾ ਚਾਹੁੰਦੀ ਸੀ। ਇਸ ਸੂਬੇ ਦੇ ਕਿਸਾਨਾਂ ਨੂੰ ਤਬਾਹ ਕਰਨਾ ਚਾਹੁੰਦੀ ਸੀ। ਇਸ ਸੂਬੇ ਦੀ ਖੇਤੀ ਨੂੰ ਤਬਾਹ ਕਰਨਾ ਚਾਹੁੰਦੀ ਸੀ ਕਿਉਂਕਿ ਇਕੱਲਾ ਪੰਜਾਬ ਹੀ ਹੈ, ਜਿਹੜਾ ਮੈਂ ਸਮਝਦਾ ਹਾਂ ਕਿ ਸਭ ਤੋਂ ਵੱਧ ਕੰਟਰੀਬਿਊਸ਼ਨ ਦੇਸ਼ ਦੇ ਫੂਡ ਬਾਉਲ ਵਿੱਚ ਪਾਉਂਦਾ ਹੈ। ਇਸ ਸੂਬੇ ਨੂੰ ਖਤਮ ਕਰਨ ਦਾ ਯਤਨ ਭਾਰਤੀ ਜਨਤਾ ਪਾਰਟੀ ਨੇ ਕੀਤਾ ਸੀ। ਸਾਡੇ ਪੰਜਾਬ ਦੇ ਇਕੱਲੇ ਇਕੱਲੇ ਵਿਅਕਤੀ ਨੇ, ਕਿਸਾਨਾਂ ਨੇ, ਚਾਹੇ ਵਪਾਰੀ ਹਨ, ਸਾਰਿਆਂ ਨੇ ਰਲ਼ ਕੇ ਉਹ ਸੰਘਰਸ਼ ਲੜਿਆ ਅਤੇ ਭਾਰਤੀ ਜਨਤਾ ਪਾਰਟੀ ਨੂੰ ਉਹ ਕਾਲੇ ਕਾਨੂੰਨ ਵਾਪਸ ਲੈਣੇ ਪਏ। ਹੁਣ ਫੇਰ ਉਹ ਲੁਕਵੇਂ ਰੂਪ ਵਿੱਚ ਇੱਕ ਵਾਰ ਫਿਰ ਹਮਲਾ ਕਰ ਰਹੇ ਹਨ। ਕਿਸ ਤਰ੍ਹਾਂ ? ਕਿ ਵੱਡੀਆਂ ਇੰਟਰਨੈਸ਼ਨਲ ਕੰਪਨੀਆਂ ਦੇ ਰਾਹੀਂ ਵੱਡੇ ਸਮਝੌਤੇ ਹੋ ਰਹੇ ਹਨ, ਉਨ੍ਹਾਂ ਸਮਝੌਤਿਆਂ ਦੇ ਰਾਹੀਂ, ਜਿਹੜਾ ਯੂ.ਐਸ.ਏ ਨਾਲ ਸਮਝੌਤਾ ਹੋ ਰਿਹਾ ਹੈ ਜਾਂ ਹੋਰ ਵੱਡੀਆਂ ਕੰਪਨੀਆਂ ਨਾਲ ਸਮਝੌਤਾ ਹੋ ਰਿਹਾ ਹੈ, ਸਰ, ਉਨ੍ਹਾਂ ਸਮਝੌਤਿਆਂ ਦੇ ਰਾਹੀਂ ਇੱਕ ਵਾਰੀ ਫੇਰ ਸਾਡੇ ਖੇਤੀ ਸੈਕਟਰ ਦੇ ਉੱਤੇ ਭਾਰਤੀ ਜਨਤਾ ਪਾਰਟੀ ਹਮਲਾ ਕਰਨਾ ਚਾਹੁੰਦੀ ਹੈ। ਪਰ ਪੰਜਾਬ ਦੇ ਕਿਸਾਨ, ਪੰਜਾਬ ਦੇ ਲੋਕ, ਚਾਹੇ ਕੋਈ ਮਜ਼ਦੂਰ ਹੈ, ਚਾਹੇ ਵਪਾਰੀ ਹੈ, ਕਿਉਂਕਿ ਪੰਜਾਬ ਐਗਰੇਰੀਅਨ ਸੈਕਟਰ ਹੈ, ਇਸ ਨੂੰ ਸਾਡੇ ਲੋਕ ਤਬਾਹ ਨਹੀਂ ਕਰਨ ਦੇਣਗੇ। ਅਸੀਂ ਇਕੱਠੇ ਹੋ ਕੇ ਲੜਾਈ ਲੜਾਂਗੇ ਔਰ ਪੰਜਾਬ ਨੂੰ ਇਹ ਪਤਾ ਹੈ ਕਿ ਸਾਢੇ 700 ਤੋਂ ਉੱਪਰ ਕਿਸਾਨ ਆਪਣੀ ਸ਼ਹਾਦਤ ਦਾ ਜਾਮ ਪੀ ਗਿਆ ਸੀ, ਜਦੋਂ ਤਿੰਨ ਕਾਲੇ ਕਾਨੂੰਨ ਆਏ ਸੀ। ਸੋ, ਅਸੀਂ ਡੱਟ ਕੇ ਪੰਜਾਬ ਵਿਰੋਧੀ ਜਿਹੜੀਆਂ ਪਾਰਟੀਆਂ ਹਨ, ਜਿਨ੍ਹਾਂ ਨੇ ਪੰਜਾਬ ਦਾ ਹਮੇਸ਼ਾ ਹੀ ਘਾਣ ਕੀਤਾ ਹੈ, ਅਸੀਂ ਉਸ ਦਾ ਡੱਟ ਕੇ ਮੁਕਾਬਲਾ ਕਰਾਂਗੇ। ਸੋ, ਮੈਂ ਇੱਕ ਵਾਰੀ ਫਿਰ ਸਾਰੇ ਮਤਿਆਂ ਦੀ ਸਪੋਰਟ ਕਰਦਾ ਹਾਂ। ਬਹੁਤ ਬਹੁਤ ਧੰਨਵਾਦ, ਬਹੁਤ ਬਹੁਤ ਸ਼ੁਕਰੀਆ ਜੀ।

-------

Unedited Version/ Not for Legal/ Official use Dated: Tuesday, 27th October, 2026

**WELCOME ANNOUNCEMENT BY THE HON'BLE SPEAKER**

**ਮਾਣਯੋਗ ਸਪੀਕਰ:** ਥੈਂਕ ਯੂ। ਸੀ.ਟੀ. ਯੂਨੀਵਰਸਿਟੀ, ਲੁਧਿਆਣਾ ਅਤੇ ਸਰਕਾਰੀ ਰਜਿੰਦਰਾ ਕਾਲਜ, ਬਠਿੰਡਾ ਦੇ ਵਿਦਿਆਰਥੀ ਅਤੇ ਟੀਚਰ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਇੱਥੇ ਪਧਾਰੇ ਹੋਏ ਹਨ। ਆਓ, ਉਨ੍ਹਾਂ ਦਾ ਖੈਰ ਮਕਦਮ ਕਰੀਏ। (ਥੰਪਿੰਗ)

-------

**OFFICIAL RESOLUTIONS *(Resumption)***

**ਮਾਣਯੋਗ ਸਪੀਕਰ:** ਸਰਦਾਰ ਮਨਪ੍ਰੀਤ ਸਿੰਘ ਇਆਲੀ ਸਾਹਿਬ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ):** ਸਪੀਕਰ ਸਾਹਿਬ, ਜੋ ਅੱਜ ਮਤੇ ਵਿਧਾਨ ਸਭਾ ਵਿੱਚ ਲਿਆਂਦੇ ਗਏ ਹਨ, ਉਨ੍ਹਾਂ ਦੇ ਵਿੱਚ ਇੱਕ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਬਾਰੇ ਹੈ, ਮੈਂ ਉਸ ਮਤੇ ਦੇ ਹੱਕ ਵਿੱਚ ਹਾਂ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਹ ਪਵਿੱਤਰ ਧਰਤੀ, ਜਿੱਥੇ ਉਨ੍ਹਾਂ ਨੇ ਖੇਤੀ ਕੀਤੀ। ਰੋਜ਼ ਸਿੱਖ ਅਰਦਾਸ ਕਰਦੇ ਹਨ ਕਿ ਗੁਰੂ ਸਾਹਿਬ ਸਾਡੇ ਉਨ੍ਹਾਂ ਪਵਿੱਤਰ ਅਸਥਾਨਾਂ, ਉਨ੍ਹਾਂ ਦੀ ਸੇਵਾ-ਸੰਭਾਲ ਅਤੇ ਦਰਸ਼ਨ ਕਰਨ ਦੀ ਦਾਤ ਸਿੱਖਾਂ ਨੂੰ ਦੇਣ। ਸੋ, ਇਹ ਜਿਹੜਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਹੈ, ਇਹ ਖੁੱਲਣਾ ਚਾਹੀਦਾ ਹੈ।

**1500/harpreet singh**

ਉਸ ਦੇ ਨਾਲ ਹੀ ਪਾਣੀਆਂ ਦੇ ਮੁੱਦੇ ਨੂੰ ਲੈ ਕੇ ਜਿਹੜੇ ਮਤੇ ਆਏ ਹਨ, ਜਿਸ ਵਿਚ ਯਮੁਨਾ ਨਦੀ ਦੇ ਪਾਣੀਆਂ ਤੇ ਪੰਜਾਬ ਦੇ ਹੱਕਾਂ ਬਾਰੇ, 1966 ਪੰਜਾਬ ਪੁਨਰਗਠਨ ਐਕਟ ਦੀ ਧਾਰਾ 79 ਨੂੰ ਰੱਦ ਕਰਨ ਬਾਰੇ, ਡੈਮ ਸੇਫ਼ਟੀ ਐਕਟ, 2021 ਰੱਦ ਕਰਨ ਬਾਰੇ, ਰਾਜਸਥਾਨ ਤੋਂ ਪੰਜਾਬ ਦੇ ਪਾਣੀਆਂ ਦੀ 1 ਲੱਖ 44 ਹਜ਼ਾਰ ਕਰੋੜ ਰਾਇਲਟੀ ਵਸੂਲਣ ਬਾਰੇ ਅਤੇ ਰਾਵੀ ਦਰਿਆ ਮਾਧੋਪੁਰ ਹੈਡਵਰਕਸ ਦੇ ਪਾਣੀ ਦੀ ਸੰਭਾਲ ਬਾਰੇ ਜਿਹੜੇ ਮਤੇ ਲਿਆਂਦੇ ਗਏ ਹਨ, ਮੈਂ ਉਨ੍ਹਾਂ ਦੇ ਹੱਕ ਵਿਚ ਹਾਂ ਕਿਉਂਕਿ ਜੇਕਰ ਪਾਣੀਆਂ ਦੀ ਗੱਲ ਕਰੀਏ ਤਾਂ ਪੰਜਾਬ ਨਾਲ ਬੜੀਆਂ ਧੱਕੇਸ਼ਾਹੀਆਂ ਹੋਈਆਂ। ਜਿਸ ਲਈ ਸਿੱਧੇ ਤੌਰ ਤੇ ਕਾਂਗਰਸ ਪਾਰਟੀ ਜ਼ਿੰਮੇਵਾਰ ਹੈ। ਜਿਸ ਵਿਚ ਸਾਡੇ ਦੇਸ਼ ਦੇ ਦੋ ਸਾਬਕਾ ਪ੍ਰਧਾਨ ਮੰਤਰੀ (ਸ਼੍ਰੀਮਤੀ ਇੰਦਰਾ ਗਾਂਧੀ ਅਤੇ ਸ਼੍ਰੀ ਰਾਜੀਵ ਗਾਂਧੀ) ਅਤੇ ਸਾਡੇ ਪੰਜਾਬ ਦਾ ਸਾਬਕਾ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਮੁੱਖ ਤੌਰ ਤੇ ਜ਼ਿੰਮੇਵਾਰ ਹਨ, ਜਿਸ ਕਰਕੇ ਸਾਡਾ ਪਾਣੀ ਸਾਡੇ ਕੋਲੋਂ ਖੋਹਿਆ ਗਿਆ। 1966 ਵਿਚ ਜਦੋਂ ਪੰਜਾਬ ਪੁਨਰ ਗਠਨ ਐਕਟ ਬਣਿਆ ਤਾਂ ਉਸ ਵੇਲੇ ਕਈ ਗੈਰ ਸੰਵਿਧਾਨਕ ਧਾਰਾਵਾਂ ਲਗਾਈਆਂ ਗਈਆਂ। ਧਾਰਾ 78 ਤੇ 79। ਇਹ 78 ਧਾਰਾ ਉੱਥੇ ਲਗਦੀਆਂ ਹਨ, ਜਿੱਥੇ ਕੋਈ ਦਰਿਆ ਦੋ ਸੂਬਿਆਂ ਵਿਚੋਂ ਲੰਘਦਾ ਹੋਵੇ ਤੇ ਉਨ੍ਹਾਂ ਦੇ ਪਾਣੀਆਂ ਦੀ ਵੰਡ ਕਰਨੀ ਹੋਵੇ। ਜਦ ਕਿ ਸਤਲੁੱਜ, ਬਿਆਸ ਤੇ ਰਾਵੀ ਪੰਜਾਬ ਵਿਚੋਂ ਲੰਘਦੇ ਸੀ ਅਤੇ ਇਸ ਤੇ ਇਹ 78 ਧਾਰਾ ਨਹੀਂ ਲਗਦੀ। ਸਾਡੇ ਤੇ 78 ਧਾਰਾ ਲਗਾ ਕੇ ਸਾਨੂੰ ਕਿਹਾ ਗਿਆ ਕਿ ਪੰਜਾਬ ਦੂਜੇ ਸੂਬਿਆਂ ਨਾਲ ਆਪਣੇ ਪਾਣੀ ਦੀ ਵੰਡ ਕਰ ਲਵੇ ਨਹੀਂ ਤਾਂ ਐਵਾਰਡ ਸੁਣਾਇਆ ਜਾਵੇਗਾ। ਸੋ, 1976 ਵਿਚ ਉਹ ਐਵਾਰਡ ਸੁਣਾਇਆ ਗਿਆ ਅਤੇ ਧੱਕੇ ਨਾਲ ਸਾਡੇ ਪਾਣੀ ਖੋਹ ਕੇ ਗੁਆਂਢੀ ਸੂਬਿਆਂ ਨੂੰ ਦਿੱਤੇ ਗਏ। ਉਸ ਤੋਂ ਬਾਅਦ 1979 ਵਿਚ ਅਕਾਲੀ ਦਲ ਦੀ ਸਰਕਾਰ ਨੇ ਧਾਰਾ

78 ਨੂੰ ਅਦਾਲਤ ਵਿਚ ਚੈਲੰਜ ਕੀਤਾ, ਜਿਸ ਤਹਿਤ ਸੁਪਰੀਮ ਕੋਰਟ ਵਿਚ ਸਾਡੇ ਹੱਕ ਵਿਚ ਉਸ ਕੇਸ ਦਾ ਫੈਸਲਾ ਹੋਣ ਹੀ ਵਾਲਾ ਸੀ ਕਿ 1979 ਵਿਚ ਪੰਜਾਬ ਵਿਚ ਸਰਦਾਰ ਦਰਬਾਰਾ ਸਿੰਘ ਦੀ ਕਾਂਗਰਸ ਪਾਰਟੀ ਦੀ ਸਰਕਾਰ ਬਣੀ ਅਤੇ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਧੱਕੇ ਨਾਲ ਇਹ ਕੇਸ ਤਤਕਾਲੀ ਮੁੱਖ ਮੰਤਰੀ ਤੋਂ ਵਾਪਸ ਕਰਵਾਇਆ, ਜਿਸ ਕਰਕੇ ਸਾਡਾ ਹੱਕ ਕੰਮਜ਼ੋਰ ਹੋਇਆ। ਉਸ ਤੋਂ ਬਾਅਦ ਕਪੂਰੀ ਦਾ ਮੋਰਚਾ ਲੱਗਿਆ, ਜਿਹੜਾ ਬਾਅਦ ਦੇ ਵਿਚ ਧਰਮ ਯੁੱਧ ਮੋਰਚੇ ਵਿਚ ਤਬਦੀਲ ਹੋਇਆ, ਜਿਸ ਵਿਚ ਕਿੰਨੀਆਂ ਹੀ ਸ਼ਹਾਦਤਾਂ ਹੋਈਆਂ। ਜਦੋਂ ਐਸ.ਵਾਈ.ਐਲ. ਨਹਿਰ ਕੱਢਣ ਦੀ ਗੱਲ ਹੋਈ ਤਾਂ ਉਸ ਵੇਲੇ ਬਲਵਿੰਦਰ ਸਿੰਘ ਜਟਾਣਾ ਦੀ ਸ਼ਹਾਦਤ ਹੋਈ। ਇਕ ਸੰਘਰਸ਼ ਚੱਲਿਆ, ਜਿਸ ਵਿਚ ਸਾਡੇ ਹਜ਼ਾਰਾਂ ਨੌਜੁਆਨ ਸ਼ਹੀਦ ਹੋਏ। ਅੱਜ ਬੰਦੀ ਸਿੰਘ ਜੇਲਾਂ ਵਿਚ ਬੰਦ ਹਨ। ਉਨ੍ਹਾਂ ਲੜਾਈ ਕੀ ਹੈ, ਪੰਜਾਬ ਦੇ ਪਾਣੀਆਂ ਦੀ, ਪੰਜਾਬ ਦੇ ਹੱਕਾਂ ਦੀ, ਚੰਡੀਗੜ੍ਹ ਦੀ, ਪੰਜਾਬੀ ਬੋਲਦੇ ਇਲਾਕਿਆਂ ਦੀ, ਜਿਸ ਕਰਕੇ ਉਹ 30-30 ਸਾਲ ਤੋਂ ਜੇਲਾਂ ਵਿਚ ਬੰਦ ਹਨ ਅਤੇ ਉਨ੍ਹਾਂ ਨੂੰ ਪੈਰੋਲ ਤੱਕ ਨਹੀਂ ਦਿੱਤੀ ਜਾ ਰਹੀ। ਸੋ, ਇਹ ਜਿਹੜਾ ਸੰਤਾਪ ਪੰਜਾਬ ਨੇ ਹੰਡਾਇਆ ਹੈ, ਇਸ ਲਈ ਕਾਂਗਰਸ ਪਾਰਟੀ ਸਿੱਧੇ ਤੌਰ ਤੇ ਜ਼ਿੰਮੇਵਾਰ ਹੈ, ਜਿਸ ਨੂੰ ਕਦੇ ਵੀ ਮੁਆਫ ਨਹੀਂ ਕੀਤਾ ਜਾ ਸਕਦਾ। ਜਿਹੜੇ ਕੰਡੇ ਉਨ੍ਹਾਂ ਨੇ ਬੀਜੇ ਹਨ, ਉਹ ਸਾਡੀਆਂ ਪੀੜ੍ਹੀਆਂ ਨਹੀਂ ਚੁੱਗ ਸਕਦੀਆਂ। ਫਿਰ 1985 ਵਿਚ ਸ੍ਰੀ ਰਾਜੀਵ ਗਾਂਧੀ ਜਦੋਂ ਪ੍ਰਧਾਨ ਮੰਤਰੀ ਸੀ, ਉਨ੍ਹਾਂ ਨੇ 1956 ਦੇ ਇੰਟਰ ਸਟੇਟ ਵਾਟਰ ਐਕਟ ਦੀਆਂ 13 ਕਲਾਜ਼ਾਂ ਵਿਚ ਇਕ 14ਵੀਂ ਕਲਾਜ਼ ਸ਼ਾਮਲ ਕੀਤੀ ਤਾਂ ਜੋ ਜੇਕਰ ਕੱਲ੍ਹ ਨੂੰ ਧਾਰਾ 78 ਤੇ 79 ਰੱਦ ਵੀ ਹੋ ਜਾਣ ਤਾਂ ਰਾਜਸਥਾਨ ਅਤੇ ਹਰਿਆਣੇ ਨੂੰ ਜਾਂਦਾ ਪਾਣੀ ਕਦੇ ਰੁਕੇ ਨਾ। ਪੰਜਾਬ ਆਪਣਾ ਹੱਕ ਜਾਂ ਰਾਇਲਟੀ ਨਾ ਮੰਗ ਸਕੇ। ਸੋ, ਇਹ ਸਾਡੇ ਨਾਲ ਬੜੀ ਵੱਡੀ ਜ਼ਿਆਦਤੀ ਹੋਈ ਹੈ। ਜਿਵੇਂ ਪਹਿਲਾਂ ਵੀ ਗੱਲ ਕੀਤੀ ਗਈ ਹੈ ਕਿ 1920 ਵਿਚ ਸਮਝੌਤਾ ਹੋਇਆ ਸੀ, ਜਿਹੜੀ ਬੀਕਾਨੇਰ ਕਨਾਲ ਰਾਹੀਂ ਪੰਜਾਬ ਦਾ ਪਾਣੀ ਰਾਜਸਥਾਨ ਨੂੰ ਦਿੱਤਾ ਗਿਆ ਸੀ, ਜਿਸ ਦੀ ਰਾਇਲਟੀ ਸਾਨੂੰ ਮਿਲਦੀ ਸੀ। ਜਿਹੜੀ 1960 ਤੱਕ ਮਿਲੀ ਹੈ ਅਤੇ ਅੱਜ ਤੱਕ ਸਾਡਾ ਕਰੋੜਾਂ ਅਰਬਾਂ ਰੁਪਿਆ ਰਾਜਸਥਾਨ ਵੱਲ ਬਕਾਇਆ ਹੈ। ਸੋ, ਇਸ ਲਈ ਮੈਂ ਇਹ ਮੰਗ ਕਰਦਾ ਹਾਂ ਕਿ ਜਿਹੜੀਆਂ 1966 ਪੰਜਾਬ ਪੁਨਰਗਠਨ ਐਕਟ ਦੀਆਂ 78 ਤੇ 79 ਧਾਰਾਵਾਂ ਹਨ ਅਤੇ 1956 ਦਾ ਇੰਟਰ ਸਟੇਟ ਵਾਟਰ ਡਿਸਪਿਊਟ ਐਕਟ ਦੀ ਕਲਾਜ਼ 14 ਨੂੰ ਰੱਦ ਕਰਨਾ ਚਾਹੀਦਾ ਹੈ। ਸਾਨੂੰ ਕੇਂਦਰ ਸਰਕਾਰ ਤੋਂ ਇਨ੍ਹਾਂ ਮਤਿਆਂ ਰਾਹੀਂ ਇਹ ਮੰਗ ਕਰਨੀ ਚਾਹੀਦੀ ਹੈ ਕਿ ਇਹ ਸਾਰੀਆਂ ਗੈਰਕਾਨੂੰਨੀ ਧਾਰਾਵਾਂ ਰੱਦ ਹੋਣ ਅਤੇ ਦੂਸਰੀ ਗੱਲ ਕਿ ਇਸ ਦਾ ਹੱਲ ਕੀ ਹੈ? ਜੇਕਰ ਕੇਂਦਰ ਦੀ ਸਰਕਾਰ ਪੰਜਾਬ ਨੂੰ ਪਾਣੀਆਂ ਦੇ ਮੁੱਦੇ ਤੇ ਇਨਸਾਫ਼ ਦੇਣਾ ਚਾਹੁੰਦੀ ਹੈ ਤਾਂ ਉਸ ਦਾ ਹੱਲ ਇਹ ਹੈ ਕਿ ਕੇਂਦਰ ਸਰਕਾਰ ਕੋਲ ਅਧਿਕਾਰ ਹੈ।

**1500/harpreet singh/Monika sharma**

**1505/amandeep kaur**

ਜੇ ਕੇਂਦਰ ਦੀ ਸਰਕਾਰ ਪਾਣੀਆਂ ਦੇ ਮੁੱਦੇ ਤੇ ਪੰਜਾਬ ਨੂੰ ਇਨਸਾਫ ਦੇਣਾ ਚਾਹੁੰਦੀ ਹੈ ਤਾਂ ਉਸ ਦਾ ਹੱਲ ਇਹ ਹੈ ਕਿ ਕੇਂਦਰ ਸਰਕਾਰ ਕੋਲ ਇਸ ਦਾ ਅਧਿਕਾਰ ਹੈ। ਆਪਣੇ ਪ੍ਰਾਈਮ ਮਨਿਸਟਰ ਤੋਂ ਇਸ ਦੇ ਵਿੱਚ ਰਾਸ਼ਟਰਪਤੀ ਦੇ ਜ਼ਰੀਏ ਸੁਪਰੀਮ ਕੋਰਟ ਤੋਂ Presidential reference ਮੰਗਿਆ ਜਾ ਸਕਦਾ ਹੈ ਕਿ ਕੀ ਇਹ ਜਿਹੜੀਆਂ ਤਿੰਨੋਂ ਧਾਰਾਵਾਂ

ਲੱਗੀਆਂ ਹਨ 78,79 ਅਤੇ 14 ਕਲਾਜ਼, 1956, ਕੀ ਇਹ ਸੰਵਿਧਾਨਕ ਹਨ ਜਾਂ ਗੈਰ-ਸੰਵਿਧਾਨਕ ਹਨ? ਜੇਕਰ ਇਹ ਰਾਏ ਸੁਪਰੀਮ ਕੋਰਟ ਤੋਂ ਪ੍ਰੈਜ਼ੀਡੈਂਟ ਦੇ ਰਾਹੀਂ ਲਈ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਨੂੰ ਇਨਸਾਫ ਮਿਲ ਸਕਦਾ ਹੈ ਤੇ ਸਾਰੀਆਂ ਹੀ ਗੈਰ-ਸੰਵਿਧਾਨਕ ਧਾਰਾਵਾਂ ਰੱਦ ਹੋ ਸਕਦੀਆਂ ਹਨ। ਕਿਉਂਕਿ ਜਿਹੜਾ Bhakra Beas Management Board ਹੈ, ਉਸ ਨੂੰ ਵੀ 79ਵੀਂ ਧਾਰਾ ਦੇ ਤਹਿਤ ਹੀ ਸਥਾਪਿਤ ਕੀਤਾ ਗਿਆ ਹੈ ਅਤੇ ਧੱਕੇ ਦੇ ਨਾਲ ਇਸ ਦਾ ਕੰਟ੍ਰੋਲ ਸੈਂਟਰ ਸਰਕਾਰ ਨੇ ਆਪਣੇ ਕੋਲ ਰੱਖਿਆ ਹੈ। ਜਿਸ ਤਰ੍ਹਾਂ ਹੈੱਡ ਵਰਕਸ ਦੀ ਗੱਲ ਆ ਰਹੀ ਹੈ। ਸੋ, ਇਸ ਸਾਰੇ ਕੰਟ੍ਰੋਲ ਦਾ ਹੱਕਦਾਰ ਪੰਜਾਬ ਹੀ ਬਣਦਾ ਸੀ। ਲੇਕਿਨ ਸਾਡੇ ਸਾਰੇ ਹੱਕ ਧੱਕੇ ਨਾਲ ਖੋਹ ਕੇ ਕੇਂਦਰ ਨੇ ਆਪਣੇ ਕੋਲ ਰੱਖ ਲਏ ਤੇ ਸਾਡਾ ਪਾਣੀ ਜਿਹੜਾ ਦੂਸਰਿਆਂ ਸੂਬਿਆਂ ਨੂੰ ਦਿੱਤਾ ਗਿਆ ਹੈ ਉਸ ਦਾ ਪੰਜਾਬ ਨੂੰ ਇਨਸਾਫ ਮਿਲਣਾ ਚਾਹੀਦਾ ਹੈ। ਇਸ ਗੱਲ ਦੀ ਅਸੀਂ ਮੰਗ ਕਰਦੇ ਹਾਂ। ਇਸ ਲਈ ਪਾਣੀਆਂ ਦੇ ਸਬੰਧ ਵਿੱਚ ਜਿੰਨੇ ਵੀ ਮਤੇ ਆਏ ਹਨ, ਮੈਂ ਇਨ੍ਹਾਂ ਦੇ ਹੱਕ ਦੇ ਵਿੱਚ ਹਾਂ। ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਣ ਦੇ ਮਤੇ ਦੇ ਵੀ ਹੱਕ ਵਿੱਚ ਹਾਂ। ਇਹ ਮਤੇ ਸਰਬ-ਸੰਮਤੀ ਦੇ ਨਾਲ ਪਾਸ ਹੋਣੇ ਚਾਹੀਦੇ ਹਨ। ਸਪੀਕਰ ਸਾਹਿਬ, ਤੁਸੀਂ ਮੈਨੂੰ ਬੜੇ ਅਹਿਮ ਪਾਣੀ ਦੇ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ**: ਇਆਲੀ ਸਾਹਿਬ, ਇੱਕ ਮਤਾ ਹੋਰ ਸੀ, ਸਰਕਾਰੀ ਸਕੀਮਾਂ ਨਾਲ ਸਬੰਧਤ ਸੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ**: ਦੇਖੋਂ, ਮੈਂ ਇਸ ਦੇ ਬਾਰੇ ਵੀ ਗੱਲ ਕਰਨੀ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਸਕੀਮਾਂ ਪਿਛਲੀਆਂ ਸਰਕਾਰਾਂ ਵੱਲੋਂ ਸ਼ੁਰੂ ਕੀਤੀਆਂ ਗਈਆਂ ਹਨ, ਚਾਹੇ ਆਟਾ ਦਾਲ ਸਕੀਮ ਚੱਲ ਰਹੀ ਹੈ, ਪੈਨਸ਼ਨ ਵਾਲੀ ਸਕੀਮ ਵੀ ਚਲ ਰਹੀ ਹੈ ਅਤੇ ਹੁਣ ਜਿਹੜੀ ਸਾਡੀਆਂ ਮਾਤਾਵਾਂ-ਭੈਣਾਂ ਨੂੰ 1000-1500 ਰੁਪਏ ਦੇਣ ਦੀ ਸਕੀਮ ਦਿੱਤੀ ਜਾ ਰਹੀ ਹੈ, ਬਿਜਲੀ ਦੇ ਯੂਨਿਟ ਮੁਆਫ ਕੀਤੇ ਗਏ ਹਨ ਜਾਂ ਜਿਹੜੀ ਆਸ਼ੀਰਵਾਦ ਸਕੀਮ ਦਿੱਤੀ ਜਾ ਰਹੀ ਹੈ, ਪਹਿਲਾਂ ਉਹ 5100 ਰੁਪਏ ਸੀ ਹੁਣ ਪਤਾ ਨਹੀਂ ਕਿੰਨੀ ਹੈ, ਸਾਰੀਆਂ ਸਕੀਮਾਂ ਦੀ ਜ਼ਿੰਮੇਵਾਰੀ ਸਰਕਾਰ ਦੀ ਬਣਦੀ ਹੈ ਕਿ ਜਿਹੜਾ ਪੈਸਾ ਟੈਕਸ ਦੇ ਰੂਪ ਵਿੱਚ ਸਰਕਾਰਾਂ ਕੋਲ ਆਉਂਦਾ ਹੈ ਉਹ ਲੋੜਵੰਡ ਲੋਕਾਂ ਦੀ ਭਲਾਈ ਦੇ ਉੱਪਰ ਖਰਚ ਕੀਤਾ ਜਾਣਾ ਬਣਦਾ ਹੈ। ਸੋ ਜਿੰਨੀਆਂ ਵੀ ਸਰਕਾਰਾਂ ਨੇ ਸਕੀਮਾਂ ਸ਼ੁਰੂ ਕੀਤੀਆਂ ਹਨ, ਆਉਣ ਵਾਲੇ ਸਮੇਂ ਦੇ ਵਿੱਚ ਸਾਡਾ ਚੋਣ ਮੈਨੀਫੈਸਟੋ "ਅਕਾਲੀ ਦਲ ਵਾਰਿਸ ਪੰਜਾਬ ਦੇ" ਦੀ ਜੱਥੇਬੰਦੀ ਦਾ ਆ ਰਿਹਾ ਹੈ, ਕੋਈ ਵੀ ਲੋਕ ਭਲਾਈ ਦੀ ਸਕੀਮ ਹੈ ਜਿਹੜੀ ਉਹ ਆਉਣ ਵਾਲੇ ਸਮੇਂ ਦੇ ਵਿੱਚ ਬੰਦ ਨਹੀਂ ਕੀਤੀ ਜਾਵੇਗੀ। ਸਾਡੇ ਚੋਣ ਮੈਨੀਫੈਸਟੋ ਦੇ ਵਿੱਚ ਇਸ ਗੱਲ ਦਾ ਜ਼ਿਕਰ ਕੀਤਾ ਜਾਵੇਗਾ। ਸਾਡਾ ਪੰਜਾਬ ਨੂੰ ਲੈ ਕੇ ਹੋਰ ਵੀ ਜਿਹੜਾ ਵਿਜ਼ਨ ਹੈ ਜਿਵੇਂ ਕਿ ਨਸ਼ਿਆਂ ਦੀ ਸਮੱਸਿਆ ਹੈ ਜਿਸ ਨੂੰ ਰੋਕਣ ਦੇ ਲਈ ਭਾਈ ਅੰਮ੍ਰਿਤਪਾਲ ਸਿੰਘ ਜੀ ਨੇ ਬਹੁਤ ਵੱਡੀ ਲੜਾਈ ਲੜੀ ਹੈ, ਨਸ਼ਿਆਂ ਨੂੰ ਰੋਕਣ ਦੇ ਲਈ ਵੀ ਅਸੀਂ ਆਪਣਾ ਰੋਡ ਮੈਪ ਦਿਆਂਗੇ। ਜੇਕਰ "ਅਕਾਲੀ ਦਲ ਵਾਰਿਸ ਪੰਜਾਬ ਦੇ" ਜੱਥੇਬੰਦੀ ਦੀ ਸਰਕਾਰ ਬਣਦੀ ਹੈ ਤਾਂ ਸਾਰੀਆਂ ਲੋਕ ਭਲਾਈ ਦੀਆਂ ਸਕੀਮਾਂ ਜਿਵੇਂ ਕਿ ਪੰਜਾਬ ਵਿੱਚੋਂ ਨਸ਼ਿਆਂ ਨੂੰ ਬੰਦ ਕਰਨਾ, ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣਾ, ਖੇਡਾਂ ਦੇ ਖੇਤਰ ਵਿੱਚ ਵੱਡੇ ਉਪਰਾਲੇ ਕਰਨੇ, ਕਿਸਾਨਾਂ ਲਈ, ਆੜਤੀਆਂ ਲਈ, ਦੁਕਾਨਦਾਰਾਂ ਦੇ ਲਈ, ਇੰਡਸਟਰੀ ਦੇ ਲਈ ਅਤੇ ਮੁਲਾਜ਼ਮਾਂ ਦੇ ਲਈ ਹਰ ਵਰਗ ਦੇ ਲਈ ਜੋ ਜੋ ਸਾਡਾ ਪ੍ਰੋਗਰਾਮ ਹੋਵੇਗਾ ਸਾਡਾ ਰੋਡ ਮੈਪ ਤੇ ਵਿਜ਼ਨ ਅਸੀਂ ਲੋਕਾਂ ਦੇ ਸਾਹਮਣੇ ਰੱਖਾਂਗੇ। ਧੰਨਵਾਦ ਜੀ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਮੈਂ ਤਾਂ ਇਆਲੀ ਸਾਹਿਬ ਨੂੰ ਇਹੀ ਪੁੱਛਣਾ ਚਾਹੁੰਦਾ ਹਾਂ,ਇਨ੍ਹਾਂ ਨੇ ਦੱਸਿਆ ਨਹੀਂ ਹੈ, ਇਹ ਗੱਲ ਥੋੜ੍ਹੀ ਗੋਲ ਕਰ ਗਏ ਹਨ, ਕਿ ਜਿਹੜੀਆਂ ਸਾਡੀਆਂ ਸਕੀਮਾਂ ਚੱਲ ਰਹੀਆਂ ਹਨ ਜਿਵੇਂ ਕਿ ਮਾਵਾਂ ਧੀਆਂ ਸਤਿਕਾਰ ਯੋਜਨਾ ਜਿਹੜੀ ਚੱਲ ਰਹੀ ਹੈ ਇਹ ਕੀ ਉਸ ਦਾ ਸਮਰਥਨ ਕਰਦੇ ਹਨ ਜਾਂ ਨਹੀਂ ਕਰਦੇ ਹਨ? ਕੀ ਜਿਹੜੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਹੈ ਇਹ ਉਸ ਦਾ ਸਮਰਥਨ ਕਰਦੇ ਹਨ ਜਾਂ ਨਹੀਂ ਕਰਦੇ ਹਨ? ਕੀ ਜਿਹੜੀ 300 ਯੂਨਿਟ ਮੁਫਤ ਬਿਜਲੀ ਸਰਕਾਰ ਦੇ ਰਹੀ ਹੈ, ਕੀ ਇਹ ਉਸ ਦਾ ਸਮਰਥਨ ਕਰਦੇ ਹਨ ਜਾਂ ਨਹੀਂ ਕਰਦੇ ਹਨ? ਕੀ ਇਹ ਸਾਰੀਆਂ ਸਕੀਮਾਂ ਤੁਸੀਂ ਚੱਲਦੀਆਂ ਰੱਖੋਂਗੇ ਜਾਂ ਬੰਦ ਕਰ ਦਿਉਗੇ, ਤੁਸੀਂ ਇਨ੍ਹਾਂ ਸਕੀਮਾਂ ਦਾ ਸਮਰਥਨ ਕਰਦੇ ਹੋ ਜਾਂ ਨਹੀਂ ਕਰਦੇ ਹੋ, ਇਸ ਮੁੱਦੇ ਤੇ ਹਾਂ ਕਹਿ ਦਿਉ ਜਾਂ ਨਾਂਹ ਕਹਿ ਦਿਉ, ਕਲੀਅਰ ਕਰ ਦੇਣਾ ਜੀ।

**1510/Tarlochan Singh**

ਤੁਸੀਂ ਸਮਰਥਨ ਕਰਦੇ ਹੋ ਜਾਂ ਨਹੀਂ ਕਰਦੇ ਹੋ। ਸਮਰਥਨ ਕਰਦੇ ਹੋ ਤਾਂ ਹਾਂ ਕਹਿ ਦਿਉ, ਨਹੀਂ ਸਮਰਥਨ ਕਰਦੇ ਤਾਂ ਨਾਂਹ ਕਹਿ ਦਿਉ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਮੈਂ ਕਲੀਅਰ ਕਹਿ ਦਿੱਤਾ ਹੈ ਕਿ ਪਿਛਲੀਆਂ ਜਿੰਨੀਆਂ ਵੀ ਸਰਕਾਰਾਂ ਨੇ ਸਕੀਮਾਂ ਚਲਾਈਆਂ ਹਨ, ਚਾਲੂ ਰਹਿਣਗੀਆਂ। ਜਿਵੇਂ ਟਿਊਬਵੈੱਲਾਂ ਦੇ ਬਿਲ ਮੁਆਫ ਹੋਏ ਹਨ, ਇਹ 1997 ਤੋਂ ਮੁਆਫ ਹੋਏ ਹਨ। ਜਿਹੜੀ ਵੀ ਸਕੀਮ ਲੋਕਾਂ ਦੀ ਭਲਾਈ ਲਈ ਸ਼ੁਰੂ ਹੋ ਗਈ, ਕਿਸੇ ਵੀ ਸਰਕਾਰ ਨੇ ਕਰ ਦਿੱਤੀ ਹੋਵੇ, ਮੇਰਾ ਖਿਆਲ ਹੈ ਕਿ ਆਉਣ ਵਾਲੇ ਸਮੇਂ ਵਿੱਚ ਕੋਈ ਵੀ ਸਰਕਾਰ ਬੰਦ ਕਰਨ ਬਾਰੇ ਸੋਚ ਵੀ ਨਹੀਂ ਸਕਦੀ ਹੈ। ਸੋ, ਇਸ ਨੂੰ ਹੋਰ ਵਧੀਆ ਢੰਗ ਨਾਲ, ਜਿੱਥੇ ਕੋਈ ਕਮੀਆਂ ਹਨ, ਉਨ੍ਹਾਂ ਨੂੰ ਦੂਰ ਕੀਤਾ ਜਾਵੇਗਾ। ਇਹ ਜਿਹੜੀਆਂ ਵੀ ਲੋਕ ਭਲਾਈ ਦੀਆਂ ਸਕੀਮਾਂ ਹਨ, ਪਬਲਿਕ ਵੈਲਫੇਅਰ ਲਈ, ਗਰੀਬਾਂ ਦੇ ਭਲੇ ਲਈ ਚੱਲ ਰਹੀਆਂ ਹਨ, ਸਾਡੀਆਂ ਮਾਤਾਵਾਂ ਭੈਣਾਂ ਲਈ ਚੱਲ ਰਹੀਆਂ ਹਨ, ਇਹ ਸਾਰੀਆਂ ਸਕੀਮਾਂ ਵਧੀਆ ਹਨ। ਆਉਣ ਵਾਲੇ ਸਮੇਂ ਵਿੱਚ ਇਹ ਸਕੀਮਾਂ ਹੋਰ ਵਧੀਆ ਢੰਗ ਨਾਲ ਲਾਗੂ ਕਰਨ ਦੀ ਕੋਸ਼ਿਸ਼ ਕਰਾਂਗੇ। ਧੰਨਵਾਦ ਜੀ।

**ਵਿੱਤ ਮੰਤਰੀ** : ਇਸ ਦਾ ਮਤਲਬ ਤੁਸੀਂ ਸਮਰਥਨ ਕਰਦੇ ਹੋ।

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ)** : ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਮਾਣਯੋਗ ਕੈਬਨਿਟ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ, ਮਾਣਯੋਗ ਕੈਬਨਿਟ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਅਤੇ ਮਾਣਯੋਗ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਹਾਊਸ ਵਿੱਚ ਜਿਹੜੇ ਮਤੇ ਲਿਆਂਦੇ ਗਏ ਹਨ, ਉਨ੍ਹਾਂ ਤੇ ਬੋਲਣ ਦਾ ਮੌਕਾ ਦਿੱਤਾ ਹੈ, ਮੈਂ ਉਨ੍ਹਾਂ ਦੀ ਪ੍ਰੋੜ੍ਹਤਾ ਕਰਨ ਵਾਸਤੇ ਖੜ੍ਹੀ ਹੋਈ ਹਾਂ। ਤੁਸੀਂ ਮੈਨੂੰ ਗੱਲ ਕਰਨ ਦਾ ਮੌਕਾ ਦਿੱਤਾ ਹੈ। ਧੰਨਵਾਦ ਜੀ।

ਸੋ, ਸਭ ਤੋਂ ਪਹਿਲੀ ਗੱਲ ਹੈ ਕਿ ਅੱਜ ਕੱਲ੍ਹ ਬੜਾ ਹੱਲਾ ਗੁੱਲਾ ਕੀਤਾ ਜਾ ਰਿਹਾ ਹੈ, ਖਾਸ ਕਰਕੇ ਕਾਂਗਰਸ ਪਾਰਟੀ ਵੱਲੋਂ। ਅੱਜ ਵੀ ਹੋਇਆ ਹੈ, ਪਿਛਲੇ ਦਿਨਾਂ ਵਿੱਚ ਵੀ ਹੋਇਆ ਹੈ। ਪੰਜਾਬ ਸਰਕਾਰ ਨੇ ਲੋਕ ਹਿੱਤ ਵਿੱਚ ਵੱਡੀਆਂ ਸਕੀਮਾਂ, ਸੋਸ਼ਲ ਸਕਿਉਰਿਟੀ ਦੀਆਂ ਸਕੀਮਾਂ ਸ਼ੁਰੂ ਕੀਤੀਆਂ ਹਨ। ਇਨ੍ਹਾਂ ਸਕੀਮਾਂ ਵਿੱਚ ਮਾਵਾਂ ਧੀਆਂ ਸਤਿਕਾਰ ਯੋਜਨਾ ਹੈ, 10 ਲੱਖ ਰੁਪਏ ਵਾਲਾ ਕਾਰਡ ਸਕੀਮ ਹੈ, ਸਖੀ ਯੋਜਨਾ ਹੈ, ਇਹ ਜਿਹੜੀਆਂ ਸਕੀਮਾਂ ਸ਼ੁਰੂ ਹੋਈਆਂ ਹਨ, ਇਨ੍ਹਾਂ ਦਾ ਇੰਨੇ ਵੱਡੇ ਪੱਧਰ ਤੇ ਵਿਰੋਧ ਕਿਉਂ ਹੋ ਰਿਹਾ ਹੈ? ਵਿਰੋਧ ਕਰਨ ਲਈ ਕਾਂਗਰਸ ਪਾਰਟੀ ਵੱਲੋਂ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ। ਖਾਸ ਤੌਰ ਤੇ ਟੀ.ਵੀ. ਚੈਨਲਾਂ ਤੇ ਬੈਠ ਕੇ, ਸਟੇਜਾਂ ਤੇ ਮਾਈਕ ਰਾਹੀਂ ਖੁੱਲ੍ਹੇ ਤੌਰ ਤੇ ਵਿਰੋਧ ਕੀਤਾ ਜਾ ਰਿਹਾ ਹੈ। ਮੈਂ ਨਾਂ ਲੈ ਕੇ ਗੱਲ ਕਰਾਂਗੀ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਟੀ.ਵੀ. ਚੈਨਲ ਤੇ ਬੈਠ ਕੇ ਵਿਰੋਧ ਕੀਤਾ ਗਿਆ ਹੈ, ਬਰਿੰਦਰਮੀਤ ਸਿੰਘ ਪਾਹੜਾ ਵੱਲੋਂ ਸਟੇਜ ਤੋਂ ਪੂਰਾ ਜ਼ੋਰ ਲਗਾ ਕੇ ਇਹ ਗੱਲ ਕਹੀ ਗਈ ਹੈ ਕਿ ਜੇ ਸਾਡੀ ਸਰਕਾਰ ਆਵੇਗੀ ਤਾਂ ਅਸੀਂ ਇਹ ਸਾਰੀਆਂ ਸਕੀਮਾਂ ਬੰਦ ਕਰ ਦੇਵਾਂਗੇ। ਸੋ, ਜਿਹੜਾ ਵਿਰੋਧ ਦਾ ਮੁੱਖ ਕਾਰਨ ਸਾਡੀ ਸਮਝ ਵਿੱਚ ਪੈ ਰਿਹਾ ਹੈ ਉਹ ਇਹ ਹੈ ਕਿ ਕਾਂਗਰਸ ਪਾਰਟੀ ਕੋਲ ਸਿਆਸੀ ਜ਼ਮੀਨ ਹੀ ਨਹੀਂ ਬਚੀ ਹੈ। ਉਹ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਹ ਵਾਪਸ ਕਿਸੇ ਵੇਲੇ ਵੀ ਨਹੀਂ, ਕਦੇ ਵੀ ਨਹੀਂ ਆ ਸਕਦੇ। ਜੇ ਵਾਪਸ ਨਹੀਂ ਆ ਸਕਦੇ ਤਾਂ ਉਹ ਚੈਨਲਾਂ ਤੇ ਬੈਠ ਕੇ, ਵਿਧਾਨ ਸਭਾ ਵਿੱਚ ਹੱਲਾ ਗੁੱਲਾ ਕਰਕੇ, ਵਿਧਾਨ ਸਭਾ ਦੀ ਕਾਰਵਾਈ ਨੂੰ sabotage ਕਰਕੇ ਸਪਸ਼ਟ ਐਲਾਨਨਾਮਾ ਕਰ ਰਹੇ ਹਨ। ਇਹ ਲੋਕਾਂ ਨੂੰ ਸੋਚਣ ਦੇਣ ਲਈ ਨਹੀਂ ਸਗੋਂ ਲੋਕਾਂ ਦੇ ਦਿਮਾਗ ਵਿੱਚ ਘਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਅਸੀਂ (ਕਾਂਗਰਸ ਪਾਰਟੀ) ਨਹੀਂ ਆ ਰਹੇ ਹਾਂ। ਜੇ ਅਸੀਂ ਆ ਹੀ ਨਹੀਂ ਰਹੇ ਤਾਂ ਜੋ ਮਰਜ਼ੀ ਬੋਲੀ ਜਾਉ, ਚਾਹੇ ਚੈਨਲ ਹੋਣ, ਚਾਹੇ ਸਟੇਜਾਂ ਹੋਣ, ਚਾਹੇ ਚੰਗੀ, ਮੰਦੀ, ਭੱਦੀ ਸ਼ਬਦਾਵਲੀ ਹੋਵੇ, ਚਾਹੇ ਔਰਤਾਂ ਪ੍ਰਤੀ ਹੋਵੇ, ਚਾਹੇ ਸਾਡੇ ਮਾਣਯੋਗ ਸੀ.ਐਮ. ਸਾਹਿਬ ਪ੍ਰਤੀ ਹੋਵੇ ਜਾਂ ਸਾਡੇ ਪ੍ਰਤੀ ਹੋਵੇ, ਬੋਲੀ ਜਾਉ।

ਮੈਨੂੰ ਗੱਲ ਯਾਦ ਆ ਜਾਂਦੀ ਹੈ ਕਿ ਉਹ ਸਾਨੂੰ ਮਟੀਰੀਅਲ ਸੱਦਦੇ ਸਨ। ਮੈਂ ਇਹ ਸਮਝਦੀ ਹਾਂ ਕਿ ਅਸੀਂ ਤਾਂ ਆਮ ਮਟੀਰੀਅਲ ਤਾਂ ਜਿਨ੍ਹਾਂ ਨੇ ਰਾਜ ਭਾਗ ਨਹੀਂ ਭੋਗੇ ਹਨ, ਜਿਨ੍ਹਾਂ ਨੇ ਜ਼ਮੀਨ ਦੇਖੀ ਹੈ, ਜਿਨ੍ਹਾਂ ਨੇ ਆਮ ਲੋਕਾਂ ਵਿੱਚ ਰਹਿ ਕੇ ਪਿਛਲੇ ਸਮੇਂ ਵਿੱਚ ਸੇਵਾ ਕੀਤੀ ਹੈ। ਸਾਡਾ ਤਾਂ ਮਟੀਰੀਅਲ ਆਮ ਹੈ। ਮਟੀਰੀਅਲ ਤਾਂ ਤੁਸੀਂ ਹੋ, ਖਾਸ! ਖਾਸ ਮਟੀਰੀਅਲ, ਖਾਸ ਲੋਕਾਂ ਦਾ, ਖਾਸ ਲੋਕਾਂ ਦੀ ਸੇਵਾ ਵਾਸਤੇ ਅਤੇ ਖਾਸ ਤਰ੍ਹਾਂ ਦੇ ਕੰਮ ਕਰਨ ਵਾਸਤੇ। ਇਹ ਸਾਰੇ ਹੀ ਖਾਸ ਮਟੀਰੀਅਲ ਹਨ। ਇਹ ਸਪੈਸ਼ਲ ਮਟੀਰੀਅਲ ਨੇ ਜਿਹੜੇ ਪੰਜਾਬ ਦੀ ਜਨਤਾ ਨੂੰ ਹਰ ਵੇਲੇ ਡਿੱਚ ਕਰਨ ਦੀ ਕੋਸ਼ਿਸ਼ ਕਰਦੇ ਹਨ ਚਾਹੇ ਮਾਵਾ ਧੀਆਂ ਹੋਣ, ਚਾਹੇ ਦਲਿਤ ਹੋਣ ਜਾਂ ਚਾਹੇ ਕੋਈ ਵੀ ਤਬਕਾ ਹੋਵੇ। ਸੋ ਇਹ ਮਾੜੀ ਤੇ ਭੱਦੀ ਸ਼ਬਦਾਵਲੀ ਵਰਤ ਰਹੇ ਹਨ, ਮੈਂ ਕਹਿੰਦੀ ਹਾਂ ਕਿ ਉਸ ਵਾਸਤੇ ਕਿਸੇ ਦਲੀਲ ਨਾਲ ਗੱਲ ਕਰੋ। ਤੁਸੀਂ ਵਿਧਾਨ ਸਭਾ ਆਉ, ਸਾਹਮਣੇ ਆਉ, ਤੁਹਾਨੂੰ ਮੌਕਾ ਮਿਲ ਰਿਹਾ ਹੈ। ਸਪੀਕਰ ਸਾਹਿਬ, ਤੁਸੀਂ ਇੰਨੀ ਦਰਿਆਦਿਲੀ ਦਿਖਾਉਂਦੇ ਹੋ, ਤੁਸੀਂ ਇਨ੍ਹਾਂ ਨੂੰ ਸਮਾਂ ਦਿੰਦੇ ਹੋ, ਇਹ ਦਲੀਲ ਨਾਲ ਗੱਲ ਕਰਨ।

ਹੁਣੇ ਮਾਣਯੋਗ ਚੀਮਾ ਸਾਹਿਬ ਆਪਣੀਆਂ ਸਾਰੀਆਂ ਪ੍ਰਾਪਤੀਆਂ ਦੱਸ ਕੇ ਗਏ ਹਨ ਕਿ ਉਨ੍ਹਾਂ ਨੇ ਪੰਜਾਬ ਵਿੱਚ ਤਿੰਨ ਗੁਣਾ ਕੈਪੀਟਲ ਐਕਸਪੈਂਡੀਚਰ ਖਰਚਿਆ ਹੈ। ਜੇ ਮੈਂ ਆਪਣੇ ਹਲਕੇ ਦੀ ਗੱਲ ਕਰਾਂ ਤਾਂ 50-60 ਦੇ ਕਰੀਬ ਨਵੀਆਂ ਸੜਕਾਂ ਬਣੀਆਂ ਹਨ, ਪਿੰਡਾਂ ਦੀਆਂ ਫਿਰਨੀਆਂ ਬਣੀਆਂ ਹਨ, ਤਕਰੀਬਨ 2 ਦਰਜਨ ਦੇ ਕਰੀਬ ਪੁਰਾਣੀਆਂ

ਸੜਕਾਂ ਨੂੰ ਚੌੜਾ ਕੀਤਾ ਗਿਆ ਹੈ, ਪੂਰੇ ਹਲਕੇ ਦੀ ਕਾਇਆ ਕਲਪ ਕੀਤੀ ਗਈ ਹੈ। ਜਿਹੜੇ 3 ਸ਼ਹਿਰ ਲੱਗਦੇ ਹਨ ਨਕੋਦਰ, ਨੂਰਮਹਿਲ ਅਤੇ ਬਿਲਗਾ ਹਨ, ਇਨ੍ਹਾਂ ਦੀਆਂ ਟੋਟਲ ਪੂਰੀਆਂ ਸੜਕਾਂ ਚੌੜੀਆਂ ਕੀਤੀਆਂ ਹਨ ਅਤੇ ਵਧੀਆ ਤਰੀਕੇ ਨਾਲ ਬਣਾਈਆਂ ਗਈਆਂ ਹਨ। ਪੰਜਾਬ ਦਾ ਟੋਟਲ ਐਕਸਪੈਂਡੀਚਲ ਤਿੰਨ ਗੁਣਾ ਕਿਵੇਂ ਹੋ ਗਿਆ ਹੈ? ਬਦਲਿਆ ਤਾਂ ਕੁਝ ਨਹੀਂ ਹੈ। ਤੁਸੀਂ ਤਾਂ ਇੱਥੋਂ ਇੰਡਸਟਰੀ ਦੀ ਵੀ ਹਿਜਰਤ ਕਰ ਦਿੱਤੀ ਹੈ, ਤੁਸੀਂ ਆਪਣੇ ਹਿੱਸੇ ਪਿੱਛੇ ਬਿਜ਼ਨਸ ਵੀ ਤਬਾਹ ਕਰ ਦਿੱਤੇ ਹਨ। ਇਹ ਜਿਹੜਾ ਇੰਨਾ ਪੈਸਾ ਸੀ, 2-2 ਗੁਣਾ ਪੈਸਾ ਸੀ, ਉਹ ਕਿੱਥੇ ਜਾਂਦਾ ਸੀ? ਮੈਂ ਅਗਲੀਆਂ ਵੀ ਗੱਲਾਂ ਕਰਾਂਗੀ ਕਿ ਜੀ.ਐਸ.ਟੀ. ਵਿੱਚ ਡਬਲ ਵਾਧਾ ਕਿਵੇਂ ਹੋ ਗਿਆ ਹੈ? ਐਕਸਾਈਜ਼ ਵਿੱਚ ਡਬਲ ਤੋਂ ਉਪਰ ਵਾਧਾ ਕਿਵੇਂ ਹੋ ਗਿਆ ਹੈ? ਸਟੈਂਪ ਵਿੱਚ ਡਬਲ ਵਾਧਾ ਕਿਵੇਂ ਹੋ ਗਿਆ? ਕੀ ਕਿਸੇ ਨਾਲ ਧੱਕਾ ਹੋਇਆ ਹੈ? ਕੀ ਕਦੇ ਪੰਜਾਬ ਵਿੱਚ ਕੋਈ ਆਵਾਜ਼ ਉਠੀ ਕਿ ਸਾਡੇ ਨਾਲ ਧੱਕਾ ਹੋ ਰਿਹਾ ਹੈ, ਸਾਡੇ ਤੋਂ ਜ਼ਬਰਦਸਤੀ ਜੀ.ਐਸ.ਟੀ. ਉਗਰਾਹਿਆ ਜਾ ਰਿਹਾ ਹੈ ਜਾਂ ਜ਼ਬਰਦਸਤੀ ਟੈਕਸ ਉਗਰਾਹਿਆ ਜਾ ਰਿਹਾ ਹੈ ਜਾਂ ਜ਼ਬਰਦਸਤੀ ਸਟੈਂਪ ਡਿਊਟੀ ਲਈ ਜਾ ਰਹੀ ਹੈ। ਪਿਛਲੇ 5 ਸਾਲਾਂ ਵਿੱਚ ਇੱਕ ਸਿੰਗਲ ਆਵਾਜ਼ ਨਹੀਂ ਉਠੀ ਹੈ। ਮਾਣ ਨਾਲ, ਸਤਿਕਾਰ ਨਾਲ, ਨੇਕ ਨੀਤੀ ਨਾਲ ਇਹ ਫੰਡਜ਼ ਇਕੱਠੇ ਕੀਤੇ ਗਏ ਹਨ, ਜਿਹੜੇ ਕਿ ਲੋਕ ਸੇਵਾ ਵਿੱਚ ਲੋਕਾਂ ਦੀ ਭਲਾਈ ਵਿੱਚ ਕੰਮ ਆ ਰਹੇ ਹਨ।

**1515/Sukhpiar Singh**

ਇਸ ਤੋਂ ਇਲਾਵਾ, ਮੈਂ ਕਹਿੰਦੀ ਹਾਂ ਕਿ ਇਹ ਮੁਕਾਬਲਾ ਕਰਨ, ਹਰ ਇੱਕ ਗੱਲ ਦਲੀਲ ਦੇ ਨਾਲ ਕਰਨ, ਹਰ ਮਹਿਕਮੇ ਤੇ ਕਰਨ, ਹਰ ਸਕੀਮ ਤੇ ਕਰਨ। ਫਿਰ ਤੁਸੀਂ ਨਹਿਰੀ ਪਾਣੀ ਦੀ ਗੱਲ ਕਰਦੇ ਹੋ, ਇਨ੍ਹਾਂ ਨੇ ਨਹਿਰੀ ਪਾਣੀ ਉੱਤੇ 70-75 ਸਾਲ ਸਿਆਸਤ ਕੀਤੀ। ਸਿਆਸਤ ਦਾ ਇੱਕ ਮੁੱਦਾ ਬਣਾ ਕੇ ਰੱਖਿਆ। ਉਸ ਤੇ ਕੰਮ ਕਿਉਂ ਨਹੀਂ ਕੀਤਾ? ਨਹਿਰਾਂ ਸੁਕਾ ਦਿੱਤੀਆਂ, ਕੱਸੀਆਂ ਸੁਕਾ ਦਿੱਤੀਆਂ, ਖਾਲੇ ਲੋਕਾਂ ਨੇ ਖੇਤਾਂ ਵਿੱਚ ਮਿਲਾ ਲਏ, ਜੇ ਪਾਣੀ ਨਹੀਂ ਆਉਣਾ ਤਾਂ ਉਹ ਖਾਲਿਆਂ ਦਾ ਕੀ ਕਰਨਗੇ। 22%-26% ਤੋਂ ਅੱਗੇ ਇਹ ਪਾਣੀ ਨਹੀਂ ਦੇ ਸਕੇ ਤਾਂ ਫਿਰ ਸਾਡਾ 37% ਪਾਣੀ ਕਿਉਂ ਮੰਗਦੇ ਸੀ, ਜੇ ਪੰਜਾਬ ਦਾ ਹਿੱਸਾ ਪਿਆ ਸੀ। ਜੇ ਉਹੀ ਨਹੀਂ ਵਰਤ ਸਕੇ ਤਾਂ ਫਿਰ ਪਾਣੀ ਉੱਤੇ ਸਿਆਸਤ ਕਿਉਂ ਕੀਤੀ? ਇੰਨਾ ਲੰਬਾ ਸਮਾਂ ਸਿਆਸਤ ਕੀਤੀ, ਚੋਣ ਮੁੱਦੇ ਬਣਾ ਕੇ ਰੱਖੇ, ਪਾਣੀ ਦੀ ਵਰਤੋਂ ਨਹੀਂ ਕੀਤੀ। ਮੇਰੀ ਬਰਿੰਦਰ ਕੁਮਾਰ ਗੋਇਲ, ਮੰਤਰੀ ਜੀ ਨਾਲ ਗੱਲਬਾਤ ਹੋ ਰਹੀ ਸੀ, 6700 ਕਰੋੜ ਰੁਪਿਆ ਪੰਜ ਸਾਲਾਂ ਵਿੱਚ ਨਹਿਰੀ ਪਾਣੀ ਨੂੰ ਪਹਾੜਾਂ ਤੱਕ ਪਹੁੰਚਾਉਣ ਵਾਸਤੇ, ਟੇਲਾਂ ਤੱਕ ਪਹੁੰਚਾਉਣ ਵਾਸਤੇ, ਨਵੀਆਂ ਜ਼ਮੀਨਦੋਜ਼ ਪਾਈਪਾਂ, ਨਵੇਂ ਖਾਲੇ ਬਣਾਉਣ ਵਾਸਤੇ ਖਰਚ ਕੀਤਾ ਗਿਆ ਹੈ। ਪਿਛਲੀ ਕਾਂਗਰਸ ਸਰਕਾਰ ਨੇ ਕਿੰਨਾ ਬਜਟ ਰੱਖਿਆ ਸੀ? 2400 ਕਰੋੜ ਰੁਪਿਆ, ਕੋਈ ਨਹਿਰ ਨਹੀਂ ਬਣਾਈ, ਕੋਈ ਖਾਲ ਨਹੀਂ ਬਣਾਏ, ਕੁਝ ਨਹੀਂ ਕੀਤਾ, ਕਿਤੇ ਪਾਣੀ ਦੀ ਇੱਕ ਬੂੰਦ ਨਹੀਂ ਵਧੀ। 2400 ਕਰੋੜ ਰੁਪਿਆ ਕਿੱਥੇ ਲੱਗਦਾ ਸੀ? ਸੋ, ਇਹ ਮਾਮੂਲੀ ਬਜਟ ਰੱਖ ਰੱਖ ਕੇ ਪਾਣੀ ਤੇ ਸਿਆਸਤ ਕਰਕੇ ਇਨ੍ਹਾਂ ਨੇ ਆਪਣੀਆਂ ਖੂਬ ਰੋਟੀਆਂ ਸੇਕੀਆਂ।

ਉਸ ਤੋਂ ਅੱਗੇ, ਮਾਂਵਾਂ ਧੀਆਂ ਸਤਿਕਾਰ ਯੋਜਨਾ, ਇਹ ਲੋਕ ਮਤਲਬ ਇੰਨਾ ਪ੍ਰੇਸ਼ਾਨ ਹੋਏ ਪਏ ਹਨ। ਔਰਤਾਂ ਨੇ ਪੰਜਾਬ ਦੇ ਬਜਟ ਵਿੱਚੋਂ ਕੀ ਲੈ ਲਿਆ ਹੈ? ਕੀ ਖਾਸ ਤੁਸੀਂ ਔਰਤਾਂ ਨੂੰ ਦੇ ਦਿੱਤਾ ਹੈ? ਕਿਹੜਾ ਦੁਨੀਆਂ ਦਾ ਮੁਲਕ ਹੈ ਜਿਹੜਾ ਬੇਰੁਜ਼ਗਾਰ ਲੋਕਾਂ ਨੂੰ ਭੱਤਾ ਨਹੀਂ ਦਿੰਦਾ। ਕੀ ਔਰਤਾਂ ਪੰਜਾਬ ਦੀ ਤਰੱਕੀ ਦੀਆਂ ਹਿੱਸੇਦਾਰ ਨਹੀਂ ਹਨ?

ਔਰਤਾਂ ਸਵੇਰੇ ਤੜਕੇ ਤੋਂ ਉੱਠ ਕੇ ਦੇਸ਼ ਅਤੇ ਪੰਜਾਬ ਨੂੰ ਅੱਗੇ ਲਿਜਾਣ ਵਾਸਤੇ ਆਪਣੇ ਬੱਚਿਆਂ ਨੂੰ ਸਕੂਲ, ਕਾਲਜ ਭੇਜਦੀਆਂ ਹਨ, ਆਪਣੇ ਘਰਦਿਆਂ ਨੂੰ ਤਿਆਰ ਕਰਕੇ ਕਾਲਜ ਭੇਜਦੀਆਂ ਹਨ, ਕੀ ਉਹ ਇਸ ਤਰੱਕੀ ਦੀਆਂ ਹਿੱਸੇਦਾਰ ਨਹੀਂ ਹਨ? ਉਨ੍ਹਾਂ ਨੂੰ ਕੀ ਦਿੱਤਾ ਹੈ? ਅਸੀਂ ਮਹਿਜ਼ 9 ਹਜ਼ਾਰ ਕਰੋੜ ਰੁਪਏ ਦਾ ਬਜਟ ਰੱਖਿਆ ਹੈ, ਜਿਹੜੇ ਦੋ ਟਾਈਮ ਵਿੱਚ ਪੈਸੇ ਦਿੱਤੇ ਹਨ, ਅਜੇ ਤੱਕ ਸਿਰਫ 4400 ਕਰੋੜ ਰੁਪਿਆ ਗਿਆ ਹੈ। ਮਤਲਬ ਤੁਸੀਂ ਇੰਨੇ ਕੁ ਪੈਸੇ ਪਿੱਛੇ ਸਾਡੀਆਂ ਮਾਂਵਾਂ, ਭੈਣਾਂ ਅਤੇ ਧੀਆਂ ਨੂੰ ਤ੍ਰਿਸਕਾਰ ਦਿੰਦੇ ਹੋ, ਤੁਸੀਂ ਉਨ੍ਹਾਂ ਬਾਰੇ ਭੱਦੀ ਸ਼ਬਦਾਵਲੀ ਬੋਲਦੇ ਹੋ। ਕੀ ਤੁਸੀਂ ਪਿਛਲੇ ਦਿਨਾਂ ਵਿੱਚ ਮਲੂਕਾ ਦੀ ਸ਼ਬਦਾਵਲੀ ਸੁਣੀ ਸੀ, ਇਹ ਕੈਸੇ ਲੋਕ ਹਨ, ਕਿੱਥੇ ਰਹਿੰਦੇ ਹਨ? ਇਨ੍ਹਾਂ ਦਾ ਚੌਗਿਰਦਾ ਕਿਹੋ ਜਿਹਾ ਹੈ ਜਿਹੜਾ ਇਨ੍ਹਾਂ ਨੂੰ ਇੱਜ਼ਤ ਮਾਣ ਕਰਨਾ ਸਿਖਾਉਂਦਾ ਹੀ ਨਹੀਂ ਹੈ ਅਤੇ ਸਾਨੂੰ ਮੈਟੀਰੀਅਲ ਸੱਦਦੇ ਹਨ। ਅਸੀਂ ਆਮ ਲੋਕ ਹਾਂ, ਸਾਨੂੰ ਪਤਾ ਹੈ ਕਿ ਅਸੀਂ ਆਮ ਲੋਕਾਂ ਦੀ ਇੱਜ਼ਤ ਕਿਵੇਂ ਕਰਨੀ ਹੈ। ਇਹ ਕਿੱਥੇ ਰਹਿੰਦੇ ਹਨ ਜਿਨ੍ਹਾਂ ਨੂੰ ਮਾਂਵਾਂ, ਧੀਆਂ ਅਤੇ ਭੈਣਾਂ ਦੇ ਸਤਿਕਾਰ ਦਾ ਵੀ ਨਹੀਂ ਪਤਾ ਔਰ ਸਖੀ ਯੋਜਨਾ, ਜਿਹੜੀਆਂ ਪੰਜਾਬ ਵਿੱਚ ਇੱਕ ਕਰੋੜ 77 ਲੱਖ 991 ਸਖੀਆਂ ਰਜਿਸਟਰ ਹੋਈਆਂ ਹਨ ਜਿਨ੍ਹਾਂ ਨੇ ਮਾਵਾਂ ਧੀਆਂ ਸਤਿਕਾਰ ਯੋਜਨਾ ਨੂੰ ਲਾਗੂ ਕੀਤਾ ਹੈ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਹਰ ਹਲਕੇ ਵਿੱਚ ਦੋ-ਦੋ ਹਜ਼ਾਰ ਐਸੀਆਂ ਔਰਤਾਂ ਨਿਕਲ ਕੇ ਸਾਹਮਣੇ ਆਈਆਂ ਜਿਨ੍ਹਾਂ ਨੂੰ ਕਦੇ ਮੌਕਾ ਨਹੀਂ ਮਿਲਿਆ ਕਿ ਘਰੋਂ ਬਾਹਰ ਪੈਰ ਕੱਢਣ ਅਤੇ ਰਾਜਨੀਤੀ ਵਿੱਚ ਹਿੱਸਾ ਲੈਣ, ਸਰਗਰਮ ਰਾਜਨੀਤੀ ਵਿੱਚ ਹਿੱਸੇਦਾਰ ਬਣੀਆਂ ਅਤੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀਆਂ ਔਰਤਾਂ ਦੀ ਵੱਡੀ ਭਾਗੀਦਾਰੀ ਸਿਆਸਤ ਵਿੱਚ ਹੋਣ ਵਾਲੀ ਹੈ। ਉਨ੍ਹਾਂ ਸਖੀਆਂ ਦੇ ਖਾਤਿਆਂ ਵਿੱਚ ਵੀ ਪੈਸੇ ਜਾ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਆਂਗਣਵਾੜੀ ਵਰਕਰਾਂ ਦੇ ਪੈਸੇ ਚਲੇ ਗਏ ਹਨ, 19 ਕਰੋੜ ਦੇ ਲਗਭਗ ਆਂਗਣਵਾੜੀ ਵਰਕਰਾਂ ਦੇ ਖਾਤਿਆਂ ਵਿੱਚ ਲਗਾਇਆ। ਸੋ, ਇਨ੍ਹਾਂ ਲੋਕਾਂ ਨੂੰ ਪਤਾ ਲੱਗੇਗਾ ਕਿ ਇਹ ਪਿੰਡਾਂ ਵਿੱਚ ਕਿਵੇਂ ਵੜਨਗੇ, ਇਨ੍ਹਾਂ ਨੂੰ ਲੋਕ ਦੱਸਣਗੇ ਅਤੇ ਨਜਿੱਠਣਗੇ ਕਿ ਸਕੀਮਾਂ ਬੰਦ ਕਰਨੀਆਂ ਕਿਸ ਨੂੰ ਕਹਿੰਦੇ ਹਨ।

ਅਗਲਾ ਮੈਨੂੰ ਦੱਸਿਓ ਕਿ ਮੇਰਾ ਘਰ, ਮੇਰੇ ਨਾਮ, ਕੀ ਇਨ੍ਹਾਂ ਕੋਲ ਕੋਈ ਬਦਲ ਹੈ? ਕੋਈ ਮੁਕਾਬਲਾ ਹੈ? ਕਦੇ ਇਹੋ ਜਿਹਾ ਕੰਮ ਸੋਚਿਆ ਹੋਵੇ ਜਾਂ ਕੀਤਾ ਹੋਵੇ? ਜਿਹੜਾ ਬੰਦਾ ਲਾਲ ਲਕੀਰ ਦੇ ਅੰਦਰ ਬੈਠਾ ਹੁੰਦਾ ਹੈ, ਉਹ ਇੱਕ ਕਿਸਮ ਨਾਲ ਬੇਘਰ ਹੁੰਦਾ ਸੀ, ਨਾ ਉਹ ਆਪਣੇ ਬੱਚਿਆ ਨੂੰ ਤਕਸੀਮ ਕਰਕੇ ਦੇ ਸਕਦਾ ਹੈ, ਨਾ ਉਹ ਕਿਤੇ ਜ਼ਰੂਰਤ ਪੈਣ ਤੇ ਕਰਜ਼ਾ ਲੈ ਸਕਦਾ ਹੈ, ਨਾ ਉਸ ਨੂੰ ਕਾਗਜ਼ਾਂ ਰਾਹੀਂ ਅੱਗੇ ਵੇਚ ਸਕਦਾ ਹੈ ਅਤੇ ਨਾ ਹੀ ਖਰੀਦ ਸਕਦਾ ਹੈ। ਸੋ, ਮੇਰਾ ਘਰ, ਮੇਰੇ ਨਾਮ ਇੱਕ ਐਸੀ ਸਕੀਮ ਹੈ, ਆਮ ਆਦਮੀ ਪਾਰਟੀ ਦੀ ਸਰਕਾਰ ਦਾ ਇੱਕ ਮੀਲ ਪੱਥਰ ਹੈ, ਜਿਹੜਾ ਰਹਿੰਦੇ ਸਮੇਂ ਤੱਕ ਜਿੰਨੀਆਂ ਮਰਜ਼ੀਆਂ ਸਰਕਾਰਾਂ ਆਉਂਦੀਆਂ ਰਹਿਣ, ਉਸ ਨੂੰ ਯਾਦ ਰੱਖਿਆ ਜਾਵੇਗਾ। ਟੋਲ ਪਲਾਜ਼ੇ ਬੰਦ ਕੀਤੇ, ਟੋਲ ਪਲਾਜ਼ਿਆਂ ਤੋਂ ਕੌਣ ਜਾਂਦਾ ਹੈ?

**ਮਾਣਯੋਗ ਸਪੀਕਰ**: ਠੀਕ ਹੈ ਜੀ। ਵਾਈਂਡ ਅੱਪ ਕਰੋ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ**: ਸਾਨੂੰ ਤਾਂ ਟੋਲ ਪਲਾਜ਼ੇ ਮੁਆਫ ਹਨ। ਜਿਹੜੇ ਪਿੱਛੇ ਗਏ ਹਨ, ਉਨ੍ਹਾਂ ਦੇ ਵੀ ਟੋਲ ਪਲਾਜ਼ੇ ਮੁਆਫ ਹਨ। ਫਿਰ ਟੋਲ ਪਲਾਜ਼ੇ ਤੋਂ ਕੌਣ ਜਾਂਦਾ ਹੈ? ਆਮ ਲੋਕ ਜਾਂਦੇ ਹਨ। ਆਮ ਲੋਕਾਂ ਦਾ ਰੋਜ਼ ਦਾ 67 ਲੱਖ ਰੁਪਿਆ ਮੁਆਫ ਹੋਇਆ ਹੈ ਔਰ ਮੈਂ ਇੱਕ ਹੋਰ ਗੱਲ ਕਹਿਣੀ ਚਾਹੁੰਦੀ ਹਾਂ ਕਿ ਜਦੋਂ ਇਨ੍ਹਾਂ ਸਹੂਲਤਾਂ ਤੇ ਕਿੰਤੂ-ਪਰੰਤੂ

ਹੁੰਦੀ ਹੈ ਤਾਂ ਉਦੋਂ ਕਿੰਤੂ-ਪਰੰਤੂ ਕਿਉਂ ਨਹੀਂ ਹੋਈ ਕਿ 5-6 ਵਾਰ ਦੇ ਬਣੇ ਹੋਏ ਵਿਧਾਇਕਾਂ ਨੂੰ ਉਨੀ ਹੀ ਪੈਨਸ਼ਨ ਮਿਲਦੀ ਹੈ, ਉਦੋਂ ਕਿੰਤੂ-ਪਰੰਤੂ ਕਿੱਥੇ ਸੀ? ਉਦੋਂ ਪੰਜਾਬ ਦੇ ਖਜ਼ਾਨੇ ਦੀ ਚਿੰਤਾ ਕਿਉਂ ਨਹੀਂ ਹੋਈ।

**1520/Manika Rani**

ਜੇ ਇਨ੍ਹਾਂ ਦੀਆਂ ਤਨਖਾਹਾਂ ਵਧਾ ਦਿਓ ਤਾਂ ਇਨ੍ਹਾਂ ਨੂੰ ਸਭ ਕਬੂਲ ਹੈ। ਜੇ ਕਿਸੇ ਮਾਵਾਂ-ਧੀਆਂ ਜਾਂ ਗਰੀਬ ਲੋਕਾਂ ਨੂੰ ਕੋਈ ਸਹੂਲਤ ਦੇ ਦਿਉ ਤਾਂ ਇਨ੍ਹਾਂ ਦੇ ਸੱਤੀ ਕੱਪੜੇ ਅੱਗ ਲੱਗ ਜਾਂਦੀ ਹੈ, ਜੇਕਰ ਮੈਂ ਸਾਫ ਲਫਜ਼ਾਂ ਦੇ ਵਿੱਚ ਬੋਲਾਂ ਔਰ ਉਹੀ ਬਾਹਰ ਚੱਲ ਰਿਹਾ ਹੈ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਬਾਕੀ ਆਪਣੇ ਸਾਥੀਆਂ ਨੇ ਵੀ ਬੋਲਣਾ ਹੈ। ਵਾਈਂਡ ਅੱਪ ਕਰ ਦਿਉ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ**: ਸਪੀਕਰ ਸਾਹਿਬ, ਸਿਰਫ ਦੋ ਮਿੰਟ ਦੇ ਦਿਉ। ਮੈਂ ਵਾਈਂਡ ਅੱਪ ਕਰਨ ਲੱਗੀ ਹਾਂ। ਸਿਰਫ ਇੱਕ-ਦੋ ਚੀਜ਼ਾਂ ਹੋਰ ਦੱਸਣੀਆਂ ਹਨ। ਫਿਰ ਤੁਸੀਂ ਸਪੋਰਟਸ ਤੇ ਆ ਜਾਉ। ਨਸ਼ੇ ਦੀ ਦੋਹਾਈ ਪੈ ਰਹੀ ਹੈ।

**ਮਾਣਯੋਗ ਸਪੀਕਰ**: ਗੁਰਪ੍ਰੀਤ ਸਿੰਘ ਬਨਾਂਵਾਲੀ ਜੀ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਸਰਦੂਲਗੜ੍ਹ)**: ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਜੋ ਵੀ ਅੱਜ ਮਤੇ ਆਏ ਹਨ, ਮੈਂ ਉਨ੍ਹਾਂ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਬੜੀ ਹੈਰਾਨੀ ਦੀ ਗੱਲ ਹੈ ਕਿ ਅੱਜ ਵਿਰੋਧੀ ਧਿਰ ਹਾਜ਼ਰ ਨਹੀਂ ਹੈ। ਜੇਕਰ ਪਾਣੀ ਦੀ ਸਮੱਸਿਆ ਅਤੇ ਡੈਮ ਦੀ ਸਮੱਸਿਆ ਦੀ, ਸਾਰੀ ਸਮੀਖਿਆ ਕਰ ਲਈ ਜਾਵੇ ਤਾਂ ਪਤਾ ਲੱਗ ਜਾਵੇਗਾ ਕਿ ਇਸ ਦੀ ਜੜ੍ਹ ਕਿੱਥੇ ਹੈ। ਜਿਹੜੀ ਲੀਡਰਸ਼ਿਪ ਇੱਥੇ ਬੈਠੀ ਹੈ, ਜੇਕਰ ਇਨ੍ਹਾਂ ਨੇ ਆਪਣਾ ਰੋਲ ਨਿਭਾਇਆ ਹੁੰਦਾ ਤਾਂ ਪੰਜਾਬ ਨੂੰ ਇਹ ਦਿਨ ਨਹੀਂ ਵੇਖਣੇ ਪੈਣੇ ਸਨ। ਜਿਹੜੇ ਕੰਡੇ ਅਸੀਂ ਚੁਗ ਰਹੇ ਹਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਚੁਗ ਰਹੀਆਂ ਹਨ, ਇਹ ਸਾਰੀ ਦੀ ਸਾਰੀ ਦੇਣ ਵਿਰੋਧੀ ਪਾਰਟੀ ਹੈ, ਜੋ ਅੱਜ ਵਾਕ-ਆਊਟ ਕਰਕੇ ਗਈ ਹੈ।

**ਮਾਣਯੋਗ ਸਪੀਕਰ**: ਵਾਕ-ਆਊਟ ਨਹੀਂ। ਇਹ ਤਾਂ ਅੱਜ ਆਏ ਹੀ ਨਹੀਂ ਹਨ। ਬਾਜਵਾ ਸਾਹਿਬ ਆਏ ਸਨ ਪਰ ਉਹ ਬੈਠੇ ਹੀ ਨਹੀਂ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ**: ਜੇਕਰ ਪਾਣੀ ਦੀ ਸਮੱਸਿਆ ਗੱਲ ਕਰੀਏ, ਜਿੱਥੋਂ ਪਾਣੀ ਦੀ ਸਮੱਸਿਆ ਖੜ੍ਹੀ ਹੋਈ ਹੈ। ਚਾਹੇ ਵੰਡ ਤੋਂ ਲੈ ਕੇ ਗੱਲ ਕਰ ਲਈਏ ਜਾਂ ਹੁਣ ਚੱਲਦੀ ਸਮੱਸਿਆ ਦੀ ਗੱਲ ਕਰੀਏ। ਜਿਵੇਂ ਕਿਹਾ ਗਿਆ ਹੈ ਕਿ ਯਮੁਨਾ ਦਾ ਪਾਣੀ, ਜਿਸ ਉੱਤੇ ਦੋ-ਤਿਹਾਈ ਹੱਕ ਪੰਜਾਬ ਦਾ ਸੀ ਅਤੇ ਜਦੋਂ ਯਮੁਨਾ ਦਾ ਪਾਣੀ ਵੰਡਿਆ ਗਿਆ ਤਾਂ ਪੰਜਾਬ ਦਾ ਹੱਕ ਵਿਚਾਰਿਆ ਹੀ ਨਹੀਂ ਗਿਆ। ਇਸ ਤੋਂ ਇਲਾਵਾ ਪੰਜਾਬ ਦੇ ਜਿਹੜੇ ਦੂਜੇ ਦਰਿਆ ਸਨ, ਉਸ ਵਿੱਚ ਇਕੱਲਾ ਹਰਿਆਣਾ ਹੀ ਨਹੀਂ ਬਲਕਿ ਰਾਜਸਥਾਨ ਨੂੰ ਵੀ ਨਾਲ ਜੋੜ ਲਿਆ ਗਿਆ ਸੀ। ਜਿਹੜੇ ਰਿਪੇਰੀਅਨ ਰੂਲਜ਼ ਹਨ, ਉਸ ਮੁਤਾਬਿਕ ਰਾਜਸਥਾਨ ਨੂੰ ਪਾਣੀ ਦਾ ਕੋਈ ਹੱਕ ਨਹੀਂ ਬਣਦਾ ਹੈ। ਜਦੋਂ ਰਾਜਸਥਾਨ ਨੂੰ ਪਹਿਲਾਂ ਪਾਣੀ

ਦਿੱਤਾ ਜਾਂਦਾ ਸੀ ਤਾਂ ਉਸ ਦੇ ਬਦਲੇ ਅਸੀਂ ਪੈਸੇ/ਰਾਇਲਟੀ ਲੈਂਦੇ ਸੀ ਪਰ ਉਸ ਗੱਲ ਨੂੰ ਵੀ ਨਹੀਂ ਵਿਚਾਰਿਆ ਗਿਆ ਹੈ। ਕਾਰਨ ਇੱਕੋ ਹੈ, ਜੇਕਰ ਇਸ ਦੀ ਸਾਰੀ ਹਿਸਟਰੀ ਦੀ ਜੜ੍ਹ ਵਿੱਚ ਜਾਈਏ ਤਾਂ ਪੰਜਾਬ ਹਮੇਸ਼ਾਂ ਜ਼ਾਲਮਾਂ ਦੇ ਖਿਲਾਫ ਹੱਕ ਡਾਹ ਕੇ ਲੜਿਆ ਹੈ। ਜਦੋਂ ਐਮਰਜੈਂਸੀ ਲੱਗੀ ਸੀ ਤਾਂ ਪੰਜਾਬ ਨੇ ਸਭ ਤੋਂ ਵੱਧ ਇੰਦਰਾ ਗਾਂਧੀ ਦਾ ਵਿਰੋਧ ਕੀਤਾ ਸੀ, ਜਿਸ ਕਰਕੇ ਉਸ ਦੇ ਮਨ ਵਿੱਚ ਸੀ ਕਿ ਪੰਜਾਬ ਨੂੰ ਸਬਕ ਸਿਖਾਉਣਾ ਹੈ। ਪੰਜਾਬ ਨੂੰ ਦੱਬਣਾ ਹੈ ਅਤੇ ਪੰਜਾਬ ਦਾ ਪਾਣੀ ਖੋਹਣਾ ਹੈ। ਸੋ, ਇਸ ਕਰਕੇ ਸਾਰੀ ਜੜ੍ਹ ਉਥੋਂ ਚਲੀ ਹੈ। ਚਾਹੇ ਸਾਡੇ ਦਰਿਆਵਾਂ ਦਾ ਪਾਣੀ ਖੋਹਿਆ ਗਿਆ, ਚਾਹੇ ਰਾਜਸਥਾਨ ਨੂੰ ਰਿਪੇਰੀਅਨ ਰਾਜ ਨਾ ਹੋਣ ਦੇ ਬਾਵਜੂਦ ਵੀ ਪਾਣੀ ਦਿੱਤਾ ਗਿਆ। ਸਪੀਕਰ ਸਾਹਿਬ, ਮੁਫਤ ਵਿੱਚ ਪਾਣੀ ਦਿੱਤਾ ਗਿਆ ਅਤੇ ਫਿਰ ਆ ਕੇ ਸਾਡੇ ਡੈਮਾਂ ਉੱਤੇ ਕਬਜ਼ਾ ਕਰ ਲਿਆ ਗਿਆ। ਕਹਿਣ ਦਾ ਮਤਲਬ ਹੈ ਕਿ ਜਿਹੜੇ ਅੱਜ ਮਤੇ ਆਏ ਹਨ, ਇਨ੍ਹਾਂ ਸਾਰਿਆਂ ਦੀ ਜੜ੍ਹ ਸਿਰਫ ਤੇ ਸਿਰਫ ਕਾਂਗਰਸ ਪਾਰਟੀ ਹੈ। ਇਸ ਦੇ ਨਾਲ ਦੂਜੀ ਜੜ੍ਹ ਉਸ ਵੇਲੇ ਦੀ ਵਿਰੋਧੀ ਧਿਰ ਹੈ, ਉਨ੍ਹਾਂ ਨੇ ਉੰਨਾ ਕੁ ਰੋਲ ਨਿਭਾਇਆ, ਜਿੰਨਾ ਚਿਰ ਰਾਜਭਾਗ ਨਹੀਂ ਮਿਲਿਆ। ਜਦੋਂ ਰਾਜਭਾਗ ਮਿਲ ਜਾਂਦਾ ਸੀ, ਉਦੋਂ ਤਾਂ ਚੰਡੀਗੜ੍ਹ ਦਾ ਮਸਲਾ ਜਾਂ ਪਾਣੀਆਂ ਦਾ ਮਸਲਾ ਸੀ, ਉਹ ਸਾਰਾ ਕੁਝ ਭੁੱਲ ਜਾਂਦੇ ਸਨ। ਜਦੋਂ ਰਾਜਭਾਗ ਨਹੀਂ ਰਹਿੰਦਾ ਸੀ ਤਾਂ ਉਦੋਂ ਪੰਥ ਤੇ ਪੰਜਾਬ ਦੀ ਦੋਹਾਈ ਦਿੰਦੇ ਰਹੇ। ਜਿਸ ਦੀ ਬਦੌਲਤ ਦੋਨਾਂ ਨੇ ਰਲ-ਮਿਲ ਕੇ ਪੰਜਾਬ ਨੂੰ ਮਾਰਿਆ ਹੈ। ਇਨ੍ਹਾਂ ਦੇ ਬੀਜੇ ਕੰਡੇ ਚੁਗਣ ਕਰਕੇ ਹੀ ਅੱਜ ਇਹ ਮਤੇ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਲੀ ਵਾਲੀ ਸਰਕਾਰ ਵੱਲੋਂ ਲਿਆਂਦੇ ਗਏ ਹਨ। ਇਨ੍ਹਾਂ ਮਤਿਆਂ ਰਾਹੀਂ ਅਸੀਂ ਪੰਜਾਬ ਦੇ ਲੋਕਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਕਿਸ ਤਰ੍ਹਾਂ ਇਨ੍ਹਾਂ ਨੇ ਪੰਜਾਬ ਨੂੰ ਮਾਰਿਆ ਹੈ। ਜੇਕਰ 1966 ਦੀ ਗੱਲ ਕਰੀਏ, ਜੇਕਰ 78/79 ਦੀ ਧਾਰਾ ਦੀ ਗੱਲ ਕਰੀਏ ਤਾਂ ਇਹ ਕਿਸ ਵੇਲੇ ਆਈ ਸੀ। ਕਦੋਂ ਐਵਾਰਡ ਪਾਸ ਹੋਏ? ਕਦੋਂ ਟ੍ਰਿਬਿਊਨਲਾਂ ਦੇ ਫੈਸਲੇ ਆਏ? ਦੋਸ਼ੀ ਕੌਣ ਹਨ? ਅਸੀਂ ਅੱਜ ਦੀ ਪੀੜ੍ਹੀ ਨੂੰ ਦੱਸਣਾ ਚਾਹੁੰਦੇ ਹਾਂ ਕਿ ਜਿਹੜੇ ਅੱਜ ਵੱਡੇ-ਵੱਡੇ ਲਲਕਾਰੇ ਮਾਰਦੇ ਹਨ, ਇਹ ਸਾਰੀ ਦੇਣ ਉਨ੍ਹਾਂ ਲੋਕਾਂ ਦੀ ਹੈ। ਇਸ ਤੋਂ ਇਲਾਵਾ ਜਿਹੜੀ 1956 ਦੀ ਧਾਰਾ 14 ਆਈ ਹੈ, ਜਿਸ ਵਿੱਚ ਪੰਜਾਬ ਨੂੰ ਸ਼ਾਮਿਲ ਹੀ ਨਹੀਂ ਕੀਤਾ ਗਿਆ ਹੈ, ਉਸ ਵਿੱਚੋਂ ਵੀ ਪੰਜਾਬ ਨੂੰ ਕੱਢ ਦਿੱਤਾ ਗਿਆ ਹੈ, ਇਹ ਕਿਸ ਦੀ ਦੇਣ ਹੈ? ਇਹ ਤਾਂ ਸਾਰੀਆਂ ਪੁਰਾਣੀਆਂ ਗੱਲਾਂ ਹਨ। ਹੁਣ ਕੀ ਹੋ ਰਿਹਾ ਹੈ ? ਹੁਣ ਫਿਰ ਆ ਕੇ ਜ਼ੱਫੀਆਂ ਪਾਉਣ ਦੀ ਗੱਲ ਕਰਦੇ ਹਨ। ਉਨ੍ਹਾਂ ਨੂੰ ਪੁੱਛਦੇ ਹਾਂ ਕਿ ਤੁਹਾਡੇ ਬੀਜੇ ਕੰਡੇ ਤਾਂ ਚੁਗ ਹੀ ਰਹੇ ਸਨ ਪਰੰਤੂ ਜਿਹੜੇ ਕਾਲੇ ਬਿਲ ਆਏ ਸਨ ਤਾਂ ਉਸ ਵੇਲੇ ਕੀ ਹੋ ਕੇ ਹਟਿਆ ਸੀ। ਸਾਡੇ 700 ਕਿਸਾਨ ਸ਼ਹੀਦ ਕਰ ਦਿੱਤੇ ਅਤੇ ਅਸੀਂ ਦੋ ਸਾਲ ਬਾਰਡਰਾਂ ਤੇ ਬੈਠੇ ਰਹੇ । ਸਾਡੇ ਤੇ ਲਾਠੀਚਾਰਜ ਹੋਇਆ। ਸਾਨੂੰ ਖਾਲਿਸਤਾਨੀ, ਅੱਤਵਾਦੀ ਅਤੇ ਵੱਖਵਾਦੀ ਕਿਹਾ ਗਿਆ।

**1525/Gurpreet kaur**

ਜਦੋਂ ਦਬਾਅ ਆਇਆ, ਜਿਹੜੇ ਇਹ ਭੱਜ ਗਏ ਸਨ ਅਤੇ ਬਹਾਨਾ ਕਰਕੇ ਕਹਿੰਦੇ ਕਿ ਥੋੜ੍ਹੇ ਜਿਹੇ ਪਿੱਛੇ ਹੱਟ ਜਾਈਏ, ਹੁਣ ਵਾਹਲਾ ਔਖਾ ਹੋਇਆ ਪਿਆ ਪਰ ਅੰਦਰੋਂ ਅਸੀਂ ਤੁਹਾਡੇ ਨਾਲ ਹੀ ਹਾਂ। ਹੁਣ ਫਿਰ ਜੱਫੀਆਂ ਪਾਉਣ ਲੱਗ ਗਏ। ਉਹ 700 ਕਿਸਾਨ ਵੀ ਭੁੱਲ ਗਏ। ਪੰਜਾਬ ਨਾਲ ਹੋਏ ਧੱਕੇ ਵੀ ਭੁੱਲ ਗਏ। ਮੈਂ ਕਹਿੰਦਾ ਹਾਂ ਕਿ ਸਮਝੌਤਾ ਕਰੋ, ਜੀਅ ਸਦਕੇ ਕਰੋ ਭਾਵੇਂ ਚਾਰ ਪਾਰਟੀਆਂ ਹੀ ਰਲ ਜਾਓ, ਭਾਵੇਂ ਪੰਜ ਪਾਰਟੀਆਂ ਰਲ ਜਾਓ ਪਰ ਸਾਨੂੰ ਕੁਝ ਗੱਲਾਂ ਦਾ ਹਿਸਾਬ ਦੇ ਦਿਓ। ਪੰਜਾਬ ਦਾ ਰੂਰਲ ਡਿਵੈਲਪਮੈਂਟ ਫੰਡ ਤਾ ਦਿਵਾ ਦਿਓ। ਜਿਹੜੇ ਡੈਮਾਂ ਤੇ ਆ ਕੇ ਬੈਠ ਗਏ ਹਨ ਤਾਂ

ਇਸ ਬਾਰੇ ਵੀ ਬਿਆਨ ਦੇ ਦਿਓ। ਆਉਣ ਵਾਲੇ ਸਮੇਂ ਵਿੱਚ ਤਿੰਨ ਕਾਲੇ ਕਾਨੂੰਨ ਆਉਣਗੇ। ਉਸ ਬਾਰੇ ਤੁਹਾਡਾ ਕੀ ਸਟੈਂਡ ਹੈ। ਜਿਹੜੇ ਪੰਜਾਬ ਨਾਲ ਵਿਤਕਰੇ ਹੋ ਰਹੇ ਹਨ, ਪੰਜਾਬ ਯੂਨੀਵਰਸਿਟੀ ਤੇ ਕਬਜ਼ੇ ਕੀਤੇ ਜਾ ਰਹੇ ਹਨ, ਇਸ ਬਾਰੇ ਪੰਜਾਬ ਨੂੰ ਸਾਰਾ ਸਟੈਂਡ ਸਪੱਸ਼ਟ ਕਰ ਦੇਣ। ਕੀ ਇਹ ਇੱਕ ਵਜ਼ੀਰੀ ਵਾਸਤੇ ਹੀ ਜਾ ਰਹੇ ਹਨ ਪਰ ਇਸ ਵਾਰ ਵਜ਼ੀਰੀ ਵੀ ਨਹੀਂ ਮਿਲਦੀ। ਇਹ ਅਜਿਹੀ ਚੀਜ਼ ਹੈ, ਮੈਂ ਦੱਸ ਦਿੰਦਾ ਹਾਂ ਕਿ ਜਿਵੇਂ ਕਹਿੰਦੇ ਹਨ ਕਿ ਬੱਚੇ ਖਾਣੀ ਸੱਪਣੀ, ਜਿਸ ਜਿਸ ਨੂੰ ਵੀ ਇਸ ਲਾਈਨ ਵਿੱਚ ਲੈ ਕੇ ਆਏ ਹਨ ਉਹ ਇਕੱਲੇ ਇਕੱਲੇ ਨੂੰ ਖਾ ਕੇ ਗਏ ਹਨ। ਤੁਸੀਂ ਕੋਈ ਵੀ ਹਿਸਟਰੀ ਦੇਖ ਲਓ। ਮਹਾਰਾਸ਼ਟਰ ਦੀ ਹਿਸਟਰੀ ਹੀ ਦੇਖ ਲਓ। ਮੈਂ ਇਹ ਗੱਲਾਂ ਤਾਂ ਕਰਦਾ ਹਾਂ ਕਿ ਜਿੱਥੇ ਇਹ ਮਤੇ ਆਏ ਹਨ ਇਹ ਉਹ ਮਤੇ ਹਨ ਜਿੱਥੇ ਪੰਜਾਬ ਦੀ ਸਾਹ ਰਗ ਦੱਬੀ ਗਈ, ਜਿੱਥੇ ਪੰਜਾਬ ਰਗੜਿਆ ਗਿਆ ਤਾਂ ਸਾਡੇ ਕੋਲ ਇਕੱਲਾ ਪਾਣੀ ਹੀ ਸੀ ਅਤੇ ਸਾਡੇ ਤੋਂ ਪਾਣੀ ਵੀ ਖੋਹ ਲਿਆ ਗਿਆ। ਰਾਜਸਥਾਨ ਵਿੱਚ ਪੱਥਰ ਨਿਕਲਦਾ ਹੈ ਕੀ ਉਹ ਸਾਨੂੰ ਫਰੀ ਦਿੰਦੇ ਹਨ। ਕਿਤੇ ਕੋਲਾ ਵੀ ਨਿਕਲਦਾ ਹੈ ਕੀ ਸਾਨੂੰ ਕੋਈ ਕੋਲਾ ਮੁਫਤ ਦਿੰਦਾ ਹੈ ਪਰ ਪੰਜਾਬ ਕੋਲ ਇਕੱਲਾ ਪਾਣੀ ਹੀ ਸੀ, ਪੰਜਾਬ ਕੋਲ ਇਕੱਲੇ ਦਰਿਆ ਹੀ ਸਨ ਉਹ ਵੀ ਦੂਜੇ ਸੂਬਿਆਂ ਨੂੰ ਵੰਡ ਦਿੱਤੇ ਗਏ। ਅੱਜ ਅਸੀਂ ਭੁੱਖਮਰੀ ਦਾ ਸ਼ਿਕਾਰ ਹਾਂ। ਸਾਡਾ ਪੰਜਾਬ ਡਾਰਕ ਜ਼ੋਨ ਵਿੱਚ ਹੀ ਚਲਿਆ ਗਿਆ ਸੀ। ਅਸੀਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦੇ ਹਾਂ, ਜਿਸ ਤਰ੍ਹਾਂ ਸਿੰਚਾਈ ਵਾਸਤੇ ਨਹਿਰਾਂ ਕੱਢੀਆਂ ਗਈਆਂ, ਜਿਵੇਂ ਕਿ ਟੇਲਾਂ ਤੇ ਪਾਣੀ ਪਹੁੰਚਾਇਆ ਗਿਆ।

**ਮਾਣਯੋਗ ਸਪੀਕਰ**: ਇੱਕ ਮਿੰਟ ਜੀ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ**: ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਇੱਕ ਮਿੰਟ ਰੁਕ ਤਾਂ ਜਾਓ। ਉਹ ਗੱਡੀ ਚੰਗੀ ਹੁੰਦੀ ਹੈ ਜਿਸ ਦੇ ਬ੍ਰੇਕ ਹੋਣ।

-------

## EXTENSION OF TIME OF THE SITTING OF THE HOUSE

**ਮਾਣਯੋਗ ਸਪੀਕਰ**: ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਕਾਰਜ ਸੂਚੀ ਵਿੱਚ ਦਰਜ ਆਈਟਮਜ਼ ਦੇ ਖਤਮ ਹੋਣ ਤੱਕ ਸਦਨ ਦੀ ਕਾਰਵਾਈ ਦਾ ਸਮਾਂ ਵਧਾ ਦਿੱਤਾ ਜਾਵੇ।

**ਆਵਾਜ਼ਾਂ**: ਹਾਂ ਜੀ, ਹਾਂ ਜੀ।

**ਮਾਣਯੋਗ ਸਪੀਕਰ**: ਅੱਜ ਦੀ ਕਾਰਜ ਸੂਚੀ ਵਿੱਚ ਦਰਜ ਆਈਟਮਜ਼ ਦੇ ਖਤਮ ਹੋਣ ਤੱਕ ਸਦਨ ਦੀ ਕਾਰਵਾਈ ਦਾ ਸਮਾਂ ਵਧਾਇਆ ਜਾਂਦਾ ਹੈ।

-------

Unedited Version/ Not for Legal/ Official use Dated: Tuesday, 27th October, 2026

## OFFICIAL RESOLUTIONS (*RESUMPTION)*

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ**: ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਾਣੀਆਂ ਕਰਕੇ ਟੇਲਾਂ ਦਾ ਦੁੱਖ ਮੇਰੇ ਹਲਕੇ ਤੋਂ ਵੱਧ ਕੋਈ ਵੀ ਨਹੀਂ ਜਾਣਦਾ। ਅਸੀਂ ਬਿਲਕੁਲ ਹਰਿਆਣੇ ਬਾਰਡਰ ਤੇ ਬੈਠੇ ਹਾਂ। ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਵੀ ਕਰਦਾ ਹਾਂ, ਜਲ ਸਰੋਤ ਮੰਤਰੀ ਸਾਹਿਬ ਦਾ ਧੰਨਵਾਦ ਵੀ ਕਰਦਾ ਹਾਂ ਕਿ ਸਾਡੇ ਦੋ ਬਲਾਕ ਝੂਨੀਰ ਤੇ ਬਲਾਕ ਸਰਦੂਲਗੜ੍ਹ ਸਰਕਾਰ ਦੀ ਬਦੌਲਤ ਡਾਰਕ ਜ਼ੋਨ ਵਿੱਚੋਂ ਨਿਕਲ ਗਏ ਹਨ, ਜਿੱਥੇ ਕਦੇ ਪਾਣੀ ਨਹੀਂ ਜਾਂਦਾ ਸੀ। (ਥੰਪਿੰਗ) ਅੱਜ 45-45, 46-46 ਸਾਲਾਂ ਬਾਅਦ ਪਾਣੀ ਪਹੁੰਚਿਆ ਹੈ। ਇਸ ਵਾਰ ਤਾਂ ਬਾਰਿਸ਼ ਵੀ ਨਹੀਂ ਪਈ। ਇਸ ਵਾਰ ਬਿਨਾਂ ਬਾਰਿਸ਼ ਤੋਂ ਵੀ ਉੱਥੇ ਪਾਣੀ ਪਹੁੰਚਿਆ ਹੈ। ਸਾਡੇ ਝੋਨੇ ਪਲ ਗਏ। ਇਸ ਦਾ ਕਾਰਨ ਇੱਕੋ ਹੈ ਕਿ ਸਰਕਾਰ ਵੱਲੋਂ ਪੂਰੀ ਬਿਜਲੀ ਦਿੱਤੀ ਗਈ ਅਤੇ ਨਾਲ ਹੀ ਟੇਲਾਂ ਤੇ ਪਾਣੀ ਪਹੁੰਚਾਇਆ ਗਿਆ। ਇਹ ਸਭ ਕੁਝ ਮੁੱਖ ਮੰਤਰੀ ਸਾਹਿਬ ਦੀ ਬਦੌਲਤ ਹੀ ਹੋਇਆ ਹੈ। ਇਹ ਕੰਮ ਪਹਿਲਾਂ ਵੀ ਹੋ ਸਕਦੇ ਸਨ। ਮੈਂ ਕਹਿੰਦਾ ਹਾਂ ਕਿ ਗੈਲਰੀ ਵਿੱਚ ਬਹੁਤ ਬੁੱਧੀਜੀਵੀ ਬੈਠੇ ਹਨ। ਮੈਂ ਰਿਸਰਚ ਵੀ ਕੀਤੀ ਹੈ ਕਿ ਅਸੀਂ ਐਸ.ਵਾਈ.ਐਲ. ਵਾਲਾ ਕੇਸ ਕਿਉਂ ਹਾਰੀ ਜਾਂਦੇ ਸਨ। ਅਸੀਂ ਸੁਪਰੀਮ ਕੋਰਟ ਵਿੱਚ ਐਸ.ਵਾਈ.ਐਲ. ਦੇ ਕੇਸ ਤੇ ਕਿਉਂ ਸਟੈਂਡ ਨਹੀਂ ਕਰਦੇ। ਇਸ ਦਾ ਇੱਕ ਹੀ ਕਾਰਨ ਸੀ। ਉੱਥੇ ਕੀ ਆਰਗੁਮੈਂਟ ਕੀਤਾ ਜਾਂਦਾ ਸੀ। ਉੱਥੇ ਇਹੀ ਕਿਹਾ ਜਾਂਦਾ ਸੀ ਕਿ ਪੰਜਾਬ ਦਾ ਜਿਹੜਾ ਉਸ ਨੂੰ ਪਾਣੀ ਦਿੱਤਾ ਗਿਆ ਹੈ ਉਸ ਸਿਰਫ ਉਸ ਪਾਣੀ ਦਾ 22% ਵਰਤਦਾ ਹੈ। ਦੂਜਾ ਹਿੱਸਾ ਪੰਜਾਬ ਨੇ ਕੀ ਕਰਨਾ ਹੈ। ਅੱਜ ਇਹ ਇਸੇ ਕਰਕੇ ਹੈ ਕਿ ਅਸੀਂ 22% ਤੋਂ 80-85% ਤੇ ਗਏ ਹਾਂ। ਅਸੀਂ ਆਪਣਾ ਪਾਣੀ ਹੀ ਨਹੀਂ ਵਰਤ ਸਕੇ। ਮੈਂ ਵੱਡੀ ਉਦਾਹਰਣ ਦੱਸ ਦਿੰਦਾ ਹਾਂ। ਸਪੀਕਰ ਸਾਹਿਬ, ਮੇਰੇ ਹਲਕੇ ਵੱਲ ਭਾਖੜਾ ਨਹਿਰ ਆਉਂਦੀ ਹੈ। ਉਸ ਵਿੱਚ ਪੰਜਾਬ ਦਾ ਹੱਕ 400 ਕਿਊਸਿਕ ਪਾਣੀ ਜੋ ਸਾਨੂੰ ਟੋਹਾਣੇ ਤੋਂ ਮਿਲਦਾ ਸੀ, ਆਪਣੀ ਸਰਕਾਰ ਆਉਣ ਤੇ 2022 ਵਿੱਚ ਅਸੀਂ ਪੰਜਾਬ ਦਾ 400 ਕਿਊਸਿਕ ਪਾਣੀ ਲਿਆ ਅਤੇ ਵੱਖਰੀ ਉਸ ਦੀ ਬਾਰੀ ਬਣਾਈ ਗਈ। ਇਸ ਦੇ ਲਈ ਸਰਕਾਰ ਦਾ ਬਹੁਤ ਬਹੁਤ ਧੰਨਵਾਦ। ਅਸੀਂ ਜਾਗਰਿਤ ਹੋ ਕੇ ਜਿੰਨੇ ਵੀ ਕੰਮ ਸੀ, ਜਿਹੜੇ ਪਾਸੇ ਅਸੀਂ ਲੱਗੇ ਸੀ ਉਸ ਕੰਮ ਨੂੰ ਪੂਰਾ ਕੀਤਾ। ਹੁਣ ਇੱਕੋ ਜ਼ੋਰ ਲੱਗਿਆ ਪਿਆ ਕਿ ਭਗਵੰਤ ਮਾਨ ਨੂੰ ਰਲ ਕੇ ਕਿਵੇਂ ਸੁੱਟੀਏ। ਜਿਸ ਦੀ ਨੀਅਤ ਸਾਫ ਹੋਵੇ ਅਤੇ ਲੋਕਾਂ ਦਾ ਸਾਥ ਹੋਵੇ ਉਸ ਨੂੰ ਕੋਈ ਕਿਵੇਂ ਸੁੱਟ ਸਕਦਾ ਹੈ। ਜਿਹੜੇ ਕਹਿੰਦੇ ਹਨ ਕਿ ਡਿਵੈਲਪਮੈਂਟ ਨਹੀਂ ਹੋਈ, ਉਹ ਮੇਰੇ ਹਲਕੇ ਵਿੱਚ ਇੱਕ ਟੀਮ ਬਣਾ ਲੈਣ। ਜਿਹੜੇ ਵੱਡੇ ਵੱਡੇ ਲੀਡਰ ਰਹੇ ਹਨ ਅਤੇ ਜਿਨ੍ਹਾਂ ਕੋਲ ਮੁੱਖ ਮੰਤਰੀ ਜਿੰਨੀਆਂ ਪਾਵਰਾਂ ਰਹੀਆਂ ਹਨ, ਉਹ ਮੇਰੇ ਨਾਲ ਪਾਣੀ ਦੇ ਮਸਲੇ ਤੇ ਆ ਜਾਣ ਅਤੇ ਸੜਕਾਂ ਦੇ ਮਸਲੇ ਤੇ ਆ ਜਾਣ, ਸਕੂਲਾਂ ਵਾਲੀ ਗੱਲ ਤੇ ਆ ਜਾਣ ਅਤੇ ਹਸਪਤਾਲਾਂ ਵਾਲੀ ਗੱਲ ਤੇ ਆ ਜਾਣ। ਉਹ ਮੇਰੇ ਨਾਲ ਕਿਸੇ ਮਰਜ਼ੀ ਮਸਲੇ ਤੇ ਬੈਠ ਜਾਣ ਤਾਂ ਪਤਾ ਲੱਗ ਜਾਵੇਗਾ ਕਿ ਡਿਵੈਲਪਮੈਂਟ ਹੋਈ ਹੈ ਜਾਂ ਨਹੀਂ। ਦੂਜੀ ਡਿਵੈਲਪਮੈਂਟ ਇਹ ਹੋਈ ਹੈ, ਉਸ ਵੇਲੇ ਕੀ ਹੁੰਦਾ ਸੀ, ਦੋ ਪਾਰਟੀਆਂ ਦਾ ਰਾਜਭਾਗ ਹੁੰਦਾ ਸੀ। ਇੱਕ ਪਾਰਟੀ ਆ ਜਾਂਦੀ ਸੀ ਅਤੇ ਦੂਜਿਆਂ ਤੇ ਪਰਚੇ ਤੇ ਦੂਜਿਆਂ ਨੂੰ ਜ਼ੇਲ੍ਹਾਂ ਵਿੱਚ ਸੁੱਟਿਆ ਜਾਂਦਾ ਸੀ ਪਰ ਆਪਣੀ ਸਰਕਾਰ ਵਿੱਚ ਭਾਈਚਾਰਾ ਵੀ ਕਾਇਮ ਹੋਇਆ ਅਤੇ ਪਰਚਿਆਂ ਵਾਲੀ ਰਾਜਨੀਤੀ ਵੀ ਮੁੱਕ ਗਈ। ਸੋ, ਸਪੀਕਰ ਸਾਹਿਬ, ਜਿਹੜੇ ਇਹ ਮਤੇ ਆਏ ਹਨ ਮੈਂ ਇਨ੍ਹਾਂ ਦੇ ਹੱਕ ਵਿੱਚ ਖੜ੍ਹਾ ਹੋਇਆ ਹਾਂ।

**1530/Rajneet Kaur**

ਜਿਹੜੇ ਡਿਵੈਲਪਮੈਂਟ ਦੇ ਕੰਮ ਹਨ, ਤੀਰਥ ਯਾਤਰਾ ਯੋਜਨਾ ਜਦੋਂ ਬਜ਼ੁਰਗ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਆਉਂਦੇ ਹਨ ਤੇ ਉਨ੍ਹਾਂ ਨੂੰ ਮਿਲੀਦਾ ਹੈ, ਉਹ ਅਸੀਸਾਂ ਦਿੰਦੇ ਹਨ ਕਿ ਜਿਉਂਦਾ ਰਹਿ ਭਗਵੰਤ ਮਾਨਾ, ਮੈਂ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨੇ ਸੀ, ਤੁਸੀਂ ਕਰਵਾ ਦਿੱਤੇ। ਜਦੋਂ 1000 ਅਤੇ 1500 ਰੁਪਏ ਮਾਤਾਵਾਂ ਭੈਣਾਂ ਦੇ ਖਾਤੇ ਵਿੱਚ ਜਾਂਦਾ ਹੈ ਤਾਂ ਉਸ ਨੂੰ ਪੁੱਛੋ ਕਿ ਕਿੰਨੀ ਵੱਡੀ ਗੱਲ ਹੈ। ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਇਨ੍ਹਾਂ ਸਾਰੇ ਮਤਿਆਂ ਦਾ ਸਮਰਥਨ ਕਰਦਾ ਹਾਂ।

**ਮਾਣਯੋਗ ਸਪੀਕਰ** : ਪ੍ਰੋਫੈਸਰ ਬਲਜਿੰਦਰ ਕੌਰ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ)** : ਧੰਨਵਾਦ, ਸਪੀਕਰ ਸਾਹਿਬ। ਸਾਡੇ ਮੰਤਰੀ ਸਾਹਿਬ ਪੰਜਾਬ ਦੇ ਪਾਣੀਆਂ ਦਾ ਮਤਾ ਲੈ ਕੇ ਆਏ ਹਨ। ਸੋ, ਇਹ ਬਹੁਤ ਹੀ ਜ਼ਰੂਰੀ ਵਿਸ਼ਾ ਜਿਹੜਾ ਕਿ ਸਾਡੇ ਸਾਰਿਆਂ ਦੇ ਭਵਿੱਖ ਨਾਲ, ਸਾਡੇ ਸਾਰਿਆਂ ਦੇ ਫਿਊਚਰ ਨਾਲ ਜੁੜਿਆ ਹੋਇਆ ਹੈ। ਕਿਉਂਕਿ ਇਸ ਵੇਲੇ ਗੱਲ ਪੰਜਾਬ ਦੇ, ਦੇਸ਼ ਦੇ ਅੰਨਦਾਤੇ, ਪੰਜਾਬ ਦੀ ਖੇਤੀ ਦੀ, ਪੰਜਾਬ ਦੇ ਪਾਣੀਆਂ ਦੀ ਹੋ ਰਹੀ ਹੈ। ਇਹ ਗੱਲ ਬਿਲਕੁਲ ਸੱਚ ਅਤੇ ਸਪੱਸ਼ਟ ਹੈ ਕਿ ਜੇ ਪਾਣੀ ਹੈ ਤਾਂ ਸਾਡੀ ਖੇਤੀ ਹੈ, ਜੇ ਸਾਡੀ ਖੇਤੀ ਹੈ ਤਾਂ ਸਾਡਾ ਪੰਜਾਬ ਹੈ, ਜੇ ਪੰਜਾਬ ਹੈ ਤਾਂ ਹੀ ਸਾਡੇ ਦੇਸ਼ ਦਾ ਅੰਨ ਭੰਡਾਰ ਸੁਰੱਖਿਅਤ ਹੈ। ਪੰਜਾਬ ਦਾ ਕਿਸਾਨ ਉਹ ਕਿਸਾਨ ਹੈ, ਜਿਹੜਾ ਦੁਨੀਆ ਭਰ ਦੀਆਂ ਮੁਸੀਬਤਾਂ ਆਪਣੇ ਪਿੰਡੇ ਤੇ ਝੱਲ ਕੇ ਕਰੜੀ ਮਿਹਨਤ ਕਰਦਾ ਹੈ ਔਰ ਦੇਸ਼ ਦਾ ਅੰਨਦਾਤਾ ਕਹਿਲਾਉਂਦਾ ਹੈ। ਜਿਸ ਨੂੰ ਹੁਣ ਤੱਕ ਸਭ ਤੋਂ ਵੱਧ ਫਿਕਰ ਪਾਣੀ ਨੂੰ ਲੈ ਕੇ ਖਾਂਦਾ ਰਿਹਾ ਹੈ। ਉਸ ਨੂੰ ਪਾਣੀਆਂ ਦਾ ਫਿਕਰ ਦਿਨ-ਰਾਤ ਰਿਹਾ ਹੈ, ਉਸ ਨੂੰ ਦਿਨ-ਰਾਤ ਇਹੀ ਫਿਕਰ ਸਤਾਉਂਦਾ ਰਿਹਾ ਪਰ ਮੇਰੇ ਤੋਂ ਪਹਿਲਾਂ ਜਿਵੇਂ ਬਹੁਤ ਸਾਰੇ ਬੁਲਾਰਿਆਂ ਨੇ ਬੋਲਿਆ ਹੈ, ਸਾਡੇ ਐਮ.ਐਲ.ਏ. ਸਾਹਿਬਾਨਾਂ ਨੇ ਗੱਲ ਰੱਖੀ, ਸੀ.ਐਮ. ਸਾਹਿਬ ਬੋਲ ਕੇ ਗਏ ਹਨ। ਮੈਂ ਵਿਸ਼ੇਸ਼ ਤੌਰ ਤੇ ਸੀ.ਐਮ. ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਜਿਨ੍ਹਾਂ ਨੇ ਪੰਜਾਬ ਬਾਰੇ ਸੱਚਮੁੱਚ ਸੋਚਿਆ। ਪੰਜਾਬ ਦੇ ਪਾਣੀਆਂ ਬਾਰੇ ਫਿਕਰ ਕੀਤੀ। ਉਹ ਆਪਣੀਆਂ ਗੱਲਾਂ ਵਿੱਚ ਇੱਕ ਗੱਲ ਰੱਖ ਕੇ ਗਏ ਹਨ, ਮੈਂ ਉਸ ਨੂੰ ਇਲੈਬੋਰੇਟ ਕਰਨਾ ਚਾਹਾਂਗੀ। ਜਦੋਂ ਸਾਲ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਸਰਕਾਰ ਬਣਨ ਤੋਂ ਪਹਿਲਾਂ ਸੱਚਮੁੱਚ ਹੀ ਪੰਜਾਬ ਦਾ 20% ਪਾਣੀ ਦਾ ਹਿੱਸਾ ਸਿੰਚਾਈ ਦੇ ਹਿੱਸੇ ਆਉਂਦਾ ਸੀ। ਸੀ.ਐਮ. ਸਾਹਿਬ ਨੇ ਗੱਲ ਨੂੰ ਵਧਾਉਂਦਿਆਂ ਗੱਲ ਕੀਤੀ ਕਿ ਸੱਚਮੁੱਚ ਹੀ ਪਾਣੀ 20% ਤੋਂ ਵੱਧ ਕੇ ਅੱਜ ਸਰਕਾਰ ਬਣਨ ਤੋਂ ਬਾਅਦ 80% ਤੱਕ ਚਲਾ ਗਿਆ ਹੈ। ਇਹ ਨਹੀਂ ਹੈ ਕਿ ਮੈਂ ਇਸ ਗੱਲ ਨੂੰ ਬੋਲ ਰਹੀ ਹਾਂ ਜਾਂ ਮੈਂ ਇਸ ਗੱਲ ਨੂੰ ਤਾਈਦ ਕਰਦੀ ਹਾਂ। ਮੈਂ ਬਕਾਇਦਾ ਇਸ ਗੱਲ ਨੂੰ ਵੇਖ ਰਹੀ ਸੀ ਅਤੇ ਪੜ੍ਹ ਰਹੀ ਸੀ। ਮੈਂ ਪੜ੍ਹਦੇ ਸਮੇਂ ਦੇਖਿਆ ਕਿ 30 ਅਗਸਤ, 2026 ਦੀ ਪੰਜਾਬੀ ਟ੍ਰਿਬਿਊਨ ਵਿੱਚ ਸਰਦਾਰ ਚਰਨਜੀਤ ਸਿੰਘ ਭੁੱਲਰ ਬਕਾਇਦਾ ਰਿਪੋਰਟ ਲਿਖਦੇ ਹਨ ਕਿ ਜਿਸ ਵਿੱਚ ਕਹਿੰਦੇ ਹਨ ਕਿ "ਪੰਜਾਬ ਵਿੱਚ ਜ਼ਮੀਨੀ ਪਾਣੀ ਦੀ ਨਿਕਾਸੀ ਨੂੰ ਮੋੜਾ, 95 ਬਲਾਕਾਂ ਵਿੱਚ ਸੁਧਾਰ ਦੇ ਸੰਕੇਤ" ਯਾਨੀ ਕਿ ਸਾਲ 2022 ਤੋਂ ਪਹਿਲਾਂ ਇਸ ਗੱਲ ਦਾ ਸਾਰਿਆਂ ਨੂੰ ਫਿਕਰ ਸੀ, ਬਹੁਤ ਸਾਰੇ ਮਾਹਿਰ ਇਸ ਗੱਲ ਤੇ ਚਿੰਤਾ ਜਤਾਉਂਦੇ ਸੀ ਕਿ ਜਦੋਂ ਤੱਕ ਸਾਲ 2037 ਆਵੇਗਾ ਤਾਂ ਪੰਜਾਬ ਬੰਜਰ ਹੋ ਜਾਵੇਗਾ, ਪੰਜਾਬ ਮਾਰੂਥਲ ਹੋ ਜਾਵੇਗਾ, ਪੰਜਾਬ ਰੇਗਿਸਤਾਨ ਬਣ ਜਾਵੇਗਾ ਪਰ ਮੈਂ ਇਸ ਗੱਲ ਦੀ ਵਧਾਈ ਦਿੰਦੀ ਹਾਂ ਅਤੇ ਮੈਨੂੰ ਇਸ ਗੱਲ ਦਾ ਫਖਰ ਮਹਿਸੂਸ ਹੁੰਦਾ ਹੈ ਕਿ ਇਹ ਆਮ ਆਦਮੀ ਪਾਰਟੀ ਦੇ ਹਿੱਸੇ ਆਇਆ ਹੈ, ਇਹ ਮਾਣਯੋਗ ਸੀ.ਐਮ. ਸਰਦਾਰ ਭਗਵੰਤ ਮਾਨ ਜੀ ਦੇ ਹਿੱਸੇ ਆਇਆ ਹੈ ਕਿ ਸੱਚਮੁੱਚ ਹੀ ਪੰਜਾਬ ਨੂੰ ਇਨ੍ਹਾਂ ਨੇ

ਰੇਗਿਸਤਾਨ ਹੋਣ ਤੋਂ ਬਚਾ ਲਿਆ ਹੈ। ਇਹ ਰਿਪੋਰਟ ਇਸ ਗੱਲ ਨੂੰ ਵੀ ਕਹਿੰਦੀ ਹੈ ਕਿ ਪੰਜਾਬ ਲਈ ਇਹ ਸ਼ੁੱਭ ਸੰਕੇਤ ਹੈ ਕਿ ਸੂਬੇ ਵਿੱਚ ਹੁਣ ਜ਼ਮੀਨੀ ਪਾਣੀ ਦੀ ਨਿਕਾਸੀ ਨੂੰ ਠੱਲ੍ਹ ਪਈ ਹੈ ਤੇ ਜ਼ਮੀਨ ਹੇਠੋਂ ਪਾਣੀ ਕੱਢਣ ਦੀ ਦਰ ਨੂੰ ਮੋੜਾ ਪਿਆ ਹੈ ਔਰ ਮਾਣਯੋਗ ਸਪੀਕਰ ਸਾਹਿਬ, ਕੇਂਦਰੀ ਗਰਾਊਂਡ ਵਾਟਰ ਬੋਰਡ ਦੀ ਸਾਲ 2026 ਦੀ ਤਾਜ਼ਾ ਖਰੜਾ ਰਿਪੋਰਟ ਵਿੱਚ ਇਹ ਤੱਥ ਉੱਭਰੇ ਹਨ, ਵਰਿਹਆਂ ਬਾਅਦ ਧਰਵਾਸਾ ਬੰਨ੍ਹਣ ਵਾਲੇ ਹਨ। ਜਿਹੜਾ ਇਸ ਰਿਪੋਰਟ ਵਿੱਚ ਜ਼ਿਕਰ ਹੋਇਆ ਹੈ, ਉਸ ਵਿੱਚ ਸਭ ਤੋਂ ਵੱਡਾ ਯੋਗਦਾਨ ਸਾਡੇ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਦਾ ਵੀ ਹੈ, ਜਿਨ੍ਹਾਂ ਨੇ ਪਿਛਲੇ ਸਮੇਂ ਦੌਰਾਨ ਸਾਡੇ ਪੰਜਾਬ ਦੇ ਨਹਿਰੀ ਪਾਣੀ ਦੇ ਸੁਧਾਰ ਤੇ ਧਿਆਨ ਕੇਂਦਰਿਤ ਕੀਤਾ ਹੈ। ਜਿਸ ਕਾਰਨ ਨਹਿਰੀ ਪਾਣੀ ਦਾ ਰਿਚਾਰਜ 5.5 ਅਰਬ ਕਿਊਬਿਕ ਮੀਟਰ ਹੋ ਗਿਆ ਹੈ ਜੋ ਸਾਲ 2021-22 ਵਿੱਚ 4.5 ਅਰਬ ਕਿਊਬਿਕ ਮੀਟਰ ਸੀ।

**1535/Kuldeep kaur**

ਸੋ, ਸਪੀਕਰ ਸਾਹਿਬ ਇਹ ਹੀ ਨਹੀਂ ਜਿਵੇਂ ਇੱਕ ਗੱਲ ਹੋਰ ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਕਰਕੇ ਗਏ ਹਨ, ਜਿੱਥੇ ਉਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਪੰਜਾਬ ਦੀਆਂ ਬਹੁਤ ਸਾਰੀਆਂ ਨਹਿਰਾਂ ਜਿਹੜੀਆਂ ਗੁਆਚ ਗਈਆਂ ਸਨ, ਜਿਹੜੀਆਂ ਪਿਛਲੀਆਂ ਸਰਕਾਰਾਂ ਸਮੇਂ ਇਹ ਹੀ ਪਤਾ ਨਹੀਂ ਲਗਦਾ ਸੀ ਕਿ ਉਹ ਨਹਿਰਾਂ ਕਿੱਥੇ ਰਹਿ ਗਈਆਂ ਹਨ ਅਤੇ ਕਿੱਥੋਂ ਲੱਭਣੀਆਂ ਹਨ ਅਤੇ ਉਨ੍ਹਾਂ ਦਾ ਵਾਲੀ-ਵਾਰਸ ਕੌਣ ਹੈ? ਸੋ, ਇੱਕ ਹੋਰ ਰਿਪੋਰਟ ਜਿਹੜੀ ਮੈਂ ਪੜ੍ਹਨੀ ਚਾਹੁੰਦੀ ਹਾਂ। ਇਹ ਰਿਪੋਰਟ ਵੀ ਪੰਜਾਬੀ ਟ੍ਰਿਬਿਊਨ ਦੀ ਮਿਤੀ 3 ਸਤੰਬਰ, 2026 ਦੀ ਹੈ। ਇਸ ਵਿੱਚ ਵੀ ਸੱਚਮੁੱਚ ਹੀ ਜਿਸ ਤਰੀਕੇ ਨਾਲ ਸਾਡੇ ਸੀ.ਐਮ. ਸਾਹਿਬ ਵਿਸਤਾਰ ਕਰਕੇ ਗਏ ਹਨ, ਉਨ੍ਹਾਂ ਦੀ ਗੱਲ ਨੂੰ elaborate ਕੀਤਾ ਹੈ ਕਿ 'ਆਸਾਂ ਦੀ ਖੁਦਾਈ, ਗੁਆਚੀਆਂ ਨਹਿਰਾਂ ਦੇ ਸਿਰਨਾਮੇ ਲੱਭੇ।' 'ਜਲ ਸਰੋਤ ਵਿਭਾਗ ਨੇ ਤਰਨ ਤਾਰਨ ਜ਼ਿਲ੍ਹੇ ਵਿੱਚ ਗੁਆਚੇ ਰਜਬਾਹੇ ਅਤੇ ਮਾਈਨਰਾਂ ਲੱਭੀਆਂ'। ਸਪੀਕਰ ਸਾਹਿਬ, ਇਸ ਦਾ ਇਹ ਅਸਰ ਹੋਇਆ ਹੈ ਕਿ ਇਸ ਨਾਲ ਬਿਜਲੀ ਮੋਟਰਾਂ ਦੀ ਵਰਤੋਂ ਘਟੀ ਹੈ। ਬਿਜਲੀ ਮੋਟਰਾਂ ਦੀ ਵਰਤੋਂ ਘਟਣ ਨਾਲ ਪੰਜਾਬ ਸਰਕਾਰ ਦੀ ਬਹੁਤ ਵੱਡੀ ਪ੍ਰਾਪਤੀ ਸਰਕਾਰਾਂ ਦੀ ਹਿਸਟਰੀ ਵਿੱਚ ਪਹਿਲੀ ਵਾਰ ਦਰਜ ਹੋਇਆ ਹੈ ਕਿ ਪ੍ਰਾਈਵੇਟ ਥਰਮਲ ਪਲਾਂਟ ਗੋਇੰਦਵਾਲ ਨੂੰ ਖਰੀਦ ਲਿਆ ਜਾਂਦਾ ਹੈ ਅਤੇ ਜਿਸ ਦਾ ਨਾਮ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਮ ਤੇ ਰੱਖਿਆ ਜਾਂਦਾ ਹੈ। ਇਹ ਬਹੁਤ ਵੱਡੀ ਗੱਲ ਹੈ ਅਤੇ ਬਹੁਤ ਵੱਡੀ ਅਚੀਵਮੈਂਟ ਹੈ। ਸੋ, ਸਪੀਕਰ ਸਾਹਿਬ ਇਹ ਦੋ ਰਿਪੋਰਟਾਂ ਹਨ ਜਿਹੜੀਆਂ ਗੁਆਚੀਆਂ ਨਹਿਰਾਂ ਤੇ ਜ਼ਮੀਨੀ ਪਾਣੀ ਦੀ ਗੱਲ ਕਰਦੀਆਂ ਹਨ। ਮੈਂ ਤੀਜੀ ਗੱਲ ਕਰਨਾ ਚਾਹੁੰਦੀ ਹਾਂ ਜਿਵੇਂ ਮੇਰੇ ਤੋਂ ਪਹਿਲਾਂ ਸਾਡੇ ਐਮ.ਐਲ.ਏ. ਸਾਹਿਬ ਜੀ ਨੇ ਬੋਲਿਆ ਹੈ ਕਿ ਸਰਦੂਲਗੜ੍ਹ ਹਲਕਾ ਟੇਲਾਂ ਤੇ ਪੈਂਦਾ ਹੈ। ਇਸ ਤਰੀਕੇ ਨਾਲ ਮੇਰਾ ਤਲਵੰਡੀ ਸਾਬੋ ਹਲਕਾ ਵੀ ਟੇਲਾਂ ਤੇ ਪੈਂਦਾ ਹੈ ਅਤੇ ਮੇਰੇ ਪਿਛਲੀ ਕਾਂਗਰਸ ਸਰਕਾਰ ਦੇ ਪੰਜ ਸਾਲ ਦੇ ਸਮੇਂ ਉਹ ਸਨ, ਸਪੀਕਰ ਸਾਹਿਬ ਤੁਹਾਡੇ ਧਿਆਨ ਵਿੱਚ ਵੀ ਹੋਵੇਗਾ ਕਿ ਮੈਂ ਵਾਰ-ਵਾਰ ਪੰਜ ਸਾਲਾਂ ਵਿੱਚ ਘੱਟੋ-ਘੱਟ ਦਸ ਵਾਰੀ ਇਸ ਮੁੱਦੇ ਨੂੰ ਦੁਹਰਾਇਆ ਹੋਵੇਗਾ ਕਿ ਸਾਡੇ ਪਿੰਡ, ਸਾਡੇ ਖੇਤ ਟੇਲਾਂ ਤੇ ਪੈਂਦੇ ਹਨ ਜਿੱਥੇ ਪਾਣੀ ਨਹੀਂ ਪਹੁੰਚਦਾ ਅਤੇ ਸਾਡੇ ਪਾਣੀ ਦਾ ਇੰਤਜ਼ਾਮ ਕੀਤਾ ਜਾਵੇ। ਸੋ, ਮੈਂ ਸੀ.ਐਮ. ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਇਨ੍ਹਾਂ ਦੇ ਸਦਕਾ ਅੱਜ ਤਲਵੰਡੀ ਸਾਬੋ ਹਲਕੇ ਨੂੰ, ਸਰਦੂਲਗੜ੍ਹ ਹਲਕੇ ਨੂੰ, ਬਠਿੰਡਾ ਦਿਹਾਤੀ ਹਲਕੇ ਨੂੰ ਯਾਨੀ ਕਿ ਬਠਿੰਡਾ-

ਮਾਨਸਾ ਦੀ ਰੇਂਜ ਤੱਕ ਜੇ ਪਾਣੀ ਪਹੁੰਚਿਆ ਹੈ ਤਾਂ ਸਾਡੀ ਆਮ ਆਦਮੀ ਪਾਰਟੀ ਦੀ ਸਰਕਾਰ ਸਦਕਾ ਔਰ ਸੀ.ਐਮ. ਸਾਹਿਬ ਸਦਕਾ ਪਹੁੰਚਿਆ ਹੈ। ਸੋ, ਬਹੁਤ ਬਹੁਤ ਧੰਨਵਾਦ ਜੀ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ)**: ਧੰਨਵਾਦ ਸਪੀਕਰ ਸਾਹਿਬ। ਸਰ, ਵੈਸੇ ਤਾਂ ਜਿੰਨੇ ਮਤੇ ਹਾਊਸ ਵਿੱਚ ਚੀਮਾ ਸਾਹਿਬ ਨੇ, ਗੋਇਲ ਸਾਹਿਬ ਨੇ ਔਰ ਬੈਂਸ ਸਾਹਿਬ ਨੇ ਰੱਖੇ ਹਨ, ਮੈਂ ਸਭ ਦੀ ਹਮਾਇਤ ਕਰਦਾ ਹਾਂ ਅਤੇ ਪਾਣੀਆਂ ਦਾ ਅਤੇ ਸਾਡੀਆਂ ਸਰਕਾਰੀ ਸਕੀਮਾਂ ਦੀ ਹਮਾਇਤ ਕਰਦਾ ਹਾਂ। ਸਰ, ਮੈਂ ਜਿਹੜਾ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਬਾਰੇ ਵਿੱਚ ਸਰਦਾਰ ਹਰਜੋਤ ਸਿੰਘ ਬੈਂਸ ਜੀ ਨੇ ਮਤਾ ਲਿਆਂਦਾ ਹੈ, ਇਸ ਮਤੇ ਦੀ ਮੈਂ ਹਮਾਇਤ ਤਾਂ ਕਰਦਾ ਹੀ ਹਾਂ। ਇਸ ਦੇ ਨਾਲ ਹੀ ਮੈਂ ਇਸ ਮਤੇ ਦੇ ਤੁਹਾਡੇ ਰਾਹੀਂ ਸਾਰੇ ਹਾਊਸ ਨਾਲ ਦੋ ਮਿੰਟ ਵਿਚਾਰ ਵੀ ਕਰਨਾ ਚਾਹੁੰਦਾ ਹਾਂ ਕਿਉਂਕਿ ਸ੍ਰੀ ਕਰਤਾਰਪੁਰ ਸਾਹਿਬ ਮੇਰੇ ਵਿਧਾਨ ਸਭਾ ਹਲਕਾ ਅਜਨਾਲਾ ਦੇ ਬਾਬਾ ਬੁੱਢਾ ਸਾਹਿਬ ਜੀ ਦੇ ਰਮਦਾਸ ਕਸਬੇ ਤੋਂ 17 ਕਿਲੋਮੀਟਰ ਦੀ ਦੂਰੀ ਤੇ ਹੈ। ਸਾਡੇ ਬਿਲਕੁਲ ਨੇੜੇ ਗੁਰੂ ਨਾਨਕ ਸਾਹਿਬ ਦਾ ਇਹ ਘਰ ਹੈ। ਜਦੋਂ ਇਹ ਲਾਂਘਾ ਬੰਦ ਹੋ ਜਾਂਦਾ ਹੈ ਤਾਂ ਉਦੋਂ ਸਾਨੂੰ ਬਹੁਤ ਜ਼ਿਆਦਾ ਇਹ ਮਹਿਸੂਸ ਹੁੰਦਾ ਹੈ ਕਿ ਸਾਡੇ ਪਹਿਲੀ ਪਾਤਸ਼ਾਹੀ, ਸਿੱਖਾਂ ਦੇ ਬਾਨੀ ਉਨ੍ਹਾਂ ਦੇ ਘਰ ਦੇ ਦਰਵਾਜ਼ੇ ਸਾਡੇ ਲਈ ਬੰਦ ਹੋ ਜਾਂਦੇ ਹਨ। ਸ੍ਰੀ ਕਰਤਾਰਪੁਰ ਸਾਹਿਬ, ਆਤਮਿਕ ਤੌਰ ਤੇ ਸਾਡੀ ਰੂਹ ਦੀ ਖੁਰਾਕ ਹੈ ਔਰ ਉਸ ਤੋਂ ਬਿਨਾਂ ਜਿਊਣਾ ਸਾਡੇ ਲਈ ਬਹੁਤ ਔਖਾ ਹੈ। ਸ੍ਰੀ ਕਰਤਾਰਪੁਰ ਸਾਹਿਬ ਦੀ ਧਰਤੀ ਤੋਂ ਹੀ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦਾ ਫਲਸਫਾ ਗੁਰੂ ਨਾਨਕ ਸਾਹਿਬ ਜੀ ਨੇ ਦਿੱਤਾ ਸੀ ਅਤੇ ਇਸ ਫਲਸਫੇ ਦੇ ਆਧਾਰ ਤੇ ਹੀ ਸਾਡੀ ਸਿੱਖੀ ਦਾ ਮਹਿਲ ਉਸਰਿਆ ਹੈ। ਇਸ ਧਰਤੀ ਤੇ ਗੁਰੂ ਨਾਨਕ ਸਾਹਿਬ ਨੇ ਇਸ ਫਲਸਫੇ ਦੇ ਖੁਦ ਤਜਰਬੇ ਵੀ ਕੀਤੇ ਹਨ ਔਰ ਸਾਢੇ 17 ਸਾਲ ਉਹ ਉੱਥੇ ਰਹੇ ਹਨ। ਉਨ੍ਹਾਂ ਨੇ ਹੱਥੀਂ ਕਿਰਤ ਕੀਤੀ ਹੈ ਅਤੇ ਖੇਤੀ ਕੀਤੀ ਹੈ। ਉਨ੍ਹਾਂ ਨੇ ਨਾਮ ਵੀ ਜਪਿਆ ਹੈ ਅਤੇ ਵੰਡ ਕੇ ਵੀ ਛਕਿਆ ਹੈ। ਜੇ ਆਪਾਂ ਸਿੱਖੀ ਦੀ ਪਹਿਲੀ ਪ੍ਰਯੋਗਸ਼ਾਲਾ ਕਹੀਏ ਤਾਂ ਸਿੱਖੀ ਦੀ ਸਭ ਤੋਂ ਪਹਿਲੀ ਪ੍ਰਯੋਗਸ਼ਾਲਾ ਸੀ।

**1540/Pawan sharma**

ਸੋ, ਮੈਂ ਸਮਝਦਾ ਹਾਂ ਕਿ ਇਹ ਜਿਹੜਾ ਸਾਡਾ ਦੱਖਣੀ ਏਸ਼ੀਆ ਹੈ, ਉਹ ਇਹ ਲਾਂਘਾ ਦੱਖਣੀ ਏਸ਼ੀਆ ਵਾਸਤੇ ਇੱਕ ਅਮਨ ਦਾ ਬਹੁਤ ਵੱਡਾ ਰਸਤਾ ਬਣ ਸਕਦਾ ਸੀ, ਪਰ ਸਮੇਂ ਦੀ ਹਕੂਮਤ ਨੇ ਕਿਉਂ ਇਸ ਨੂੰ ਬੰਦ ਕਰ ਦਿੱਤਾ, ਇਹ ਸੋਚਣ, ਸਮਝਣ ਤੋਂ ਬਾਹਰ ਦੀ ਗੱਲ ਹੈ। ਸਮੇਂ ਦੀ ਹਕੂਮਤ ਨੇ ਇਸ ਨੂੰ ਬੰਦ ਕਰਕੇ ਸਾਡੇ ਸਿੱਖਾਂ ਦੇ ਜਜ਼ਬਾਤਾਂ ਨੂੰ ਬਹੁਤ ਵੱਡੀ ਢਾਹ ਲਗਾਈ ਹੈ। ਸਰ, ਜਦੋਂ ਦੇਸ਼ ਦੀ ਵੰਡ ਹੋਈ ਹੈ, ਅਸੀਂ ਅਰਦਾਸ ਕਰਦੇ ਹਾਂ, ਤੁਸੀਂ ਵੀ ਰੋਜ਼ ਅਰਦਾਸ ਵਿੱਚ ਸ਼ਾਮਲ ਹੁੰਦੇ ਹੋ ਕਿ ਜਿਹੜੇ ਸਾਡੇ ਉੱਥੇ ਧਾਰਮਿਕ ਸਥਾਨ, ਗੁਰੂ ਘਰ ਜਿਹੜੇ ਰਹਿ ਗਏ ਹਨ, ਉਨ੍ਹਾਂ ਦੇ ਦਰਸ਼ਨ ਦੀਦਾਰ ਦੀ ਅਰਦਾਸ ਕਰਦੇ ਹਾਂ ਔਰ ਪਹਿਲੀ ਪਾਤਸ਼ਾਹੀ ਜਿਨ੍ਹਾਂ ਦਾ ਨਨਕਾਣਾ ਸਾਹਿਬ ਵੀ ਉੱਧਰ ਹੈ, ਕਰਤਾਰਪੁਰ ਸਾਹਿਬ ਵੀ ਉੱਧਰ ਹੈ ਔਰ ਬਹੁਤ ਲੰਮਾ ਸਮਾਂ ਸਿੱਖ ਸੰਗਤਾਂ ਕਰਤਾਰਪੁਰ ਬਾਰਡਰ ਦੇ ਉੱਤੇ, ਡੇਰਾ ਬਾਬਾ ਨਾਨਕ ਬਾਰਡਰ ਦੇ ਉੱਤੇ ਜਾ ਕੇ ਧੁੱਸੀ ਤੇ ਖੜ੍ਹ ਕੇ ਅਰਦਾਸ ਕਰਦੀਆਂ ਰਹੀਆਂ ਔਰ ਬੜੀ ਮੁਸ਼ਕਿਲ ਦੇ ਨਾਲ ਮਿਤੀ 20 ਨਵੰਬਰ 2019 ਨੂੰ ਇਹ ਲਾਂਘਾ ਸ਼ੁਰੂ ਹੋਇਆ ਸੀ। ਬੜੇ ਲੋਕ ਦਰਸ਼ਨਾਂ ਲਈ ਗਏ ਹਨ। ਪੰਜਾਬ ਦੇ ਮੁੱਖ ਮੰਤਰੀ ਸਾਹਿਬ ਹੁਣੇ ਹੀ ਦੱਸ ਕੇ ਗਏ ਹਨ, ਮਾਨ ਸਾਹਿਬ, ਐਮ.ਪੀ. ਸਾਹਿਬ ਗਏ, ਉਦੋਂ ਸਾਡੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸੀ, ਉਦੋਂ ਬਹੁਤ ਸਾਰੇ ਐਮ.ਐਲ.ਏਜ਼., ਫੇਮਿਲੀਆਂ ਮੱਥਾ ਟੇਕਣ ਗਈਆਂ। ਸਰ, ਇਹ ਕੋਵਿਡ ਵਿੱਚ

ਵੀ, ਜਿਹੜਾ 16 ਮਾਰਚ 2020 ਨੂੰ ਬੰਦ ਕਰ ਦਿੱਤਾ ਸੀ, ਫਿਰ ਖੁੱਲ੍ਹਿਆ ਅਤੇ ਫਿਰ ਮਿਤੀ 17 ਨਵੰਬਰ 2021 ਨੂੰ ਮੁੜ ਖੁੱਲ੍ਹਿਆ ਅਤੇ ਮਿਤੀ 07 ਮਈ 2025 ਤੋਂ, ਜਦੋਂ ਪਹਿਲਗਾਮ ਦੀ ਘਟਨਾ ਹੋਈ, ਇਸ ਨੂੰ ਫਿਰ ਬੰਦ ਕਰ ਦਿੱਤਾ ਗਿਆ। ਸਰ, ਮੈਂ ਕੇਂਦਰ ਸਰਕਾਰ ਨੂੰ ਪੁੱਛਣਾ ਚਾਹਾਂਗਾ ਕਿ ਜੇ ਬਾਕੀ ਬਾਰਡਰ ਪਹਿਲਗਾਮ ਕਰਕੇ, ਜਿਹੜਾ ਅਡਾਨੀ ਦੀ ਬੰਦਰਗਾਹ ਵਾਲਾ ਬਾਰਡਰ ਹੈ, ਜੇ ਉਹ ਚੱਲ ਰਿਹਾ ਹੈ, ਉੱਥੋਂ ਸਮਾਨ ਜਾ ਰਿਹਾ ਹੈ, ਉਹ ਸਮਾਨ ਵੀ ਜਿਸ ਢੰਗ ਨਾਲ ਉੱਥੋਂ ਜਾ ਰਿਹਾ ਹੈ, ਉਹ ਵੀ ਪਹਿਲਾਂ ਸ੍ਰੀਲੰਕਾ, ਦੁਬਈ ਜਾਂਦਾ ਹੈ, ਫਿਰ ਉੱਥੋਂ ਪਾਕਿਸਤਾਨ ਨੂੰ ਘੱਲਦੇ ਹਨ, ਜੇ ਉਹ ਜਾ ਸਕਦਾ ਹੈ ਤਾਂ ਸਰ, ਜਿਹੜਾ ਸਾਡਾ ਦਰ ਹੈ, ਸਾਡਾ ਸਿੱਖੀ ਦਾ ਜਿਹੜਾ ਮੱਕਾ ਹੈ, ਸਾਡੇ ਲਈ ਉਹ ਦਰਵਾਜ਼ਾ ਕਿਉਂ ਬੰਦ ਕੀਤਾ ਗਿਆ ਹੈ, ਮੈਨੂੰ ਇਸ ਗੱਲ ਦਾ ਬਹੁਤ ਦੁੱਖ ਹੈ ਕਿਉਂਕਿ ਮੇਰਾ ਹਲਕਾ ਵੀ ਨਾਲ ਪੈਂਦਾ ਹੈ ਔਰ ਮੈਂ ਸਮਝਦਾ ਹਾਂ ਕਿ ਇਹ ਸਾਡੇ ਨਾਲ, ਸਿੱਖਾਂ ਨਾਲ ਬਹੁਤ ਵੱਡਾ ਕੇਂਦਰ ਸਰਕਾਰ ਨੇ ਧੱਕਾ ਕੀਤਾ ਹੈ। ਸਰ ਤੁਹਾਨੂੰ ਚੇਤਾ ਹੋਵੇਗਾ ਕਿ ਜਦੋਂ ਇਹ ਖੋਲ੍ਹਿਆ ਗਿਆ ਸੀ, ਦੁਨੀਆ ਭਰ ਵਿੱਚ ਸਮੂਹ ਸਿੱਖਾਂ ਨੇ, ਸਮੂਹ ਪੰਜਾਬੀਆਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਜੀ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਬਹੁਤ ਅਸੀਸਾਂ ਦਿੱਤੀਆਂ ਸਨ। ਸਾਰੀ ਦੁਨੀਆ ਖ਼ੁਸ਼ ਹੋ ਗਈ ਸੀ ਕਿ ਚੱਲੋ ਸਾਡਾ ਰਸਤਾ ਖੁੱਲ੍ਹ ਗਿਆ ਪਰ ਹੁਣ ਕਿਉਂ ਬੰਦ ਕੀਤਾ ਗਿਆ ਹੈ। ਹੁਣ ਕਿਉਂ ਲੋਕਾਂ ਤੋਂ ਬਦਅਸੀਸਾਂ ਲੈ ਰਹੇ ਹੋ। ਹੁਣ ਮੈਂ ਮੋਦੀ ਸਾਹਿਬ ਨੂੰ ਕਹਿ ਰਿਹਾ ਹਾਂ ਕਿ ਤੁਸੀਂ ਬਦਅਸੀਸਾਂ ਲੋਕਾਂ ਤੋਂ ਕਿਉਂ ਲੈ ਰਹੇ ਹੋ। ਪਾਕਿਸਤਾਨ ਦੀ ਸਰਕਾਰ ਵੱਲੋਂ ਉਸ ਤੇ ਕੋਈ ਪਾਬੰਦੀ ਨਹੀਂ ਲਗਾਈ ਜਾਂਦੀ ਅਤੇ ਨਾ ਹੀ ਉਸ ਨੇ ਲਗਾਈ ਹੈ। ਇਹ ਪਾਬੰਦੀ ਸਾਡੀ ਸਰਕਾਰ ਨੇ ਲਗਾਈ ਹੈ ਔਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਰ ਚੀਜ਼ ਨੂੰ ਮੁਨਾਫ਼ੇ ਦੇ ਨਾਲ ਨਹੀਂ ਦੇਖਣਾ ਚਾਹੀਦਾ। ਹਰ ਚੀਜ਼, ਜਿੱਥੋਂ ਤੁਹਾਨੂੰ ਮੋਦੀ ਸਾਹਿਬ ਮੁਨਾਫ਼ਾ ਮਿਲਦਾ ਹੈ, ਫ਼ਾਇਦਾ ਹੁੰਦਾ ਹੈ, ਉਹ ਤੁਸੀਂ ਬਾਰਡਰ ਖੋਲ੍ਹ ਦਿੰਦੇ ਹੋ, ਜਿੱਥੇ ਤੁਹਾਡੇ ਯਾਰਾਂ ਮਿੱਤਰਾਂ, ਦੋਸਤਾਂ ਨੂੰ ਫ਼ਾਇਦਾ ਹੁੰਦਾ, ਉਹ ਤੁਸੀਂ ਬਾਰਡਰ ਖੋਲ੍ਹ ਦਿੰਦੇ ਹੋ। ਬਈ, ਇਹ ਕਿਉਂ ਨਹੀਂ ਖੋਲ੍ਹਦੇ। ਮੈਂ ਹਾਊਸ ਦੇ ਵਿੱਚ ਕਹਿਣਾ ਚਾਹੁੰਦਾ ਹਾਂ, ਸਾਰੀ ਦੁਨੀਆ ਦੇ ਸਿੱਖ ਸੁਣਦੇ ਹੋਣਗੇ, ਸਾਰੇ ਪੰਜਾਬੀ ਭਾਰਤੀ ਸੁਣਦੇ ਹੋਣਗੇ, ਸਰ ਮੈਂ ਕਹਿ ਸਕਦਾ ਹਾਂ ਕਿ ਜੇ ਇਸ ਡੇਰਾ ਬਾਬਾ ਨਾਨਕ ਦੇ, ਇਸ ਕਰਤਾਰਪੁਰ ਲਾਂਘੇ ਦੇ ਉੱਤੇ ਮੋਦੀ ਜਾਂ ਅਮਿਤ ਸ਼ਾਹ ਦੇ ਦੋਸਤਾਂ ਦਾ ਵਪਾਰ ਹੁੰਦਾ ਅਤੇ ਜੇ ਇੱਥੇ ਅਡਾਨੀਆਂ, ਅੰਬਾਨੀਆਂ ਦਾ ਕੋਈ ਬਿਜ਼ਨਸ ਹੁੰਦਾ ਤਾਂ ਇਹ ਕਦੇ ਵੀ ਬੰਦ ਨਹੀਂ ਹੋਣਾ। ਇਹ ਉਸੇ ਤਰ੍ਹਾਂ ਹੀ ਚਲਦਾ ਰਹਿਣਾ ਸੀ, ਜਿਸ ਤਰ੍ਹਾਂ ਗੁਜਰਾਤ ਦਾ ਦੋ ਨੰਬਰ ਵਿੱਚ ਚਲਾ ਰਹੇ ਹਨ ਤੇ ਸਾਡਾ ਕਿਉਂ ਬੰਦ ਕਰ ਦਿੱਤਾ। ਸੋ ਮੈਂ ਇਸ ਮਤੇ ਦੀ ਤਾਈਦ ਕਰਦਾ ਹਾਂ ਔਰ ਮੈਂ ਸਮਝਦਾ ਹਾਂ ਕਿ ਇਹ ਲਾਂਘਾ ਤੁਰੰਤ ਖੁੱਲ੍ਹਣਾ ਚਾਹੀਦਾ ਹੈ। ਉੱਥੇ ਅੱਜ ਵੀ ਮੱਸਿਆ ਵਾਲੇ ਦਿਨ, ਹਰ ਮਹੀਨੇ ਦੀ 15 ਤਾਰੀਕ ਨੂੰ ਸਾਡੇ ਸਿੱਖ ਜਾ ਕੇ ਧੁੱਸੀ ਬੰਨ੍ਹ ਤੇ ਖੜ੍ਹੇ ਕੇ ਅਰਦਾਸ ਕਰਦੇ ਹਨ, ਇਸ ਲਈ ਇਹ ਖੋਲ੍ਹਿਆ ਜਾਵੇ। ਮੈਂ ਕੇਂਦਰ ਸਰਕਾਰ, ਮੋਦੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਿੱਖਾਂ ਦਾ, ਪਹਿਲੀ ਪਾਤਸ਼ਾਹੀ ਗੁਰੂ ਨਾਨਕ ਸਾਹਿਬ ਜਿਨ੍ਹਾਂ ਨੇ ਜ਼ਿੰਦਗੀ ਜਿਊਣ ਦੀ ਸਾਨੂੰ ਜਾਚ ਦੱਸੀ ਹੈ, ਸਰ ਜਿੱਥੇ ਜਪੁਜੀ ਸਾਹਿਬ ਲਿਖਿਆ ਗਿਆ ਹੈ, ਸਾਨੂੰ ਉਸ ਧਰਤੀ ਦੇ ਦਰਸ਼ਨ ਕਿਉਂ ਨਹੀਂ ਕਰਨ ਦਿੰਦੇ। ਸਿੱਖਾਂ ਨਾਲ ਕਿਉਂ ਐਡਾ ਵੱਡਾ ਧੱਕਾ ਕੀਤਾ ਜਾ ਰਿਹਾ ਹੈ। ਇਹ ਜਿਹੜਾ ਧੱਕਾ ਹੈ, ਅੱਜ ਇਸ ਦੇ ਖ਼ਿਲਾਫ਼ ਪੰਜਾਬ ਵਿਧਾਨ ਸਭਾ ਵਿੱਚ ਹਾਊਸ ਦੇ ਅੰਦਰ ਇਹ ਮਤਾ ਰੱਖਿਆ ਗਿਆ ਹੈ, ਜਿਹੜੀ ਅਵਾਜ਼ ਚੁੱਕੀ ਗਈ ਹੈ, ਇਹ ਬੜੀ ਕਾਬਲ-ਏ-ਤਾਰੀਫ਼ ਹੈ। ਸਾਡੇ ਮੁੱਖ ਮੰਤਰੀ ਸਾਹਿਬ ਵੀ ਬੋਲ ਕੇ ਗਏ ਹਨ।

**1545/Beant kaur**

ਸਪੀਕਰ ਸਾਹਿਬ, ਤੁਸੀਂ ਅੱਜ ਲਾਹੌਰ ਦੇ ਇਕ ਮੰਤਰੀ ਦੀ ਵੀਡੀਓ ਦੇਖੀ ਹੋਣੀ, ਜਿਹੜੀ ਸ਼ੋਸ਼ਲ ਮੀਡੀਆ ਉੱਪਰ ਹੈ। ਜਿਵੇਂ ਮਾਨ ਸਾਹਿਬ ਨੇ ਦੋ ਦਿਨ ਪਹਿਲਾਂ ਬੋਲਿਆ ਸੀ ਕਿ ਮੈਂ ਪਾਕਿਸਤਾਨ ਜਾਣਾ ਚਾਹੁੰਦਾ ਹਾਂ ਪਰ ਮੈਨੂੰ ਇਨ੍ਹਾਂ ਨੇ ਡੱਕ ਦੇਣਾ ਹੈ। ਉਥੋਂ ਦੇ ਇਕ ਮੰਤਰੀ ਨੇ ਜੀ ਆਇਆਂ ਕਿਹਾ ਹੈ ਅਤੇ ਕਿਹਾ ਹੈ ਕਿ ਇੱਦਾਂ ਦਾ ਮੁੱਖ ਮੰਤਰੀ ਹੋਣਾ ਚਾਹੀਦਾ ਹੈ। ਸਾਰੇ ਲੋਕਾਂ ਨੇ ਉਹ ਵੀਡੀਓ ਦੇਖੀ ਹੈ। ਸੋ, ਇਹ ਸਾਡਾ ਵਾਹਘਾ ਬਾਰਡਰ ਵੀ ਬੰਦ ਕਰ ਦਿੰਦੇ ਹਨ, ਸਾਡੀ ਬਸ ਵੀ ਬੰਦ ਕਰ ਦਿੰਦੇ ਹਨ, ਸਾਡੀ ਟ੍ਰੇਨ ਵੀ ਬੰਦ ਕਰ ਦਿੰਦੇ ਹਨ। ਤੁਸੀਂ ਦੇਖੋ ਕਿ ਬਾਰਡਰ ਤੋਂ ਡੇਢ ਕਿਲੋਮੀਟਰ ਤੇ ਕਰਤਾਰਪੁਰ ਸਾਹਿਬ ਹੈ। ਸਾਡੇ ਨਾਲ ਕਿੰਨੀ ਵੱਡੀ ਬੇਇਨਸਾਫ਼ੀ ਹੈ ਕਿ ਸਾਡੀ ਪਹਿਲੀ ਪਾਤਸ਼ਾਹੀ ਦੇ ਅਸਥਾਨਾਂ ਦੇ ਦਰਸ਼ਨਾਂ ਲਈ ਅਸੀਂ ਤਰਸਦੇ ਫਿਰਦੇ ਹਾਂ।

**Mr. Speaker** : Thank you.

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਇਸ ਕਰਕੇ ਮੈਂ ਇਸ ਮਤੇ ਦੀ ਪੂਰੀ ਹਮਾਇਤ ਕਰਦਾ ਹਾਂ। ਦੂਜਾ ਮਤਾ ਜਿਹੜਾ ਪਾਣੀਆਂ ਸਬੰਧੀ ਹੈ, ਇਆਲੀ ਸਾਹਿਬ ਚਲੇ ਗਏ ਹਨ।

**ਮਾਣਯੋਗ ਸਪੀਕਰ** : ਵਾਈਂਡ ਅੱਪ ਕਰ ਦਿਓ ਜੀ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਉਹ ਉਸ ਪਾਰਟੀ ਵਿੱਚ ਸਨ, ਉਸ ਪਾਰਟੀ ਨੇ ਪਾਣੀਆਂ ਲਈ ਮੋਰਚੇ ਲਗਾਏ ਪਰ ਪਾਣੀ ਨਹੀਂ ਮਿਲਿਆ। ਪਾਣੀ ਦੇ ਦਰਿਆ ਨਹੀਂ ਵਗੇ ਬਲਕਿ ਖ਼ੂਨ ਦੇ ਦਰਿਆ ਵਗੇ। ਦੋ ਪਾਰਟੀਆਂ - ਕਾਂਗਰਸ ਅਤੇ ਅਕਾਲੀ ਦਲ - ਦੀ ਗਲਤੀ ਕਰਕੇ ਹਜ਼ਾਰਾਂ ਨੌਜਵਾਨ ਮੌਤ ਦੇ ਮੂੰਹ ਵਿੱਚ ਚਲੇ ਗਏ। ਇਸ ਪਾਣੀ ਕਾਰਨ ਕਿੰਨਾ ਖ਼ੂਨ ਡੁੱਲਿਆ ਹੈ ਪਰ ਹੁਣ ਇਨ੍ਹਾਂ ਨੂੰ ਪਾਣੀ ਦੀ ਸਿਆਸਤ ਨਹੀਂ ਕਰਨ ਦਿੱਤੀ ਜਾਵੇਗੀ ਅਤੇ ਨਾ ਹੀ ਕਿਸੇ ਨੂੰ ਪਾਣੀ ਦਿੱਤਾ ਜਾਵੇਗਾ।

**Mr. Speaker** : Thank you. ਮੈਂ ਇਕ ਚੀਜ਼ ਹੋਰ ਆਨ ਰਿਕਾਰਡ ਲਿਆਉਣਾ ਚਾਹੁੰਦਾ ਹਾਂ। ਸ੍ਰੀ ਕਰਤਾਰਪੁਰ ਸਾਹਿਬ ਵਾਲਾ ਲਾਂਘਾ ਇਕੱਲਾ ਸ਼ਰਧਾਲੂਆਂ ਵਾਸਤੇ ਲਾਂਘਾ ਨਹੀਂ ਹੈ। ਇਹ ਸ਼ਾਂਤੀ, ਤਰੱਕੀ ਅਤੇ ਖੁਸ਼ੀਆਂ ਦਾ ਲਾਂਘਾ ਹੈ। ਜੇਕਰ ਇਹ ਖੁੱਲ੍ਹ ਗਿਆ ਤਾਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਤੇ ਕਸ਼ਮੀਰ, ਵੈਸਟਰਨ ਯੂ.ਪੀ, ਦਿੱਲੀ ਦਾ ਵਪਾਰ ਇੱਧਰ ਨੂੰ ਚੱਲ ਪਿਆ ਤਾਂ ਇਸ ਨੇ ਸਿੰਗਾਪੁਰ ਬਰਾਬਰ ਪਹੁੰਚ ਜਾਣਾ ਹੈ। ਇਹ ਇੰਨੀ ਵਧੀਆ ਸ਼ੁਰੂਆਤ ਹੈ। ਚਾਈਨਾ, ਜਿਹੜਾ ਰੋਜ਼ ਐਗਰੈਸ਼ਨ ਕਰਦਾ ਹਾਂ, ਜਿਨ੍ਹਾਂ ਨਾਲ ਰੋਜ਼ ਬਾਰਡਰ ਤੇ ਰੌਲਾ ਪੈਂਦਾ ਹੈ, ਉੱਧਰ ਟਰੱਕਾਂ ਦਾ by road ਆਉਣਾ-ਜਾਣਾ ਚਾਲੂ ਹੈ ਅਤੇ ਇਹ ਬੰਦ ਹੈ। ਇਹ ਬਹੁਤ ਧੱਕਾ ਹੈ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਸਰ, ਮੈਂ ਇਸੇ ਕਰਕੇ ਹੀ ਕਿਹਾ ਹੈ ਕਿ ਇਹ ਦੱਖਣੀ ਏਸ਼ੀਆ ਦਾ ਅਮਨ ਦਾ, ਟਰੇਡ ਦਾ ਰਸਤਾ ਬਣ ਸਕਦਾ ਹੈ। ਮੈਂ ਪਹਿਲਾਂ ਇਸੇ ਕਰਕੇ ਕਿਹਾ ਹੈ ਕਿ ਮੇਰੀ ਅਵਾਜ਼ ਉਥੇ ਤੱਕ ਜਾਣੀ ਚਾਹੀਦੀ ਹੈ।

**ਮਾਣਯੋਗ ਸਪੀਕਰ:** ਤੁਹਾਡੀ ਅਵਾਜ਼ ਤਾਂ ਬਿਨਾ ਸਪੀਕਰ ਤੋਂ ਵੀ ਉਥੇ ਤੱਕ ਜਾਂਦੀ ਹੈ। ਹਾਂ ਜੀ, ਨੈਕਸਟ।

**ਸਰਦਾਰ ਜਸਵੰਤ ਸਿੰਘ ਗੱਜਣਮਾਜਰਾ (ਅਮਰਗੜ੍ਹ)** : ਮਾਣਯੋਗ ਸਪੀਕਰ ਸਾਹਿਬ, ਤੁਸੀਂ ਮੈਨੂੰ ਮੌਕਾ ਦਿੱਤਾ, ਧੰਨਵਾਦ। ਜਿੰਨੇ ਮਤੇ ਆਏ ਹਨ, ਬਹੁਤ ਦੂਰ-ਅੰਦੇਸ਼ੀ ਵਾਲੇ, ਸਾਡੇ ਭਵਿੱਖ ਤੇ ਅਸਰ ਪਾਉਣ ਵਾਲੇ ਹਨ ਅਤੇ ਮੈਂ ਆਪਣੇ ਵੱਲੋਂ ਇਨ੍ਹਾਂ ਮਤਿਆਂ ਦੀ ਪੁਰਜ਼ੋਰ ਪ੍ਰੋੜ੍ਹਤਾ ਕਰਦਾ ਹਾਂ। ਬਹੁਤ ਸਾਰੇ ਸੱਜਣਾਂ ਨੇ ਪਾਣੀਆਂ ਦੇ ਮਤੇ, ਕਰਤਾਰਪੁਰ ਲਾਂਘੇ ਦੇ ਮਤੇ ਤੇ ਬੋਲਿਆ ਹੈ। ਮੈਂ ਸਮਝਦਾ ਹਾਂ ਕਿ ਮੈਂ ਜ਼ਿਆਦਾ ਤਫ਼ਸੀਲ ਵਿੱਚ ਨਾ ਜਾਵਾਂ ਕਿਉਂਕਿ ਪਾਣੀਆਂ ਦੇ ਮਤੇ ਉੱਪਰ ਬੜੀ ਡੂੰਘਾਈ ਵਿੱਚ ਗੱਲ ਹੋ ਚੁੱਕੀ ਹੈ। ਮਾਣਯੋਗ ਸਪੀਕਰ ਸਾਹਿਬ, ਮੈਂ ਪ੍ਰਭਾਵਾਂ ਬਾਰੇ ਜ਼ਰੂਰ ਗੱਲ ਕਰਨੀ ਚਾਹੁੰਦਾ ਹਾਂ। ਮਾਨ ਸਰਕਾਰ ਨੇ ਇਤਨੇ ਚੰਗੇ ਕੰਮ ਕੀਤੇ ਹਨ ਕਿ ਉਨ੍ਹਾਂ ਦਾ ਸਾਡੇ ਜੀਵਨ ਤੇ ਜੋ ਅਸਰ ਪਿਆ ਹੈ, ਜਿਨ੍ਹਾਂ ਵਿੱਚ ਸੜਕਾਂ ਚੌੜੀਆਂ ਕਰਨਾ, ਪਾਣੀਆਂ ਨੂੰ ਟੇਲਾਂ ਤੱਕ ਪਹੁੰਚਾਉਣਾ, ਇਹ ਅੱਜ ਹੀ ਨਹੀਂ, ਸਦੀਆਂ ਤੱਕ ਯਾਦ ਰੱਖੇ ਜਾਣਗੇ।

ਨੈਪੋਲੀਅਨ ਦੁਨੀਆ ਦਾ ਇਕ ਮਹਾਨ ਜਰਨੈਲ ਹੋਇਆ ਹੈ। ਉਸ ਨੇ ਇਕ sentence ਕਿਹਾ ਸੀ ਕਿ ਦੁਨੀਆ ਮੇਰੀਆਂ 40 ਜਿੱਤਾਂ ਭੁੱਲ ਜਾਵੇਗੀ ਪਰ 40 ਸੁਧਾਰ ਨਹੀਂ ਭੁੱਲ ਸਕਦੀ। ਆਪਣੇ ਸੰਵਿਧਾਨ ਵਿੱਚ ਵੀ ਉਸ ਦਾ ਬਹੁਤ ਵੱਡਾ ਯੋਗਦਾਨ ਹੈ। ਸਪੀਕਰ ਸਾਹਿਬ, ਮਾਨ ਸਰਕਾਰ ਨੇ ਜੋ ਮਨੁੱਖਤਾ ਲਈ ਕੰਮ ਕੀਤਾ ਹੈ, ਉਸ ਵਾਸਤੇ ਮੇਰੇ ਕੋਲ ਸ਼ਬਦ ਨਹੀਂ ਹਨ ਕਿ ਮੈਂ ਕਿਨ੍ਹਾਂ ਸ਼ਬਦਾਂ ਨਾਲ ਧੰਨਵਾਦ ਕਰਾਂ। ਅੱਜ ਤੋਂ ਚਾਰ ਸਾਲ ਪਹਿਲਾਂ ਅਖ਼ਬਾਰਾਂ ਦੇ ਪਹਿਲੇ ਪੇਜ਼ ਤੇ ਸੁਰਖੀ ਬਣਦੀ ਸੀ - ਚਾਰ ਕਿਸਾਨਾਂ ਨੇ ਆਤਮ ਹੱਤਿਆ ਕੀਤੀ, ਦੋ ਮਜ਼ਦੂਰਾਂ ਨੇ ਜੀਵਨ-ਲੀਲਾ ਖ਼ਤਮ ਕੀਤੀ। ਸਪੀਕਰ ਸਾਹਿਬ, ਤੁਸੀਂ ਅਤੇ ਸਾਰਾ ਹਾਊਸ ਵਧਾਈ ਦਾ ਪਾਤਰ ਹੈ ਕਿ ਅੱਜ ਅਸੀਂ ਉਨ੍ਹਾਂ ਕਾਲੇ ਦਿਨਾਂ ਤੋਂ ਬਾਹਰ ਹੋ ਗਏ ਹਾਂ। ਸਾਡੇ ਮਜ਼ਦੂਰ, ਸਾਡੇ ਕਿਸਾਨ ਹੁਣ ਅਜਿਹੀ ਮੰਦਭਾਗੀ ਘਟਨਾ ਨਹੀਂ ਕਰਦੇ। ਕਾਰਨ ਸਪੱਸ਼ਟ ਹੈ। ਮਾਨ ਸਾਹਿਬ ਨੇ ਦਿਲੋਂ ਲੋਕਾਂ ਦੇ ਹਿਤਾਂ ਲਈ, ਭਵਿੱਖ ਲਈ ਕੰਮ ਕੀਤਾ ਹੈ।

**1550/Karamjit kaur**

ਉਸ ਦੇ ਨਾਲ ਆਰਥਿਕਤਾ ਬਹੁਤ ਹੀ ਚੰਗੇ ਤਰੀਕੇ ਨਾਲ ਉੱਚੀ ਹੋਈ ਹੈ। ਸਪੀਕਰ ਸਾਹਿਬ, ਮੈਨੂੰ ਯਾਦ ਹੈ, ਅਕਾਲੀ ਗੌਰਮਿੰਟ ਮੌਕੇ ਪਸ਼ੂਆਂ ਦੇ ਵਪਾਰੀ ਇੱਥੇ ਆਉਣੋਂ ਹਟ ਗਏ ਸੀ। ਪਸ਼ੂਆਂ ਦੇ ਇੱਕ ਵਪਾਰੀ ਨੂੰ ਰਾਜਪੁਰੇ ਵਿੱਚ ਇੰਨਾ ਕੁੱਟਿਆ ਗਿਆ ਸੀ ਕਿ ਇੱਥੇ ਪਸ਼ੂ ਵਿਕਣੋਂ ਹਟ ਗਏ ਸੀ। ਜਿਸ ਦੇ ਕਾਰਨ ਜਿਹੜੇ ਸਾਡੇ ਮਜ਼ਦੂਰ ਪਸ਼ੂ ਪਾਲਦੇ ਸੀ, ਪਸ਼ੂ ਪਾਲਕ ਸੀ, ਉਨ੍ਹਾਂ ਦੇ ਪਸ਼ੂ ਮਿੱਟੀ ਦੇ ਬਰਾਬਰ ਹੋ ਗਏ ਸੀ। ਉੱਧਰ ਸਾਡਾ ਪਾਣੀ ਇੰਨਾ ਡੂੰਘਾ ਚਲਿਆ ਗਿਆ ਸੀ, ਜਿਸ ਦੇ ਨਾਲ ਖੇਤੀ ਦੀ ਸਪਲਾਈ ਬਹੁਤ ਟੁੱਟ ਚੁੱਕੀ ਸੀ। ਅਜਿਹੇ ਹਾਲਾਤ ਵਿੱਚ ਕਿਸਾਨ ਆਤਮ ਹੱਤਿਆ ਕਰ ਲੈਂਦੇ ਸੀ, ਹੋਰ ਉਹ ਕੀ ਕਰਦੇ? ਇਸ ਕਰਕੇ ਮੈਂ ਸਾਰੇ ਹਾਊਸ ਨੂੰ, ਜਿਹੜੇ ਵਿਧਾਨ ਸਭਾ ਵਿੱਚ ਚੁਣ ਕੇ ਆਏ ਹਨ, ਮੈਂ ਉਨ੍ਹਾਂ ਦੇ ਜੀਵਨ ਨੂੰ ਸਫਲ ਮੰਨਦਾ ਹਾਂ। ਸਪੀਕਰ ਸਾਹਿਬ, ਮੁੱਖ ਮੰਤਰੀ ਅਤੇ ਤੁਹਾਡਾ ਇੱਕ ਇੱਕ ਸ਼ਬਦ ਪੰਜਾਬ ਦੇ ਇਤਿਹਾਸ ਵਿੱਚ ਲਿਖਿਆ ਜਾਣਾ ਹੈ।

ਦੂਸਰਾ, ਮੈਨੂੰ ਇਸ ਗੱਲ ਦਾ ਬਹੁਤ ਹੀ ਦਿਲੋਂ ਅਫ਼ਸੋਸ ਹੁੰਦਾ ਹੈ, ਅਸੀਂ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੇ ਉਨ੍ਹਾਂ ਸਭ ਪਿਛਲੇ ਧਰਮਾਂ ਦੀਆਂ ਉਹ ਚੀਜ਼ਾਂ ਜਿਹੜੀਆਂ ਮਨੁੱਖਤਾ ਵਿੱਚ ਰੂੜੀਵਾਦੀ ਸੋਚ ਵਾਲੀਆਂ ਸੀ ਤੇ ਕਰਮ-ਕਾਂਡਾਂ ਦੇ ਵਿੱਚ ਸੀ, ਉਨ੍ਹਾਂ ਨੂੰ ਤੋੜ ਦਿੱਤਾ। ਸਾਨੂੰ ਗੁਰੂ ਸਾਹਿਬ ਨੇ ਇੱਕ ਨਵੀਂ ਦੁਨੀਆਂ ਦਿਖਾਈ। ਗੁਰੂ ਨਾਨਕ ਸਾਹਿਬ ਨੇ ਸ੍ਰੀ

ਕਰਤਾਰਪੁਰ ਸਾਹਿਬ ਵਿਖੇ ਖੇਤੀ ਕਰਕੇ ਪਰਿਵਾਰ ਉੱਥੇ ਪਾਲ ਕੇ, ਦਸਾਂ ਨਹੁੰਆਂ ਦੀ ਕਿਰਤ, ਨਾਮ ਜਪੋ, ਵੰਡ ਛਕੋ ਅਤੇ ਕਿਰਤ ਕਰੋ ਦਾ ਸਿਧਾਂਤ ਸਾਨੂੰ ਦਿੱਤਾ। ਉਸ ਸਿਧਾਂਤ ਨੇ ਪੂਰਨ ਤੌਰ ਤੇ ਪਿਛਲੇ ਸੰਨਿਆਸੀ ਜੀਵਨ ਤੋਂ ਮੁਆਫੀ ਮੰਗੀ ਅਤੇ ਪਹਿਲੀ ਵਾਰ ਹੋਇਆ ਕਿ ਕਿਸੇ ਧਰਮ ਵਿੱਚ ਗ੍ਰਹਿਸਤੀ ਧਰਮ ਉੱਤੇ ਗੁਰੂ ਸਾਹਿਬ ਨੇ ਇੰਨਾ ਜ਼ੋਰ ਦਿੱਤਾ। ਗੁਰੂ ਸਾਹਿਬ ਨੇ ਕਿਹਾ ਕਿ ਜੰਗਲਾਂ ਵਿੱਚ ਬੈਠ ਕੇ ਰੱਬ ਨਹੀਂ ਮਿਲਦਾ, ਭਬੂਤੀਆਂ ਮਲ਼ ਕੇ ਰੱਬ ਨਹੀਂ ਮਿਲਦਾ। ਰੱਬ ਮਿਲੇਗਾ ਤਾਂ ਦਸਾਂ ਨਹੁੰਆਂ ਦੀ ਕਿਰਤ ਕਰਕੇ ਮਿਲੇਗਾ। ਜਦੋਂ ਕੋਈ ਉਨ੍ਹਾਂ ਕੋਲ ਜਾਂਦਾ ਸੀ ਤਾਂ ਉਹ ਸਿਧਾਂਤ ਲਾਗੂ ਹੁੰਦਾ ਸੀ । ਗੁਰੂ ਸਾਹਿਬ ਨੇ ਉੱਥੇ ਲੰਗਰ ਪ੍ਰਥਾ ਚਲਾਈ। ਸਪੀਕਰ ਸਾਹਿਬ, ਅੱਜ ਦੁਨੀਆਂ ਵਿੱਚ ਜੇ ਸਿੱਖਾਂ ਦਾ ਨਾਮ ਹੈ ਤਾਂ ਉਹ ਲੰਗਰ ਪ੍ਰਥਾ ਕਰਕੇ ਹੈ, ਜੰਮੂ ਕਸ਼ਮੀਰ ਵਿੱਚ ਜਦੋਂ ਹੜ੍ਹ ਆਇਆ ਤਾਂ ਉੱਥੇ ਇੱਕ ਲੱਖ ਬੰਦੇ ਦਾ ਲੰਗਰ ਡੇਅਲੀ ਜਾਂਦਾ ਸੀ। ਉੱਥੇ ਦੇ ਵਿਦਵਾਨਾਂ ਨੇ ਇਹ ਗੱਲ ਕਹੀ ਕਿ ਜੇ ਸੇਵਾ ਕਰਨੀ ਹੈ ਤਾਂ ਸਿੱਖਾਂ ਤੋਂ ਸਿੱਖੋ। ਮੈਨੂੰ ਸਮਝ ਨਹੀਂ ਲੱਗੀ ਕਿ ਮੋਦੀ ਸਰਕਾਰ ਨੇ ਕਿਸ ਕਰਕੇ ਗੁਰੂ ਸਾਹਿਬ ਦੀ ਉਸ ਰਹੱਸਮਈ ਧਰਤੀ ਨੂੰ ਸਾਡੇ ਤੋਂ ਦੂਰ ਕਿਉਂ ਕੀਤਾ? ਸਾਨੂੰ ਉੱਥੇ ਜਾਣ ਤੋਂ ਕਿਉਂ ਰੋਕਿਆ ਜਾਂਦਾ? ਜਿੱਥੇ ਕਿ ਹਰ ਇੱਕ ਸਿੱਖ ਆਪਣਾ ਸਿਰ ਝੁਕਾ ਕੇ ਸਦਾ ਲਈ ਇਵੇਂ ਮੰਨਦਾ ਹੈ ਕਿ ਮੈਂ ਆਪਣੇ ਜੀਵਨ ਵਿੱਚ ਪਵਿੱਤਰ ਹੋ ਗਿਆ ਹੋਵਾਂ। ਸਪੀਕਰ ਸਾਹਿਬ, ਮੈਂ ਉੱਥੇ ਦੂਜੇ ਤੀਜੇ ਦਿਨ ਹੀ ਚਲਿਆ ਗਿਆ ਸੀ, ਜਦੋਂ ਲਾਂਘਾ ਖੁਲਿਆ ਸੀ। ਤੁਸੀਂ ਸੋਚ ਨਹੀਂ ਸਕਦੇ ਕਿ ਕੰਧਾਂ ਦੇ ਨਾਲ ਲੱਗ ਲੱਗ ਕੇ ਇਕੱਲਾ ਇਕੱਲਾ ਸਿੱਖ ਜਿਸਦੇ ਮਨ ਵਿੱਚ ਗੁਰੂ ਸਾਹਿਬ ਨਾਲ ਪਿਆਰ ਸੀ, ਉਨ੍ਹਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਇਸ ਤਰ੍ਹਾਂ ਕਿਰ ਰਹੇ ਸਨ ਜਿਵੇਂ ਉਨ੍ਹਾਂ ਨੂੰ ਲੱਗਿਆ ਕਿ ਮੈਂ ਕਿਸੇ ਹੋਰ ਦੁਨੀਆਂ ਵਿੱਚ ਪਹੁੰਚ ਗਿਆ ਹੋਵਾਂ। ਸਪੀਕਰ ਸਾਹਿਬ, ਜੇ ਇਸ ਤਰ੍ਹਾਂ ਦੀ ਧਰਤੀ, ਜਿਸ ਥਾਂ ਤੇ ਸਾਡਾ ਮਨ ਲਗਦਾ ਹੈ, ਸਾਡਾ ਤਨ ਲਗਦਾ ਹੈ, ਸਾਡਾ ਇਤਿਹਾਸ ਤੇ ਸਿੱਖ ਪੰਥ ਸਿਰਜਿਆ ਗਿਆ ਹੋਵੇ, ਜਿਹੜਾ ਅਸਥਾਨ ਦਸਾਂ ਗੁਰੂਆਂ ਦੀ ਜੋਤ ਦਾ ਪਹਿਲਾ ਪ੍ਰਚਾਰ ਦਾ ਕੇਂਦਰ ਹੋਵੇ, ਜੇ ਕੋਈ ਉਸ ਨੂੰ ਸਾਡੇ ਤੋਂ ਦੂਰ ਕਰਦਾ ਹੈ, ਫਿਰ ਉਹ ਸਾਡਾ ਕੀ ਲਗਦਾ ਹੈ? ਸਾਡਾ ਉੱਥੇ ਕੀ ਰਹਿ ਗਿਆ? ਇੱਕ ਸਿਰਫ ਇੱਕ ਪੁਲ ਦੀ ਹੀ ਦੂਰੀ ਹੈ। ਅਸੀਂ ਤਾਂ ਚਾਹੁੰਦੇ ਹਾਂ ਕਿ ਸਾਨੂੰ ਨਨਕਾਣਾ ਸਾਹਿਬ ਲਈ ਵੀ ਕੋਰੀਡੋਰ ਦਿੱਤਾ ਜਾਵੇ ਪਰ ਇਨ੍ਹਾਂ ਨੇ ਸਾਡੇ ਜਮਾਂ ਗੁਆਂਢ ਵਿੱਚ ਜਾਣ ਦਾ ਅਧਿਕਾਰ ਹੀ ਸਾਡੇ ਤੋਂ ਖੋਹ ਲਿਆ। ਸਾਡਾ ਲਾਹੌਰ ਦਾ ਤਖਤ ਗਿਆ। ਸਾਡੇ ਤਾਂ ਦੁੱਖੜੇ ਇੰਨੇ ਹਨ ਕਿ ਜਦੋਂ ਦਿੱਲੀ ਵਿੱਚ ਦੀਵੇ ਜਗਦੇ ਸੀ, ਸਰਕਾਰੀ ਅੰਕੜਾ 10 ਲੱਖ ਦਾ ਸੀ ਪਰ 20 ਲੱਖ ਦਾ ਅੰਕੜਾ ਹੈ, ਜਿਹੜਾ ਗੈਰ ਸਰਕਾਰੀ ਹੈ, ਆਪਣੇ ਚੁੱਲ੍ਹੇ ਬੁਝ ਗਏ ਸੀ। ਪੰਜਾਬ ਵਿੱਚ ਤਿੰਨ ਮਹੀਨੇ ਖ਼ੂਨਾਂ ਦੀ ਹੋਲੀ ਖੇਡੀ ਗਈ। ਉਸ ਥਾਂ ਤੇ ਜਿਸ ਥਾਂ ਤੇ ਸਾਡੇ ਗੁਰੂ ਸਾਹਿਬ ਰਹੇ, ਸਾਡੇ ਸਿੱਖਾਂ ਨੂੰ ਇੱਦਾਂ ਮਾਯੂਸ ਹੋ ਕੇ ਉਥੋਂ ਪੰਜਾਬ ਨੂੰ ਵਾਪਸ ਆਉਣਾ ਪਿਆ ਕਿ ਉਨ੍ਹਾਂ ਨੂੰ ਪਤਾ ਵੀ ਨਹੀਂ ਸੀ ਕਿ ਸਾਡੀ ਇਹ ਧਰਤੀ ਪਰਾਈ ਹੋ ਜਾਵੇਗੀ। ਸਪੀਕਰ ਸਾਹਿਬ, ਸਾਡੇ ਜਖਮਾਂ ਤੇ ਜਿਹੜੇ ਲੂਣ ਛਿੜਕੇ ਜਾ ਰਹੇ ਹਨ, ਅਸੀਂ ਇਨ੍ਹਾਂ ਨੂੰ ਭੁਲਾ ਨਹੀਂ ਸਕਦੇ। ਮੈਂ ਕਹਿੰਦਾ ਹਾਂ ਕਿ ਇਕੱਲਾ ਸਿੱਖ ਹੀ ਨਹੀਂ, ਕਿਉਂਕਿ ਸਾਡੀ ਬਾਣੀ ਕਹਿੰਦੀ ਹੈ ਕਿ ਸਰਬੱਤ ਦਾ ਭਲਾ ਹੋਵੇ। ਅਸੀਂ ਇਹ ਅਰਦਾਸ ਕਰਦੇ ਹਾਂ। ਦੁਨੀਆਂ ਵਿੱਚ ਇੱਕ ਬਹੁਤ ਵੱਡਾ ਹਿਸਟੋਰੀਅਨ ਹੋਇਆ ਹੈ, ਉਸ ਨੇ ਆਖਿਆ ਕਿ ਜੇ ਕਿਸੇ ਟਾਈਮ ਕੋਈ ਇੰਨੀ ਬਰਬਾਦੀ ਦੁਨੀਆਂ ਵਿੱਚ ਹੋ ਜਾਵੇ, ਤਾਂ ਕੋਈ ਧਰਮ ਨਾ ਵੀ ਕਿਤੇ ਬਚਣ ਵਾਲਾ ਰਹੇ ਤਾਂ ਇੱਕੋ ਇੱਕ ਸਿੱਖ ਧਰਮ ਦਾ ਪ੍ਰਚਾਰ ਰਹਿ ਸਕਦਾ ਹੈ ਜਿਸ ਦੇ ਵਿੱਚ ਕੋਈ ਜਾਤ ਨਹੀਂ, ਕੋਈ ਪਾਤ ਨਹੀਂ, ਕੋਈ ਊਚ ਨਹੀਂ, ਕੋਈ ਨੀਚ ਨਹੀਂ, ਕੋਈ ਗਰੀਬ ਨਹੀਂ ਅਤੇ ਕੋਈ ਅਮੀਰ ਨਹੀਂ। ਐਸਾ ਸਿਧਾਂਤ, ਮੈਂ ਜਦੋਂ ਸਿੱਖ ਧਰਮ ਦੀ ਵਿਆਖਿਆ ਕਰਦਾ ਹਾਂ ਤਾਂ ਮੈਂ ਇਮੋਸ਼ਨਲ ਹੋ ਜਾਂਦਾ ਹਾਂ। ਜਦੋਂ ਅਸੀਂ ਗੁਰੂ

ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ ਦੀ ਗੱਲ ਕਰਦੇ ਹਾਂ, ਮੇਰੇ ਤੋਂ ਇਹ ਗੱਲ ਕਹੀ ਨਹੀਂ ਜਾਂਦੀ। ਮੇਰੇ ਮੂੰਹ ਦੇ ਵਿੱਚੋ ਸ਼ਬਦ ਨਿਕਲਣੇ ਔਖੇ ਹੋ ਜਾਂਦੇ ਹਨ।

**1555/harpreet singh**

ਸਪੀਕਰ ਸਾਹਿਬ, ਅੱਜ ਅਸੀਂ ਅਰਦਾਸ ਹੀ ਕਰ ਸਕਦੇ ਹਾਂ ਕਿ ਇਹ ਜਿਹੜੀਆਂ ਜ਼ਾਲਮ ਸਰਕਾਰਾਂ ਸਾਨੂੰ ਸਾਡੇ ਬਾਬੇ ਨਾਨਕ ਦੀ ਧਰਤੀ ਤੋਂ ਤੋੜਦੀਆਂ ਹਨ, ਉਨ੍ਹਾਂ ਨੂੰ ਰੱਬ ਸੁਮੱਤ ਬਖਸ਼ੇ। ਉਨ੍ਹਾਂ ਦੇ ਦਿਲਾਂ ਵਿਚ ਰਹਿਮ ਪੈਦਾ ਕਰੇ ਤਾਂ ਕਿ ਸਾਨੂੰ ਸਾਡੇ ਗੁਰਧਾਮਾਂ ਦੇ ਦਰਸ਼ਨ ਦੀਦਾਰ ਹੋ ਸਕਣ। ਸਪੀਕਰ ਸਾਹਿਬ, ਇਹ ਪੰਜਾਬ ਦੇ ਇਕੱਲਾ ਕਰਤਾਰਪੁਰ ਸਾਹਿਬ ਨਹੀਂ, ਇਹ ਪੂਰੇ ਮੱਧ ਏਸ਼ੀਆ ਦਾ ਅਰਬ ਤੱਕ ਦਾ ਲਾਂਘਾ ਹੈ। ਇਹ ਵਪਾਰ ਦੀਆਂ ਗੱਲਾਂ ਕਰਦੇ ਹਨ, ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਤਾਂ ਪੰਜਾਬ ਦੀ ਆਰਥਿਕਤਾ ਦਾ ਵੀ ਬਹੁਤ ਵੱਡਾ ਮੁੱਦਾ ਹੈ ਕਿਉਂਕਿ ਸਾਡੀ ਧਰਤੀ ਲੰਬੀ ਦੂਰੀ ਤੱਕ ਜੁੜੀ ਹੋਈ ਹੈ। ਦੁਨੀਆ ਦੀ ਧਰਤੀ ਦਾ ਸਭ ਤੋਂ ਲੰਬਾ ਟੁਕੜਾ ਯੂਰੇਸ਼ੀਆ ਅਤੇ ਏਸ਼ੀਆ।

**ਮਾਣਯੋਗ ਸਪੀਕਰ**: ਵਾਈਂਡ-ਅੱਪ ਕਰੋ ਜੀ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਸੋ, ਮੈਂ ਇਹੀ ਬੇਨਤੀ ਕਰਦਾ ਹਾਂ ਕਿ ਇਹ ਲਾਂਘਾ ਖੋਲਿਆ ਜਾਵੇ। ਬਹੁਤ ਧੰਨਵਾਦ ਜੀ।

**ਸਰਦਾਰ ਦਲਜੀਤ ਸਿੰਘ ਗਰੇਵਾਲ ਭੋਲਾ (ਲੁਧਿਆਣਾ ਪੂਰਬੀ)**: ਸਪੀਕਰ ਸਾਹਿਬ, ਬਹੁਤ ਧੰਨਵਾਦ ਕਿ ਤੁਸੀਂ ਲੋਕਪੱਖੀ ਰੰਗਲਾ ਪੰਜਾਬ ਬਣਾਉਣ ਵਾਲੇ ਮਤਿਆਂ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਨ੍ਹਾਂ ਸਾਰੇ ਮਤਿਆਂ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ। ਜਿਵੇਂ ਵਿੱਤ ਮੰਤਰੀ ਜੀ ਬੋਲ ਕੇ ਗਏ ਹਨ, ਸਾਡੇ ਚਾਰ ਸਾਲਾਂ ਦੀ ਸਰਕਾਰ ਵਿਚ ਜੀ.ਐਸ.ਟੀ. ਤਿੰਨ ਗੁਣਾ ਹੋ ਗਿਆ, ਸਟੈਂਪ ਡਿਊਟੀ ਤਿੰਨ ਗੁਣਾ ਹੋ ਗਈ, ਐਕਸਾਈਜ਼ ਆਮਦਨ ਵੀ ਤਿੰਨ ਗੁਣਾ ਹੋ ਗਈ। ਜਿਸ ਨਾਲ ਅੱਜ ਲੋਕਪੱਖੀ ਸਕੀਮਾਂ ਦਿੱਤੀਆਂ ਜਾ ਰਹੀਆਂ ਹਨ। 600 ਯੂਨਿਟਾਂ ਦੀ ਗੱਲ ਹੋਵੇ, ਆਮ ਆਦਮੀ ਕਲੀਨਿਕਾਂ ਦੀ ਗੱਲ ਹੋਵੇ, ਸਕੂਲ ਆਫ਼ ਐਮੀਨੈਂਸ ਦੀ ਗੱਲ ਹੋਵੇ, 10 ਲੱਖ ਸਿਹਤ ਬੀਮਾ ਯੋਜਨਾ ਦੀ ਗੱਲ ਹੋਵੇ, ਕਰੋੜ ਰੁਪਿਆ ਸ਼ਹੀਦ ਫੌਜੀਆਂ ਨੂੰ ਦੇਣ ਦੀ ਗੱਲ ਹੋਵੇ, ਤੀਰਥ ਬੱਸ ਯਾਤਰਾ ਦੀ ਗੱਲ ਹੋਵੇ, ਮਾਵਾਂ ਧੀਆਂ ਸਤਿਕਾਰ ਯੋਜਨਾ ਦੀ ਗੱਲ ਹੋਵੇ, ਇਹ ਸਾਰੀਆਂ ਗਰੰਟੀਆਂ ਸਾਡੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿਚ ਪੂਰੀਆਂ ਕਰਕੇ ਵਿਖਾਈਆਂ ਹਨ। ਪਿਛਲੀਆਂ ਸਰਕਾਰਾਂ ਵੱਲੋਂ ਵੀ ਮੁਫ਼ਤ ਬਿਜਲੀ ਯੂਨਿਟ ਮਿਲਦੇ ਸੀ ਪਰ ਪਹਿਲਾਂ ਸਿਰਫ਼ ਵੋਟਾਂ ਖਾਤਰ ਦਿੱਤੇ ਜਾਂਦੇ ਸੀ ਤੇ ਅੱਜ 600 ਯੂਨਿਟ ਉਨ੍ਹਾਂ ਲੋੜਵੰਦ ਪਰਿਵਾਰਾਂ ਨੂੰ ਮੁਫ਼ਤ ਦਿੱਤੇ ਗਏ ਹਨ, ਜਿਹੜੇ ਜ਼ਰੂਰਤਮੰਦ ਸੀ। ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥ ਨਾ ਕੋਈ ਊਚ ਨੀਚ, ਨਾ ਕੋਈ ਭੇਦ ਭਾਵ। ਪਹਿਲਾਂ ਸਿਰਫ਼ ਵੋਟਾਂ ਖਾਤਰ ਕੁੱਝ ਯੂਨਿਟ ਹੀ ਮੁਫ਼ਤ ਦਿੱਤੇ ਜਾਂਦੇ ਸੀ ਪਰ ਸਾਡੀ ਸਰਕਾਰ ਵੇਲੇ ਹਰ ਆਮ ਆਦਮੀ ਦੀ ਉਮੀਦ ਪੂਰੀ ਹੋਈ ਹੈ। ਜਦੋਂ ਅਸੀਂ ਲੋਕਾਂ ਵਿਚ ਜਾਂਦੇ ਹਾਂ ਤੇ ਪੁੱਛਦੇ ਹਾਂ ਕਿ ਸਰਕਾਰ ਬਾਰੇ ਤੁਹਾਡਾ ਕੀ ਖਿਆਲ ਹੈ ਤਾਂ ਉਹ ਕਹਿੰਦੇ ਹਨ ਕਿ ਸਾਨੂੰ ਤਾਂ ਫਾਇਦਾ ਹੀ ਪਹਿਲੀ ਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਵਿਚ ਹੋਇਆ ਹੈ। ਜੇਕਰ ਸਕੂਲਾਂ ਬਾਰੇ ਲੋਕਾਂ ਨੂੰ ਪੁੱਛਦੇ ਹਾਂ ਤਾਂ ਲੋਕ

ਕਹਿੰਦੇ ਹਨ ਕਿ ਅਸੀਂ ਤਾਂ ਸੁਪਨੇ ਵਿਚ ਵੀ ਅਜਿਹਾ ਨਹੀਂ ਸੀ ਸੋਚਿਆ ਕਿ ਅਜਿਹੇ ਵਧੀਆ ਸਕੂਲ ਬਣ ਜਾਣਗੇ। ਮੈਂ ਸਾਲ 2007 ਵਿਚ ਪਹਿਲੀ ਵਾਰ ਕੌਂਸਲਰ ਬਣਿਆ ਤਾਂ ਲੋਕ ਮੇਰੇ ਕੋਲ ਸਿਫ਼ਾਰਸ਼ ਲੈ ਕੇ ਆਉਂਦੇ ਕਿ ਸਾਡੇ ਬੱਚੇ ਦਾ ਫਲਾਣੇ ਪ੍ਰਾਈਵੇਟ ਸਕੂਲ ਵਿਚ ਦਾਖਲਾ ਕਰਵਾ ਦਿਓ, ਫੀਸ ਘੱਟ ਕਰਵਾ ਦਿਓ। ਮੈਂ ਕਹਿੰਦਾ ਸੀ ਕਿ ਸਰਕਾਰੀ ਸਕੂਲ ਵਿਚ ਦਾਖਲਾ ਕਰਵਾ ਦਿੰਦਾ ਹਾਂ ਤਾਂ ਉਹ ਕਹਿੰਦੇ ਸੀ ਕਿ ਨਾ ਜੀ ਨਾ, ਉੱਥੇ ਤਾਂ ਬੈਠਣ ਨੂੰ ਤੱਪੜ ਵੀ ਨਹੀਂ ਹਨ। ਹੁਣ ਲੋਕ ਮੇਰੇ ਕੋਲ ਸਿਫਾਰਸ਼ ਲੈ ਕੇ ਆਉਂਦੇ ਹਨ ਕਿ ਸਾਡੇ ਬੱਚਿਆਂ ਦਾ ਸਕੂਲ ਆਫ਼ ਐਮੀਨੈਂਸ ਵਿਚ ਦਾਖਲਾ ਕਰਵਾ ਦਿਓ। ਹੁਣ ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਚਲੋ ਮੈਂ ਹੁਣ ਐਮ.ਐਲ.ਏ ਬਣ ਗਿਆ ਹਾਂ, ਮੇਰੇ ਕੋਲ ਥੋੜ੍ਹੀ ਪਾਵਰ ਵੱਧ ਹੈ, ਮੈਂ ਤੁਹਾਡਾ ਪ੍ਰਾਈਵੇਟ ਸਕੂਲ ਵਿਚ ਦਾਖਲਾ ਕਰਵਾ ਦਿੰਦਾ ਹਾਂ, ਉਹ ਕਹਿੰਦੇ ਹਨ ਕਿ ਨਹੀਂ ਜੀ ਨਹੀਂ, ਸਾਡੇ ਬੱਚੇ ਦਾ ਸਕੂਲ ਆਫ਼ ਐਮੀਨੈਂਸ ਵਿਚ ਹੀ ਦਾਖਲਾ ਕਰਵਾਓ। ਸੋ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿੱਥੇ 50 ਬੱਚਿਆਂ ਦੇ ਬੈਠਣ ਦੀ ਜਗ੍ਹਾ ਹੈ, ਉੱਥੇ 90-100 ਵਿਦਿਆਰਥੀ ਹੋ ਗਏ ਹਨ। ਮੈਂ ਲੋਕਾਂ ਨੂੰ ਕਹਿੰਦਾ ਹਾਂ ਕਿ ਬੈਠਣਾ ਔਖਾ ਹੋਵੇਗਾ ਤਾਂ ਉਹ ਕਹਿੰਦੇ ਹਨ ਕਿ ਕੋਈ ਗੱਲ ਨਹੀਂ ਅਸੀਂ ਔਖੇ ਸੌਖੇ ਹੋ ਕੇ ਸਾਰ ਲਵਾਂਗੇ ਪਰ ਤੁਸੀਂ ਸਾਡੇ ਬੱਚੇ ਦਾ ਸਕੂਲ ਆਫ਼ ਐਮੀਨੈਂਸ ਵਿਚ ਦਾਖਲਾ ਕਰਵਾ ਦਿਓ। ਸੋ, ਇਹ ਫਰਕ ਹੈ।

ਜੇਕਰ ਤੀਰਥ ਯਾਤਰਾ ਦੀ ਗੱਲ ਕਰੀਏ ਤਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਰਬ ਧਰਮ ਸਰਕਾਰ ਹੈ। ਅਸੀਂ ਹਰ ਧਰਮ ਦੇ ਅਸਥਾਨ ਤੇ ਤੀਰਥ ਯਾਤਰਾ ਬੱਸ ਚਲਾਈ ਹੈ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦੁਰਗਿਆਨਾ ਮੰਦਿਰ, ਸ੍ਰੀ ਰਾਮ ਤੀਰਥ, ਜਲਿਆਂਵਾਲਾ ਬਾਗ, ਵਾਹਗਾ ਬਾਰਡਰ, ਸ੍ਰੀ ਖਾਟੂ ਸ਼ਾਮ, ਸਾਲਾਸਰ, ਸ੍ਰੀ ਹਰਿਦੁਆਰ, ਰਿਸ਼ੀਕੇਸ਼, ਵਿਰਿੰਦਾਵਨ, ਮਥਰਾ ਆਦਿ ਹਰ ਧਰਮ ਵਾਸਤੇ ਯਾਤਰਾ ਚਲਾਈ ਹੈ। ਸਾਡੀ ਸਰਕਾਰ ਨੇ ਹਰ ਧਰਮ ਦਾ ਸਤਿਕਾਰ ਕੀਤਾ ਹੈ। ਜੇਕਰ ਰਾਸ਼ਨ ਕਿੱਟ ਦੀ ਗੱਲ ਕਰਦੇ ਹਾਂ ਤਾਂ ਪਹਿਲਾਂ ਕਣਕ ਦਿੱਤੀ ਜਾਂਦੀ ਸੀ।

**1600/amandeep kaur**

ਅੱਜ ਤੇਲ, ਚਾਵਲ, ਖੰਡ ਵੀ ਦਿੱਤੀ ਜਾਂਦੀ ਹੈ। ਫੌਜੀਆਂ ਨੂੰ ਕਰੋੜ ਰੁਪਏ ਦੇਣ ਦੀ ਗੱਲ ਕੀਤੀ ਜਾਂਦੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਮੈਂ ਪਹਿਲੀ ਵਾਰ ਕੌਂਸਲਰ ਬਣਿਆ ਉਦੋਂ ਮੇਰੇ ਕੋਲ ਬੀਬੀਆਂ ਆਉਂਦੀਆਂ ਸੀ ਕੇ ਸਾਡੀ ਪੈਨਸ਼ਨ ਲਗਵਾ ਦਿਉ, ਸਾਡਾ ਕੋਈ ਹੱਲ ਨਹੀਂ ਹੋ ਰਿਹਾ ਹੈ। ਉਨ੍ਹਾਂ ਬੀਬੀਆਂ ਦੀਆਂ ਜੁੱਤੀਆਂ ਘੱਸ ਜਾਂਦੀਆਂ ਸਨ ਪਰ ਅੱਜ ਜਦੋਂ ਕੋਈ ਫੌਜੀ ਸ਼ਹੀਦ ਹੁੰਦਾ ਹੈ, ਵੈਸੇ ਤਾਂ ਪਰਮਾਤਮਾ ਕਿਰਪਾ ਰੱਖੇ ਕਿਸੇ ਦਾ ਪੁੱਤ ਸ਼ਹੀਦ ਨਾ ਹੋਵੇ, ਕਿਸੇ ਪਤਨੀ ਦਾ ਪਤੀ ਸ਼ਹੀਦ ਨਾ ਹੋਵੇ, ਪਰ ਸਰਕਾਰ ਨੇ ਜੋ ਕੰਮ ਕੀਤਾ ਹੈ, ਕਰੋੜ ਰੁਪਿਆ ਜੋ ਸ਼ਹੀਦ ਫੌਜੀਆਂ ਨੂੰ ਦੇਣ ਨੂੰ ਕਿਹਾ, ਉਹ ਜ਼ਿਆਦਾ ਦਿਨ ਨਾ ਲੈ ਕੇ ਤੀਸਰੇ ਤੋਂ ਚੌਥੇ ਦਿਨ ਮਾਨ ਸਾਹਿਬ ਆਪ ਜਾ ਕੇ ਘਰ ਚੈੱਕ ਦੇ ਕੇ ਆਉਂਦੇ ਹਨ। ਕਿੱਥੇ ਪਹਿਲਾਂ ਜੁੱਤੀਆਂ ਘੱਸ ਜਾਂਦੀਆਂ ਸਨ। ਅੱਜ ਹਰ ਕੰਮ ਦੇ ਵਿੱਚ ਹਰ ਸਕੀਮ ਦੇ ਵਿੱਚ ਲੋਕਾਂ ਦਾ ਫਾਇਦਾ ਹੋਇਆ ਹੈ। ਇਹ ਕਹਿ ਸਕਦੇ ਹਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਆਦਮੀ ਵਾਸਤੇ ਹੈ ਜਿਹੜੀਆਂ ਪਹਿਲੀਆਂ ਸਰਕਾਰਾਂ ਸੀ ਉਹ ਖਾਸ ਵਾਸਤੇ ਸਨ। ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਆਦਮੀ ਵਾਸਤੇ ਕੰਮ ਕਰ ਰਹੀ ਹੈ। ਹੁਣ ਜਦੋਂ ਆਮ ਆਦਮੀ ਨੂੰ ਸਕੀਮਾਂ ਦਾ ਲਾਭ ਹੋ ਰਿਹਾ ਹੈ ਤਾਂ ਕਾਂਗਰਸ ਵਾਲਿਆਂ ਦਾ ਢਿੱਡ ਦੁੱਖਣ ਲੱਗ

ਗਿਆ। ਕੁਝ ਕਾਂਗਰਸ ਵਾਲਿਆਂ ਨੇ ਕਿਹਾ ਕਿ ਇਹ ਸਕੀਮਾਂ ਬੰਦ ਕਰ ਦਿਆਂਗੇ। ਅੱਜ 600 ਯੂਨਿਟ ਫਰੀ ਦਿੱਤਾ ਤਾਂ ਕਾਂਗਰਸ ਵਾਲਿਆਂ ਦਾ ਢਿੱਡ ਦੁੱਖਣ ਲੱਗ ਗਿਆ। ਅੱਜ ਮਾਵਾਂ ਧੀਆਂ ਸਤਿਕਾਰ ਯੋਜਨਾਂ ਤਹਿਤ ਜੇਕਰ 1000-1500 ਰੁਪਏ ਜਦੋਂ ਮਾਵਾਂ ਧੀਆਂ ਦੇ ਖਾਤੇ ਵਿੱਚ ਪੈ ਗਿਆ ਤਾਂ ਉਨ੍ਹਾਂ ਦਾ ਢਿੱਡ ਦੁੱਖਣ ਲੱਗ ਗਿਆ। ਪਿਛਲੇ 75 ਸਾਲਾਂ ਦੇ ਵਿੱਚ ਰਲ ਮਿਲ ਕੇ ਕਾਂਗਰਸ ਅਤੇ ਅਕਾਲੀ ਭਾਜਪਾ ਸਰਕਾਰਾਂ ਨੇ ਆਮ ਆਦਮੀ ਨੂੰ ਲੁੱਟਿਆ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਮ ਆਦਮੀ ਵਾਸਤੇ ਸਾਢੇ ਚਾਰ ਸਾਲ ਆਮ ਆਦਮੀ ਵਾਸਤੇ ਕੰਮ ਕੀਤੇ ਹਨ। ਇਹ ਮਿਸਾਲ ਕਾਇਮ ਕੀਤੀ ਹੈ। ਬੇਮਿਸਾਲ ਕੰਮ ਹੋਏ ਹਨ। ਅੱਜ ਆਮ ਆਦਮੀ ਖੁਸ਼ ਹੈ। ਅੱਜ ਹਰ ਆਮ ਆਦਮੀ ਚਾਹੁੰਦਾ ਹੈ ਕਿ ਆਮ ਆਦਮੀ ਪਾਰਟੀ ਦੁਬਾਰਾ ਆਉਣੀ ਚਾਹੀਦੀ ਹੈ। ਜਦੋਂ ਅਸੀਂ ਮਾਵਾਂ ਧੀਆਂ ਦੇ ਕੋਲ ਜਾਂਦੇ ਹਾਂ, ਜਿਹੜੇ ਮਰਜ਼ੀ ਏਰੀਏ ਦੇ ਵਿੱਚ ਜਾਂਦੇ ਹਾਂ, ਜਦੋਂ ਪੁੱਛਦੇ ਹਾਂ ਕਿ ਮਾਤਾ ਜੀ ਕੀ ਤੁਹਾਡੇ ਖਾਤੇ ਵਿੱਚ ਪੈਸੇ ਆ ਗਏ ਤਾਂ ਅੱਗੋਂ ਉਹ ਬੜੀ ਖੁਸ਼ੀ ਨਾਲ ਦੱਸਦੇ ਹਨ ਕਿ ਇੱਕਲੇ ਮੇਰੇ ਖਾਤੇ ਦੇ ਵਿੱਚ ਨਹੀਂ ਆਏ ਸਗੋਂ ਮੇਰੀ ਬੇਟੀ ਦੇ ਖਾਤੇ ਦੇ ਵਿੱਚ ਵੀ ਆ ਗਏ, ਮੇਰੀ ਨੂੰਹ ਦੇ ਖਾਤੇ ਦੇ ਵਿੱਚ ਵੀ ਆ ਗਏ। ਕਈਆਂ ਦੇ 18000-18000 ਰੁਪਏ ਆਏ ਹਨ। ਹੁਣ ਜੇਕਰ ਦੂਜੀ ਵਾਰ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਦੂਜੀ ਵਾਰ ਵੀ ਪੈਸੇ ਆ ਗਏ ਹਨ। ਅੱਜ ਹਰ ਮਾਂ, ਧੀ, ਭੈਣ ਯਾਨੀ ਕਿ ਹਰ ਆਮ ਆਦਮੀ ਖੁਸ਼ ਹੈ। ਮੈਂ ਇੱਕ ਹੋਰ ਗੱਲ ਦੱਸਣਾ ਚਾਹੁੰਦਾ ਹਾਂ ਕਿ ਕਈ ਥਾਵਾਂ ਤੇ ਰੌਲਾ ਪੈਂਦਾ ਹੈ, ਅਖਬਾਰਾਂ ਜਾਂ ਵੀਡੀਓ ਰਾਹੀਂ ਦੇਖਦੇ ਹਾਂ ਕਿ ਬੰਦਿਆਂ ਵਾਸਤੇ ਕੁਝ ਨਹੀਂ ਕੀਤਾ। ਪਰ ਜਿਹੜੇ ਆਮ ਆਦਮੀ ਹਨ, ਜਿਹੜੇ ਬੰਦੇ ਹਨ ਉਹ ਕਹਿੰਦੇ ਹਨ ਕਿ ਸਾਡਾ ਕੰਮ ਤੁਸੀਂ ਸੌਖਾ ਕਰ ਦਿੱਤਾ ਹੈ। ਕਹਿੰਦੇ ਹੁਣ ਸਾਡੇ ਕੋਲੋਂ ਘਰਦੇ ਪੈਸੇ ਨਹੀਂ ਮੰਗਦੇ ਹਨ, ਪੈਸੇ ਤੁਹਾਡੀ ਸਰਕਾਰ ਦੇਣ ਲੱਗ ਗਈ ਹੈ। ਸਰਦਾਰ ਭਗਵੰਤ ਮਾਨ ਜੀ ਸਾਡੇ ਘਰ ਪੈਸੇ ਦੇਣ ਲੱਗ ਗਏ ਹਨ। ਸਾਡਾ ਖਰਚਾ ਘੱਟ ਗਿਆ ਹੈ। ਨਹੀਂ ਤਾਂ ਅਸੀਂ ਸ਼ਾਮ ਨੂੰ ਘਰ ਜਾਂਦੇ ਸੀ ਤਾਂ ਪੁੱਛਦੇ ਸੀ ਕਿ ਕੀ ਲੈ ਕੇ ਆਏ ਹੋ, ਕੀ ਕਮਾ ਕੇ ਲਿਆਏ ਹੋ, ਸਾਡੇ ਤੋਂ ਇਹ ਪੁੱਛਣੋਂ ਹੱਟ ਗਏ ਹਨ। ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਆਦਮੀ ਵਾਸਤੇ ਕੰਮ ਕਰ ਰਹੀ ਹੈ। ਮੈਂ ਮੁੱਖ ਮੰਤਰੀ ਸਾਹਿਬ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਮ ਆਦਮੀ ਵਾਸਤੇ ਕੰਮ ਕੀਤਾ। ਬਹੁਤ ਬਹੁਤ ਧੰਨਵਾਦ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ):** ਮਾਣਯੋਗ ਸਪੀਕਰ ਸਾਹਿਬ, ਧੰਨਵਾਦ ਤੁਸੀਂ ਮੈਨੂੰ ਇਸ important ਵਿਸ਼ੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਰਾਣਾ ਗੁਰਜੀਤ ਜੀ ਕਿੱਥੇ ਹਨ?

**ਰਾਣਾ ਇੰਦਰ ਪ੍ਰਤਾਪ ਸਿੰਘ:** ਸਰ, ਉਹ ਹੈ ਨਹੀਂ ਜੀ। ਆਪਾਂ ਇੱਥੇ ਰਾਈਪੇਰੀਅਨ ਲਾਅ ਦੀ ਗੱਲ ਕਰਨੀ ਹੈ, ਸਾਨੂੰ ਵਿਧਾਨ ਸਭਾ ਵਿੱਚ ਵੀ ਇਸ ਨੂੰ actively discuss ਕਰਨਾ ਚਾਹੀਦਾ ਹੈ। ਕਾਂਗਰਸ ਦਾ ਟਾਈਮ ਜਿਹੜਾ ਕਿ ਰਾਣਾ ਜੀ ਦਾ ਹੈ ਉਸ ਤੇ ਹੱਕ ਤਾਂ ਮੇਰਾ ਬਣਦਾ ਹੀ ਹੈ। ਮੈਨੂੰ ਉਨ੍ਹਾਂ ਦਾ 18 ਮਿੰਟ ਦਾ ਸਮਾਂ ਵੀ ਦੇ ਦੇਣਾ ਜੀ ਤਾਂ ਕਿ ਮੈਂ ਪੰਜਾਬ ਦਾ ਪੱਖ ਰੱਖ ਸਕਾਂ।

**ਮਾਣਯੋਗ ਸਪੀਕਰ:** ਮੈਂ ਤਾਂ ਹੀ ਪੁੱਛਿਆ ਹੈ (ਹਾਸਾ)। ਰੱਖੋ ਜੀ। ਆਪਾਂ ਪੰਜਾਬ ਦੀ ਗੱਲ ਕਰਨੀ ਹੈ।

Unedited Version/ Not for Legal/ Official use Dated: Tuesday, 27th October, 2026

**1605/Tarlochan Singh**

**ਰਾਣਾ ਇੰਦਰ ਪ੍ਰਤਾਪ ਸਿੰਘ** : ਸਪੀਕਰ ਸਾਹਿਬ, ਪੰਜਾਬ ਦਰਿਆਵਾਂ ਦੀ ਧਰਤੀ ਹੈ ਤੇ ਪਾਣੀ ਦੀ ਵੰਡ ਨੂੰ ਲੈ ਕੇ ਪੰਜਾਬ ਨਾਲ ਹਮੇਸ਼ਾ ਧੱਕਾ ਹੋਇਆ ਹੈ। ਜਦੋਂ ਦੇਸ਼ ਵੰਡਿਆ ਗਿਆ ਤਾਂ ਸਾਡਾ ਪਾਣੀ Indus Water Treaty ਰਾਹੀਂ ਪਾਕਿਸਤਾਨ ਨੂੰ ਦਿੱਤਾ ਗਿਆ। ਜਦੋਂ ਰਾਜਸਥਾਨ ਨੂੰ ਪਾਣੀ ਦਿੱਤਾ ਗਿਆ, ਉਦੋਂ ਵੀ ਪੰਜਾਬ ਦਾ ਨੁਕਸਾਨ ਹੋਇਆ ਹੈ। ਹਰਿਆਣਾ ਤੇ ਪੰਜਾਬ ਦੀ ਵੰਡ ਹੋਈ ਤਾਂ ਪੰਜਾਬ ਨੂੰ ਆਪਣਾ ਹੱਕ ਨਹੀਂ ਮਿਲਿਆ। ਹਰਿਆਣਾ ਨੂੰ ਸਤਲੁਜ ਰਾਵੀ ਅਤੇ ਬਿਆਸ ਵਿੱਚੋਂ ਪੂਰਾ ਪਾਣੀ ਦਿੱਤਾ ਗਿਆ ਹੈ। ਸੈਕਸ਼ਨ 78, 79 ਤੇ 80 ਦੀ ਗੱਲ ਕਰੀਏ ਤਾਂ ਇਸ ਦੀ ਸ਼ੁਰੂਆਤ 29.01.1955 ਨੂੰ ਹੋਈ ਸੀ, ਜਦੋਂ ਬਿਆਸ ਤੇ ਰਾਵੀ ਦਾ ਪਾਣੀ ਵੰਡਿਆ ਗਿਆ। ਅੱਧਾ ਪਾਣੀ ਰਾਜਸਥਾਨ ਨੂੰ ਦੇ ਦਿੱਤਾ ਗਿਆ ਜਿਹੜੀ ਕਿ ਇੱਕ ਨਾਨ-ਰਾਈਪੇਰੀਅਨ ਸਟੇਟ ਸੀ। ਇਹ ਡਿਸੀਜ਼ਨ ਬਗੈਰ ਕਿਸੇ ਕੈਬਨਿਟ ਦੇ ਫ਼ੈਸਲੇ ਤੋਂ ਹੋਇਆ ਹੈ ਅਤੇ ਨਾ ਹੀ ਇਹ ਇਸ਼ੂ ਵਿਧਾਨ ਸਭਾ ਵਿੱਚ ਲਿਆਂਦਾ ਗਿਆ ਸੀ। ਸਤਲੁਜ ਰਾਵੀ ਤੇ ਬਿਆਸ ਦਾ ਪਾਣੀ ਹਰਿਆਣਾ ਦਿੱਲੀ ਤੇ ਰਾਜਸਥਾਨ ਦੀ ਧਰਤੀ ਨੂੰ ਛੂਹ ਕੇ ਨਹੀਂ ਜਾਂਦਾ ਹੈ। ਰੀਆਰਗੇਨਾਈਜ਼ੇਸ਼ਨ ਐਕਟ ਦੇ ਸੈਕਸ਼ਨ 78, 79 ਅਤੇ 80 ਰਾਹੀਂ ਪਾਣੀ ਨੂੰ ਕੰਟਰੋਲ ਕਰਨ, ਡਿਵਾਈਡ ਕਰਨ ਦੀ ਪਾਵਰ ਸੈਂਟਰ ਨੂੰ ਦੇ ਦਿੱਤੀ ਗਈ। ਇਹ ਮਸਲਾ ਇਕੱਲਾ ਪਾਣੀ ਦਾ ਨਹੀਂ ਹੈ ਬਲਕਿ ਇਹ ਪੰਜਾਬ ਦੇ ਨਹਿਰੀ ਕਨਾਲ ਵਾਟਰ ਦੇ ਨਾਲ ਲਿੰਕੇਜ ਹੈ, ਟਿਊਬਵੈੱਲਾਂ ਰਾਹੀਂ ਐਕਸਟਰੈਕਟ ਕੀਤੇ ਪਾਣੀ ਨਾਲ, ਕਿਸਾਨਾਂ ਦੀ ਖੇਤੀ ਦੀ ਲਾਗਤ ਨਾਲ ਲਿੰਕੇਜ ਹੈ, ਗਰਾਊਂਡ ਵਾਟਰ ਪ੍ਰਦੂਸ਼ਿਤ ਹੋਣ ਨਾਲ ਲਿੰਕੇਜ ਹੈ। ਬਿਜਲੀ ਰਾਹੀਂ ਮੋਟਰਾਂ ਰਾਹੀਂ ਪਾਵਰ ਯੂਟੀਲਾਈਜ਼ ਕਰਕੇ ਆਪਣੇ ਹਿੱਸੇ ਦਾ ਪਾਣੀ ਰਾਜਸਥਾਨ ਨੂੰ ਦੇਣ ਦਾ ਖਰਚਾ 10000 ਕਰੋੜ ਰੁਪਿਆ ਆਉਂਦਾ ਹੈ। ਸਾਡੇ ਡੈਮ ਕੋਈ ਹੋਰ ਕੰਟਰੋਲ ਕਰਦਾ ਹੈ ਪਰ ਸਾਡੇ ਪਿੰਡ ਡੁੱਬਦੇ ਹਨ, ਪੰਜਾਬ ਦੇ ਪਿੰਡ ਡੁੱਬਦੇ ਹਨ। ਕੇਂਦਰ ਸਰਕਾਰ ਵੱਲੋਂ ਨਾ ਤਾਂ ਉਨ੍ਹਾਂ ਨੂੰ ਫਸਲਾਂ ਦਾ ਖਰਾਬਾ ਦਿੱਤਾ ਜਾਂਦਾ ਹੈ, ਨਾ ਫਸਲਾਂ ਦਾ ਪੂਰਾ ਮੁੱਲ ਦਿੱਤਾ ਜਾਂਦਾ ਹੈ। ਕਦੇ 7800 ਵਾਲੀ ਸਕੀਮ ਆ ਜਾਂਦੀ ਹੈ ਕਦੇ 9800 ਦੀ ਸਕੀਮ ਆ ਜਾਂਦੀ ਹੈ, ਉਹ ਸਕੀਮ ਵੀ ਹੈਕਟਰਾਂ ਵਿੱਚ ਆਉਣੀ ਹੈ, ਢਾਈ ਏਕੜ ਲਈ ਅਤੇ ਨਾ ਹੀ ਉਨ੍ਹਾਂ ਦੇ ਘਰ ਬਣਾਏ ਜਾਂਦੇ ਹਨ। ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਇਸ ਗੱਲ ਲਈ ਅਕਾਊਂਟੇਬਿਲਿਟੀ ਫਿਕਸ ਹੋਵੇ।

ਸਪੀਕਰ ਸਾਹਿਬ, ਸਾਡੀਆਂ ਜ਼ਮੀਨਾਂ, ਸਾਡੀਆਂ ਫਸਲਾਂ, ਸਾਡੀਆਂ ਨਹਿਰਾਂ, ਸਾਡੇ ਕਨਾਲ ਤੇ ਸਾਡੀ ਆਉਣ ਵਾਲੀ ਪੀੜ੍ਹੀ ਇੱਕ ਧਾਗੇ ਨਾਲ ਜੁੜੀ ਹੋਈ ਹੈ ਅਤੇ ਇਹ ਧਾਗਾ ਪਾਣੀਆਂ ਨਾਲ ਜੁੜਿਆ ਹੋਇਆ ਹੈ ਅਤੇ ਜਿਹੜੇ ਪਾਣੀ ਹੈ, ਇਹ ਇਨ੍ਹਾਂ ਤਿੰਨਾਂ ਸੈਕਸ਼ਨਾਂ 78, 79 ਅਤੇ 80 ਨਾਲ ਜੁੜਿਆ ਹੋਇਆ ਹੈ। ਸਪੀਕਰ ਸਾਹਿਬ, ਸੈਕਸ਼ਨ 246(3) ਇਹ ਕਹਿੰਦਾ ਹੈ Entry 17 clearly states ਕਿ ਪਾਣੀ, ਇਰੀਗੇਸ਼ਨ, ਕਨਾਲਜ਼, ਵਾਟਰ ਸਟੋਰੇਜ ਅਤੇ ਹਾਈਡਰੋ ਪਲਾਂਟ, ਇਹ ਸਾਰੇ ਦੇ ਸਾਰੇ ਸਟੇਟ ਸਬਜੈਕਟ ਹਨ, ਇਸ ਵਿੱਚ ਸੈਂਟਰ ਦਖਲ ਨਹੀਂ ਦੇ ਸਕਦਾ। ਸੈਂਟਰ ਸਿਰਫ ਐਂਟਰੀ 56 ਤਹਿਤ ਡਿਵੈਲਪਮੈਂਟ ਬਾਰੇ ਗੱਲ ਕਰ ਸਕਦਾ ਹੈ। ਸਰ, ਸੰਨ 2000 ਤੋਂ ਬਾਅਦ ਸਾਡੇ ਮੁਲਕ ਵਿੱਚ ਕਈ ਸੂਬੇ ਵੰਡੇ ਗਏ ਹਨ, ਬਿਹਾਰ, ਝਾਰਖੰਡ, ਐਮ.ਪੀ., ਛੱਤੀਸਗੜ੍ਹ, ਯੂ.ਪੀ., ਉਤਰਾਂਚਲ ਅਤੇ ਪਿੱਛੇ ਜਿਹੇ ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ ਵੀ ਵੰਡਿਆ ਗਿਆ ਹੈ ਪਰ ਇਨ੍ਹਾਂ ਸਾਰਿਆਂ ਵਿੱਚ ਸੈਂਟਰ ਨੇ ਇੰਟਰਫੇਅਰ ਨਹੀਂ ਕੀਤਾ ਅਤੇ ਪਾਣੀਆਂ ਦੇ ਰਾਈਟ ਰਾਜਾਂ ਕੋਲ ਹੀ ਰਹੇ ਹਨ। ਅੱਜ ਸਟੇਟ ਹੀ ਉਨ੍ਹਾਂ ਨੂੰ ਕੰਟਰੋਲ ਕਰ ਰਿਹਾ ਹੈ ਪਰ ਪੰਜਾਬ ਨਾਲ

ਇਹ ਵਿਤਕਰਾ ਕਿਉਂ ਹੁੰਦਾ ਹੈ? ਉਹ ਇੱਕ ਸੈਪਰੇਟ ਕਾਨੂੰਨ ਬਣਾ ਕੇ ਸਾਡੇ ਪਾਣੀਆਂ ਨੂੰ ਕੰਟਰੋਲ ਕਰਨਾ ਚਾਹੁੰਦੇ ਹਨ। ਪੰਜਾਬ ਨਾਲ ਹਮੇਸ਼ਾ, ਹਰ ਪੱਖ ਵਿੱਚ ਡਬਲ ਸਟੈਂਡਰਡ ਵਰਤਦੇ ਹਨ।

ਸਪੀਕਰ ਸਾਹਿਬ, ਜੇ ਅਸੀਂ ਗੱਲ ਕਰੀਏ ਤਾਂ ਹਰਿਆਣਾ ਨਾਲ, ਯਮੁਨਾ ਨਾਲ ਸਾਡੀ ਪੂਰਬੀ ਬਾਉਂਡਰੀ ਲੱਗਦੀ ਸੀ, ਉਸ ਵਿੱਚੋਂ ਪੰਜਾਬ ਵਿੱਚੋਂ ਹਿੱਸਾ ਨਹੀਂ ਮਿਲਿਆ ਹੈ ਪਰ ਰਾਵੀ ਅਤੇ ਬਿਆਸ ਦਾ ਪੂਰੇ ਪਾਣੀ ਦਾ ਹਿੱਸਾ ਹਰਿਆਣਾ ਨੂੰ ਦਿੱਤਾ ਗਿਆ ਹੈ। ਸਪੀਕਰ ਸਾਹਿਬ, 1955 ਵਿੱਚ Union Minister of Irrigation ਨੇ ਇੱਕ ਮੀਟਿੰਗ ਕੀਤੀ, ਉਸ ਦਾ ਨਾਂ ਹੀ ਇੱਕ ਸੀਕਰੇਟ ਮੀਟਿੰਗ ਸੀ। ਉਸ ਵਿੱਚ 1921-1922 ਦਾ ਡਾਟਾ ਵਾਚਿਆ ਗਿਆ ਕਿ 1921-1922 ਵਿੱਚ ਨਹਿਰਾਂ ਵਿੱਚ ਕਿੰਨਾ ਪਾਣੀ ਫਲੋਅ ਕਰ ਰਿਹਾ ਹੈ, ਉਸ ਬੇਸ ਤੇ ਸਾਡੇ ਪਾਣੀਆਂ ਨੂੰ ਵੰਡਿਆ ਗਿਆ ਹੈ। ਸਰ, ਰਾਵੀ ਬਿਆਸ ਵਿੱਚ 15.85 MAF ਪਾਣੀ ਸੀ ਤੇ ਉਸ ਪਾਣੀ ਵਿੱਚੋਂ 8MAF ਪਾਣੀ ਰਾਜਸਥਾਨ ਨੂੰ, ਮਤਲਬ ਕਿ 50% ਪਾਣੀ ਦੇ ਦਿੱਤਾ ਗਿਆ। ਚੌਧਰੀ ਲਹਿਰੀ ਸਿੰਘ ਜੀ ਨੇ ਸ਼ੁਰੂਆਤ ਵਿੱਚ ਆਬਜੈਕਟ ਕੀਤਾ ਪਰ 7 ਮਹੀਨਿਆਂ ਬਾਅਦ ਕਿਸੇ ਰਾਜਨੀਤਿਕ ਦਬਾਅ XYZ pressure ਕਾਰਨ ਉਨ੍ਹਾਂ ਨੇ ਉਹ ਐਗਰੀਮੈਂਟ ਸਾਈਨ ਕੀਤਾ। ਉਹ ਐਗਰੀਮੈਂਟ ਤਾਂ ਸਾਈਨ ਕਰ ਲਿਆ ਪਰ ਨਾ ਉਹ ਐਗਰੀਮੈਂਟ ਸੀ, ਨਾ ਕੈਬਨਿਟ ਤੋਂ ਅਪਰੂਵ ਸੀ ਅਤੇ ਨਾ ਹੀ ਹਾਊਸ ਤੋਂ ਅਪਰੂਵ ਸੀ।

ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਜਿਹੜੇ ਅਸੀਂ ਸੈਕਸ਼ਨ ਰਿਜੈਕਟ ਕਰ ਰਹੇ ਹਾਂ, ਸੈਕਸ਼ਨ 78, 79 ਅਤੇ 80, ਕੀ ਇਨ੍ਹਾਂ ਦੀ ਕੈਬਨਿਟ ਤੋਂ ਅਪਰੂਵਲ ਹੈ? ਇਹ ਇਸ਼ੂਜ਼ ਲੀਗਲ ਪੱਧਰ ਤੇ ਜਾਣੇ ਹਨ, ਕੱਲ੍ਹ ਨੂੰ ਇਹ ਨਾ ਹੋਵੇ ਕਿ ਇਹ ਕੈਬਨਿਟ ਨੇ ਅਪਰੂਵ ਨਹੀਂ ਕੀਤਾ ਹੈ।

**1610/Sukhpiar Singh**

ਮੇਰੇ ਖਿਆਲ ਨਾਲ ਕੈਬਨਿਟ ਦੀ ਅਪਰੂਵਲ ਨਹੀਂ ਹੈ। ਸੋ, ਮੈਂ ਬੇਨਤੀ ਕਰਾਂਗਾ ਕਿ ਇਸ ਤੇ ਕੈਬਨਿਟ ਦੀ ਜ਼ਰੂਰ ਅਪਰੂਵਲ ਲਈ ਜਾਵੇ।

**ਮਾਣਯੋਗ ਸਪੀਕਰ**: ਮੈਂ ਆਪਣੀ ਜਾਣਕਾਰੀ ਵਾਸਤੇ ਪੁੱਛ ਰਿਹਾ ਹਾਂ ਕਿ ਜੇ ਵਿਧਾਨ ਸਭਾ ਨੇ ਹੀ ਪਾਸ ਕਰ ਦਿੱਤਾ ਤਾਂ ਮੇਰਾ ਖਿਆਲ ਹੈ ਕਿ ਕੈਬਨਿਟ ਤਾਂ ਥੱਲੇ ਰਹਿ ਗਈ।

**ਰਾਣਾ ਇੰਦਰ ਪ੍ਰਤਾਪ ਸਿੰਘ**: ਠੀਕ ਹੈ, ਸਰ। ਇਸ ਮੀਟਿੰਗ ਵਿੱਚ ਇੱਕ ਹੋਰ ਬੜਾ ਇੰਪਾਰਟੈਂਟ ਪੁਆਇੰਟ ਡਿਸਾਈਡ ਹੋਇਆ ਸੀ ਕਿ ਜੇ ਪਾਣੀ ਦਾ ਫਲੋਅ 1921-22 ਦੇ ਡਾਟੇ ਤੋਂ ਭਵਿੱਖ ਵਿੱਚ ਵਧੇਗਾ ਜਾਂ ਘਟੇਗਾ ਔਰ ਸਮੇਂ ਸਮੇਂ ਸਿਰ ਉਸ ਪਾਣੀ ਨੂੰ ਰੀਐਲੋਕੇਟ ਕੀਤਾ ਜਾਵੇਗਾ। ਸਰ, ਅੱਜ ਸਾਡੇ ਦਰਿਆਵਾਂ ਵਿੱਚ 17 ਐਮ.ਏ.ਐਫ. ਤੋਂ ਪਾਣੀ ਘੱਟ ਕੇ 13 ਐਮ.ਏ.ਐਫ. ਹੋ ਚੁੱਕਿਆ ਹੈ। ਉਸ ਵਿੱਚ ਸਿਰਫ ਪੰਜਾਬ ਦਾ ਸ਼ੇਅਰ ਹੀ ਘਟਿਆ ਹੈ। ਜਿਹੜਾ ਰਾਜਸਥਾਨ ਨੂੰ ਸ਼ੇਅਰ ਮਿਲ ਰਿਹਾ ਹੈ, ਉਹ ਆਪਣਾ ਪੁਰਾਣਾ ਸ਼ੇਅਰ ਹੀ ਮਿਲ ਰਿਹਾ ਹੈ। ਸਰ, ਇਸ ਵਿੱਚ ਇੱਕ ਚੀਜ਼ ਹੋਰ ਡਿਸਾਈਡ ਹੋਈ ਸੀ ਕਿ ਪਾਣੀ ਦਾ ਭਾਅ ਸੈਪਰੇਟਲੀ ਡਿਸਾਈਡ ਕੀਤਾ ਜਾਵੇਗਾ। ਸਰ, ਪੰਜਾਬ ਨੇ ਰਾਜਸਥਾਨ ਨੂੰ ਪਾਣੀ ਡੈਜ਼ਰਟ ਐਗਰੀਕਲਚਰ ਵਾਸਤੇ ਦਿੱਤਾ ਸੀ। ਰੇਗਿਸਤਾਨਾਂ ਵਿੱਚ ਖੇਤੀਬਾੜੀ ਲਈ ਦਿੱਤਾ ਸੀ, ਲਿਫਟ ਇਰੀਗੇਸ਼ਨ ਵਾਸਤੇ

ਨਹੀਂ ਦਿੱਤਾ ਸੀ। ਉਨ੍ਹਾਂ ਨੇ ਲਿਫਟ ਇਰੀਗੇਸ਼ਨ ਕਰਨੀ ਚਾਲੂ ਕਰ ਦਿੱਤੀ। ਉਸ ਤੋਂ ਬਾਅਦ ਉਹ ਪੰਜਾਬ ਦਾ ਪਾਣੀ ਲੈ ਕੇ ਆਇਲ ਰਿਫਾਈਨਰੀਆਂ ਅਤੇ ਇੰਡਸਟਰੀਆਂ ਨੂੰ ਵੇਚ ਰਹੇ ਹਨ। ਸਰ, ਜੇ ਦਿੱਲੀ ਹਿਮਾਚਲ ਪ੍ਰਦੇਸ਼ ਤੋਂ ਜਿਹੜਾ ਪਾਣੀ ਲੈਂਦਾ ਹੈ, ਉਸ ਦੇ ਪੈਸੇ ਦੇ ਸਕਦਾ ਹੈ, ਦਿੱਲੀ ਪਾਣੀ ਖਰੀਦਦਾ ਹੈ ਫਿਰ ਰਾਜਸਥਾਨ ਅਤੇ ਬਾਕੀ ਸੂਬਿਆਂ ਨੂੰ ਵੀ ਪੰਜਾਬ ਦੇ ਪਾਣੀ ਦੇ ਪੈਸੇ ਦੇਣੇ ਬਣਦੇ ਹਨ।

ਸਪੀਕਰ ਸਾਹਿਬ, ਮੈਂ ਇੱਕ ਹੋਰ ਗੱਲ ਤੁਹਾਡੇ ਧਿਆਨ ਵਿੱਚ ਲਿਆਉਣੀ ਚਾਹੁੰਦਾ ਹਾਂ ਕਿ ਚੀਫ ਜਸਟਿਸ ਆਫ ਇੰਡੀਆ ਨੇ ਲੀਗਲੀ ਇਹ 1975 ਵਿੱਚ ਫੈਸਲਾ ਕੀਤਾ ਸੀ ਕਿ A non-riparian State has no right to the water flowing in a State. ਰਾਜਸਥਾਨ ਕੋਲ ਸਾਡਾ ਕੋਈ ਪਾਣੀ ਦਾ ਹੱਕ ਨਹੀਂ ਹੈ। 1978 ਵਿੱਚ ਸ਼੍ਰੀ ਮੋਰਾਰਜੀ ਦੇਸਾਈ ਪ੍ਰਧਾਨ ਮੰਤਰੀ ਸੀ, ਮੁੱਖ ਮੰਤਰੀ ਹਰਿਆਣਾ ਅਤੇ ਰਾਜਸਥਾਨ ਉਨ੍ਹਾਂ ਕੋਲ ਗਏ ਕਿ ਸਾਨੂੰ ਪਾਣੀ ਵੱਧ ਚਾਹੀਦਾ ਹੈ ਅਤੇ ਉਨ੍ਹਾਂ ਨੇ ਇੱਕ ਹੀ ਸਵਾਲ ਪੁੱਛਿਆ ਕਿ ਤੁਸੀਂ ਮੈਨੂੰ ਇਹ ਦੱਸ ਦਿਉ ਕਿ ਜਿਹੜਾ ਪਾਣੀ ਸਤਲੁਜ, ਰਾਵੀ ਤੇ ਬਿਆਸ ਦਾ ਮੇਰੇ ਤੋਂ ਮੰਗਣ ਆਏ ਹੋ, ਕੀ ਉਹ ਰਾਜਸਥਾਨ ਤੇ ਹਰਿਆਣਾ ਵਿੱਚ ਵਗਦਾ ਹੈ, ਤੁਹਾਡੀ ਸਟੇਟ ਵਿੱਚ ਵਗਦਾ ਹੈ। ਸੋ, ਸਪੀਕਰ ਸਾਹਿਬ, ਜੇ ਆਪਾਂ ਪਾਣੀ ਦੇ ਭਾਅ ਦੀ ਗੱਲ ਕਰੀਏ ਤਾਂ ਸਰਹਿੰਦ ਕੈਨਾਲ ਐਗਰੀਮੈਂਟ ਹੋਇਆ ਸੀ ਜਦੋਂ ਪਟਿਆਲਾ, ਜੀਂਦ ਅਤੇ ਨਾਭਾ ਰਜਵਾੜਿਆਂ ਦੀ princely ਸਟੇਟ ਸੀ।

**ਮਾਣਯੋਗ ਸਪੀਕਰ**: ਰਾਣਾ ਜੀ, ਕਨਕਲੂਡ ਕਰ ਲਵੋ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, ਮੈਂ ਪ੍ਰੋਡਕਟਿਵ ਗੱਲ ਕਰ ਰਿਹਾ ਹਾਂ। ਨਾਨ ਪ੍ਰੋਡਕਟਿਵ ਕੋਈ ਗੱਲ ਨਹੀਂ ਕੀਤੀ ਜੀ।

**ਮਾਣਯੋਗ ਸਪੀਕਰ**: ਰੈਪੀਟੀਸ਼ਨ ਵੀ ਕਾਫੀ ਹੈ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, ਪ੍ਰੈਕਟੀਕਲ ਗੱਲ ਹੀ ਹੈ, ਤਿੰਨ ਚਾਰ ਗੱਲਾਂ ਹੀ ਹਨ।

**Mr. Speaker:** Everything has been talked out.

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, princely ਸਟੇਟਸ ਦੀ ਇਹ ਗੱਲ ਕਿਸੇ ਨੇ ਨਹੀਂ ਕੀਤੀ, ਪਟਿਆਲਾ, ਜੀਂਦ ਅਤੇ ਨਾਭਾ, they paid for royalty of water to Punjab. ਸਰ, 1920 ਵਿੱਚ ਮਹਾਰਾਜਾ ਗੰਗਾ ਸਿੰਘ ਬਿਕਾਨੇਰ ਪਾਣੀ ਲੈ ਕੇ ਗਏ, ਪੰਜਾਬ ਤੋਂ, ਹੁਸੈਨੀਵਾਲਾ ਤੋਂ, he paid for royalty. ਜਿਸ ਦਿਨ ਬਿਕਾਨੇਰ ਰਾਜਸਥਾਨ ਵਿੱਚ ਆ ਗਿਆ, ਉਸ ਦਿਨ ਉਹ ਪਾਣੀ ਦੇ ਪੈਸੇ ਆਉਣੇ ਚਾਲੂ ਹੋ ਗਏ ਸੀ। ਸਰ, ਪੰਜਾਬ ਦਾ ਲਾਸ ਹੋਇਆ, ਸਾਡਾ 50% ਪਾਣੀ ਇੱਕ ਨੋਟੀਫਿਕੇਸ਼ਨ ਨਾਲ ਚਲਿਆ ਗਿਆ। ਰਿਪੇਰੀਅਨ ਸਟੇਟ ਦਾ ਜਿਹੜਾ ਸਾਡਾ ਰਾਈਟ ਸੀ, ਉਹ set-aside ਹੋ ਗਿਆ। ਨਹਿਰੀ ਪਾਣੀ ਦੀ ਜਗ੍ਹਾ 14 ਲੱਖ ਟਿਊਬਵੈੱਲ ਲੱਗ ਗਏ, ਸਾਡਾ ਸਾਲ ਦਾ 10 ਹਜ਼ਾਰ ਕਰੋੜ ਰੁਪਿਆ ਸਾਲ ਦਾ ਖਰਚਾ ਸੀ, ਬੀ.ਬੀ.ਐਮ.ਬੀ. ਵਿੱਚ ਕੋਈ ਗਰੰਟੀ ਸੀਟ ਨਹੀਂ ਰਹੀ। ਪੰਜਾਬ pays 60% but they don't have control over release of water. ਸਭ ਤੋਂ ਇੰਪਾਰਟੈਂਟ ਚੀਜ਼ ਹੈ ਕਿ ਮੈਂ ਮੰਗ ਕਰਦਾ ਹਾਂ ਕਿ ਰੀਅਸੈਸਮੈਂਟ of

water ਕੀਤੀ ਜਾਵੇ, after 1921-22 ਤੋਂ ਬਾਅਦ ਜਿਹੜਾ ਵੱਧ ਘੱਟ ਹੈ, ਉਸ ਨਾਲ ਰੀਆਰਗੇਨਾਈਜ਼ ਹੋਣਾ ਚਾਹੀਦਾ ਹੈ।

ਸਰ, ਆਖੀਰਲਾ ਪੁਆਇੰਟ ਤੁਸੀਂ ਕਿਹਾ ਸੀ, ਗੌਰਮਿੰਟ ਸਕੀਮ ਤੇ ਕਨਕਲੂਡ ਕਰ ਦਿੰਦਾ ਹਾਂ ਜੀ, ਇੱਕ ਮਿੰਟ ਵਿੱਚ ਹੀ। ਸਰਕਾਰ ਦੀਆਂ ਸਕੀਮਾਂ ਦਾ ਇੱਕ ਮਤਾ ਆਇਆ ਸੀ, ਕੁਝ ਸਕੀਮਾਂ ਆਈਆਂ ਪਰ ਉਨ੍ਹਾਂ ਦੇ ਇਫੈਕਟਸ ਵੀ ਵੱਖਰੇ ਵੱਖਰੇ ਹਨ। ਸਪੀਕਰ ਸਾਹਿਬ, 300 ਯੂਨਿਟ ਫਰੀ ਬਿਜਲੀ ਵਾਲੀ ਸਕੀਮ ਆਈ, ਉਸ ਦੇ ਨਾਲ ਸਮਾਰਟ ਮੀਟਰ ਲੱਗ ਗਏ, ਬਿਲ ਡਬਲ ਹੋ ਗਏ। ਪੈਡੀ ਪ੍ਰੋਕਿਓਰਮੈਂਟ, ਝੋਨੇ ਦੀ ਖਰੀਦ ਲਗਾਤਾਰ ਤਿੰਨ ਸਾਲ ਤੋਂ 100-200 ਰੁਪਏ ਦਾ ਕੱਟ ਲੱਗ ਰਿਹਾ ਹੈ। ਲਾਅ ਐਂਡ ਆਰਡਰ, ਜਿੰਨੀਆਂ ਮੋਟਰਾਂ ਦੀਆਂ ਚੋਰੀਆਂ ਪਿਛਲੇ ਪੰਜ ਸਾਲ ਵਿੱਚ ਹੋਈਆਂ, ਉਹ ਰਿਕਾਰਡ ਹੀ ਭੰਨ ਦਿੱਤੇ। ਸਰ, ਡਰੱਗ ਫਰੀ ਪੰਜਾਬ, 31 ਮਈ, 2025 ਨੂੰ ਡਰੱਗ ਫਰੀ ਪੰਜਾਬ ਹੋਣਾ ਸੀ, ਅੱਜ ਤੱਕ ਇਹ ਡਰੱਗ ਵਿਕ ਰਿਹਾ ਹੈ। ਸਰ, ਨਸ਼ਿਆਂ ਨਾਲ ਸਾਡੀ ਨੌਜਵਾਨੀ ਮਰ ਰਹੀ ਹੈ। ਸਪੀਕਰ ਸਾਹਿਬ, ਬੱਚੇ ਅਤੇ ਨੌਜਵਾਨ ਹਸਪਤਾਲ ਦੀ 5 ਰੁਪਏ ਵਾਲੀ ਗੋਲੀ ਤੇ ਲੱਗ ਗਏ ਹਨ। ਸਰ, ਹੜ੍ਹਾਂ ਦਾ ਖਰਾਬਾ, ਅੱਜ ਤੱਕ ਲੋਕਾਂ ਨੂੰ ਮਿਲਿਆ ਨਹੀਂ।

**1615/Manika Rani**

900 ਦੇ ਕਰੀਬ ਡਾਕਟਰ, ਜੋ ਹੈਲਥ ਸਕੀਮ ਦੇ ਸਨ, ਅੱਜ ਤੱਕ ਪੰਜਾਂ ਸਾਲਾਂ ਵਿੱਚ ਸਪੈਸ਼ਲਿਸਟ ਡਾਕਟਰਾਂ ਦੀਆਂ ਪੋਸਟਾਂ ਭਰੀਆਂ ਨਹੀਂ ਗਈਆਂ ਹਨ। ਸਪੀਕਰ ਸਾਹਿਬ, ਧੰਨਵਾਦ ਜੀ।

**ਮਾਣਯੋਗ ਸਪੀਕਰ**: ਮੰਤਰੀ ਜੀ, ਕੁਝ ਕਹਿਣਾ ਚਾਹੁੰਦੇ ਹਨ। ਹਾਂ ਜੀ, ਬਰਿੰਦਰ ਕੁਮਾਰ ਗੋਇਲ ਜੀ।

**ਜਲ ਸਰੋਤ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ)**: ਦੇਖੋ, ਰਾਣਾ ਜੀ ਨੇ ਸਾਰੀਆਂ ਗੱਲਾਂ ਕਰਕੇ, ਜਦੋਂ ਲਾਸਟ ਵਿੱਚ ਕਨਕਲੂਡ ਕੀਤਾ ਤਾਂ ਸਾਰੇ ਕੀਤੇ ਕਰਾਏ ਉੱਤੇ ਪਾਣੀ ਫੇਰ ਦਿੱਤਾ। ਸਾਰਾ ਹੀ ਝੂਠ ਬੋਲ ਦਿੱਤਾ।

**ਮਾਣਯੋਗ ਸਪੀਕਰ**: ਗੱਲ ਹੀ ਪਾਣੀ ਦੀ ਸੀ।

**ਜਲ ਸਰੋਤ ਮੰਤਰੀ**: ਸਪੀਕਰ ਸਾਹਿਬ,ਇਨ੍ਹਾਂ ਨੇ ਕਿੰਨੀਆਂ ਗਲਤ ਗੱਲਾਂ ਕਹੀਆਂ ਹਨ। ਕਹਿੰਦੇ ਕਿ 100-200/- ਰੁਪਏ ਜ਼ੀਰੀ ਘੱਟ ਵਿਕੀ ਹੈ। ਇਨ੍ਹਾਂ ਕੋਲ ਗੱਲ ਹੀ ਕੋਈ ਨਹੀਂ ਹੈ। ਬਾਜਵਾ ਸਾਹਿਬ ਕਹਿੰਦੇ ਹਨ ਕਿ ਚਾਰ ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋ ਗਿਆ ਹੈ। ਸਰ, ਇੱਕ ਕੰਪਲੇਂਟ ਨਹੀਂ ਹੈ। ਪਿਛਲੇ ਸਾਲ ਦੀ ਇੱਕ ਕੰਪਲੇਂਟ ਨਹੀਂ ਆਈ ਹੈ। ਕਹਿੰਦੇ ਨੁਕਸਾਨ ਚਾਰ ਹਜ਼ਾਰ ਕਰੋੜ ਰੁਪਏ ਦਾ ਹੋ ਗਿਆ ਹੈ। ਕਾਹਦਾ ਨੁਕਸਾਨ ਹੋ ਗਿਆ। ਜ਼ੀਰੀ ਕਿੱਥੇ ਘੱਟ ਵਿਕੀ ਹੈ। ਹਰੇਕ ਬੰਦੇ ਨੂੰ ਪਤਾ ਹੈ। ਕੋਈ ਬੰਦਾ ਨੁਕਸਾਨ ਨਹੀਂ ਉਠਾਉਂਦਾ ਹੈ। ਜੇਕਰ ਕਿਸੇ ਨੇ ਦਸ ਰੁਪਏ ਘੱਟ ਜ਼ੀਰੀ ਵੀ ਵੇਚੀ ਹੋਵੇਗੀ ਤਾਂ ਉਸ ਨੂੰ ਪਤਾ ਹੋਵੇਗਾ। ਸੋ, ਇਸ ਤਰ੍ਹਾਂ ਦੀ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਕਹਿੰਦੇ ਜ਼ੀਰੀ ਘੱਟ ਵਿਕੀ। ਡਾਕਟਰਾਂ ਦੀ ਭਰਤੀ ਨਹੀਂ ਹੋਈ। ਇਨ੍ਹਾਂ ਗੱਲਾਂ ਦਾ ਕੋਈ ਮਤਲਬ ਨਹੀਂ ਹੈ। ਲਾਅ ਐਂਡ ਆਰਡਰ ਪੰਜਾਬ ਦੀ ਦੂਜੇ ਸੂਬਿਆਂ ਨਾਲੋਂ ਬਹੁਤ ਬਿਹਤਰ ਹੈ। ਨਸ਼ਿਆਂ ਉੱਤੇ ਜਿੰਨਾ ਕੰਮ ਪੰਜਾਬ ਦੀ ਸਰਕਾਰ ਨੇ ਕੀਤਾ ਹੈ, ਉਹ ਅੱਜ

ਤੱਕ ਕੋਈ ਨਹੀਂ ਕਰ ਸਕਿਆ ਹੈ। ਇਹ ਕੰਮ ਸਰਕਾਰ ਨੇ ਗਰਾਊਂਡ ਲੈਵਲ ਤੋਂ ਕੀਤਾ ਹੈ। ਇਸ ਤਰ੍ਹਾਂ ਨਹੀਂ ਕਿ ਇੱਧਰੋਂ ਯਾਤਰਾ ਆ ਗਈ ਜਾਂ ਉੱਧਰੋਂ ਯਾਤਰਾ ਆ ਗਈ ਔਰ ਯਾਤਰਾ ਦੌਰਾਨ ਅੱਗੇ ਕਿਸੇ ਨੇ ਬੋਲ ਦਿੱਤਾ ਕਿ ਨਸ਼ੇ ਖਤਮ ਕਰ ਦੇਵਾਂਗੇ। ਸੋ, ਅਜਿਹੀਆਂ ਗੱਲਾਂ ਕਰਨ ਨਾਲ ਨਸ਼ੇ ਖਤਮ ਨਹੀਂ ਹੁੰਦੇ ਹਨ। ਪੰਜਾਬ ਦੀ ਸਰਕਾਰ ਨੇ ਨਸ਼ਿਆਂ ਤੇ ਕੰਮ ਕੀਤਾ ਹੈ। ਸੋ, ਪੰਜਾਬ ਦੀ ਸਰਕਾਰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਪੰਜਾਬ ਦੇ ਹਿੱਤਾਂ ਲਈ ਕੰਮ ਕਰ ਰਹੀ ਹੈ ਅਤੇ ਪੰਜਾਬ ਦੇ ਹਿੱਤਾਂ ਲਈ ਖੜ੍ਹੀ ਹੈ। ਤੁਸੀਂ ਸਾਰੇ ਪਾਣੀਆਂ ਦੇ ਮੁੱਦੇ ਤੇ ਹਮਾਇਤ ਕਰੋ। ਧੰਨਵਾਦ ਜੀ।

(ਇਸ ਸਮੇਂ ਆਜ਼ਾਦ ਉਮੀਦਵਾਰ, ਰਾਣਾ ਇੰਦਰ ਪ੍ਰਤਾਪ ਸਿੰਘ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਰਾਣਾ ਜੀ, ਹੋ ਗਿਆ। ਹੁਣ ਬੈਠੋ। ਹਾਂ ਜੀ, ਲਾਲ ਚੰਦ ਕਟਾਰੂਚੱਕ ।

**ਜੰਗਲਾਤ ਮੰਤਰੀ (ਸ੍ਰੀ ਲਾਲ ਚੰਦ)**: ਸਪੀਕਰ ਸਾਹਿਬ, ਸ਼ੁਕਰੀਆ ਜੀ। ਤੁਸੀਂ ਮੈਨੂੰ ਬਹੁਤ ਹੀ ਸੰਵੇਦਨਸ਼ੀਲ ਮਤਿਆਂ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ ਔਰ ਮੈਂ ਸਮਝਦਾ ਹਾਂ ਕਿ ਸਾਡੇ ਮੈਂਬਰ ਸਾਹਿਬਾਨਾਂ ਵੱਲੋਂ ਬਹੁਤ ਹੀ ਸਾਰਥਿਕ ਚਰਚਾ ਕੀਤੀ ਗਈ ਹੈ ਕਿਉਂਕਿ ਜਿੰਨੇ ਵੀ ਮਤੇ ਅੱਜ ਪੇਸ਼ ਹੋਏ ਹਨ, ਚਾਹੇ ਉਹ ਗੋਇਲ ਸਾਹਿਬ ਵੱਲੋਂ ਰੱਖੇ ਗਏ ਹਨ, ਚਾਹੇ ਵਿੱਤ ਮੰਤਰੀ ਜੀ ਵੱਲੋਂ ਰੱਖੇ ਗਏ ਹਨ ਜਾਂ ਸਿੱਖਿਆ ਮੰਤਰੀ, ਸਰਦਾਰ ਹਰਜੋਤ ਸਿੰਘ ਬੈਂਸ ਜੀ ਵੱਲੋਂ ਰੱਖੇ ਗਏ ਹਨ, ਇਨ੍ਹਾਂ ਦਾ ਸਬੰਧ ਪਾਣੀ, ਸਕੀਮਾਂ ਅਤੇ ਪੰਜਾਬ ਦੇ ਜਨ-ਮਾਨਸ ਦੀ ਹੋਂਦ ਨਾਲ ਹੈ। ਸਿੱਖਿਆ ਮੰਤਰੀ ਜੀ ਵੱਲੋਂ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਮਤਾ ਪੇਸ਼ ਕੀਤਾ ਗਿਆ ਹੈ। ਇਹ ਪੰਜਾਬ ਦੇ ਲੋਕਾਂ ਦੇ ਸੈਂਟੀਮੈਂਟਸ ਅਤੇ ਪੰਜਾਬ ਦੀ ਹੋਂਦ ਨਾਲ ਜੁੜਿਆ ਹੋਇਆ ਹੈ। ਇਹ ਸਾਰਾ ਪੰਜਾਬ ਅਤੇ ਪੰਜਾਬੀਅਤ ਦੇ ਭਵਿੱਖ ਨਾਲ ਜੁੜਿਆ ਹੋਇਆ ਹੈ। ਸੋ, ਜੇਕਰ ਪੰਜਾਬ ਦਾ ਪਿਛਲੇ ਸਾਢੇ ਸਾਲ ਦਾ ਹਰ ਪਾਸੇ ਹਿਸਟੋਰੀਕਲ ਸਮਾਂ ਦੇਖਿਆ ਜਾਵੇ ਤਾਂ ਪੰਜਾਬ ਦੇ ਵੱਡੇ-ਵੱਡੇ ਵਿਦਵਾਨਾਂ ਅਤੇ ਚਿੰਤਕਾਂ ਨੇ ਪੰਜਾਬ ਦੇ ਪਾਣੀਆਂ ਨੂੰ ਲੈ ਕੇ ਬਹੁਤ ਚਿੰਤਾਵਾਂ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਅੰਦਰ ਅਤੇ ਹੋਰ ਜਗ੍ਹਾਵਾਂ ਦੇ ਅੰਦਰ ਵੱਡੇ-ਵੱਡੇ ਸੈਮੀਨਾਰ ਹੋਏ। ਸਰ, ਇਹ ਚਿੰਤਾਵਾਂ ਵਾਜ਼ਬ ਵੀ ਸਨ। ਅਲਟੀਮੇਟਲੀ ਜਿਹੜੀ ਸਿਆਸੀ ਜਮਾਤ ਹੈ ਕਿਉਂਕਿ ਸੱਤਾ ਨੇ ਇਹ ਫੈਸਲੇ ਕਰਨੇ ਹੁੰਦੇ ਹਨ ਪਰੰਤੂ ਪਿਛਲੇ ਸਮੇਂ ਦੇ ਦੌਰਾਨ ਚਾਹੇ ਪਟਿਆਲਾ ਦੇ ਕਪੂਰੀ ਮੋਰਚੇ ਦੀ ਗੱਲ ਕਰ ਲਓ, ਚਾਹੇ ਹੋਰ ਕਿਸੇ ਵੀ ਟਾਈਮ ਦੀ ਗੱਲ ਕਰ ਲਓ ਜਾਂ ਜਿਹੜੇ ਪੰਜਾਬ ਦੀ ਜਨ-ਮਾਨਸ ਦੀ ਹੋਂਦ ਦੇ ਸਵਾਲ ਸਨ, ਉਸ ਦੇ ਕਾਰਨਾਂ ਬਾਰੇ ਪੰਜਾਬ ਦੇ ਲੋਕ ਜਾਣਦੇ ਹਨ ਪਰ ਮੈਂ ਸਮਝਦਾ ਹਾਂ ਕਿ ਜੇਕਰ ਹਕੀਕੀ ਤੌਰ ਤੇ ਪੰਜਾਬ ਦੇ ਅੰਦਰ ਪਾਣੀ ਦੀ ਗੱਲ ਕਰੀਏ ਤਾਂ ਪੰਜਾਬ ਦਾ ਪਾਣੀ ਇਕੱਲਾ ਖੇਤੀ ਨਹੀਂ ਸਾਰਦਾ ਹੈ ਬਲਕਿ ਇਹ ਸਾਡੀ ਹੋਂਦ, ਸਾਡਾ ਫਿਊਚਰ ਅਤੇ ਸਾਡੀ ਆਉਣ ਵਾਲੀਆਂ ਪੀੜ੍ਹੀਆਂ ਨਾਲ ਜੁੜਿਆ ਹੋਇਆ ਹੈ। ਸੋ, ਇਸ ਉੱਤੇ ਜਿਹੜਾ ਮੰਤਕੀ ਸਿੱਟਾ ਕੱਢਿਆ ਹੈ, ਉਹ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਾਲੀ ਸਰਕਾਰ ਹੇਠ ਕੱਢਿਆ ਗਿਆ ਹੈ।

**1620/Gurpreet kaur**

ਮੈਂ ਸਮਝਦਾ ਹਾਂ ਕਿ ਉਹ ਇਤਿਹਾਸ ਅੰਦਰ ਲਿਖਿਆ ਜਾਵੇਗਾ ਅਤੇ ਉਸ ਦੀ ਚਰਚਾ ਕੀਤੀ ਜਾਵੇਗੀ। ਨਾ ਤਾਂ ਹਮੇਸ਼ਾ ਅਸੀਂ ਰਹਿਣਾ ਅਤੇ ਨਾ ਹੀ ਪਿਛਲੇ ਰਹੇ, ਜਦੋਂ ਕਿਤੇ ਪੰਜਾਬ ਦੇ ਪਾਣੀਆਂ ਦੀ ਚਰਚਾ ਚੱਲੇਗੀ, ਤਾਂ ਸੈਂਟੇਫਿਕ

ਢੰਗ ਨਾਲ ਵਿਵਹਾਰਿਕ ਤੌਰ ਤੇ ਜਿੰਨਾ ਦਲੇਰਾਨਾ ਫੈਸਲਾ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕੀਤਾ ਹੈ, ਅੱਜ ਉਸ ਦਾ ਫਲੈਕਸ਼ਨ ਹੈ ਕਿ ਅੱਜ ਪੰਜਾਬ ਦਾ ਪਾਣੀ ਸਾਢੇ ਚਾਰ-ਪੰਜ ਫੁੱਟ ਉੱਪਰ ਆ ਰਿਹਾ ਹੈ। ਪੰਜਾਬ ਦਾ ਉਹ ਇਲਾਕਾ ਜਿਸ ਨਾਲ ਮੈਂ ਸਬੰਧਤ ਹਾਂ ਉਹ ਪਠਾਨਕੋਟ ਜ਼ਿਲ੍ਹਾ ਹੈ। ਜਿਓਗ੍ਰਾਫੀਕਲੀ ਅਸੀਂ ਪੰਜਾਬ ਦਾ ਹਿੱਸਾ ਹਾਂ ਪਰ ਮੈਨੂੰ ਚੀਸ ਵੱਜਦੀ ਸੀ ਜਦੋਂ ਮੈਂ ਮਾਲਵੇ ਵਿੱਚ ਜਾਂਦਾ ਸੀ, ਮਾਝੇ ਜਾਂ ਦੁਆਬੇ ਦੇ ਦੂਜੇ ਹਿੱਸਿਆਂ ਵਿੱਚ ਜਾਂਦਾ ਸੀ ਤਾਂ ਸੜਕਾਂ ਨੂੰ ਲੈ ਕੇ ਮੈਂ ਬਹੁਤ ਇਰੀਟੇਟ ਹੁੰਦਾ ਸੀ। ਸਾਡੇ ਪਾਸੇ ਸੜਕਾਂ ਨਾਮ ਦੀ ਕੋਈ ਚੀਜ਼ ਹੀ ਨਹੀਂ ਸੀ। ਮਾਈਨਿੰਗ ਨੇ ਸੜਕਾਂ ਦੀ ਇੰਨੀ ਵੱਡੀ ਤਬਾਹੀ ਕੀਤੀ ਹੋਈ ਸੀ ਅਤੇ ਸਾਰਾ ਸਿਸਟਮ ਹੀ ਡਿਸਟ੍ਰੋਏ ਕੀਤਾ ਹੋਇਆ ਸੀ। ਮੈਂ ਅੱਜ ਆਪਣੇ ਲੋਕਾਂ ਦੇ ਅੰਦਰ ਬਾਂਹ ਖੜ੍ਹੀ ਕਰਕੇ ਕਹਿ ਸਕਦਾ ਹਾਂ ਕਿ ਅੱਜ ਸੱਚਮੁੱਚ ਹੀ ਲੱਗਦਾ ਹੈ ਕਿ ਅਸੀਂ ਪੰਜਾਬ ਦੇ ਪਾਰਟ ਹਾਂ। 18-18 ਜਾਂ 16-16 ਫੁੱਟ ਸੜਕਾਂ ਹਲਕਾ ਪਠਾਨਕੋਟ, ਭੋਆ ਵਿੱਚ ਦੇਖਣ ਨੂੰ ਮਿਲਦੀਆਂ ਹਨ। ਇਹ ਪੰਜਾਬ ਦੇ ਨਕਸ਼ੇ ਵਿੱਚ ਆ ਗਿਆ। ਇਹ ਜਿਹੜੇ ਪੰਜਾਬ ਦੇ ਵਿਕਾਸ ਦੀ ਗੱਲ ਕਰਦੇ ਹਨ ਜਾਂ ਪੰਜਾਬ ਦੇ ਵਿਕਾਸ ਤੇ ਕਿੰਤੂ-ਪ੍ਰੰਤੂ ਕਰਦੇ ਹਨ, ਮੈਂ ਇਹ ਕਹਿ ਸਕਦਾ ਹਾਂ ਕਿ ਮੇਰੇ ਸਾਥੀ ਨੇ 18 ਹਜਾਰ ਦਾ ਜ਼ਿਕਰ ਕੀਤਾ ਹੈ। ਮੈਂ ਪੰਜਾਬ ਦੇ ਉਸ ਇਲਾਕੇ ਵਿੱਚੋਂ ਆਇਆ ਹਾਂ ਜਿੱਥੇ ਆਰਥਿਕ ਤੌਰ ਤੇ ਜ਼ਿਆਦਾ ਪਛੜਿਆਪਣ ਰਿਹਾ ਹੈ ਜਿਸ ਦੀ ਦੋਸ਼ੀ ਸਾਡੀਆਂ ਪਿਛਲੀਆਂ ਸਰਕਾਰਾਂ ਰਹੀਆਂ ਹਨ। ਪੰਜਾਬ ਦੇ ਘਰਾਂ ਅੰਦਰ 28-28 ਹਜਾਰ ਰੁਪਿਆ ਜਾਂ ਸਾਢੇ ਸਤਾਈ ਹਜਾਰ ਰੁਪਿਆ ਮਾਵਾਂ ਧੀਆਂ ਦੇ ਸਤਿਕਾਰ ਦੇ ਪੈਸੇ ਆਏ ਹਨ। ਮੈਂ ਦੇਖਿਆ ਕਿ ਜਿਵੇਂ ਜੀ.ਐਸ.ਟੀ. ਵਿੱਚ ਵਾਧਾ ਦੇ ਸਵਾਲ ਹੈ। ਦੁੱਗਣਾ, ਤਿੱਗਣਾ ਜਾਂ ਚੌਗਣਾ ਵਾਧਾ ਹੋਇਆ ਹੈ। ਜੇਕਰ ਕਿਸੇ ਸਰਕਾਰ ਦੀ ਰਾਜਨੀਤਿਕ ਇੱਛਾ ਸ਼ਕਤੀ ਮਜ਼ਬੂਤ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਬਹੁਤ ਵੱਡੇ ਨਿਸ਼ਾਨੇ ਪ੍ਰਾਪਤ ਕੀਤੇ ਜਾ ਸਕਦੇ ਹਨ। ਅੱਜ ਪੰਜਾਬ ਦੇ ਪਾਣੀਆਂ ਦੀ ਗੱਲ ਚੱਲੀ ਹੈ। ਸਰ, ਪੰਜ ਆਬ ਦਾ ਨਾਮ ਪਾਣੀਆਂ ਦੇ ਨਾਮ ਤੇ ਹੈ। ਇੱਥੇ ਗੋਇਲ ਸਾਹਿਬ ਵੱਲੋਂ ਲਿਆਂਦੇ ਗਏ ਪੰਜਵੇਂ ਮਤੇ ਤੇ ਮੈਂ ਜ਼ਰੂਰ ਚਰਚਾ ਕਰਨੀ ਚਾਹੁੰਦਾ ਹਾਂ। ਉਹ ਮੇਰੇ ਇਲਾਕੇ ਨਾਲ ਸਬੰਧਤ ਹੈ। ਜੋ ਮਾਧੋਪੁਰ ਹੈੱਡਵਰਕਸ ਦਾ ਜ਼ਿਕਰ ਕੀਤਾ ਗਿਆ ਹੈ, ਥੀਨ ਡੈਮ, ਸ਼ਾਹਪੁਰ ਕੰਢੀ ਡੈਮ ਅਤੇ ਹਿਮਾਚਲ ਵਿੱਚ ਚੱਲਦੀ ਚਮੇਰਾ ਡੈਮ ਬਣੀਖੇਤ ਦਾ ਥੱਲੇ ਆ ਕੇ ਜੋ ਅਖੀਰਲਾ ਪੜਾਅ ਹੈ ਜਿੱਥੋਂ ਇਰੀਗੇਸ਼ਨ ਸ਼ੁਰੂ ਹੁੰਦਾ ਹੈ, ਉਸ ਨੂੰ ਮਾਧੋਪੁਰ ਹੈੱਡਵਰਕਸ ਕਿਹਾ ਜਾਂਦਾ ਹੈ। ਮਾਧੋਪੁਰ ਹੈੱਡਵਰਕਸ ਦੇ ਥੱਲੇ ਜੰਮੂ ਕਸ਼ਮੀਰ ਵਿੱਚੋਂ ਜਿੰਨੇ ਵੀ ਨਾਲੇ ਪ੍ਰਵੇਸ਼ ਕਰਦੇ ਹਨ, ਮੇਰਾ 13 ਕਿਲੋਮੀਟਰ ਹਲਕਾ ਜੰਮੂ ਕਸ਼ਮੀਰ ਨਾਲ ਲੱਗਦਾ ਹੈ ਅਤੇ 12 ਜਾਂ ਸਾਢੇ ਬਾਰ੍ਹਾਂ ਪਾਕਿਸਤਾਨ ਨਾਲ ਲੱਗਦਾ ਹੈ। ਇੱਥੇ ਤਿੰਨ ਨਾਲਿਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਵੇਂ ਕਿ ਤਰਨਾਅ ਅਤੇ ਉਝ ਦਾ ਵੀ ਜ਼ਿਕਰ ਕੀਤਾ ਗਿਆ ਹੈ। ਪੰਜ ਨਾਲੇ ਹੋਰ ਵੀ ਹਨ। ਜਿਹੜੀਆਂ ਕਿਸੇ ਵੇਲੇ ਰਾਵੀਆਂ ਵਗ ਗਈਆਂ ਅਤੇ ਉਸ ਵੇਲੇ ਕੋਈ ਸਿਸਟਮ ਨਹੀਂ ਸੀ ਤਾਂ ਉਸ ਵਿੱਚ ਇੱਕ ਛੋਟਾ ਦਰਿਆ ਜਲਾਲੀਆ ਵੀ ਹੈ ਅਤੇ ਸਨਾਰਮਾ ਨਾਲਾ ਵੀ ਹੈ। ਜਿਹੜੀ ਮੇਰੇ ਕੋਲ ਫੀਡ ਬੈਕ ਹੈ ਉਸ ਅਨੁਸਾਰ 500-600 ਕਿਊਸਿਕ ਪਾਣੀ ਜਿਹੜਾ ਇਨ੍ਹਾਂ ਨਾਲਿਆਂ ਰਾਹੀਂ ਪਾਕਿਸਤਾਨ ਚਲਾ ਜਾਂਦਾ ਹੈ। ਕਿਉਂਕਿ ਉਨ੍ਹਾਂ ਨੂੰ ਉੱਥੇ ਸਟੋਰ ਕਰਨ ਦਾ ਬਾਰਡਰ ਦਾ ਕੰਢਾ ਹੈ। ਉਸ ਦੇ ਕੋਈ ਕਾਰਨ ਬਾਰਡਰ ਦੇ ਵੀ ਹੋ ਸਕਦੇ ਹਨ ਕਿ ਕਰਨ ਦੀ ਵਿਵਸਥਾ ਨਹੀਂ ਹੈ। ਰਾਵੀ ਦਾ ਇੱਕ ਵੀ ਬੂੰਦ ਪਾਣੀ ਬਾਹਰ ਨਹੀਂ ਜਾ ਰਿਹਾ। ਉਹ ਸਾਰਾ ਯੂ.ਵੀ.ਡੀ.ਸੀ.ਰਾਹੀਂ ਐਮੀ ਬਿਆਸ ਲਿੰਕ ਨਹਿਰ ਰਾਹੀਂ ਪੰਜਾਬ ਦੇ ਖੇਤਾਂ ਵਿੱਚ ਜਾ ਰਿਹਾ ਹੈ। ਸੋ, ਮਤੇ ਵਿੱਚ ਦੋ ਮੰਗਾਂ ਹਨ। ਇੱਕ ਮੰਗ ਇਹ ਹੈ ਕਿ ਜਿਹੜਾ ਉਝ ਦਰਿਆ ਹੈ ਇਸ ਵਿੱਚ ਜ਼ਿਆਦਾ ਬਰਸਾਤੀ ਪਾਣੀ ਆਉਂਦਾ ਹੈ। ਇਹ ਕਠੂਏ ਤੋਂ ਮੇਰੇ ਹਲਕੇ ਭੋਆ ਵਿੱਚ ਪ੍ਰਵੇਸ਼ ਕਰਦਾ ਹੈ। ਇਸ ਤੇ ਭਾਰਤ ਸਰਕਾਰ

ਇੱਕ ਪ੍ਰਾਜੈਕਟ ਵੀ ਬਣਾਉਣ ਜਾ ਰਹੀ ਹੈ ਜਿਸ ਨੂੰ ਉਝ ਪ੍ਰਾਜੈਕਟ ਵੀ ਕਿਹਾ ਜਾਂਦਾ ਹੈ। ਗੋਇਲ ਸਾਹਿਬ, ਜਿਹੜੀ ਤੁਸੀਂ ਮਤੇ ਵਿੱਚ ਮੰਗ ਰੱਖੀ ਹੈ ਇਹ ਬਿਲਕੁਲ ਸੈਂਟੇਫਿਕ ਮੰਗ ਹੈ ਕਿ ਜੋ ਉਝ ਦਾ ਪ੍ਰਾਜੈਕਟ ਹੈ ਉਸ ਉਝ ਦਾ ਪਾਣੀ ਡਾਇਵਰਟ ਕਰਕੇ ਰਾਵੀ ਵਿੱਚ ਆਉਣਾ ਚਾਹੀਦਾ ਹੈ ਤਾਂ ਜੋ ਪਾਣੀ ਝੋਨੇ ਕਰਕੇ ਜਾਂ ਹੋਰ ਖੇਤੀ ਫਸਲਾਂ ਕਰਕੇ ਪੰਜਾਬ ਨੂੰ ਚਾਹੀਦਾ ਹੈ। ਪੰਜਾਬ ਵੱਲੋਂ ਦੇਸ਼ ਨੂੰ ਅਨਾਜ ਦਿੱਤਾ ਜਾ ਰਿਹਾ ਹੈ। ਪਾਣੀ ਵੀ ਆਪਣਾ ਬਰਬਾਦ ਕਰ ਰਿਹਾ ਹੈ। ਸੋ, ਮੈਂ ਸਮਝਦਾ ਹਾਂ ਕਿ ਉਹ ਪਾਣੀ ਥੀਨ ਡੈਮ ਰਾਵੀ ਵਿੱਚ ਆਵੇ। ਇੱਕ ਕਿੱਲੋ ਚੌਲ ਲਈ 4 ਹਜਾਰ ਲੀਟਰ ਪਾਣੀ ਲੱਗਦਾ ਹੈ। 180 ਲੱਖ ਮੀਟਰਿਕ ਟਨ ਦਾ ਟਾਰਗੈਟ ਦਿੱਤਾ ਗਿਆ ਹੈ।

**1625/Rajneet Kaur**

ਜਿਸ ਵਿੱਚ 119-20 ਲੱਖ ਮੀਟ੍ਰਿਕ ਟਨ ਰਾਈਸ ਪੈਦਾ ਹੋਣਾ ਹੈ। 129 ਲੱਖ ਮੀਟ੍ਰਿਕ ਟਨ ਕਣਕ ਪੈਦਾ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਇੰਡਸਟਰੀ ਨੂੰ ਜਿਹੜਾ ਪਾਣੀ ਯੂਜ਼ ਹੁੰਦਾ ਹੈ, ਉਹ ਵੀ ਲੱਖਾਂ ਕਿਊਸਕ ਪਾਣੀ ਹੈ। ਜੇ ਇਹ ਪਾਣੀ ਚੈਨਲਾਈਜ਼ ਕਰ ਲਿਆ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਇਹ ਪੰਜਾਬ ਲਈ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਸੋ, ਮੈਂ ਸਮਝਦਾ ਹਾਂ ਕਿ ਇਹ ਵੀ ਇੱਕ ਸ਼ਾਨਦਾਰ ਡਿਮਾਂਡ ਕੀਤੀ ਹੈ। ਸੈਕਿੰਡ, ਜਿਹੜਾ ਤੁਸੀਂ ਮਕੌੜਾ ਪੱਤਣ ਤੇ ਰਾਵੀ ਬਿਆਸ ਲਿੰਕ ਦਾ ਜ਼ਿਕਰ ਕੀਤਾ ਹੈ, ਉਹ ਵੀ ਕਮਾਲ ਦੀ ਗੱਲ ਹੈ। ਇਹੀ ਇੱਕ ਧੁਰਾ ਹੈ, ਜਿਹੜਾ ਉੱਝ, ਜਲਾਲੀਏ, ਸ਼ਿੰਗਾਰਮਾ ਦਰਿਆ ਦਾ 500-600 ਕਿਊਸਿਕ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ, ਉਸ ਵਿੱਚ ਸਟੋਰ ਕਰਕੇ ਜਿਹੜੀ ਮਕੌੜਾ ਪੱਤਣ ਤੋਂ ਰਾਵੀ ਤੱਕ ਮੰਗ ਕੀਤੀ ਹੈ, ਉਹ ਡਿਸੀਜ਼ਨ ਜਿਹੜਾ ਪਿਛਲੀ ਵਾਰੀ ਹੋਇਆ ਸੀ, ਬਾਅਦ ਵਿੱਚ ਸੈਂਟਰ ਵੀ ਆਪਣੇ ਹੱਥ ਪਿੱਛੇ ਖਿੱਚ ਕੇ ਲੈ ਗਿਆ। ਮੈਂ ਸਮਝਦਾ ਹਾਂ ਕਿ ਇਸ ਨਹਿਰ ਦੇ ਬਣਨ ਨਾਲ ਮਾਝੇ ਨੂੰ ਚਾਰ ਚੰਨ ਲੱਗਣ ਵਾਲੇ ਕੰਮ ਹੋਣਗੇ। ਸਾਡੇ ਕਲਾਨੌਰ, ਗੁਰਦਾਸਪੁਰ, ਦੀਨਾਨਗਰ, ਤਰਨਤਾਰਨ ਅਤੇ ਅੰਮ੍ਰਿਤਸਰ ਦੇ ਜਿੰਨੇ ਇਲਾਕੇ ਹਨ, ਇਨ੍ਹਾਂ ਨੂੰ ਸ਼ਾਨਦਾਰ ਪਾਣੀ ਮਿਲੇਗਾ। ਸਰ, ਸਾਡਾ ਪਠਾਨਕੋਟ ਲੀਚੀ ਜ਼ੋਨ ਹੈ। ਸਾਡਾ ਜ਼ਿਲ੍ਹਾ ਬਾਗਾਂ ਦਾ ਜ਼ਿਲ੍ਹਾ ਹੈ, 69% ਲੀਚੀ ਦੀ ਪ੍ਰੋਡਕਸ਼ਨ ਪਠਾਨਕੋਟ ਜ਼ਿਲ੍ਹੇ ਅੰਦਰ ਕੀਤੀ ਜਾਂਦੀ ਹੈ। ਸਾਢੇ 5 ਹਜ਼ਾਰ ਏਕੜ ਵਿੱਚ ਲੀਚੀ ਦੇ ਬਾਗ ਹਨ ਪਰ ਜਦੋਂ ਕਣਕ ਦਾ ਸੀਜ਼ਨ ਆਉਂਦਾ ਹੈ, ਉਦੋਂ ਹੀ ਲੀਚੀ ਨੂੰ ਪਾਣੀ ਦੇਣ ਦਾ ਸਮਾਂ ਹੁੰਦਾ ਹੈ, ਉਦੋਂ ਲੀਚੀ ਦੀ ਪ੍ਰੋਡਕਸ਼ਨ ਦਾ ਸ਼ਾਰਟ ਟਾਈਮ ਹੁੰਦਾ ਹੈ। ਉਦੋਂ ਕਣਕਾਂ ਨੂੰ ਅੱਗ ਨਾ ਲੱਗੇ, ਲੀਚੀ ਨੂੰ ਪਾਣੀ ਦੇਣ ਲਈ ਬਿਜਲੀ ਦਿੱਤੀ ਤਾਂ ਜਾਂਦੀ ਹੈ ਪਰੰਤੂ ਰਿਸਕ ਲੈ ਕੇ ਦਿੱਤੀ ਜਾਂਦੀ ਹੈ, ਕਈ ਵਾਰ ਕਿਸਾਨ ਦੀ ਕਣਕ ਨੂੰ ਅੱਗਾਂ ਲੱਗ ਜਾਂਦੀਆਂ ਹਨ। ਸਾਡੇ ਪਠਾਨਕੋਟ ਦੇ ਕਿਸਾਨ ਬੜੀ ਖ਼ੂਬਸੂਰਤੀ ਦੇ ਨਾਲ ਲੀਚੀ ਦੇ ਬਾਗ ਪਾਲਦੇ ਹਨ। ਸੋ, ਮੈਂ ਸਮਝਦਾ ਹਾਂ ਕਿ ਜੇਕਰ ਇਹ ਪਾਣੀ ਚੈਨਲਾਈਜ਼ ਹੋ ਜਾਵੇ ਤਾਂ ਉਨ੍ਹਾਂ ਦਿਨਾਂ ਦੇ ਅੰਦਰ ਕਣਕ ਨੂੰ ਅੱਗ ਲੱਗਣ ਦੀਆਂ ਚਿੰਤਾਵਾਂ ਹਨ, ਉਨ੍ਹਾਂ ਤੋਂ ਮੁਕਤ ਹੋ ਜਾਵਾਂਗੇ ਅਤੇ ਬੇਹਿਸਾਬਾ ਪਾਣੀ ਪੰਜਾਬ ਦੇ ਲੀਚੀ ਦੇ ਕਿਸਾਨ ਨੂੰ ਮਿਲੇਗਾ। ਇਸ ਨਾਲ ਮੈਂ ਸਮਝਦਾ ਹਾਂ ਕਿ ਜਿਹੜੀਆਂ ਮਲਟੀ ਕਿਸਮ ਦੀਆਂ ਕਰੌਪਸ ਹਨ ਜਾਂ ਫਲ ਹਨ, ਉਨ੍ਹਾਂ ਨੂੰ ਵੀ ਪਾਣੀ ਮਿਲੇਗਾ। ਇਹ ਜਿਹੜੇ ਮਤੇ ਹਨ, ਬਹੁਤ ਖ਼ੂਬਸੂਰਤ ਹਨ, ਇਹ ਪੰਜਾਬ ਦੀ ਹੋਂਦ ਨਾਲ, ਪੰਜਾਬ ਦੀ ਤਰੱਕੀ ਦੇ ਨਾਲ, ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਜੁੜੇ ਹੋਏ ਹਨ। ਮੈਂ ਫਿਰ ਇਹ ਦੁਹਰਾ ਰਿਹਾ ਹਾਂ ਕਿ ਪੰਜਾਬ ਦੇ ਅੰਦਰ ਇਤਿਹਾਸ ਦੀ ਜਦੋਂ ਕਦੀ ਵੀ ਚਰਚਾ ਹੋਵੇਗੀ ਤਾਂ ਇਸ ਸੈਸ਼ਨ ਦਾ ਜਾਂ ਸਾਡੀ ਜਿੰਨੀ ਵੀ ਆਮ ਆਦਮੀ ਪਾਰਟੀ

ਦੀ ਸਰਕਾਰ ਦੀ ਟੈਨਿਓਰ ਹੈ, ਇਸ ਨੂੰ ਯਾਦ ਰੱਖਿਆ ਜਾਵੇਗਾ। ਸੋ, ਮੈਂ ਇਨ੍ਹਾਂ ਸ਼ਾਨਦਾਰ ਮਤਿਆਂ ਦੀ ਤਾਈਦ ਕਰਦਾ ਹਾਂ ਔਰ ਉਮੀਦ ਕਰਾਂਗਾ ਕਿ ਇਹ ਮਤੇ ਸਰਬਸੰਮਤੀ ਨਾਲ ਪਾਸ ਹੋਣ।

**ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ, ਐਸ.ਸੀ.) :** ਬਹੁਤ ਬਹੁਤ ਧੰਨਵਾਦ, ਮਾਣਯੋਗ ਸਪੀਕਰ ਸਾਹਿਬ। ਤੁਸੀਂ ਅੱਜ ਬਹੁਤ ਹੀ ਮਹੱਤਵਪੂਰਨ ਮਤਿਆਂ ਤੇ ਬੋਲਣ ਦਾ ਮੌਕਾ ਦਿੱਤਾ। ਸਭ ਤੋਂ ਪਹਿਲਾਂ ਜਿਹੜੇ ਮਤੇ ਸਾਡੇ ਮੰਤਰੀ ਗੋਇਲ ਸਾਹਿਬ ਨੇ ਰੱਖੇ ਹਨ, ਮੈਂ ਉਨ੍ਹਾਂ ਦੀ ਤਾਈਦ ਕਰਦਾ ਹਾਂ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਸੁਚੇਤ ਕੌਮਾਂ ਆਪਣੇ ਕੁਦਰਤੀ ਸੋਮਿਆਂ ਬਾਰੇ ਬਹੁਤ ਜ਼ਿਆਦਾ ਸਾਵਧਾਨ ਰਹਿੰਦੀਆਂ ਹਨ। ਜਿਹੜੀਆਂ ਕੌਮਾਂ ਆਪਣੇ ਵਡਮੁੱਲੇ ਕੁਦਰਤੀ ਸਾਧਨਾਂ ਨੂੰ ਗਵਾ ਲੈਂਦੀਆਂ ਹਨ, ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਅੰਧਕਾਰ ਵਿੱਚ ਪਾ ਦਿੰਦੀਆਂ ਹਨ, ਜਿਵੇਂ ਕਿ ਪਿਛਲੀਆਂ ਸਰਕਾਰਾਂ ਨੇ ਕੀਤਾ। ਪੰਜਾਬ ਦੇ ਪਾਣੀਆਂ ਦੀ ਲੁੱਟ ਦੀ ਦਾਸਤਾਨ ਬੜੀ ਹੀ ਦਰਦਨਾਕ ਹੈ। ਦੁਨੀਆ ਦੇ ਇਤਿਹਾਸ ਵਿੱਚ ਅੱਜ ਤੱਕ ਕਦੇ ਵੀ ਕਿਸੇ ਵੀ ਲੀਡਰਾਂ ਨੇ ਆਪਣੇ ਦਰਿਆਵਾਂ ਦੇ ਪਾਣੀਆਂ ਦਾ ਖਜ਼ਾਨਾ ਇਸ ਤਰ੍ਹਾਂ ਨਹੀਂ ਲੁਟਾਇਆ ਜਿਸ ਤਰ੍ਹਾਂ ਕਿ ਪੰਜਾਬ ਦੇ ਲੀਡਰਾਂ ਅਤੇ ਹੁਕਮਰਾਨਾ ਨੇ ਲੁਟਾਇਆ ਹੈ। ਇਹ ਗੱਲ ਬਿਲਕੁਲ ਠੀਕ ਹੈ ਕਿਉਂਕਿ ਯੂ.ਐਨ.ਓ. ਦੀ ਇੱਕ ਮਹੱਤਵਪੂਰਨ ਰਿਪੋਰਟ ਆਈ ਸੀ ਕਿ ਅਗਲੀਆਂ ਲੜਾਈਆਂ ਦਾ ਕਾਰਨ ਪੋਰਟੇਬਲ ਪਾਣੀ ਹੋਵੇਗਾ ਨਾ ਕਿ ਤੇਲ। ਸਪੀਕਰ ਸਾਹਿਬ, ਵਿਗਿਆਨ ਨੇ ਇਹ ਵੀ ਦੱਸ ਦਿੱਤਾ ਹੈ ਕਿ ਵਿਗਿਆਨਕ ਖੋਜਾਂ ਤੇ ਨਿਰਭਰ ਨਾ ਹੋ ਕੇ ਊਰਜਾ ਦੇ ਹੋਰ ਸਾਧਨਾਂ ਦੀ ਖੋਜ ਕਰ ਲਈ ਹੈ। ਜੇਕਰ ਤੇਲ ਨਾ ਮਿਲੇ ਤਾਂ ਹੋਰ ਤੇਲ ਦੀ ਖੋਜ ਕਰ ਲਈ ਹੈ ਪਰ ਪਾਣੀ ਦਾ ਬਦਲ ਹਾਲੇ ਤੱਕ ਸਾਇੰਸ ਕੋਲ ਨਹੀਂ ਆਇਆ। ਇਹ ਜਿਹੜੀ ਸਾਰੀ ਲੁੱਟ ਕੀਤੀ ਗਈ ਹੈ, ਜੇਕਰ ਆਪਾਂ ਇਨ੍ਹਾਂ ਦੀ ਤਕਨਾਲੋਜੀ ਆਪਾਂ ਵਾਰ ਵਾਰ ਨਹੀਂ ਦੱਸਾਂਗੇ ਤਾਂ ਕੁਦਰਤੀ ਗੱਲ ਹੈ ਕਿ ਇਹ ਵੱਡੀ ਭੁੱਲ ਹੋਵੇਗੀ। ਮੈਂ ਥੋੜ੍ਹੇ ਸਮੇਂ ਵਿੱਚ ਇਸ ਦੀ ਫਿਰ ਦੁਹਰਾਈ ਕਰ ਰਿਹਾ ਹਾਂ ਕਿ ਜਦੋਂ ਮਿਤੀ 29.05.1955 ਨੂੰ ਸਿੰਚਾਈ ਮੰਤਰੀ,ਸ਼੍ਰੀ ਗੁਲਜ਼ਾਰੀ ਲਾਲ ਨੰਦਾ ਦੀ ਪ੍ਰਧਾਨਗੀ ਹੇਠ ਪੰਜਾਬ ਵਿੱਚ ਇੱਕ ਮੀਟਿੰਗ ਹੋਈ, ਪੰਜਾਬ ਦਾ ਸੀ.ਐਮ. ਭੀਮ ਸੇਨ ਸੱਚਰ ਸੀ।

**1630/Kuldeep kaur**

ਉਸ ਵਿੱਚ ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਵੰਡ ਬਾਬਤ ਸਮਝੌਤਾ ਵੀ ਹੋਇਆ। ਮੈਂ ਅੱਗੇ ਗੱਲ ਵਿੱਚ ਨਹੀਂ ਜਾਂਦਾ, ਉਸ ਬਾਰੇ ਪਹਿਲਾਂ ਹੀ ਵੱਖ ਵੱਖ ਮੈਂਬਰ ਸਾਹਿਬਾਨ ਦੱਸ ਚੁੱਕੇ ਹਨ। ਇੰਡਸ ਵਾਟਰ ਟ੍ਰੀਟੀ, 1960 ਅਨੁਸਾਰ ਰਾਵੀ, ਬਿਆਸ ਅਤੇ ਸਤਲੁਜ ਭਾਰਤ ਲਈ ਅਤੇ ਸਿੰਧ, ਚਨਾਬ ਅਤੇ ਜਿਹਲਮ ਪਾਕਿਸਤਾਨ ਨੂੰ ਦਿੱਤੇ ਗਏ। ਮਿਤੀ 1 ਨਵੰਬਰ, 1966 ਨੂੰ ਸਾਡੇ ਪੰਜਾਬ ਦਾ ਪੁਨਰਗਠਨ ਐਕਟ ਹੋਇਆ ਅਤੇ ਹਰਿਆਣਾ ਨੂੰ ਅਲੱਗ ਸੂਬਾ ਬਣਾ ਦਿੱਤਾ ਗਿਆ। ਵੱਡੀ ਗੱਲ ਦੇਖਣ ਵਿੱਚ ਇਹ ਆਈ ਹੈ ਕਿ 78, 79 ਅਤੇ 80 ਪੰਜਾਬ ਵਿਰੋਧੀ ਧਾਰਾਵਾਂ, ਜਿਨ੍ਹਾਂ ਦੇ ਸਬੰਧ ਵਿੱਚ ਅੱਜ ਮੁੱਖ ਮਤੇ ਲਿਆਂਦੇ ਗਏ ਹਨ, ਉਸ ਸਮੇਂ ਇਹ ਧਾਰਾਵਾਂ ਲਿਆਂਦੀਆਂ ਗਈਆਂ। ਇਹ ਧਾਰਾਵਾਂ ਕਿਵੇਂ ਆਈਆਂ? 24 ਮਾਰਚ, 1976 ਨੂੰ ਉਸ ਸਮੇਂ ਦੀ ਪ੍ਰਧਾਨ ਮੰਤਰੀ, ਸ਼੍ਰੀਮਤੀ ਇੰਦਰਾ ਗਾਂਧੀ ਨੇ ਅਵਾਰਡ ਜਾਰੀ ਕੀਤਾ ਅਤੇ ਇਸ ਅਵਾਰਡ ਵਿੱਚ 3.5 ਮਿਲੀਅਨ ਏਕੜ ਫੁੱਟ ਪੰਜਾਬ ਨੂੰ, 3.5 ਮਿਲੀਅਨ ਏਕੜ ਫੁੱਟ ਹਰਿਆਣਾ ਨੂੰ ਅਤੇ 0.2 ਮਿਲੀਅਨ ਏਕੜ ਫੁੱਟ ਦਿੱਲੀ ਨੂੰ ਪੀਣ ਲਈ ਪਾਣੀ ਦਿੱਤਾ ਅਤੇ ਬਾਕੀ ਪਹਿਲਾਂ 8 ਮਿਲੀਅਨ ਏਕੜ ਫੁੱਟ ਆਲਰੇਡੀ ਰਾਜਸਥਾਨ ਨੂੰ ਦਿੱਤਾ ਗਿਆ ਸੀ। ਸਵਾਲ ਇਹ ਹੈ ਕਿ ਇਹ ਜਿਹੜਾ ਸਾਰਾ ਮਸਲਾ ਸੀ, ਜਿਹੜਾ ਕਿ ਬਹੁਤ ਵੱਡਾ

ਮਸਲਾ ਸਿੱਧ ਹੋਇਆ ਕਿ ਪੰਜਾਬ ਪੁਨਰਗਠਨ ਐਕਟ, ਪੰਜਾਬ ਦਾ ਨਾਂ ਰੱਖਿਆ ਗਿਆ ਸੀ ਅਤੇ ਹਰਿਆਣੇ ਦਾ ਪੁਨਰਗਠਨ ਐਕਟ ਨਾਂ ਨਹੀਂ ਰੱਖਿਆ ਗਿਆ ਸੀ ਮਤਲਬ ਕਿ ਪੰਜਾਬ ਦਾ ਪੁਨਰਗਠਨ ਕਰਨਾ ਹੈ। ਇਸ ਵਿੱਚ ਜਿਹੜਾ ਯਮੁਨਾ ਦਾ 5.6 ਐਮ.ਏ.ਐਫ. ਪਾਣੀ ਸੀ, ਜਦੋਂ ਪੰਜਾਬ ਦਾ ਪਾਣੀ ਵੰਡਿਆ ਗਿਆ, ਬਿਆਸ ਦਾ ਪਾਣੀ ਵੰਡਿਆ ਗਿਆ, ਰਾਵੀ ਦਾ ਪਾਣੀ ਵੰਡਿਆ ਗਿਆ, ਸਤਲੁਜ ਦਾ ਪਾਣੀ ਵੰਡਿਆ ਗਿਆ, ਜੇਕਰ ਰਿਪੇਰੀਅਨ ਸਿਧਾਂਤ ਦੇ ਮੁਤਾਬਕ ਇਹ ਪਾਣੀ ਦਿੱਤਾ ਗਿਆ ਹੈ ਕਿ ਹਰਿਆਣਾ ਪੰਜਾਬ ਦਾ ਛੋਟਾ ਭਾਈ ਹੈ ਤਾਂ ਫਿਰ 5.6 ਮਿਲੀਅਨ ਏਕੜ ਫੁੱਟ ਪਾਣੀ ਯਮੁਨਾ ਦਾ ਸੀ ਜੋ ਕਿ ਹਰਿਆਣਾ ਲੈ ਰਿਹਾ ਸੀ, ਉਸ ਪਾਣੀ ਦੀ ਵੰਡ ਕਿਉਂ ਨਹੀਂ ਕੀਤੀ ਗਈ? ਅੱਜ ਜਿਸ ਵਿਧਾਨ ਸਭਾ ਵਿੱਚ ਜਾਂ ਜਿਸ Secretariat ਵਿੱਚ ਅਸੀਂ ਬੈਠੇ ਹਾਂ, ਜਦੋਂ ਹਰਿਆਣਾ ਦੀ ਵੰਡ ਹੋਈ ਸੀ ਤਾਂ 60:40 ਦੇ ਅਨੁਪਾਤ ਨਾਲ ਵੰਡਿਆ ਗਿਆ ਸੀ। ਆਪਣੀ ਵਿਧਾਨ ਸਭਾ ਵੀ 60:40 ਦੇ ਅਨੁਪਾਤ ਨਾਲ ਵੰਡੀ ਗਈ ਹੈ। ਜਦੋਂ ਪੰਜਾਬ ਦਾ ਸਾਰਾ ਹਿੱਸਾ, ਦਿਲ ਕੱਢ ਕੇ ਹਰਿਆਣੇ ਨੂੰ ਦੇ ਦਿੱਤਾ ਤਾਂ ਜਿਹੜਾ ਹਰਿਆਣੇ ਦਾ ਪਾਸਾ ਸੀ, ਉਹ ਪੰਜਾਬ ਨੂੰ ਨਹੀਂ ਦਿੱਤਾ ਅਤੇ ਇਸ ਸਬੰਧੀ ਵੀ ਅੱਜ ਮਤਾ ਆਇਆ ਹੈ। 78, 79 ਅਤੇ 80 ਧਾਰਾ ਜੋੜ ਕੇ ਪਾਣੀ ਦੇ ਸਾਰੇ ਅਧਿਕਾਰ ਕੇਂਦਰ ਨੂੰ ਦੇ ਦਿੱਤੇ ਗਏ। ਝਗੜੇ ਦੀ ਸੂਰਤ ਵਿੱਚ ਨਿਪਟਾਰਾ ਕੇਂਦਰ ਦੇ ਅਧੀਨ ਕਰ ਦਿੱਤਾ ਗਿਆ। ਇਹ ਸੰਵਿਧਾਨ ਦੀ ਘੋਰ ਉਲੰਘਣਾ ਹੀ ਨਹੀਂ ਹੈ, ਅਨੈਤਿਕ ਵੀ ਹੈ ਅਤੇ ਕੁਦਰਤੀ ਇਨਸਾਫ ਦੇ ਉਲਟ ਵੀ ਹੈ। ਸਰ, ਜੇ chronology ਦੇਖੀਏ ਤਾਂ ਮਿਤੀ 01.11.1966 ਨੂੰ ਪੁਨਰਗਠਨ ਐਕਟ ਹੋਇਆ। ਮਿਤੀ 24.09.1976 ਨੂੰ ਸ਼੍ਰੀਮਤੀ ਇੰਦਰਾ ਗਾਂਧੀ ਨੇ ਅਵਾਰਡ ਜਾਰੀ ਕਰ ਦਿੱਤਾ ਸੀ। ਮਿਤੀ 18.11.1976 ਨੂੰ ਕਾਂਗਰਸ ਨੇ ਹਰਿਆਣਾ ਤੋਂ ਇੱਕ ਕਰੋੜ ਰੁਪਿਆ ਲੈ ਲਿਆ ਸੀ। ਇਹ ਬਹੁਤ ਵੱਡੀ ਗੱਲ ਹੈ, ਜਿਹੜੀ ਆਪਾਂ ਗੱਲ ਕਰਦੇ ਹਾਂ ਕਿ ਖਜ਼ਾਨਾ ਲੁਟਾਇਆ ਗਿਆ ਹੈ ਇਹ ਬੜੀ ਬੇਸ਼ਰਮੀ ਵਾਲੀ ਗੱਲ ਹੈ ਕਿ ਇਨ੍ਹਾਂ ਨੇ ਇੱਕ ਕਰੋੜ ਰੁਪਿਆ ਕਿਸ ਵਾਸਤੇ ਲਿਆ ਸੀ? 14 ਜਨਵਰੀ, 1977 ਨੂੰ ਪੰਜਾਬ ਸਰਕਾਰ ਵੱਲੋਂ ਨਹਿਰ ਬਣਾਉਣ ਲਈ ਪ੍ਰਸ਼ਾਸਨਿਕ ਮਨਜ਼ੂਰੀ ਵੀ ਦੇ ਦਿੱਤੀ ਗਈ ਔਰ 31 ਮਾਰਚ, 1979 ਨੂੰ ਹਰਿਆਣਾ ਤੋਂ ਇੱਕ ਕਰੋੜ ਰੁਪਏ ਹੋਰ ਲੈ ਲਏ। ਉਸ ਸਮੇਂ ਅਕਾਲੀਆਂ ਦਾ ਰਾਜ ਸੀ। ਜ਼ਮੀਨ ਐਕੁਆਇਰ ਕਰਨ ਸਬੰਧੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ। 30 ਅਪ੍ਰੈਲ, 1979 ਨੂੰ ਹਰਿਆਣਾ ਵੱਲੋਂ 1976 ਦਾ ਅਵਾਰਡ ਲਾਗੂ ਕਰਵਾਉਣ ਲਈ ਮਾਣਯੋਗ ਸੁਪਰੀਮ ਕੋਰਟ ਵਿੱਚ ਅਪੀਲ ਕਰ ਦਿੱਤੀ ਗਈ। 11 ਜੁਲਾਈ, 1979 ਨੂੰ ਪੰਜਾਬ ਸਰਕਾਰ ਵੱਲੋਂ ਪੁਨਰਗਠਨ ਐਕਟ ਦੀ ਧਾਰਾ 78 ਸਬੰਧੀ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਗਈ। 31 ਦਸੰਬਰ, 1981 ਨੂੰ ਇੰਦਰਾ ਗਾਂਧੀ ਨੇ ਤਿੰਨੋਂ ਸੀ.ਐਮ. ਨੂੰ ਦਿੱਲੀ ਬੁਲਾ ਕੇ ਪਟੀਸ਼ਨਾਂ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ। ਉੱਥੇ ਪੰਜਾਬ ਦਾ ਜਿਹੜਾ ਸੀ.ਐਮ. ਸੀ, ਉਹ ਫਿਰ ਬੇਸ਼ਰਮੀ ਨਾਲ ਗੋਡੇ ਟੇਕ ਗਿਆ। ਜਿਹੜੀ ਆਪਾਂ ਹੁਣੇ ਹੀ ਗੱਲ ਕੀਤੀ ਹੈ ਕਿ ਬੇਸ਼ਰਮੀ ਨਾਲ ਸਾਡਾ ਸਾਰਾ ਖਜ਼ਾਨਾ ਲੁਟਾਉਣ ਲਈ ਫਿਰ ਉਸ ਨੇ ਸਾਈਨ ਕਰ ਦਿੱਤੇ। ਇਸ ਤੋਂ ਵੀ ਹੋਰ ਬੇਸ਼ਰਮੀ ਦੀ ਹੱਦ ਇਹ ਹੈ ਕਿ 8 ਅਪ੍ਰੈਲ, 1982 ਨੂੰ ਰਾਜਪੁਰਾ ਤਹਿਸੀਲ ਦੇ ਪਿੰਡ ਕਪੂਰੀ ਵਿੱਚ ਐਸ.ਵਾਈ.ਐਲ. ਨਹਿਰ ਦਾ ਇੰਦਰਾ ਗਾਂਧੀ ਜੀ ਵੱਲੋਂ ਨੀਂਹ ਪੱਥਰ ਰੱਖਿਆ ਗਿਆ। ਉਸ ਸਮੇਂ ਸੀ.ਐਮ. ਦਰਬਾਰਾ ਸਿੰਘ ਦੀ ਸਰਕਾਰ ਸੀ। ਉਸ ਸਮੇਂ ਚਾਂਦੀ ਦੀ ਕਹੀ ਕਿਸ ਨੇ ਦਿੱਤੀ, ਕੈਪਟਨ ਅਮਰਿੰਦਰ ਸਿੰਘ ਨੇ ਦਿੱਤੀ ਸੀ ਕਿ ਲੈ ਬੀਬੀ, ਆਹ ਚੱਕ ਸਾਡੇ ਪੰਜਾਬ ਦਾ ਦਿਲ ਅਤੇ ਟੱਕ ਲਾ ਦੇ। ਇਹ ਕਿੰਨੀ ਮਾੜੀ ਗੱਲ ਹੋਈ ਹੈ। ਉਸ ਤੋਂ ਬਾਅਦ ਕਿੰਨੇ ਮੋਰਚੇ ਲੱਗ ਗਏ ਅਤੇ ਪੰਜਾਬ ਦਾ ਦੁਖਾਂਤ ਸ਼ੁਰੂ ਹੋਇਆ। ਜੂਨ, 1984 ਵਿੱਚ ਬਲੂ ਸਟਾਰ ਆਪ੍ਰੇਸ਼ਨ ਹੋਇਆ। ਇੰਦਰਾ ਗਾਂਧੀ ਦੀ ਹੱਤਿਆ ਵੀ ਹੋ ਗਈ, ਸਿੱਖ ਵਿਰੋਧੀ ਦੰਗੇ ਵੀ ਹੋਏ। 24 ਜੁਲਾਈ, 1985 ਨੂੰ ਰਾਜੀਵ-ਲੌਂਗੋਵਾਲ ਸਮਝੌਤਾ ਹੋ

ਗਿਆ ਅਤੇ ਵਾਧੂ ਪਾਣੀ ਦੇਣ ਲਈ ਟ੍ਰਿਬਿਊਨਲ ਬਣਾ ਦਿੱਤਾ ਗਿਆ ਅਤੇ ਨਹਿਰ ਦੀ ਮਨਜ਼ੂਰੀ ਦੇ ਦਿੱਤੀ ਗਈ। ਸਰ, ਜੇ ਆਪਾਂ ਐਸ.ਵਾਈ.ਐਲ. ਨਹਿਰ ਬਾਰੇ ਦੇਖੀਏ ਕਿ ਕਿਹੜੇ-ਕਿਹੜੇ ਸੰਨ ਵਿੱਚ ਕਿੰਨੀ ਏਕੜ ਜ਼ਮੀਨ ਦਿੱਤੀ ਗਈ ਤਾਂ ਦਸਬੰਰ, 1984 ਤੱਕ ਐਸ.ਵਾਈ.ਐਲ. ਨਹਿਰ ਲਈ 83 ਏਕੜ ਜ਼ਮੀਨ ਐਕੁਆਇਰ ਕਰ ਲਈ ਸੀ। ਅਪ੍ਰੈਲ, 1985 ਤੱਕ 26 ਏਕੜ ਜ਼ੀਮਨ ਐਕੁਆਇਰ ਕਰ ਲਈ ਸੀ, ਅਗਸਤ, 1985 ਤੱਕ 148 ਏਕੜ ਜ਼ਮੀਨ ਐਕੁਆਇਰ ਕਰ ਲਈ ਸੀ, ਅਕਤੂਬਰ, 1985 ਤੱਕ 606 ਏਕੜ ਜ਼ਮੀਨ ਐਕੁਆਇਰ ਕਰ ਲਈ ਗਈ ਸੀ, ਸਤੰਬਰ, 1986 ਤੱਕ 1586 ਏਕੜ ਜ਼ਮੀਨ ਔਰ ਅਕਤੂਬਰ, 1986 ਤੱਕ 1595 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਸੀ। ਅੱਜ ਕੀ ਹਾਲਤ ਹੋਈ ਹੈ? ਅੱਜ ਆਪਾਂ ਜਿਹੜੀਆਂ ਇਹ ਸਾਰੀਆਂ ਗੱਲਾਂ ਕਰ ਰਹੇ ਹਾਂ, ਜਿਹੜੀਆਂ 78, 79 ਅਤੇ 80 ਧਾਰਾਵਾਂ ਸਨ, ਇਨ੍ਹਾਂ ਨਾਲ ਸਾਡੇ ਕੰਸਟੀਚਿਊਸ਼ਨ ਨਾਲ ਧੋਖਾ ਵੀ ਕੀਤਾ ਹੈ ਅਤੇ ਸਾਡੇ ਫੈਡਰਲ ਢਾਂਚੇ ਨੂੰ ਵੱਡੀ ਸੱਟ ਵੀ ਮਾਰੀ ਹੈ।

**1635/Pawan sharma**

ਸਰ, ਉਹ ਹੀ ਗੱਲ ਮੈਂ ਕਰ ਰਿਹਾ ਸੀ, ਸਾਨੂੰ ਇਤਿਹਾਸ ਦੱਸਦਾ ਹੈ ਕਿ ਕੈਨੇਡਾ, ਅਮਰੀਕਾ ਕੋਲ ਪਾਣੀ ਦੇ ਬਹੁਤ ਵਸੀਲੇ ਹਨ ਪਰ ਇਹ ਦੇਸ਼ ਇੱਕ ਦੂਜੇ ਨੂੰ ਪਾਣੀ ਦੇਣ ਤੋਂ ਕੋਰਾ ਜਵਾਬ ਦੇ ਦਿੰਦੇ ਹਨ। ਇਹ ਦੇਖਣ ਵਾਲੀ ਗੱਲ ਹੈ, ਭਾਵੇਂ ਵਸੀਲੇ ਬਹੁਤ ਹੈ। ਤੁਸੀਂ ਇਨ੍ਹਾਂ ਕੋਲੋਂ ਕੋਲਾ, ਤੇਲ ਵਗੈਰਾ ਲੈ ਸਕਦੇ ਹੋ, ਪਰ ਪਾਣੀ ਨਹੀਂ ਲੈ ਸਕਦੇ। ਸਪੀਕਰ ਸਾਹਿਬ, ਮੈਂ ਇੱਕ ਵਾਰੀ ਅਖ਼ਬਾਰ ਵਿੱਚ ਪੜ੍ਹਿਆ ਸੀ ਕਿ ਅਮਰੀਕਾ ਦੀ ਕਿਊਬੈਕ (Quebec) ਸਟੇਟ ਕੋਲ ਪਾਣੀ ਦੇ ਬਹੁਤ ਵੱਡੇ ਸਰੋਤ ਹਨ।

**ਮਾਣਯੋਗ ਸਪੀਕਰ**: ਕੈਨੇਡਾ ਦੀ।

**ਪ੍ਰਿੰਸੀਪਲ ਬੁੱਧ ਰਾਮ**: ਉਹ ਆਪਣੇ ਮੁਲਕ ਦੇ ਦੂਜੇ ਸੂਬਿਆਂ ਨਾਲ ਖ਼ਜ਼ਾਨਾ ਸਾਂਝਾ ਕਰਨ ਲਈ ਤਿਆਰ ਕਦੇ ਵੀ ਨਹੀਂ ਹੁੰਦੇ। ਇੱਕ ਅਮਰੀਕਾ ਦੀ ਗੱਲ ਹੈ। ਕੁਝ ਸਾਲ ਪਹਿਲਾਂ ਕੈਲੇਫੋਰਨੀਆ ਵਿੱਚ ਸੋਕਾ ਪੈ ਗਿਆ ਸੀ। ਕੈਲੇਫੋਰਨੀਆ ਵਿੱਚ ਅਮਰੀਕਾ ਦੀ ਫੈਡਰਲ ਸਰਕਾਰ ਦੇ ਵੱਡੇ ਵੱਡੇ ਫਾਰਮ ਹਨ। ਜਦੋਂ ਉਨ੍ਹਾਂ ਨੇ ਸੁੱਕ ਰਹੀਆਂ ਫ਼ਸਲਾਂ ਵਾਸਤੇ ਪਾਣੀ ਮੰਗਿਆ ਤਾਂ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਿਆਣੇ ਅਤੇ ਸੁਹਿਰਦ ਲੀਡਰ ਆਪਣੀਆਂ ਕੌਮਾਂ ਦੇ ਹਿੱਤਾਂ ਲਈ ਹਰ ਕਿਸਮ ਦੀ ਕੁਰਬਾਨੀ ਕਰਨ ਨੂੰ ਤਿਆਰ ਹੁੰਦੇ ਹਨ। ਇਸ ਦੇ ਉਲਟ ਜਿਹੜੇ ਬੇਈਮਾਨ ਨੇਤਾ ਹਨ, ਆਪਣੇ ਸਵਾਰਥਾਂ ਕਰਕੇ, ਕੌਮਾਂ ਦੇ ਹਿਤਾਂ ਨਾਲ ਖਿਲਵਾੜ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਸਰ, ਸੀ.ਐਮ. ਸਾਹਿਬ ਨੇ ਇੱਕ ਵੱਡੀ ਗੱਲ ਕੀਤੀ ਹੈ ਜੇਕਰ ਸਤਲੁਜ ਦੇਣੀ ਹੈ ਤਾਂ ਫਿਰ ਯਮੁਨਾ ਸਤਲੁਜ ਕਿਉਂ ਨਹੀਂ ਬਣਾਉਂਦੇ। ਸਰ, ਜੇਕਰ ਅਸੀਂ ਯਮੁਨਾ ਸਤਲੁਜ ਦਾ ਨਕਸ਼ਾ ਦੇਖੀਏ , ਮੈਂ ਤੁਹਾਨੂੰ ਦੋ ਮਿੰਟਾਂ ਵਿੱਚ ਪੜ੍ਹ ਦੇ ਸੁਣਾ ਦਿੰਦਾ ਹਾਂ ਕਿ ਨੇਪਾਲ ਤੋਂ ਭਾਰਤ ਵੱਲ ਇੱਕ ਮਹਾਕਾਲੀ ਨਦੀ ਆਉਂਦੀ ਹੈ, ਜਿਹੜੀ ਨੇਪਾਲ ਤੋਂ ਆਉਂਦੀ ਹੈ ਤਾਂ ਉਸ ਦਾ ਨਾਂਅ ਮਹਾਕਾਲੀ ਹੈ। ਇਸ ਵਿੱਚ ਪਾਣੀ ਬਹੁਤ ਹੈ। ਜੇਕਰ ਯਮੁਨਾ ਸਤਲੁਜ ਨਹਿਰ ਵਗ ਜਾਵੇ ਤਾਂ ਉਸ ਦੇ ਪਿਛੇ ਕੀ ਕਰਨਾ ਪੈਣਾ ਹੈ, ਇਹ ਨਦੀ ਉਤਰਾਖੰਡ ਦੇ ਚੰਪਾਵਤ ਜ਼ਿਲ੍ਹੇ ਵਿੱਚ ਟਨਕਪੁਰ ਤੋਂ ਨੇਪਾਲ ਵਿੱਚੋਂ ਭਾਰਤ ਵਿੱਚ ਦਾਖਲ ਹੁੰਦੀ ਹੈ ਅਤੇ ਭਾਰਤ ਵਿੱਚ ਇਸ ਦਾ ਨਾਂਅ ਸ਼ਾਰਦਾ ਨਦੀ ਬਣ ਜਾਂਦਾ ਹੈ। ਜਿਸ ਵਿੱਚ ਇੰਨਾ ਵਾਧੂ ਪਾਣੀ ਹੈ ਕਿ ਛੋਟੀਆਂ ਨਦੀਆਂ ਨਾਲ ਮਿਲ ਕੇ ਬਿਹਾਰ ਵੱਲ ਹੜ੍ਹ ਲਿਆ ਦਿੰਦੇ ਹਨ। ਟਨਕਪੁਰ ਤੋਂ ਇਹ

ਐਸ.ਵਾਈ.ਐੱਲ ਜਿਹੜੀ ਹੈ, ਜਿਸ ਨੂੰ ਅਸੀਂ ਸ਼ਾਰਦਾ ਯਮੁਨਾ ਲਿੰਕ ਕਹਿੰਦੇ ਹਾਂ, ਵਾਈ.ਐੱਸ.ਐੱਲ. ਬਣਾ ਕੇ ਪਾਣੀ ਧੁਰ ਤੱਕ, ਖੇਤਰਾਂ ਤੱਕ ਖ਼ਾਸ ਤੌਰ ਤੇ ਹਰਿਆਣਾ ਅਤੇ ਪੰਜਾਬ ਵੱਲ ਲਿਜਾਇਆ ਜਾ ਸਕਦਾ ਹੈ ਕਿਵੇਂ। ਟਨਕਪੁਰ ਤੋਂ ਇੱਕ ਨਹਿਰ ਉੱਤਰਾਖੰਡ ਦੇ ਜ਼ਿਲ੍ਹਾ ਊਧਮ ਪੁਰ ਨਗਰ ਵੱਲ ਲਿਆ ਕੇ ਦਿੱਲੀ ਕੋਲ ਮੁਜ਼ਫਰਪੁਰ ਤੋਂ ਪਾਣੀਪਤ ਵੱਲ ਨੇੜੇ ਕੈਰਾਨਾ ਸ਼ਹਿਰ ਆਉਂਦਾ ਹੈ। ਇੱਥੇ ਸ਼ਾਰਦਾ ਨਦੀ ਦਾ ਪਾਣੀ ਯਮੁਨਾ ਨਦੀ ਵਿੱਚ ਪਾਇਆ ਜਾ ਸਕਦਾ ਹੈ, ਕਿਵੇਂ। ਇਸ ਦੇ ਰਸਤੇ ਵਿੱਚ ਰਾਮਗੰਗਾ, ਮੰਦਾਕਿਨੀ, ਅਰਧਗੰਗਾ ਪੁਰਾਣੀਆਂ ਨਦੀਆਂ ਹਨ। ਇਨ੍ਹਾਂ ਸਭ ਦਾ ਪਾਣੀ ਇਸ ਵਿੱਚ ਪਾਇਆ ਜਾ ਸਕਦਾ ਹੈ। ਅੱਗੇ ਗੰਗਾ ਨਦੀ ਦੇ ਉਪਰ ਬੈਰਜ ਬਣਾ ਕੇ ਪਾਣੀ ਉੱਪਰੋਂ ਜਾਂ ਹੇਠਾਂ ਲੰਘਾ ਕੇ ਯਮੁਨਾ ਨਦੀ ਵਿੱਚ ਪਾਇਆ ਜਾ ਸਕਦਾ ਹੈ। ਯਮੁਨਾ ਵਿੱਚੋਂ ਵਾਈ.ਐਸ.ਐਲ. ਵਰਗੀ ਵੱਡੀ ਨਹਿਰ ਬਣਾ ਕੇ ਹਰਿਆਣੇ ਨੂੰ ਪਾਣੀ ਦਿੱਤਾ ਜਾ ਸਕਦਾ ਹੈ। ਮਤਲਬ ਉਸ ਵਿੱਚ ਹਰਿਆਣੇ ਵੱਲੋਂ ਵੀ ਧੰਨਵਾਦ ਕਰ ਦਿੱਤਾ ਜਾਵੇਗਾ, ਭਾਗਸ਼ਾਲੀ ਬਣ ਜਾਵੇਗਾ ਅਤੇ ਪੰਜਾਬ ਨੂੰ ਵੀ ਪਾਣੀ ਆ ਜਾਵੇਗਾ। ਜੇਕਰ ਐਸ.ਵਾਈ.ਐਲ. ਦੀ ਥਾਂ ਤੇ ਵਾਈ.ਐਸ.ਐਲ. ਬਣਾ ਦਿੱਤੀ ਜਾਵੇ ਜਿਵੇਂ ਸਾਡੇ ਸੀ.ਐਮ. ਸਾਹਿਬ ਨੇ ਕਿਹਾ ਹੈ ਤਾਂ ਇਸ ਤਰੀਕੇ ਦੇ ਨਾਲ ਜੇਕਰ ਅਸੀਂ ਇਨਵੈਸਟਮੈਂਟ ਕਰ ਲਵਾਂਗੇ ਤਾਂ ਸਾਡਾ ਸਾਰਾ ਕੰਮ ਹੋ ਸਕਦਾ ਹੈ। ਬਸ ਇੱਕ ਗੱਲ ਹੋਰ, ਇੱਕ ਮਿੰਟ ਵਿੱਚ ਮੈਂ ਆਪਣੀ ਗੱਲ ਕਰ ਲਵਾਂਗਾ। ਮੈਂ ਚੀਮਾ ਸਾਹਿਬ ਦੀ ਗੱਲ ਵੱਡੀ ਕਰਦਾ ਹਾਂ। ਸਰ, ਮੈਂ ਪ੍ਰਿੰਸੀਪਲ ਰਿਹਾ ਹਾਂ, ਮੈਨੂੰ ਬਹੁਤ ਸਾਰੀਆਂ ਵਿਦਿਆਰਥਣਾਂ ਮਿਲੀਆਂ। ਸਾਡੇ ਤਿੰਨ ਕਾਲਜ ਵੱਡੇ ਹਨ। ਇਨ੍ਹਾਂ ਤਿੰਨਾਂ ਕਾਲਜਾਂ ਵਿੱਚ ਗ਼ਰੀਬ ਘਰਾਂ ਦੀ ਕੁੜੀਆਂ ਹਨ ਭਾਵੇਂ ਉਹ ਦਲਿਤ ਵਰਗ ਦੀਆਂ ਹੋਣ ਚਾਹੇ ਕਿਸੇ ਵੀ ਜਾਤੀਆਂ ਦੀਆਂ ਹੋਣ ਕਿਉਂਕਿ 64 ਪਰਸੈਂਟ ਕਿਸਾਨਾਂ ਕੋਲ ਢਾਈ ਏਕੜ ਤੋਂ ਘੱਟ ਜ਼ਮੀਨ ਹੈ। ਜਦੋਂ ਉਹ ਕਾਲਜ ਜਾਂਦੀਆਂ ਸੀ, ਤਾਂ ਉਹ ਮੈਨੂੰ ਕਹਿੰਦੀਆਂ ਕਿ ਅਸੀਂ ਪਹਿਲੀ ਵਾਰ ਕੰਟੀਨ ਵਿੱਚ ਚਾਹ ਪੀਤੀ ਹੈ ਕਿਉਂਕਿ ਸਾਡੇ ਜਿਹੜੇ ਪਿਉ ਹਨ, ਉਹ ਮਜ਼ਦੂਰ ਹਨ, ਕਮਾਈ ਘੱਟ ਹੈ, ਘਰੇ ਕੁਝ ਮਿਲਦਾ ਨਹੀਂ। ਸਰ, ਜਦੋਂ ਮੈਂ ਪ੍ਰਿੰਸੀਪਲ ਸੀ ਤਾਂ ਕਦੇ 7-7 ਦਿਨਾਂ ਬਾਅਦ ਕੁੜੀਆਂ ਆਉਂਦੀਆਂ, ਅਸੀਂ ਪੁੱਛਦੇ ਕਿ ਕੁੜੀਏ, ਤੂੰ ਸਕੂਲ ਕਿਉਂ ਨਹੀਂ ਆਈ, ਉਹ ਕਹਿੰਦੀ ਕਿ ਫ਼ੀਸ ਨਹੀਂ ਸੀ, ਮੇਰੇ ਕੋਲ ਵਰਦੀ ਨਹੀਂ ਸੀ, ਮੈਂ ਵਰਦੀ ਧੋਈ ਨਹੀਂ ਸੀ। ਚੱਲੋ ਅਸੀਂ ਰਹਿਮ ਦਿਲ ਸੀ, ਕਈ ਵਾਰੀ ਫ਼ੀਸਾਂ ਕੋਲੋਂ ਵੀ ਭਰ ਦਿੰਦੇ ਸੀ। ਸਰ ਜਦੋਂ ਹੁਣ ਐਸ.ਸੀ. ਕੁੜੀਆਂ ਨੂੰ 4500 ਰੁਪਏ ਤਿੰਨ ਮਹੀਨਿਆਂ ਦਾ ਮਿਲ ਗਿਆ, ਜਿਹੜੀ ਕੁੜੀ ਬੀ.ਏ. ਪਾਰਟ-1, ਪਾਰਟ-2, ਬੀ.ਐੱਡ., ਈ.ਟੀ.ਟੀ. ਕਰਦੀ ਹੈ ਤਾਂ ਉਹ ਕੁੜੀ ਆਪਣਾ ਖ਼ਰਚ ਆਪ ਭਰਨ ਲੱਗ ਗਈ। ਉਹ ਵਰਦੀ ਵੀ ਸੁਆ ਸਕਦੀ ਹੈ, ਬੂਟ ਵੀ ਲੈ ਸਕਦੀ ਹੈ, ਫ਼ੀਸ ਵੀ ਭਰ ਸਕਦੀ ਹੈ। ਜੇਕਰ ਟਿਊਸ਼ਨ ਰੱਖਣੀ ਹੋਵੇ ਤਾਂ ਉਹ ਵੀ ਰੱਖ ਸਕਦੀ ਹੈ। ਸਵੈਟਰਾਂ ਲੈ ਸਕਦੀ ਹੈ। ਸਰ, ਮਾਵਾਂ ਧੀਆਂ ਸਤਿਕਾਰ ਯੋਜਨਾ ਨੇ ਉਨ੍ਹਾਂ ਕੁੜੀਆਂ ਦੇ ਪਿਉ ਭਾਰ ਕਾਫ਼ੀ ਹੋਲਾ ਕਰ ਦਿੱਤਾ ਹੈ, ਜਿਹੜੀਆਂ ਕੁੜੀਆਂ ਕਾਲਜ ਵਿੱਚ ਪੜ੍ਹਦੀਆਂ ਹਨ ਅਤੇ ਇਹ ਯੋਜਨਾ ਉਨ੍ਹਾਂ ਕੁੜੀਆਂ ਲਈ ਵਰਦਾਨ ਸਿੱਧ ਹੋਈ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਥੈਂਕ ਯੂ। ਡਾਕਟਰ ਨਛੱਤਰ ਪਾਲ ਜੀ। ਜੀ ਬੁੱਧ ਰਾਮ ਜੀ।

**ਪ੍ਰਿੰਸੀਪਲ ਬੁੱਧ ਰਾਮ**: ਸੋ, ਇਸ ਕਰਕੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਚੀਮਾ ਸਾਹਿਬ, ਖਜ਼ਾਨਾ ਮੰਤਰੀ ਦੀ ਬਦੌਲਤ ਅੱਜ ਸਾਨੂੰ ਮਾਵਾਂ ਧੀਆਂ ਯੋਜਨਾ ਦਾ ਪੈਸਾ ਮਿਲਿਆ ਹੈ। ਇਹ ਖਾਸ ਤੌਰ ਉੱਤੇ ਪੜ੍ਹਾਈ ਲਈ ਵਰਦਾਨ ਸਿੱਧ ਹੋਵੇਗਾ। ਇਸੇ ਕਰਕੇ ਮੈਂ ਤਿੰਨੇ ਮਤਿਆਂ ਦੀ ਤਾਈਦ ਕਰਦੇ ਹੋਏ ਪਾਸ ਕਰਨ ਦੀ ਸਿਫ਼ਾਰਸ਼ ਕਰਦਾ ਹਾਂ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਹਾਂ ਜੀ, ਡਾਕਟਰ ਨਛੱਤਰ ਪਾਲ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)**: ਧੰਨਵਾਦ, ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਹੁਤ ਹੀ ਅਹਿਮ ਮਤੇ ਦੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਾਡੇ ਬਹੁਤ ਹੀ ਸਤਿਕਾਰਯੋਗ ਮੰਤਰੀ ਸ਼੍ਰੀ ਬਰਿੰਦਰ ਗੋਇਲ ਜੀ, ਸਰਦਾਰ ਹਰਪਾਲ ਚੀਮਾ ਜੀ, ਸਰਦਾਰ ਹਰਜੋਤ ਸਿੰਘ ਬੈਂਸ ਜੀ, ਜਿਹੜੇ ਮਤੇ ਲੈ ਕੇ ਆਏ ਹਨ

**1640/Beant kaur**

**ਡਾਕਟਰ ਨਛੱਤਰ ਪਾਲ (ਜਾਰੀ)** : ਸਿੱਖਿਆ ਮੰਤਰੀ, ਸਰਦਾਰ ਹਰਜੋਤ ਸਿੰਘ ਬੈਂਸ ਜੀ ਜਿਹੜੇ ਮਤੇ ਲੈ ਕੇ ਆਏ ਹਨ, ਮੈਂ ਉਨ੍ਹਾਂ ਸਾਰਿਆਂ ਦੀ ਸਪੋਰਟ ਕਰਦਾ ਹਾਂ। ਮੰਤਰੀ ਸਾਹਿਬ ਨੇ ਵਿਸਥਾਰ ਨਾਲ ਸਾਰੇ ਮਤਿਆਂ ਬਾਰੇ ਦੱਸਿਆ ਹੈ। ਸਾਡੇ ਪੰਜਾਬ ਦੇ ਪਾਣੀਆਂ ਦੇ ਮਾਹਿਰ ਸਰਦਾਰ ਪ੍ਰੀਤਮ ਸਿੰਘ ਕੁੰਮੇਦਾਨ, ਡਾਕਟਰ ਐਸ.ਐਸ ਜੌਹਲ, ਡਾਕਟਰ ਜੀ.ਐਸ ਕਾਲਕਟ, ਡਾਕਟਰ ਸਰਦਾਰਾ ਸਿੰਘ ਜੌਹਲ, ਡਾਕਟਰ ਰਤਨ ਲਾਲ, ਡਾਕਟਰ ਗੁਰਦੇਵ ਸਿੰਘ ਫੌਜੀ, ਡਾਕਟਰ ਜੈਰੂਪ ਸਿੰਘ, ਡਾਕਟਰ ਕੁਲਦੀਪ ਸਿੰਘ, ਸਰਦਾਰ ਸਵਰਨ ਸਿੰਘ ਬੋਪਾਰਾਏ, ਸਰਦਾਰ ਪੀਪੀਐਸ ਸਿੱਧੂ, ਸਰਦਾਰ ਗੁਰਪਾਲ ਸਿੰਘ ਢਿੱਲੋਂ, ਜਿਨ੍ਹਾਂ ਨੇ ਪੰਜਾਬ ਦੇ ਪਾਣੀਆਂ ਦੀ ਗਾਥਾ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਗੈਰ ਸੰਵਿਧਾਨਿਕ ਕਿਵੇਂ ਹੈ, ਵਰਗੀਆਂ ਕਿਤਾਬਾਂ ਲਿਖੀਆਂ ਹਨ। ਇਹ ਬੁਕਸ ਮੈਂ ਕਾਫੀ ਡਿਟੇਲ ਨਾਲ ਪੜ੍ਹੀਆਂ ਹਨ। ਮੈਂ ਹਰੇਕ ਮਤੇ ਨਾਲ ਵਿਸਥਾਰ ਵਿੱਚ ਜਵਾਬ ਲਿਖੇ ਹਨ ਅਤੇ ਮੈਂ ਤੁਹਾਡੇ ਤੋਂ ਆਗਿਆ ਚਾਹਾਂਗਾ ਕਿ ਇਹ ਲਿਖੇ ਹੋਏ ਜਵਾਬ ਕਿਰਪਾ ਕਰਕੇ ਟੇਬਲ ਕੀਤੇ ਜਾਣ।

**ਮਾਣਯੋਗ ਸਪੀਕਰ** : ਹਾਂ ਜੀ, allowed.

**ਡਾਕਟਰ ਨਛੱਤਰ ਪਾਲ** : OFFICIAL RESOLUTION 1.

ਮਾਨਯੋਗ ਸਪੀਕਰ ਸਾਹਿਬ,

ਮੈਂ ਅੱਜ ਮਾਨਯੋਗ ਮੰਤਰੀ ਜੀ ਵੱਲੋਂ ਪੇਸ਼ ਕੀਤੇ ਗਏ ਇਸ ਸਰਕਾਰੀ ਮਤੇ ਦੇ ਹੱਕ ਵਿੱਚ ਜ਼ੋਰਦਾਰ ਸਮਰਥਨ ਕਰਨ ਲਈ ਖੜ੍ਹਾ ਹੋਇਆ ਹਾਂ। ਇਹ ਮਤਾ ਸਿਰਫ਼ ਇੱਕ ਸਿਆਸੀ ਦਸਤਾਵੇਜ਼ ਨਹੀਂ ਹੈ: ਇਹ ਨਿਆ ਲਈ ਇੱਕ ਹੋਕਾ ਹੈ, ਸਾਡੇ ਸੂਬੇ ਦੇ ਵਾਤਾਵਰਣ ਨੂੰ ਬਚਾਉਣ ਦੀ ਲੜਾਈ ਹੈ, ਅਤੇ ਪੰਜਾਬ ਦੇ ਇਤਿਹਾਸਕ ਅਤੇ ਕਾਨੂੰਨੀ ਅਧਿਕਾਰਾਂ ਦੀ ਇੱਕ ਬਹੁਤ ਹੀ ਜਰੂਰੀ ਤੇ ਦੇਰ ਤੋਂ ਲਟਕਦੀ ਆ ਰਹੀ ਮੰਗ ਹੈ।

ਸਪੀਕਰ ਸਾਹਿਬ, ਦਹਾਕਿਆ ਤੋਂ ਪੰਜਾਬ ਦੇਸ਼ ਲਈ ਕੁਰਬਾਨੀਆ ਦਿੰਦਾ ਆ ਰਿਹਾ ਹੈ, ਦੇਸ਼ ਦਾ ਪੇਟ ਭਰ ਰਿਹਾ ਹੈ। ਅਸੀਂ ਪੰਜ ਦਰਿਆਵਾਂ ਦੀ ਧਰਤੀ ਹਾਂ, ਪਰ ਅੱਜ ਸਾਡੇ ਖੇਤ ਪਿਆਸੇ ਹਨ, ਸਾਡੇ ਖੂਹ

ਸੁੱਕ ਰਹੇ ਹਨ, ਅਤੇ ਸਾਡਾ ਭਵਿੱਖ ਖ਼ਤਰੇ ਵਿੱਚ ਹੈ। ਜਿੱਥੇ 1966 ਵਿੱਚ ਰਾਜ ਦੇ ਪੁਨਰਗਠਨ ਦੌਰਾਨ ਸਾਡੇ ਦਰਿਆਵਾਂ-ਰਾਵੀ ਅਤੇ ਬਿਆਸ-ਦੇ ਪਾਣੀਆਂ ਨੂੰ ਬੜੇ ਧਿਆਨ ਨਾਲ ਵੰਡਿਆ ਅਤੇ ਦੂਜੇ ਰਾਜਾਂ ਵੱਲ ਮੋੜਿਆ ਗਿਆ, ਉੱਥੇ ਹੀ ਯਮੁਨਾ ਨਦੀ ਦੇ ਪਾਣੀ ਨੂੰ ਬੜੀ ਚਲਾਕੀ ਨਾਲ ਨਜ਼ਰਅੰਦਾਜ਼ ਕਰ ਦਿੱਤਾ ਗਿਆ।

ਸਪੀਕਰ ਸਾਹਿਬ, ਇਹ ਦੋਹਰਾ ਮਾਪਦੰਡ ਕਿਉਂ?

ਜੇਕਰ ਹਰਿਆਣਾ, ਪੁਰਾਣੇ ਪੰਜਾਬ ਦਾ ਉੱਤਰਾਧਿਕਾਰੀ ਰਾਜ ਹੋਣ ਦੇ ਨਾਤੇ, ਰਾਵੀ-ਬਿਆਸ ਦੇ ਪਾਣੀਆਂ 'ਤੇ ਆਪਣਾ ਦਾਅਵਾ ਠੋਕ ਸਕਦਾ ਹੈ, ਤਾਂ ਕਾਨੂੰਨ, ਨਿਆ ਅਤੇ ਤਰਕ ਦੇ ਹਰ ਨਿਯਮ ਮੁਤਾਬਕ ਪੰਜਾਬ ਦਾ ਵੀ ਯਮੁਨਾ ਦੇ ਪਾਣੀ 'ਤੇ ਅਟੱਲ ਅਧਿਕਾਰ ਬਣਦਾ ਹੈ। ਯਮੁਨਾ ਅਣਵੰਡੇ ਪੁਰਾਣੇ ਪੰਜਾਬ ਦੇ ਖੇਤਰ ਵਿੱਚੋਂ ਵਗਦੀ ਸੀ। 12 ਮਾਰਚ 1954 ਨੂੰ ਪੁਰਾਣੇ ਪੰਜਾਬ ਅਤੇ ਉੱਤਰ ਪ੍ਰਦੇਸ਼ ਦਰਮਿਆਨ ਹੋਏ ਰਸਮੀ ਸਮਝੌਤੇ ਤਹਿਤ ਸਾਡਾ ਰਾਜ ਸਪੱਸ਼ਟ ਤੌਰ 'ਤੇ ਯਮੁਨਾ ਦੇ ਦੋ-ਤਿਹਾਈ (2/3) ਪਾਣੀ ਦਾ ਹੱਕਦਾਰ ਸੀ। 1966 ਵਿੱਚ ਭੂਗੋਲਿਕ ਸਰਹੱਦਾਂ ਬਦਲਣ ਨਾਲ ਸਾਡੇ ਇਹ ਇਤਿਹਾਸਕ ਅਤੇ ਜਾਇਜ਼ ਹੱਕ ਖ਼ਤਮ ਨਹੀਂ ਹੋ ਜਾਂਦੇ। ਇੱਥੋਂ ਤੱਕ ਕਿ ਕੇਂਦਰ ਸਰਕਾਰ ਦੇ ਆਪਣੇ 1972 ਦੇ ਸਿੰਚਾਈ ਕਮਿਸ਼ਨ ਦੀ ਰਿਪੋਰਟ ਵੀ ਇਹ ਪੁਸ਼ਟੀ ਕਰਦੀ ਹੈ ਕਿ ਅਜੋਕੇ ਪੰਜਾਬ ਦੇ ਕਈ ਇਲਾਕੇ ਯਮੁਨਾ ਬੇਸਿਨ ਦੇ ਘੇਰੇ ਵਿੱਚ ਆਉਂਦੇ ਹਨ।

ਪਰ, ਜਦੋਂ ਰਾਵੀ ਅਤੇ ਬਿਆਸ ਦੇ ਮਸਲੇ ਨੂੰ ਹੱਲ ਕਰਨ ਲਈ ਅੰਤਰ-ਰਾਜ ਦਰਿਆਈ ਪਾਣੀ ਵਿਵਾਦ ਐਕਟ, 1956 ਵਿੱਚ ਧਾਰਾ 14 ਜੋੜੀ ਗਈ, ਤਾਂ ਯਮੁਨਾ ਨੂੰ ਜਾਣਬੁੱਝ ਕੇ ਇਸ ਵਿੱਚੋਂ ਬਾਹਰ ਰੱਖਿਆ ਗਿਆ। ਇਸ ਇਤਿਹਾਸਕ ਅਣਦੇਖੀ ਨੇ ਸਾਡੇ ਸੂਬੇ ਨੂੰ ਬਹੁਤ ਵੱਡਾ ਆਰਥਿਕ ਅਤੇ ਵਾਤਾਵਰਣਿਕ ਨੁਕਸਾਨ ਪਹੁੰਚਾਇਆ ਹੈ।

ਸਪੀਕਰ ਸਾਹਿਬ, ਆਓ ਅੱਜ ਪੰਜਾਬ ਦੀ ਭਿਆਨਕ ਹਕੀਕਤ ਵੱਲ ਝਾਤ ਮਾਰੀਏ। ਦੇਸ਼ ਦੇ ਅੰਨ ਦੇ ਭੰਡਾਰ ਭਰਨ ਲਈ ਸਾਡੇ ਮਿਹਨਤੀ ਕਿਸਾਨਾਂ ਨੇ ਕਣਕ-ਝੋਨੇ ਦੇ ਤੀਬਰ ਫ਼ਸਲੀ ਚੱਕਰ ਨੂੰ ਅਪਣਾਇਆ। ਅਸੀਂ ਦੇਸ਼ ਦਾ ਢਿੱਡ ਤਾਂ ਭਰਿਆ, ਪਰ ਕਿਸ ਕੀਮਤ 'ਤੇ? ਅਸੀਂ ਆਪਣੀ ਜਿੰਦ ਜਾਨ-ਆਪਣਾ ਜ਼ਮੀਨਦੋਜ਼ ਪਾਈ ਮੁਕਾ ਲਿਆ। ਪੰਜਾਬ ਨੂੰ ਆਪਣੀ ਹੋਂਦ ਬਚਾਉਣ ਲਈ 52 MAF ਪਾਣੀ ਦੀ ਲੋੜ ਹੈ, ਪਰ ਸਾਨੂੰ ਸਿਰਫ਼ 14.54 MAF ਪਾਣੀ ਹੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਸਾਡੇ ਕੁੱਲ ਉਪਲਬਧ 34 MAF ਪਾਣੀ ਵਿੱਚੋਂ ਇੱਕ ਬਹੁਤ ਵੱਡਾ ਹਿੱਸਾ ਗੁਆਂਢੀ ਰਾਜਾਂ ਜਿਵੇਂ ਕਿ ਰਾਜਸਥਾਨ ਅਤੇ ਹਰਿਆਣਾ ਨੂੰ ਦੇ ਦਿੱਤਾ ਗਿਆ—ਉਹ ਰਾਜ ਜਿਨ੍ਹਾਂ ਦਾ ਸਾਡੇ ਪਾਣੀਆਂ 'ਤੇ ਕੋਈ ਰਿਪੇਰੀਅਨ (ਦਰਿਆ ਕਿਨਾਰੇ ਹੋਣ ਦਾ) ਹੱਕ ਵੀ ਨਹੀਂ ਬਣਦਾ।

ਦੂਜੇ ਪਾਸੇ, ਪੰਜਾਬ ਪਾਣੀ ਦੇ ਮਾਮਲੇ ਵਿੱਚ ਡਾਰਕ ਜ਼ੋਨ (ਡੂੰਘੇ ਸੰਕਟ) ਵੱਲ ਵਧ ਰਿਹਾ ਹੈ। ਪੰਜਾਬ ਦੇ 153 ਬਲਾਕਾਂ ਵਿੱਚੋਂ 110 ਬਲਾਕ (ਯਾਨੀ 72%) ਪਾਣੀ ਦੀ ਹੱਦੋਂ ਵੱਧ ਵਰਤੋਂ ਕਾਰਨ ਗੰਭੀਰ ਸਥਿਤੀ

ਵਿੱਚ ਹਨ। ਇਸ ਦੇ ਮੁਕਾਬਲੇ ਹਰਿਆਣਾ ਦੇ ਸਿਰਫ 64% ਬਲਾਕ ਹੀ ਇਸ ਸਥਿਤੀ ਵਿੱਚ ਹਨ। ਸਾਡਾ ਵਾਟਰ ਟੇਬਲ (ਪਾਣੀ ਦਾ ਪੱਧਰ) ਲਗਾਤਾਰ ਡਿੱਗ ਰਿਹਾ ਹੈ, ਸਾਡੀ ਖੇਤੀ ਖ਼ਤਰੇ ਵਿੱਚ ਹੈ, ਅਤੇ ਇੱਕ ਵੱਡੀ ਵਾਤਾਵਰਣਿਕ ਤਬਾਹੀ ਸਾਡੇ ਬੂਹੇ 'ਤੇ ਦਸਤਕ ਦੇ ਰਹੀ ਹੈ।

ਸਪੀਕਰ ਸਾਹਿਬ, ਅਸੀ ਕੋਈ ਖੈਰਾਤ ਨਹੀਂ ਮੰਗ ਰਹੇ। ਅਸੀਂ ਉਹ ਮੰਗ ਰਹੇ ਹਾਂ ਜੋ ਕਾਨੂੰਨਨ ਸਾਡਾ ਹੈ।

12 ਮਈ 1994 ਨੂੰ ਦਿੱਲੀ, ਹਰਿਆਣਾ, ਯੂ.ਪੀ., ਹਿਮਾਚਲ ਅਤੇ ਰਾਜਸਥਾਨ ਵਿਚਕਾਰ ਹੋਏ ਸਮਝੌਤੇ (MOU) ਵਿੱਚ ਪੰਜਾਬ ਨੂੰ ਪੂਰੀ ਤਰ੍ਹਾਂ ਲਾਂਭੇ ਕਰ ਦਿੱਤਾ ਗਿਆ ਸੀ। ਪਰ ਉਸੇ ਸਮਝੌਤੇ ਦੀ ਧਾਰਾ 8 ਇਹ ਕਹਿੰਦੀ ਹੈ ਕਿ 2025 ਤੋਂ ਬਾਅਦ ਇਸ ਦੀ ਸਮੀਖਿਆ (ਰਿਵਿਊ) ਕੀਤੀ ਜਾਵੇਗੀ। ਉਹ ਸਮਾਂ ਹੁਣ ਆ ਗਿਆ ਹੈ। ਇਹ ਸਾਡੇ ਕੋਲ ਇੱਕ ਇਤਿਹਾਸਕ ਗਲਤੀ ਨੂੰ ਸੁਧਾਰਨ ਦਾ ਸੁਨਹਿਰੀ ਮੌਕਾ ਹੈ। ਸਾਡੀ ਸਰਕਾਰ ਨੇ 25 ਅਪ੍ਰੈਲ 2025 ਨੂੰ ਅੰਤਰ-ਰਾਜ ਦਰਿਆਈ ਪਾਣੀ ਵਿਵਾਦ ਐਕਟ ਦੀ ਧਾਰਾ 3 ਤਹਿਤ ਟ੍ਰਿਬਿਊਨਲ ਬਣਾਉਣ ਲਈ ਰਸਮੀ ਸ਼ਿਕਾਇਤ ਦਰਜ ਕਰਵਾਈ ਸੀ। ਕੇਂਦਰ ਸਰਕਾਰ ਅਜੇ ਤੱਕ ਇਸ 'ਤੇ ਕੁੰਡਲੀ ਮਾਰ ਕੇ ਕਿਉਂ ਬੈਠੀ ਹੈ?

ਇਸ ਮਤੇ ਰਾਹੀਂ ਇਸ ਪਵਿੱਤਰ ਸਦਨ ਨੂੰ ਨਵੀਂ ਦਿੱਲੀ ਤੱਕ ਇੱਕ ਸਪੱਸ਼ਟ ਅਤੇ ਦ੍ਰਿੜ ਸੁਨੇਹਾ ਭੇਜਣਾ ਚਾਹੀਦਾ ਹੈ:

1. ਅਸੀਂ ਹਰ ਢੁਕਵੇਂ ਮੰਚ 'ਤੇ ਯਮੁਨਾ ਦੇ ਪਾਣੀਆਂ ਵਿੱਚ ਪੰਜਾਬ ਦੇ ਜਾਇਜ਼ ਅਤੇ ਬਰਾਬਰੀ ਦੇ ਹੱਕ ਲਈ ਲੜਾਈ ਜਾਰੀ ਰੱਖਾਂਗੇ।

2. ਅਸੀਂ ਜਲ ਸ਼ਕਤੀ ਮੰਤਰਾਲੇ ਨੂੰ ਅਪੀਲ ਕਰਦੇ ਹਾਂ ਕਿ ਉਹ ਸਾਡੀ ਅਪ੍ਰੈਲ 2025 ਦੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰੋ ਅਤੇ ਵਾਟਰ ਡਿਸਪਿਊਟ ਟ੍ਰਿਬਿਊਨਲ ਦਾ ਗਠਨ ਕਰੋ। ਜੇਕਰ ਕੇਂਦਰ ਸਰਕਾਰ ਇਸ ਵਿੱਚ ਨਾਕਾਮ ਰਹਿੰਦੀ ਹੈ, ਤਾਂ ਅਸੀ ਮਾਨਯੋਗ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣ ਤੋਂ ਵੀ ਗੁਰੇਜ਼ ਨਹੀਂ ਕਰਾਂਗੇ।

3. ਅਸੀਂ 1994 ਦੇ ਸਮਝੌਤੇ ਦੀ ਤੁਰੰਤ ਸਮੀਖਿਆ ਦੀ ਮੰਗ ਕਰਦੇ ਹਾਂ ਤਾਂ ਜੋ ਪੰਜਾਬ ਨੂੰ ਯਮੁਨਾ ਦੇ ਪਾਣੀਆਂ ਦਾ ਹੱਕਦਾਰ ਬਣਾਇਆ ਜਾ ਸਕੇ, ਅਤੇ ਇਹ ਹਿੱਸਾ ਹਰਿਆਣਾ ਨੂੰ ਦਿੱਤੇ ਗਏ ਗੈਰ-ਵਾਜਿਬ ਕੋਟੇ ਵਿੱਚੋਂ ਕੱਢਿਆ ਜਾਵੇ।

ਸਪੀਕਰ ਸਾਹਿਬ, ਇਹ ਮਤਾ ਪਾਰਟੀਬਾਜ਼ੀ ਤੋਂ ਉੱਪਰ ਹੈ। ਇਹ ਪੰਜਾਬ ਦੀ ਹੋਂਦ, ਸਾਡੇ ਕਿਸਾਨਾਂ ਅਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਦੇ ਭਵਿੱਖ ਦਾ ਸਵਾਲ ਹੈ। ਮੈਂ ਇਸ ਮਤੇ ਦਾ ਪੂਰੇ ਦਿਲ ਨਾਲ

ਸਮਰਥਨ ਕਰਦਾ ਹਾਂ ਅਤੇ ਸਦਨ ਦੇ ਸਾਰੇ ਮੈਂਬਰਾਂ ਨੂੰ ਅਪੀਲ ਕਰਦਾ ਹਾਂ ਕਿ ਇਸ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ।

**OFFICIAL RESOLUTION (2)**

ਮਾਨਯੋਗ ਸਪੀਕਰ ਸਾਹਿਬ,

ਮੈਂ ਮਾਨਯੋਗ ਮੰਤਰੀ ਜੀ ਵੱਲੋਂ ਪੇਸ਼ ਕੀਤੇ ਗਏ ਇਸ ਦੂਜੇ ਅਹਿਮ ਸਰਕਾਰੀ ਮਤੇ ਦੇ ਹੱਕ ਵਿੱਚ ਆਪਣੀ ਆਵਾਜ਼ ਬੁਲੰਦ ਕਰਨ ਲਈ ਖੜ੍ਹਾ ਹੋਇਆ ਹਾਂ। ਇਹ ਮਤਾ ਸਿਰਫ਼ ਪਾਣੀ ਦੇ ਪ੍ਰਬੰਧਨ ਦਾ ਮਸਲਾ ਨਹੀਂ ਹੈ, ਬਲਕਿ ਇਹ ਭਾਰਤੀ ਸੰਵਿਧਾਨ ਵੱਲੋਂ ਸਾਡੇ ਰਾਜ ਨੂੰ ਦਿੱਤੇ ਗਏ ਸੰਘੀ ਅਧਿਕਾਰਾਂ ਅਤੇ ਪੰਜਾਬ ਦੀ ਭੂਗੋਲਿਕ ਪ੍ਰਭੂਸੱਤਾ ਦੀ ਰਾਖੀ ਦਾ ਸਵਾਲ ਹੈ।

ਸਪੀਕਰ ਸਾਹਿਬ, 1966 ਵਿੱਚ ਜਦੋਂ ਪੁਰਾਣੇ ਪੰਜਾਬ ਦਾ ਪੁਨਰਗਠਨ ਕੀਤਾ ਗਿਆ ਸੀ, ਤਾਂ ਉਸ ਸਮੇਂ ਪੰਜਾਬ ਪੁਨਰਗਠਨ ਐਕਟ, 1966 ਵਿੱਚ ਇੱਕ ਨਾਜਾਇਜ਼ ਅਤੇ ਅਸੰਵਿਧਾਨਕ ਧਾਰਾ 79(1)(c) ਜੋੜ ਦਿੱਤੀ ਗਈ ਸੀ। ਇਸ ਧਾਰਾ ਦੇ ਤਹਿਤ ਸਾਡੇ ਆਪਣੇ ਰਾਜ ਵਿੱਚ ਸਥਿਤ ਰੋਪੜ ਹਰੀਕੇ ਅਤੇ ਫ਼ਿਰੋਜ਼ਪੁਰ ਦੇ ਸਿੰਚਾਈ ਹੈੱਡਵਰਕਸ ਦਾ ਪ੍ਰਸ਼ਾਸਨ, ਰੱਖ-ਰਖਾਅ ਅਤੇ ਸੰਚਾਲਨ ਭਾਖੜਾ ਬਿਆਸ ਪ੍ਰਬੰਧਨ ਬੋਰਡ (BBMB) ਨੂੰ ਸੌਂਪ ਦਿੱਤਾ ਗਿਆ।

ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸੰਸਦ ਨੂੰ ਇਹ ਕਾਨੂੰਨ ਬਣਾਉਣ ਦਾ ਅਧਿਕਾਰ ਕਿਸਨੇ ਦਿੱਤਾ? ਭਾਰਤੀ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ II (ਰਾਜ ਸੂਚੀ ਦੀ ਐਂਟਰੀ 17) ਤਹਿਤ ਪਾਣੀ ਅਤੇ ਇਸ ਨਾਲ ਜੁੜੇ ਢਾਂਚੇ 'ਤੇ ਕਾਨੂੰਨ ਬਣਾਉਣ ਅਤੇ ਫੈਸਲੇ ਲੈਣ ਦਾ ਪੂਰਾ ਅਧਿਕਾਰ ਸਿਰਫ਼ ਅਤੇ ਸਿਰਫ਼ ਰਾਜ ਸਰਕਾਰ ਕੋਲ ਹੈ। ਇਸ ਲਈ, ਪੰਜਾਬ ਪੁਨਰਗਠਨ ਐਕਟ ਦੀ ਧਾਰਾ 79 ਸੰਸਦ ਦੇ ਵਿਧਾਨਕ ਅਧਿਕਾਰ ਖੇਤਰ ਤੋਂ ਬਿਲਕੁਲ ਬਾਹਰ ਹੈ। ਰੋਪੜ, ਹਰੀਕੇ ਅਤੇ ਫ਼ਿਰੋਜਪੁਰ ਦੇ ਇਹ ਤਿੰਨੇ ਹੈੱਡਵਰਕਸ ਪੂਰੀ ਤਰ੍ਹਾਂ ਪੰਜਾਬ ਦੀ ਧਰਤੀ 'ਤੇ ਸਥਿਤ ਹਨ ਅਤੇ ਸੁਰੂ ਤੋਂ ਹੀ ਇਨ੍ਹਾਂ ਦਾ ਭੌਤਿਕ ਕੰਟਰੋਲ ਅਤੇ ਸੰਚਾਲਨ ਪੰਜਾਬ ਸਰਕਾਰ ਦੇ ਹੱਥਾਂ ਵਿੱਚ ਰਿਹਾ ਹੈ।

ਸਪੀਕਰ ਸਾਹਿਬ, ਪੂਰੇ ਹਿੰਦੁਸਤਾਨ ਵਿੱਚ ਇੱਕੋ ਨਿਯਮ ਚੱਲਦਾ ਹੈ ਕਿ ਜਿਸ ਰਾਜ ਦੀ ਸਰਹੱਦ ਵਿੱਚ ਕੋਈ ਹੈੱਡਵਰਕਸ ਜਾਂ ਬੈਰਾਜ ਸਥਿਤ ਹੁੰਦਾ ਹੈ, ਉਸ ਦੀ ਮਾਲਕੀ ਅਤੇ ਪ੍ਰਬੰਧਨ ਉਸੇ ਰਾਜ ਕੋਲ ਹੁੰਦਾ ਹੈ, ਭਾਵੇਂ ਉੱਥੋਂ ਦੂਜੇ ਰਾਜਾਂ ਨੂੰ ਪਾਣੀ ਕਿਉਂ ਨਾ ਸਪਲਾਈ ਹੁੰਦਾ ਹੋਵੇ। ਇਸ ਦੀਆਂ ਜਿਉਂਦੀਆਂ- ਜਾਗਦੀਆਂ ਮਿਸਾਲਾਂ ਹਰਿਆਣਾ ਦਾ ਹਥਨੀਕੁੰਡ ਬੈਰਾਜ, ਰਾਜਸਥਾਨ ਦਾ ਕੋਟਾ ਬੈਰਾਜ, ਦਿੱਲੀ ਦਾ ਓਖਲਾ ਬੈਰਾਜ, ਕਰਨਾਟਕ ਦਾ ਨਾਰਾਇਣਪੁਰ ਬੈਰਾਜ, ਓਡੀਸ਼ਾ ਦਾ ਹੀਰਾਕੁੰਡ ਡੈਮ, ਝਾਰਖੰਡ ਦਾ ਗਾਲੂਡੀਹ ਬੈਰਾਜ ਅਤੇ ਆਂਧਰਾ ਪ੍ਰਦੇਸ਼ ਦਾ ਲੋਅਰ ਸਿਲੇਰੂ ਹੈੱਡਵਰਕਸ ਹਨ। ਜੇਕਰ ਬਾਕੀ ਸਾਰੇ ਦੇਸ਼ ਵਿੱਚ ਇਹ ਕਾਨੂੰਨ ਲਾਗੂ ਹੈ, ਤਾਂ ਪੰਜਾਬ ਨਾਲ ਇਹ ਮਤਰੇਈ ਮਾਂ ਵਾਲਾ ਸਲੂਕ ਕਿਉਂ? ਪੰਜਾਬ ਦੇ ਹੱਥੋਂ ਉਸ ਦੇ ਆਪਣੇ ਹੈੱਡਵਰਕਸ ਖੋਹਣ ਦੀ ਕੋਸਿਸ ਕਿਉਂ ਕੀਤੀ ਜਾ ਰਹੀ ਹੈ?

ਇਸ ਫੈਸਲੇ ਨਾਲ ਕਿਸੇ ਦੂਜੇ ਰਾਜ ਦਾ ਕੋਈ ਨੁਕਸਾਨ ਨਹੀਂ ਹੋ ਰਿਹਾ। ਰੋਪੜ, ਹਰੀਕੇ ਅਤੇ ਫ਼ਿਰੋਜ਼ਪੁਰ ਹੈੱਡਵਰਕਸ ਨੂੰ ਪੰਜਾਬ ਦੇ ਪੂਰੇ ਕੰਟਰੋਲ ਹੇਠ ਰੱਖਣ ਨਾਲ ਹਰਿਆਣਾ 'ਤੇ ਕੋਈ ਅਸਰ ਨਹੀਂ ਪੈਂਦਾ ਕਿਉਂਕਿ ਇਨ੍ਹਾਂ ਰਾਹੀਂ ਹਰਿਆਣਾ ਨੂੰ ਕੋਈ ਪਾਣੀ ਸਪਲਾਈ ਨਹੀਂ ਹੁੰਦਾ। ਰਹੀ ਗੱਲ ਰਾਜਸਥਾਨ ਦੀ, ਤਾਂ ਉਨ੍ਹਾਂ ਦੇ ਹਿੱਸੇ ਦਾ ਪਾਣੀ ਹਰੀਕੇ ਤੋਂ ਨਿਯੰਤ੍ਰਿਤ ਹੁੰਦਾ ਹੈ, ਅਤੇ ਸਾਲ 2003 ਤੋਂ ਪੰਜਾਬ, ਰਾਜਸਥਾਨ ਅਤੇ BBMB ਦੇ ਨੁਮਾਇੰਦਿਆਂ ਵੱਲੋਂ ਉੱਥੇ ਸਾਂਝੀ ਨਿਗਰਾਨੀ (Joint Observation) ਕੀਤੀ ਜਾ ਰਹੀ ਹੈ, ਜੋ ਕਿ ਇੱਕ ਬਹੁਤ ਹੀ ਸੁਚਾਰੂ ਪ੍ਰਣਾਲੀ ਹੈ।

ਸਪੀਕਰ ਸਾਹਿਬ, ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਹੈੱਡਵਰਕਸ ਨੂੰ ਚਲਾਉਣ ਲਈ ਸਥਾਨਕ ਹਾਲਾਤ ਦੀ ਡੂੰਘੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਖਾਸ ਕਰਕੇ ਹੜ੍ਹਾਂ ਦੇ ਦਿਨਾਂ ਵਿੱਚ, ਜਦੋਂ ਪੰਜਾਬ ਦੇ ਲੋਕਾਂ ਦੀ ਜਾਨ, ਮਾਲ ਅਤੇ ਬੁਨਿਆਦੀ ਢਾਂਚੇ ਨੂੰ ਬਚਾਉਣ ਲਈ ਤੁਰੰਤ ਫੈਸਲੇ ਲੈਣੇ ਪੈਂਦੇ ਹਨ, ਤਾਂ ਉਹ ਫੈਸਲੇ ਚੰਡੀਗੜ੍ਹ ਜਾਂ ਦਿੱਲੀ ਬੈਠੇ ਬੋਰਡ ਦੇ ਅਧਿਕਾਰੀ ਨਹੀਂ, ਬਲਕਿ ਧਰਤੀ 'ਤੇ ਮੌਜੂਦ ਪੰਜਾਬ ਦੇ ਇੰਜੀਨੀਅਰ ਅਤੇ ਪ੍ਰਸਾਸਨ ਹੀ ਲੈ ਸਕਦੇ ਹਨ। ਪੰਜਾਬ ਦੇ ਲੋਕਾਂ ਦੀ ਸੁਰੱਖਿਆ ਦੀ ਸਿੱਧੀ ਜ਼ਿੰਮੇਵਾਰੀ ਸਾਡੀ ਸਰਕਾਰ ਦੀ ਹੈ, ਇਸ ਲਈ ਇਨ੍ਹਾਂ ਦਾ ਕੰਟਰੋਲ ਵੀ ਸਾਡੇ ਕੋਲ ਹੀ ਰਹਿਣਾ ਚਾਹੀਦਾ ਹੈ।

ਸਾਡੇ ਰਾਜ ਨੇ ਜੁਲਾਈ 2007 ਵਿੱਚ ਸਿਵਲ ਸੂਟ ਨੰਬਰ 2 ਰਾਹੀਂ ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ 78 ਅਤੇ 79 ਦੀ ਸੰਵਿਧਾਨਕ ਵੈਧਤਾ ਨੂੰ ਮਾਨਯੋਗ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੋਈ ਹੈ, ਜੋ ਕਿ ਅਜੇ ਵੀ ਵਿਚਾਰ ਅਧੀਨ ਹੈ।

ਇਸ ਲਈ, ਇਹ ਸਦਨ ਅੱਜ ਸਰਵਸੰਮਤੀ ਨਾਲ ਇਹ ਮਤਾ ਪਾਸ ਕਰਦਾ ਹੈ ਕਿ

1. ਪੰਜਾਬ ਸਰਕਾਰ ਕੇਂਦਰ ਸਰਕਾਰ ਤੱਕ ਪਹੁੰਚ ਕਰੇ ਅਤੇ ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 79(1)(c) ਵਿੱਚ ਤੁਰੰਤ ਸੋਧ ਦੀ ਮੰਗ ਕਰੇ, ਤਾਂ ਜੋ ਰੋਪੜ, ਹਰੀਕੇ ਅਤੇ ਫ਼ਿਰੋਜ਼ਪੁਰ ਦੇ ਹੈੱਡਵਰਕਸ ਦਾ ਪ੍ਰਬੰਧਨ ਦੇਸ਼ ਦੇ ਬਾਕੀ ਰਾਜਾਂ ਦੀ ਤਰਜ਼ 'ਤੇ ਪੱਕੇ ਤੌਰ 'ਤੇ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਰਹੇ।

2. ਮਾਨਯੋਗ ਸੁਪਰੀਮ ਕੋਰਟ ਵਿੱਚ ਲਟਕ ਰਹੇ 2007 ਦੇ ਕੇਸ ਦੀ ਪੰਜਾਬ ਸਰਕਾਰ ਵੱਲੋਂ ਬਤੀ ਮਜ਼ਬੂਤੀ ਨਾਲ ਪੈਰਵੀ ਕੀਤੀ ਜਾਵੇ।

3. ਸਾਡੀ ਸਰਕਾਰ ਇਨ੍ਹਾਂ ਹੈੱਡਵਰਕਸ ਦੇ ਸੁਰੱਖਿਅਤ ਸੰਚਾਲਨ ਅਤੇ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਨਿਰੰਤਰ ਕੰਮ ਕਰਦੀ ਰਹੇਗੀ।

ਮੈਂ ਬੇਨਤੀ ਕਰਦਾ ਹਾਂ ਕਿ ਇਸ ਮਤੇ ਦੀ ਕਾਪੀ ਮਾਨਯੋਗ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਜਲ ਸ਼ਕਤੀ ਮੰਤਰੀ ਨੂੰ ਭੇਜੀ ਜਾਵੇ। ਮੈਂ ਇਸ ਸਦਨ ਦੇ ਸਾਰੇ ਸਾਥੀਆਂ ਨੂੰ ਅਪੀਲ ਕਰਦਾ ਹਾਂ ਕਿ ਪੰਜਾਬ ਦੇ ਪਾਣੀਆਂ ਅਤੇ ਅਧਿਕਾਰਾਂ ਦੀ ਰਾਖੀ ਲਈ ਇਸ ਮਤੇ ਨੂੰ ਇੱਕਮਤ ਹੋ ਕੇ ਪਾਸ ਕੀਤਾ ਜਾਵੇ।

**RESOLUTION (3)**

ਮਾਨਯੋਗ ਸਪੀਕਰ ਸਾਹਿਬ,

ਮੈਂ ਅੱਜ ਮਾਨਯੋਗ ਮੰਤਰੀ ਜੀ ਵੱਲੋਂ ਪੇਸ਼ ਕੀਤੇ ਗਏ ਇਸ ਤੀਜੇ ਸਰਕਾਰੀ ਮਤੇ ਦੇ ਹੱਕ ਵਿੱਚ ਆਪਣੀ ਆਵਾਜ ਬੁਲੰਦ ਕਰਨ ਲਈ ਖੜ੍ਹਾ ਹੋਇਆ ਹਾਂ। ਇਹ ਮਤਾ ਇਸ ਸਦਨ ਦੀ ਹੋਂਦ ਅਤੇ ਪੰਜਾਬ ਦੇ ਤਿੰਨ ਕਰੋੜ ਲੋਕਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਦਾ ਸਵਾਲ ਹੈ।

ਸਪੀਕਰ ਸਾਹਿਬ, ਪਿਛਲੇ ਸਾਲ 5 ਮਈ 2025 ਨੂੰ ਇਸ ਪਵਿੱਤਰ ਸਦਨ ਨੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇੱਕ ਇਤਿਹਾਸਕ ਮਤਾ ਸਰਵਸੰਮਤੀ ਨਾਲ ਪਾਸ ਕੀਤਾ ਸੀ। ਅਸੀ ਇੱਕ ਆਵਾਜ਼ ਵਿੱਚ ਕਿਹਾ ਸੀ ਕਿ ਡੈਮ ਸੇਫਟੀ ਐਕਟ, 2021 ਪੰਜਾਬ ਦੇ ਹੱਕਾਂ 'ਤੇ ਇੱਕ ਸਿੱਧਾ ਅਤੇ ਅਸੰਵਿਧਾਨਕ ਹਮਲਾ ਹੈ।

Unedited Version/ Not for Legal/ Official use Dated: Tuesday, 27th October, 2026

ਇਹ ਕਾਨੂੰਨ ਕੇਂਦਰ ਸਰਕਾਰ ਨੂੰ ਇਹ ਤਾਕਤ ਦਿੰਦਾ ਹੈ ਕਿ ਉਹ ਰਾਜਾਂ ਦੇ ਦਰਿਆਵਾਂ ਅਤੇ ਡੈਮਾਂ 'ਤੇ ਸਿੱਧਾ ਕੰਟਰੋਲ ਕਰ ਸਕੇ, ਭਾਵੇਂ ਉਹ ਡੈਮ ਪੂਰੀ ਤਰ੍ਹਾਂ ਰਾਜ ਦੀਆਂ ਸਰਹੱਦਾਂ ਦੇ ਅੰਦਰ ਹੀ ਕਿਉਂ ਨਾ ਬਣੇ ਹੋਣ। ਇਹ ਭਾਰਤ ਦੇ ਸੰਘੀ ਢਾਂਚੇ (Federal Structure) ਦੇ ਬਿਲਕੁਲ ਉਲਟ ਹੈ।

ਪਰ ਸਪੀਕਰ ਸਾਹਿਬ ਉਸ ਇਤਿਹਾਸਕ ਮਤੇ ਨੂੰ ਪਾਸ ਹੋਏ ਇੱਕ ਸਾਲ ਹੋ ਚੁੱਕਾ ਹੈ। ਕੇਂਦਰ ਸਰਕਾਰ ਨੇ ਪੰਜਾਬ ਦੇ ਲੋਕਾਂ ਦੀ ਇਸ ਸਾਂਝੀ ਆਵਾਜ਼ 'ਤੇ ਕੋਈ ਕਾਰਵਾਈ ਨਹੀਂ ਕੀਤੀ, ਅਤੇ ਨਾ ਹੀ ਰਾਜ ਸਰਕਾਰ ਨੂੰ ਕੋਈ ਜਵਾਬ ਦਿੱਤਾ ਹੈ। ਉਲਟਾ, ਪੰਜਾਬ ਸੂਬੇ 'ਤੇ ਇਹ ਦਬਾਅ ਪਾਇਆ ਜਾ ਰਿਹਾ ਹੈ ਕਿ ਅਸੀਂ ਇਸ ਕਾਨੂੰਨ ਦੀਆਂ ਸ਼ਰਤਾਂ ਨੂੰ ਮੰਨੀਏ।

ਸਪੀਕਰ ਸਾਹਿਬ, ਸਾਨੂੰ ਪੁੱਛਣਾ ਪਵੇਗਾ ਕਿ ਕੀ ਇਸ ਦੇਸ਼ ਵਿੱਚ ਸੰਵਿਧਾਨ ਦੀ ਕੋਈ ਅਹਿਮੀਅਤ ਹੈ?

ਭਾਰਤੀ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀII (ਰਾਜ ਸੂਚੀ) ਦੀ ਐਂਟਰੀ 17 ਦੇ ਤਹਿਤ ਪਾਣੀ ਦੀ ਸਪਲਾਈ, ਸਿੰਚਾਈ, ਨਹਿਰਾਂ, ਜਲ ਨਿਕਾਸ, ਬੰਨ੍ਹ ਅਤੇ ਜਲ ਭੰਡਾਰ (Water Storage) ਪੂਰੀ ਤਰ੍ਹਾਂ ਰਾਜ ਦਾ ਵਿਸ਼ਾ (State Subject) ਹਨ। ਪੰਜਾਬ ਦੀ ਧਰਤੀ 'ਤੇ ਬਣੇ ਹੋਏ ਡੈਮ ਸਾਡੇ ਜਲ ਭੰਡਾਰ ਹਨ, ਜਿਨ੍ਹਾਂ ਨੂੰ ਪੰਜਾਬ ਨੇ ਆਪਣੇ ਖੂਨ-ਪਸੀਨੇ ਦੀ ਕਮਾਈ ਨਾਲ ਬਣਾਇਆ ਹੈ। ਇਸ ਲਈ ਇਨ੍ਹਾਂ ਦਾ ਸੰਚਾਲਨ ਅਤੇ ਰੱਖ-ਰਖਾਅ ਸਿਰਫ਼ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਹੋਣਾ ਚਾਹੀਦਾ ਹੈ। ਡੈਮ ਸੈਫਟੀ ਐਕਟ, 2021 ਸਾਡੇ ਸੰਵਿਧਾਨਕ ਅਧਿਕਾਰਾਂ 'ਤੇ ਸਿੱਧਾ ਡਾਕਾ ਹੈ ਅਤੇ ਰਾਜਾਂ ਦੀ ਖੁਦਮੁਖਤਿਆਰੀ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਹੈ।

ਅਸੀਂ ਕੇਂਦਰ ਦੇ ਇਸ ਗੈਰ-ਸੰਵਿਧਾਨਕ ਫੈਸਲੇ ਅੱਗੇ ਚੁੱਪ ਨਹੀਂ ਬੈਠ ਸਕਦੇ। ਇਸ ਲਈ, ਇਸ ਨਵੇਂ ਮਤੇ ਰਾਹੀਂ ਇਹ ਸਦਨ ਅੱਜ ਨਵੀਂ ਦਿੱਲੀ ਨੂੰ ਮੁੜ ਇੱਕ ਦ੍ਰਿੜ ਸੁਨੇਹਾ ਦਿੰਦਾ ਹੈ ਕਿ:

1. ਇਹ ਸਦਨ 5 ਮਈ 2025 ਨੂੰ ਪਾਸ ਕੀਤੇ ਗਏ ਆਪਣੇ ਸਰਵਸੰਮਤੀ ਵਾਲੇ ਮਤੇ ਨੂੰ ਮੁੜ ਦੁਹਰਾਉਂਦਾ ਹੈ ਅਤੇ ਉਸ 'ਤੇ ਪਹਿਰਾ ਦਿੰਦਾ ਹੈ।

2. ਪੰਜਾਬ ਦੀ ਹੱਦ ਅੰਦਰ ਮੌਜੂਦ ਡੈਮਾਂ 'ਤੇ ਇਸ ਐਕਟ ਨੂੰ ਜ਼ਬਰਦਸਤੀ ਲਾਗੂ ਕਰਨਾ ਸਾਡੇ ਸੰਵਿਧਾਨਕ ਹੱਕਾਂ ਅਤੇ ਜ਼ਿੰਮੇਵਾਰੀਆਂ ਦਾ ਘਾਣ ਹੈ।

3. ਪੰਜਾਬ ਸੂਬਾ ਡੈਮ ਸੇਫਟੀ ਐਕਟ, 2021 ਨੂੰ ਸਿਰੇ ਤੋਂ ਖਾਰਜ (Reject) ਕਰਦਾ ਹੈ ਕਿਉਂਕਿ ਇਹ ਸਾਡੇ ਅਧਿਕਾਰਾਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਹੈ।

4. ਅਸੀਂ ਕੇਂਦਰ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਇਸ ਕਾਲੇ ਕਾਨੂੰਨ ਨੂੰ ਤੁਰੰਤ ਰੱਦ (Repeal) ਕੀਤਾ ਜਾਵੇ।

ਸਪੀਕਰ ਸਾਹਿਬ, ਇਹ ਲੜਾਈ ਸਿਰਫ਼ ਪਾਣੀ ਦੇ ਢਾਂਚੇ ਦੀ ਨਹੀਂ, ਇਹ ਪੰਜਾਬ ਦੀ ਪ੍ਰਭੂਸੱਤਾ ਦੀ ਲੜਾਈ ਹੈ। ਮੈਂ ਸਦਨ ਦੇ ਸਾਰੇ ਮੈਂਬਰਾਂ ਨੂੰ ਅਪੀਲ ਕਰਦਾ ਹਾਂ ਕਿ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਇਸ ਮਤੇ ਨੂੰ ਵੀ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ।

ਧੰਨਵਾਦ,

**OFFICIAL RESOLUTION (4)**

ਮਾਨਯੋਗ ਸਪੀਕਰ ਸਾਹਿਬ,

ਮੈਂ ਅੱਜ ਮਾਨਯੋਗ ਮੰਤਰੀ ਜੀ ਵੱਲੋਂ ਪੇਸ਼ ਕੀਤੇ ਗਏ ਇਸ ਚੌਥੇ ਇਤਿਹਾਸਕ ਸਰਕਾਰੀ ਮਤੇ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਇਹ ਮਤਾ ਪੰਜਾਬ ਦੇ ਸਵੈ-ਮਾਣ ਸਾਡੇ ਅਰਥਚਾਰੇ ਅਤੇ ਸਾਡੇ ਸਭ ਤੋਂ ਕੀਮਤੀ ਕੁਦਰਤੀ ਸਰੋਤ-ਸਾਡੇ ਪਾਣੀ-ਦੀ ਹੱਕੀ ਕੀਮਤ ਮੰਗਣ ਦਾ ਇੱਕ ਦ੍ਰਿੜ ਇਰਾਦਾ ਹੈ।

ਸਪੀਕਰ ਸਾਹਿਬ, ਸਤਲੁਜ, ਰਾਵੀ ਅਤੇ ਬਿਆਸ ਦਰਿਆ ਪੰਜਾਬ ਦੀ ਧਰਤੀ 'ਤੇ ਵਗਦੇ ਹਨ। ਗੁਆਂਢੀ ਰਾਜ ਰਾਜਸਥਾਨ ਦੀ ਸਰਹੱਦ ਇਨ੍ਹਾਂ ਵਿੱਚੋਂ ਕਿਸੇ ਵੀ ਦਰਿਆ ਨੂੰ ਛੂੰਹਦੀ ਤੱਕ ਨਹੀਂ ਹੈ। ਰਾਜਸਥਾਨ ਇਨ੍ਹਾਂ ਦਰਿਆਵਾਂ ਦੇ ਮਾਮਲੇ ਵਿੱਚ ਕੋਈ ਰਿਪੇਰੀਅਨ (ਦਰਿਆ ਕਿਨਾਰੇ ਵਾਲਾ) ਰਾਜ ਨਹੀਂ ਹੈ। ਇਸ ਦੇ ਬਾਵਜੂਦ, ਦਹਾਕਿਆਂ ਤੋਂ ਪੰਜਾਬ ਦੇ ਦਰਿਆਵਾਂ ਦਾ ਇੱਕ ਬਹੁਤ ਵੱਡਾ ਹਿੱਸਾ ਰਾਜਸਥਾਨ ਨੂੰ ਮੁਫ਼ਤ ਵਿੱਚ ਸਪਲਾਈ ਕੀਤਾ ਜਾ ਰਿਹਾ ਹੈ।

ਇਤਿਹਾਸ ਗਵਾਹ ਹੈ ਕਿ ਜਦੋਂ 1920 ਦੇ ਸਮਝੌਤੇ ਤਹਿਤ ਬੀਕਾਨੇਰ ਨਹਿਰ ਰਾਹੀਂ ਤਤਕਾਲੀ ਬੀਕਾਨੇਰ ਰਿਆਸਤ (ਜੋ ਹੁਣ ਰਾਜਸਥਾਨ ਦਾ ਹਿੱਸਾ ਹੈ) ਨੂੰ ਸਤਲੁਜ ਦਾ ਪਾਣੀ ਦਿੱਤਾ ਗਿਆ ਸੀ, ਤਾਂ ਉਸ ਸਮਝੌਤੇ ਦੀ ਧਾਰਾ 13 ਮੁਤਾਬਕ ਬੀਕਾਨੇਰ ਰਿਆਸਤ ਵੱਲੋਂ ਪੰਜਾਬ ਸਰਕਾਰ ਨੂੰ ਪਾਣੀ ਦੀ ਵਰਤੋਂ ਬਦਲੇ 'ਸੇਨਿਓਰੇਜ' (Seignior age) ਯਾਨੀ ਰਾਇਲਟੀ/ਮਾਲੀਆ ਦਿੱਤਾ ਜਾਂਦਾ ਸੀ। ਇਹ ਚਾਰਜਿਜ਼ ਬਾਕਾਇਦਾ ਪੰਜਾਬ ਨੂੰ ਅਦਾ ਕੀਤੇ ਜਾਦੇ ਸਨ। ਫਿਰ ਅੱਜ ਅਜਿਹਾ ਕਿਉਂ ਨਹੀਂ ਹੋ ਰਿਹਾ?

ਸਪੀਕਰ ਸਾਹਿਬ, ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਜਿਸਦੀ ਪੂਰੀ ਆਰਥਿਕਤਾ ਇਨਾਂ ਤਿੰਨਾਂ ਦਰਿਆਵਾਂ 'ਤੇ ਟਿਕੀ ਹੋਈ ਹੈ। ਦੇਸ਼ ਦਾ ਪੇਟ ਭਰਨ ਲਈ ਅਸੀਂ ਆਪਣੇ ਹਿੱਸੇ ਦਾ ਦਰਿਆਈ ਪਾਣੀ ਛੱਡ ਕੇ ਜ਼ਮੀਨਦੋਜ਼ ਪਾਣੀ ਦੀ ਬੇਅੰਤ ਵਰਤੋਂ ਕੀਤੀ, ਜਿਸ ਕਾਰਨ ਅੱਜ ਪੰਜਾਬ ਦੇ 153 ਬਲਾਕਾਂ ਵਿੱਚੋਂ 110 ਬਲਾਕ ਪਾਣੀ ਦੀ ਹੱਦੋਂ ਵੱਧ ਵਰਤੋਂ ਕਾਰਨ ਗੰਭੀਰ ਸੰਕਟ (Over-exploited) ਵਿੱਚ ਹਨ। ਜੋ ਪਾਣੀ ਅਸੀਂ ਰਾਜਸਥਾਨ ਨੂੰ ਭੇਜ ਰਹੇ ਹਾਂ, ਉਹ ਅਸਲ ਵਿੱਚ ਉਹ ਪਾਣੀ ਹੈ ਜੋ ਪੰਜਾਬ ਦੇ ਕਿਸਾਨਾਂ ਨੂੰ ਆਪਣੇ ਖੇਤਾਂ ਲਈ ਤਿਆਗਣਾ ਪਿਆ ਹੈ।

ਦੂਜੇ ਪਾਸੇ, ਰਾਜਸਥਾਨ ਇਸ ਪਾਣੀ ਦੀ ਵਰਤੋਂ ਸਿਰਫ਼ ਖੇਤੀ ਲਈ ਹੀ ਨਹੀਂ, ਬਲਕਿ ਪੀਣ ਵਾਲੇ ਪਾਣੀ ਦੀ ਸਪਲਾਈ, ਉਦਯੋਗਾਂ, ਤੇਲ ਰਿਫਾਇਨਰੀਆਂ ਅਤੇ ਹੋਰ ਕਮਰਸ਼ੀਅਲ ਕੰਮਾਂ ਲਈ ਕਰ ਰਿਹਾ ਹੈ। ਉਹ ਇਸ ਪ੍ਰਾਣੀ ਤੋਂ ਵਾਟਰ ਚਾਰਜਿਜ਼ ਵਸੂਲਦੇ ਹਨ ਅਤੇ ਕਰੋੜਾਂ ਰੁਪਏ ਦਾ ਮਾਲੀਆ ਕਮਾਉਂਦੇ ਹਨ। ਇਹ ਕਿੱਥੋਂ ਦਾ ਇਨਸਾਫ਼ ਹੈ ਕਿ ਪਾਣੀ ਪੰਜਾਬ ਦੇ ਦਰਿਆਵਾਂ ਦਾ ਹੋਵੇ, ਪੰਜਾਬ ਦੇ ਖੇਤ ਪਿਆਸੇ ਰਹਿਣ, ਰਾਜਸਥਾਨ ਇਸ ਪਾਣੀ ਤੋਂ ਕਮਾਈ ਕਰੋ, ਪਰ ਪੰਜਾਬ ਨੂੰ ਇਸ ਦਾ ਇੱਕ ਧੇਲਾ ਵੀ ਨਾ ਮਿਲੇ?

ਸਪੀਕਰ ਸਾਹਿਬ, ਪੰਜਾਬ ਦੇ ਜਲ ਸਰੋਤ ਵਿਭਾਗ ਨੇ 18 ਮਾਰਚ 2026, 4 ਮਈ 2026 ਅਤੇ 10 ਅਗਸਤ 2026 ਨੂੰ ਬਾਕਾਇਦਾ ਡਿਮਾਂਡ ਨੋਟਿਸ ਭੇਜ ਕੇ ਰਾਜਸਥਾਨ ਸਰਕਾਰ ਨੂੰ ਪਾਣੀ ਦੀ ਬਣਦੀ ਕੀਮਤ ਚੁਕਾਉਣ ਲਈ ਕਿਹਾ ਹੈ ਪਰ ਅਫ਼ਸੋਸ ਦੀ ਗੱਲ ਹੈ ਕਿ ਰਾਜਸਥਾਨ ਸਰਕਾਰ ਨੇ ਅਜੇ ਤੱਕ ਨਾ ਤਾਂ ਕੋਈ ਜਵਾਬ ਦਿੱਤਾ ਹੈ ਅਤੇ ਨਾ ਹੀ ਕੋਈ ਅਦਾਇਗੀ ਕੀਤੀ ਹੈ

ਇਸ ਲਈ, ਇਹ ਸਦਨ ਅੱਜ ਦ੍ਰਿੜਤਾ ਨਾਲ ਇਹ ਮਤਾ ਪਾਸ ਕਰਦਾ ਹੈ ਕਿ:

1. ਰਾਜਸਥਾਨ ਸਰਕਾਰ ਪੰਜਾਬ ਵੱਲੋਂ ਸਪਲਾਈ ਕੀਤੇ ਗਏ ਦਰਿਆਈ ਪਾਣੀ ਦੀ ਕੀਮਤ ਚੁਕਾਉਣ ਦੀ ਆਪਣੀ ਕਾਨੂੰਨੀ ਜ਼ਿੰਮੇਵਾਰੀ ਨੂੰ ਪ੍ਰਵਾਨ ਕਰੋ ਅਤੇ ਪੰਜਾਬ ਸਰਕਾਰ ਵੱਲੋਂ ਮੰਗੀ ਗਈ ਰਾਸ਼ੀ ਤੁਰੰਤ ਅਦਾ ਕਰੋ।

2. ਕੇਂਦਰ ਸਰਕਾਰ ਦਾ ਜਲ ਸ਼ਕਤੀ ਮੰਤਰਾਲਾ 29 ਜਨਵਰੀ 1955 ਦੇ ਸਮਝੌਤੇ ਦੇ ਪੈਰਾ 6 ਦੇ ਤਹਿਤ ਲਟਕ ਰਹੇ ਪਾਣੀ ਦੀ ਕੀਮਤ ਦੇ ਮਸਲੇ ਨੂੰ ਤੁਰੰਤ ਹੱਲ ਕਰਵਾਏ ਅਤੇ ਪੰਜਾਬ ਨੂੰ ਰਾਜਸਥਾਨ ਵੱਲੋਂ ਬਣਦੀ ਰਕਮ ਦਿਵਾਈ ਜਾਵੇ।

3. ਕੇਂਦਰ ਸਰਕਾਰ ਇਹ ਯਕੀਨੀ ਬਣਾਏ ਕਿ ਭਵਿੱਖ ਵਿੱਚ ਵੀ ਹਰ ਸਾਲ ਰਾਜਸਥਾਨ ਨੂੰ ਦਿੱਤੇ ਜਾਣ ਵਾਲੇ ਪਾਈ ਦੀ ਕੀਮਤ ਪੰਜਾਬ ਨੂੰ ਮਿਲਦੀ ਰਹੇ।

4. ਪੰਜਾਬ ਸਰਕਾਰ ਹਰ ਢੁਕਵੇਂ ਮੰਚ 'ਤੇ ਅਤੇ ਸੰਵਿਧਾਨ ਤੇ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਇਸ ਬਣਦੀ ਰਾਸ਼ੀ ਨੂੰ ਵਸੂਲਣ ਲਈ ਹਰ ਸੰਭਵ ਕਦਮ ਚੁੱਕੇ।

ਸਪੀਕਰ ਸਾਹਿਬ, ਇਹ ਪੰਜਾਬ ਦੇ ਖਜਾਨੇ ਅਤੇ ਪੰਜਾਬ ਦੇ ਹੱਕਾਂ ਦੀ ਲੜਾਈ ਹੈ। ਮੈਂ ਇਸ ਅਹਿਮ ਮਤੇ ਦਾ ਪੂਰੇ ਦਿਲ ਨਾਲ ਸਮਰਥਨ ਕਰਦਾ ਹਾਂ ਅਤੇ ਪੂਰੇ ਸਦਨ ਨੂੰ ਇਸ ਨੂੰ ਸਰਵਸੰਮਤੀ ਨਾਲ ਪਾਸ ਕਰਨ ਦੀ ਅਪੀਲ ਕਰਦਾ ਹਾਂ।

ਧੰਨਵਾਦ

Unedited Version/ Not for Legal/ Official use Dated: Tuesday, 27th October, 2026

## OFFICIAL RESOLUTION 5

ਮਾਨਯੋਗ ਸਪੀਕਰ ਸਾਹਿਬ,

ਮੈਂ ਅੱਜ ਮਾਨਯੋਗ ਮੰਤਰੀ ਜੀ ਵੱਲੋਂ ਪੇਸ਼ ਕੀਤੇ ਗਏ ਇਸ ਪੰਜਵੇਂ ਅਹਿਮ ਸਰਕਾਰੀ ਮਤੇ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਇਹ ਮਤਾ ਪੰਜਾਬ ਸਿਰ ਲਾਏ ਜਾਂਦੇ ਝੂਠੇ ਦੋਸ਼ਾਂ ਦਾ ਖੰਡਨ ਕਰਨ ਅਤੇ ਇਸ ਪਵਿੱਤਰ ਸਦਨ ਦੇ ਰਿਕਾਰਡ 'ਤੇ ਭੂਗੋਲਿਕ ਤੇ ਤਕਨੀਕੀ ਸੱਚਾਈ ਲਿਆਉਣ ਲਈ ਬਹੁਤ ਜ਼ਰੂਰੀ ਹੈ।

ਸਪੀਕਰ ਸਾਹਿਬ, ਅਕਸਰ ਗੁਆਂਢੀ ਰਾਜਾਂ ਅਤੇ ਕਈ ਹੋਰ ਹਲਕਿਆਂ ਵੱਲੋਂ ਪੰਜਾਬ 'ਤੇ ਇਹ ਬੇਬੁਨਿਆਦ ਇਲਜ਼ਾਮ ਲਾਇਆ ਜਾਂਦਾ ਹੈ ਕਿ ਪੰਜਾਬ ਆਪਣੇ ਹਿੱਸੇ ਦਾ ਕੀਮਤੀ ਪਾਣੀ ਪਾਕਿਸਤਾਨ ਵੱਲ ਬਰਬਾਦ ਹੋਣ ਦੇ ਰਿਹਾ ਹੈ। ਅੱਜ ਇਹ ਮਤਾ ਉਨ੍ਹਾਂ ਸਾਰੇ ਝੂਠੇ ਬਿਆਨਾਂ ਦਾ ਅੰਤ ਕਰਦਾ ਹੈ।

ਮੈਂ ਇਸ ਸਦਨ ਰਾਹੀਂ ਦੇਸ਼ ਨੂੰ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ :ਪੰਜਾਬ ਵੱਲੋਂ ਪਾਕਿਸਤਾਨ ਨੂੰ ਕੋਈ ਪਾਣੀ ਮੁਫ਼ਤ ਜਾਂ ਨਾਜਾਇਜ਼ ਨਹੀਂ ਜਾ ਰਿਹਾ।

ਰਾਵੀ ਦਰਿਆ 'ਤੇ ਬਣਿਆ ਮਾਧੋਪੁਰ ਹੈੱਡਵਰਕਸ ਭਾਰਤ ਵਾਲੇ ਪਾਸੇ ਆਖਰੀ ਹੈੱਡਵਰਕਸ ਹੈ। ਮਾਧੋਪੁਰ ਹੈੱਡਵਰਕਸ ਤੋਂ ਹੇਠਾਂ (ਡਾਊਨਸਟ੍ਰੀਮ) ਵੱਲ ਦਰਿਆ ਅੰਤਰਰਾਸ਼ਟਰੀ ਸਰਹੱਦ ਦੇ ਨਾਲ-ਨਾਲ ਅਤੇ ਆਰ-ਪਾਰ ਵਗਦਾ ਹੋਇਆ ਪਾਕਿਸਤਾਨ ਵਿੱਚ ਦਾਖਲ ਹੁੰਦਾ ਹੈ। ਜੋ ਪਾਣੀ ਰਾਵੀ ਰਾਹੀਂ ਪਾਕਿਸਤਾਨ ਜਾਂਦਾ ਹੈ, ਉਹ ਪੰਜਾਬ ਦਾ ਨਹੀਂ ਹੈ। ਉਹ ਅਸਲ ਵਿੱਚ ਉਂਜ (Ujh), ਤਰਨਾਹ ਅਤੇ ਬਸੰਤਰ ਵਰਗੇ ਬਰਸਾਤੀ ਨਾਲਿਆਂ ਦਾ ਪਾਣੀ ਹੈ, ਜੋ ਜੰਮੂ-ਕਸ਼ਮੀਰ ਵਿੱਚੋਂ ਨਿਕਲਦੇ ਹਨ ਅਤੇ ਮਾਧੋਪੁਰ ਹੈੱਡਵਰਕਸ ਤੋਂ ਹੇਠਲੇ ਪਾਸੇ ਆ ਕੇ ਰਾਵੀ ਦਰਿਆ ਵਿੱਚ ਮਿਲਦੇ ਹਨ।

ਸਪੀਕਰ ਸਾਹਿਬ, ਅੰਤਰਰਾਸ਼ਟਰੀ ਸਰਹੰਦ ਦੇ ਬਿਲਕੁਲ ਨੇੜੇ ਹੋਣ ਕਰਕੇ ਅਤੇ ਇਲਾਕਾ ਪੂਰੀ ਤਰ੍ਹਾਂ ਮੈਦਾਨੀ ਹੋਣ ਕਰਕੇ, ਪੰਜਾਬ ਦੇ ਅਧਿਕਾਰ ਖੇਤਰ ਵਿੱਚ ਇਸ ਪਾਣੀ ਨੂੰ ਰੋਕਣ ਜਾਂ ਸਟੋਰ ਕਰਨ ਲਈ ਕੋਈ ਵੀ ਡੈਮ ਜਾਂ ਢਾਂਚਾ ਬਣਾਉਣਾ ਭੂਗੋਲਿਕ ਅਤੇ ਰਣਨੀਤਕ ਤੌਰ 'ਤੇ ਨਾਮੁਮਕਿਨ ਹੈ।

ਸਾਲ 2016 ਤੋਂ 2025 ਤੱਕ ਦੇ ਦਸ ਸਾਲਾਂ ਦੇ ਅੰਕੜੇ ਦੱਸਦੇ ਹਨ ਕਿ ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਸਾਲਾਨਾ ਔਸਤ ਵਹਾਅ 0.62 MAF ਰਿਹਾ ਹੈ, ਜਿਸ ਵਿੱਚੋਂ 80% (ਲਗਭਗ 0.50 MAF) ਸਿਰਫ਼ ਮਾਨਸੂਨ ਦੇ ਦਿਨਾਂ ਦਾ ਹੜ੍ਹ ਦਾ ਪਾਣੀ ਸੀ। ਬਾਕੀ ਬਚਿਆ ਪਾਣੀ ਸਥਾਨਕ ਬਾਰਸ਼ ਦਾ ਸੀ, ਜਿਸ ਨੂੰ ਸਟੋਰ ਕਰਨਾ ਸੰਭਵ ਨਹੀਂ ਸੀ ਅਤੇ ਮਾਧੋਪੁਰ ਹੈੱਡਵਰਕਸ ਦੇ ਢਾਂਚੇ ਦੀ ਸੁਰੱਖਿਆ ਲਈ ਉਸ ਨੂੰ ਅੱਗੇ ਕੱਢਣਾ ਹੀ ਪੈਂਦਾ ਹੈ।

ਸਾਡੀ ਰਾਜ ਸਰਕਾਰ ਨੇ 2022 ਤੋਂ 2026 ਦਰਮਿਆਨ ਇੱਕ ਦਰਜਨ ਤੋਂ ਵੱਧ ਚਿੱਠੀਆਂ ਰਾਹੀਂ ਕੇਂਦਰ ਸਰਕਾਰ, ਹਰਿਆਣਾ, ਰਾਜਸਥਾਨ ਅਤੇ BBMB ਨੂੰ ਇਹ ਲਿਖਤੀ ਰੂਪ ਵਿੱਚ ਭੇਜਿਆ ਹੈ ਕਿ ਪੰਜਾਬ ਵਾਲੇ ਪਾਸੇ ਤੋਂ ਕੋਈ ਪਾਣੀ ਪਾਕਿਸਤਾਨ ਨਹੀਂ ਜਾ ਰਿਹਾ। ਇਸ ਲਈ, ਜੰਮੂ-ਕਸ਼ਮੀਰ ਤੋਂ ਆਉਣ ਵਾਲੇ ਇਸ ਪਾਣੀ ਦੇ ਵਹਾਅ ਲਈ ਪੰਜਾਬ ਨੂੰ ਕਦੇ ਵੀ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।

ਪੰਜਾਬ ਸਿਰ ਉਂਗਲ ਚੁੱਕਣ ਦੀ ਬਜਾਏ ਕੇਂਦਰ ਸਰਕਾਰ ਨੂੰ ਇਸ ਦੇ ਪੱਕੇ ਹੱਲ ਵੱਲ ਕਦਮ ਵਧਾਉਣੇ ਚਾਹੀਦੇ ਹਨ।

ਇਸ ਲਈ ਇਹ ਸਦਨ ਮਤਾ ਪਾਸ ਕਰਦਾ ਹੈ ਕਿ:

1. ਇਹ ਸਦਨ ਰਿਕਾਰਡ 'ਤੇ ਲਿਆਉਂਦਾ ਹੈ ਕਿ ਪਾਕਿਸਤਾਨ ਜਾਣ ਵਾਲਾ ਪਾਣੀ ਜੰਮੂ-ਕਸ਼ਮੀਰ ਦੇ ਉੱਜ ਅਤੇ ਹੋਰ ਨਾਲਿਆਂ ਦਾ ਹੈ।

2. ਕੇਂਦਰ ਸਰਕਾਰ ਨੂੰ ਅਪੀਲ ਕੀਤੀ ਜਾਵੇ ਕਿ ਉਹ 'ਉੱਜ ਮਲਟੀਪਰਪਜ਼ ਪ੍ਰੋਜੈਕਟ ਨੂੰ ਪਹਿਲ ਦੇ ਅਧਾਰ 'ਤੇ ਮੁਕੰਮਲ ਕਰੇ ਅਤੇ ਇਸ ਪਾਣੀ ਨੂੰ ਰਣਜੀਤ ਸਾਗਰ ਡੈਮ ਵਿੱਚ ਮੋੜੇ ਤਾਂ ਜੋ ਇਸ ਦੀ ਪੂਰੀ ਵਰਤੋਂ ਪੰਜਾਬ ਵਿੱਚ ਹੋ ਸਕੇ।

3. ਕੇਂਦਰੀ ਜਲ ਕਮਿਸ਼ਨ (CWC) ਵੱਲੋਂ ਦੂਜੇ ਰਾਵੀ ਬਿਆਸ ਲਿੰਕ ਪ੍ਰੋਜੈਕਟ ਨੂੰ ਜਲਦੀ ਮਨਜ਼ੂਰੀ ਦਿੱਤੀ ਜਾਵੇ ਤਾਂ ਜੋ ਸਰਹੱਦ ਪਾਰ ਜਾਣ ਵਾਲੇ ਪਾਣੀ ਨੂੰ ਪੰਜਾਬ ਦੇ ਲੋਕਾਂ ਦੇ ਹਿਤ ਲਈ ਵਰਤਿਆ ਜਾ ਸਕੇ।

ਸਪੀਕਰ ਸਾਹਿਬ, ਇਹ ਮਤਾ ਪੰਜਾਬ ਦੇ ਅਕਸ ਨੂੰ ਸਾਫ ਰੱਖਣ ਅਤੇ ਪਾਣੀ ਬਚਾਉਣ ਦੇ ਹਕੀਕੀ ਹੱਲ ਲੱਭਣ ਲਈ ਹੈ। ਮੈਂ ਇਸ ਦਾ ਪੂਰਨ ਸਮਰਥਨ ਕਰਦਾ ਹਾਂ।

ਧੰਨਵਾਦ

ਸਪੀਕਰ ਸਾਹਿਬ, ਕਿਸ ਪ੍ਰਕਾਰ ਕੇਂਦਰ ਦੀਆਂ ਸਰਕਾਰਾਂ ਨੇ ਪਾਣੀ ਹੀ ਨਹੀਂ, ਸਾਡੇ ਹਰ ਤਰ੍ਹਾਂ ਦੇ ਵਸੀਲਿਆਂ ਦੀ ਲੁੱਟ ਕੀਤੀ ਹੈ, ਸਾਡੇ ਪੰਜਾਬ ਦੇ ਮਾਮਲਿਆਂ ਵਿੱਚ ਇੰਟਰਫੀਅਰ ਕੀਤਾ ਹੈ, ਇਨ੍ਹਾਂ ਕਿਤਾਬਾਂ ਵਿੱਚ ਸਾਡੇ ਵਿਦਵਾਨਾਂ ਨੇ ਉਸ ਤੇ ਵਿਸਥਾਰ ਨਾਲ ਚਰਚਾ ਕੀਤੀ ਹੈ। ਅੱਜ ਹਾਊਸ ਅੰਦਰ ਤੁਹਾਡੇ ਰਾਹੀਂ ਮਾਣਯੋਗ ਮੁੱਖ ਮੰਤਰੀ ਸਾਹਿਬ ਅਤੇ ਸਾਰੇ ਸਤਿਕਾਰਯੋਗ ਬੁਲਾਰਿਆਂ ਨੇ ਦੱਸਿਆ ਹੈ ਕਿ ਕਿਸ ਪ੍ਰਕਾਰ ਲੰਬੇ ਸਮੇਂ ਤੋਂ ਪੰਜਾਬ ਦੇ ਪਾਣੀਆਂ ਉੱਪਰ ਸਾਡੇ ਹੱਕ ਤੇ ਸਾਡੇ ਨਾਲ ਧੱਕਾ ਹੋ ਰਿਹਾ ਹੈ। ਬਾਕੀ ਸੂਬਿਆਂ ਲਈ ਪਾਣੀਆਂ ਦੇ ਮਾਮਲੇ ਤੇ ਵੱਖਰੇ ਕਾਨੂੰਨ ਹਨ ਪਰ ਪੰਜਾਬ ਲਈ ਵੱਖਰੇ ਕਾਨੂੰਨ ਬਣਾ ਕੇ ਸਾਡਾ ਹੱਕ ਮਾਰਿਆ ਜਾ ਰਿਹਾ ਹੈ। ਅੱਜ ਪੰਜਾਬ ਦੇ ਸਮੁੱਚੇ ਹਾਊਸ ਵੱਲੋਂ, ਪੰਜਾਬੀਆਂ ਦੇ ਹਿਤਾਂ ਲਈ ਜਿਹੜੇ ਮਤੇ ਲਿਆਂਦੇ ਗਏ ਹਨ, ਮੈਂ ਇਨ੍ਹਾਂ ਦੀ ਪ੍ਰੋੜ੍ਹਤਾ ਕਰਦਾ ਹਾਂ। ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ

ਰਾਹੀਂ ਇਕ ਗੱਲ ਜ਼ਰੂਰ ਰੱਖਣੀ ਚਾਹਾਂਗਾ ਕਿ ਪੰਜਾਬ ਅੰਦਰ ਵੱਖ ਵੱਖ ਸਮਿਆਂ ਤੇ ਜਿਨ੍ਹਾਂ ਪਾਰਟੀਆਂ ਨੇ ਰਾਜ ਕੀਤਾ ਹੈ, ਉਹ ਆਪਣੇ ਆਪ ਨੂੰ ਪੰਜਾਬ ਦੇ ਹਿਤੈਸ਼ੀ, ਰਖਵਾਲੇ ਕਹਾਉਂਦੇ ਰਹੇ ਹਨ ਪਰ ਜਦੋਂ ਪੰਜਾਬ ਦੇ ਹਿਤਾਂ ਦੀ ਰਾਖੀ ਕਰਨ ਦੀ ਗੱਲ ਆਈ ਤਾਂ ਉਹ ਪੰਜਾਬ ਦੇ ਵਿਰੋਧ ਵਿੱਚ ਭੁਗਤਦੇ ਰਹੇ। ਮੈਂ ਅੱਜ ਤੁਹਾਡਾ ਇਸ ਕਰਕੇ ਵੀ ਧੰਨਵਾਦ ਕਰਦਾ ਹਾਂ ਕਿ ਮੈਂਬਰ ਚਾਹੇ ਸੱਤਾ ਪਕਸ਼ ਦਾ ਹੈ ਜਾਂ ਵਿਰੋਧੀ ਧਿਰ ਦਾ ਹੈ, ਜਿਹੜਾ ਹਾਊਸ ਅੰਦਰ ਰਹਿੰਦਾ ਹੈ, ਤੁਸੀਂ ਉਸ ਨੂੰ ਵਿਸ਼ੇਸ਼ ਸਮਾਂ ਦਿੰਦੇ ਹੋ। ਮੈਂ ਹਾਊਸ ਅਤੇ ਪੰਜਾਬ ਦੇ ਲੋਕਾਂ ਦੇ ਧਿਆਨ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਜਿਹੜੇ ਲੋਕ ਪੰਜਾਬ ਦੇ ਪਾਣੀਆਂ ਦੇ ਰਾਖੇ ਬਣਦੇ ਸਨ, ਜਿਹੜੇ ਬਾਹਰ ਜਾ ਕੇ ਇਹ ਕਹਿੰਦੇ ਹਨ ਕਿ ਅਸੀਂ ਪੰਜਾਬ ਅਤੇ ਪੰਜਾਬੀਆਂ ਦੀ ਲੜਾਈ ਲੜ ਰਹੇ ਹਾਂ, ਅੱਜ ਹਾਊਸ ਅੰਦਰ ਬੈਠ ਕੇ ਉਨ੍ਹਾਂ ਨੂੰ ਆਪਣੀ ਗੱਲ ਰੱਖਣੀ ਚਾਹੀਦੀ ਸੀ ਪਰ ਉਹ ਤਾਂ ਹੀ ਹਾਊਸ ਅੰਦਰ ਬੈਠਦੇ, ਜੇਕਰ ਉਨ੍ਹਾਂ ਨੇ ਪੰਜਾਬ ਲਈ ਕੁਝ ਕੀਤਾ ਹੁੰਦਾ।

ਮਾਣਯੋਗ ਸਪੀਕਰ ਸਾਹਿਬ, ਕਰਤਾਰਪੁਰ ਲਾਂਘੇ ਦੀ ਗੱਲ ਆਈ ਹੈ। ਪੂਰੇ ਵਿਸ਼ਵ ਦੇ ਲੋਕ ਸਵੇਰ-ਸ਼ਾਮ ਅਰਦਾਸ ਕਰਦੇ ਹਨ ਕਿ ਪਰਮਾਤਮਾ, ਜਿਹੜੇ ਗੁਰੂਧਾਮ ਸਾਡੇ ਤੋਂ ਵਿਛੋੜੇ ਹਨ, ਉਨ੍ਹਾਂ ਦੇ ਦਰਸ਼ਨ-ਦੀਦਾਰੇ ਬਖਸ਼ਣਾ। ਇਸ ਕਰਕੇ ਇਹ ਲਾਂਘਾ ਖੋਲ੍ਹਿਆ ਜਾਵੇ ਤਾਂ ਜੋ ਗੁਰੂ ਨਾਨਕ ਸਾਹਿਬ ਨੇ ਜਿੱਥੇ ਆਪਣਾ ਅੰਤਿਮ ਸਮਾਂ ਬਿਤਾਇਆ, ਉਸ ਦੇ ਨਾਲ ਹੀ ਹੋਰ ਇਤਿਹਾਸਕ ਅਸਥਾਨਾਂ ਦੇ ਸਾਨੂੰ ਦਰਸ਼ਨ-ਦੀਦਾਰੇ ਹੋ ਸਕਣ। ਮੈਂ ਜ਼ਿਆਦਾ ਸਮਾਂ ਨਾ ਲੈਂਦੇ ਹੋਏ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹੋਇਆ ਮਤਿਆਂ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਇਸ ਦੇ ਹੱਕ ਵਿੱਚ ਆਪਣੇ ਜਵਾਬ ਟੇਬਲ ਕਰਦਾ ਹਾਂ। ਜੈ ਭੀਮ, ਜੈ ਭਾਰਤ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕਿ ਫਤਹਿ ॥

**ਮਾਣਯੋਗ ਸਪੀਕਰ** : ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕਿ ਫਤਹਿ ॥

ਇਸ ਤੋਂ ਪਹਿਲਾਂ ਕਿ ਮੈਂ ਡਾਕਟਰ ਬਲਜੀਤ ਕੌਰ ਨੂੰ ਬੋਲਣ ਲਈ ਸੱਦਾ ਦੇਵਾਂ, ਮੈਂ ਆਪਣੇ ਦਿਲ ਦੇ ਵਲਵਲੇ ਤੁਹਾਡੇ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ। ਅੱਜ ਪੌਣੇ ਪੰਜ ਸਾਲ ਦਾ ਸਮਾਂ ਪੰਜਾਬ ਦੀ ਸੇਵਾ ਵਿੱਚ ਲੰਘਿਆ ਹੈ ਅਤੇ ਮੈਨੂੰ ਲਗਦਾ ਹੈ ਕਿ ਇਸ ਵਿਧਾਨ ਸਭਾ ਨੇ ਬਹੁਤ ਰਿਮਾਰਕੇਬਲ ਕੰਮ ਕੀਤੇ ਹਨ ਅਤੇ ਉਨ੍ਹਾਂ ਵਿਚੋਂ ਸਭ ਤੋਂ ਵੱਡੀ ਜਿਹੜੀ ਆਪਣੇ ਤੇ ਕਿਰਪਾ ਹੋਈ ਹੈ, ਬੇਅਦਬੀਆਂ ਖਿਲਾਫ਼ ਕਾਨੂੰਨ ਬਣਾਇਆ ਗਿਆ ਹੈ ਅਤੇ ਹੋਰ ਵੀ ਬੜੇ ਕੰਮ ਹਨ, ਜਿਵੇਂ ਚੀਮਾ ਸਾਹਿਬ ਨੇ ਸਾਰੀਆਂ ਸਕੀਮਾਂ ਗਿਣਾਈਆਂ ਹਨ, ਗਰੀਬਾਂ ਵਿੱਚ ਜਾਨ ਪਾ ਦਿੱਤੀ, ਖੁਦਕੁਸ਼ੀਆਂ ਰੋਕ ਦਿੱਤੀਆਂ, ਇਹ ਬਹੁਤ ਵੱਡੀ ਗੱਲ ਹੈ। ਇਹ ਕੋਈ ਛੋਟੀ ਗੱਲ ਨਹੀਂ ਹੈ। ਮੇਰੇ ਯਾਦ ਹੈ ਕਿ ਮੈਂ ਮਾਨਸਾ ਦੇ ਇਕ ਪਿੰਡ ਵਿੱਚ ਗਿਆ ਸੀ, ਮੈਂ ਉਦੋਂ ਕਿਸਾਨ ਯੂਨੀਅਨ ਦਾ ਪ੍ਰਧਾਨ ਸੀ। ਉਸ ਪਿੰਡ ਦੀ ਸਾਰੀ ਗਲੀ ਵਿੱਚ ਖੁਦਕੁਸ਼ੀਆਂ ਹੋਈਆਂ ਸਨ। ਮੈਂ ਇੰਨਾ ਇਮੋਸ਼ਨਲ ਹੋ ਗਿਆ ਸੀ ਕਿ ਉਥੋਂ ਰੋ ਕੇ ਬਾਹਰ ਨਿਕਲਿਆ ਸੀ। ਅੱਜ ਇਸ ਵਿਧਾਨ ਸਭਾ ਵਿੱਚ ਕੀਤੇ ਗਏ ਫੈਸਲਿਆਂ ਕਰਕੇ ਕਿਸਾਨ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਤੇ ਵਿਰਾਮ ਲੱਗ ਗਿਆ ਹੈ।

ਇਸ ਵਿਧਾਨ ਸਭਾ ਨੇ, ਤੁਸੀਂ ਸਾਰਿਆਂ ਨੇ ਮੇਰੇ ’ਤੇ ਬੜੀ ਕਿਰਪਾ ਕੀਤੀ ਹੈ। ਇਸ ਸਦਨ ਨੂੰ ਚਲਾਉਣ ਵਿੱਚ ਤੁਸੀਂ ਮਦਦ ਕੀਤੀ ਹੈ। ਇਹ ਪੰਜ ਸਾਲ, ਪੌਣੇ ਪੰਜ ਸਾਲ ਕਿਵੇਂ ਲੰਘ ਗਏ ਹਨ, ਪਤਾ ਨਹੀਂ ਚੱਲਿਆ ਕਿਉਂਕਿ ਇਹ ਜਿਹੜਾ ਸੈਸ਼ਨ ਹੈ, ਇਹ ਟੈਕਨੀਕਲੀ ਲਾਸਟ ਹੈ, ਵੈਸੇ ਇਸ ਤੋਂ ਬਾਅਦ ਵਿੱਚ ਵੀ ਸੈਸ਼ਨ ਹੋ ਸਕਦਾ ਹੈ। ਸਰਕਾਰ ਅਜਿਹਾ ਕਰ ਸਕਦੀ ਹੈ। ਬੜਾ ਚੰਗਾ ਹੁੰਦਾ, ਜੇ ਸਾਰੇ ਸਾਥੀ ਇੱਥੇ ਮੌਜੂਦ ਹੁੰਦੇ। ਮੁੱਖ ਮੰਤਰੀ ਸਾਹਿਬ ਤਾਂ ਆਪਣੀ ਹਾਜ਼ਰੀ ਲਗਾ ਗਏ ਹਨ, ਬੜੇ ਵਧੀਆ ਤਰੀਕੇ ਨਾਲ ਲਗਾ ਗਏ ਹਨ। ਮੈਂ ਉਸ ਸਬੰਧੀ ਦੋ ਕੁ ਲਾਈਨਾਂ ਬੋਲਣਾ ਚਾਹੁੰਦਾ ਹਾਂ, ਡਾਕਟਰ ਬਲਜੀਤ ਕੌਰ ਜੀ, ਕਿਉਂਕਿ ਤੁਸੀਂ ਕਵੀ ਦੀ ਬੇਟੀ ਹੋ, ਮੈਂ ਤੁਹਾਡੇ ਤੋਂ ਪਹਿਲਾਂ ਆਪਣੇ ਵਲਵਲੇ ਸਾਂਝੇ ਕਰਦਾ ਹਾਂ, ਕਹਿੰਦੇ ਹਨ ਕਿ:

ਬੜੀ ਤੇਜ਼ ਹੈ ਨਦੀ ਸਮੇਂ ਦੀ,

ਆਖਿਰ ਨੂੰ ਬੰਨ ਨੇ ਖੁਰਨਾ ਹੈ,

ਮਿੱਟੀ ਦੇ ਸਭ ਦੀਵੇ ਇੱਥੇ,

ਸਾਰਿਆਂ ਨੇ ਹੀ ਭੁਰਨਾ ਹੈ,

ਪਰ ਜੇ ਰੂਹਾਂ ਦੇ ਵਿੱਚ ਚਾਨਣ ਭਰਿਆ ਹੋਵੇ ਸ਼ੈਫੀ,

ਰਾਹਾਂ ਨੂੰ ਰੌਸ਼ਨ ਕਰ ਜਾਂਦਾ, ਯਾਰੋ ਸਾਡਾ ਤੁਰਨਾ।

ਇੱਥੇ ਸ਼ੈਫੀ ਕਵੀ ਦਾ ਨਾਮ ਹੈ। ਚੀਮਾ ਸਾਹਿਬ, ਮੈਨੂੰ ਇਵੇਂ ਲਗਦਾ ਹੈ ਕਿ ਆਪਣੀ ਟੀਮ, ਆਪਣੇ ਇਸ ਵਿਧਾਨ ਸਭਾ ਦੇ ਸਾਥੀਆਂ, ਸਰਕਾਰੀ ਧਿਰ ਵੱਲੋਂ ਸਾਰਿਆਂ ਨੇ ਅਤੇ ਵਿਰੋਧੀ ਧਿਰ ਦੇ ਵੀ ਸਾਥੀਆਂ ਨੇ ਵੀ ਸਾਥ ਦਿੱਤਾ ਹੈ। ਆਪਾਂ ਰਾਹਾਂ ਨੂੰ ਰੌਸ਼ਨ ਕਰਨ ਵੱਲ ਤੁਰੇ ਹਾਂ। ਸੱਚੇ ਪਾਤਸ਼ਾਹ ਨੇ ਆਪਣੇ ਉੱਤੇ ਬਹੁਤ ਕਿਰਪਾ ਕੀਤੀ ਹੈ। ਬਹੁਤ ਕਿਰਪਾ ਕੀਤੀ ਹੈ। (ਥੰਪਿੰਗ) ਔਰ ਮੈਂ ਆਸ ਕਰਦਾ ਹਾਂ ਕਿ ਆਪਾਂ ਸਾਰੇ ਹੀ ਮੁੜ ਕੇ ਇੱਥੇ ਆਈਏ। ਪੰਜਾਬ ਦੀ ਬੇਹਤਰੀ ਲਈ ਕੰਮ ਕਰੀਏ। ਜਦੋਂ ਮੈਂ ਇਸ ਵਿਧਾਨ ਸਭਾ ਵਿੱਚ ਹੋਏ ਕੰਮ-ਕਾਰ ਦੇ ਸਫ਼ਰ ਵੱਲ ਦੇਖਦਾ ਹਾਂ ਤਾਂ ਮੇਰਾ ਮਨ ਸਤਿਕਾਰ, ਸੰਤੋਖ, ਨਿਮਰਤਾ ਅਤੇ ਧੰਨਵਾਦ ਦੀ ਭਾਵਨਾ ਨਾਲ ਭਰ ਜਾਂਦਾ ਹੈ।

ਭਾਵੇਂ ਇਸ ਵਿਧਾਨ ਸਭਾ ਦੀਆਂ ਹੋਰ ਬੈਠਕਾਂ ਹੋ ਸਕਦੀਆਂ ਹਨ ਪਰ ਮੈਂ ਇਸ ਪਵਿੱਤਰ ਸਦਨ ਦੇ ਸਮੂਹ ਮੈਂਬਰ ਸਾਹਿਬਾਨਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ। (ਥੰਪਿੰਗ) ਸਾਥੀਓ, ਬਤੌਰ ਸਪੀਕਰ ਇਸ ਸਦਨ ਦੀ ਕਾਰਵਾਈ ਨੂੰ ਸੰਵਿਧਾਨਕ ਮਰਿਆਦਾਵਾਂ, ਲੋਕਤੰਤਰੀ ਪ੍ਰੰਪਰਾਵਾਂ ਅਤੇ ਨਿਰਪੱਖਤਾ ਦੇ ਸਿਧਾਂਤਾਂ ਅਨੁਸਾਰ ਚਲਾਉਣਾ ਮੇਰੀ ਜ਼ਿੰਮੇਵਾਰੀ ਸੀ। ਇਸ ਜ਼ਿੰਮੇਵਾਰੀ ਨਿਭਾਉਣ ਦੇ ਸਫਰ ਵਿੱਚ ਮੈਨੂੰ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਦੇ ਸਾਰੇ ਮਾਣਯੋਗ ਮੈਂਬਰਾਂ ਦਾ ਜੋ ਸਹਿਯੋਗ, ਵਿਸ਼ਵਾਸ ਅਤੇ ਸਾਥ ਮਿਲਿਆ, ਮੈਂ ਉਸ ਲਈ ਆਪ ਸਭ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ। (ਥੰਪਿੰਗ)

ਸਦਨ ਨੂੰ ਚਲਾਉਣਾ ਕੇਵਲ ਕਾਰਵਾਈ ਦਾ ਸੰਚਾਲਣ ਕਰਨਾ ਨਹੀਂ ਹੁੰਦਾ ਸਗੋਂ ਵੱਖ-ਵੱਖ ਵਿਚਾਰਾਂ, ਵੱਖ-ਵੱਖ ਦ੍ਰਿਸ਼ਟੀਕੋਣਾਂ ਅਤੇ ਲੋਕਾਂ ਦੀਆਂ ਵੱਖ-ਵੱਖ ਉਮੀਦਾਂ ਨੂੰ ਲੋਕਤੰਤਰੀ ਮਰਿਆਦਾ ਦੇ ਇੱਕ ਸਾਂਝੇ ਮੰਚ ਉੱਤੇ ਸਨਮਾਨ ਦੇਣਾ ਵੀ ਹੁੰਦਾ ਹੈ। ਇਸ ਸਦਨ ਵਿੱਚ ਵਿਚਾਰਾਂ ਦੇ ਮਤਭੇਦ ਵੀ ਰਹੇ, ਤਿੱਖੀਆਂ ਬਹਿਸਾਂ ਵੀ ਹੋਈਆਂ ਅਤੇ ਜਨਤਕ ਮਹੱਤਤਾ ਦੇ ਅਨੇਕਾਂ ਮੁੱਦਿਆਂ ਉੱਤੇ ਗੰਭੀਰ ਚਰਚਾ ਵੀ ਹੋਈ। ਇਹੀ ਲੋਕਤੰਤਰ ਦੀ ਖ਼ੂਬਸੂਰਤੀ ਹੈ ਕਿ ਅਸਹਿਮਤੀ ਦੇ ਬਾਵਜੂਦ ਸੰਵਾਦ ਜਾਰੀ ਰਹੇ ਅਤੇ ਹਰ ਅਵਾਜ਼ ਨੂੰ ਆਪਣੀ ਗੱਲ ਰੱਖਣ ਦਾ ਮੌਕਾ ਮਿਲੇ। ਮੈਂ ਸਦਨ ਦੇ ਹਰ ਮਾਣਯੋਗ ਮੈਂਬਰ ਦਾ ਧੰਨਵਾਦ ਕਰਦਾ ਹਾਂ, ਭਾਵੇਂ ਉਹ ਸੱਤਾਧਾਰੀ ਧਿਰ ਨਾਲ ਸਬੰਧਤ ਹੋਣ, ਜਾਂ ਵਿਰੋਧੀ ਧਿਰ ਨਾਲ। ਆਪ ਸਭ ਨੇ ਆਪਣੇ ਆਪਣੇ ਵਿਚਾਰਾਂ, ਸੁਝਾਵਾਂ, ਆਲੋਚਨਾਵਾਂ ਅਤੇ ਸਹਿਯੋਗ ਰਾਹੀਂ ਇਸ ਸਦਨ ਦੀ ਕਾਰਵਾਈ ਨੂੰ ਅੱਗੇ ਵਧਾਉਣ ਵਿੱਚ ਆਪਣੀ ਭੂਮਿਕਾ ਨਿਭਾਈ। ਸਪੀਕਰ ਦੇ ਆਸਣ ਦੀ ਮਰਿਆਦਾ ਬਣਾਈ ਰੱਖਣ ਅਤੇ ਸਦਨ ਦੀ ਕਾਰਵਾਈ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਵਿੱਚ ਆਪ ਸਭ ਦੇ ਸਹਿਯੋਗ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਮੈਂ ਵਾਰ-ਵਾਰ ਇਹ ਗੱਲ ਕਹਿ ਰਿਹਾ ਹਾਂ ਕਿਉਂਕਿ ਆਪ ਸਭ ਦੇ ਸਹਿਯੋਗ ਤੋਂ ਬਿਨਾਂ ਜੋ ਆਪਾਂ ਪੰਜਾਬੀਆਂ ਦੇ ਲਈ ਕੰਮ ਕਰ ਸਕੇ ਹਾਂ, ਉਹ ਹੋਣੇ ਮੁਮਕਿਨ ਨਹੀਂ ਸੀ।

ਇਸ ਮੌਕੇ ਮੈਂ ਇਹ ਗੱਲ ਬੜੀ ਨਿਮਰਤਾ ਨਾਲ ਕਹਿਣੀ ਚਾਹੁੰਦਾ ਹਾਂ ਕਿ ਸਦਨ ਦੀ ਕਾਰਵਾਈ ਦੌਰਾਨ ਕਈ ਵਾਰ ਹਾਲਾਤ ਅਜਿਹੇ ਬਣੇ ਹੋਣਗੇ, ਜਦੋਂ ਮੈਨੂੰ ਕਾਰਵਾਈ ਦੀ ਮਰਿਆਦਾ ਕਾਇਮ ਰੱਖਣ ਲਈ ਕੋਈ ਸਖਤ ਫੈਸਲਾ ਲੈਣਾ ਪਿਆ ਹੋਵੇ। ਸੋ, ਕਿਸੇ ਵੀ ਮਾਣਯੋਗ ਮੈਂਬਰ ਨੂੰ ਆਪਣੀ ਗੱਲ ਪੂਰੀ ਕਰਨ ਲਈ ਉਡੀਕ ਵੀ ਕਰਨੀ ਪਈ ਹੋਣੀ ਹੈ। ਜਾਂ ਮੇਰੇ ਕਿਸੇ ਸ਼ਬਦ, ਵਿਹਾਰ ਤੇ ਫੈਸਲੇ ਨਾਲ ਕਿਸੇ ਮੈਂਬਰ ਦੇ ਮਨ ਨੂੰ ਠੇਸ ਵੀ ਪਹੁੰਚੀ ਹੋਵੇਗੀ। ਜੇਕਰ ਜਾਣੇ-ਅਨਜਾਣੇ ਵਿੱਚ ਮੇਰੇ ਕਿਸੇ ਵਰਤਾਅ ਜਾਂ ਫੈਸਲੇ ਕਾਰਨ ਕਿਸੇ ਮਾਣਯੋਗ ਮੈਂਬਰ ਨੂੰ ਦੁੱਖ ਪਹੁੰਚਿਆ ਹੋਵੇ ਜਾਂ ਉਨ੍ਹਾਂ ਨੂੰ ਇਹ ਮਹਿਸੂਸ ਹੋਇਆ ਹੋਵੇ ਕਿ ਉਨ੍ਹਾਂ ਦੀ ਗੱਲ ਨੂੰ ਬਣਦਾ ਸਤਿਕਾਰ ਨਹੀਂ ਮਿਲਿਆ ਤਾਂ ਮੈਂ ਨਿਮਰਤਾ ਸਹਿਤ ਖਿਮਾ ਦਾ ਜਾਚਕ ਹਾਂ। ਮੇਰਾ ਉਦੇਸ਼ ਕਦੇ ਵੀ ਕਿਸੇ ਮਾਣਯੋਗ ਮੈਂਬਰ ਦੀ ਭਾਵਨਾ ਨੂੰ ਠੇਸ ਪਹੁੰਚਾਉਣਾ ਨਹੀਂ ਸੀ। ਸਪੀਕਰ ਦੇ ਆਸਣ ਉੱਤੇ ਬੈਠ ਕੇ ਮੇਰੀ ਕੋਸ਼ਿਸ਼ ਅਤੇ ਪਹਿਲ ਇਹੀ ਰਹੀ ਹੈ ਕਿ ਸਦਨ ਦੀ ਮਰਿਆਦਾ ਕਾਇਮ ਰਹੇ। ਸਾਰੇ ਮਾਣਯੋਗ ਮੈਂਬਰਾਂ ਨੂੰ ਬਰਾਬਰ ਮੌਕਾ ਮਿਲੇ ਅਤੇ ਲੋਕਤੰਤਰੀ ਪ੍ਰਕਿਰਿਆ ਨਿਰਵਿਘਨ ਚਲਦੀ ਰਹੇ। ਫੈਸਲੇ ਲੈਂਦਿਆਂ ਮੇਰਾ ਇਰਾਦਾ ਹਮੇਸ਼ਾ ਸਦਨ ਦੇ ਹਿੱਤ, ਨਿਯਮਾਂ ਦੀ ਪਾਲਣਾ ਨੂੰ ਤਰਜੀਹ ਦੇਣ ਦਾ ਰਿਹਾ ਹੈ। ਗੁਰਬਾਣੀ ਦਾ ਪਾਵਨ ਫੁਰਮਾਨ ਹੈ:

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।।

ਇਹ ਪਾਵਨ ਤੁੱਕ ਸਾਨੂੰ ਨਿਮਰਤਾ, ਮਿਠਾਸ ਅਤੇ ਚੰਗੇ ਗੁਣਾਂ ਦੀ ਮਹੱਤਤਾ ਦਾ ਸੰਦੇਸ਼ ਵੀ ਦਿੰਦੀ ਹੈ। ਮੇਰਾ ਵਿਸ਼ਵਾਸ ਹੈ ਕਿ ਜਨਤਕ ਜੀਵਨ ਵਿੱਚ ਅਹੁਦੇ ਨਾਲੋਂ ਵੱਡੀ ਚੀਜ਼ ਨਿਮਰਤਾ ਹੈ ਅਤੇ ਅਧਿਕਾਰ ਨਾਲੋਂ ਵੱਡੀ ਚੀਜ਼ ਸੇਵਾ ਦੀ ਭਾਵਨਾ ਹੈ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਵਿਧਾਨ ਸਭਾ ਦਾ ਅਸਲ ਮਾਣ ਕੇਵਲ ਇਸ ਗੱਲ ਵਿੱਚ ਨਹੀਂ ਕਿ ਇੱਥੇ ਕਿੰਨੇ ਕਾਨੂੰਨ ਬਣੇ ਜਾਂ ਕਿੰਨੇ ਮੁੱਦਿਆਂ ਉੱਤੇ ਚਰਚਾ ਹੋਈ ਸਗੋਂ ਇਸ ਗੱਲ ਵਿੱਚ ਹੈ ਕਿ ਅਸੀਂ ਆਪਣੇ ਮਤਭੇਦਾਂ ਦੇ ਬਾਵਜੂਦ ਇੱਕ ਦੂਜੇ ਦੇ ਸਤਿਕਾਰ ਅਤੇ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਨੂੰ ਕਿੰਨਾ ਕਾਇਮ ਰੱਖਿਆ।

**1650/harpreet singh**

ਇਸ ਪੂਰੇ ਕਾਰਜਕਾਲ ਦੌਰਾਨ ਮੇਰੇ ਸਾਥੀ ਰਹੇ ਸਮੂਹ ਮਾਣਯੋਗ ਮੈਂਬਰ ਸਾਹਿਬਾਨ, ਸਦਨ ਦੀ ਸਕੱਤਰੇਤ, ਵਿਧਾਨ ਸਭਾ ਦੇ ਅਧਿਕਾਰੀ ਅਤੇ ਕਰਮਚਾਰੀ, ਸੁਰੱਖਿਆ ਕਰਮੀਆਂ ਅਤੇ ਸਾਡੇ ਮੀਡੀਆ ਦੇ ਸਾਥੀ, ਕਾਰਵਾਈ ਨੂੰ ਸੁਚਾਰੂ ਬਣਾਉਣ ਵਾਲੇ ਹਰੇਕ ਵਿਅਕਤੀ ਦਾ ਮੈਂ ਦਿਲੋਂ ਧੰਨਵਾਦ ਕਰਦਾ ਹਾਂ। ਤੁਹਾਡੀ ਮਿਹਨਤ ਅਤੇ ਸਮਰਪਣ ਤੋਂ ਬਿਨਾ ਇਸ ਜ਼ਿੰਮੇਵਾਰੀ ਨੂੰ ਸਫ਼ਲਤਾਪੂਰਵਕ ਨਿਭਾਉਣਾ ਸੰਭਵ ਨਹੀਂ ਸੀ। ਦਾਸ ਵਾਹਿਗੁਰੂ ਅੱਗੇ ਅਰਦਾਸ ਕਰਦਾ ਹੈ ਕਿ ਪੰਜਾਬ ਇਹ ਮਾਣਮੱਤੀ ਵਿਧਾਨ ਸਭਾ ਹਮੇਸ਼ਾ ਲੋਕਾਂ ਦੀਆਂ ਆਸਾਂ ਅਤੇ ਉਮੀਦਾਂ ਦੀ ਅਵਾਜ਼ ਬਣੀ ਰਹੇ। ਇੱਥੇ ਹੋਣ ਵਾਲੀ ਹਰ ਚਰਚਾ ਪੰਜਾਬ ਦੇ ਭਲੇ, ਲੋਕਹਿੱਤ ਅਤੇ ਸੂਬੇ ਦੀ ਤਰੱਕੀ ਨੂੰ ਸਮਰਪਿਤ ਹੋਵੇ। ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਦੋਵੇਂ ਆਪਣੀ ਆਪਣੀ ਭੂਮਿਕਾ ਨਿਭਾਉਂਦਿਆਂ ਲੋਕਤੰਤਰ ਨੂੰ ਹੋਰ ਮਜ਼ਬੂਤ ਕਰਨ। ਅੰਤ ਵਿਚ ਮੈਂ ਇਹੀ ਕਹਿਣਾ ਚਾਂਹਾਗਾ ਕਿ ਸਦਨ ਦੇ ਇਸ ਸਫ਼ਰ ਵਿਚ ਸਾਡੇ ਵਿਚਾਰ ਵੱਖ ਹੋ ਸਕਦੇ ਹਨ, ਸਾਡੇ ਰਸਤੇ ਵੱਖ ਹੋ ਸਕਦੇ ਹਨ ਪਰ ਸਾਡਾ ਸਾਂਝਾ ਉਦੇਸ਼ ਇਕੋ ਹੈ, ਪੰਜਾਬ ਦੀ ਬਿਹਤਰੀ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ। ਇਕ ਵਾਰ ਫਿਰ ਆਪ ਸਭ ਦੇ ਵਿਸ਼ਵਾਸ, ਸਹਿਯੋਗ ਅਤੇ ਸਨੇਹ ਲਈ ਦਿਲੋਂ ਧੰਨਵਾਦ ਕਰਦਾ ਹਾਂ। ਜੇਕਰ ਮੇਰੇ ਕੋਲੋਂ ਕੋਈ ਕਮੀ ਰਹਿ ਗਈ ਹੋਵੇ ਤਾਂ ਉਸ ਲਈ ਮੈਂ ਖਿਮਾ ਦਾ ਜਾਚਕ ਵੀ ਹਾਂ। ਵਾਹਿਗੁਰੂ ਜੀ ਪੰਜਾਬ ਨੂੰ ਹਮੇਸ਼ਾ ਚੜ੍ਹਦੀ ਕਲਾ ਵਿਚ ਰੱਖਣ ਅਤੇ ਸਾਨੂੰ ਸਾਰਿਆਂ ਨੂੰ ਲੋਕ ਸੇਵਾ ਦੀ ਜ਼ਿੰਮੇਵਾਰੀ ਇਮਾਨਦਾਰੀ ਨਿਮਰਤਾ ਅਤੇ ਸਮਰਪਣ ਨਾਲ ਨਿਭਾਉਣ ਦੀ ਸਮਰੱਥਾ ਬਖਸ਼ਣ।

ਵੈਸੇ ਸਰਕਾਰ ਕੋਲ ਆਪਸ਼ਨ ਹੁੰਦਾ ਹੈ ਕਿ ਇਸ ਤੋਂ ਬਾਅਦ ਵੀ ਸੈਸ਼ਨ ਬੁਲਾ ਸਕਦਾ ਹੈ ਪਰ ਤਕਨੀਕੀ ਤੌਰ ਤੇ ਇਹ ਆਪਣੀ ਆਖਰੀ ਸਿਟਿੰਗ ਹੈ। ਸੋ, ਮੈਂ ਤਾਂ ਚਾਹੁੰਦਾ ਸੀ ਸਾਡੇ ਸਾਰੇ ਸਾਥੀ ਇੱਥੇ ਮੌਜੂਦ ਹੁੰਦੇ ਪਰ ਧਾਰਾ 78, 79 ਅਤੇ 80 ਇਹ ਧਰਾਵਾਂ ਨਾਸੂਰ ਹਨ ਔਰ ਇਹ ਇਕ ਇਤਿਹਾਸਕ ਮੌਕਾ ਹੈ, ਜਿਹੜਾ ਮੰਤਰੀ ਜੀ, ਤੁਸੀਂ ਇਨ੍ਹਾਂ ਧਾਰਾਵਾਂ ਨੂੰ ਰੱਦ ਕਰਨ ਦਾ ਮਤਾ ਲੈ ਕੇ ਆਏ ਹੋ। ਇਸ ਮੌਕੇ ਸਾਰੇ ਪੰਜਾਬੀਆਂ ਦੇ ਸਾਰੇ ਨੁਮਾਇੰਦੇ ਇੱਥੇ ਹੋਣੇ ਚਾਹੀਦੇ ਸੀ। ਮੈਂ ਕਿਸੇ ਨੂੰ ਇੱਥੇ ਹਾਜ਼ਰ ਹੋਣ ਲਈ ਫੋਰਸ ਨਹੀਂ ਕਰ ਸਕਦਾ। ਜੇਕਰ ਕਿਤੇ ਮੈਂ ਫੋਰਸ ਕਰ ਸਕਦਾ ਤਾਂ ਮੁੱਖ ਮੰਤਰੀ ਜੀ ਦੇ ਕਹਿਣ ਮੁਤਾਬਿਕ ਲਾਕ ਲਗਾ ਦਿੰਦਾ ਅਤੇ ਸਾਰਿਆਂ ਨੂੰ ਅੰਦਰ ਰੱਖਦਾ। ਸੋ, ਇਹ ਬੜਾ ਭਾਵਨਾਤਮਕ ਸਮਾਂ ਹੈ। ਜਿਹੜੇ ਮੰਤਰੀ ਜੀ ਮਤੇ ਲੈ ਕੇ ਆਏ ਹਨ, ਇਹ ਬੜੀ ਵੱਡੀ ਗੱਲ ਹੈ। ਬਾਕੀ ਪੰਜਾਬ ਬਾਰੇ ਮੈਂ ਦੋ ਸੱਤਰਾਂ ਹੋਰ ਕਹਿਣਾ ਚਾਹੁੰਦਾ ਹਾਂ:-

ਜਿਹਨੂੰ ਇੱਜ਼ਤ ਅਣਖ ਪਿਆਰੀ ਸੀ
ਜਿਹਦੇ ਕੋਲ ਸੁੱਚੀ ਸਰਦਾਰੀ ਸੀ
ਜਿਹਨੇ ਤਖ਼ਤ ਨੂੰ ਠੋਕਰ ਮਾਰੀ ਸੀ
ਜਿਹਦੀ ਉੱਚੀ ਬਹੁਤ ਉਡਾਰੀ ਸੀ
ਹੁਣ ਕਬੂਲ ਦੁਆਵਾਂ ਸੈਫੀ
ਉਹਨੂੰ ਉਹੀ ਉਕਾਬ ਕਹਿ ਦਿਆਂ
ਦਸਮ ਪਿਤਾ ਦਾ ਬਾਜ਼ ਕਹਿ ਦਿਆਂ

ਇਸ ਧਰਤੀ ਦਾ ਤਾਜ ਕਹਿ ਦਿਆਂ
ਮੇਰੇ ਗੁਰਾਂ ਨੇ ਜਿਹੜਾ ਸਿਰਜਿਆ ਸੀ
ਮੁੜ ਇਹਨੂੰ ਉਹੀ ਪੰਜਾਬ ਕਹਿ ਦਿਆਂ
ਸੂਫੀਆਂ ਯੋਧਿਆਂ ਵਾਲਾ ਪੂਰਾ ਹੋਇਆ ਖੁਆਬ ਕਹਿ ਦਿਆਂ। (ਥੰਪਿੰਗ)

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ ਮੰਤਰੀ (ਡਾਕਟਰ ਬਲਜੀਤ ਕੌਰ):** ਧੰਨਵਾਦ ਸਪੀਕਰ ਸਾਹਿਬ। ਮੈਂ ਅੱਜ ਜੋ ਸਦਨ ਦੇ ਵਿਚ ਮਾਣਯੋਗ ਮੰਤਰੀ ਸਾਹਿਬਾਨਾਂ ਵੱਲੋਂ ਬਹੁਤ ਮਹੱਤਵਪੂਰਨ ਮਤੇ ਲਿਆਂਦੇ ਗਏ ਹਨ, ਉਨ੍ਹਾਂ ਦੇ ਹੱਕ ਵਿਚ ਬੋਲਣ ਲਈ ਖੜੀ ਹੋਈ ਹਾਂ। ਕਿਉਂਕਿ ਮੇਰਾ ਵਿਭਾਗ ਜੋ ਪੰਜ ਸਾਲ ਲੋਕ ਭਲਾਈ ਸਕੀਮਾਂ ਨਾਲ ਜੁੜਿਆ ਹੋਇਆ ਸੀ। ਵਿੱਤ ਮੰਤਰੀ ਜੀ ਨੇ ਜਿਹੜਾ ਮਤਾ ਲਿਆਂਦਾ ਹੈ ਕਿ ਕਿਸ ਤਰ੍ਹਾਂ ਵਿਰੋਧੀ ਧਿਰਾਂ ਨੇ ਫਰੀ ਬੀਜ ਕਹਿ ਕੇ ਨਕਾਰਿਆ ਜਾਂ ਕਿਹਾ ਗਿਆ ਕਿ ਇਹ ਤਾਂ ਸਿਰਫ਼ ਵੋਟਾਂ ਖਾਤਰ ਕੀਤਾ ਜਾ ਰਿਹਾ ਹੈ। ਸੋ, ਬੜਾ ਭਾਵਨਾਤਮਕ ਮਾਹੌਲ ਮਾਣਯੋਗ ਸਪੀਕਰ ਸਾਹਿਬ, ਤੁਸੀਂ ਵੀ ਸਿਰਜ ਦਿੱਤਾ ਹੈ। ਅੱਜ ਤਕਨੀਕੀ ਤੌਰ ਤੇ ਸੈਸ਼ਨ ਦਾ ਆਖਰੀ ਦਿਨ ਹੈ।

*4.54 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਰਦਾਰ ਕੁਲਵੰਤ ਸਿੰਘ ਪੰਡੋਰੀ, ਮੈਂਬਰ, ਪੈਨਲ ਆਫ਼ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਮੈਂ ਇਕ ਛੋਟੀ ਜਿਹੀ ਗੱਲ ਕਹਾਂਗੀ ਕਿ ਕਿਸੇ ਦਾ ਇਕ ਬਹੁਤ ਵੱਡਾ ਬਾਗ ਸੀ। ਦਰੱਖਤ ਲੱਗੇ ਹੋਏ, ਫਲਾਂ ਨਾਲ ਭਰੇ ਹੋਏ, ਫੁੱਲ ਖਿੜੇ ਹੋਏ, ਪੰਛੀ ਚਹਿਕਣ, ਬੱਚੇ ਆ ਕੇ ਖੇਡਣ, ਪੰਛੀ ਫਲ ਖਾ ਰਹੇ ਹਨ, ਬੱਚੇ ਫੁੱਲਾਂ ਨਾਲ ਖੇਡ ਰਹੇ ਹਨ। ਸਾਰਾ ਦਿਨ ਲੋਕ ਆਉਂਦੇ ਹਨ ਅਤੇ ਮਾਲੀ ਕਿਸੇ ਨੂੰ ਨਹੀਂ ਰੋਕਦਾ ਪਰ ਮਾਲਕ ਦੁਖੀ ਇਸ ਤਰ੍ਹਾਂ ਸੀ ਕਿ ਲੋਕ ਆ ਕੇ ਖਿਲਾਰਾ ਪਾ ਜਾਂਦੇ ਹਨ, ਫਲ ਫਰੂਟ ਵੀ ਸਾਰੇ ਖਾ ਲੈਂਦੇ ਹਨ, ਮੁਨਾਫ਼ਾ ਕੋਈ ਨਹੀਂ ਹੁੰਦਾ। ਸੋ, ਇਸ ਮਾਲੀ ਦਾ ਕੀ ਫਾਇਦਾ, ਮਾਲੀ ਬਦਲਿਆ ਜਾਵੇ। ਸੋ, ਮਾਲੀ ਬਦਲ ਲਿਆ ਗਿਆ। ਨਵਾਂ ਮਾਲੀ ਆਇਆ, ਬਹੁਤ ਹੀ ਤਜਰਬੇਕਾਰ। ਉਸ ਨੂੰ ਬਾਗ ਸੰਭਾਲਣ ਦਾ ਬੜਾ ਤਜਰਬਾ ਸੀ। ਸਭ ਤੋਂ ਪਹਿਲਾਂ ਉਸ ਨੇ ਬਾਗ ਦੇ ਦੁਆਲੇ ਉੱਚੀਆਂ ਉੱਚੀਆਂ ਕੰਧਾਂ ਉਸਾਰੀਆਂ, ਵੱਡੇ ਵੱਡੇ ਗੇਟ ਲਗਾ ਦਿੱਤੇ ਤਾਂ ਕਿ ਕੋਈ ਅੰਦਰ ਨਾ ਜਾ ਸਕੇ।

**1655/amandeep kaur**

ਸੀਂਖਾਂ ਰੱਖ ਦਿੱਤੀਆਂ ਗਈਆਂ। ਕੰਧਾਂ ਦੇ ਉੱਤੇ ਵੀ ਜਾਲ ਪਾ ਦਿੱਤੇ ਗਏ ਤਾਂ ਕਿ ਕੋਈ ਪੰਛੀ ਵੀ ਨਾ ਆਵੇ ਅਤੇ ਕੋਈ ਫਲ ਫਰੂਟ ਖਰਾਬ ਨਾ ਹੋਵੇ। ਮਾਲਕ ਬਹੁਤ ਖੁਸ਼ ਹੋਇਆ ਕਿ ਮਾਲੀ ਦਾ ਬੜਾ ਦਿਮਾਗ ਹੈ। ਕੁਝ ਦਿਨਾਂ ਬਾਅਦ ਉਸ ਨੇ ਸੋਚਿਆ ਕਿ ਦੇਖਿਆ ਜਾਵੇ ਕਿ ਹੁਣ ਬਾਗ ਨੇ ਕਿੰਨੀ ਕੁ ਤਰੱਕੀ ਕਰ ਲਈ ਹੈ। ਜਦੋਂ ਉਸ ਬਾਗ ਦੇ ਗੇਟ ਖੋਲੇ ਤਾਂ ਉੱਥੇ ਸਮਸ਼ਾਨ ਘਾਟ ਵਰਗੀ ਸੁੰਨਸਾਨ ਸੀ, ਪੱਤੇ ਤੇ ਫੁੱਲ ਮੁਰਝਾ ਗਏ, ਫਲ ਵੀ ਨਾ ਕੋਈ, ਪਤਝੜ ਦਾ ਮੌਸਮ, ਸਮਝ ਨਹੀਂ ਆਈ ਕਿ ਇਹ ਕੀ ਹੋ ਗਿਆ। ਮਾਲਕ ਨੇ ਕਿਹਾ ਕਿ ਉਹੀ ਮਾਲੀ ਦੁਬਾਰਾ ਲੈ ਕੇ ਆਓ ਤੇ ਪੁਰਾਣੇ ਮਾਲੀ ਨੇ ਆ ਕੇ ਫਿਰ ਦਰਵਾਜ਼ੇ ਖੋਲ ਦਿੱਤੇ। ਫਿਰ ਪੰਛੀ ਵੀ ਆ ਗਏ, ਬੱਚੇ ਵੀ ਆ ਗਏ ਤੇ ਬਾਗ ਫਿਰ ਖਿੜ ਗਿਆ। ਮਾਲਕ ਕਹਿੰਦਾ

ਕਿ ਮੈਨੂੰ ਗੱਲ ਸਮਝ ਆ ਗਈ। ਕੁਦਰਤ, ਦਰਖਤ, ਫਲ, ਬੂਟੇ ਇਹ ਸਾਰਾ ਕੁਝ ਆਪਸ ਵਿੱਚ ਜੁੜਿਆ ਹੋਇਆ ਹੈ। ਅਸੀਂ ਕਿਸੇ ਇੱਕ ਚੀਜ਼ ਨੂੰ ਵੀ ਜੇਕਰ ਵਿੱਚੋਂ ਕੱਢ ਦਿਆਂਗੇ ਤਾਂ ਕੁਦਰਤੀ ਸੰਤੁਲਨ ਵਿਗੜ ਜਾਂਦਾ ਹੈ। ਇਹ ਕੁਦਰਤੀ ਨਿਆਂ ਦੇ ਉਲਟ ਹੈ। ਸੋ, ਮੈਂ ਪੰਜਾਬ ਦੀ ਗੱਲ ਤੇ ਆਉਂਦੀ ਹਾਂ ਕਿ ਪੰਜਾਬ ਦੇ ਵਿੱਚ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਕੁਦਰਤੀ ਨਿਆਂ ਨੂੰ, ਸਮਾਜਿਕ ਨਿਆਂ ਨੂੰ ਬਰਕਰਾਰ ਰੱਖਣ ਦੇ ਲਈ ਹਰ ਵਰਗ ਦੇ ਲੋਕਾਂ ਨੂੰ ਉਪਰ ਚੁੱਕਣ ਦੇ ਲਈ ਜਿਹੜੀਆਂ ਵੀ ਸਕੀਮਾਂ ਚਲਾਈਆਂ ਜਾਂ ਸਕੀਮਾਂ ਦੇ ਵਿੱਚ ਹੋਰ ਵਾਧੇ ਕੀਤੇ, ਉਸ ਦੇ ਨਾਲ ਹਰ ਵਰਗ ਦੇ ਅੰਦਰ, ਹਰ ਘਰ ਦੇ ਅੰਦਰ ਖੁਸ਼ੀ ਦਾ ਮਾਹੌਲ ਆਇਆ ਤੇ ਉਨ੍ਹਾਂ ਸਕੀਮਾਂ ਦਾ ਭਾਵੇਂ ਮੈਂ ਨਾਂ ਨਾ ਵੀ ਲਵਾਂ ਸਾਰੇ ਮੈਂਬਰ ਸਾਹਿਬਾਨਾਂ ਨੇ ਬੜੀ ਡੀਟੇਲ ਵਿੱਚ ਗੱਲ ਕਰ ਦਿੱਤੀ ਹੈ। ਸਾਡੇ ਪੰਜ ਸਾਲਾਂ ਦੇ ਅਰਸੇ ਦੌਰਾਨ 10 ਲੱਖ ਤੋਂ ਵੱਧ ਐਸ.ਸੀ.ਵਿਦਿਆਰਥੀਆਂ ਨੂੰ ਸਕਾਲਰਸ਼ਿਪ ਮਿਲੀ ਜਿਨ੍ਹਾਂ ਦੀਆਂ ਪਿਛਲੀਆਂ ਸਰਕਾਰਾਂ ਨੇ ਸਕਾਲਰਸ਼ਿਪ ਬੰਦ ਕਰਕੇ ਡਿਗਰੀਆਂ ਤੱਕ ਰੋਕ ਦਿੱਤੀਆਂ ਸਨ। ਮਾਵਾਂ ਧੀਆਂ ਸਤਿਕਾਰ ਯੋਜਨਾ ਬਾਰੇ ਕਿਹਾ ਗਿਆ ਕਿ 1000-1000 ਰੁਪਏ ਪਿੱਛੇ ਬੀਬੀਆਂ ਗਿੱਧਾ ਪਾਈ ਜਾਂਦੀਆਂ ਹਨ ਪਤਾ ਨਹੀਂ ਕੀ ਕਰੀ ਜਾਂਦੀਆਂ ਹਨ। ਇਹ ਗੱਲ ਸੱਚ ਹੈ ਕਿ ਜ਼ਮੀਨਾਂ ਵਾਲੀਆਂ ਔਰਤਾਂ ਦੇ ਕੋਲ ਅੱਜ ਵੀ ਸਾਈਨ ਕਰਨ ਦਾ ਅਧਿਕਾਰ ਨਹੀਂ ਹੈ ਕਿ ਕਿਸੇ ਵੀ ਪ੍ਰਾਪਰਟੀ ਦੇ ਉੱਤੇ ਉਨ੍ਹਾਂ ਦੇ ਸਾਈਨ ਹੋਏ ਹੋਣ। ਲੋਕ ਇਹ ਤਾਂ ਮੰਗਦੇ ਹਨ ਕਿ ਸਾਡੇ ਘਰ ਵਿੱਚ ਪੜ੍ਹੀ ਲਿਖੀ ਨੂੰਹ ਆਵੇ ਪਰ ਅੱਜ ਤੱਕ ਉਨ੍ਹਾਂ ਨੂੰ ਘਰ ਦੀ ਪ੍ਰਾਪਰਟੀ ਦੇ ਕਾਗਜ਼ ਨਹੀਂ ਦਿਖਾਏ ਜਾਂਦੇ। ਸੋ ਅੱਜ ਦੀ ਤਾਰੀਖ ਦੇ ਵਿੱਚ ਔਰਤ ਨੂੰ ਹਾਸ਼ੀਏ ਵੱਲ ਧੱਕਿਆ ਕਿਉਂ ਨਾ ਮੰਨਿਆ ਜਾਵੇ। ਸੋ, ਜਿਹੜੇ ਇਹ ਲੋਕ ਕਹਿੰਦੇ ਹਨ ਕਿ ਬੀਬੀਆਂ ਗਿੱਧਾ ਪਾਉਂਦੀਆਂ ਹਨ ਜਾਂ ਕਹਿੰਦੇ ਹਨ ਕਿ ਸਰਕਾਰੀ ਬੱਸਾਂ ਤੇ ਕੌਣ ਸਫਰ ਕਰਦਾ ਹੈ, ਬੱਸਾਂ ਖੜ ਖੜ ਕਰਦੀਆਂ ਹਨ, ਇਹ ਵੀ ਕਹਿੰਦੇ ਹਨ ਕਿ common people, common people ਕੌਣ ਹੁੰਦੇ ਹਨ ਮਤਲਬ ਕਿ ਆਮ ਲੋਕ ਕੌਣ ਹੁੰਦੇ ਹਨ। ਇਹ ਆਮ ਲੋਕ ਉਹੀ ਹਨ, ਜਿਨਾਂ ਲੋਕਾਂ ਨੇ ਤੁਹਾਨੂੰ ਤਾਜ਼ਾ ਤਖਤਾਂ ਤੇ ਬਿਠਾ ਦਿੱਤਾ, ਤੁਸੀਂ ਉਨ੍ਹਾਂ ਨੂੰ ਦਿੱਤੀਆਂ ਗਈਆਂ ਸਹੂਲਤਾਂ ਤੇ ਅੱਜ ਸਵਾਲ ਕਰਨ ਲੱਗ ਪਏ। ਕੀ ਉਨ੍ਹਾਂ ਦੀ ਵੋਟ ਦਾ ਕੋਈ ਮਤਲਬ ਹੀ ਨਹੀਂ ਹੈ? ਸੋ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਇਹ ਜਿਹੜੇ ਲੋਕ ਵਾਰੀ ਵਾਰੀ ਆ ਕੇ ਰਾਜ ਕਰਦੇ ਰਹੇ ਹਨ, ਇਹ ਆਪਣੇ ਆਪ ਨੂੰ ਬਹੁਤ ਤਜਰਬੇਕਾਰ ਮਾਲੀ ਦੱਸਦੇ ਹਨ ਕਿ ਸਾਨੂੰ ਪਤਾ ਹੈ ਕਿ ਪੈਸੇ ਕਿਵੇਂ ਇੱਕਠੇ ਕਰਨੇ ਹਨ। ਜੇਕਰ ਲੋਕਾਂ ਨੂੰ ਉਹ ਪੈਸੇ ਦਿੱਤੇ ਗਏ ਤਾਂ ਫਰੀ ਬੀਜ਼ ਹੈ, ਜੇਕਰ ਸਾਡੇ ਖਾਤੇ ਵਿੱਚ ਆ ਗਏ ਤਾਂ ਉਹ ਪੰਜਾਬ ਦੀ ਤਰੱਕੀ ਹੋ ਰਹੀ ਹੈ।

**1700/Tarlochan Singh**

ਕੀ ਅਸੀਂ ਆਮ ਲੋਕਾਂ ਦੀ ਤਰੱਕੀ, ਆਮ ਲੋਕਾਂ ਦੇ ਉਪਰ ਉਠਦੇ ਜੀਵਨ ਪੱਧਰ ਨੂੰ ਵਿਕਾਸ ਨਹੀਂ ਗਿਣਦੇ ਹਾਂ, ਸਿਰਫ ਤੇ ਸਿਰਫ ਬਿਲਡਿੰਗਾਂ ਉਸਾਰਨ ਨੂੰ ਜਾਂ ਸੜਕਾਂ ਉਸਾਰਨ ਨੂੰ ਵਿਕਾਸ ਕਹਾਂਗੇ। ਇਕੱਲੇ ਪੰਜਾਬ ਦਾ ਵਿਕਾਸ ਨਹੀਂ ਹੋ ਸਕਦਾ। ਜਿੰਨਾ ਚਿਰ ਲੋਕਾਂ ਦੇ ਘਰਾਂ ਵਿੱਚ ਖੁਸ਼ੀ ਦੀ ਕੋਈ ਲਹਿਰ ਨਹੀਂ ਆਉਂਦੀ ਤਾਂ ਅਸੀਂ ਨਹੀਂ ਕਹਿ ਸਕਦੇ ਕਿ ਸਾਡੇ ਸੂਬੇ ਨੇ ਵਿਕਾਸ ਕੀਤਾ ਹੈ।

ਸਪੀਕਰ ਸਾਹਿਬ ਨੇ ਕਿਹਾ ਸੀ ਕਿ ਮੈਂ ਇੱਕ ਕਵੀ ਦੀ ਬੇਟੀ ਹਾਂ ਤਾਂ ਮੈਂ ਵੀ ਆਪਣੇ ਪਿਤਾ ਨੂੰ ਇੱਕ ਵਾਰੀ ਪੁੱਛਿਆ ਸੀ ਕਿ ਆਮ ਲੋਕਾਂ ਦੀ ਕਿੰਨੀ ਕੁ ਤਾਕਤ ਹੁੰਦੀ ਹੈ ਤਾਂ ਮੇਰੇ ਪਿਤਾ ਜੀ ਨੇ ਦੋ ਗੱਲਾਂ ਦੱਸੀਆਂ ਸਨ ਕਿ -

ਉਚਿਆਂ ਆਡੰਬਰਾਂ ਦਾ ਮੈਂ ਸਦਾ ਰਾਖਾ ਰਿਹਾਂ
ਕੱਲ੍ਹ ਤੱਕ ਜੇ ਢਾਲ ਸੀ ਤਾਂ ਅੱਜ ਵੀ ਤਲਵਾਰ ਹਾਂ
ਤਖਤ ਉਤੇ ਬੈਠਣਾ ਜਾਂ ਤਖਤ ਉਤੋਂ ਉਤਰਨਾ
ਸੰਭਲ ਕੇ ਹਿੱਲੀਂ ਜ਼ਰਾਂ, ਮੈਂ ਤੇਰਾ ਪਾਇਦਾਨ ਹਾਂ (ਥੰਪਿੰਗ)

ਇਹ ਹੈ ਆਮ ਲੋਕਾਂ ਦੀ ਤਾਕਤ। ਜੇ ਉਨ੍ਹਾਂ ਨੇ ਤੁਹਾਨੂੰ ਬਿਠਾਇਆ ਹੈ ਤਾਂ ਉਹ ਲਾਹ ਵੀ ਸਕਦੇ ਹਨ ਤੇ ਜਿਹੜੇ ਲੋਕ ਜਿਹੜੇ ਮਾਲੀ ਲੋਕਾਂ ਲਈ ਬਾਗ ਖੁੱਲ੍ਹੇ ਰੱਖਦੇ ਹਨ, ਉਨ੍ਹਾਂ ਨੂੰ ਲੋਕ ਵਾਰ-ਵਾਰ ਲਿਆਉਂਦੇ ਹਨ। ਸੋ, ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਜਿਨ੍ਹਾਂ ਨੇ ਲੋਕਾਂ ਲਈ ਕੰਮ ਕੀਤਾ ਹੈ, ਲੋਕ ਉਨ੍ਹ ਨੂੰ ਫਿਰ ਦੁਬਾਰਾ ਲਿਆਉਣਗੇ। ਆਮ ਆਦਮੀ ਪਾਰਟੀ ਨੂੰ ਲੋਕ ਫਿਰ ਦੁਬਾਰਾ ਲਿਆਉਣਗੇ। ਇਸ ਵਿੱਚ ਕੋਈ ਵੀ ਸ਼ੱਕ ਨਹੀਂ ਹੈ। ਬਹੁਤ ਬਹੁਤ ਸ਼ੁਕਰੀਆ। (ਥੰਪਿੰਗ)

**ਸ੍ਰੀ ਸਭਾਪਤੀ** : ਧੰਨਵਾਦ ਜੀ। ਮਾਣਯੋਗ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਜੀ।

**ਸੁਚੱਜਾ ਪ੍ਰਸ਼ਾਸਨ ਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)** : ਬਹੁਤ ਬਹੁਤ ਧੰਨਵਾਦ ਚੇਅਰਮੈਨ ਸਾਹਿਬ। ਤੁਸੀਂ ਮੈਨੂੰ ਬਹੁਤ ਹੀ ਮਹੱਤਵਪੂਰਨ ਇਸ਼ੂ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮਾਣਯੋਗ ਸਪੀਕਰ ਸਾਹਿਬ ਇਸ ਸਮੇਂ ਚੇਅਰ ਤੇ ਨਹੀਂ ਹਨ ਪਰ ਮੈਂ ਉਨ੍ਹਾਂ ਦੀ ਤਾਰੀਫ ਵੀ ਕਰਾਂਗਾ ਤੇ ਧੰਨਵਾਦ ਵੀ ਕਰਾਂਗਾ ਕਿ ਉਹ ਬੜੇ ਗਰੇਸਫੁੱਲੀ ਪਿਛਲੇ ਪੌਣੇ ਪੰਜ ਸਾਲ ਦੀ ਗੱਲ ਕਰਕੇ ਗਏ ਹਨ। ਹਾਊਸ ਵਿੱਚ ਜੋ ਵੀ ਊਨੀ ਇੱਕੀ ਹੁੰਦਾ ਰਿਹਾ ਹੈ, ਜਿਹੜਾ ਕਿ ਨਾਰਮਲੀ ਹੋ ਜਾਂਦਾ ਹੈ, ਉਸ ਦੀ ਵੀ ਗੱਲ ਕਰਕੇ ਗਏ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਉਹ ਕਿਸੇ ਨੂੰ ਟਾਈਮ ਨਹੀਂ ਦੇ ਸਕੇ ਤਾਂ ਮੈਂ ਮੁਆਫੀ ਮੰਗਦਾ ਹਾਂ। ਮੈਂ ਵੀ ਆਪਣੇ ਵੱਲੋਂ ਆਪਣੇ ਪਰਿਵਾਰ ਤੋਂ ਮੁਆਫੀ ਮੰਗਦਾ ਹਾਂ। ਮੈਂ ਕੈਬਨਿਟ ਦਾ ਹਿੱਸਾ ਹੋਣ ਦੇ ਨਾਤੇ ਮੈਂ ਸਪੀਕਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਅਤੇ ਮੈਂ ਆਪਣੇ ਸਾਰੇ ਸਾਥੀਆਂ ਤੋਂ ਮੁਆਫੀ ਮੰਗਦਾ ਹਾਂ। ਕਈ ਵਾਰੀ ਤਲਖੀ ਵਿੱਚ ਸ਼ਾਇਦ ਕੁਝ ਕਿਹਾ ਗਿਆ ਹੋਵੇ ਕਿਉਂਕਿ ਕਈ ਵਾਰੀ ਮਾਹੌਲ ਹੀ ਇਸ ਤਰ੍ਹਾਂ ਦਾ ਬਣ ਜਾਂਦਾ ਸੀ। ਅੱਜ ਇਸ ਸੈਸ਼ਨ ਦਾ ਆਖਰੀ ਦਿਨ ਹੈ ਅਤੇ ਜਿਹੜੇ ਕਹਿੰਦੇ ਸੀ ਕਿ ਅਸੀਂ ਬੜੇ ਤਜਰਬੇਕਾਰ ਹਾਂ, ਉਹ ਸਵੇਰ ਤੋਂ ਹੀ ਗਾਇਬ ਹਨ। ਜਦੋਂ ਸੈਸ਼ਨ ਨਹੀਂ ਹੁੰਦਾ, ਉਦੋਂ ਕਹਿੰਦੇ ਹਨ ਕਿ ਸੈਸ਼ਨ ਕਿਉਂ ਨਹੀਂ ਹੈ ਜਾਂ ਸੈਸ਼ਨ ਛੋਟਾ ਹੈ ਅਤੇ ਜਦੋਂ ਸੈਸ਼ਨ ਹੁੰਦਾ ਹੈ ਤਾਂ (ਖਾਲੀ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਆਹ ਹਾਲਾਤ ਹੁੰਦੇ ਹਨ। ਪਰ ਇਨ੍ਹਾਂ ਦਾ ਕੰਡਕਟ ਪੰਜਾਬ ਦੇ ਲੋਕਾਂ ਨੇ ਦੇਖ ਲਿਆ ਹੈ। ਇਹ ਸੈਸ਼ਨ ਇਸ ਟਰਮ ਦਾ ਆਖਰੀ ਸੈਸ਼ਨ ਹੋਵੇਗਾ ਪਰ ਮੈਂ ਸਮਝਦਾ ਹਾਂ ਕਿ ਜਿਸ ਤਰੀਕੇ ਨਾਲ ਸਰਕਾਰ ਵੱਲੋਂ ਕੰਮ ਕੀਤਾ ਗਿਆ ਹੈ, ਇਹ ਸੈਸ਼ਨ ਅਗਲੀ ਟਰਮ ਦਾ ਬਜਟ ਪੇਸ਼ ਕਰਨ ਤੋਂ ਪਹਿਲਾਂ ਦਾ ਆਖਰੀ ਸੈਸ਼ਨ ਹੈ।

ਚੇਅਰਮੈਨ ਸਾਹਿਬ, ਅੱਜ ਸਾਡੀ ਸਰਕਾਰ ਦੇ ਤਿੰਨ ਮੰਤਰੀ ਸਾਹਿਬਾਨਾਂ ਵੱਲੋਂ, ਚੀਮਾ ਸਾਹਿਬ ਵੱਲੋ, ਮੇਰੇ ਵੀਰ ਹਰਜੋਤ ਜੀ ਵੱਲੋਂ ਅਤੇ ਗੋਇਲ ਜੀ ਵੱਲੋਂ ਤਿੰਨ ਅਹਿਮ ਮੁੱਦਿਆਂ ਤੇ ਮਤੇ ਲਿਆਂਦੇ ਗਏ ਹਨ। ਤਿੰਨੇ ਹੀ ਮਤੇ ਜ਼ਿੰਦਗੀ ਨਾਲ ਅਤੇ ਭਾਵਨਾਵਾਂ ਨਾਲ ਜੁੜੇ ਹੋਏ ਹਨ। ਪਾਣੀ ਬਿਨਾ ਜ਼ਿੰਦਗੀ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਵੈਸੇ ਵੀ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਪੰਜਾਬ ਦੀ ਜਿੰਦ ਜਾਨ ਉਸ ਦੇ ਕਿਸਾਨ, ਕਿਸਾਨ ਦੀ ਜਿੰਦ ਜਾਨ ਉਸ ਦੇ ਖੇਤ ਅਤੇ

ਖੇਤੀ ਦੀ ਜਿੰਦ ਜਾਨ ਨਹਿਰੀ ਪਾਣੀ ਹੈ। ਇਹ ਮਤਾ ਗੋਇਲ ਸਾਹਿਬ ਲੈ ਕੇ ਆਏ ਹਨ। ਹਰਜੋਤ ਜੀ ਨੇ ਕਰਤਾਰਪੁਰ ਸਾਹਿਬ ਦੀ ਪਵਿੱਤਰ ਧਰਤੀ ਨਾਲ ਜੁੜੀਆਂ ਸਾਡੀਆਂ ਪੰਜਾਬੀਆਂ ਦੀਆਂ ਅਤੇ ਹਰ ਧਰਮ ਦੇ ਲੋਕਾਂ ਦੀਆਂ ਭਾਵਨਾਵਾਂ ਬਾਰੇ ਗੱਲ ਕੀਤੀ ਹੈ।

(*5.03 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਤੀਜੇ ਨੰਬਰ ਤੇ ਪੰਜਾਬ ਨੂੰ ਮੁੜ ਦੁਬਾਰਾ ਰੰਗਲਾ ਪੰਜਾਬ ਬਣਾਉਣ ਦੀ ਗੱਲ ਚੀਮਾ ਸਾਹਿਬ ਨੇ ਮਤੇ ਰਾਹੀਂ ਕੀਤੀ ਹੈ। ਜੋ ਵੀ ਸੁਵਿਧਾਵਾਂ ਪਿਛਲੇ 5 ਸਾਲਾਂ ਵਿੱਚ ਦਿੱਤੀਆਂ ਗਈਆਂ ਹਨ ਉਨ੍ਹਾਂ ਨੂੰ ਕੰਟੀਨਿਊ ਕਰਨ ਦੀ ਗੱਲ ਕੀਤੀ ਗਈ ਹੈ। ਇਨ੍ਹਾਂ ਤਿੰਨਾਂ ਵਿੱਚ ਮੈਂ ਜ਼ਿਆਦਾ ਡਿਟੇਲ ਵਿੱਚ ਨਹੀਂ ਜਾਵਾਂਗਾ, ਮੈਂ ਬਰੀਫ ਹੀ ਗੱਲ ਕਰਾਂਗਾ।

ਸਪੀਕਰ ਸਾਹਿਬ, ਪੰਜਾਬ ਦੇ ਪਾਣੀਆਂ ਤੇ ਪੰਜ ਮਤੇ ਆਏ ਹਨ ਅਤੇ ਜਦੋਂ ਪਾਣੀਆਂ ਦੀ ਗੱਲ ਕਰਦੇ ਹਾਂ ਤਾਂ ਮੈਂ ਸਮਝਦਾ ਹਾਂ ਕਿ ਜਦੋਂ ਜਦੋਂ ਪੰਜਾਬ ਦੇ ਪਾਣੀਆਂ ਤੇ ਡਾਕੇ ਮਾਰੇ ਗਏ ਪੰਜਾਬ ਦੇ ਸੀਨੇ ਤੇ ਇੱਕ ਧੋਖੇ ਦੀ ਬੜੀ ਲੰਬੀ, ਚੌੜੀ, ਡੂੰਘੀ ਦਾਸਤਾਨ ਲਿਖੀ ਗਈ ਹੈ। ਇਹ ਵੀ ਨਹੀਂ ਹੈ ਕਿ ਡਾਕੇ ਅੱਜ ਮਾਰੇ ਗਏ ਹਨ, ਕੇਂਦਰ ਵਿੱਚ ਸਰਕਾਰ ਚਾਹੇ ਕਿਸੇ ਮਰਜ਼ੀ ਦੀ ਰਹੀ ਹੋਵੇ, ਇਨ੍ਹਾਂ ਬੀ.ਜੇ.ਪੀ.-ਐਨ.ਡੀ.ਏ. ਦੀ ਸਰਕਾਰ ਤਾਂ ਹੁਣ ਆਈ ਹੈ। ਇਸ ਤੋਂ ਪਹਿਲਾਂ ਵੱਡੇ ਡਾਕੇ ਕਾਂਗਰਸ ਮਾਰਦੀ ਰਹੀ ਹੈ। ਪਤਾ ਨਹੀਂ ਜਦੋਂ ਕੋਈ ਸੈਂਟਰ ਵਿੱਚ ਪਹੁੰਚ ਜਾਂਦਾ ਹੈ ਤਾਂ ਪੰਜਾਬ ਨੂੰ ਇਹੋ ਜਿਹੀ ਨਿਗਾਹ ਨਾਲ ਕਿਉਂ ਦੇਖਦੇ ਹਨ। ਸਰ, ਜਿੱਥੇ ਆਜ਼ਾਦੀ ਦੀ ਲੜਾਈ ਦੌਰਾਨ ਸਭ ਤੋਂ ਵੱਧ ਪੰਜਾਬੀਆਂ ਨੇ ਆਪਣਾ ਖੂਨ ਡੋਲ੍ਹਣ ਵੇਲੇ ਸੋਚਿਆ ਤੱਕ ਨਹੀਂ, ਉਥੇ ਸਾਡੀ ਬਦਕਿਸਮਤੀ ਹੈ ਕਿ ਕੇਂਦਰ ਦੀਆਂ ਸਰਕਾਰਾਂ ਚਾਹੇ ਕਾਂਗਰਸ ਦੀ ਸੀ ਚਾਹੇ ਹੁਣ ਬੀ.ਜੇ.ਪੀ. ਦੀ ਹੈ, ਖੂਨ ਦੇ ਬਦਲੇ ਇਹ ਲੋਕ ਪੰਜਾਬ ਦੇ ਹੱਕ ਦਾ ਪਾਣੀ ਵੀ ਨਹੀਂ ਦੇ ਸਕੇ ਹਨ। ਸਪੀਕਰ ਸਾਹਿਬ, ਦੋ ਵੱਡੇ ਧੋਖੇ ਹੋਏ ਹਨ, ਜਿਸ ਦਾ ਮੈਂ ਸਮਝਦਾ ਹਾਂ ਕਿ ਪੰਜਾਬ ਨੇ ਲੰਬਾ ਸਮਾਂ ਸੰਤਾਪ ਹੰਢਾਇਆ ਹੈ ਅਤੇ ਸ਼ਾਇਦ ਆਉਣ ਵਾਲੇ ਸਮੇਂ ਵਿੱਚ ਵੀ ਸੰਤਾਪ ਹੰਢਾਉਣਾ ਪਵੇ।

**1705/Sukhpiar Singh**

ਸਪੀਕਰ ਸਾਹਿਬ, ਬਹੁਤੀ ਲੰਬੀ ਪੁਰਾਣੀ ਗੱਲ ਨਹੀਂ ਹੈ, ਅਮਰੀਕਾ ਬਣੇ ਨੂੰ ਥੋੜ੍ਹੇ ਸਾਲ ਹੀ ਹੋਏ ਹਨ। John F. Kennedy ਕਿਹਾ ਕਰਦੇ ਸੀ ਕਿ "Ask not what your country can do for you - Ask what you can do for your country". ਯਾਨੀ ਕਿ ਤੁਸੀਂ ਇਹ ਨਾ ਪੁੱਛੋ ਕਿ ਕੰਟਰੀ ਤੁਹਾਡੇ ਲਈ ਕੀ ਕਰਦੀ ਹੈ, ਤੁਸੀਂ ਆਪਣੇ ਮੁਲਕ ਲਈ ਕੀ ਕਰ ਸਕਦੇ ਹੋ, ਇਸ ਦੀ ਗੱਲ ਕਰੋ। ਸਰ, ਜਿਹੜੇ ਪਾਲੀਟੀਸ਼ਨ ਹੁੰਦੇ ਹਨ, ਉਹ ਸਿਰਫ ਅਗਲੀ ਇਲੈਕਸ਼ਨ ਤੱਕ ਦੀ ਗੱਲ ਕਰਦੇ ਹਨ। ਜਿਹੜੇ ਸਟੇਟਸਮੈਨ ਹੁੰਦੇ ਹਨ, ਉਹ ਅਗਲੀਆਂ ਜਨਰੇਸ਼ਨਜ਼ ਦੀ ਗੱਲ ਕਰਦੇ ਹਨ। ਇਹੀ ਫਰਕ ਰਿਹਾ ਹੈ। ਪੰਜਾਬ ਨੂੰ ਪਿਛਲੇ 70 ਸਾਲ ਸਿਰਫ ਔਰ ਸਿਰਫ ਅਗਲੀ ਇਲੈਕਸ਼ਨ ਤੱਕ ਜਿੱਤਣ ਵਾਲੇ ਪਾਲੀਟੀਸ਼ਨ ਮਿਲੇ ਹਨ ਕਿ ਇਲੈਕਸ਼ਨ ਜਿੱਤ ਲਵੋ ਤੇ ਪੰਜਾਬ ਜਾਵੇ ਢੱਠੇ ਖੂਹ ਵਿੱਚ, ਇਹ ਉਨ੍ਹਾਂ ਦੀ ਸੋਚ ਰਹੀ ਹੈ। ਸਪੀਕਰ ਸਾਹਿਬ, ਦੋ ਵੱਡੇ ਧੋਖੇ, ਇੱਕ ਪੰਜਾਬ ਦੀ ਰੀਆਰਗੇਨਾਈਜ਼ੇਸ਼ਨ ਦਾ 1 ਨਵੰਬਰ, 1966 ਨੂੰ ਜਿੱਥੇ ਪੰਜਾਬ ਇੰਨਾ ਵੱਡਾ ਮਹਾਂਪੰਜਾਬ ਇੱਕ ਲੱਖ 22 ਹਜ਼ਾਰ ਸਕੁਏਰ ਕਿਲੋਮੀਟਰ ਦਾ ਪੰਜਾਬ, ਅਸੀਂ ਆਪਣੇ ਵਿੱਚੋਂ 60% ਕੱਢ ਕੇ

ਦੇ ਦਿੱਤਾ। ਪੰਜਾਬ ਡੇਅ ਮਨਾਉਂਦੇ ਹਾਂ, ਮੈਨੂੰ ਸਮਝ ਨਹੀਂ ਆਉਂਦੀ ਕਿ ਆਪਣੇ ਘਰ ਵੰਡ ਕੇ, ਉਸ ਦੇ ਟੋਟੇ ਕਰਕੇ 60% ਘਰ ਬਾਹਰ ਦੇ ਕੇ ਖੁਸ਼ੀਆਂ ਕੌਣ ਮਨਾਉਂਦਾ ਹੈ? ਸਾਡੇ ਵਾਲੇ ਇੱਥੇ ਭੰਗੜੇ ਪਾਉਂਦੇ ਹਨ, ਸਿਰਫ ਇਸ ਗੱਲ ਕਰਕੇ ਬਣਾਇਆ ਗਿਆ ਕਿ ਸਾਡੇ 2-4 ਪਰਿਵਾਰਾਂ ਵਿੱਚ ਪੰਜਾਬ ਦੇ ਰਾਜਭਾਗ ਰਹਿ ਗਏ। ਸਰ, 1 ਲੱਖ 22 ਹਜ਼ਾਰ ਸਕੁਏਰ ਕਿਲੋਮੀਟਰ ਤੋਂ ਘੱਟ ਕੇ ਅੱਜ 50 ਹਜ਼ਾਰ ਸਕੁਏਰ ਕਿਲੋਮੀਟਰ ਤੇ ਰਹਿ ਗਏ ਹਨ। ਹਰਿਆਣਾ ਦੀ ਗੱਲ ਤਾਂ ਸਾਰੇ ਹੀ ਕਰਦੇ ਹਨ। ਸਰ, 1966 ਤੋਂ ਪਹਿਲਾਂ ਹਿਮਾਚਲ ਪ੍ਰਦੇਸ਼ ਮਹਿਜ਼ 27 ਹਜ਼ਾਰ ਸਕੁਏਰ ਕਿਲੋਮੀਟਰ ਸੀ, ਅਸੀਂ ਆਪਣੇ ਵਿੱਚੋਂ 28 ਹਜ਼ਾਰ ਸਕੁਏਰ ਕਿਲੋਮੀਟਰ ਕੱਟ ਕੇ ਦੇ ਦਿੱਤਾ, ਉਹ ਸਾਰੇ ਦਾ ਸਾਰਾ ਏਰੀਆ, ਕੁੱਲੂ, ਲਾਹੌਲ ਸਪਿਤੀ, ਕਾਂਗੜਾ, ਸ਼ਿਮਲਾ, ਸਾਰਾ ਪੰਜਾਬ ਦਾ ਹਿੱਸਾ ਸੀ। ਨਾਲਾਗੜ੍ਹ ਦੀ ਤਹਿਸੀਲ, ਊਨਾ, ਧਾਰਕਲਾਂ, ਸਾਰਾ ਕੁਝ ਅਸੀਂ ਵੱਢ ਕੇ ਦੇ ਦਿੱਤਾ। ਇਹ ਵੱਢ ਕੇ ਦੇਣ ਮਗਰੋਂ ਪੰਜਾਬ ਛੋਟਾ ਰਹਿ ਗਿਆ ਅਤੇ ਹਿਮਾਚਲ ਪ੍ਰਦੇਸ਼ ਵੱਡਾ ਹੋ ਗਿਆ। ਸਾਡਾ ਜੀ.ਐਸ.ਡੀ.ਪੀ. ਮਹਿਜ਼ ਪੌਣੇ 10 ਲੱਖ ਕਰੋੜ ਹੈ ਅਤੇ ਹਰਿਆਣਾ 15 ਲੱਖ ਕਰੋੜ ਤੇ ਪਹੁੰਚ ਗਏ ਹਨ। ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਰੀਆਰਗੇਨਾਈਜ਼ੇਸ਼ਨ ਵਿੱਚ ਅਸੀਂ ਸਾਰੇ ਆਪਣੇ ਡੈਮ, ਪਾਣੀ, ਪਹਾੜ, ਨੇਚਰ, ਇਹ ਸਭ ਗਵਾ ਲਿਆ, ਸਾਰੇ ਦਾ ਸਾਰਾ ਹਰਿਆਣਾ ਦਾ ਪੋਰਸ਼ਨ ਗਵਾ ਲਿਆ, ਰੈਵੇਨਿਊ ਗਵਾ ਲਿਆ, ਇਹ ਸਭ ਤੋਂ ਵੱਡਾ ਧੋਖਾ ਸੀ। ਸਿਰਫ ਕੁਝ ਲੋਕਾਂ ਵੱਲੋਂ ਇਹ ਕੀਤਾ ਗਿਆ ਤਾਂ ਕਿ ਸਾਡੇ ਤੱਕ ਪੰਜਾਬ ਦਾ ਰਾਜਭਾਗ ਸੀਮਤ ਰਹਿ ਜਾਵੇ। ਪਹਿਲਾਂ ਜ਼ਮੀਨ ਗਵਾ ਲਈ। ਦੂਜਾ ਧੋਖਾ, 31.12.1981 ਵਿੱਚ ਜਿਹੜਾ ਟਰਾਇਪਾਰਟੀ ਦਾ ਐਗਰੀਮੈਂਟ ਹੋਇਆ ਹੈ। ਪਹਿਲਾਂ ਜ਼ਮੀਨ ਗਵਾ ਲਈ ਫਿਰ ਮੁੜ ਕੇ ਪਾਣੀ ਗਵਾ ਲਿਆ। ਸਰ, ਇਸ ਨਾਲੋਂ ਚੰਗਾ ਤਾਂ 1966 ਤੋਂ ਪਹਿਲਾਂ ਵਾਲਾ ਪੰਜਾਬ ਸੀ। ਅੱਜ ਜਿਵੇਂ ਸਾਰੇ ਸਾਥੀਆਂ ਨੇ ਗੱਲ ਕੀਤੀ ਹੈ, ਗੋਇਲ ਸਾਹਿਬ ਨੇ ਵੀ ਗੱਲ ਕੀਤੀ, ਮੈਂ ਦੁਬਾਰਾ ਰਿਪੀਟ ਨਹੀਂ ਕਰਾਂਗਾ। 1954 ਵਿੱਚ ਤਾਂ ਸਾਨੂੰ ਯਮੁਨਾ ਦਾ ਪਾਣੀ ਵੀ ਮਿਲਦਾ ਰਿਹਾ ਹੈ ਅਤੇ ਜਦੋਂ ਰੀਆਰਗੇਨਾਈਜ਼ੇਸ਼ਨ ਹੋਈ, ਉਹ ਵੀ ਪਰਾਂ ਹੋ ਗਿਆ। ਜਿਨ੍ਹਾਂ ਸਟੇਟਾਂ ਦਾ ਰਾਜਸਥਾਨ ਦਾ ਸਾਡੇ ਦਰਿਆਵਾਂ ਨਾਲ ਲੈਣਾ-ਦੇਣਾ ਕੋਈ ਨਹੀਂ ਸੀ, ਟਚ ਵੀ ਨਹੀਂ ਕਰਦੇ ਸੀ ਅਤੇ ਨਾ ਹੀ ਰਿਪੇਰੀਅਨ ਰਾਈਟਸ ਸੀ, ਉਹ ਵੀ ਪਾਣੀ ਉਨ੍ਹਾਂ ਨੂੰ ਦਿੰਦੇ ਰਹੇ। 1927 ਤੋਂ ਲੈ ਕੇ 1960 ਤੱਕ ਮਿਲਦਾ ਰਿਹਾ ਅਤੇ ਜਦੋਂ ਰੀਆਰਗੇਨਾਈਜ਼ੇਸ਼ਨ ਹੋਈ ਤਾਂ ਨਾਲ ਹੀ ਰਾਜਸਥਾਨ ਵਾਲੇ ਪਾਸਿਓਂ ਪੈਸੇ ਬੰਦ ਕਰ ਦਿੱਤੇ ਅਤੇ ਨਾਲ ਹੀ ਜਿਹੜਾ ਪਾਣੀ ਸੀ, ਉਹ ਰਾਜਸਥਾਨ ਅਤੇ ਹਰਿਆਣਾ ਨੂੰ ਦੇ ਦਿੱਤਾ ਗਿਆ। ਸੋ, ਮੇਰੇ ਕਹਿਣ ਦਾ ਮਤਲਬ ਕਿ ਵਾਰ ਵਾਰ ਮੈਂ ਬਹੁਤੀਆਂ ਡਿਟੇਲਜ਼ ਵਿੱਚ ਨਹੀਂ ਜਾਣਾ ਪਰ ਪੰਜਾਬ ਨਾਲ ਹਰ ਕਦਮ ਤੇ ਧੋਖਾ ਹੋਇਆ ਹੈ। ਹੁਣ ਸਾਨੂੰ ਇਹ ਕਹਿ ਦਿੰਦੇ ਹਨ ਕਿ ਸਾਡੇ ਪਾਣੀਆਂ ਉੱਪਰ ਸਾਡਾ ਹੱਕ ਨਹੀਂ ਹੈ, ਕਦੇ ਬੀ.ਬੀ.ਐਮ.ਬੀ. ਖੋਹਣ ਦੀਆਂ ਗੱਲਾਂ ਕਰਦੇ ਹਨ ਅਤੇ ਕਦੇ ਕੁਝ ਕਰਦੇ ਹਨ। 2001 ਵਿੱਚ ਯੂ.ਪੀ. ਤੋਂ ਨਿਕਲ ਦੇ ਉਤਰਾਂਚਲ ਬਣਿਆ ਤੇ ਜਿਹੜਾ ਅੱਪਰ ਯਮੁਨਾ ਰਿਵਰ ਬੋਰਡ ਹੈ, ਉਤਰਾਂਚਲ ਨੂੰ ਸੀਟ ਦੇਣ ਵਾਸਤੇ ਉਹ ਰੀਕੰਸਟੀਚਿਊਟ ਕੀਤਾ ਗਿਆ। ਇੱਥੋਂ ਸਾਡੀ ਮੇਨ ਬੇਸਿਕ ਪ੍ਰਾਇਮਰੀ ਸਟੇਟ ਹੋਵੇ, ਰਿਪੇਰੀਅਨ ਸਟੇਟ ਹੋਵੇ ਅਤੇ ਉਸ ਵਿੱਚੋਂ ਸਾਨੂੰ ਵੀ ਕਹਿ ਦਿੰਦੇ ਹਨ ਕਿ ਇਹ ਵੀ ਸਾਨੂੰ ਸਾਂਭਣ ਦਿਉ। ਇਸ ਤੋਂ ਵੱਡਾ ਧੋਖਾ ਹੋਰ ਕੀ ਹੋਵੇਗਾ। ਇਸ ਤੋਂ ਇਲਾਵਾ, 2014 ਵਿੱਚ ਆਂਧਰਾ ਪ੍ਰਦੇਸ਼ ਤੋਂ ਤਿਲੰਗਾਨਾ ਬਣਿਆ ਅਤੇ ਕ੍ਰਿਸ਼ਨਾ ਗੋਦਾਵਰੀ ਰਿਵਰ ਮੈਨੇਜਮੈਂਟ ਬੋਰਡ ਵਿੱਚੋਂ ਤਿਲੰਗਾਨਾ ਦੇ ਰਾਈਟਸ ਪ੍ਰੋਟੈਕਟ ਕਰਨ ਲਈ ਉਨ੍ਹਾਂ ਨੂੰ ਸੀਟ ਦਿੱਤੀ ਗਈ। ਇੱਥੋਂ ਸਾਡੇ ਰਿਪੇਰੀਅਨ ਸਟੇਟ, ਬੇਸਿਕ ਸਟੇਟ ਜਿਸ ਵਿੱਚੋਂ ਸਟੇਟਾਂ ਬਣੀਆਂ ਹਨ, ਉਸ ਵਿੱਚੋਂ ਵੀ ਖਤਮ ਕਰਨ ਲੱਗੇ ਹੋਏ ਹਨ। ਇਹ ਧੋਖਾ ਪੰਜਾਬ ਨਾਲ ਕਿਉਂ ਵਾਰ ਵਾਰ ਹੁੰਦਾ ਹੈ। ਦੂਜਾ ਮਤਾ ਗੋਇਲ ਸਾਹਿਬ ਹੈੱਡਵਰਕਜ਼ ਦਾ ਲੈ ਕੇ ਆਏ ਹਨ।

**1710/Manika Rani**

ਜਿਸ ਵਿੱਚ ਰੋਪੜ, ਫਿਰੋਜ਼ਪੁਰ ਅਤੇ ਹਰੀਕੇ ਹੈੱਡ ਵਰਕਸ ਸ਼ਾਮਿਲ ਹਨ। ਬਾਕੀ ਗੱਲਾਂ ਗੋਇਲ ਸਾਹਿਬ ਅਤੇ ਸਾਰੇ ਸਾਥੀਆਂ ਨੇ ਕਰ ਦਿੱਤੀਆਂ ਹਨ, ਮੈਂ ਰੀਪੀਟ ਨਹੀਂ ਕਰਨਾ ਚਾਹੁੰਦਾ ਹਾਂ ਪਰੰਤੂ ਇੱਕ ਇੰਪਾਰਟੈਂਟ ਫੈਕਟ ਇਹ ਹੈ ਕਿ ਸਾਲ 2010 ਵਿੱਚ ਗੌਰਮਿੰਟ ਆਫ ਇੰਡੀਆ ਲੋਕ ਸਭਾ ਵਿੱਚ ਕਹਿ ਰਹੀ ਹੈ ਕਿ ਇਨ੍ਹਾਂ ਹੈੱਡ ਵਰਕਸ ਦੇ ਉੱਤੇ ਪੰਜਾਬ ਦਾ ਕੰਟਰੋਲ ਹੈ, ਜਿਹੜਾ ਕਿ ਅੱਜ ਸਾਡੇ ਤੋਂ ਹੱਕ ਖੋਹਣ ਲੱਗੇ ਹੋਏ ਹਨ। ਡੈਮ ਸੇਫਟੀ ਐਕਟ ਦੀ ਗੱਲ ਕੀਤੀ ਗਈ ਹੈ। ਡੈਮ ਸੇਫਟੀ ਐਕਟ ਦੇ ਜ਼ਰੀਏ ਕੁਝ ਨਹੀਂ ਕਰਨਾ ਚਾਹੁੰਦੇ ਹਨ । ਸਿਰਫ ਤੇ ਸਿਰਫ ਪੰਜਾਬ ਦੇ ਪਾਣੀਆਂ ਉੱਤੇ ਡਾਕਾ ਮਾਰਨਾ ਚਾਹੁੰਦੇ ਹਨ ਅਤੇ ਪੰਜਾਬ ਦੇ ਪਾਣੀ ਉੱਤੇ ਕੰਟਰੋਲ ਕਰਨਾ ਚਾਹੁੰਦੇ ਹਨ। ਸੋ, ਬਹੁਤ ਵੱਡੇ ਧੋਖੇ ਹਨ, ਉਹ ਹੁਣ ਤੱਕ ਹੋ ਚੁੱਕੇ ਹਨ। ਇਸ ਤੋਂ ਇਲਾਵਾ ਯਮੁਨਾ ਦੇ ਪਾਣੀ ਦੀ ਰਾਇਲਟੀ ਦੀ ਗੱਲ ਕੀਤੀ ਗਈ ਹੈ, ਉਸ ਬਾਰੇ ਪਹਿਲਾਂ ਵੀ ਮਤਾ ਪਾਇਆ ਗਿਆ ਸੀ। ਸਪੀਕਰ ਸਾਹਿਬ, 1920 ਵਿੱਚ ਸ਼ਿਮਲਾ ਐਗਰੀਮੈਂਟ ਹੋਇਆ, ਜਿਹੜੀ ਕਿ ਮੈਂ ਗੱਲ ਕੀਤੀ ਸੀ ਕਿ ਸਾਲ 1927-1960 ਤੱਕ ਰਾਇਲਟੀ ਦੇ ਪੈਸੇ ਮਿਲਦੇ ਰਹੇ ਹਨ। ਜਦੋਂ ਹੁਸੈਨੀਵਾਲਾ ਹੈੱਡ ਵਰਕਸ ਤੋਂ ਪਾਣੀ ਜਾਂਦਾ ਸੀ ਤਾਂ ਉਸ ਸਮੇਂ ਸਾਢੇ ਛੇ ਰੁਪਏ ਪਰ ਏਕੜ ਔਰ ਪਰ ਯੀਅਰ ਮਿਲਦਾ ਰਿਹਾ ਹੈ। ਜਦੋਂ ਉਨ੍ਹਾਂ ਨੂੰ ਲੱਗਿਆ ਕਿ 1960 ਵਿੱਚ ਇਹ ਪੰਜਾਬ ਮੰਗਣ ਲੱਗੇ ਹਨ ਤਾਂ ਉਹ ਵੀ ਬੰਦ ਕਰ ਦਿੱਤਾ। 65 ਕਰੋੜ ਰੁਪਿਆ ਇਕੱਲੇ ਐਗਰੀਕਲਚਰ ਵਿੱਚੋਂ ਰਾਜਸਥਾਨ ਆਪਣੇ ਫਾਰਮਰਜ਼ ਤੋਂ ਚਾਰਜ ਕਰਦਾ ਹੈ, ਉਸੇ ਤਰੀਕੇ ਨਾਲ 1 ਲੱਖ 44 ਹਜ਼ਾਰ ਕਰੋੜ ਰੁਪਿਆ ਬਣ ਜਾਂਦਾ ਹੈ, ਜਿਹੜਾ ਕਿ ਨਾ ਪਾਣੀ, ਨਾ ਜ਼ਮੀਨ, ਨਾ ਪੈਸੇ ਔਰ ਪੰਜਾਬ ਨੂੰ ਇਸ ਤਰ੍ਹਾਂ ਸਮਝਦੇ ਹਨ ਕਿ ਜਿਵੇਂ ** ਦਾ ਹਿੱਸਾ ਹੋਵੇ। ਸਰ, ਇਸ ਤੋਂ ਇਲਾਵਾ ਜਿਹੜੀ ਗੱਲ ਮੈਂ ਪਹਿਲਾਂ ਕੀਤੀ ਸੀ ਕਿ ਰੀਸੋਰਸਿਸ ਤਾਂ ਜਿਹੜੇ ਗਏ, ਉਹ ਗਏ।

**ਮਾਣਯੋਗ ਸਪੀਕਰ**: ਗੁਆਂਢੀ ਦੇਸ਼ ਦਾ ਨਾਂ ਕੱਟ ਦਿੱਤਾ ਜਾਵੇ। ਚਲੋ ਜੀ, ਅੱਗੇ ਚੱਲੋ।

**ਸੁਚੱਜਾ ਪ੍ਰਸ਼ਾਸ਼ਨ ਅਤੇ ਸੂਚਨਾ ਤਕਨੀਕ ਮੰਤਰੀ**: ਸਰ, ਮੈਂ ਗੱਲ ਕਰ ਰਿਹਾ ਸੀ ਕਿ ਰੀਸੋਰਸਿਸ ਜਿਹੜੇ ਗਏ, ਉਹ ਗਏ ਪਰੰਤੂ ਹੁਣ ਗੱਲ ਇਹ ਹੈ ਕਿ ਲਾਣੇਦਾਰ ਘਰ ਨੂੰ ਕਿਵੇਂ ਸੰਭਾਲਦੇ ਹਨ। ਇਨ੍ਹਾਂ ਸਾਰੇ ਮਸਲਿਆਂ ਦੇ ਬਾਵਜੂਦ 14 ਹਜ਼ਾਰ ਕਿਲੋਮੀਟਰ ਅੰਡਰ ਗਰਾਊਂਡ ਪਾਈਪਾਂ ਪੰਜਾਬ ਵਿੱਚ ਪੈ ਗਈਆਂ। ਮੈਨੂੰ ਇਹ ਦੱਸੇ ਕੋਈ ਕਿ ਪਾਣੀ ਤਾਂ ਭਗਵੰਤ ਮਾਨ ਜੀ ਜਾਂ ਸਰਕਾਰ ਨੇ ਪੈਦਾ ਨਹੀਂ ਕੀਤਾ ਹੈ। ਇਹ ਤਾਂ ਨੈਚੂਰਲ ਰੀਸੋਰਸ ਸੀ, ਜਿਹੜਾ ਕਿ ਅਜਾਈਂ, ਬਿਨਾਂ ਕਿਸੇ ਨੋਟਿਸ ਦੇ ਗੁਆਂਢੀ ਸੂਬੇ ਨੂੰ ਜਾਈ ਜਾਂਦਾ ਸੀ ਅਤੇ ਪਿਛਲੀਆਂ ਸਰਕਾਰਾਂ ਅਤੇ ਇਹ ਲੋਕ ਪਾਣੀ ਦੇ ਨਾਂ ਤੇ ਪੰਜਾਬ ਦਾ ਖੂਨ ਵਹਾਈ ਗਏ, ਪੰਜਾਬ ਵਿੱਚ ਕਾਲਾ ਦੌਰ ਅੱਤਵਾਦ ਦਾ ਵੀ ਦੇਖ ਲਿਆ ਪਰੰਤੂ ਪਾਣੀ ਨੂੰ ਸੰਭਾਲ ਨਹੀਂ ਸਕੇ। ਹੁਣ ਉਹੀ ਪਾਣੀ ਜਿਹੜਾ ਬਾਹਰਲੇ ਸੂਬਿਆਂ ਵਿੱਚ ਜਾ ਰਿਹਾ ਸੀ, ਉਹ ਅਸੀਂ ਮੈਨੇਜ ਕਰ ਲਿਆ ਅਤੇ ਜਿਸ ਦੀ ਵਜ੍ਹਾ ਕਰਕੇ ਅੰਡਰ ਗਰਾਊਂਡ ਪਾਈਪਾਂ ਪਈਆਂ ਅਤੇ 153 ਬਲਾਕਾਂ ਵਿੱਚ ਪਾਣੀ ਉੱਪਰ ਆ ਗਿਆ ਹੈ, ਇਹ ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਰਿਪੋਰਟ ਹੈ ਕਿ ਪਾਣੀ ਉੱਪਰ ਆ ਚੁੱਕਿਆ ਹੈ। ਸੋ, ਸਾਰੀਆਂ ਚੀਜ਼ਾਂ ਨੂੰ ਸੰਭਾਲਣਾ ਆਉਣਾ ਚਾਹੀਦਾ ਹੈ ਅਤੇ ਜਿਹੜੀ ਸੋਚ ਹੈ, ਉਹ ਸਟੇਟਸਮੈਨ ਵਾਲੀ ਹੋਣੀ ਚਾਹੀਦੀ ਹੈ, ਫਿਰ ਸਾਰਾ ਕੁਝ ਹੋ ਸਕਦਾ ਹੈ। ਇਸ ਤੋਂ ਇਲਾਵਾ ਬਾਕੀ ਜਿਹੜੇ ਮਤੇ ਸਾਡੇ ਸਾਥੀਆਂ ਵੱਲੋਂ ਰੱਖੇ ਗਏ ਹਨ, ਮੈਂ ਉਨ੍ਹਾਂ ਦੀ ਪ੍ਰੋੜਤਾ ਕਰਦਾ ਹਾਂ। ਇਸ ਤੋਂ ਇਲਾਵਾ ਮੇਰੇ ਵੀਰ ਹਰਜੋਤ ਸਿੰਘ ਬੈਂਸ ਜੀ ਨੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਮਤਾ

ਲਿਆਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਹਰ ਫਿਰਕੇ, ਹਰ ਮਜ਼੍ਹਬ ਦੀਆਂ ਭਾਵਨਾਵਾਂ ਉਸ ਪਵਿੱਤਰ ਅਸਥਾਨ ਨਾਲ ਜੁੜੀਆਂ ਹੋਈਆਂ ਹਨ। ਬਾਬਾ ਨਾਨਕ ਜੀ ਨੇ ਆਪ 17 ਸਾਲ ਹੱਲ ਵਾਹਿਆ ਪਰ ਫਿਰ ਮੁੜਕੇ ਸਿੱਧੇ ਤੌਰ ਤੇ ਨੁਕਸਾਨ ਪੰਜਾਬ ਨੂੰ ਹੀ ਝੱਲਣਾ ਪੈਂਦਾ ਹੈ। ਅੱਜ ਤੋਂ ਸਵਾ ਸਾਲ ਪਹਿਲਾਂ ਸੈਂਟਰਲ ਗੌਰਮਿੰਟ ਦੇ failure ਕਰਕੇ ਪਹਿਲਗਾਮ ਦਾ ਵਾਕਿਆ ਹੁੰਦਾ ਹੈ ਅਤੇ ਅੱਤਵਾਦੀਆਂ ਵੱਲੋਂ 26 ਲੋਕ ਮਾਰ ਦਿੱਤੇ ਜਾਂਦੇ ਹਨ। Failure ਸੈਂਟਰਲ ਸਰਕਾਰ ਅਤੇ ਉਨ੍ਹਾਂ ਦੀ ਇੰਟੈਲੀਜੰਸ ਏਜੰਸੀ ਦਾ ਹੁੰਦਾ ਹੈ ਔਰ ਲਾਂਘਾ ਸਾਡਾ ਅਤੇ ਉਨ੍ਹਾਂ 26-27 ਪਰਿਵਾਰਾਂ ਦਾ ਬੰਦ ਹੋ ਗਿਆ। ਸਾਡਾ ਕੀ ਕਸੂਰ ਹੈ। ਸੋ, ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣਾ ਚਾਹੀਦਾ ਹੈ। ਇਸ ਤੋਂ ਇਲਾਵਾ ਜਿਹੜੀ ਚੀਮਾ ਸਾਹਿਬ ਨੇ ਗੱਲ ਕੀਤੀ ਹੈ। ਪਿਛਲੇ ਸਾਢੇ ਚਾਰ ਸਾਲਾਂ ਵਿੱਚ ਲੋਕ ਭਲਾਈ ਦੀਆਂ ਸਕੀਮਾਂ ਚਾਹੇ ਉਹ ਮਾਵਾਂ-ਧੀਆਂ ਸਤਿਕਾਰ ਯੋਜਨਾ ਹੋਵੇ, ਚਾਹੇ ਤਿੰਨ ਸੌ ਯੂਨਿਟ ਫਰੀ ਬਿਜਲੀ ਹਰ ਪਰਿਵਾਰ ਨੂੰ ਦੇਣ ਦੀ ਗੱਲ ਹੋਵੇ, ਚਾਹੇ ਟੋਲ ਪਲਾਜ਼ੇ ਫਰੀ ਕਰਨ ਦੀ ਗੱਲ ਹੋਵੇ, ਚਾਹੇ ਥਰਮਲ ਪਾਵਰ ਪਲਾਂਟ ਖਰੀਦਣ ਦੀ ਗੱਲ ਹੋਵੇ, ਚਾਹੇ ਦਸ ਲੱਖ ਰੁਪਏ ਤੱਕ ਦਾ ਸਿਹਤ ਬੀਮਾ ਕਾਰਡ ਯੋਜਨਾ ਹੋਵੇ, ਮੈਂ ਤਾਂ ਕਹਾਂਗਾ ਕਿ ਚੀਮਾ ਸਾਹਿਬ ਬੜੇ ਹਿੰਮਤੀ ਹਨ, ਜਿਨ੍ਹਾਂ ਨੇ ਅਜਿਹੇ ਹਾਲਾਤਾਂ ਵਿੱਚ ਫੰਡਜ਼ ਨੂੰ ਮੈਨੇਜ ਕਰਕੇ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਇਹ ਲੋਕ ਭਲਾਈ ਦੀਆਂ ਸਕੀਮਾਂ ਜਾਰੀ ਕਰਵਾਈਆਂ। ਦੇਖੋ, 2017 ਤੱਕ ਸਾਨੂੰ ਵੈਟ ਇਕੱਠਾ ਹੁੰਦਾ ਰਿਹਾ ਹੈ। ਪੰਜ ਸਾਲ ਕੰਪਨਸ਼ੇਸ਼ਨ ਦਾ ਹਰ ਸਾਲ 15-20 ਹਜ਼ਾਰ ਕਰੋੜ ਮਿਲਦਾ ਰਿਹਾ ਹੈ ਔਰ 2022 ਵਿੱਚ ਉਹ ਵੀ ਬੰਦ ਹੋ ਗਿਆ। ਦੇਖੋ, ਅਜਿਹੇ ਹਾਲਤਾਂ ਵਿੱਚ ਫੰਡਜ਼ ਅਤੇ ਬਜਟ ਨੂੰ ਮੈਨੇਜ ਕਰਨਾ ਔਰ ਲੋਕਾਂ ਨੂੰ ਇੰਨੀਆਂ ਸਕੀਮਾਂ ਦੇਣੀਆਂ, ਬਹੁਤ ਹੀ ਸ਼ਲਾਘਾਯੋਗ ਕਦਮ ਹੈ।

**1715/Gurpreet kaur**

ਸਰ, ਜਦੋਂ ਇਹ ਸਭ ਕੁਝ ਸੀ, ਚਾਹੇ ਵੈਟ ਸੀ ਜਾਂ 20-20 ਹਜਾਰ ਦਾ ਕੰਪਨਸੇਸ਼ਨ ਸੈਂਟਰ ਗੌਰਮਿੰਟ ਤੋਂ 2022 ਤੱਕ ਮਿਲਦਾ ਰਿਹਾ ਤਾਂ ਉਦੋਂ ਮਹਿਜ਼ ਕੈਪੀਟਲ ਐਕਸਪੈਂਡੀਚਰ 10 ਹਜਾਰ ਤੋਂ 12 ਹਜਾਰ ਕਰੋੜ ਤੱਕ ਹੁੰਦਾ ਸੀ। ਇਸ ਵਾਰ 55 ਹਜਾਰ ਕਰੋੜ ਦੇ ਕਰੀਬ ਕੈਪੀਟਲ ਐਕਸਪੈਂਡੀਚਰ ਯਾਨਿ ਕਿ ਸੋਮੇ ਪੰਜਾਬ ਦੇ ਹੋਰ ਕ੍ਰੀਏਟ ਕੀਤੇ ਜਾ ਸਕਦੇ ਹਨ। ਇਹ ਸਿਰਫ ਅਤੇ ਸਿਰਫ ਇਮਾਨਦਾਰ ਨੀਅਤ, ਨੀਤੀ ਅਤੇ ਮਨਸ਼ਾ ਨਾਲ ਹੋ ਸਕਦਾ ਹੈ। ਕਿਉਂਕਿ ਅੱਜ ਲਾਸਟ ਸੈਸ਼ਨ ਹੈ ਮੈਂ ਜਿੱਥੇ ਤੁਹਾਡਾ ਧੰਨਵਾਦ ਕਰਾਂਗਾ ਮੈਂ ਉੱਥੇ ਮਾਣਯੋਗ ਮੁੱਖ ਮੰਤਰੀ ਸਾਹਿਬ ਨੂੰ, ਚੀਮਾ ਸਾਹਿਬ ਨੂੰ, ਸਮੁੱਚੀ ਕੈਬਨਿਟ ਅਤੇ ਸਮੂਹ ਐਮ.ਐਲ.ਏ. ਸਾਹਬਾਨ ਨੂੰ ਮੁਬਾਰਕਬਾਦ ਵੀ ਦੇਵਾਂਗਾ ਕਿ ਬੜੀ ਸ਼ਿੱਦਤ ਨਾਲ ਲੋਕਾਂ ਦੇ ਮਸਲੇ ਸਰਕਾਰ ਤੱਕ ਪਹੁੰਚਾਏ ਅਤੇ ਸਰਕਾਰ ਦੇ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਇਆ। ਜਿਹੜੇ ਕਹਿੰਦੇ ਸਨ ਕਿ ਸਰਕਾਰ 06 ਮਹੀਨੇ ਨਹੀਂ ਚੱਲਣੀ ਜਾਂ ਦੋ ਸਾਲ ਨਹੀਂ ਚੱਲਣੀ, ਉਨ੍ਹਾਂ ਦੇ ਸਾਹਮਣੇ ਪੰਜ ਸਾਲ ਸ਼ਾਨਦਾਰ ਕਲਰਜ਼ ਦੇ ਨਾਲ ਸਰਕਾਰ ਚੱਲੀ। ਪ੍ਰਮਾਤਮਾ ਸੁੱਖ ਰੱਖੇ, ਇਸ ਸਾਫ ਨੀਅਤ ਨੂੰ ਦੁਬਾਰਾ ਫਿਰ ਸਾਲ 2027 ਵਿੱਚ ਭਾਗ ਪੰਜਾਬ ਦੇ ਲੋਕਾਂ ਵੱਲੋਂ ਲਗਾਏ ਜਾਣਗੇ ਅਤੇ ਤੁਹਾਨੂੰ ਵੀ ਵੱਡੀਆਂ ਜ਼ਿੰਮੇਵਾਰੀਆਂ ਮਿਲਣਗੀਆਂ। ਤੁਸੀਂ ਵੱਡੀ ਚੇਅਰ ਤੇ ਵੱਡੀ ਜ਼ਿੰਮੇਵਾਰੀਆਂ ਨਿਭਾ ਰਹੇ ਹੋ। ਤੁਹਾਨੂੰ ਵੱਡੀਆਂ ਜ਼ਿੰਮੇਵਾਰੀਆਂ ਮਿਲਣ। ਚੇਅਰਾਂ ਮੈਟਰ ਨਹੀਂ ਕਰਦੀਆਂ। ਨੀਅਤ ਮੈਟਰ ਕਰਦੀ ਹੈ। ਜਿਹੜੀ ਜ਼ਿੰਮੇਵਾਰੀ ਪ੍ਰਮਾਤਮਾ ਨੇ ਬਾਬੇ ਨਾਨਕ ਨੇ ਬਖਸ਼ੀ ਹੋਵੇ ਉਸ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਅਤੇ ਪੂਰੀ ਸ਼ਿੱਦਤ ਨਾਲ ਨਿਭਾਵੇ। ਇਹ ਸਭ ਕੁਝ ਮੈਟਰ ਕਰਦਾ ਹੈ। ਇੱਕ ਵਾਰ ਫਿਰ ਤੁਹਾਡਾ

ਧੰਨਵਾਦ। ਸਪੀਕਰ ਸਾਹਿਬ, ਤੁਸੀਂ ਇੱਥੇ ਨਹੀਂ ਸਨ। ਮੈਂ ਪਹਿਲਾਂ ਵੀ ਕਹਿ ਚੁੱਕਿਆ ਹਾਂ ਕਿ ਤੁਸੀਂ ਬਹੁਤ ਦਰਿਆਦਿਲੀ ਨਾਲ ਬਹੁਤ ਗ੍ਰੇਸਫੁਲੀ ਸਾਰਿਆਂ ਤੋਂ ਗੁਸਤਾਖੀ ਮੰਨ ਕੇ ਜੇਕਰ ਕਿਸੇ ਨੂੰ ਟਾਈਮ ਨਾ ਦਿੱਤਾ ਹੋਵੇ ਜਾਂ ਕਿਸੇ ਨੂੰ ਸਖਤ ਸ਼ਬਦ ਬੋਲੇ ਹੋਣ। ਤੁਸੀਂ ਅਜਿਹੀ ਚੇਅਰ ਤੇ ਬੈਠੇ ਹੋ ਜਿੱਥੇ ਸਖਤ ਸ਼ਬਦ ਬੋਲਣਾ ਤੁਹਾਡਾ ਹੱਕ ਹੈ ਕਿਉਂਕਿ ਤੁਸੀਂ ਹਾਊਸ ਚਲਾਉਣਾ ਹੈ। ਕਈ ਵਾਰ ਇਨ੍ਹਾਂ ਵੱਲੋਂ ਅਜਿਹਾ ਮਾਹੌਲ ਵੀ ਕ੍ਰੀਏਟ ਕਰ ਦਿੱਤਾ ਜਾਂਦਾ ਸੀ (ਆਪੋਜ਼ੀਸ਼ਨ ਵੱਲ ਇਸ਼ਾਰਾ) ਮੈਂ ਇੱਕ ਵਾਰ ਫਿਰ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਬਹੁਤ ਸੋਹਣੇ ਤਰੀਕੇ ਨਾਲ ਪੰਜ ਸਾਲ ਸੈਸ਼ਨ ਚਲਾਇਆ ਹੈ। ਸਭ ਨੂੰ ਬੋਲਣ ਦਾ ਮੌਕਾ ਵੀ ਮਿਲਿਆ ਹੈ। ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਸਾਰਿਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਬਹੁਤ ਧੰਨਵਾਦ। ਜਿਹੜੇ ਇਹ ਪਾਣੀਆਂ ਨਾਲ ਸਬੰਧਤ ਪੰਜ ਰੈਜ਼ੋਲਿਊਸ਼ਨ ਲਿਆਂਦੇ ਗਏ ਹਨ। ਇਨ੍ਹਾਂ ਲੋਕਾਂ ਦੀਆਂ ਮਾੜੀਆਂ ਨੀਤਾਂ ਨੇ ਪੰਜਾਬ ਨੂੰ ਪਾਣੀਆਂ ਦੇ ਮਾਲਕ ਤੋਂ ਮੰਗਤੇ ਬਣਾ ਕੇ ਰੱਖ ਦਿੱਤਾ। ਸਾਨੂੰ ਹਰ ਵਾਰੀ ਇਹੀ ਗੱਲ ਕੇਂਦਰ ਸਰਕਾਰ ਨਾਲ ਕਰਨੀ ਪੈਂਦੀ ਹੈ। ਅਸੀਂ ਆਪਣਾ ਹੱਕ ਪੂਰੇ ਡਾਂਗ ਦੇ ਜ਼ੋਰ ਤੇ ਪੰਜਾਬ ਲੈ ਕੇ ਰਹੇਗਾ। ਇਸ ਗੱਲ ਲਈ ਇਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ। ਸੋ, ਸੱਤ ਹੀ ਮਤਿਆਂ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਇਹ ਸਾਰੇ ਮਤੇ ਪੰਜਾਬ ਦੇ ਹੱਕ ਦੇ ਹਨ। ਤੁਹਾਡਾ ਸਭ ਦਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ**: ਤੁਹਾਡਾ ਸਭ ਦਾ ਬਹੁਤ-ਬਹੁਤ ਧੰਨਵਾਦ। ਇਹ ਸਚਮੁੱਚ ਬਹੁਤ ਇਤਿਹਾਸਿਕ ਦਿਨ ਹੈ ਜਿਸ ਦਿਨ ਪਾਣੀਆਂ ਬਾਰੇ ਬੜੇ ਮਹੱਤਵਪੂਰਣ ਫੈਸਲੇ ਲਏ ਗਏ। ਹੁਣ ਮੈਂ ਸਰਕਾਰੀ ਮਤੇ ਵਾਰੀ ਵਾਰੀ ਸਦਨ ਦੀ ਵੋਟਿੰਗ ਲਈ ਰੱਖਦਾ ਹਾਂ।

## RESOLUTION No. 1 REGARDING THE PROTECTION AND CONTINUATION OF PUBLIC WELFARE SCHEMES AND FINANCIAL ASSISTANCE FOR THE PEOPLE OF PUNJAB

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਇਹ ਸਦਨ ਪੁਸ਼ਟੀ ਕਰਦਾ ਹੈ ਕਿ ਪੰਜਾਬ ਦੇ ਸ੍ਰੋਤ ਇੱਥੋਂ ਦੇ ਲੋਕਾਂ ਦੇ ਹਨ। ਇੱਕ ਚੁਣੀ ਹੋਈ ਸਰਕਾਰ ਦੀ ਸਭ ਤੋਂ ਪਹਿਲੀ ਜ਼ਿੰਮੇਵਾਰੀ ਇਹ ਹੁੰਦੀ ਹੈ ਕਿ ਉਹ ਇਹਨਾਂ ਸ੍ਰੋਤਾਂ ਦੀ ਵਰਤੋਂ ਮਿਆਰੀ ਸਿਹਤ ਸੇਵਾਵਾਂ, ਵਿੱਤੀ ਸੁਰੱਖਿਆ ਅਤੇ ਜ਼ਰੂਰੀ ਘਰੇਲੂ ਖ਼ਰਚਿਆਂ ਤੋਂ ਰਾਹਤ ਰਾਹੀਂ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਕਰੇ।

ਆਪਣੇ ਘਰ ਦਾ ਪ੍ਰਬੰਧ ਚਲਾਉਣ ਵਾਲੀ ਮਾਂ, ਆਪਣੀ ਜ਼ਮੀਨ 'ਤੇ ਖੇਤੀ ਕਰਨ ਵਾਲ਼ੇ ਕਿਸਾਨ ਜਾਂ ਕਿਸੇ ਡਾਕਟਰੀ ਐਮਰਜੈਂਸੀ ਦਾ ਸਾਹਮਣਾ ਕਰ ਰਹੇ ਪਰਿਵਾਰ ਲਈ, ਇਹਨਾਂ ਵਚਨਬੱਧਤਾਵਾਂ ਦਾ ਸਿੱਧਾ ਅਰਥ ਹੈ: ਕੀ ਰੋਜ਼ਾਨਾ ਦੀਆਂ ਲੋੜਾਂ ਲਈ ਲੋੜੀਂਦੇ ਪੈਸੇ ਹਨ, ਕੀ ਇਲਾਜ ਦਾ ਖ਼ਰਚਾ ਚੁੱਕਿਆ ਜਾ ਸਕਦਾ ਹੈ ਅਤੇ ਕੀ ਪਰਿਵਾਰ ਮਾਣ-ਸਨਮਾਨ ਨਾਲ਼ ਜੀਅ ਸਕਦਾ ਹੈ। ਇਸ ਲਈ, ਇਹ ਸਦਨ, ਲੋਕ ਭਲਾਈ ਉੱਤੇ ਹੋਣ ਵਾਲ਼ੇ ਖ਼ਰਚਿਆਂ ਨੂੰ ਪੈਸੇ ਦੀ ਬਰਬਾਦੀ ਕਹਿ ਕੇ ਖਾਰਜ ਕਰਨ ਨੂੰ ਰੱਦ ਕਰਦਾ ਹੈ।

ਇਸੇ ਸਿਧਾਂਤ ਤੋਂ ਸੇਧ ਲੈਂਦਿਆਂ ਪੰਜਾਬ ਸਰਕਾਰ ਨੇ ਅਜਿਹੇ ਉਪਾਅ ਸ਼ੁਰੂ ਕੀਤੇ ਅਤੇ ਮਜ਼ਬੂਤ ਕੀਤੇ ਹਨ ਜੋ ਸੂਬੇ ਭਰ ਦੇ ਪਰਿਵਾਰਾਂ ਨੂੰ ਵੱਡੀ ਰਾਹਤ ਪ੍ਰਦਾਨ ਕਰਦੇ ਹਨ।

'ਮੁੱਖ ਮੰਤਰੀ ਮਾਂਵਾਂ-ਧੀਆਂ ਸਤਿਕਾਰ ਯੋਜਨਾ' ਦੇ ਤਹਿਤ ਯੋਗ ਔਰਤਾਂ ਨੂੰ ਹਰ ਮਹੀਨੇ ₹1,000 ਮਿਲ਼ਦੇ ਹਨ, ਜਦੋਂ ਕਿ ਯੋਗ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ ₹1,500 ਮਿਲ਼ਦੇ ਹਨ। ਇਸ ਸਕੀਮ ਅਧੀਨ 80 ਲੱਖ ਤੋਂ ਵੱਧ ਮਾਂਵਾਂ ਅਤੇ ਧੀਆਂ ਰਜਿਸਟ੍ਰਡ ਹਨ। ਇਹ ਸਹਾਇਤਾ ਔਰਤਾਂ ਦੇ ਯੋਗਦਾਨ ਨੂੰ ਮਾਨਤਾ ਦਿੰਦੀ ਹੈ ਅਤੇ ਉਹਨਾਂ ਦੀ ਵਿੱਤੀ ਸੁਤੰਤਰਤਾ ਨੂੰ ਮਜ਼ਬੂਤ ਕਰਦੀ ਹੈ।

ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਦੀ ਸਹੂਲਤ ਨਾਲ਼ ਪੰਜਾਬ ਦੇ 90% ਤੋਂ ਵੱਧ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਹੋ ਗਏ ਹਨ। ਖੇਤੀਬਾੜੀ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਲੱਖਾਂ ਕਿਸਾਨ ਪਰਿਵਾਰਾਂ ਨੂੰ ਸਹਾਰਾ ਦਿੰਦੀ ਹੈ।

'ਮੁੱਖ ਮੰਤਰੀ ਸਿਹਤ ਯੋਜਨਾ' ਪ੍ਰਤੀ ਪਰਿਵਾਰ ₹10 ਲੱਖ ਦਾ ਸਲਾਨਾ ਇਲਾਜ ਕਵਰ ਪ੍ਰਦਾਨ ਕਰਦੀ ਹੈ। 1,244 ਆਮ ਆਦਮੀ ਕਲੀਨਿਕਾਂ ਵਿੱਚ ਦੋ ਕਰੋੜ ਤੋਂ ਵੱਧ ਮਰੀਜ਼ਾਂ ਦਾ ਨਿਯਮਿਤ ਤੌਰ ’ਤੇ ਇਲਾਜ ਹੁੰਦਾ ਹੈ, ਜਿਸ ਨਾਲ਼ ਸਿਹਤ ਸੰਭਾਲ਼ ਦੇ ਖ਼ਰਚਿਆਂ ਦਾ ਬੋਝ ਘਟਿਆ ਹੈ।

ਔਰਤਾਂ ਸਰਕਾਰੀ ਬੱਸਾਂ ਵਿੱਚ ਹਰ ਮਹੀਨੇ ਇੱਕ ਕਰੋੜ ਤੋਂ ਵੱਧ ਮੁਫ਼ਤ ਸਫ਼ਰ ਕਰਦੀਆਂ ਹਨ। 'ਮੇਰੀ ਰਸੋਈ ਯੋਜਨਾ' ਦੇ ਤਹਿਤ, 40 ਲੱਖ ਪਰਿਵਾਰਾਂ ਨੂੰ ਹਰ ਤਿਮਾਹੀ ਵਿੱਚ ਜ਼ਰੂਰੀ ਖ਼ੁਰਾਕੀ ਵਸਤਾਂ ਮੁਫ਼ਤ ਮਿਲ਼ਦੀਆਂ ਹਨ। ₹1,500 ਪ੍ਰਤੀ ਮਹੀਨਾ ਦੀਆਂ ਸਮਾਜਿਕ ਸੁਰੱਖਿਆ ਪੈਨਸ਼ਨਾਂ 30 ਲੱਖ ਬਜ਼ੁਰਗਾਂ, ਵਿਧਵਾਵਾਂ, ਬੇਸਹਾਰਾ ਵਿਅਕਤੀਆਂ ਅਤੇ ਦਿਵਿਆਂਗ ਵਿਅਕਤੀਆਂ ਨੂੰ ਸਹਾਰਾ ਦਿੰਦੀਆਂ ਹਨ। 'ਆਸ਼ੀਰਵਾਦ ਸਕੀਮ' ਯੋਗ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਲਈ ₹51,000 ਪ੍ਰਦਾਨ ਕਰਦੀ ਹੈ। 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦੇ ਤਹਿਤ ਲਗਭਗ ਸੱਤ ਲੱਖ ਬਜ਼ੁਰਗ ਨਾਗਰਿਕ ਮੁਫ਼ਤ ਤੀਰਥ ਯਾਤਰਾਵਾਂ ਕਰ ਚੁੱਕੇ ਹਨ।

ਇਹਨਾਂ ਲਾਭਾਂ ਦਾ ਖ਼ਰਚਾ ਜਨਤਕ ਸ੍ਰੋਤਾਂ ਤੋਂ ਕੀਤਾ ਜਾਂਦਾ ਹੈ ਅਤੇ ਇਹਨਾਂ ਨੂੰ ਲੋਕਤੰਤਰੀ ਸੰਸਥਾਵਾਂ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ। ਹਰ ਯੋਗ ਨਾਗਰਿਕ ਬਿਨਾਂ ਕਿਸੇ ਵਿਤਕਰੇ ਜਾਂ ਸਿਆਸੀ ਸਰਪ੍ਰਸਤੀ ਉੱਤੇ ਨਿਰਭਰਤਾ ਦੇ, ਸਨਮਾਨ ਨਾਲ਼ ਇਹਨਾਂ ਨੂੰ ਪ੍ਰਾਪਤ ਕਰਨ ਦਾ ਹੱਕਦਾਰ ਹੈ।

ਇਹ ਸਦਨ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਉਹਨਾਂ ਜਨਤਕ ਬਿਆਨਾਂ ਉੱਤੇ ਗੰਭੀਰ ਚਿੰਤਾ ਪ੍ਰਗਟ ਕਰਦਾ ਹੈ, ਜਿਨ੍ਹਾਂ ਵਿੱਚ ਖੁੱਲ੍ਹੇਆਮ ਕਿਹਾ ਗਿਆ ਹੈ ਕਿ ਪੰਜਾਬ ਦੇ ਲੋਕਾਂ ਲਈ ਸਾਰੀਆਂ ਸਕੀਮਾਂ ਅਤੇ ਵਿੱਤੀ ਸਹਾਇਤਾ ਬੰਦ ਕਰ ਦਿੱਤੀ ਜਾਵੇਗੀ। ਇਹ ਸਦਨ ਉਹਨਾਂ ਟਿੱਪਣੀਆਂ ਦੀ ਵੀ ਨਿਖੇਧੀ ਕਰਦਾ ਹੈ ਜੋ ਇਹ ਸਹਾਇਤਾ ਪ੍ਰਾਪਤ ਕਰਨ ਵਾਲ਼ੀਆਂ ਔਰਤਾਂ ਨੂੰ ਨੀਵਾਂ ਦਿਖਾਉਂਦੀਆਂ ਹਨ ।

ਇਹ ਲਾਭ ਵਾਪਸ ਲੈਣ ਨਾਲ਼ ਪਰਿਵਾਰਾਂ ਕੋਲ਼ ਭੋਜਨ, ਸਿੱਖਿਆ, ਸਿਹਤ ਸੰਭਾਲ਼ ਅਤੇ ਹੋਰ ਲੋੜਾਂ ਲਈ ਉਪਲਬਧ ਪੈਸੇ ਸਿੱਧੇ ਤੌਰ 'ਤੇ ਘਟ ਜਾਣਗੇ। ਇਹਨਾਂ ਨੂੰ ਵਾਪਸ ਲੈਣ ਦੀ ਤਜਵੀਜ਼ ਰੱਖਣ ਵਾਲ਼ਿਆਂ ਨੂੰ ਇਹ ਜ਼ਰੂਰ ਦੱਸਣਾ

ਚਾਹੀਦਾ ਹੈ ਕਿ ਇੱਕ ਮਾਂ ਆਪਣੀ ਮਹੀਨਾਵਾਰ ਸਹਾਇਤਾ ਕਿਉਂ ਗੁਆਵੇ ਅਤੇ ਇੱਕ ਘਰ ਨੂੰ ਦੁਬਾਰਾ ਉਹ ਬਿਜਲੀ ਖ਼ਰਚਾ ਕਿਉਂ ਝੱਲਣਾ ਪਵੇ ਜਿਸ ਤੋਂ ਉਸ ਨੂੰ 2022 ਤੋਂ ਰਾਹਤ ਮਿਲ਼ੀ ਹੋਈ ਹੈ।

ਇਹ ਸਦਨ ਇਸ ਸੁਝਾਅ ਨੂੰ ਰੱਦ ਕਰਦਾ ਹੈ ਕਿ ਜਨਤਕ ਸਹਾਇਤਾ ਕਿਸੇ ਨਾਗਰਿਕ ਦੇ ਸਵੈ-ਮਾਣ ਨੂੰ ਘਟਾਉਂਦੀ ਹੈ। ਔਰਤਾਂ ਦੀ ਮਿਹਨਤ, ਕਿਸਾਨਾਂ ਦਾ ਯੋਗਦਾਨ ਅਤੇ ਬਜ਼ੁਰਗ ਨਾਗਰਿਕਾਂ ਦੀ ਜੀਵਨ ਭਰ ਦੀ ਸੇਵਾ ਅਜਿਹੀਆਂ ਨੀਤੀਆਂ ਰਾਹੀਂ ਮਾਨਤਾ ਦੇ ਹੱਕਦਾਰ ਹਨ ਜੋ ਉਹਨਾਂ ਦੀ ਸੁਰੱਖਿਆ ਅਤੇ ਸੁਤੰਤਰਤਾ ਨੂੰ ਮਜ਼ਬੂਤ ਕਰਨ।

ਇਹ ਸਦਨ ਸਿੱਧੀ ਜਨਤਕ ਸਹਾਇਤਾ ਦੇ ਉਪਾਵਾਂ ਪ੍ਰਤੀ ਭਾਰਤੀ ਜਨਤਾ ਪਾਰਟੀ ਦੇ ਵਿਰੋਧ ਉੱਤੇ ਵੀ ਚਿੰਤਾ ਪ੍ਰਗਟ ਕਰਦਾ ਹੈ। ਇਹ ਸਦਨ ਹਰ ਸਿਆਸੀ ਪਾਰਟੀ ਨੂੰ ਸੱਦਾ ਦਿੰਦਾ ਹੈ ਕਿ ਉਹ ਸਾਫ਼ ਤੌਰ 'ਤੇ ਦੱਸੇ ਕਿ ਕੀ ਉਹ ਇਹਨਾਂ ਹੱਕਾਂ ਨੂੰ ਜਾਰੀ ਰੱਖਣ ਦਾ ਸਮਰਥਨ ਕਰਦੀ ਹੈ। ਪੰਜਾਬ ਦੇ ਲੋਕ ਇੱਕ ਸਪਸ਼ਟ ਜਵਾਬ ਦੇ ਹੱਕਦਾਰ ਹਨ।

ਇਸ ਲਈ, ਇਹ ਸਦਨ ਮਤਾ ਪਾਸ ਕਰਦਾ ਹੈ ਅਤੇ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ-

7. ਮੁੱਖ ਮੰਤਰੀ ਮਾਂਵਾਂ-ਧੀਆਂ ਸਤਿਕਾਰ ਯੋਜਨਾ, ਹਰ ਮਹੀਨੇ 300 ਯੂਨਿਟ ਤੱਕ ਮੁਫ਼ਤ ਘਰੇਲੂ ਬਿਜਲੀ, ਖੇਤੀਬਾੜੀ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ, ਮੁੱਖ ਮੰਤਰੀ ਸਿਹਤ ਯੋਜਨਾ, ਆਮ ਆਦਮੀ ਕਲੀਨਿਕ, ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ, ਔਰਤਾਂ ਲਈ ਮੁਫ਼ਤ ਬੱਸ ਸਫ਼ਰ, ਮੇਰੀ ਰਸੋਈ ਯੋਜਨਾ, ਸਮਾਜਿਕ ਸੁਰੱਖਿਆ ਪੈਨਸ਼ਨਾਂ, ਆਸ਼ੀਰਵਾਦ ਸਕੀਮ ਅਤੇ ਲੋਕ ਭਲਾਈ ਲਈ ਸ਼ੁਰੂ ਕੀਤੀਆਂ ਗਈਆਂ ਹੋਰ ਸਾਰੀਆਂ ਅਜਿਹੀਆਂ ਸਕੀਮਾਂ ਅਤੇ ਵਿੱਤੀ ਸਹਾਇਤਾ ਜਾਰੀ ਰਹਿਣਗੀਆਂ ਅਤੇ ਸਾਰੇ ਯੋਗ ਲਾਭਪਾਤਰੀਆਂ ਦੇ ਲਾਭ ਸੁਰੱਖਿਅਤ ਰੱਖੇ ਜਾਣਗੇ।
8. ਪੰਜਾਬ ਸਰਕਾਰ ਹਰ ਸਲਾਨਾ ਬਜਟ ਵਿੱਚ ਇਹਨਾਂ ਸਕੀਮਾਂ ਲਈ ਢੁਕਵਾਂ ਪ੍ਰਬੰਧ ਕਰੇਗੀ ਅਤੇ ਸਮੇਂ ਸਿਰ ਫੰਡ ਜਾਰੀ ਕਰਨਾ ਅਤੇ ਲਾਭ ਪਹੁੰਚਾਉਣਾ ਯਕੀਨੀ ਬਣਾਏਗੀ।
9. ਇਹ ਸਦਨ ਇੰਡੀਅਨ ਨੈਸ਼ਨਲ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਲਾਭ ਪ੍ਰਾਪਤ ਕਰ ਰਹੇ ਨਾਗਰਿਕਾਂ ਨੂੰ ਨੀਵਾਂ ਦਿਖਾਉਣ ਵਾਲ਼ੇ ਬਿਆਨਾਂ ਦੀ ਨਿਖੇਧੀ ਕਰਦਾ ਹੈ ਅਤੇ ਨਾਗਰਿਕਾਂ ਤੋਂ ਵਿੱਤੀ ਸਹਾਇਤਾ ਵਾਪਸ ਲੈਣ ਦੀਆਂ ਉਹਨਾਂ ਦੀਆਂ ਧਮਕੀਆਂ ਨੂੰ ਰੱਦ ਕਰਦਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

---------

**RESOLUTION No. 2 REGARDING THE REOPENING AND UNINTERRUPTED OPERATION OF THE SRI KARTARPUR SAHIB CORRIDOR FOR PILGRIMS**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

"ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ ਸ੍ਰੀ ਕਰਤਾਰਪੁਰ ਸਾਹਿਬ ਸਮੁੱਚੀ ਸਿੱਖ ਸੰਗਤ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਵਿੱਚ ਵਿਸ਼ਵਾਸ ਰੱਖਣ ਵਾਲੀ ਸਮੁੱਚੀ ਮਨੁੱਖਤਾ ਲਈ ਅਗਾਧ ਆਸਥਾ, ਸ਼ਰਧਾ ਅਤੇ ਅਧਿਆਤਮਿਕ ਮਹੱਤਵ ਦਾ ਕੇਂਦਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਜੀਵਨ ਮਨੁੱਖਤਾ ਨੂੰ ਸਰਬਸਾਂਝੀਵਾਲਤਾ, ਬਰਾਬਰੀ, ਸੇਵਾ, ਦਇਆ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦੇਣ ਲਈ ਸਮਰਪਿਤ ਕੀਤਾ। ਸ੍ਰੀ ਕਰਤਾਰਪੁਰ ਸਾਹਿਬ ਉਹ ਪਵਿੱਤਰ ਅਸਥਾਨ ਹੈ, ਜਿੱਥੇ ਗੁਰੂ ਸਾਹਿਬ ਨੇ ਆਪਣੇ ਜੀਵਨ ਦੇ ਅਹਿਮ ਵਰ੍ਹੇ ਬਿਤਾਏ ਅਤੇ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਸਿਧਾਂਤਾਂ ਰਾਹੀਂ ਸਮੁੱਚੀ ਮਨੁੱਖਤਾ ਨੂੰ ਜੀਵਨ ਜਿਊਣ ਦੀ ਸੇਧ ਦਿੱਤੀ।

ਇਹ ਸਦਨ ਮਹਿਸੂਸ ਕਰਦਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਸਿਰਫ਼ ਦੋ ਦੇਸ਼ਾਂ ਨੂੰ ਜੋੜਨ ਵਾਲਾ ਰਸਤਾ ਨਹੀਂ, ਸਗੋਂ ਇਹ ਸਿੱਖ ਸੰਗਤ ਦੀ ਆਸਥਾ, ਗੁਰੂ ਸਾਹਿਬ ਨਾਲ ਅਟੁੱਟ ਸਾਂਝ ਅਤੇ 1947 ਦੀ ਵੰਡ ਦੌਰਾਨ ਵਿਛੜੇ ਗੁਰਧਾਮਾਂ ਨਾਲ ਜੁੜੀਆਂ ਭਾਵਨਾਵਾਂ ਦਾ ਪ੍ਰਤੀਕ ਹੈ। ਦੇਸ਼ਾਂ ਦੀ ਵੰਡ ਨੇ ਪੰਜਾਬ ਦੀ ਧਰਤੀ, ਇੱਥੋਂ ਦੇ ਲੋਕਾਂ ਅਤੇ ਧਾਰਮਿਕ ਵਿਰਸੇ ਨੂੰ ਡੂੰਘੇ ਜ਼ਖਮ ਦਿੱਤੇ। ਸਰਹੱਦ ਦੇ ਦੂਜੇ ਪਾਸੇ ਰਹਿ ਗਏ ਗੁਰਧਾਮਾਂ ਦੇ ਦਰਸ਼ਨ ਕਰਨ ਦੀ ਤਾਂਘ ਅੱਜ ਵੀ ਲੱਖਾਂ ਸ਼ਰਧਾਲੂਆਂ ਦੇ ਹਿਰਦਿਆਂ ਵਿੱਚ ਵਸੀ ਹੋਈ ਹੈ।

ਇਹ ਸਦਨ ਇਸ ਗੱਲ ਨੂੰ ਵੀ ਮਹੱਤਵਪੂਰਨ ਮੰਨਦਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘੇ ਦੀ ਸਹੂਲਤ ਨੇ ਭਾਰਤ ਅਤੇ ਪਾਕਿਸਤਾਨ ਸਮੇਤ ਦੁਨੀਆ ਭਰ ਵਿੱਚ ਵੱਸਦੇ ਸਿੱਖਾਂ ਅਤੇ ਹੋਰ ਸ਼ਰਧਾਲੂਆਂ ਨੂੰ ਗੁਰੂ ਸਾਹਿਬ ਦੀ ਪਵਿੱਤਰ ਧਰਤੀ ਦੇ ਦਰਸ਼ਨ ਕਰਨ ਦਾ ਮੌਕਾ ਪ੍ਰਦਾਨ ਕੀਤਾ। ਪਰੰਤੂ ਲਾਂਘੇ ਦੀ ਆਵਾਜਾਈ ਵਿੱਚ ਰੁਕਾਵਟਾਂ ਕਾਰਨ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਅਤੇ ਗੁਰਧਾਮ ਦੇ ਦਰਸ਼ਨਾਂ ਦੀ ਤਾਂਘ ਪ੍ਰਭਾਵਿਤ ਹੁੰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਕਿਸੇ ਇੱਕ ਧਰਮ, ਕੌਮ ਜਾਂ ਦੇਸ਼ ਤੱਕ ਸੀਮਤ ਨਹੀਂ ਹੈ। ਉਨ੍ਹਾਂ ਦੀ ਬਾਣੀ ਸਮੁੱਚੀ ਮਨੁੱਖਤਾ ਨੂੰ ਆਪਸੀ ਪਿਆਰ, ਸਾਂਝ, ਸਹਿਣਸ਼ੀਲਤਾ ਅਤੇ ਸ਼ਾਂਤੀ ਦਾ ਮਾਰਗ ਦਿਖਾਉਂਦੀ ਹੈ। ਇਸ ਲਈ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਾ ਰਹਿਣਾ ਧਾਰਮਿਕ ਆਜ਼ਾਦੀ, ਮਨੁੱਖੀ ਸਾਂਝ ਅਤੇ ਪੰਜਾਬ ਦੀ ਸਾਂਝੀ ਵਿਰਾਸਤ ਦੇ ਸਤਿਕਾਰ ਨਾਲ ਜੁੜਿਆ ਹੋਇਆ ਮਾਮਲਾ ਹੈ।

ਇਸ ਲਈ, ਇਹ ਸਦਨ ਭਾਰਤ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦਾ ਹੈ ਕਿ:

1. ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਸ਼ਰਧਾਲੂਆਂ ਲਈ ਨਿਰਵਿਘਨ ਅਤੇ ਨਿਯਮਤ ਤੌਰ 'ਤੇ ਖੁੱਲ੍ਹਾ ਰੱਖਣ ਅਤੇ ਜਿੱਥੇ ਲੋੜ ਹੋਵੇ, ਇਸ ਨੂੰ ਮੁੜ ਚਾਲੂ ਕਰਨ ਲਈ ਤੁਰੰਤ ਲੋੜੀਂਦੇ ਕਦਮ ਚੁੱਕੇ ਜਾਣ।

2. ਪਾਕਿਸਤਾਨ ਸਰਕਾਰ ਨਾਲ ਕੂਟਨੀਤਕ ਪੱਧਰ 'ਤੇ ਗੱਲਬਾਤ ਕਰਕੇ ਲਾਂਘੇ ਰਾਹੀਂ ਸ਼ਰਧਾਲੂਆਂ ਦੀ ਸੁਰੱਖਿਅਤ, ਸੁਖਾਲੀ ਅਤੇ ਨਿਰਵਿਘਨ ਆਵਾਜਾਈ ਯਕੀਨੀ ਬਣਾਈ ਜਾਵੇ।

3. ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਗੂ ਪ੍ਰਕਿਰਿਆਵਾਂ ਨੂੰ ਸ਼ਰਧਾਲੂਆਂ ਦੀ ਸਹੂਲਤ ਅਨੁਸਾਰ ਸਰਲ ਬਣਾਉਣ ਅਤੇ ਵੱਧ ਤੋਂ ਵੱਧ ਸ਼ਰਧਾਲੂਆਂ ਨੂੰ ਦਰਸ਼ਨਾਂ ਦਾ ਮੌਕਾ ਦੇਣ ਲਈ ਢੁੱਕਵੇਂ ਉਪਰਾਲੇ ਕੀਤੇ ਜਾਣ।

4. ਦੁਨੀਆ ਭਰ ਵਿੱਚ ਵੱਸਦੀ ਸਿੱਖ ਸੰਗਤ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਿੱਚ ਵਿਸ਼ਵਾਸ ਰੱਖਣ ਵਾਲੇ ਹੋਰ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਇਸ ਪਵਿੱਤਰ ਲਾਂਘੇ ਨੂੰ ਧਾਰਮਿਕ ਆਸਥਾ, ਸ਼ਾਂਤੀ ਅਤੇ ਮਨੁੱਖੀ ਸਾਂਝ ਦੇ ਪ੍ਰਤੀਕ ਵਜੋਂ ਨਿਰੰਤਰ ਚਾਲੂ ਰੱਖਣ ਲਈ ਹਰ ਸੰਭਵ ਯਤਨ ਕੀਤਾ ਜਾਵੇ।

ਇਹ ਸਦਨ ਵਿਸ਼ਵਾਸ ਪ੍ਰਗਟ ਕਰਦਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਸੰਗਤ ਦੀ ਆਸਥਾ ਦਾ ਸਤਿਕਾਰ ਕਰਨ ਦੇ ਨਾਲ-ਨਾਲ ਪੰਜਾਬ ਦੀ ਇਤਿਹਾਸਕ, ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੁੜੇ ਲੋਕਾਂ ਦੀਆਂ ਭਾਵਨਾਵਾਂ ਨੂੰ ਵੀ ਮਜ਼ਬੂਤ ਕਰੇਗਾ।

“ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।”

ਇਸ ਪਵਿੱਤਰ ਭਾਵਨਾ ਨੂੰ ਸਮਰਪਿਤ ਹੋ ਕੇ ਇਹ ਸਦਨ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਮੁੜ ਖੋਲ੍ਹਣ ਅਤੇ ਸੰਗਤ ਲਈ ਨਿਰਵਿਘਨ ਦਰਸ਼ਨਾਂ ਦੀ ਸਹੂਲਤ ਯਕੀਨੀ ਬਣਾਉਣ ਦੀ ਮੰਗ ਕਰਦਾ ਹੈ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

----

**RESOLUTION No. 3 REGARDING PUNJAB’S LEGITIMATE AND EQUITABLE SHARE IN THE WATERS OF THE RIVER YAMUNA**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

‘‘1. ਪੰਜਾਬ ਦਾ ਯਮੁਨਾ ਦਰਿਆ ਦੇ ਪਾਣੀਆਂ ਉੱਤੇ ਇਤਿਹਾਸਕ ਅਤੇ ਕਾਨੂੰਨੀ ਹੱਕ ਹੈ। ਰਾਵੀ ਅਤੇ ਬਿਆਸ ਦਰਿਆਵਾਂ ਵਾਂਗ ਯਮੁਨਾ ਦਰਿਆ ਵੀ ਸਾਲ 1966 ਵਿੱਚ ਪੰਜਾਬ ਰਾਜ ਦੇ ਪੁਨਰਗਠਨ ਤੋਂ ਪਹਿਲਾਂ ਅਣਵੰਡੇ ਪੰਜਾਬ ਰਾਜ ਵਿੱਚੋਂ ਵਗਦਾ ਸੀ। ਪੰਜਾਬ ਰਾਜ ਦੇ ਪੁਨਰਗਠਨ ਸਮੇਂ ਰਾਵੀ ਅਤੇ ਬਿਆਸ ਦੇ ਪਾਣੀਆਂ ਨੂੰ ਵਿਚਾਰਿਆ ਗਿਆ, ਪਰ ਯਮੁਨਾ ਦੇ ਪਾਣੀਆਂ ਨੂੰ ਵਿਚਾਰ ਵਿੱਚ ਨਹੀਂ ਲਿਆਂਦਾ ਗਿਆ। ਮੌਜੂਦਾ ਪੰਜਾਬ, ਅਣਵੰਡੇ ਪੰਜਾਬ ਦਾ ਉੱਤਰਾਧਿਕਾਰੀ ਰਾਜ ਹੋਣ ਦੇ ਨਾਤੇ, ਯਮੁਨਾ ਦੇ ਪਾਣੀਆਂ ਵਿੱਚ ਹਿੱਸੇ ਦਾ ਹੱਕਦਾਰ ਹੈ।

2. ਅਣਵੰਡੇ ਪੰਜਾਬ ਅਤੇ ਉੱਤਰ ਪ੍ਰਦੇਸ਼ ਦਰਮਿਆਨ ਮਿਤੀ 12.03.1954 ਨੂੰ ਹੋਏ ਸਮਝੌਤੇ ਅਨੁਸਾਰ ਪੰਜਾਬ ਯਮੁਨਾ ਦੇ ਪਾਣੀਆਂ ਦੇ ਦੋ-ਤਿਹਾਈ ਹਿੱਸੇ ਦਾ ਹੱਕਦਾਰ ਸੀ। ਸਾਲ 1966 ਵਿੱਚ ਪੰਜਾਬ ਦੇ ਪੁਨਰਗਠਨ ਕਾਰਨ ਸਿਰਫ਼ ਮੌਜੂਦਾ ਭੂਗੋਲਿਕ ਹੱਦਾਂ ਦੇ ਆਧਾਰ 'ਤੇ ਪੰਜਾਬ ਨੂੰ ਉਸਦੇ ਜਾਇਜ਼ ਹਿੱਸੇ ਤੋਂ ਵਾਂਝਾ ਨਹੀਂ ਕੀਤਾ ਜਾਣਾ ਚਾਹੀਦਾ।

3. ਭਾਰਤ ਸਰਕਾਰ ਵੱਲੋਂ ਗਠਿਤ ਸਿੰਚਾਈ ਕਮਿਸ਼ਨ ਦੀ ਸਾਲ 1972 ਦੀ ਰਿਪੋਰਟ ਵਿੱਚ ਦਰਜ ਕੀਤਾ ਗਿਆ ਹੈ ਕਿ ਮੌਜੂਦਾ ਪੰਜਾਬ ਦੇ ਕੁਝ ਖੇਤਰ ਯਮੁਨਾ ਬੇਸਿਨ ਵਿੱਚ ਪੈਂਦੇ ਹਨ। ਇਹ ਸਦਨ ਵਿਚਾਰ ਕਰਦਾ ਹੈ ਕਿ ਜੇਕਰ

ਹਰਿਆਣਾ, ਪੰਜਾਬ ਦੇ ਉੱਤਰਾਧਿਕਾਰੀ ਰਾਜ ਵਜੋਂ ਰਾਵੀ-ਬਿਆਸ ਦੇ ਪਾਣੀਆਂ ਉੱਤੇ ਹੱਕ ਦਾ ਦਾਅਵਾ ਕਰ ਸਕਦਾ ਹੈ, ਤਾਂ ਇਸੇ ਤਰ੍ਹਾਂ ਪੰਜਾਬ ਨੂੰ ਵੀ ਯਮੁਨਾ ਦੇ ਪਾਣੀਆਂ ਉੱਤੇ ਆਪਣਾ ਹੱਕ ਦਾ ਦਾਅਵਾ ਕਰਨ ਦਾ ਅਧਿਕਾਰ ਹੈ।

4. ਪੰਜਾਬ ਸਰਕਾਰ ਵੱਲੋਂ ਯਮੁਨਾ ਦੇ ਪਾਣੀਆਂ ਦੀ ਵੰਡ ਸਬੰਧੀ ਵਿਚਾਰ-ਵਟਾਂਦਰੇ ਵਿੱਚ ਪੰਜਾਬ ਨੂੰ ਸ਼ਾਮਲ ਕਰਨ ਲਈ ਭਾਰਤ ਸਰਕਾਰ ਨੂੰ ਲਗਾਤਾਰ ਬੇਨਤੀ ਕਰਦਾ ਰਿਹਾ ਹੈ। ਪਰ ਮਿਤੀ 12.05.1994 ਨੂੰ ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਦਰਮਿਆਨ ਹੋਏ ਸਮਝੌਤੇ (MOU) ਵਿੱਚ ਪੰਜਾਬ ਨੂੰ ਸ਼ਾਮਲ ਨਹੀਂ ਕੀਤਾ ਗਿਆ। ਉਕਤ MOU ਦੀ ਧਾਰਾ 8 ਅਨੁਸਾਰ ਸਾਲ 2025 ਤੋਂ ਬਾਅਦ ਇਸ MOU ਦੀ ਸਮੀਖਿਆ ਕੀਤੀ ਜਾਣੀ ਹੈ। ਇਸ ਲਈ ਹੁਣ ਯਮੁਨਾ ਦੇ ਪਾਣੀਆਂ ਦੀ ਵੰਡ ਦੀ ਸਮੀਖਿਆ ਕਰਦੇ ਹੋਏ ਪੰਜਾਬ ਦੇ ਜਾਇਜ਼ ਹਿੱਸੇ ਨੂੰ ਵੀ ਵਿਚਾਰ ਅਧੀਨ ਲਿਆਂਦਾ ਜਾਣਾ ਚਾਹੀਦਾ ਹੈ।

5. ਪੰਜਾਬ ਸਰਕਾਰ ਨੇ ਮਿਤੀ 25.04.2025 ਨੂੰ ਇੰਟਰ ਸਟੇਟ ਰਿਵਰ ਵਾਟਰ ਡਿਸਪਿਊਟ ਐਕਟ, 1956 ਦੀ ਧਾਰਾ 3 ਅਧੀਨ ਸ਼ਿਕਾਇਤ (complaint) ਦਾਇਰ ਕਰਕੇ ਪੰਜਾਬ ਦੇ ਯਮੁਨਾ ਦੇ ਪਾਣੀਆਂ ਵਿੱਚ ਹਿੱਸੇ ਦਾ ਨਿਰਧਾਰਨ ਕਰਨ ਲਈ ਉਚਿਤ ਟ੍ਰਿਬਿਊਨਲ ਦੇ ਗਠਨ ਦੀ ਮੰਗ ਵੀ ਕੀਤੀ ਹੈ। ਹਾਲਾਂਕਿ, ਇਹ ਮਾਮਲਾ ਅਜੇ ਵੀ ਭਾਰਤ ਸਰਕਾਰ ਕੋਲ ਵਿਚਾਰ ਅਧੀਨ ਹੈ।

6. ਯਮੁਨਾ ਅਣਵੰਡੇ ਪੰਜਾਬ ਦੀਆਂ ਨਦੀਆਂ ਵਿੱਚੋਂ ਇੱਕ ਸੀ, ਪਰ ਪੰਜਾਬ ਨੂੰ ਯਮੁਨਾ ਦੇ ਪਾਣੀਆਂ ਵਿੱਚ ਕੋਈ ਹਿੱਸਾ ਨਹੀਂ ਦਿੱਤਾ ਗਿਆ। ਕੇਂਦਰ ਸਰਕਾਰ ਵੱਲੋਂ ਇੰਟਰ ਸਟੇਟ ਰਿਵਰ ਵਾਟਰ ਡਿਸਪਿਊਟਸ ਐਕਟ, 1956 ਵਿੱਚ ਧਾਰਾ 14 ਜੋੜੀ ਗਈ ਹੈ, ਜਿਸ ਵਿੱਚ ਰਾਵੀ ਅਤੇ ਬਿਆਸ ਦਰਿਆਵਾਂ ਦੇ ਪਾਣੀਆਂ ਦੀ ਵੰਡ ਲਈ ਵਿਵਸਥਾ ਕੀਤੀ ਗਈ। ਪਰ ਯਮੁਨਾ ਨੂੰ ਧਾਰਾ 14 ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ, ਜਿਸ ਕਾਰਨ ਪੰਜਾਬ ਰਾਜ ਨੂੰ ਵੱਡੇ ਪੱਧਰ 'ਤੇ ਨੁਕਸਾਨ ਹੋਇਆ।

7. ਦੇਸ਼ ਦੀਆਂ ਅਨਾਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਪਣਾਏ ਗਏ ਕਣਕ-ਝੋਨੇ ਦੇ ਗਹਿਰੇ ਫਸਲੀ ਚੱਕਰ ਕਾਰਨ ਧਰਤੀ ਹੇਠਲੇ ਪਾਣੀ ਦੇ ਤੇਜ਼ੀ ਨਾਲ ਘਟ ਰਹੇ ਪੱਧਰ ਦੇ ਮੱਦੇਨਜ਼ਰ ਪੰਜਾਬ ਇੱਕ ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਨੂੰ ਲਗਭਗ 52 MAF ਪਾਣੀ ਦੀ ਲੋੜ ਹੈ, ਜਦਕਿ ਪੰਜਾਬ ਰਾਜ ਨੂੰ ਕੇਵਲ ਲਗਭਗ 14.54 MAF ਪਾਣੀ ਉਪਲਬਧ ਕਰਵਾਇਆ ਗਿਆ ਹੈ। ਲਗਭਗ 34 MAF ਦੇ ਕੁੱਲ ਉਪਲਬਧ ਪਾਣੀ ਵਿੱਚੋਂ ਇੱਕ ਵੱਡਾ ਹਿੱਸਾ ਗੁਆਂਢੀ ਰਾਜਾਂ, ਜਿਵੇਂ ਕਿ ਰਾਜਸਥਾਨ ਅਤੇ ਹਰਿਆਣਾ, ਨੂੰ ਦਿੱਤਾ ਗਿਆ ਹੈ। ਇਸ ਤਰ੍ਹਾਂ ਪੰਜਾਬ ਰਾਜ ਲਈ ਕੀਤੀ ਗਈ ਪਾਣੀ ਦੀ ਵੰਡ ਬਹੁਤ ਨਾਕਾਫ਼ੀ ਹੈ। ਗੁਆਂਢੀ ਰਾਜਾਂ ਦਾ ਪੰਜਾਬ ਦੇ ਪਾਣੀਆਂ ਉੱਤੇ ਕੋਈ ਹੱਕ ਨਹੀਂ ਬਣਦਾ, ਫਿਰ ਵੀ ਇਹ ਪਾਣੀ ਉਨ੍ਹਾਂ ਰਾਜਾਂ ਨੂੰ ਵੰਡਿਆ ਗਿਆ ਹੈ। ਪੰਜਾਬ ਦੇ 153 ਵਿੱਚੋਂ 110 ਬਲਾਕ (72%) ਇਸ ਸਮੇਂ Over-exploited ਸ਼੍ਰੇਣੀ ਵਿੱਚ ਹਨ, ਜਦਕਿ ਹਰਿਆਣਾ ਵਿੱਚ ਇਹ ਅੰਕੜਾ 64% ਹੈ। ਧਰਤੀ ਹੇਠਲੇ ਪਾਣੀ ਦੇ ਲਗਾਤਾਰ ਘਟ ਰਹੇ ਪੱਧਰ, ਖੇਤੀਬਾੜੀ ਦੀਆਂ ਵਧ ਰਹੀਆਂ ਲੋੜਾਂ ਅਤੇ ਵਾਤਾਵਰਣ ਸਬੰਧੀ ਚਿੰਤਾਵਾਂ ਦੇ ਮੱਦੇਨਜ਼ਰ ਇਹ ਬਹੁਤ ਜ਼ਰੂਰੀ ਹੈ ਕਿ ਪੰਜਾਬ ਨੂੰ ਯਮੁਨਾ ਦੇ ਪਾਣੀਆਂ ਵਿੱਚ ਉਸਦਾ ਜਾਇਜ਼ ਹਿੱਸਾ

ਦਿੱਤਾ ਜਾਵੇ। ਇਸ ਨਾਲ ਪੰਜਾਬ ਦੀਆਂ ਪਾਣੀ ਸਬੰਧੀ ਲੋੜਾਂ ਪੂਰੀਆਂ ਕਰਨ, ਧਰਤੀ ਹੇਠਲੇ ਪਾਣੀ ਉੱਤੇ ਨਿਰਭਰਤਾ ਘਟਾਉਣ ਅਤੇ ਟਿਕਾਊ ਖੇਤੀਬਾੜੀ ਅਤੇ ਵਾਤਾਵਰਣ ਦੀ ਸੁਰੱਖਿਆ ਵਿੱਚ ਸਹਾਇਤਾ ਮਿਲੇਗੀ।

**ਇਹ ਸਦਨ, ਇਸ ਲਈ, ਹੇਠ ਲਿਖੇ ਅਨੁਸਾਰ ਮਤਾ ਪਾਸ ਕਰਦਾ ਹੈ:-**

1. ਪੰਜਾਬ ਸਰਕਾਰ ਵੱਲੋਂ ਸਾਰੇ ਉਚਿਤ ਮੰਚਾਂ/ਫੋਰਮਾਂ ਦੇ ਸਾਹਮਣੇ ਯਮੁਨਾ ਦੇ ਪਾਣੀਆਂ ਵਿੱਚ ਪੰਜਾਬ ਦੇ ਜਾਇਜ਼ ਅਤੇ ਨਿਆਂਸੰਗਤ ਹਿੱਸੇ ਨੂੰ ਪ੍ਰਾਪਤ ਕਰਨ ਲਈ ਮਾਮਲੇ ਨੂੰ ਮਜ਼ਬੂਤੀ ਨਾਲ ਲਗਾਤਾਰ ਉਠਾਇਆ ਜਾਵੇ।
2. ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਂਦੇ ਹੋਏ ਭਾਰਤ ਸਰਕਾਰ ਦੇ ਜਲ ਸ਼ਕਤੀ ਮੰਤਰਾਲੇ ਨੂੰ ਮਿਤੀ 25.04.2025 ਨੂੰ ਪੰਜਾਬ ਸਰਕਾਰ ਵੱਲੋਂ ਦਾਇਰ ਕੀਤੀ ਗਈ ਸ਼ਿਕਾਇਤ (complaint) 'ਤੇ ਜਲਦੀ ਫ਼ੈਸਲਾ ਕਰਨ ਅਤੇ ਜਿੱਥੇ ਕਾਨੂੰਨ ਅਨੁਸਾਰ ਲੋੜੀਂਦਾ ਹੋਵੇ, ਉਚਿਤ ਵਾਟਰ ਡਿਸਪਿਊਟ ਟ੍ਰਿਬਿਊਨਲ ਦਾ ਗਠਨ ਕਰਨ ਦੀ ਬੇਨਤੀ ਕੀਤੀ ਜਾਵੇ। ਜੇਕਰ ਭਾਰਤ ਸਰਕਾਰ ਵੱਲੋਂ ਰਾਜ ਸਰਕਾਰ ਦੁਆਰਾ ਦਾਇਰ ਕੀਤੀ ਗਈ ਉਕਤ ਸ਼ਿਕਾਇਤ (complaint) 'ਤੇ ਕੋਈ ਫ਼ੈਸਲਾ ਨਹੀਂ ਕੀਤਾ ਜਾਂਦਾ, ਤਾਂ ਰਾਜ ਸਰਕਾਰ ਵੱਲੋਂ ਤੁਰੰਤ ਮਾਨਯੋਗ ਭਾਰਤ ਦੀ ਸੁਪਰੀਮ ਕੋਰਟ ਦੇ ਸਾਹਮਣੇ ਇਸ ਮਾਮਲੇ ਨੂੰ ਉਠਾਇਆ ਜਾਵੇ ਅਤੇ ਯਮੁਨਾ ਦੇ ਪਾਣੀਆਂ ਵਿੱਚ ਪੰਜਾਬ ਦੇ ਹਿੱਸੇ ਦੀ ਰੱਖਿਆ ਅਤੇ ਸੁਰੱਖਿਆ ਲਈ ਸਾਰੇ ਲੋੜੀਂਦੇ ਕਦਮ ਚੁੱਕੇ ਜਾਣ।
3. ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਂਦੇ ਹੋਏ ਭਾਰਤ ਸਰਕਾਰ ਦੇ ਜਲ ਸ਼ਕਤੀ ਮੰਤਰਾਲੇ ਨੂੰ ਮਿਤੀ 12.05.1994 ਦੇ ਸਮਝੌਤੇ (MOU) ਦੀ ਸਮੀਖਿਆ ਕਰਨ ਅਤੇ ਮੌਜੂਦਾ ਸਮੇਂ ਹਰਿਆਣਾ ਨੂੰ ਦਿੱਤੇ ਗਏ ਹਿੱਸੇ ਵਿੱਚੋਂ ਪੰਜਾਬ ਨੂੰ ਯਮੁਨਾ ਦੇ ਪਾਣੀਆਂ ਦਾ ਲਾਭਪਾਤਰੀ ਰਾਜ ਵਜੋਂ ਸ਼ਾਮਲ ਕਰਨ ਦੀ ਬੇਨਤੀ ਕੀਤੀ ਜਾਵੇ।
4. ਇਸ ਮਤੇ ਦੀ ਇੱਕ ਕਾਪੀ ਮਾਣਯੋਗ ਪ੍ਰਧਾਨ ਮੰਤਰੀ, ਭਾਰਤ ਸਰਕਾਰ, ਮਾਣਯੋਗ ਕੇਂਦਰੀ ਜਲ ਸ਼ਕਤੀ ਮੰਤਰੀ ਅਤੇ ਸਾਰੇ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੀ ਕਾਰਵਾਈ ਲਈ ਭੇਜੀ ਜਾਵੇ।''

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

--------

**RESOLUTION No. 4 REGARDING THE TRANSFER OF ADMINISTRATIVE CONTROL AND MANAGEMENT OF ROPAR, HARIKE AND FEROZEPUR HEADWORKS TO THE GOVERNMENT OF PUNJAB**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

''1. ਸਾਲ 1966 ਵਿੱਚ ਅਣਵੰਡੇ ਪੰਜਾਬ ਰਾਜ ਦੇ ਪੁਨਰਗਠਨ ਸਮੇਂ ਪੰਜਾਬ ਪੁਨਰਗਠਨ ਐਕਟ, 1966 ਵਿੱਚ ਇੱਕ ਅਸੰਵਿਧਾਨਕ ਵਿਵਸਥਾ ਸ਼ਾਮਲ ਕੀਤੀ ਗਈ, ਜਿਸ ਤਹਿਤ ਇਸ ਦੀ ਧਾਰਾ 79(1)(c) ਅਧੀਨ ਭਾਖੜਾ ਬਿਆਸ ਮੈਨੇਜਮੈਂਟ ਬੋਰਡ (BBMB) ਨੂੰ ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਵਿਖੇ ਸਿੰਚਾਈ ਹੈੱਡਵਰਕਸ ਦੇ ਪ੍ਰਬੰਧ, ਰੱਖ-ਰਖਾਅ ਅਤੇ ਸੰਚਾਲਨ ਦੀ ਜ਼ਿੰਮੇਵਾਰੀ ਸੌਂਪੀ ਗਈ।

2. ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 79 ਸੰਸਦ ਦੀ ਵਿਧਾਨਕ ਸਮਰੱਥਾ ਤੋਂ ਬਾਹਰ ਹੈ, ਕਿਉਂਕਿ ਭਾਰਤ ਦੇ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਸੂਚੀ-II (ਰਾਜ ਸੂਚੀ) ਦੀ ਐਂਟਰੀ 17 ਅਧੀਨ ਪੰਜਾਬ ਰਾਜ ਕੋਲ "ਪਾਣੀ" ਨੂੰ ਨਿਯਮਿਤ ਕਰਨ ਸਬੰਧੀ ਵਿਧਾਨਕ ਅਤੇ ਕਾਰਜਕਾਰੀ ਦੋਵੇਂ ਅਧਿਕਾਰ ਹਨ। ਇਸ ਲਈ, ਪੰਜਾਬ ਰਾਜ ਨੂੰ ਆਪਣੇ ਹੈੱਡਵਰਕਸ ਉੱਤੇ ਨਿਯੰਤਰਣ ਰੱਖਣ ਦਾ ਅਧਿਕਾਰ ਹੈ, ਜੋ ਪੂਰੀ ਤਰ੍ਹਾਂ ਇਸਦੇ ਖੇਤਰੀ ਅਧਿਕਾਰ-ਖੇਤਰ ਅੰਦਰ ਸਥਿਤ ਹਨ।

3. ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਵਿਖੇ ਸਥਿਤ ਤਿੰਨੋਂ ਹੈੱਡਵਰਕਸ ਪੰਜਾਬ ਰਾਜ ਦੀ ਭੂਗੋਲਿਕ ਹੱਦ ਅੰਦਰ ਸਥਿਤ ਹਨ ਅਤੇ ਸ਼ੁਰੂ ਤੋਂ ਹੀ ਇਨ੍ਹਾਂ ਦਾ ਭੌਤਿਕ ਨਿਯੰਤਰਣ ਅਤੇ ਸੰਚਾਲਨ ਪੰਜਾਬ ਸਰਕਾਰ ਅਧੀਨ ਰਿਹਾ ਹੈ।

4. ਪੂਰੇ ਭਾਰਤ ਵਿੱਚ ਇਹ ਪ੍ਰਚਲਿਤ ਪ੍ਰਥਾ ਹੈ ਕਿ ਕਿਸੇ ਰਾਜ ਦੇ ਖੇਤਰੀ ਅਧਿਕਾਰ-ਖੇਤਰ ਅੰਦਰ ਸਥਿਤ ਹੈੱਡਵਰਕਸ/ਬੈਰਾਜਾਂ ਦੀ ਮਲਕੀਅਤ, ਸੰਚਾਲਨ ਅਤੇ ਪ੍ਰਬੰਧ ਉਸੇ ਰਾਜ ਵੱਲੋਂ ਕੀਤਾ ਜਾਂਦਾ ਹੈ, ਭਾਵੇਂ ਉਨ੍ਹਾਂ ਰਾਹੀਂ ਹੋਰ ਰਾਜਾਂ ਨੂੰ ਵੀ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੋਵੇ। ਅਜਿਹੇ ਹੈੱਡਵਰਕਸ ਵਿੱਚ ਹਥਨੀਕੁੰਡ ਬੈਰਾਜ (ਹਰਿਆਣਾ), ਕੋਟਾ ਬੈਰਾਜ (ਰਾਜਸਥਾਨ), ਓਖਲਾ ਬੈਰਾਜ (ਦਿੱਲੀ), ਨਾਰਾਇਣਪੁਰ ਬੈਰਾਜ (ਕਰਨਾਟਕ), ਹੀਰਾਕੁੰਡ ਡੈਮ (ਓਡੀਸ਼ਾ), ਗਾਲੂਡੀਹ ਬੈਰਾਜ (ਝਾਰਖੰਡ) ਅਤੇ ਲੋਅਰ ਸਿਲੇਰੂ ਹੈੱਡਵਰਕਸ (ਆਂਧਰਾ ਪ੍ਰਦੇਸ਼) ਸ਼ਾਮਲ ਹਨ।

5. ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਹੈੱਡਵਰਕਸ ਨੂੰ ਪੰਜਾਬ ਦੇ ਹਵਾਲੇ ਕੀਤੇ ਜਾਣ ਨਾਲ ਹਰਿਆਣਾ ਦੇ ਹਿੱਤ ਪ੍ਰਭਾਵਿਤ ਨਹੀਂ ਹੁੰਦੇ, ਕਿਉਂਕਿ ਇਨ੍ਹਾਂ ਹੈੱਡਵਰਕਸ ਰਾਹੀਂ ਹਰਿਆਣਾ ਨੂੰ ਕੋਈ ਪਾਣੀ ਸਪਲਾਈ ਨਹੀਂ ਕੀਤਾ ਜਾਂਦਾ। ਹਰੀਕੇ ਹੈੱਡਵਰਕਸ ਵਿਖੇ ਰਾਜਸਥਾਨ ਦੇ ਹਿੱਸੇ ਦੇ ਪਾਣੀ ਦਾ ਨਿਯਮਨ ਕੀਤਾ ਜਾਂਦਾ ਹੈ, ਪਰ ਸਾਲ 2003 ਤੋਂ ਅਜਿਹੇ ਪ੍ਰਬੰਧ ਕੀਤੇ ਗਏ ਹਨ, ਜਿਨ੍ਹਾਂ ਤਹਿਤ ਹਰੀਕੇ ਹੈੱਡਵਰਕਸ ਵਿਖੇ ਪੰਜਾਬ, ਰਾਜਸਥਾਨ ਅਤੇ BBMB ਦੇ ਨੁਮਾਇੰਦਿਆਂ ਵੱਲੋਂ ਸਾਂਝੇ ਤੌਰ 'ਤੇ ਪਾਣੀ ਦੇ ਨਿਰੀਖਣ/ਰੀਡਿੰਗਾਂ ਕੀਤੀਆਂ ਜਾਂਦੀਆਂ ਹਨ।

6. ਇਨ੍ਹਾਂ ਹੈੱਡਵਰਕਸ ਦੇ ਸੰਚਾਲਨ ਲਈ ਖਾਸ ਕਰਕੇ ਹੜ੍ਹਾਂ ਦੌਰਾਨ ਸਥਾਨਕ ਹਾਲਾਤਾਂ ਦੀ ਜਾਣਕਾਰੀ ਅਤੇ ਸਮਝ ਦੀ ਲੋੜ ਹੁੰਦੀ ਹੈ। ਅਜਿਹੇ ਸਮੇਂ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਜਾਨ-ਮਾਲ ਅਤੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਲਈ ਤੁਰੰਤ ਲੋੜੀਂਦੇ ਕਦਮ ਚੁੱਕਣੇ ਪੈਂਦੇ ਹਨ।

7. ਪੰਜਾਬ ਸਰਕਾਰ ਨੇ ਪੰਜਾਬ ਪੁਨਰਗਠਨ ਐਕਟ, 1966 ਦੀਆਂ ਧਾਰਾਵਾਂ 78 ਅਤੇ 79 ਦੀ ਸੰਵਿਧਾਨਕ ਵੈਧਤਾ ਨੂੰ ਮਾਣਯੋਗ ਭਾਰਤ ਦੀ ਸੁਪਰੀਮ ਕੋਰਟ ਵਿੱਚ ਜੁਲਾਈ 2007 ਵਿੱਚ ਦਾਇਰ ਕੀਤੇ ਗਏ ਸਿਵਲ ਸੂਟ ਨੰਬਰ 2 ਆਫ਼ 2007 ਰਾਹੀਂ ਚੁਣੌਤੀ ਦਿੱਤੀ ਹੈ, ਜੋ ਇਸ ਸਮੇਂ ਮਾਣਯੋਗ ਅਦਾਲਤ ਦੇ ਵਿਚਾਰ ਅਧੀਨ ਹੈ।

8. ਇਸ ਲਈ, ਇਹ ਵਿਚਾਰਦੇ ਹੋਏ ਕਿ ਉਕਤ ਹੈੱਡਵਰਕਸ ਪੰਜਾਬ ਰਾਜ ਦੀ ਭੂਗੋਲਿਕ ਹੱਦ ਅੰਦਰ ਸਥਿਤ ਹਨ ਅਤੇ ਰਾਜ ਸਰਕਾਰ ਆਪਣੇ ਲੋਕਾਂ ਅਤੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ, ਇਸ ਲਈ, ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਹੈੱਡਵਰਕਸ ਦਾ ਪ੍ਰਬੰਧ, ਰੱਖ-ਰਖਾਅ ਅਤੇ ਸੰਚਾਲਨ ਪੰਜਾਬ ਸਰਕਾਰ ਕੋਲ ਹੀ ਰਹਿਣਾ ਚਾਹੀਦਾ ਹੈ।

**ਇਹ ਸਦਨ, ਇਸ ਲਈ, ਸਰਬਸੰਮਤੀ ਨਾਲ ਹੇਠ ਲਿਖੇ ਅਨੁਸਾਰ ਮਤਾ ਪਾਸ ਕਰਦਾ ਹੈ:-**

1. ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਨੂੰ ਮਜ਼ਬੂਤੀ ਨਾਲ ਅੱਗੇ ਵਧਾਉਂਦੇ ਹੋਏ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾਵੇ ਕਿ ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 79(1)(c) ਵਿੱਚ ਢੁਕਵੀਂ ਸੋਧ ਕੀਤੀ ਜਾਵੇ, ਤਾਂ ਜੋ ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਵਿਖੇ ਸਿੰਚਾਈ ਹੈੱਡਵਰਕਸ ਦਾ ਪ੍ਰਬੰਧ, ਰੱਖ-ਰਖਾਅ ਅਤੇ ਸੰਚਾਲਨ ਸਥਾਈ ਤੌਰ 'ਤੇ ਪੰਜਾਬ ਸਰਕਾਰ ਦੇ ਅਧਿਕਾਰ-ਖੇਤਰ ਅਤੇ ਨਿਯੰਤਰਣ ਅਧੀਨ ਰਹੇ। ਇਹ ਪ੍ਰਬੰਧ ਦੇਸ਼ ਦੇ ਹੋਰ ਹਿੱਸਿਆਂ ਵਿੱਚ ਸਥਿਤ ਉਨ੍ਹਾਂ ਹੈੱਡਵਰਕਸ ਦੀ ਤਰਜ਼ 'ਤੇ ਹੋਵੇ, ਜਿਨ੍ਹਾਂ ਦਾ ਨਿਯੰਤਰਣ ਉਨ੍ਹਾਂ ਰਾਜ ਸਰਕਾਰਾਂ ਕੋਲ ਹੈ, ਜਿਨ੍ਹਾਂ ਦੇ ਖੇਤਰੀ ਅਧਿਕਾਰ-ਖੇਤਰ ਵਿੱਚ ਉਹ ਹੈੱਡਵਰਕਸ ਸਥਿਤ ਹਨ।
2. ਕਿਉਂਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਪੁਨਰਗਠਨ ਐਕਟ, 1966 ਦੀਆਂ ਧਾਰਾਵਾਂ 78 ਅਤੇ 79 ਦੀ ਸੰਵਿਧਾਨਕ ਵੈਧਤਾ ਨੂੰ ਪਹਿਲਾਂ ਹੀ ਮਾਣਯੋਗ ਭਾਰਤ ਦੀ ਸੁਪਰੀਮ ਕੋਰਟ ਦੇ ਸਾਹਮਣੇ ਚੁਣੌਤੀ ਦਿੱਤੀ ਜਾ ਚੁੱਕੀ ਹੈ, ਇਸ ਲਈ ਪੰਜਾਬ ਸਰਕਾਰ ਵੱਲੋਂ ਉਕਤ ਮਾਮਲੇ ਦੀ ਮਾਣਯੋਗ ਸੁਪਰੀਮ ਕੋਰਟ ਦੇ ਸਾਹਮਣੇ ਮਜ਼ਬੂਤੀ ਨਾਲ ਪੈਰਵੀ ਕੀਤੀ ਜਾਵੇ।
3. ਇਹ ਸਦਨ ਅੱਗੇ ਇਹ ਵੀ ਮਤਾ ਪਾਸ ਕਰਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਹੈੱਡਵਰਕਸ ਦਾ ਸੁਰੱਖਿਅਤ ਅਤੇ ਕੁਸ਼ਲ ਸੰਚਾਲਨ ਯਕੀਨੀ ਬਣਾਉਣਾ ਅਤੇ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਲਗਾਤਾਰ ਯਕੀਨੀ ਬਣਾਇਆ ਜਾਵੇਗਾ।
4. ਇਸ ਮਤੇ ਦੀ ਇੱਕ ਕਾਪੀ ਮਾਣਯੋਗ ਪ੍ਰਧਾਨ ਮੰਤਰੀ, ਭਾਰਤ ਸਰਕਾਰ, ਮਾਣਯੋਗ ਕੇਂਦਰੀ ਗ੍ਰਹਿ ਮੰਤਰੀ, ਮਾਣਯੋਗ ਕੇਂਦਰੀ ਬਿਜਲੀ/ਜਲ ਸ਼ਕਤੀ ਮੰਤਰੀ, ਭਾਰਤ ਸਰਕਾਰ ਅਤੇ ਸਾਰੇ ਸਬੰਧਤ ਮੰਤਰਾਲਿਆਂ, ਵਿਭਾਗਾਂ ਅਤੇ ਅਥਾਰਟੀਆਂ ਨੂੰ ਇਸ ਮਾਮਲੇ ਵਿੱਚ ਉਚਿਤ ਅਤੇ ਲੋੜੀਂਦੀ ਕਾਰਵਾਈ ਕਰਨ ਲਈ ਭੇਜੀ ਜਾਵੇ।''

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

----

Unedited Version/ Not for Legal/ Official use Dated: Tuesday, 27th October, 2026

## RESOLUTION No. 5 REAFFIRMING THE PUNJAB LEGISLATIVE ASSEMBLY'S OPPOSITION TO THE DAM SAFETY ACT, 2021, AND DEMANDING ITS REPEAL ON CONSTITUTIONAL AND FEDERAL GROUNDS

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

''1. ਪੰਜਾਬ ਵਿਧਾਨ ਸਭਾ ਵੱਲੋਂ ਮਿਤੀ 5 ਮਈ, 2025 ਨੂੰ ਸਰਬਸੰਮਤੀ ਨਾਲ ਹੇਠ ਲਿਖਿਆ ਮਤਾ ਪਾਸ ਕੀਤਾ ਗਿਆ ਸੀ:

" ਕਿ ਇਹ ਸਦਨ ਡੈਮ ਸੇਫਟੀ ਐਕਟ 2021 ਨੂੰ ਪੰਜਾਬ ਦੇ ਅਧਿਕਾਰਾਂ ਉੱਪਰ ਹਮਲਾ ਸਮਝਦਾ ਹੈ। ਇਹ ਕਾਨੂੰਨ ਪੂਰੀ ਤਰ੍ਹਾਂ ਕੇਂਦਰ ਸਰਕਾਰ ਨੂੰ ਤਾਕਤ ਦਿੰਦਾ ਹੈ ਕਿ ਉਹ ਰਾਜਾਂ ਦੀਆਂ ਨਦੀਆਂ ਅਤੇ ਬੰਨ੍ਹਾਂ ਉੱਪਰ ਸਿੱਧਾ ਕੰਟਰੋਲ ਕਰ ਸਕੇ ਭਾਵੇਂ ਕਿ ਇਹ ਬੰਨ੍ਹ ਪੂਰੀ ਤਰ੍ਹਾਂ ਰਾਜ ਦੀ ਸੀਮਾ ਦੇ ਅੰਦਰ ਹਨ। ਇਹ ਭਾਰਤ ਦੇ ਸੰਵਿਧਾਨਿਕ ਢਾਂਚੇ ਦੇ ਬਿਲਕੁਲ ਖਿਲਾਫ਼ ਹੈ ਅਤੇ ਪੰਜਾਬ ਰਾਜ ਨੂੰ ਪਾਣੀ ਉੱਪਰ ਮਿਲੇ ਸੰਵਿਧਾਨਿਕ ਅਧਿਕਾਰਾਂ ਉੱਪਰ ਸਿੱਧਾ ਹਮਲਾ ਹੈ। ਇਸ ਲਈ ਇਹ ਸਦਨ ਕੇਂਦਰ ਨੂੰ ਮੰਗ ਕਰਦਾ ਹੈ ਕਿ ਡੈਮ ਸੇਫਟੀ ਐਕਟ 2021 ਨੂੰ ਤੁਰੰਤ ਰੱਦ ਕਰੇ ਅਤੇ ਪੰਜਾਬ ਸਰਕਾਰ ਇਸ ਕਾਨੂੰਨ ਨੂੰ ਪੂਰੀ ਤਰ੍ਹਾਂ ਅਸਵੀਕਾਰ ਕਰਦੀ ਹੈ ।''

2. ਪੰਜਾਬ ਵਿਧਾਨ ਸਭਾ ਵੱਲੋਂ ਮਿਤੀ 5 ਮਈ, 2025 ਨੂੰ ਉਪਰੋਕਤ ਸਰਬਸੰਮਤੀ ਨਾਲ ਮਤਾ ਪਾਸ ਕੀਤੇ ਜਾਣ ਦੇ ਬਾਵਜੂਦ, ਭਾਰਤ ਸਰਕਾਰ ਵੱਲੋਂ ਇਸ ਸਬੰਧੀ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ ਅਤੇ ਨਾ ਹੀ ਹੁਣ ਤੱਕ ਕੀਤੀ ਗਈ ਕਾਰਵਾਈ ਬਾਰੇ ਰਾਜ ਸਰਕਾਰ ਨੂੰ ਕੋਈ ਸੂਚਨਾ ਦਿੱਤੀ ਗਈ ਹੈ। ਇਸ ਦੇ ਨਾਲ ਹੀ, ਪੰਜਾਬ ਰਾਜ ਨੂੰ ਇਸ ਐਕਟ ਅਧੀਨ ਨਿਰਧਾਰਤ ਕਾਨੂੰਨੀ ਲੋੜਾਂ ਦੀ ਪਾਲਣਾ ਕਰਨ ਲਈ ਵੀ ਕਿਹਾ ਜਾ ਰਿਹਾ ਹੈ।

3. ਪੰਜਾਬ ਵਿਧਾਨ ਸਭਾ ਦਾ ਇਹ ਸੁਵਿਚਾਰਿਤ ਮਤ ਹੈ ਕਿ ਭਾਰਤ ਦੇ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਰਾਜ ਸੂਚੀ ਦੀ ਐਂਟਰੀ 17 ਅਨੁਸਾਰ, ਪਾਣੀ, ਜਿਸ ਵਿੱਚ ਜਲ ਸਪਲਾਈ, ਸਿੰਚਾਈ ਅਤੇ ਨਹਿਰਾਂ, ਨਿਕਾਸੀ ਅਤੇ ਬੰਨ੍ਹ, ਜਲ ਭੰਡਾਰਨ ਅਤੇ ਜਲ-ਬਿਜਲੀ ਸ਼ਾਮਲ ਹਨ, ਰਾਜ ਦਾ ਵਿਸ਼ਾ ਹੈ। ਪੰਜਾਬ ਰਾਜ ਦੇ ਖੇਤਰੀ ਅਧਿਕਾਰ ਖੇਤਰ ਵਿੱਚ ਸਥਿਤ ਡੈਮ ਜਲ ਭੰਡਾਰਨ ਦੇ ਢਾਂਚੇ ਹਨ ਅਤੇ ਇਸ ਲਈ ਇਨ੍ਹਾਂ ਡੈਮਾਂ ਦਾ ਸੰਚਾਲਨ ਅਤੇ ਰੱਖ-ਰਖਾਅ ਵੀ ਕੇਵਲ ਰਾਜ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਹੀ ਹੋਣਾ ਚਾਹੀਦਾ ਹੈ। ਇਸ ਲਈ, ਡੈਮ ਸੁਰੱਖਿਆ ਐਕਟ, 2021 ਦੇ ਉਪਬੰਧ ਭਾਰਤ ਦੇ ਸੰਵਿਧਾਨ ਦੀ ਭਾਵਨਾ ਅਤੇ ਵਿਵਸਥਾਵਾਂ ਦੇ ਉਲਟ ਹਨ ਅਤੇ ਇਨ੍ਹਾਂ 'ਤੇ ਮੁੜ ਵਿਚਾਰ ਕਰਕੇ ਐਕਟ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ।

4. ਰਾਜ ਦਾ ਮੰਨਣਾ ਹੈ ਕਿ ਅਜਿਹੇ ਉਪਬੰਧ ਭਾਰਤ ਦੇ ਸੰਵਿਧਾਨ ਅਧੀਨ ਵਿਧਾਨਕ ਅਤੇ ਕਾਰਜਕਾਰੀ ਸ਼ਕਤੀਆਂ ਦੀ ਸੰਘੀ ਵੰਡ ਅਤੇ ਰਾਜਾਂ ਦੇ ਸੰਵਿਧਾਨਕ ਅਧਿਕਾਰ ਖੇਤਰ ਵਿੱਚ ਆਉਂਦੇ ਮਾਮਲਿਆਂ ਸਬੰਧੀ ਉਨ੍ਹਾਂ ਦੀ ਖੁਦਮੁਖਤਿਆਰੀ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦੇ ਹਨ।

**ਉਪਰੋਕਤ ਦੇ ਮੱਦੇਨਜ਼ਰ:**

(i) ਇਹ ਸਦਨ ਡੈਮ ਸੁਰੱਖਿਆ ਐਕਟ, 2021 ਸਬੰਧੀ ਪੰਜਾਬ ਵਿਧਾਨ ਸਭਾ ਵੱਲੋਂ ਮਿਤੀ 5 ਮਈ, 2025 ਨੂੰ ਪਾਸ ਕੀਤੇ ਗਏ ਸਰਬਸੰਮਤੀ ਵਾਲੇ ਮਤੇ ਨੂੰ ਮੁੜ ਦੁਹਰਾਉਂਦਾ ਅਤੇ ਉਸ ਦੀ ਪੁਸ਼ਟੀ ਕਰਦਾ ਹੈ।

(ii) ਇਹ ਸਦਨ ਮੰਨਦਾ ਹੈ ਕਿ ਪੰਜਾਬ ਦੇ ਖੇਤਰੀ ਅਧਿਕਾਰ ਖੇਤਰ ਵਿੱਚ ਪੂਰੀ ਤਰ੍ਹਾਂ ਸਥਿਤ ਡੈਮਾਂ ਦੇ ਸਬੰਧ ਵਿੱਚ ਡੈਮ ਸੁਰੱਖਿਆ ਐਕਟ, 2021 ਨੂੰ ਲਗਾਤਾਰ ਲਾਗੂ ਕਰਨਾ ਅਤੇ ਇਸ ਨੂੰ ਲਾਗੂ ਕਰਵਾਉਣਾ ਰਾਜ ਦੇ ਸੰਵਿਧਾਨਕ ਅਧਿਕਾਰਾਂ, ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦਾ ਹੈ।

(iii) ਇਸ ਲਈ, ਇਹ ਸਦਨ ਪੰਜਾਬ ਸਰਕਾਰ ਦੇ ਸਟੈਂਡ ਨੂੰ ਮੁੜ ਦੁਹਰਾਉਂਦਾ ਹੈ ਅਤੇ ਡੈਮ ਸੁਰੱਖਿਆ ਐਕਟ, 2021 ਨੂੰ ਇਸ ਹੱਦ ਤੱਕ ਰੱਦ ਕਰਦਾ ਹੈ, ਜਿਸ ਹੱਦ ਤੱਕ ਇਸ ਦੇ ਉਪਬੰਧ ਪੰਜਾਬ ਰਾਜ ਦੇ ਸੰਵਿਧਾਨਕ ਅਧਿਕਾਰਾਂ, ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਵਿੱਚ ਦਖ਼ਲਅੰਦਾਜ਼ੀ ਕਰਨ ਵਾਲੇ ਮੰਨੇ ਜਾਂਦੇ ਹਨ।

(iv) ਇਸ ਲਈ, ਇਹ ਸਦਨ ਭਾਰਤ ਸਰਕਾਰ ਤੋਂ ਮੰਗ ਕਰਦਾ ਹੈ ਕਿ ਡੈਮ ਸੁਰੱਖਿਆ ਐਕਟ, 2021 ਨੂੰ ਤੁਰੰਤ ਰੱਦ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

----

**RESOLUTION No. 6 REGARDING RECOVERY OF THE COST OF RIVER WATERS SUPPLIED BY PUNJAB TO RAJASTHAN AND PAYMENT OF WATER CHARGES TO THE STATE OF PUNJAB**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

**''1.** ਸਤਲੁਜ, ਰਾਵੀ ਅਤੇ ਬਿਆਸ ਦਰਿਆ ਪੰਜਾਬ ਰਾਜ ਦੇ ਖੇਤਰ ਵਿੱਚ ਵਹਿੰਦੇ ਹਨ। ਇਨ੍ਹਾਂ ਵਿੱਚੋਂ ਕੋਈ ਵੀ ਦਰਿਆ ਰਾਜਸਥਾਨ ਰਾਜ ਨੂੰ ਨਾ ਤਾਂ ਛੂੰਹਦਾ ਹੈ ਅਤੇ ਨਾ ਹੀ ਇਸ ਵਿੱਚੋਂ ਲੰਘਦਾ ਹੈ। ਇਸ ਲਈ, ਰਾਜਸਥਾਨ ਇਨ੍ਹਾਂ ਵਿੱਚੋਂ ਕਿਸੇ ਵੀ ਦਰਿਆ ਦੇ ਸਬੰਧ ਵਿੱਚ ਦਰਿਆਈ ਹੱਕਾਂ ਵਾਲਾ ਰਾਜ (Riparian State) ਨਹੀਂ ਹੈ। ਇਸ ਦੇ ਬਾਵਜੂਦ, ਇਨ੍ਹਾਂ ਦਰਿਆਵਾਂ ਦੇ ਪਾਣੀਆਂ ਦਾ ਇੱਕ ਵੱਡਾ ਹਿੱਸਾ ਕਈ ਦਹਾਕਿਆਂ ਤੋਂ ਰਾਜਸਥਾਨ ਨੂੰ ਸਪਲਾਈ ਕੀਤਾ ਜਾ ਰਿਹਾ ਹੈ।

**2.** ਸਾਲ 1920 ਦੇ ਸਮਝੌਤੇ ਤਹਿਤ ਸਤਲੁਜ ਦਰਿਆ ਦਾ ਪਾਣੀ ਬੀਕਾਨੇਰ ਨਹਿਰ ਰਾਹੀਂ ਉਸ ਸਮੇਂ ਦੇ ਬੀਕਾਨੇਰ ਰਾਜ (ਜੋ ਹੁਣ ਰਾਜਸਥਾਨ ਦਾ ਹਿੱਸਾ ਹੈ) ਨੂੰ ਸਪਲਾਈ ਕੀਤਾ ਜਾਂਦਾ ਸੀ। ਉਸ ਸਮਝੌਤੇ ਦੀ ਧਾਰਾ 13 ਅਨੁਸਾਰ, ਬੀਕਾਨੇਰ ਰਾਜ ਵੱਲੋਂ ਸਪਲਾਈ ਕੀਤੇ ਗਏ ਪਾਣੀ ਦੇ ਬਦਲੇ ਪੰਜਾਬ ਸਰਕਾਰ ਨੂੰ ਜਲ-ਰਾਇਲਟੀ (Seigniorage) ਅਦਾ ਕਰਨੀ ਲਾਜ਼ਮੀ ਸੀ ਅਤੇ ਇਹ ਖਰਚੇ ਅਸਲ ਵਿੱਚ ਪੰਜਾਬ ਸਰਕਾਰ ਨੂੰ ਅਦਾ ਵੀ ਕੀਤੇ ਜਾਂਦੇ ਰਹੇ ਸਨ।

**3.** ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਰਾਜ ਹੈ ਅਤੇ ਆਪਣੀਆਂ ਖੇਤੀਬਾੜੀ ਲੋੜਾਂ ਲਈ ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀਆਂ 'ਤੇ ਨਿਰਭਰ ਕਰਦਾ ਹੈ। ਦੇਸ਼ ਦੀ ਅਨਾਜ ਦੀ ਲੋੜ ਪੂਰੀ ਕਰਨ ਲਈ ਪੰਜਾਬ ਨੇ ਆਪਣੇ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਹੈ। ਮੌਜੂਦਾ ਸਮੇਂ ਵਿੱਚ ਪੰਜਾਬ ਦੇ 153 ਬਲਾਕਾਂ ਵਿੱਚੋਂ 110 ਬਲਾਕਾਂ ਵਿੱਚ ਧਰਤੀ ਹੇਠਲੇ ਪਾਣੀ ਦੀ ਵਰਤੋਂ ਨਿਰਧਾਰਤ ਸੀਮਾ ਤੋਂ ਵੱਧ ਹੋ ਚੁੱਕੀ ਹੈ। ਰਾਜਸਥਾਨ ਨੂੰ ਸਪਲਾਈ ਕੀਤਾ ਜਾਣ ਵਾਲਾ ਪਾਣੀ ਉਹ ਪਾਣੀ ਹੈ, ਜਿਸ ਨੂੰ ਪੰਜਾਬ ਨੂੰ ਆਪਣੇ ਖੇਤਾਂ ਦੀ ਸਿੰਚਾਈ ਲਈ ਛੱਡਣਾ ਪਿਆ ਹੈ।

**4.** ਦੂਜੇ ਪਾਸੇ, ਰਾਜਸਥਾਨ ਇਨ੍ਹਾਂ ਪਾਣੀਆਂ ਦੀ ਵਰਤੋਂ ਸਿੰਚਾਈ, ਪੀਣ ਵਾਲੇ ਪਾਣੀ ਦੀ ਸਪਲਾਈ, ਰਿਫਾਇਨਰੀਆਂ ਸਮੇਤ ਉਦਯੋਗਾਂ ਅਤੇ ਹੋਰ ਵਪਾਰਕ ਉਦੇਸ਼ਾਂ ਲਈ ਕਰਦਾ ਹੈ। ਰਾਜਸਥਾਨ ਇਸ ਪਾਣੀ ਦੀ ਵਰਤੋਂ ਲਈ ਲੋਕਾਂ ਤੋਂ ਜਲ-ਖਰਚੇ ਵਸੂਲ ਕਰਦਾ ਹੈ ਅਤੇ ਇਸ ਤੋਂ ਮਾਲੀਆ ਵੀ ਕਮਾਉਂਦਾ ਹੈ। ਇਹ ਨਾ ਤਾਂ ਨਿਆਂਸੰਗਤ ਹੈ ਅਤੇ ਨਾ ਹੀ ਵਾਜਬ ਕਿ ਰਾਜਸਥਾਨ ਨੂੰ ਪੰਜਾਬ ਤੋਂ ਇਹ ਪਾਣੀ ਮੁਫ਼ਤ ਮਿਲੇ ਅਤੇ ਉਹ ਇਸ ਤੋਂ ਮਾਲੀਆ ਵੀ ਕਮਾਵੇ, ਪਰ ਜਿਸ ਰਾਜ ਦੇ ਦਰਿਆਵਾਂ ਤੋਂ ਇਹ ਪਾਣੀ ਆਉਂਦਾ ਹੈ, ਉਸ ਨਾਲ ਇਸ ਦਾ ਕੋਈ ਲਾਭ ਸਾਂਝਾ ਨਾ ਕੀਤਾ ਜਾਵੇ।

**5.** ਜਲ ਸਰੋਤ ਵਿਭਾਗ ਨੇ ਆਪਣੇ ਪੱਤਰਾਂ ਮਿਤੀ 18.03.2026 ਅਤੇ 04.05.2026 ਅਤੇ ਮੰਗ ਨੋਟਿਸ ਮਿਤੀ 10.08.2026 ਰਾਹੀਂ ਰਾਜਸਥਾਨ ਸਰਕਾਰ ਨੂੰ ਸਪਲਾਈ ਕੀਤੇ ਗਏ ਦਰਿਆਈ ਪਾਣੀਆਂ ਦੀ ਕੀਮਤ ਅਦਾ ਕਰਨ ਲਈ ਕਿਹਾ ਹੈ। ਪਰ ਰਾਜਸਥਾਨ ਸਰਕਾਰ ਨੇ ਹੁਣ ਤੱਕ ਨਾ ਤਾਂ ਇਸ ਸਬੰਧੀ ਕੋਈ ਜਵਾਬ ਦਿੱਤਾ ਹੈ ਅਤੇ ਨਾ ਹੀ ਕੋਈ ਅਦਾਇਗੀ ਕੀਤੀ ਹੈ।

**ਇਸ ਲਈ, ਇਹ ਸਦਨ ਮਤਾ ਪਾਸ ਕਰਦਾ ਹੈ ਕਿ:**

1. ਰਾਜਸਥਾਨ ਸਰਕਾਰ ਨੂੰ ਕਿਹਾ ਜਾਵੇ ਕਿ ਉਹ ਪੰਜਾਬ ਰਾਜ ਨੂੰ ਸਪਲਾਈ ਕੀਤੇ ਗਏ ਦਰਿਆਈ ਪਾਣੀਆਂ ਦੀ ਕੀਮਤ ਅਦਾ ਕਰਨ ਸਬੰਧੀ ਆਪਣੀ ਦੇਣਦਾਰੀ ਨੂੰ ਸਵੀਕਾਰ ਕਰੇ ਅਤੇ ਪੰਜਾਬ ਸਰਕਾਰ ਵੱਲੋਂ ਮੰਗੀ ਗਈ ਰਕਮ ਦੀ ਅਦਾਇਗੀ ਕਰੇ।

2. ਭਾਰਤ ਸਰਕਾਰ ਦੇ ਜਲ ਸ਼ਕਤੀ ਮੰਤਰਾਲੇ ਨੂੰ ਬੇਨਤੀ ਕੀਤੀ ਜਾਵੇ ਕਿ 29.01.1955 ਦੇ ਸਮਝੌਤੇ ਦੇ ਪੈਰ੍ਹਾ 5 ਵਿੱਚ ਅਣਸੁਲਝੇ ਛੱਡੇ ਗਏ ਪਾਣੀ ਦੀ ਕੀਮਤ ਦੇ ਮੁੱਦੇ ਨੂੰ ਤੁਰੰਤ ਵਿਚਾਰ ਅਧੀਨ ਲਿਆਂਦਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਪੰਜਾਬ ਵੱਲੋਂ ਰਾਜਸਥਾਨ ਨੂੰ ਸਪਲਾਈ ਕੀਤੇ ਗਏ ਪਾਣੀਆਂ ਦੀ ਕੀਮਤ ਪੰਜਾਬ ਰਾਜ ਨੂੰ ਅਦਾ ਕੀਤੀ ਜਾਵੇ।

3. ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾਵੇ ਕਿ ਭਵਿੱਖ ਵਿੱਚ ਪੰਜਾਬ ਵੱਲੋਂ ਰਾਜਸਥਾਨ ਨੂੰ ਸਪਲਾਈ ਕੀਤੇ ਜਾਣ ਵਾਲੇ ਪਾਣੀਆਂ ਦੀ ਕੀਮਤ ਹਰ ਸਾਲ ਪੰਜਾਬ ਰਾਜ ਨੂੰ ਅਦਾ ਕੀਤੇ ਜਾਣਾ ਯਕੀਨੀ ਬਣਾਇਆ ਜਾਵੇ।

4. ਪੰਜਾਬ ਸਰਕਾਰ ਇਸ ਮਾਮਲੇ ਨੂੰ ਸਾਰੇ ਉਚਿਤ ਮੰਚਾਂ 'ਤੇ ਪੁਰਜ਼ੋਰ ਢੰਗ ਨਾਲ ਉਠਾਵੇ ਅਤੇ ਰਾਜਸਥਾਨ ਨੂੰ ਸਪਲਾਈ ਕੀਤੇ ਗਏ ਦਰਿਆਈ ਪਾਣੀਆਂ ਦੀ ਕੀਮਤ ਵਸੂਲਣ ਲਈ ਭਾਰਤ ਦੇ ਸੰਵਿਧਾਨ ਅਤੇ ਕਾਨੂੰਨ ਅਧੀਨ ਉਪਲਬਧ ਸਾਰੇ ਕਦਮ ਚੁੱਕੇ।

5. ਇਸ ਮਤੇ ਦੀ ਇੱਕ ਕਾਪੀ ਲੋੜੀਂਦੀ ਕਾਰਵਾਈ ਲਈ ਮਾਣਯੋਗ ਪ੍ਰਧਾਨ ਮੰਤਰੀ, ਭਾਰਤ ਸਰਕਾਰ, ਮਾਣਯੋਗ ਕੇਂਦਰੀ ਗ੍ਰਹਿ ਮੰਤਰੀ, ਮਾਣਯੋਗ ਕੇਂਦਰੀ ਜਲ ਸ਼ਕਤੀ ਮੰਤਰੀ ਅਤੇ ਮਾਣਯੋਗ ਮੁੱਖ ਮੰਤਰੀ, ਰਾਜਸਥਾਨ ਨੂੰ ਭੇਜੀ ਜਾਵੇ।''

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-----

**RESOLUTION No. 7 REGARDING THE UTILISATION OF RAVI RIVER WATERS FLOWING INTO PAKISTAN DOWNSTREAM OF MADHOPUR HEADWORKS AND THE EARLY EXECUTION OF THE UJH MULTIPURPOSE PROJECT AND THE 2ND RAVI-BEAS LINK PROJECT**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

'1. ਰਾਵੀ ਦਰਿਆ 'ਤੇ ਮਾਧੋਪੁਰ ਹੈੱਡਵਰਕਸ ਭਾਰਤ ਵਿੱਚ ਆਖਰੀ ਕੌਮਾਂਤਰੀ ਹੈੱਡਵਰਕਸ ਹੈ। ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਦਰਿਆ ਕੌਮਾਂਤਰੀ ਸਰਹੱਦ ਦੇ ਨਾਲ-ਨਾਲ ਅਤੇ ਇਸ ਨੂੰ ਪਾਰ ਕਰਦਾ ਹੋਇਆ ਪਾਕਿਸਤਾਨ ਵਿੱਚ ਦਾਖਲ ਹੁੰਦਾ ਹੈ।

2. ਰਾਵੀ ਦਰਿਆ ਰਾਹੀਂ ਪਾਕਿਸਤਾਨ ਵਿੱਚ ਜਾਣ ਵਾਲਾ ਪਾਣੀ ਉੱਝ, ਤਰਨਾਹ, ਬਸੰਤਰ ਅਤੇ ਹੋਰ ਨਦੀਆਂ-ਨਾਲਿਆਂ ਦਾ ਪਾਣੀ ਹੈ, ਜੋ ਜੰਮੂ-ਕਸ਼ਮੀਰ ਵਿੱਚੋਂ ਨਿਕਲਦੇ ਹਨ ਅਤੇ ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਰਾਵੀ ਦਰਿਆ ਵਿੱਚ ਮਿਲਦੇ ਹਨ। ਸਰਹੱਦ ਪਾਰ ਕਰਨ ਤੋਂ ਪਹਿਲਾਂ ਇਸ ਪਾਣੀ ਨੂੰ ਸਟੋਰ ਕਰਨ ਜਾਂ ਮੋੜਨ ਲਈ ਕੋਈ ਢਾਂਚਾ ਮੌਜੂਦ ਨਹੀਂ ਹੈ। ਇਸ ਤੋਂ ਇਲਾਵਾ, ਸਮਤਲ ਭੂ-ਭਾਗ (flat terrain) ਅਤੇ ਕੌਮਾਂਤਰੀ ਸਰਹੱਦ ਦੀ ਸਥਿਤੀ ਕਾਰਨ ਇਸ ਖੇਤਰ ਵਿੱਚ ਪੰਜਾਬ ਅੰਦਰ ਪਾਣੀ ਸਟੋਰ ਕਰਨ ਲਈ ਕੋਈ ਭੰਡਾਰਨ (storage) ਢਾਂਚਾ ਨਹੀਂ ਬਣਾਇਆ ਜਾ ਸਕਦਾ।

3. ਗੈਰ-ਮਾਨਸੂਨ (non-monsoon) ਸਮੇਂ ਦੌਰਾਨ ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਪਾਣੀ ਦਾ ਵਹਾਅ ਪੰਜਾਬ ਵਿੱਚ ਪੈਂਦੇ ਮੀਂਹ ਦੇ ਸਥਾਨਕ ਪਾਣੀ ਤੱਕ ਸੀਮਤ ਰਹਿੰਦਾ ਹੈ। ਇਸ ਪਾਣੀ ਨੂੰ ਸਟੋਰ ਨਹੀਂ ਕੀਤਾ ਜਾ ਸਕਦਾ ਅਤੇ ਹੈੱਡਵਰਕਸ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਇਸ ਨੂੰ ਹੇਠਾਂ ਵੱਲ ਛੱਡਣਾ ਪੈਂਦਾ ਹੈ। ਸਾਲ 2016 ਤੋਂ 2025 ਤੱਕ ਦੇ ਦਸ ਸਾਲਾਂ ਦੌਰਾਨ ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਦਰਜ ਕੀਤਾ ਗਿਆ ਔਸਤ ਸਾਲਾਨਾ ਵਹਾਅ 0.62 ਮਿਲੀਅਨ ਏਕੜ ਫੁੱਟ (MAF) ਸੀ, ਜਿਸ ਵਿੱਚ 0.50 ਮਿਲੀਅਨ ਏਕੜ ਫੁੱਟ (ਲਗਭਗ 80 ਫੀਸਦੀ) ਮਾਨਸੂਨ ਦੇ ਹੜ੍ਹਾਂ ਦਾ ਪਾਣੀ ਸੀ। ਬਾਕੀ ਪਾਣੀ ਸਥਾਨਕ ਵਰਖਾ ਦੇ ਵਹਾਅ ਦਾ ਸੀ, ਜਿਸ ਨੂੰ ਸਟੋਰ ਕਰਨਾ ਸੰਭਵ ਨਹੀਂ ਸੀ।

4. ਪੰਜਾਬ ਸਰਕਾਰ ਨੇ ਆਪਣੇ ਪੱਤਰਾਂ ਮਿਤੀ 23.12.2022, 18.05.2023, 13.02.2024, 29.05.2024, 06.11.2024, 13.01.2025, 19.02.2025, 15.05.2025, 23.06.2025, 28.01.2026, 02.03.2026 ਅਤੇ 07.04.2026 ਰਾਹ ਭਾਰਤ ਸਰਕਾਰ, ਹਰਿਆਣਾ ਅਤੇ ਰਾਜਸਥਾਨ ਦੀਆਂ ਸਰਕਾਰਾਂ ਅਤੇ ਭਾਖੜਾ ਬਿਆਸ ਪ੍ਰਬੰਧਨ ਬੋਰਡ (BBMB) ਨੂੰ ਵਾਰ-ਵਾਰ ਲਿਖਤੀ ਰੂਪ ਵਿੱਚ ਜਾਣੂ ਕਰਵਾਇਆ ਹੈ ਕਿ ਪੰਜਾਬ ਵਾਲੇ ਪਾਸੇ ਤੋਂ ਕੋਈ ਵੀ ਪਾਣੀ ਅਜਾਈਂ ਪਾਕਿਸਤਾਨ ਵੱਲ ਨਹੀਂ ਜਾ ਰਿਹਾ।

5. ਇਸ ਲਈ, ਇਨ੍ਹਾਂ ਨਦੀਆਂ-ਨਾਲਿਆਂ ਤੋਂ ਨਿਕਲਣ ਵਾਲੇ ਅਤੇ ਪਾਕਿਸਤਾਨ ਵੱਲ ਵਹਿ ਜਾਣ ਵਾਲੇ ਪਾਣੀ ਲਈ ਪੰਜਾਬ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਣਾ ਚਾਹੀਦਾ।

ਇਸ ਲਈ, ਇਹ ਸਦਨ ਮਤਾ ਪਾਸ ਕਰਦਾ ਹੈ ਕਿ-

1. ਇਹ ਸਦਨ ਇਸ ਗੱਲ ਨੂੰ ਰਿਕਾਰਡ ਤੇ ਲਿਆਂਦਾ ਹੈ ਕਿ ਰਾਵੀ ਦਰਿਆ ਰਾਹੀਂ ਪਾਕਿਸਤਾਨ ਵੱਲ ਵਹਿਣ ਵਾਲਾ ਪਾਣੀ ਉੱਝ ਦਰਿਆ ਅਤੇ ਹੋਰ ਨਦੀਆਂ-ਨਾਲਿਆਂ ਦਾ ਹੈ, ਜੋ ਜੰਮੂ-ਕਸ਼ਮੀਰ ਵਿੱਚ ਨਿਕਲਦੇ ਹਨ ਅਤੇ ਮਾਧੋਪੁਰ ਹੈੱਡਵਰਕਸ ਤੋਂ ਹੇਠਾਂ ਰਾਵੀ ਦਰਿਆ ਵਿੱਚ ਮਿਲਦੇ ਹਨ।
2. ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉੱਝ ਬਹੁ-ਮੰਤਵੀ ਪ੍ਰਾਜੈਕਟ ਨੂੰ ਤਰਜੀਹ ਦੇ ਆਧਾਰ 'ਤੇ ਲਾਗੂ ਕੀਤਾ ਜਾਵੇ ਅਤੇ ਇਸ ਦੇ ਪਾਣੀਆਂ ਨੂੰ ਰਣਜੀਤ ਸਾਗਰ ਡੈਮ ਵੱਲ ਮੋੜਿਆ ਜਾਵੇ, ਤਾਂ ਜੋ ਇਸ ਪਾਣੀ ਨੂੰ ਸਟੋਰ ਕਰਕੇ ਪੰਜਾਬ ਅੰਦਰ ਹੀ ਪੂਰੀ ਤਰਾਂ ਵਰਿਤਆ ਜਾ ਸਕੇ।
3. ਕੇਂਦਰੀ ਜਲ ਕਮਿਸ਼ਨ (CWC) ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਦੂਜੇ ਰਾਵੀ-ਬਿਆਸ ਲਿੰਕ (2nd Ravi Beas Link) ਪ੍ਰਾਜੈਕਟ ਨੂੰ ਜਲਦ ਤੋਂ ਜਲਦ ਪ੍ਰਵਾਨਗੀ ਦਿੱਤੀ ਜਾਵੇ ਤਾਂ ਜੋ ਉੱਝ ਤੋਂ ਹੇਠਾਂ ਸਰਹੱਦ ਪਾਰ ਵਹਿਣ ਵਾਲੀ ਪਾਣੀ ਨੂੰ ਪੰਜਾਬ ਦੇ ਖੇਤਰਾਂ ਵੱਲੋਂ ਮੋੜਿਆ ਜਾ ਸਕੇ।

4. ਇਸ ਮਤੇ ਦੀ ਇੱਕ ਕਾਪੀ ਲੋੜ ਦੀ ਕਾਰਵਾਈ ਲਈ ਮਾਣਯੋਗ ਪ੍ਰਧਾਨ ਮੰਤਰੀ, ਭਾਰਤ ਸਰਕਾਰ, ਮਾਣਯੋਗ ਕੇਂਦਰੀ ਗ੍ਰਹਿ ਮੰਤਰੀ, ਮਾਣਯੋਗ ਕੇਂਦਰੀ ਜਲ ਸ਼ਕਤੀ ਮੰਤਰੀ ਅਤੇ ਕੇਂਦਰੀ ਜਲ ਕਮਿਸ਼ਨ ਦੇ ਚੇਅਰਮੈਨ ਨੂੰ ਭੇਜੀ ਜਾਵੇ।''

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

----

**OFFICIAL RESOLUTION AUTHORISING THE SPEAKER OF PUNJAB VIDHAN SABHA TO NOMINATE TWO MEMBERS TO THE SENATE OF PANJAB UNIVERSITY, CHANDIGARH**

**ਮਾਣਯੋਗ ਸਪੀਕਰ :** ਹੁਣ ਸੰਸਦੀ ਮਾਮਲੇ ਮੰਤਰੀ, ਡਾਕਟਰ ਰਵਜੋਤ ਸਿੰਘ ਮਤਾ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ) :** ਸ਼੍ਰੀਮਾਨ ਜੀ, ਮੈਂ ਇਹ ਪ੍ਰਸਤਾਵ ਕਰਦਾ ਹਾਂ ਕਿ-

"ਕਿਉਂਜੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਦੇ ਦੋ ਮੈਂਬਰ ਵਿਧਾਨ ਸਭਾ ਵਿੱਚੋਂ ਚੁਣ ਕੇ ਜਾਣੇ ਹਨ, ਅਤੇ ;

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਇਸ ਸਾਰੀ ਚੋਣ ਪ੍ਰਕਿਰਿਆ ਨੂੰ ਇਸ ਸਮੇਂ ਦੌਰਾਨ ਪੂਰਾ ਕਰਨਾ ਸੰਭਵ ਨਹੀਂ ਹੈ;

ਇਸ ਲਈ ਹੁਣ ਇਹ ਸਦਨ, ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸੈਨੇਟ ਲਈ ਪੰਜਾਬ ਵਿਧਾਨ ਸਭਾ ਦੇ ਦੋ ਮੈਂਬਰਾਂ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ। "

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ ਕਿ-

"ਕਿਉਂਜੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਦੇ ਦੋ ਮੈਂਬਰ ਵਿਧਾਨ ਸਭਾ ਵਿੱਚੋਂ ਚੁਣ ਕੇ ਜਾਣੇ ਹਨ, ਅਤੇ ;

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਇਸ ਸਾਰੀ ਚੋਣ ਪ੍ਰਕਿਰਿਆ ਨੂੰ ਇਸ ਸਮੇਂ ਦੌਰਾਨ ਪੂਰਾ ਕਰਨਾ ਸੰਭਵ ਨਹੀਂ ਹੈ;

ਇਸ ਲਈ ਹੁਣ ਇਹ ਸਦਨ, ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸੈਨੇਟ ਲਈ ਪੰਜਾਬ ਵਿਧਾਨ ਸਭਾ ਦੇ ਦੋ ਮੈਂਬਰਾਂ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ। "

ਬਹਿਸ, ਜੇਕਰ ਕੋਈ ਹੋਵੇ?

**ਅਵਾਜ਼ਾਂ :** ਨਹੀਂ ਜੀ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ ਕਿ-

"ਕਿਉਂਜੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਦੇ ਦੋ ਮੈਂਬਰ ਵਿਧਾਨ ਸਭਾ ਵਿੱਚੋਂ ਚੁਣ ਕੇ ਜਾਣੇ ਹਨ, ਅਤੇ ;

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਇਸ ਸਾਰੀ ਚੋਣ ਪ੍ਰਕਿਰਿਆ ਨੂੰ ਇਸ ਸਮੇਂ ਦੌਰਾਨ ਪੂਰਾ ਕਰਨਾ ਸੰਭਵ ਨਹੀਂ ਹੈ;

ਇਸ ਲਈ ਹੁਣ ਇਹ ਸਦਨ, ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸੈਨੇਟ ਲਈ ਪੰਜਾਬ ਵਿਧਾਨ ਸਭਾ ਦੇ ਦੋ ਮੈਂਬਰਾਂ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ। ”

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

------

## INVITATION BY THE HON’BLE CHIEF MINISTER

**ਮਾਣਯੋਗ ਸਪੀਕਰ :** ਮਾਣਯੋਗ ਮੁੱਖ ਮੰਤਰੀ ਪੰਜਾਬ, ਸ਼੍ਰੀਮਾਨ ਭਗਵੰਤ ਮਾਨ ਜੀ ਵੱਲੋਂ ਅੱਜ ਸਦਨ ਦੀ ਕਾਰਵਾਈ ਦੌਰਾਨ ਏਸ਼ੀਅਨ ਚੈਂਪੀਅਨ ਟਰਾਫੀ ਪੰਜਾਬ ਦੇ ਸੈਮੀਫਾਈਨਲ ਮਿਤੀ 3 ਤੋਂ 5 ਨਵੰਬਰ, 2026 ਨੂੰ ਮੋਹਾਲੀ ਵਿਖੇ ਹੋਣ ਜਾ ਰਹੇ ਹਨ। ਸਾਰੇ ਮਾਣਯੋਗ ਮੈਂਬਰਾਂ ਨੂੰ ਸ਼ਮੂਲੀਅਤ ਕਰਨ ਦਾ ਸੱਦਾ ਪੱਤਰ ਦਿੱਤਾ ਹੈ। ਮੈਂ ਸਦਨ ਦੇ ਸਮੂਹ ਮਾਣਯੋਗ ਮੈਂਬਰ ਸਾਹਿਬਾਨ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਉਹ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਲਈ ਮੋਹਾਲੀ ਵਿਖੇ ਹੋਣ ਵਾਲੇ ਇਨ੍ਹਾਂ ਸੈਮੀਫਾਈਨਲ ਮੈਚਾਂ ਨੂੰ ਦੇਖਣ ਲਈ ਜ਼ਰੂਰ ਸ਼ਾਮਿਲ ਹੋਣ। ਇਸ ਦੇ ਨਾਲ ਹੀ ਮੈਂ ਉਮੀਦ ਕਰਦਾ ਹਾਂ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਬੰਧਿਤ ਸਮੂਹ ਵਿਭਾਗਾਂ ਦੇ ਉੱਚ ਅਧਿਕਾਰੀ ਮਾਣਯੋਗ ਮੁੱਖ ਮੰਤਰੀ ਦੇ ਹੁਕਮਾਂ ਮੁਤਾਬਿਕ ਮਾਣਯੋਗ ਵਿਧਾਇਕਾਂ ਨਾਲ ਇਸ ਸਬੰਧੀ ਤਾਲਮੇਲ ਕਰਕੇ ਸਵਾਗਤ ਅਤੇ ਹੋਰ ਪ੍ਰਬੰਧ ਸੁਚੱਜੇ ਤਰੀਕੇ ਨਾਲ ਕਰਨਗੇ।

------

**1725/Kuldeep kaur**

## VOTE OF THANKS BY THE HON’BLE SPEAKER

**ਮਾਣਯੋਗ ਸਪੀਕਰ**: ਹੁਣ ਫਿਰ ਉਹ ਹੀ ਭਾਵੁਕ ਪਲ। ਸੋ, ਸਾਥੀਓ, ਤੁਹਾਡਾ ਬਹੁਤ ਧੰਨਵਾਦ। ਪੰਜਾਬ ਦੇ ਲੋਕਾਂ ਦਾ ਬਹੁਤ ਧੰਨਵਾਦ ਜਿਨ੍ਹਾਂ ਨੇ ਆਪਾਂ ਸਾਰਿਆਂ ਨੂੰ ਇਸ ਵਿਧਾਨ ਸਭਾ ਵਿੱਚ ਪੰਜਾਬ ਦੇ ਬੱਚਿਆਂ ਲਈ, ਪੰਜਾਬ ਦੇ ਮੁਸਤਕਬਿਲ ਲਈ ਮਿਹਨਤ ਕਰਨ ਲਈ ਕੰਮ ਕਰਨ ਦੇ ਸਾਨੂੰ ਅਧਿਕਾਰ ਦਿੱਤੇ। ਮੈਂ ਮੇਰੀ ਆਮ ਆਦਮੀ ਪਾਰਟੀ ਦਾ ਵੀ ਧੰਨਵਾਦੀ ਹਾਂ, ਮੈਂ ਸਾਡੀ ਲੀਡਰਸ਼ਿਪ ਸ਼੍ਰੀਮਾਨ ਅਰਵਿੰਦ ਕੇਜਰੀਵਾਲ ਜੀ ਦਾ ਵੀ ਧੰਨਵਾਦੀ ਹਾਂ। ਮੈਂ ਸਾਡੇ ਲੀਡਰ ਆਫ ਦਿ ਹਾਊਸ, ਸ਼੍ਰੀ ਭਗਵੰਤ ਮਾਨ ਜੀ ਦਾ ਵੀ ਧੰਨਵਾਦੀ ਹਾਂ ਅਤੇ ਲੀਡਰ ਆਫ ਦਿ ਆਪੋਜੀਸ਼ਨ, ਬਾਜਵਾ ਸਾਹਿਬ ਦਾ ਵੀ ਧੰਨਵਾਦੀ ਹਾਂ। ਸਾਰੇ ਹੀ ਸਾਡੇ ਮੈਂਬਰਾਂ ਦਾ ਬਹੁਤ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਬੜਾ ਵੱਡਾ ਸਾਥ ਦਿੱਤਾ। ਹੋ ਸਕਦਾ ਹੈ ਕਿ ਹੋਰ ਵੀ ਸਦਨ ਬੁਲਾਇਆ ਜਾਵੇ ਲੇਕਿਨ ਮੈਂ ਆਸ ਕਰਦਾ ਹਾਂ ਕਿ ਜਦੋਂ ਨਵੀਂ ਵਿਧਾਨ ਸਭਾ ਬਣੇਗੀ ਤਾਂ ਪਰਮਾਤਮਾ ਕਰੇ ਕਿ ਆਪਾਂ ਸਾਰੇ ਇੱਥੇ ਹੀ ਮਿਲੀਏ। ਇਹ ਮੇਰੀ ਆਸ ਹੈ। ਇਸ ਲਈ ਵੀ ਹੁਣ ਮੈਂ ਦੋ ਲਾਈਨਾਂ ਹੋਰ ਕਹਿਣੀਆਂ ਚਾਹੁੰਦਾ ਹਾਂ-

ਚੱਲ ਬਿਰਖਾ ਹੁਣ ਕਰੀਂ ਸੁਆਗਤ
ਰੁੱਤ ਪੁਲਾਂਘਾ ਪੁੱਟੀਆਂ
ਭਰ ਜਾਵਣਗੇ ਜ਼ਖਮ ਪੁਰਾਣੇ
ਜਦੋਂ ਕਰੂੰਬਲਾਂ ਫੁੱਟੀਆਂ
ਖੈਰ ਕਰੇ ਸਾਡੇ ਦਿਲ ਦਾ ਸਾਈਂ
ਜੁੜ ਜਾਵਣਗੀਆਂ ਟੁੱਟੀਆਂ
ਭਰ ਜਾਵਣਗੇ ਦਿਲ ਦੇ ਸਰਵਰ
ਇਹ ਜੋ ਊਣੇ ਊਣੇ
ਮਿਟ ਜਾਏਗੀ ਪੀੜ ਪੁਰਾਣੀ
ਵਕਤ ਕਰੇਗਾ ਟੂਣੇ
ਮਹਿਕ ਪੈਣਗੇ ਬਾਗਾਂ ਅੰਦਰ
ਫੁੱਲ ਜੋ ਮਹਿਕ ਵਿਹੂਣੇ
ਉਸ ਰੁੱਤੇ ਫਿਰ ਮਿਲਾਂਗੇ ਸੈਫ਼ੀ
ਹੋ ਕੇ ਦੂਣੇ ਚੌਣੇ

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।। ਜੈ ਹਿੰਦ। (ਜ਼ੋਰਦਾਰ ਥੰਪਿੰਗ) ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

*5.26 ਵਜੇ ਸ਼ਾਮ (*ਇਸ ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)